
**Kahani Dhara** Literary Punjabi Quarterly

Year:15, issue No. 59, Oct.-Dec.,2020,




**Price:200/-**

- "ਅਸਲ ਵਿਚ ਸਾਡਾ ਵਧੀਆ ਚਾਲ-ਚੱਲਣ ਹੀ ਸਾਡਾ ਸਭ ਤੋਂ ਵੱਡਾ ਸਰਮਾਇਆ ਹੈ ਜੇ ਅਸੀਂ ਆਪਣਾ ਚਾਲ-ਚੱਲਣ ਗੁਆ ਬੈਠੀਏ ਤਾਂ ਸਮਝੋ ਅਸੀਂ ਸਭ ਕੁਝ ਗੁਆ ਲਿਆ ਚਾਲ-ਚੱਲਣ ਵਿਚ ਬਹੁਤ ਸਾਰੀਆਂ ਗੱਲਾਂ ਸ਼ਾਮਲ ਹਨ ਸੱਚ ਬੋਲਣਾ, ਇਮਾਨਦਾਰੀ ਨਾਲ ਜ਼ਿੰਦਗੀ ਜਿਊਣੀ, ਈਰਖਾ ਅਤੇ ਹੰਕਾਰ ਤੋਂ ਦੂਰ ਰਹਿਣਾ, ਨਿਮਰਤਾ ਨਾਲ ਜ਼ਿੰਦਗੀ ਵਸਲ ਕਰਨੀ, ਗਲਤ ਨੂੰ ਗਲਤ ਅਤੇ ਸਹੀ ਨੂੰ ਸਹੀ ਕਹਿਣਾ, ਕਿਸੇ ਵੀ ਅਧਾਰ ਤੇ ਪੱਖਪਾਤ ਨਾ ਕਰਨਾ, ਇਨਸਾਫ਼ ਦੇ ਅਧਾਰ ਤੇ ਫ਼ੈਸਲੇ ਕਰਨੇ, ਬੇਗੁਨਾਹਾਂ ਦੇ ਨਾਲ ਖੜ੍ਹਨਾ, ਗਰੀਬ ਅਤੇ ਕਮਜ਼ੋਰ ਲੋਕਾਂ ਦਾ ਸਾਥ ਦੇਣਾ, ਦੂਜਿਆਂ ਵਿਚ ਔਗੁਣ ਕੱਢਣ ਤੋਂ ਪਹਿਲਾਂ ਆਪਣੇ ਔਗੁਣਾਂ ਵੱਲ ਝਾਤ ਮਾਰਨੀ ਅਤੇ ਉਨ੍ਹਾਂ ਨੂੰ ਸੁਧਾਰਨਾ, ਲੋੜਵੰਦਾਂ ਦੀ ਮਦਦ ਕਰਨੀ, ਲੋਕਾਂ ਨਾਲ ਵਧੀਆ ਵਿਹਾਰ ਕਰਨਾ, ਆਦਿ ਇਕ ਚੰਗੇ ਚਾਲ-ਚੱਲਣ ਦੀਆਂ ਖ਼ਾਸ ਵਿਸ਼ੇਸ਼ਤਾਈਆਂ ਹਨ ਕਿਸੇ ਨਾਲ ਧੋਖਾ ਕਰਨਾ, ਝੂਠ ਬੋਲਣਾ, ਹੇਰਾ-ਫੇਰੀਆਂ ਕਰਨੀਆਂ, ਰਿਸ਼ਵਤਾਂ ਲੈਣੀਆਂ, ਚੋਰੀਆਂ ਕਰਨੀਆਂ, ਸਵਾਰਥੀ ਹੋਣਾ, ਪੱਖਪਾਤ ਕਰਨਾ, ਕਿਸੇ ਨਾਲ ਬੇਇਨਸਾਫ਼ੀ ਕਰਨੀ, ਝੂਠੀਆਂ ਅਫ਼ਵਾਹਾਂ ਫੈਲਾਉਣੀਆਂ, ਈਰਖਾ ਰੱਖ ਕੇ ਦੂਜਿਆਂ ਨੂੰ ਨਫ਼ਰਤ ਕਰਨੀ ਅਤੇ ਨੁਕਸਾਨ ਪਹੁੰਚਾਉਣਾ, ਹੰਕਾਰ ਦੇ ਗੁਲਾਮ ਬਣਨਾ, ਕਮਜ਼ੋਰ ਅਤੇ ਗਰੀਬ ਲੋਕਾਂ ਨੂੰ ਬਿਨਾਂ ਕਾਰਨ ਤੰਗ ਕਰਨਾ, ਜਿਨ੍ਹਾਂ ਤੱਕ ਸਾਨੂੰ ਲੋੜ ਹੋਵੇ ਉਨ੍ਹਾਂ ਦੀ ਚਾਪਲੂਸੀ ਕਰਨੀ, ਕਿਸੇ ਨੂੰ ਬਗੈਰ ਕਾਰਨ ਦੇ ਨਿੰਦਣਾ, ਭੈੜੀ ਭਾਸ਼ਾ ਵਰਤਣੀ, ਲੋਕਾਂ ਨਾਲ ਭੈੜਾ ਸਲੂਕ ਕਰਨਾ, ਦੂਜਿਆਂ ਨੂੰ ਨੀਵੇਂ ਦਿਖਾਉਣਾ, ਆਦਿ ਸਭ ਸਾਡੇ ਚਾਲ-ਚੱਲਣ ਦੀ ਗਿਰਾਵਟ ਵੱਲ ਇਸ਼ਾਰਾ ਕਰਦੇ ਹਨ ਅਸੀਂ ਆਪਣੇ ਚਾਲ-ਚੱਲਣ ਨੂੰ ਜਿੰਨਾ ਮਰਜ਼ੀ ਲੁਕੋ ਲਈਏ, ਫਿਰ ਵੀ ਇਸ ਦੇ ਚੰਗੇ ਜਾਂ ਮੰਦੇ ਹੋਣ ਦੀ ਭਿਣਕ ਲੋਕਾਂ ਨੂੰ ਪੈ ਹੀ ਜਾਂਦੀ ਹੈ ਚੰਗੇ ਚਾਲ-ਚੱਲਣ ਦੀ ਮਹਿਕ ਗੁਲਾਬ ਦੇ ਫੁੱਲ ਵਰਗੀ ਹੁੰਦੀ ਹੈ ਅਤੇ ਮਾੜੇ ਚਾਲ-ਚੱਲਣ ਦਾ ਮੁਸ਼ਕ ਈਸਬਗੋਲ ਵਰਗਾ ਹੁੰਦਾ ਹੈ ਕਿਸੇ ਦੇ ਚਾਲ-ਚੱਲਣ ਦੀ ਮਹਿਕ ਜਾਂ ਮੁਸ਼ਕ ਦਾ ਦੂਰ ਤੋਂ ਹੀ ਪਤਾ ਲੱਗ ਜਾਂਦਾ ਹੈ "-ਇਸ ਕਿਤਾਬ ਦੇ ਪੰਨਿਆਂ 'ਚੋਂ

Published By: Lokgeet Parkashan/Unistar Books Pvt. Ltd.
301, Industrial Area, Phase-9, S.A.S. Nagar , Mohali, Punjab
Phone+91-172-5027427,5027429,4027552

59

ਅਕਤੂਬਰ-ਦਸੰਬਰ,2020

ਮੁੱਲ:50/-

Registeed with the Registrar of Newspapers for India
videR.N.I. No:PUN PUN 2006/19971, ISSN:2321-4449

# ਕਹਾਣੀ ਧਾਰਾ



ਵਿਸ਼ੇਸ਼ :

ਚਿੱਠੀਆਂ ਅੰਕ

Parwaz Parkashan
ਪਰਵਾਜ਼ ਪ੍ਰਕਾਸ਼ਨ

Mob. 94170-64350

ਪਰਵਾਜ਼ ਪ੍ਰਕਾਸ਼ਨ ਦੀਆਂ ਪੁਸਤਕਾਂ

1. ਮੇਰੀ ਅਧੂਰੀ ਕਹਾਣੀ (ਸਵੈ ਜੀਵਨੀ)
ਮੋਹਨ ਸਿੰਘ ਕੁੱਕੜਪਿੰਡੀਆਂ
ਮੁੱਲ 260 ਰੁ., ਪੰਨੇ 255

2. ਕਾਲ ਕਾਲਾਂਤਰ (ਕਹਾਣੀ ਸੰਗ੍ਰਹਿ)
ਸਰੂਪ ਸਿਆਲਵੀ,
ਮੁੱਲ 150, ਪੰਨੇ 160

3. ਭਗਵੰਤ ਰਸੂਲਪੁਰੀ ਦੀ ਕਥਾ ਪ੍ਰਕਿਰਿਆ (ਆਲੋਚਨਾ)
ਸੰਪ. ਰਜਨੀਸ਼ ਬਹਾਦਰ ਸਿੰਘ
ਮੁੱਲ 150 ਰੁ., ਪੰਨੇ 112

4. ਕਦਮ ਕਦਮ ਚੌਰਾਹੇ (ਕਹਾਣੀ ਸੰਗ੍ਰਹਿ)
ਬਿਦਰ ਬਸਰਾ,
ਮੁੱਲ 100 ਰੁ., ਪੰਨੇ 112

5. ਮੇਰਾ ਬਚਪਨ ਮੇਰੇ ਮੋਢੇ (ਸਵੈ ਜੀਵਨੀ)
ਸ਼ਿਓਰਾਜ ਸਿੰਘ ਬੇਚੈਨ, ਅਨੁ. ਬਲਬੀਰ ਮਾਧੋਪੁਰੀ
ਮੁੱਲ 200 ਰੁ., ਪੰਨੇ 192

6. ਪ੍ਰਤੀਨਿੱਧ ਦਲਿਤ ਕਹਾਣੀਆਂ (ਕਹਾਣੀ ਸੰਗ੍ਰਹਿ)
ਸੰਪਾਦਕ ਭਗਵੰਤ ਰਸੂਲਪੁਰੀ,
ਮੁੱਲ100, ਪੰਨੇ 192

7. 47-ਏ ਦਿੱਲੀ (ਕਹਾਣੀ ਸੰਗ੍ਰਹਿ)
ਮਹਿੰਦਰ ਸਿੰਘ ਤਤਲਾ,
ਮੁੱਲ 150 ਰੁ., ਪੰਨੇ 144

8. ਕੁਵੇਲੇ ਤੁਰਿਆ ਪਾਂਧੀ (ਕਹਾਣੀ ਸੰਗ੍ਰਹਿ)
ਭਗਵੰਤ ਰਸੂਲਪੁਰੀ,
ਮੁੱਲ 160, ਪੰਨੇ 112

9. ਮੈਂ ਸ਼ੈਤਾਨ ਤੇ ਇੰਦੂਮਣੀ (ਕਹਾਣੀ ਸੰਗ੍ਰਹਿ)
ਭਗਵੰਤ ਰਸੂਲਪੁਰੀ,
ਮੁੱਲ 180, ਪੰਨੇ 144

10. ਪਰਵਾਸ ਤੋਂ ਆਵਾਸ ਵੱਲ (ਕਹਾਣੀ ਸੰਗ੍ਰਹਿ)
ਸੰਪਾਦਕ ਪ੍ਰੋ. ਹਰਭਜਨ ਸਿੰਘ, ਸੁਰਿੰਦਰ ਸੋਹਲ,
ਹਰਜਿੰਦਰ ਪੰਧੇਰ,
ਮੁੱਲ 340 ਰੁ. ਪੰਨੇ 336

11. ਜ਼ਲਾਲਤ (ਸਵੈ ਜੀਵਨੀ)
ਸਰੂਪ ਸਿਆਲਵੀ,
ਮੁੱਲ 260 ਰੁਪੇ, ਪੰਨੇ 224

12. ਤੁਰਿਆ ਚੱਲ (ਕਵਿਤਾ)
ਕਰਮ ਚੰਦ ਸੇਖੋਂ,
ਮੁੱਲ 400 ਰੁ., ਪੰਨੇ 144

13. ਵਿਦਰੋਹੀ ਸੁਰ (ਇਤਿਹਾਸ)
ਮਾ. ਮਲਕੀਤ ਸਿੰਘ+ਕਰਮ ਸਿੰਘ ਵਕੀਲ,
ਪੰਨੇ 232, ਮੁੱਲ 350

14. ਮੈਂ ਕੋਈ ਕੁਫ਼ਰ ਤੋਲਿਆ (ਵਿਅੰਗ)
ਬਲਰਾਜ ਸਿੰਘ,
ਪੰਨੇ 144, ਮੁੱਲ 150 ਰੁਪੈ.

15. ਦਾਨਾਬਾਦ ਬਨਾਮ ਸਿੰਘੋਵਾਲ
(ਕਵਿਤਾ ਸੰਗ੍ਰਹਿ)
ਮੋਹਨ ਮਤਿਆਲਵੀ,
ਪੰਨੇ 112, ਮੁੱਲ 420

16. ਮੈਂ ਕਿਉਂ ਜੀਅ ਰਿਹਾ (ਕਹਾਣੀ ਸੰਗ੍ਰਹਿ)
ਕਰਮਜੀਤ ਸਿੰਘ ਨਡਾਲਾ,
ਪੰਨੇ 144, ਮੁੱਲ 160

17. ਦਾਰੋ ਘਤਿਤੀ (ਕਹਾਣੀ ਸੰਗ੍ਰਹਿ)
ਪ੍ਰੀਤ ਨੀਤਪੁਰ,
ਪੰਨੇ 160, ਮੁੱਲ 200

18. ਸਾਹਿਤਕਾਰੀ ਅਤੇ ਸਾਹਿਤਕ ਪਰਿਪੇਖ
(ਲੇਖ ਸੰਗ੍ਰਹਿ)
ਨਰਿਜਨ ਤਸਨੀਮ,
ਪੰਨੇ 160, ਮੁੱਲ 230

19. ਅਣਖੀ ਬਿਰਤਾਂਤ ਦਾ ਸਮਾਜ ਸ਼ਾਸਤਰ
(ਆਲੋਚਨਾ)
ਡਾ. ਨੀਲਮ ਸ਼ਰਮਾ,
ਪੰਨੇ 96, ਮੁੱਲ 180

20. ਸਭਿਆਚਾਰਕ ਬਦਲਾਓ ਅਤੇ
ਪੰਜਾਬੀ ਕਹਾਣੀ
ਡਾ. ਨੀਲਮ ਸ਼ਰਮਾ,
ਪੰਨੇ 160, ਮੁੱਲ 230

21. ਡਾ. ਅੰਬੇਡਕਰ ਵਿਚਾਰਧਾਰਾ ਅਤੇ ਕਾਰਜ
(ਚਿੰਤਨ)
ਮੁਖਤਿਆਰ ਸਿੰਘ ਅਰਸ਼ੀ,
ਪੰਨੇ 96, ਮੁੱਲ 150

22. ਮਾਂਏਂ ਮੇਰਾ ਦਿਲ ਕੰਬਿਆ (ਕਵਿਤਾਵਾਂ)
ਸੁਰਜੀਤ ਸੁਮਨ,
ਪੰਨੇ 96, ਮੁੱਲ 150

23. ਪੰਜਾਬੀ ਦਲਿਤ ਕਹਾਣੀ ਅਧਾਰ ਤੇ ਅਧਿਐਨ
(ਆਲੋਚਨਾ)
ਰਜਨੀਸ਼ ਬਹਾਦਰ ਸਿੰਘ,
ਪੰਨੇ 208, ਮੁੱਲ 330

25. ਦਲਿਤ ਸਮਾਜ (ਲੇਖ ਸੰਗ੍ਰਹਿ)
ਸੰਪਾਦਕ ਪਰਮਜੀਤ ਦੁਸਾਂਝ,
ਪੰਨੇ 288, ਮੁੱਲ 280

24. ਪਰਵਾਸੀ ਪੰਜਾਬੀ ਕਹਾਣੀ ਸੰਵੇਦਨਾ (ਆਲੋਚਨਾ)
ਡਾ. ਰਿਪਨਜੀਤ ਕੌਰ,
ਪੰਨੇ 128, ਮੁੱਲ 240

26. ਸਰੂਪ ਸਿਆਲਵੀ ਬਿਰਤਾਂਤ ਤੇ ਵਿਚਾਰਧਾਰਾ
ਸੰਪਾਦਤ ਡਾ. ਸੰਤੋਖ ਸਿੰਘ,
ਮੁੱਲ 181, ਮੁੱਲ 220

27. ਤਪੱਸਵਣ (ਨਾਵਲ)
ਦਰਸ਼ਨ ਸਿੰਘ ਦਰਸ਼ਨ,
ਪੰਨੇ 96, ਮੁੱਲ 120

28. ਧੁੱਪ ਦਾ ਸਫ਼ਰ (ਨਾਵਲ)
ਦਰਸ਼ਨ ਸਿੰਘ ਦਰਸ਼ਨ,
ਪੰਨੇ 112, ਮੁੱਲ 150

29. ਚਾਰ ਤੱਤ ਦਾ ਪੁਤਲਾ (ਕਹਾਣੀ ਸੰਗ੍ਰਹਿ)
ਸਰੂਪ ਸਿਆਲਵੀ,
ਪੰਨੇ 160, ਮੁੱਲ 200

30. ਦਿਲਦਾਰ ਗੀਤਕਾਰ (ਰੇਖਾ ਚਿੱਤਰ)
ਅਵਿਨਾਸ ਜੱਜ,
ਪੰਨੇ 168, ਮੁੱਲ 200

31. ਜਪੁ ਜੀ ਸਾਹਿਬ (ਵਿਆਖਿਆ)
ਸੁਰਜੀਤ ਸਿੰਘ ਲਾਇਲਪੁਰੀ,
ਪੰਨੇ 232, ਮੁੱਲ 200

32. ਆਸਾ ਦੀ ਵਾਰ (ਵਿਆਖਿਆ)
ਸੁਰਜੀਤ ਸਿੰਘ ਲਾਇਲਪੁਰੀ,
ਪੰਨੇ 216, 200

33. ਡਾ. ਜਗਤਾਰ ਦੀ ਗ਼ਜ਼ਲ ਇਕ ਅਧਿਐਨ
(ਆਲੋਚਨਾ)
ਕੁਲਦੀਪ ਸੋਢੀ, ਪੰਨੇ 96, ਪੰਨੇ 200

34. ਕਿਉਂਕਿ ਮੇਰੀ ਭਰੂਣ ਹੱਤਿਆ ਨਹੀਂ ਹੋਈ (ਲੇਖ)
ਸੰਪਾਦਕ ਗੁਣਜੋਤ ਸਿੰਘ ਬੇਦੀ,
ਪੰਨੇ 160, ਮੁੱਲ 150

35. ਮੈਂ ਭੰਗੀ ਹਾਂ (ਜੀਵਨੀ)
ਐਡਵੋਕੇਟ ਭਗਵਾਨ ਦਾਸ,
ਪੰਨੇ 160, ਮੁੱਲ 150

36. ਦਿਸ਼ਾ (ਨਾਵਲ)
ਡਾ. ਕੇਵਲ ਸਿੰਘ ਪਰਵਾਨਾ,
ਪੰਨੇ 96, ਮੁੱਲ 80

37. ਗਿਆਨ ਦਾ ਖ਼ਜਾਨਾ (ਬਾਲ ਕਹਾਣੀਆਂ)
ਵੀਰਪਾਲ ਕੌਰ ਸਫ਼ਰੀ,
ਪੰਨੇ 48, ਮੁੱਲ 60

38. ਰੱਜ ਰੱਜ ਕਰ ਲਓ ਪੜ੍ਹਾਈਆਂ (ਬਾਲ ਗੀਤ)
ਅਵਿਨਾਸ਼ ਜੱਜ,
ਪੰਨੇ 40 ਮੁੱਲ 60

39. ਬਹੁਪੱਖੀ ਸ਼ਖਸ਼ੀਅਤ ਗੀਤਕਾਰ ਗੁਰਚਰਨ ਵਿਰਕ
ਸੰਪਾਦਕ ਅਵਿਨਾਸ਼ ਜੱਜ,
ਪੰਨੇ 120, ਮੁੱਲ 100

40. ਚੀਰ ਹਰਨ (ਕਹਾਣੀ ਸੰਗ੍ਰਹਿ)
ਸਰੂਪ ਸਿਆਲਵੀ,
ਪੰਨੇ 128, ਮੁੱਲ 160

41. ਕੁੰਭੀ ਨਰਕ (ਕਹਾਣੀ ਸੰਗ੍ਰਹਿ)
ਭਗਵੰਤ ਰਸੂਲਪੁਰੀ,
ਪੰਨੇ 160, ਮੁੱਲ 200

42. ਤਿੜਕਦੇ ਅਹਿਸਾਸ (ਕਹਾਣੀ ਸੰਗ੍ਰਹਿ)
ਰਾਜਿੰਦਰ ਸਿੰਘ ਢੱਡਾ, ਪੰਨੇ 112, ਮੁੱਲ 160

43. ਸ਼ੋਸ਼ਲ ਡੈਮੋਕਰੇਸ਼ੀ ਦੇ ਸਿਰਜਕ ਡਾ. ਅੰਬੇਡਕਰ
ਮੁਖਤਿਆਰ ਸਿੰਘ ਅਰਸ਼ੀ,
ਪੰਨੇ 96, ਮੁੱਲ 150

44. ਪਾਰਲੇ ਪੁਲ (ਕਹਾਣੀ ਸੰਗ੍ਰਹਿ)
ਸੁਰਜੀਤ, ਪੰਨੇ128, ਮੁੱਲ 200

45. ਪੈਰਾਂ ਵਾਲਾ ਚੰਦਰਮਾਂ (ਕਵਿਤਾ ਸੰਗ੍ਰਹਿ)
ਅੰਮ੍ਰਿਤ ਦਿਵਾਨਾ,
ਪੰਨੇ 96, ਮੁੱਲ 160

46. ਧਰਤੀ ਦਾ ਸਵਰਗ (ਯਾਤਰਾਂ ਬਿਰਤਾਂਤ)
ਡਾ. ਕੇਵਲ ਸਿੰਘ ਪਰਵਾਨਾ,
ਪੰਨੇ 176, ਮੁੱਲ 200

47. ਪੇਜ਼ ਨੰਬਰ ਦੋ ਸੌ ਛਪੰਜਾ (ਕਹਾਣੀ ਸੰਗ੍ਰਹਿ)
ਦਵਿੰਦਰ ਮੰਡ,
ਪੰਨੇ 96, ਮੁੱਲ 160

48. ਝਗੜਾ ਸਾਰਾ ਕੁਰਤੀ ਦਾ (ਲੇਖ ਸੰਗ੍ਰਹਿ)
ਮੁਖਤਿਆਰ ਸਿੰਘ ਅਰਸ਼ੀ,
ਪੰਨੇ 80, ਮੁੱਲ 100

49. ਠੰਢੀ ਰਾਖ਼ (ਕਹਾਣੀ ਸੰਗ੍ਰਹਿ)
ਰਜਿੰਦਰ ਸਿੰਘ ਢੱਡਾ, ਪੰਨੇ 112, ਮੁੱਲ 200

50. ਅਤੀਤ ਦੇ ਵਰਕੇ (ਲੇਖ ਸੰਗ੍ਰਹਿ)
ਦਵਿੰਦਰ ਮੰਡ, ਪੰਨੇ 144, ਮੁੱਲ 200

51. ਜ਼ਰਖੇਜ਼ (ਨਾਵਲ)
ਭਗਵੰਤ ਰਸੂਲਪੁਰੀ,
ਪੰਨੇ 144, ਮੁੱਲ 200

ਪਾਠਕ ਘਰ ਬੈਠੇ ਸਾਡੇ ਕੋਲੋਂ ਕਿਤਾਬਾਂ ਡਾਕ ਜਾਂ ਕੋਰੀਅਰ ਰਾਹੀਂ ਮੰਗਵਾ ਸਕਦੇ ਹਨ। ਇਕ ਹਜ਼ਾਰ ਰੁਪਏ ਦੀਆਂ ਕਿਤਾਬਾਂ ਦਾ ਡਾਕ ਖਰਚ ਸਾਡਾ ਹੋਵੇਗਾ। ਅਸੀਂ ਅੱਧੇ ਮੁੱਲ ਤੇ ਕਿਤਾਬਾਂ ਦਿੰਦੇ ਹਾਂ।

**ਅਕਤੂਬਰ-ਦਸੰਬਰ,2020 ਅੰਕ: 59**

**KAHANI DHARA (Punjabi Quarterly)**
**R.N.I.Regd No.PUN PUN/2006/19971**
**ISSN: 2321- 4449**

**e-mail:**
kahanidhara@gmail.com

**ਸੰਪਾਦਕ**
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
**KAHANI DHARA** Magazine
Vill. Dharampur, P.O. Khambra,
Diútt. Jalandhar-144026, Pb.
Mob. 94170-64350

**ਚੰਦੇ: ਇਕ ਅੰਕ:50 ਰੁ., 10 ਅੰਕ:500 ਰੁ.,**
**(ਕਾਲਜ ਲਾਇਬਰੇਰੀ ਲਈ 600/-)**
**10 ਅੰਕ: ਡਾਲਰ:100, ਤੇ ਪੌਂਡ: 80**
**ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ**
**ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।**

**ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ**
Account Name
**Kahani Dhara**
Current Account: 30111525066
IFS Code: SBIN0002394
State Bank of India
Khurla Kingra, Jalandhar

## ਅੰਦਰ ਪੜ੍ਹੋ

***☛ ਸੰਪਾਦਕੀ***
ਚਿੱਠੀਆਂ ਦੀ ਸਾਹਿਤਕ ਮਹੱਤਤਾ-2
ਕਹਾਣੀ/ ਛਣ-ਛਣ/ ਭਗਵੰਤ ਰਸੂਲਪੁਰੀ-3
***ਲੇਖਕਾਂ ਦੇ ਖ਼ਤ-***
ਗੁਰਬਖ਼ਸ਼ ਸਿੰਘ (ਪ੍ਰੀਤਲੜੀ),ਅਫ਼ਜ਼ਲ ਤੌਸੀਫ਼, ਸਾਰਾ ਸ਼ਗੁਫ਼ਤਾ, ਸਿਵ ਕੁਮਾਰ ਬਟਾਲਵੀ, ਅੰਮ੍ਰਿਤਾ ਪ੍ਰੀਤਮ, ਗੁਰਦਿਆਲ ਸਿੰਘ ਫੁੱਲ, ਸੋਹਨ ਸਿੰਘ ਜੋਸ਼, ਰਘੁਬੀਰ ਢੰਡ,ਵਣਜਾਰਾ ਬੇਦੀ, ਗੁਰਦਿਆਲ ਸਿੰਘ, ਲਾਲ ਸਿੰਘ ਦਿਲ, ਪਾਸ਼, ਹਰਿਭਜਨ ਸਿੰਘ, ਰਾਮ ਸਰੂਪ ਅਣਖੀ, ਜਸਵੰਤ ਸਿੰਘ ਕੰਵਲ, ਗੁਰਚਰਨ ਚਾਹਲ ਭੀਖੀ, ਜਗਤਾਰ, ਸ. ਸ. ਮੀਸ਼ਾ, ਸੁਖਬੀਰ, ਕ੍ਰਿਸ਼ਨਾ ਸੋਬਤੀ,ਹਰਨਾਮ ਸਿੰਘ ਸ਼ਾਨ, ਅਜਮੇਰ ਸਿੰਘ ਔਲਖ, ਹਰਿੰਦਰ ਮਹਿਬੂਬ, ਕੇਸਰ ਸਿੰਘ ਕੇਸਰ,ਪ੍ਰੀਤਮ ਸਿੰਘ (ਪ੍ਰੋ.), ਟੀ. ਆਰ. ਵਿਨੋਦ, ਸੰਤੋਖ ਸਿੰਘ ਧੀਰ, ਪ੍ਰੇਮ ਪ੍ਰਕਾਸ਼, ਗੁਰਬਚਨ ਸਿੰਘ ਭੁੱਲਰ, ਅਮਰਜੀਤ ਚੰਦਨ, ਵਰਿਆਮ ਸਿੰਘ ਸੰਧੂ, ਸੁਰਜੀਤ ਗਿੱਲ, ਪ੍ਰੇਮ ਗੋਰਖੀ, ਅਤਰਜੀਤ, ਅਵਤਾਰ ਸਿੰਘ ਬਿਲਿੰਗ, ਸਰੂਪ ਸਿਆਲਵੀ, ਪਿਆਰ ਸਿੰਘ ਭੋਗਲ, ਬਲਜੀਤ ਕੌਰ ਬੱਲੀ, ਰਘਬੀਰ ਸਿੰਘ, ਜਸਵੰਤ ਸਿੰਘ ਵਿਰਦੀ, ਪ੍ਰੋ. ਤਰਸੇਮ ਰਾਣਾ, ਕਰਮਜੀਤ ਸਿੰਘ, ਕੁਲਦੀਪ ਸਿੰਘ ਧੀਰ, ਇੰਦਰ ਸਿੰਘ ਖਾਮੋਸ਼, ਅੰਮ੍ਰਿਤ ਲਾਲ ਪਾਲ, ਬਲਦੇਵ ਸਿੰਘ ਧਾਲੀਵਾਲ, ਰਣਜੀਤ ਮਾਧੋਪੁਰੀ, ਸੰਧੂ ਵਰਿਆਣਵੀ, ਜੋਗਾ ਸਿੰਘ, ਜਗਰੂਪ ਸਿੰਘ ਰੂਪ, ਮੋਹਨ ਲਾਲ ਫਿਲੌਰੀਆ, ਲੋਕ ਨਾਥ, ਮੁਖਤਿਆਰ ਸਿੰਘ, ਦਲੀਪ ਕੌਰ ਟਿਵਾਣਾ, ਪਰਮਿੰਦਰ ਸੋਢੀ, ਜਸਵਿੰਦਰ ,ਬਚਿੰਤ ਕੌਰ, ਗੁਰਨਾਮ ਗਿੱਲ, ਅਜੀਤ ਕੌਰ, ਹਰਿੰਦਰ ਸਿੰਘ ਬਜਾਜ, ਕਿਰਪਾਲ ਕਜ਼ਾਕ, ਅਜਾਇਬ ਕਮਲ, ਸੁਕੀਰਤ, ਤਰਲੋਕ ਬੰਧੂ, ਕਰਤਾਰ ਸਿੰਘ ਦੁੱਗਲ, ਮਹੀਪ ਸਿੰਘ, ਮਿਸਰਦੀਪ ਭਾਟੀਆ, ਗਿਆਨ ਸਿੰਘ ਬੱਲ, ਮੇਜ਼ਰ ਮਾਂਗਟ, ਸਿਰੀ ਰਾਮ ਅਰਸ਼, ਤੇਜਵੰਤ ਮਾਨ, ਭੂਰਾ ਸਿੰਘ ਕਲੇਰ, ਸਤੀਸ਼ ਕੁਮਾਰ ਵਰਮਾ, ਮਨਮੋਹਨ ਬਾਵਾ, ਲਾਲ ਸਿੰਘ ਦਸੂਹਾ, ਮਨੋਹਰ ਸਿੰਘ ਬਤਰਾ, ਨ੍ਰਿਪਇੰਦਰ ਰਤਨ, ਕਾਨਾ ਸਿੰਘ, ਸੁਰਜੀਤ ਸਿੰਘ (ਡਾ.), ਅਜੀਤ ਸਿੰਘ ਪੱਤੋ, ਪ੍ਰੀਤਮ ਸਿੰਘ (ਭਾਪਾ), ਜਗਤਾਰ ਸਿੰਘ ਬਖ਼ਸ਼ੀਵਾਲਾ, ਮਦਨ ਵੀਰਾ, ਨਰਿੰਦਰ ਸਿੰਘ ਕਪੂਰ, ਭੁਪਿੰਦਰ ਸੰਧੂ, ਅਮਰੀਕ ਗਿੱਲ, ਅਮਰਦੀਪ ਗਿੱਲ, ਨਿਰੰਜਣ ਬੋਹਾ, ਗੁਰਮੀਤ ਕੜਿਆਲਵੀ, ਪਰਮਿੰਦਰ ਸੋਢੀ, ਸੁਖਵਿੰਦਰ ਕੰਬੋਜ, ਜਸਵੀਰ ਸਿੰਘ ਰਾਣਾ, ਸਿਕੰਦਰ ਭੱਟੀ, ਸੁਰਿੰਦਰ ਅਜਨਾਤ, ਅਜਮੇਰ ਸਿੱਧੂ, ਰਮਿੰਦਰ ਕੌਰ ਬਰਾੜ, ਅਮਰਜੀਤ ਕੌਂਕੇ, ਦਰਸ਼ਨ ਮਿੱਤਵਾ, ਜਗਰਾਜ ਧੌਲਾ, ਗੁਰਮੀਤ ਕੱਲਰ ਮਾਜਰੀ, ਦਵਿੰਦਰ ਮੰਡ, ਬਲਦੇਵ ਮਿਸਤਰੀ, ਗੁਲਜ਼ਾਰ ਮੁਹੰਮਦ ਗੋਰੀਆ ਆਦਿ।
ਮੇਰਾ ਸਟੱਡੀ ਟੇਬਲ /-ਭਗਵੰਤ ਰਸੂਲਪੁਰੀ-151



***Title Painting by:***
***Sonali Arora***
***Mob. 97801-22046***




# ਚਿੱਠੀਆਂ ਦੀ ਸਾਹਿਤਕ ਮਹੱਤਤਾ

ਸਾਹਿਤਕਾਰ, ਕਲਾਕਾਰ, ਇਤਿਹਾਸਕਾਰ ਆਪਣੇ-ਆਪਣੇ ਖੇਤਰ ਵਿਚ ਸਿਰਜਣਾ ਤਾਂ ਕਰਦੇ ਹੀ ਹਨ, ਨਾਲ-ਨਾਲ ਉਹ ਆਪਣੇ ਸਮਕਾਲੀ ਦੋਸਤਾਂ ਨੂੰ ਚਿੱਠੀਆਂ ਵੀ ਲਿਖਦੇ ਰਹਿੰਦੇ ਸਨ। ਇਨ੍ਹਾਂ ਚਿੱਠੀਆਂ ਵਿਚ ਉਹ ਕਲਾ ਦੇ ਭਿੰਨ-ਭਿੰਨ ਮਸਲਿਆ 'ਤੇ ਵਿਚਾਰ-ਚਰਚਾ ਕਰਦੇ ਸਨ ਨਾਲ ਆਪਣੇ ਮਨ ਦੀਆਂ ਗੱਲਾਂ ਵੀ ਕਰਦੇ ਸਨ। ਖ਼ਤਾਂ 'ਚ ਉਹ ਗੱਲਾਂ ਵੀ ਲਿਖਦੇ ਸਨ, ਜਿਨ੍ਹਾਂ ਨੂੰ ਜਨਤਕ ਕਰਨ ਤੋਂ ਉਹ ਤ੍ਰਬਕਦੇ ਵੀ ਸਨ। ਪਿਆਰ ਦੇ ਪ੍ਰਸੰਗ, ਸਾਹਿਤਕ ਚੁਗਲੀਆਂ, ਸਾੜੇ, ਵਿਰੋਧ, ਸਾਹਿਤਕ ਜੁਗਾੜ, ਸਾਹਿਤਕ ਖੇਤਰ ਵਿਚ ਆਪਣੀ ਸਪੇਸ ਲੈਣ ਲਈ ਤਰਲੇ, ਕਲਾ ਦੇ ਖੇਤਰ ਵਿਚ ਚੰਗੇ ਮਾੜੇ ਰੁਝਾਨ ਅਤੇ ਇਤਿਹਾਸ ਦੇ ਅਨੇਕਾਂ ਮਸਲਿਆਂ 'ਤੇ ਸੰਵਾਦ ਵੀ ਚਲਾਉਂਦੇ ਰਹਿੰਦੇ ਸਨ। ਪੰਜਾਬੀ ਦੇ ਮੁਕਾਬਲੇ ਪੱਛਮੀ ਦੇਸ਼ਾਂ ਵਿਚ ਇਨ੍ਹਾਂ ਕਲਾਕਾਰਾਂ ਦੀਆਂ ਚਿੱਠੀਆਂ 'ਤੇ ਬਹੁਤ ਕੰਮ ਹੋਇਆ ਏ। ਉਨ੍ਹਾਂ ਨੂੰ ਚਿੱਠੀਆਂ ਸਾਂਭਣ ਦੀ ਬਹੁਤ ਸੋਝੀ ਸੀ। ਪੱਛਮੀ ਦੇਸ਼ਾਂ ਵਿਚ ਚਿੱਠੀਆਂ ਕਿਤਾਬੀ ਰੂਪ ਵਿਚ ਛਾਪਣ ਦੀ ਲੰਮੀ ਪ੍ਰੰਪਰਾ ਵੀ ਅਸੀਂ ਵੇਖਦੇ ਹਾਂ। ਚਿੱਤਰਕਾਰ ਵਾਨ ਗਾਗ ਦੀਆਂ ਚਾਰ ਸੈਂਚੀਆਂ ਵਿਚ ਛਪੀਆਂ ਚਿੱਠੀਆਂ ਵੇਖ ਕੇ ਪੰਜਾਬੀ ਸਾਹਿਤਕ ਹਲਕਿਆਂ ਨੂੰ ਸੰਗ ਜ਼ਰੂਰ ਆਉਂਦੀ ਹੋਵੇਗੀ। ਜਿਨ੍ਹਾਂ ਨੇ ਪੰਜਾਬੀ ਲੇਖਕਾਂ ਦੀਆਂ ਚਿੱਠੀਆਂ ਨੂੰ ਸਾਂਭਣ ਦਾ ਉਪਰਾਲਾ ਨਹੀਂ ਕੀਤਾ। ਵਾਨ ਗਾਗ ਆਪਣੇ ਭਰਾ ਨੂੰ ਚਿੱਠੀਆਂ ਲਿਖਦਾ ਹੁੰਦਾ ਸੀ ਨਾਲ ਆਪਣੀਆਂ ਪੇਂਟਿੰਗਜ਼ ਵੀ ਭੇਜਦਾ ਰਹਿੰਦਾ ਸੀ। ਉਸ ਦਾ ਭਰਾ ਕਿੰਨਾ ਚੇਤੰਨ ਸੀ ਕਿ ਉਸ ਨੇ ਵਾਨ ਗਾਗ ਦੀਆਂ ਸਾਰੀਆਂ ਚਿੱਠੀਆਂ ਤੇ ਪੇਂਟਿੰਗਜ਼ ਸਾਂਭ ਲਈਆਂ। ਕੀ ਸਾਡੇ ਕੋਲ ਪੰਜਾਬੀ ਦੇ ਪਹਿਲੀ ਪੀੜ੍ਹੀ ਦੇ ਲੇਖਕਾਂ ਦੀਆਂ ਚਿੱਠੀਆਂ ਹਨ? ਬਿਲਕੁਲ ਨਹੀਂ। ਦੂਜੀ, ਤੀਜੀ, ਚੌਥੀ ਪੀੜ੍ਹੀ ਨੇ ਵੀ ਚਿੱਠੀਆਂ ਸਾਂਭਣ ਦਾ ਜਤਨ ਨਹੀਂ ਕੀਤਾ।

ਮੇਰੇ ਮਨ ਵਿਚ ਕੁਝ ਸਮੇਂ ਤੋਂ ਇਹ ਵਿਚਾਰ ਆ ਰਿਹਾ ਸੀ ਕਿ ਲੇਖਕਾਂ ਦੀਆਂ ਚਿੱਠੀਆਂ ਦਾ 'ਕਹਾਣੀ ਧਾਰਾ' ਦਾ ਇਕ ਅੰਕ ਤਿਆਰ ਕੀਤਾ ਜਾਵੇ। ਪੰਜਾਹ ਸਾਲ ਤੋਂ ਉਪਰ ਵਾਲੇ ਪੰਜਾਬੀ ਦੇ ਬਹੁਤ ਸਾਰੇ ਲੇਖਕਾਂ ਕੋਲੋਂ ਅਜੇ ਵੀ ਬਹੁਤ ਸਾਰੀਆਂ ਚਿੱਠੀਆਂ ਸਾਂਭੀਆਂ ਪਈਆਂ ਹਨ। ਉਨ੍ਹਾਂ ਦੇ ਨਿੱਜੀ ਖ਼ਜਾਨੇ ਵਿਚੋਂ ਚਿੱਠੀਆਂ ਕੱਢ ਕੇ ਮੈਂ 'ਕਹਾਣੀ ਧਾਰਾ' ਰਾਹੀਂ ਪੜ੍ਹਨ ਲਈ ਦੇ ਰਿਹਾ ਹਾਂ। ਮੇਰੇ ਕੋਲੋਂ ਐਨੀਆਂ ਚਿੱਠੀਆਂ ਪਹੁੰਚ ਗਈਆਂ ਕਿ ਇਹ ਪੰਜ ਸੌ ਪੰਨਿਆਂ ਵਿਚ ਛਾਪਣੀਆਂ ਵੀ ਮੁਸ਼ਕਲ ਸਨ।

ਮੈਨੂੰ ਏਸ ਗੱਲ ਦੀ ਹੈਰਾਨੀ ਹੋ ਰਹੀ ਹੈ ਪੰਜਾਬੀ ਵਿਚ ਸਰਕਾਰੀ ਗ੍ਰਾਂਟਾਂ ਨਾਲ ਚੱਲਣ ਵਾਲੀਆਂ ਸੰਸਥਾਵਾਂ ਭਾਸ਼ਾ ਵਿਭਾਗ ਪੰਜਾਬ, ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ ਨੇ ਲੇਖਕਾਂ ਦੀਆਂ ਚਿੱਠੀਆਂ ਸਾਂਭਣ ਦਾ, ਪੁਸਤਕ ਰੂਪ ਵਿਚ ਛਾਪਣ ਦਾ ਕਦੀ ਵੀ ਉਪਰਾਲਾ ਨਹੀਂ ਕੀਤਾ। ਏਹ ਸੰਸਥਾਵਾਂ ਕਵੀ ਦਰਬਾਰਾਂ, ਗੋਸ਼ਟੀਆਂ, ਸੈਮੀਨਾਰਾਂ ਇਨਾਮਾਂ 'ਤੇ ਲੱਖਾਂ ਰੁਪਏ ਖਰਚ ਕਰਨ 'ਤੇ ਲੱਗੀਆਂ ਰਹੀਆਂ। ਇਨ੍ਹਾਂ ਨੇ ਅਗਲੀਆਂ ਪੀੜ੍ਹੀਆਂ ਲਈ ਚਿੱਠੀਆਂ 'ਤੇ ਸਾਰਥਕ ਕੰਮ ਨਹੀਂ ਕੀਤਾ। ਜਿਸ ਦੀ ਬਹੁਤ ਲੋੜ ਸੀ। ਮੇਰੇ ਮਨ ਵਿਚ ਇੱਛਾ ਪੈਦਾ ਹੋ ਰਹੀ ਏ ਕਾਸ਼! ਪਾਠਕ ਪ੍ਰੀਤਲੜੀ, ਮੋਹਨ ਸਿੰਘ, ਹੀਰਾ ਸਿੰਘ ਦਰਦ, ਸੁਜਾਨ ਸਿੰਘ, ਧੀਰ, ਸ਼ਿਵ ਕੁਮਾਰ, ਗਾਰਗੀ, ਕੰਵਲ, ਟਿਵਾਣਾ, ਦੁੱਗਲ, ਸਰਨਾ, ਸੁਖਬੀਰ, ਨਰੂਲਾ, ਭੀਖੀ, ਗੁਰਦਿਆਲ ਸਿੰਘ, ਦਿਲ, ਉਦਾਸੀ ਅਤੇ ਹੋਰ ਬਹੁਤ ਸਾਰੇ ਲੇਖਕ ਦੀਆਂ ਚਿੱਠੀਆਂ ਪੜ੍ਹ ਸਕਦੇ? ਮੇਰੀ ਇੱਛਾ ਏ ਕਿ ਸਰਕਾਰੀ ਸੰਸਥਾਵਾਂ 'ਤੇ ਯੂਨੀਵਰਸਿਟੀਆਂ ਦੇ ਪ੍ਰਕਾਸ਼ਨ ਵਿਭਾਗਾਂ ਦੀਆਂ ਕੁਰਸੀਆਂ 'ਤੇ ਬੈਠੇ 'ਲੇਖਕ' ਅਜੇ ਵੀ ਚਿੱਠੀਆਂ ਇਕੱਠੀਆਂ ਕਰਨ ਦਾ ਉਪਰਾਲਾ ਕਰਨ ਤਾਂ ਕਿ ਬਜ਼ੁਰਗ ਲੇਖਕਾਂ ਕੋਲ ਪਿਆ ਇਤਿਹਾਸਕ ਖ਼ਜਾਨਾ ਸਾਂਭਿਆ ਜਾਵੇ।

**- ਭਗਵੰਤ ਰਸੂਲਪੁਰੀ**



## ਕਹਾਣੀ / **ਛਣ-ਛਣ** /- ਭਗਵੰਤ ਰਸੂਲਪੁਰੀ

*(‘ਕਹਾਣੀ ਧਾਰਾ’ ਦਾ ਜਦੋਂ ਮੈਂ ‘ਚਿੱਠੀਆਂ ਵਿਸ਼ੇਸ਼ ਅੰਕ’ ਸੰਪਾਦਤ ਕਰ ਰਿਹਾ ਸੀ। ਲੇਖਕਾਂ ਕੋਲੋਂ ਚਿੱਠੀਆਂ ਮੰਗਵਾ ਕੇ ਪੜ੍ਹ ਰਿਹਾ ਸੀ। ਚਿੱਠੀਆਂ ਦੀਆਂ ਕਿਤਾਬਾਂ ਪੜ੍ਹ ਰਿਹਾ ਸੀ। ਉਸ ਸਮੇਂ ਮੇਰੇ ਮਨ ਵਿਚ ਇਕ ਕਹਾਣੀ ਜੁੜ ਰਹੀ ਸੀ। ਮੈਨੂੰ ਪਤਾ ਹੀ ਨਾ ਲੱਗਾ ਇਸ ਜੁੜ ਰਹੀ ਕਹਾਣੀ ਦੀ ਸ਼ੈਲੀ ਇਕ ਚਿੱਠੀ ਦੇ ਰੂਪ ਵਿਚ ਬਣਨ ਲੱਗ ਪਈ ਏ। ਮੇਰੇ ਦਿਮਾ.ਗ ਵਿਚ ਜਿਹੜੇ ਦ੍ਰਿਸ਼, ਬਿਰਤਾਂਤ ਬਣਿਆ ਉਹ ਇਕ ਚਿੱਠੀ ਦੀ ਸ਼ਕਲ ਅ.ਖ਼ਤਿਆਰ ਕਰਨ ਲੱਗ ਪਿਆ। ਇਸ ਕਹਾਣੀ ਦਾ ਮੁੱਖ ਪਾਤਰ ਆਪਣੇ ਦੋਸਤ ਨੂੰ ਆਪਣੇ ਮਨ ਦੀ ਅਵਸਥਾ ਅਤੇ ਬੀਤੀਆਂ ਘਟਨਾਵਾਂ ਇਕ ਚਿੱਠੀ ਵਿਚ ਲਿਖਦਾ ਏ ਪਰ ਉਹ ਵਰਤਮਾਨ ’ਚ ਓਸ ਸਮੇਂ ਵਿੱਚ ਵਿਚਰ ਰਿਹਾ ਏ ਜਿਹੜਾ ਸਮਾਂ ਫੇਸ ਬੁੱਕ, ਵਟਸ ਐਪ, ਟਵੀਟਰ ’ਤੇ ਇੰਟਰਨੈੱਟ ਦਾ ਏ। ਚਿੱਠੀ ਮੇਰੀ ਕਹਾਣੀ ਦੀ ਸ਼ੈਲੀ ਏ। ਇਹਦੇ ਵਿਚ ਕੀ ਏ? ਕਿਸ ਵਿਸ਼ੇ ਵਸਤੂ ਬਾਰੇ ਏ? ਇਹ ਤੁਹਾਨੂੰ ਪੜ੍ਹ ਕੇ ਪਤਾ ਲੱਗੇਗਾ। -ਸੰਪਾਦਕ)*

14 ਅਗਸਤ, 2020
ਡਿਫੈਂਸ ਕਲੋਨੀ

ਪਿਆਰੇ ਸੰਤੋਖ ਉਰਫ਼ ਤੋਖੀ

ਯਾਰ ਤੋਖੀ ! ਓਸ ਦਿਨ ਤੇਰਾ ਖ਼ਤ ਆਇਆ ਸੀ। ਅੱਜ ਉਹਨੂੰ ਵੀ ਚਾਰ ਦਿਨ ਹੋ ਗਏ ਹੋਣੇ ਨੇ। ਓਸ ਦਿਨ ਮੇਰੇ ਮਨ ਨੂੰ ਪਤਾ ਨ੍ਹੀਂ ਕਿਹੜੀ ਨੇਰ੍ਹੀ ਜਿਹੀ ਚੜ੍ਹੀ ਹੋਈ ਸੀ। ਜਦੋਂ ਮੈਂ ਕੁਸ਼ੱਲਿਆ ਬੁੜ੍ਹੀ ਦਾ ਹੱਥ ਤੇ ਬਾਂਹ ਵੇਖੀ ਸੀ। ਜਦੋਂ ਉਹ ਮੇਰੇ ਲਈ ਥਾਲੀ ’ਚ ਰੋਟੀ ਲੈ ਕੇ ਆਈ ਸੀ। ਮੇਰੇ ਅੱਗੇ ਇਕ ਦਮ ਲਹੂ ਨਾਲ ਲੱਥਪੱਥ ਬਾਂਹ ਆ ਗਈ ਸੀ, ਜਿਹੜੀ ਬਾਂਹ ਸੜ ਰਹੀ ਗੱਡੀ ਦੇ ਕੋਲ ਪਈ ਸੀ। ਦੂਰ ਇਕ ਧੜ ਪਿਆ ਸੀ। ਜੋ ਮੈਂ ਵਾਰ-ਵਾਰ ਫੇਸ ਬੁੱਕ ਖੋਲ੍ਹ ਕੇ ਵੇਖੀ ਜਾਂਦਾ ਸੀ। ਇਹ ਫੋਟੋ ਲੀਜ਼ਾ ਨੇ ਭੇਜੀ ਸੀ। ਨਾਲ ਲਿਖਿਆ ਸੀ, ਹਨੀ ! ਸਾਡੇ ਰੱਕਾ ਸ਼ਹਿਰ ’ਤੇ ਮਿਲਟਰੀ ਦਾ ਅਟੈਕ ਹੋ ਗਿਆ ਏ। ਮੈਨੂੰ ਪਤਾ ਨ੍ਹੀਂ ਕਿਓਂ



ਲੱਗੀ ਜਾਂਦਾ ਸੀ ਮਤੇ ਇਹ ਬਾਂਹ ਲੀਜ਼ਾ ਦੀ ਈ ਏ। ਪਿਛਲੇ ਚਾਰ ਦਿਨਾਂ ਤੋਂ ਮੈਂ ਉਹੀ ਫੋਟੋ ਵੇਖੀ ਜਾ ਰਿਹਾ ਸੀ। ਉਹਦੀ ਆਖਰੀ ਛਣ-ਛਣ... ਆਖਰੀ ਮੈਸੇਜ ਤੇ ਫੋਟੋ ਸੀ। ਦਿਮਾ.ਗ ਪੂਰੀ ਤਰ੍ਹਾਂ ਸੁੰਨ ਹੋ ਗਿਆ ਸੀ। ਗੱਲ ਕਿਸ ਨਾਲ ਸਾਂਝੀ ਕਰਨੀ ਸੀ? ਕੋਈ ਹੈ ਈਂ ਨਹੀਂ ਸੀ ਆਸ-ਪਾਸ। ’ਕੱਲਾ ਬੈਠਾ ਮੈਂ ਕੰਧਾਂ ਨਾਲ ਗੱਲਾਂ ਕਰਦਾ ਪਿਆ ਸਾਂ... ਸਾਹਮਣੇ ਕੀਲੀ ’ਤੇ ਟੰਗੀ .ਫੌਜੀ ਵਰਦੀ ਵੱਲ ਘੂਰ-ਘੂਰ ਵੇਖੀ ਜਾ ਰਿਹਾ ਸਾਂ, ਜਿਹੜੀ ਮੇਰੀ ਦੇਹ ਨਾਲ ਜੋਕ ਵਾਂਗ ਚੁੰਬੜੀ ਹੋਈ ਸੀ। ਮੈਂ ਆਪਣੀ .ਫੌਜੀ ਵਰਦੀ ਨਾਲ ਵੀ ਗੱਲਾਂ ਕਰ ਲੈਂਦਾ ਸਾਂ ਜਾਂ ਆਪਣੇ ਆਪ ਨਾਲ... ਤੇ ਜਦੋਂ ਕੁਸ਼ੱਲਿਆ ਰੋਟੀ ਲੈ ਕੇ ਆਈ ਤਾਂ ਆਪਣੀ .ਫੌਜੀ ਵਰਦੀ ਨਾਲ ਮੈਂ ਗੱਲਾਂ ਕਰ ਰਿਹਾ ਸਾਂ। ਮੈਨੂੰ ਲੱਗਾ ਜਿਵੇਂ ਰੋਟੀ ਫੜਾਉਂਦੀ ਬੁੜ੍ਹੀ ਦੀ ਬਾਂਹ ਨਹੀਂ ਬਲਕਿ ..ਏਹ ਕਿਸੇ ਬੰਬ ਧਮਾਕੇ ਨਾਲ ਖੱਖੜੀਆਂ ਹੋਈ ਲੀਜ਼ਾ ਦੀ ਲਹੂ ਨਾਲ ਲੱਥ-ਪੱਥ ਬਾਂਹ ਮੇਰੇ ਨੇੜੇ ਆ ਕੇ ਡਿੱਗ ਰਹੀ ਹੋਵੇ, ਮੈਂ ਤ੍ਰਬਕ ਕੇ ਬਾਂਹ ਵੱਲ ਹੱਥ ਮਾਰਿਆ ਸੀ। ਤੇ ਥਾਲੀ ਭੁੜਕ ਕੇ .ਫਰਸ਼ ’ਤੇ ਡਿੱਗ ਪਈ ਸੀ। ਰੋਟੀਆਂ ਖਿੱਲਰ ਗਈਆਂ ਸਨ, ਦਾਲ ਡੁੱਲ੍ਹ ਗਈ ਸੀ।

“ਹੈ...ਹਾ... .ਫੌਜੀਆ ਤੇਰਾ ਕੱਖ ਨਾ ਰਹੇ, ਖ਼ਬਰੇ ਕਾਹਤੋਂ ਸੜਿਆ ਭੁੱਜਿਆ ਪਿਐ... ਮਰ ਕਿਤੇ ਜਾ ਕੇ !”

ਯਾਰ ਤੋਖੀ ! ਸੱਚ ਜਾਣੀ ਮੈਂ ਬੁੜ੍ਹੀ ਦੇ ਬੋਲ ਸੁਣ ਕੇ ਸੁਰਤ ’ਚ ਆਇਆ ਸੀ। ਮੇਰੀਆਂ ਅੱਖਾਂ ਅੱਗੇ ਤਾਂ ਲੀਜ਼ਾ ਘੁੰਮ ਰਹੀ ਸੀ। ਮੈਂ ਮਸਾਂ ਹੀ ਬੋਲਿਆ ਸੀ,

“ਹੈਂ...ਅ...ਅ !!” ਮੇਰੇ ਕੰਨਾਂ ਵਿਚ ਛਣ-ਛਣ ਦੀ ਆਵਾਜ਼ ਇਕ ਦਮ ਰੁਕ ਗਈ ਸੀ।

ਹੋਰ ਕੁਝ ਮੈਥੋਂ ਬੋਲਿਆ ਹੀ ਨਹੀਂ ਗਿਆ ਸੀ। ਮੈਂ ਕੱਛਾਂ ’ਚ ਹੱਥ ਦੇ ਕੇ ਬੈੱਡ ’ਤੇ ਚੌਂਕੜੀ ਮਾਰ ਕੇ ਬੈਠ ਗਿਆ ਸੀ।

ਬੁੜ੍ਹੀ ਚੀਕ-ਚਿਹਾੜਾ ਪਾਉਣ ਲੱਗ ਪਈ ਸੀ। ਐਨੇ ਨੂੰ ਮੁੰਡਾ ਵੀ ਆ ਧਮਕਿਆ ਸੀ। ਮਗਰੇ ਨੂੰਹ ਆ ਗਈ ਸੀ।

“ਅੰਮਾ ਹੌਸਲਾ ਰੱਖ !! ਬਾਪੂ ਦਾ ਬੀ-ਪੀ ਵਧ ਗਿਆ ਲੱਗਦੈ। ਤੂੰ ਬਾਹਰ ਜਾਹ, ਮੈਂ ਬਾਪੂ ਨੂੰ ਵੇਖਦਾ ਹਾਂ।”

ਮੈਂ ਮੁੰਡੇ ਨੂੰ ਘੂਰਿਆ ਸੀ, “ਮੁੰਡਿਆ ਮੈਨੂੰ ਰੋਟੀ ਤੂੰ ਦੇ ਕੇ ਜਾਇਆ ਕਰ। ਤੇਰੀ ਮਾਂ ਹੁਣ ਬੁੜ੍ਹੀ ਹੋ ਗਈ ਏ। ਮਸਾਂ ਈ ਤੁਰਦੀ ਏ। ਏਹਦੇ ਹੁਣ ਹੱਥ ਕੰਬਦੇ ਰਹਿੰਦੇ ਨੇ। ਵੇਖ ਲੈ ਕੀ ਚੰਦ ਚਾੜ੍ਹਿਆ ਏ?”

ਮੇਰੀ ਚੌਂਕੜੀ ਨਹੀਂ ਸੀ ਖੁੱਲ੍ਹੀ। ਕੱਛਾਂ ’ਚ ਹੱਥ ਦਿੱਤਿਆਂ ਹੀ ਮੈਂ ਬੈੱਡ ’ਤੇ ਜੰਮਿਆ ਬੈਠਾ ਸੀ। ਤੇਰੇ ਆਏ ਖ਼ਤ ਨੂੰ ਮੈਂ ਘੂਰ ਘੂਰ ਕੇ ਵੇਖੀ ਜਾਂਦਾ ਸੀ। ਮੇਰਾ ਹੌਸਲਾ ਨਹੀਂ ਸੀ ਪੈਂਦਾ ਤੇਰਾ ਖ਼ਤ ਖੋਲ੍ਹਣ ਨੂੰ। ਪਹਿਲਾਂ ਤਾਂ ਤੇਰੀ ਭਰਜਾਈ ਕੁਸ਼ੱਲਿਆ ਈ ਡਾਕੀਏ ਤੋਂ ਫੜ ਕੇ ਚਿੱਠੀਆਂ ਲਿਆਂਦੀ ਹੁੰਦੀ ਸੀ। ਪਰ ਉਸ ਦਿਨ ਉਹ ਪੱਥਰ ਬਣ ਗਈ ਸੀ। ਮੈਂ ਰਿਸ਼ੀ ਬਣ ਗਿਆ ਸੀ। ਪਤਾ ਨਹੀਂ ਗੋਡੇ ਜਵਾਬ ਦੇ ਗਏ ਸਨ ਜਾਂ ਉਹ ਬਦਨੀਤੀ ਹੋ ਗਈ ਸੀ। ਅੱਜ ਕੱਲ੍ਹ ਉਹ ਖੂੰਡੀ ਨਾਲ ਤੁਰਦੀ ਏ। ਪਰ ਝਈਆਂ ਲੈ ਕੇ ਅਜੇ ਵੀ ਓਸੇ ਤਰ੍ਹਾਂ ਪੈਂਦੀ ਏ। ਚੱਲ ਛੱਡ ਬੁੱਢੀ ਦੀਆਂ ਗੱਲਾਂ, ਆਪਾਂ ਜਵਾਨ-ਜਵਾਨ ਗੱਲਾਂ ਕਰਦੇ ਆ। ਤੂੰ ਸਮਝ ਮੈਂ ਚਿੱਠੀ ਨਹੀਂ ਲਿਖ ਰਿਹਾਂ ਮੈਂ ਤਾਂ ਯਾਰ ਤੋਖੀ ! ਤੇਰੇ ਨਾਲ ਗੱਲਾਂ ਕਰ ਰਿਹਾ ਹਾਂ।

ਤੂੰ ਲਿਖਿਆ ਬਈ ਮੇਰੀ ਹੁਣ ਸ਼ੂਗਰ ਵਧ ਜਾਂਦੀ ਏ। ਮੈਨੂੰ ਐਂ ਦੱਸ ਬਈ ਏਹ ਸਹੁਰੀ ਦੀ ਸੂਗਰ ਪਹਿਲਾਂ ਕਿਹੜੀ ਠੀਕ ਸੀਗੀ। ਤੂੰ ਪਰਵਾਹ ਕਿਹੜਾ ਕਰਦਾ ਸੀਗਾ। ਮੇਰੇ ਕੋਲ ਆ ਕੇ ਈ ਤਿੰਨ-ਚਾਰ ਲੱਡੂ ਖਾ ਜਾਂਦਾ ਸੀ। ਓਧਰ ਸ਼ੂਗਰ ਵਧੀ ਹੋਣੀ ਤੇ ਏਧਰ ਤੋਖੀ ਬਾਦਸ਼ਾਹ ਕੰਟੀਨ ਦੀ ਰੰਮ ਪੀ ਰਿਹਾ ਹੁੰਦਾ ਸੀ। ਸ਼ੂਗਰ ਨੂੰ ਤਾਂ ਤੂੰ ਸ਼ੁਰੂ ਤੋਂ ਈ ਟਿੱਚ ਜਾਣਦਾ ਸੀ। ਹੁਣ ਤੂੰ ਕਹਿੰਦਾਂ ਬਈ ਮੈਂ ਤਾਂ ਮੁੰਬਈ ਆ ਕੇ ਇਕ ਡੱਬੇ ਜਿਹੇ ’ਚ ਬੰਦ ਹੋ ਕੇ ਰਹਿ ਗਿਆ ਆਂ। ਚਿੱਠੀ ’ਚ ਤੂੰ ਸੱਚ ਮੁੱਚ ਈ ’ਕੱਲਾ ਤੇ ਝੱਲਾ ਲੱਗਦਾ ਏ। ਸੱਚਮੁੱਚ ਈ ਸਾਡੀ ਭਰਜਾਈ ਤੈਨੂੰ ’ਕੱਲੇ ਨੂੰ ਛੱਡ ਕੇ ਤੁਰ ਗਈ ਏ। ਦਸ ਸਾਲ ਤੇਰੇ ਨਾਲ ਹੋਰ ਕੱਢ ਲੈਂਦੀ, ਤਾਂ ਕੀ ਲੋਹੜਾ ਆ ਜਾਣਾ ਸੀ। ਬੰਦਾ ਆਪਣੀ ਤੀਵੀਂ ਨਾਲ ਕੁਝ ਪਲ ਜੁੜ ਕੇ ਤਾਂ ਬੈਠ ਜਾਂਦਾ ਏ। ਏਹ

ਵੀ ਯਾਰ ਤੋਖ਼ੀ ! ਮਨ ਨੂੰ ਧਰਵਾਸ ਦੇਣ ਵਾਲੀ ਗੱਲ ਏ। ਉਹ ਤਾਂ ਜਵਾਨੀ ਵੇਲੇ ਈ ਨੱਕ ’ਚੋਂ ਐਡੇ-ਐਡੇ ਠੂੰਹੇਂ ਸੁੱਟਦੀ ਹੁੰਦੀ ਸੀਗੀ। ਹੁਣ ਜੇ ਹੁੰਦੀ ਤਾਂ ਕਿਹੜੀ ਘੱਟ ਗੁਜ਼ਾਰਨੀ ਸੀਗੀ। ਤੂੰ ਮੇਰੇ ਆਲੀ ਬੁੜ੍ਹੀ ਈ ਵੇਖ ਲੈ ਬਊਂ-ਬਊਂ ਕਰਕੇ ਪੈਂਦੀ ਐ। ਸੜੀ ਹੋਈ ਬੂਥੀ ’ਤੇ ਚੌਵੀਂ ਘੰਟੇ ਪਿਲੱਤਣ ਛਾਈ ਰਹਿੰਦੀ ਏ। ਵਾਲ਼ਾ ਨੂੰ ਮਹਿੰਦੀ ਲਾ ਲੈਂਦੀ ਐ। ਜੈਂਪਰ ਪਾ ਲੈਂਦੀ ਪੱਚੀ ਸਾਲ ਪੁਰਾਣਾ ਤੇ ਸਲਵਾਰ ਵੀ ਉਹੀ। ਜਦੋਂ ਮੈਨੂੰ ਰੋਟੀ ਦੇਣ ਆਉਂਦੀ ਏ ਤੇ ਐਂ ਲੱਗਦਾ ਜੀਕਣ ਭੂਤਨੀ ਆ ਗਈ ਹੋਵੇ। ਮੱਥੇ ’ਤੇ ਤਿਓੜੀਆਂ ਹੁਣ ਤਾਂ ਹੋਰ ਵੀ ਗੂੜ੍ਹੀਆਂ ਹੋ ਗਈਆਂ ਨੇ। ਠੋਡੀ ’ਤੇ ਦਸ ਪੰਦਰਾਂ ਵਾਲ਼ ਉੱਗ ਆਏ ਨੇ। ਲੈ ਤੋਖੀ ਤੇਰੇ ਤੋਂ ਕੀ ਪਰਦਾ... ਏਸ ਬੁੜ੍ਹੀ ਨੂੰ ਕੱਪੜੇ ਪਾਉਣ ਦਾ ਸ਼ੁਰੂ ਤੋਂ ਚੱਜ ਨ੍ਹੀਂ ਆਇਆ। ਮੈਂ ਜਦੋਂ ਛੁੱਟੀ ਆਉਣਾ ਤਾਂ ਸਲਵਾਰ ਹੋਰ ਪਾਈ ਹੁੰਦੀ ਤੇ ਜੈਂਪਰ ਹੋਰ। ਮੈਂ ਸੜ ਕੇ ਕੋਲੇ ਹੋ ਜਾਣਾ। ਹੁਣ ਵੀ ਜਦੋਂ ਬੋਲੂ ਕੌੜੇ ਬੋਲ ਬੋਲੂ... ਇਕ ਕਰੇਲਾ ਉਤੋਂ ਨਿੰਮ ਚੜ੍ਹਿਆ। ਲੈ ਤੂੰ ਕਹਿਣਾ ਇਹ ਸੋਹਣ ਸਨਕੀ ਵੀ ਕਿਹੜੀਆਂ ਗੱਲਾਂ ਲੈ ਕੇ ਬੈਠ ਗਿਆ। ਲੈ ਆਪਾਂ ਹੁਣ ਜਵਾਨਾਂ ਵਾਲੀਆਂ ਗੱਲਾਂ ਕਰਦੇ ਆ।

ਯਾਰ ਤੋਖੀ ! ਜਦੋਂ ਤੂੰ ਏਥੇ ਹੁੰਦਾ ਸੀ। ਬੜੀਆਂ ਮੌਜਾਂ ਸੀ ਤੂੰ ਸਾਈਕਲ ਚੁੱਕਣਾ ਤੇ ਮੇਰੀ ਮਿਆਨੀ ’ਚ ਆ ਵੜਨਾ। ਹੁਣ ਤਾਂ ਉਹ ਵੀ ਨਹੀਂ ਰਹੀ। ਕਦੇ ਮੈਂ ਹੀਰੋ ਪੁੱਕ ਚੁੱਕ ਕੇ ਤੇਰੇ ਕਮਰੇ ’ਚ ਜਾ ਵੜਨਾ। ਤਿੰਨ-ਤਿੰਨ ਘੰਟੇ ਬੈਠੇ ਰਹਿਣਾ। ਜਦੋਂ ਤੇਰਾ ਮੁੰਡਾ ਮੁੰਬਈ ਕਿਸੇ ਕੰਪਨੀ ’ਚ ਕੰਪਿਊਟਰ ਇੰਜੀਨੀਅਰ ਲੱਗਾ ਤਾਂ ਆਪਣੇ ਟੱਬਰ ਨੂੰ ਵੀ ਨਾਲ ਲੈ ਗਿਆ। ਪਿੱਛੇ ਰਹਿ ਗਏ ਤੁਸੀਂ ਬੁੜ੍ਹਾ-ਬੁੜ੍ਹੀ ! ਬੁੜ੍ਹੀ ਮੁੰਡੇ ਤੇ ਪੋਤੇ-ਪੋਤੀਆਂ ਦਾ ਹੇਰਵਾ ਕਰ ਗਈ ਤੇ ਮਗਰੇ ਹੀ ਤੁਰ ਗਈ। ਤੂੰ ’ਕੱਲੇ ਨੇ ਐਡੇ ਘਰ ’ਚ ਕੀ ਕਰਨਾ ਸੀ। ਇਕ ਗੱਲੋਂ ਤਾਂ ਤੇਰੇ ਮੁੰਡੇ ਨੇ ਚੰਗਾ ਕੀਤਾ, ਜਿਹੜਾ ਤੈਨੂੰ ਵੀ ਮਹਾਂ ਨਗਰਾਂ ਦੇ ਫਲੈਟਾਂ ’ਚ ਲੈ ਗਿਆ। ’ਕੱਲਾ ਬੰਦਾ ਬਿਮਾਰ-ਠਮਾਰ ਹੋ ਜਾਵੇ ਤਾਂ ਨਿਗ਼ਾ ’ਚ ਰਹਿੰਦਾ। ਕੋਈ ਡਰ ਨ੍ਹੀਂ। ਜਦੋਂ ਤੂੰ ਏਥੋਂ ਗਿਆ ਤਾਂ ਤੋਖੀ ਮੈਨੂੰ ਲੱਗਾ ਬਈ ਮੇਰਾ ਜਿਵੇਂ ਕੋਈ ਅੰਗ ਟੁੱਟ ਕੇ ਡਿੱਗ ਪਿਆ ਹੋਵੇ। ਮੈਂ ਗੁੰਮ-ਸੁੰਮ ਜਿਹਾ ਰਹਿਣ ਲੱਗ ਪਿਆ ਸਾਂ। ਜਿਹੜੀ ਹੀਰੋ ਪੁੱਕ ਸੀ ਉਹ ਤਾਂ ਇਕ ਦਮ ਖੜ ਗਈ ਸੀ। ਮੁੰਡੇ ਨੇ ਚੁੱਕ ਕੇ ਕਿਸੇ ਲੋੜਵੰਦ ਨੂੰ ਮੁਫ਼ਤ ’ਚ ਚੁਕਾ ’ਤੀ। ਅਖੇ, ‘ਬਾਪੂ ਜੀ ਹੁਣ ਨਾ ਹੀਰੋ ਪੁੱਕ ਚਲਾਇਆ ਕਰੋ। ਐਵੇਂ ਕਿਤੇ ਚੱਕਰ ਆ ਕੇ ਡਿੱਗ ਪਵੋਗੇ।’ ਫੇ ਤਾਂ ਮੇਰਾ ਬਾਹਰ ਅੰਦਰ ਜਾਣ ਦਾ ਵਰਕਾ ਹੀ ਪਾਟ ਗਿਆ। ਬਸ ਆਪਣੇ ਕਮਰੇ ਜੋਗਾ ਰਹਿ ਗਿਆ।

ਤੂੰ ਜਦ ਪਤਝੜ ਦੀ ਰੁੱਤੇ ਆਪਣੀ ਰਿਸ਼ਤੇਦਾਰੀ ’ਚ ਹੋਏ ਮਰਗ ’ਤੇ ਅਫ਼ਸੋਸ ਕਰਨ ਆਇਆ ਤਾਂ ਮੇਰੇ ਕੋਲ ਵੀ ਆਇਆ ਸੀ। ਤੈਨੂੰ ਚੇਤੇ ਈ ਹੋਣਾ। ਮੈਂ ਜਦ ਤੈਨੂੰ ਛੇੜਿਆ ਸੀ ਬਈ ਤੋਖੀ ! ਤੂੰ ਹੁਣ ਡੱਬੇ ’ਚ ਬੰਦ ਹੋ ਕੇ ਰਹਿ ਗਿਆ। ਤੇਰਾ ਉੱਥੇ ਦਮ ਨ੍ਹੀਂ ਘੁੱਟਦਾ? ਪਰ ਤੇਰੀਆਂ ਅੱਖਾਂ ’ਚ ਚਮਕ ਸੀ। ਤੇਰੀਆਂ ਝੁਰੜੀਆਂ ਵਾਲੇ ਚਿਹਰੇ ’ਤੇ ਖਚਰਾ ਜਿਹਾ ਹਾਸਾ ਸੀ। ਮੇਰੇ ਸਨਕੀ ਮਨ ’ਚ ਇਕ ਦਮ ਕਈ ਸਵਾਲ ਆ ਗਏ ਸਨ। ਤੂੰ ਕਹਿਣ ਲੱਗਾ, “ਸੋਹਣ !! ਮੇਰੇ ਲਈ ਉਹ ਡੱਬਾ ਤਾਂ ਹੁਣ ਵੱਡਾ ਸਾਰਾ ਮਹੱਲ ਬਣ ਗਿਆ ਏ। ਜਦੋਂ ਮੁੰਡੇ ਨੇ ਮੇਰੇ ਜਨਮ ਦਿਨ ’ਤੇ ਮੈਨੂੰ ਵੱਡਾ ਸਾਰਾ ਮੁਬਾਇਲ ਲੈ ਦਿੱਤਾ। ਮੈਂ ਕਿਹਾ ਮੁੰਡਿਆ ! ਮੈਂ ਐਡਾ ਵੱਡਾ ਮੁਬਾਇਲ ਕੀ ਕਰਨਾ, ਤੂੰ ਮੈਨੂੰ ਰੇਡੀਓ ਈ ਲੈ ਦਿੰਦਾ, ਉਸ ’ਚ ਮੈਂ ਖ਼ਬਰਾਂ ਵਗੈਰਾ ਸੁਣ ਲਿਆ ਕਰਦਾ। ਮੁੰਡਾ ਕਹੇ ਭਾਪਾ ਜੀ ਏਸ ’ਚ ਸਾਰਾ ਕੁਝ ਈ ਏ। ਖ਼ਬਰਾ ਵੀ ਨੇ, ਡਰਾਮੇ ਵੀ ਨੇ ਤੇ ਦੋਸਤ ਬਣਾਉਣ ਦੇ ਢੰਗ ਵੀ ਨੇ। ਫੇਰ ਉਹਨੇ ਏਧਰ-ਓਧਰ ਦੇ ਰਿਸ਼ਤੇਦਾਰਾਂ ਦੇ ਨਾਂ ਨੰਬਰ ਪਾ ਦਿੱਤੇ। ਮੇਰਾ ਵਟਸ ਐਪ ਚਲਾ ਦਿੱਤਾ। ਫੇ ਉਹਨੇ ਮੇਰੀ ਫੇਸ ਬੁੱਕ ’ਤੇ ਆਈ ਡੀ ਬਣਾ ਦਿੱਤੀ। ਫੋਟੋ ਮੇਰੀ ਜਵਾਨੀ ਵੇਲੇ ਦੀ ਲਾ ਦਿੱਤੀ। ਮੈਨੂੰ ਕਹਿੰਦਾ ਲਓ ਭਾਪਾ ਜੀ ਫੇਸ ਬੁੱਕ ’ਚ ਤੁਹਾਡਾ ਖਾਤਾ ਖੁੱਲ੍ਹ ਗਿਆ ਏ। ਏਹਦੇ ’ਚ ਲੱਭ-ਲੱਭ ਕੇ ਜਿੰਨੇ ਮਰਜੀ ਦੋਸਤ ਬਣਾਈ ਜਾਵੋ। ਆਪਣੀਆਂ ਗੱਲਾਂ ਫੇਸ ਬੁੱਕ ’ਤੇ ਲਿਖੋ। ਆਪਣੀਆਂ ਫੋਟੋ ਅਪਲੋਡ ਕਰੋ। ਜੋ ਮਰਜ਼ੀ ਪਾਓ। ਪਲਾਂ ’ਚ ਤੁਹਾਡੀ ਗੱਲ ਸਾਰੇ ਸੰਸਾਰ ’ਚ ਪਹੁੰਚ ਜਾਊ। ਇਹਦੇ ਨਾਲ ਤੁਹਾਡਾ ਜੀਅ ਲੱਗਿਆ ਰਹੂ। ਲਓ ਜੀ ਮੁੰਡੇ ਨੇ ਡਿਫੈਂਸ ਕਲੋਨੀ ਦਾ ਇਕ ਦੀਵਾਰ ਬੰਦ ਕਰਕੇ ਮੇਰੇ ਲਈ ਅਨੇਕਾਂ ਦਵਾਰ ਖੋਲ੍ਹ ਦਿੱਤੇ। ਹੌਲੀ-ਹੌਲੀ ਮੁਬਾਇਲ ’ਤੇ ਹੱਥ ਚਲਾਉਣ ਲੱਗ ਪਿਆ। ਜਦੋਂ ਫੇਸ ਬੁੱਕ ’ਤੇ



ਮੇਰੇ ਹੱਥ ਖੁੱਲ੍ਹਣ ਲੱਗੇ ਤਾਂ ਦਿਨਾਂ ਵਿਚ ਹੀ ਮੈਂ ਕਈ ਦੋਸਤ ਬਣਾ ਲਏ। ਬੇ-ਪਛਾਣ, ਅਣਜਾਣ ਉਨ੍ਹਾਂ ’ਚ ਜਿਆਦਾ ਅੱਧਖੜ ਔਰਤਾਂ... ਜਵਾਨ ਔਰਤਾਂ। ਇਕ ਦਿਨ ਫੇਸ ਬੁੱਕ ਤੇ ਦੋਸਤ ਲੱਭਦਿਆਂ ਅਚਾਨਕ ਇਕ ਗੋਰੀ ਮੇਮ ਦਾ ਚਿਹਰਾ ਫੇਸ ਬੁੱਕ ’ਤੇ ਚਮਕਿਆ। ਮੇਰੀਆਂ ਅੱਖਾਂ ਫੈਲ਼ ਕੇ ਵੱਡੀਆਂ ਹੋ ਗਈਆਂ। ਅੱਖਾਂ ’ਚ ਜਿਵੇਂ ਚਮਕ ਆ ਗਈ ਹੁੰਦੀ ਏ। ਮੈਂ ਡਰਦੇ ਡਰਦੇ ਨੇ ਫਰੈਂਡ ਰੁਕਵੈਸਟ ਭੇਜ ’ਤੀ। ਤੀਜੇ ਦਿਨ ਉਹਦਾ ਮੈਸੇਜ਼ ਆ ਗਿਆ, “ਹਾਏ !!” ਮੈਨੂੰ ਲੱਗਾ ਜਿਵੇਂ ਮੇਰਾ ਡੱਬੇ ਵਰਗਾ ਕਮਰਾ ਰੌਸ਼ਨੀ ਨਾਲ ਭਰ ਗਿਆ ਹੋਵੇ। ਮੈਂ ਕਿੰਨਾ ਚਿਰ ‘ਹਾਏ !!’ ਹੀ ਪੜ੍ਹਦਾ ਰਿਹਾ ਤੇ ਉਹਦੇ ਚਿਹਰੇ ਨੂੰ ਵੇਖਦਾ ਰਿਹਾ। ਏਸੇ ਸਮੇਂ ’ਚ ਮੈਂ ਏਧਰ-ਉਧਰ ਫੇਸ ਬੁੱਕ ਤੇ ਕਈ ਹੋਰ ਦੋਸਤ ਬਣਾ ਲਏ, ਜਿਨ੍ਹਾਂ ’ਚ ਵਧੇਰੇ ਔਰਤਾਂ ਸਨ। ਮੈਨੂੰ ਉਨ੍ਹਾਂ ਦੀਆਂ ਪ੍ਰੋਫਾਇਲ ਵੇਖਣ ਦਾ ਚਸਕਾ ਪੈ ਗਿਆ। ਮੈਂ ਵਿਹਲਾ ਬੈਠਾ ਉਨ੍ਹਾਂ ਦੀਆਂ ਫੋਟੋਆਂ ਵੇਖਦਾ... ਉਨ੍ਹਾਂ ਦੇ ਨਿੱਜੀ ਵੇਰਵੇ ਪੜ੍ਹਦਾ ਰਹਿੰਦਾ। ਮੇਰਾ ਸੋਹਣਾ ਟੈਮ ਪਾਸ ਹੋਣ ਲੱਗ ਪਿਆ।

...ਖ਼ੈਰ ਤੂੰ ਮੈਨੂੰ ਜਾਂਦਾ-ਜਾਂਦਾ ਕਹਿ ਗਿਆ ...‘ਓਏ ਸੋਹਣ ! ਸਨਕੀਆ !! ਤੂੰ ਵੀ ਮੇਰੇ ਵਰਗਾ ਮੁਬਾਇਲ ਲੈ ਲਾ... ਐਵੇਂ ਸਾਰਾ ਦਿਨ ਭਰਜਾਈ ਦਾ ਮਨਹੂਸ ਚਿਹਰਾ ਵੇਖ-ਵੇਖ ਕੇ ਸੜਦਾ ਰਹਿੰਦਾ... ਖਿਝਦਾ ਰਹਿੰਦਾ। ਤੇਰਾ ਦਿਲ ਲੱਗਾ ਰਹੂ। ਮੈਂ ਇਕ ਦਮ ਉਛਲਿਆ ਸੀ, ਜਿਵੇਂ ਮੇਰੇ ਚਿੱਤੜਾਂ ’ਤੇ ਲਾਲ ਭੂਰੀ ਕੀੜੀ ਨੇ ਦੰਦੀ ਵੱਢੀ ਹੋਵੇ। ਮੈਂ ਆਪਣੀ ਚਿੱਟੀ ਦਾੜ੍ਹੀ ’ਤੇ ਖੁਰਕ ਕਰਦਿਆਂ ਕਿਹਾ ਸੀ, “ਹਾਂ ਤੋਖੀ ਯਾਰ !! ਤੇਰੀ ਗੱਲ ’ਚ ਤਾਂ ਵਜ਼ਨ ਐ। ਤੂੰ ਤਾਂ ਵਾਕਿਆਈ ਈ ਜੁਗਾੜੀ ਨਿਕਲਿਆ। ਤੂੰ ਕਿਸੇ ਨਾ ਕਿਸੇ ਤਰ੍ਹਾਂ ਮਿਲਟਰੀ ’ਚ ਵੀ ਛੁੱਟੀ ਦਾ ਜੁਗਾੜ ਲਾ ਲੈਂਦਾ ਸੀ। ਜੇ ਭਰਜਾਈ ਕੋਲ ਜਾਣ ਨੂੰ ਦੇਰੀ ਹੋ ਜਾਣੀ ਤਾਂ ਤੂੰ ਉਥੇ ਈ ਕਿਸੇ ਤੀਮੀ ਨਾਲ ਜੁਗਾੜ ਲਾ ਲੈਂਦਾ ਸੀ। ਯਾਰ ਤੋਖੀ ! ਤੈਨੂੰ ਪਤਾ ਈ ਏ ਜਦੋਂ ਕੁਸ਼ੱਲਿਆ ਨਾਲ ਮੇਰਾ ਵਿਆਰ ਹੋਇਆ ਸੀ ਤਾਂ ਮੇਰੀ ਅਫ਼ਸਰ ਨੇ ਛੁੱਟੀ ਰੱਦ ਕਰਕੇ ਮੈਨੂੰ ਤੇਰੇ ਨਾਲ ਬਾਰਡਰ ’ਤੇ ਭੇਜ ’ਤਾ ਸੀ। ਮੈਂ ਕਿਵੇਂ ਕੁਸ਼ੱਲਿਆ ਦੇ ਪੈਰਾਂ ’ਚ ਪਾਈਆਂ ਝਾਂਜਰਾ ਤੇ ਵੰਗਾਂ ਦੀ ਛਣ-ਛਣ ਸੁਣਨ ਨੂੰ ਤਰਸ ਗਿਆ ਸੀ। ਤਰਸ ਤਾਂ ਹੁਣ ਵੀ ਮੁਬਾਇਲ ਦੀ ਛਣ-ਛਣ ਸੁਣਨ ਨੂੰ ਗਿਆ ਹਾਂ। ਤੈਨੂੰ ਪਤਾ ਈ ਏ ਤੂੰ ਛਣ-ਛਣ ਸੁਣਨ ਲਈ ਕਈ ਵਾਰ ਨੇੜੇ ਦੇ ਪਿੰਡ ਚਲੇ ਜਾਂਦੇ ਸੀ। ਆਪਣਾ ਜੁਗਾੜ ਪਿੰਡ ਦੇ ਚੌਂਕੀਦਾਰ ਨੇ ਕਰਵਾ ਦਿੱਤਾ ਸੀ। ਅਖੇ ਮਰਦੀ ਨੇ ਅੱਕ ਚੱਬਿਆ... ਓਸ ਵੇਲੇ ਆਪਾਂ ਕਈ ਮਹੀਨੇ ਬਾਰਡਰ ’ਤੇ ਰਹੇ ਸੀ। ਤੇਰਾ ਜੁਗਾੜ ਈ ਕੰਮ ਆਇਆ ਸੀ। ਉਦੋਂ ਜਦੋਂ ਕੁਸ਼ੱਲਿਆ ਦੀ ਚਿੱਠੀ ਆਉਂਦੀ ਤਾਂ ਮੈਂ ਉਹਨੂੰ ਮਿਲਣ ਲਈ ਤਰਲੋ ਮੱਛੀ ਹੁੰਦੀ ਚਿੱਠੀ ਲਿਖਦਾ ਸਾਂ। ਓਧਰ ਕੁਸ਼ੱਲਿਆ ਨਿਹੋਰੇ ਨਾਲ ਕਹਿੰਦੀ ਹੁੰਦੀ ਸੀ, ‘ਮੈਂ ਝਾਂਜਰਾਂ ਲਾਹ ਕੇ ਅੰਗੀਠੀ ’ਤੇ ਰੱਖ ਦਿੱਤੀਆਂ ਨੇ। ਵੰਗਾਂ ਵੀ ਲਾਹ ਦਿੱਤੀਆਂ ਨੇ। ਭਲਾ ਮੈਂ ਕਿਹਨੂੰ ਛਣ-ਛਣ ਸੁਣਾਵਾਂ ਤੇ ਸ਼ੈਨਤਾਂ ਮਾਰਾਂ। ਤੇ ਹੁਣ ਏਹੀ ਕੁਸ਼ੱਲਿਆ ਉਖੜੀ ਕੁਹਾੜੀ ਵਾਂਗੂੰ ਪੈਂਦੀ ਏ।

ਲੈ ਤੋਖੀ ਤੇਰੇ ਜਾਣ ਤੋਂ ਬਾਅਦ ਮੈਂ ਵੀ ਕੋਈ ਜੁਗਾੜ ਬਣਾਉਣ ਬਾਰੇ ਸੋਚਣ ਲੱਗਾ। ਮੇਰੇ ਡਮਾਕ ’ਚ ਤੇਰੀਆਂ ਗੱਲਾਂ ਘੁੰਮਣ ਲੱਗ ਪਈਆਂ ਸੀ। ਹੱਥ ’ਚ ਫੜਿਆ ਨਿੱਕੇ ਜਿਹੇ ਚੂਹੇ ਵਰਗਾ ਮੁਬਾਇਲ ਮੈਨੂੰ ਲਿਜ਼-ਲਿਜ਼ਾ ਲੱਗਣ ਲੱਗ ਪਿਆ ਸੀ। ਜਿਹਦੇ ’ਚ ਕੇਵਲ ਤੇਰੀ ਅਵਾਜ਼ ਈ ਸੁਣਦੀ ਸੀ। ਇਕ ਦਿਨ ਮਾਂ-ਈਂ ਯਾਵੇ ਚੂਹੇ ਜਿਹੇ ਨੂੰ ਮੈਂ ਪੂਛੋਂ ਫੜ ਕੇ ਜ਼ੋਰ ਦੀ ਫਰਸ਼ ’ਤੇ ਵਗਾਹ ਮਾਰਿਆ। ਲੈ ਵੇਖਦਿਆਂ-ਵੇਖਦਿਆਂ ਚੂਹਾ ਮੇਰੇ ਮੋਹਰੇ ਖੱਖੜੀਆਂ-ਖਰਬੂਜ਼ੇ ਹੋ ਗਿਆ। ਮੈਂ ਮੂੰਹ ਜਿਹਾ ਬਣਾ ਕੇ ਸਿੰਗਲ ਬੈੱਡ ’ਤੇ ਗੋਡਿਆ ’ਚ ਸਿਰ ਦੇ ਕੇ ਬੈਠ ਗਿਆ। ਕੁਸ਼ੱਲਿਆ ਹੌਲੀ-ਹੌਲੀ ਤੁਰਦੀ ਹੋਈ ਮੇਰੇ ਲਈ ਰੋਟੀ ਲੈ ਕੇ ਆ ਗਈ। ਜਦੋਂ ਉਹਨੇ ਫ਼ਰਸ਼ ’ਤੇ ਖਿੱਲਰਿਆ ਚੂਹਾ ਵੇਖਿਆ ਤਾਂ ਸੜੇ ਹੋਏ ਬਤਾਊਂ ਵਰਗਾ ਮੂੰਹ ਬਣਾ ਲਿਆ। ਲੋਹੀ ਲਾਖੀ ਹੋ ਕੇ ਮੈਨੂੰ ਕਹਿਣ ਲੱਗੀ, “ਵੇ ਫ਼ੌਜੀਆ !! ਤੇਰੀ ਮੱਤ ਕਿਓਂ ਮਾਰੀ ਗਈ... ਆਹ ਤੂੰ ਕੀ ਕੀਤਾ... ਚੰਗਾ ਭਲਾ ਫ਼ੋਨ ਤੋੜ ’ਤਾ। ਹੁਣ ਮੈਂ ਆਪਣੀਆਂ ਭੈਣਾਂ ਨਾਲ ਕਿਵੇਂ ਗੱਲਾਂ ਕਰਿਆ ਕਰੂੰਗੀ...।” ਬੁੜ੍ਹੀ ਤਪੀ ਪਈ ਸੀ। ਮੈਂ ਚੁੱਪ ਕੀਤੇ ਨੇ ਉਹਦੇ ਹੱਥੋਂ ਰੋਟੀ ਵਾਲੀ ਥਾਲ਼ੀ ਫੜ ਲਈ। ਡਰ ਸੀ ਬੁੜ੍ਹੀ ਰੋਟੀ ਵਾਲੀ ਥਾਲ਼ੀ ਗੁੱਸੇ ’ਚ ਥੱਲੇ ਨਾ ਸੁੱਟ ਦੇਵੇ। ਮੈਂ ਲਾਲ ਅੱਖਾਂ ਕੱਢ ਕੇ ਉਹਦੇ ਵੱਲ ਹੋਇਆ,



"ਐਵੇਂ ਤਪੀ ਕਿਓਂ ਜਾਨੀ ਏਂ? ਮੈਂ ਤੇ ਔਹ ਅਲਮਾਰੀ ਦੇ ਉਪਰ ਰੱਖਿਆ ਸੀ। ਆਹ ਸਾਲੀ ਚਿੜੀ ਆਈ, ਪੈਰ ਦੇ ਪੌਂਚੇ ਜਿਹੇ ਨਾਲ ਵਗਾਹ ਕੇ ਮਾਰਿਆ। ਮੇਰੇ ਵੇਖਦੇ ਵੇਖਦੇ ਫ਼ੋਨ ਟੁੱਟ ਗਿਆ। ਮੇਰਾ ਤਾਂ ਵੇਖ ਕੇ ਬੀ-ਪੀ ਵਧ ਗਿਆ। ਮੈਂ ਜੁੱਤੀ ਵੀ ਵਗਾਹ ਕੇ ਮਾਰੀ.. ਪਰ ਚਿੜੀ ਔਹ ਗਈ... ਔਹ ਗਈ, ਜੁੱਤੀ ਨਾਲ ਸਾਲਾ ਸ਼ੀਸ਼ਾ ਵੀ ਟੁੱਟ ਗਿਆ। " ਮੈਂ ਵੀ ਝੱਟ ਦੇਣੀ ਕਹਾਣੀ ਘੜ ਕੇ ਸੁਣਾ ਦਿੱਤੀ ਸੀ, ਜਿਵੇਂ ਆਪਾਂ ਫ਼ੌਜ 'ਚ ਅਫ਼ਸਰ ਅੱਗੇ ਝਟ ਕਹਾਣੀ ਘੜ ਕੇ ਸੁਣਾ ਦਿੰਦੇ ਸਾਂ ਜਦੋਂ ਜੁਗਾੜ ਲਾਉਣ ਪਿੰਡ 'ਚ ਜਾਂਦੇ ਸਾਂ।

"ਏਹ ਰੰਡੀਆਂ ਚਿੜੀਆਂ ਵੀ ਤੇਰੇ ਕਮਰੇ 'ਚ ਪਤਾ ਨ੍ਹੀਂ ਕਿਥੋਂ ਆ ਜਾਂਦੀਆਂ ਨੇ। ਜਾਲੀ ਆਲਾ ਦਰਵਾਜ਼ਾ ਵੀ ਲੱਗਾ ਏ।"

ਮੇਰਾ ਦਿਲ ਹੱਸਿਆ ਬੁੜ੍ਹੀ ਵੱਲ ਵੇਖ ਕੇ, "ਏਧਰੋਂ ਆਉਂਦੀਆਂ... ਏਧਰੋਂ !!" ਮੈਂ ਡੰਡੇ ਨਾਲ ਇਕ ਆਲੇ ਵੱਲ ਇਸ਼ਾਰਾ ਕਰਕੇ ਕਿਹਾ ਸੀ।

"ਏਹਨੂੰ ਅੱਗ ਲਾਉਣੈ, ਆਲੇ ਜਿਹੇ ਨੂੰ ਬੰਦ ਕਰ ਪਹਿਲਾਂ, ਉੱਤੇ ਗੱਤਾ ਲਾ ਦੇ। ਸਾਰਾ ਦਿਨ ਬੈੱਡ 'ਤੇ ਬੈਠਾ ਮੱਖੀਆਂ ਮਾਰਦਾ ਰਹਿੰਦਾ।" ਕਹਿੰਦੀ ਬੁੜ੍ਹੀ ਚੂਹੇ ਦੇ 'ਕੱਲੇ-'ਕੱਲੇ ਅੰਗ 'ਕੱਠੇ ਕਰਦੀ ਬੋਲਦੀ ਗਈ ਸੀ।

"ਲੈ ਏਹਦੇ ਰਾਹੀਂ ਤਾਂ ਤਾਜ਼ੀ ਹਵਾ ਆਉਂਦੀ ਐ। ਏਹ ਨ੍ਹੀਂ ਬੰਦ ਹੋਣਾ। ਮੈਨੂੰ ਮਾਰਨਾ ਦਮ ਘੁੱਟ ਕੇ।"

ਤੇ ਤੋਖੀ ਯਾਰ ! ਏਸ ਤਰ੍ਹਾਂ ਮੈਂ ਚੂਹੇ ਜਿਹੇ ਮੁਬਾਇਲ ਤੋਂ ਆਪਣਾ ਖਹਿੜਾ ਛੁਡਾਇਆ। ਫੇਰ ਉਹੀ ਗੱਲ ਹੋਈ ਜਿਹੜੀ ਹੋਣੀ ਸੀ। ਮੈਨੂੰ ਮੁੰਡੇ ਨੇ ਤੇਰੇ ਅਰਗਾ ਤੇ ਤੇਰੇ ਜਿੱਡਾ ਫ਼ੋਨ ਲਿਆ ਕੇ ਦੇ ਤਾ। ਲੈਪਟਾਪ ਤਾਂ ਮੈਂ ਪਹਿਲਾਂ ਵੀ ਚਲਾ ਲੈਂਦਾ ਸੀ। ਫੇਸ ਬੁੱਕ, ਵਟਸ ਐਪ 'ਤੇ ਮੈਂ ਦਿਨਾਂ 'ਚ ਹੀ ਹੱਥ ਫੇਰਨ ਲੱਗ ਪਿਆ ਸੀ।

ਫੇਸ ਬੁੱਕ ਚਲਾਉਣ ਤੇ ਨਵੇਂ-ਨਵੇਂ ਦੋਸਤ ਲੱਭਣ 'ਚ ਤੂੰ ਮੇਰਾ ਗੁਰੂ ਬਣ ਗਿਆ। ਆਪਣੀ ਜਵਾਨੀ ਵੇਲੇ ਦੀ ਫੋਟੋ ਮੈਂ ਵੀ ਤੇਰੀ ਰੀਸੇ ਲਗਾ ਲਈ ਸੀ। ਜਨਮ ਤਰੀਕ ਵੀ ਨੌਜਵਾਨਾਂ ਵਾਲੀ ਰੱਖ ਲਈ। ਫੇਸ ਬੁੱਕ 'ਤੇ ਆਪਾਂ ਪੈਂਤੀ ਸਾਲ ਦੇ ਜਵਾਨ ਸਾਂ। ਦਿਨਾਂ ਵਿਚ ਹੀ ਮੇਰੇ ਪੰਜ-ਸੱਤ ਦੋਸਤ ਬਣ ਗਏ। ਮੈਂ ਇਕ ਦਿਨ ਸੋਚਿਆ ਮਨਾ ਮੈਂ ਇਹ ਬੰਦੇ ਕੀ ਕਰਨੇ ਆ। ਆਪਾਂ ਇਕ ਦਿਨ ਬੰਦਿਆਂ 'ਤੇ ਸਟੌਪ ਲਾ ਦਿੱਤਾ।



ਤੇ ਬੀਬੀਆਂ ਨੂੰ ਫਰੈਂਡ ਰੁਕਵੈਸਟ ਭੇਜਣੀਆਂ ਸ਼ੁਰੂ ਕਰ ਦਿੱਤੀਆਂ। ਸਾਰੀਆਂ ਔਰਤਾਂ। ਮੈਂ ਤੀਵੀਆਂ ਦੇ ਨਾਂ ਸਰਚ ਕਰਦਾ ਤਾਂ ਮੇਰੇ ਸਾਹਮਣੇ ਉਸੇ ਨਾਂ ਦੀਆਂ ਅਨੇਕਾਂ ਔਰਤਾਂ ਝਾਕਣ ਲੱਗ ਪੈਂਦੀਆਂ। ਉਨ੍ਹਾਂ ਦੀ ਪ੍ਰੋਫਾਇਲ 'ਤੇ ਕਲਿਕ ਕਰਦਾ। ਉਨ੍ਹਾਂ ਦੀਆਂ ਫੋਟੋਆਂ ਵੇਖਦਾ। ਉਨ੍ਹਾਂ ਦੇ ਗਲੈਮਰ ਮੁੱਖੜੇ, ਨਿੱਗਰ ਲੱਤਾਂ, ਛਾਤੀਆਂ ਮੇਰੀਆਂ ਅੱਖਾਂ ਅੱਗੇ ਤੈਰਨ ਲੱਗ ਪੈਂਦੀਆਂ। ਮਨ-ਪਸੰਦ ਔਰਤਾਂ ਨੂੰ ਫਰੈਂਡ ਰੁਕਵੈਸਟ ਭੇਜ ਦਿੰਦਾ। ਐਵੇਂ ਫੋਟੋਆਂ 'ਤੇ ਲਾਇਕ ਕਰ ਦਿੰਦਾ। ਕਿਸੇ 'ਤੇ ਸਧਾਰਨ ਜਿਹਾ ਕੁਮੈਂਟ ਕਰ ਦਿੰਦਾ। ਕਿਸੇ ਤੇ 'ਨਾਇਸ... ਗੁੱਡ' ਲਿਖ ਦਿੰਦਾ। ਵਿਹਲੇ ਸਮੇਂ ਮੈਂ ਫ਼ੇਸ ਬੁੱਕ 'ਤੇ ਰਹਿੰਦਾ। ਮੈਨੂੰ ਕੁਸ਼ੱਲਿਆ ਦਾ ਭੂਤਨੀ ਵਰਗਾ ਚਿਹਰਾ ਵੀ ਘੱਟ ਦਿਸਦਾ। ਇਕ ਦਿਨ ਤੇਰੀ ਫੇਸ ਬੁੱਕ ਪ੍ਰੋਫਾਇਲ ਵੇਖੀ ਤਾਂ ਤੇਰੇ ਨਾਲ ਜੁੜੇ ਫਰੈਂਡ ਵੇਖਣ ਲੱਗਾ ਪਿਆ। ਓਏ ਤੂੰ ਤਾਂ ਛੁਪਿਆ ਰੁਸਤਮ ਨਿਕਲਿਆ ! ਤੂੰ ਤਾਂ ਬਹੁਤ ਸਾਰੀਆਂ ਗੋਰੀਆਂ ਨੂੰ ਫਰੈਂਡ ਬਣਾਇਆ ਹੋਇਆ। ਤੇਰੀ ਰੀਸ਼ੇ ਗੂਗਲ 'ਤੇ ਮੈਂ ਗੋਰੀਆਂ ਕੁੜੀਆਂ ਵਾਲੇ ਨਾਂ ਸਰਚ ਕਰਨ ਲੱਗਾ। ਉਨ੍ਹਾਂ ਨਾਵਾਂ 'ਚ ਲੀਜ਼ਾ ਨਾਂ ਮੈਨੂੰ ਲੱਭ ਪਿਆ। ਫੇਸ ਬੁੱਕ 'ਤੇ ਇਹ ਨਾਂ ਭਰ ਕੇ ਜਦੋਂ ਸਰਚ ਕੀਤਾ ਤਾਂ ਏਸ ਨਾਂ ਦੀਆਂ ਕਈ ਕੁੜੀਆਂ ਦੇ ਨਾਂ ਤੇ ਫੋਟੋਆਂ ਦਿਸਣ ਲੱਗ ਪਈਆਂ। ਇਕ ਦਮ ਨਵੇਂ ਸੰਸਾਰ ਦਾ ਦਵਾਰ ਮੇਰੇ ਅੱਗੇ ਖੁੱਲ ਗਿਆ। ਇਹ ਗੋਰੇ ਮੁੱਖੜੇ ਅੱਧ ਢਕੇ ਜਿਸਮ, ਮੇਰੇ ਅੱਗੇ ਆਉਣ ਲੱਗ ਪਏ। ਸੜੀ ਹੋਈ ਮੇਰੀ ਬੁੜ੍ਹੀ ਕੁਸ਼ੱਲਿਆ ਤਾਂ ਉਨ੍ਹਾਂ ਦੇ ਪਾਂ-ਪਾਸਕ ਵੀ ਨਹੀਂ ਸੀ। ਯਾਰ ਤੋਖੀ ! ਮੈਂ ਸੱਚ ਲਿਖ ਰਿਹਾਂ, ਜਦੋਂ ਮੇਰੀ ਨਜ਼ਰ ਲੀਜ਼ਾ ਹਰਲੇ 'ਤੇ ਪਈ ਤਾਂ ਅੱਗੇ ਤੁਰੀ ਹੀ ਨਹੀਂ। ਐਨਾ ਖੂਬਸੂਰਤ ਤੇ ਚਮਕਦਾ ਚਿਹਰਾ ! ਯਾਰ ਮੈਂ ਬਿਆਨ ਨਹੀਂ ਕਰ ਸਕਦਾ। ਉਹਦੀਆਂ ਬਿੱਲੀਆਂ ਅੱਖਾਂ ਨੇ ਮੈਨੂੰ ਖਿੱਚ ਲਿਆ। ਉਹਦੀ ਪ੍ਰੋਫਾਇਲ 'ਤੇ ਕਲਿਕ ਕੀਤਾ ਤਾਂ ਮੈਨੂੰ ਉਹਦੀ ਪ੍ਰੋਫਾਇਲ ਸਾਫ਼ ਮਿਲੀ। ਸਾਰਾ ਕੁਝ ਮਿਊਟ ਕੀਤਾ ਹੋਇਆ ਸੀ। ਬਸ ਏਹ ਹੀ ਪਤਾ ਲੱਗ ਰਿਹਾ ਸੀ ਕਿ ਉਹ ਜਨਮੀ ਸੀਰੀਆ 'ਚ ਸੀ ਅਤੇ ਸੀਰੀਆ ਦੇ ਸ਼ਹਿਰ ਰੱਕਾ ਵਿਚ ਰਹਿੰਦੀ ਏ। ਉਹਦੀਆਂ ਚਾਰ ਕੁ ਫੋਟੋਆਂ ਦਿਸ ਰਹੀਆਂ ਸਨ। ਕਿਸੇ 'ਚ ਲੱਤਾਂ ਕਿਸੇ 'ਚ ਬਾਹਾਂ ਦਿਸ ਰਹੀਆਂ ਹਨ ਤੇ ਇਕ 'ਚ ਉਹਨੇ ਸਲੀਵਲੈੱਸ ਟਾਪ ਡੀਪ ਗਲ਼ੇ ਵਾਲੀ ਟੀ-ਸ਼ਰਟ ਪਾਈ ਹੋਈ ਸੀ। ਮੈਂ ਬਿਨਾਂ ਦੇਰੀ ਦੇ ਉਹਨੂੰ ਫਰੈਂਡ ਰਕੁਵੈਸਟ ਭੇਜੀ ਤੇ ਨਾਲ ਨਿੱਕਾ ਜਿਹਾ ਮੈਸੇਜ 'ਹਾਏ ਲੀਜ਼ਾ !'

ਉਹੀ ਗੱਲ ਹੋਈ। ਅਗਲੇ ਦਿਨ ਮੁਬਾਇਲ 'ਤੇ ਛਣ-ਛਣ ਹੋਈ। ਉਹਦਾ ਮੈਸੇਜ ਆ ਗਿਆ ਸੀ, 'ਹਾਏ ਬੇਬੀ !' ਦੂਜੇ ਦਿਨ ਫਿਰ ਛਣ-ਛਣ ਹੋਈ, "ਹਾਏ ਬੇਬੀ ! ਵਟ ਡੂ ਯੂ ਡੂਇੰਗ?"

ਲੈ ਤੋਖੀ ਤੂੰ ਸੱਚ ਜਾਣੀ... ਆਪਾਂ ਉਦੋਂ ਹੀ ਜਵਾਨ ਹੋ ਗਏ। ਮੈਂ ਫਟਾਫਟ ਆਪਣੀ ਪ੍ਰੋਫਾਇਲ ਫੋਟੋ ਚੈੱਕ ਕੀਤੀ। ਉਥੇ ਮੈਂ ਸੋਹਣਾ ਲੱਗਦਾ ਸੀ। ਉਮਰ ਪੈਂਤੀ ਕੁ ਸਾਲ ਲਿਖੀ ਸੋਅ ਹੋ ਰਹੀ ਸੀ। ਫੋਟੋ ਐਲਬਮ 'ਚ ਪਰਿਵਾਰਕ ਫੋਟੋਆਂ ਵੀ ਸਨ। ਤੂੰ ਕਹਿੰਦਾ ਸੀ ਨਾ ਕਿ ਗੋਰੀਆਂ ਫੇਸ ਬੁੱਕ 'ਤੇ ਦੋਸਤੀ ਕਰਨ ਲਈ ਝੱਟ ਤਿਆਰ ਹੋ ਜਾਂਦੀਆਂ ਮੈਂ ਲੀਜ਼ਾ ਬਾਰੇ ਸੋਚਣ ਲੱਗ ਪਿਆ। ਲੈ ਸੱਚ ਜਾਣੀ ਤੋਖੀ, ਅਗਲੇ ਦਿਨ ਮੁਬਾਇਲ 'ਚ ਛਣ-ਛਣ ਹੋਈ ਤੇ ਉਹਦੀ ਫੋਟੋ ਸਕਰੀਨ 'ਤੇ ਉਭਰੀ, ਇੰਗਲਿਸ 'ਚ ਮੈਸੇਜ ਸੀ, 'ਹੈਲੋ ਬੇਬੀ ! ਤੂੰ ਕਿਹੜੇ ਕੰਟਰੀ 'ਚ ਰਹਿੰਦਾ ਏਂ? ਅਤੇ ਤੇਰੀ ਉਮਰ ਕਿੰਨੀ ਏਂ? ਤੂੰ ਕੰਮ ਕੀ ਕਰਦਾ ਏਂ?"

ਮੈਸੇਜ ਪੜ੍ਹ ਕੇ ਮੇਰੇ ਇਕ ਵਾਰ ਤਾਂ ਹੱਥ ਕੰਬੇ। ਮੈਂ ਉਹਦੇ ਸਵਾਲ ਸੁਣ ਕੇ ਸੋਚੀਂ ਪੈ ਗਿਆ। ਮੈਨੂੰ ਚੇਤੇ ਆਇਆ, ਜਦੋਂ ਮੈਂ ਕਾਲਜ ਪੜ੍ਹਦਾ ਸੀ। ਇਕ ਵਾਰ ਅਸੀਂ ਦੌੜਾਂ ਦੇ ਮੁਕਾਬਲੇ ਵਿਚ ਦੂਜੇ ਕਾਲਜ ਗਏ ਸੀ। ਮੈਂ ਉਦੋਂ ਤੇਜ਼ ਦੌੜਦਾ ਸੀ ਤੇ ਸਕੂਲ ਵੇਲੇ ਤੋਂ ਹੀ ਚੰਗਾ ਦੌੜਾਕ ਸੀ। ਉਥੇ ਹੀ ਮੈਨੂੰ ਇਕ ਖਿਡਾਰਨ ਕੁੜੀ ਮਿਲੀ ਸੀ। ਉਹ ਲਾਂਗ ਤੇ ਹਾਈ ਜੰਪ ਲਾਉਣ ਆਈ ਸੀ। ਉਹਨੇ ਮੈਨੂੰ ਪੁੱਛਿਆ ਸੀ ਤੇਰਾ ਕਿਹੜਾ ਪਿੰਡ ਆ? ਬਸ ਉਹਦੀਆਂ ਅੱਖਾਂ 'ਚ ਮੈਂ ਪਿਆਰ ਵੇਖਿਆ ਸੀ। ਉਹਨੇ ਮੈਨੂੰ ਦੌੜਦਿਆਂ ਹੋਇਆਂ ਵੀ ਵੇਖਿਆ ਹੋਇਆ ਸੀ। ਫੇਰ ਉਹ ਕਦੇ ਮਿਲੀ ਨਹੀਂ। ਜਦੋਂ ਏਸ ਗੋਰੀ ਨੇ ਫੇਸ ਬੁੱਕ 'ਤੇ ਉਹੋ ਜਿਹਾ ਸਵਾਲ ਕੀਤਾ ਸੀ ਤਾਂ ਮੈਂ ਉਹਦੀਆਂ ਬਿੱਲੀਆਂ ਅੱਖਾਂ ਪੜ੍ਹਨ ਲੱਗ ਪਿਆ ਸੀ। ਮੈਨੂੰ ਉਹਦੀਆਂ ਅੱਖਾਂ 'ਚ ਮੇਰੇ ਪ੍ਰਤੀ ਪਿਆਰ ਦਿਸਣ ਲੱਗ ਪਿਆ ਸੀ। ਮੈਂ ਆਪਣੀ ਚਿੱਟੀ ਦਾੜ੍ਹੀ 'ਤੇ ਹੱਥ ਫੇਰਿਆ ਸੀ। ਬੁੱਢੀ

ਕੁਸ਼ੱਲਿਆ ਦਾ ਚਿਹਰਾ ਮੇਰੇ ਸਾਹਮਣੇ ਆਇਆ ਸੀ। ਉਹਦੀਆਂ ਤੋਰੀਆਂ ਵਾਂਗ ਲਮਕਦੀਆਂ ਛਾਤੀਆਂ ਵੱਲ ਧਿਆਨ ਗਿਆ ਸੀ। ਪਰ ਫੇਸ ਬੁੱਕ 'ਤੇ ਲੱਗੀ ਆਪਣੀ ਜਵਾਨੀ ਵੇਲੇ ਦੀ ਫੋਟੋ ਵੇਖ ਕੇ ਤਸੱਲੀ ਹੋਈ ਸੀ ਕਿ ਮੈਂ ਤਾਂ ਜਵਾਨ ਹਾਂ। ਪੈਂਤੀ ਕੁ ਸਾਲਾਂ ਦਾ ਮੁੰਡਾ। ਏਹ ਲੀਜ਼ਾ ਫੇਸ ਬੁੱਕ 'ਤੇ ਮੇਰਾ ਕੀ ਸਰਚ ਕਰ ਲਵੇਗੀ। ਆਪਣੇ ਬੁੱਢੇ ਸਰੀਰ ਨੂੰ ਲਕੋ ਕੇ ਮੈਂ ਜਵਾਨ ਸੋਹਣਾ ਬਣ ਗਿਆ ਸੀ। ਤੇਰਾ ਕਹਿਣਾ ਸੱਚ ਸੀ ਕਿ ਫੇਸ ਬੁੱਕ 'ਤੇ ਕੋਈ ਬੁੱਢਾ ਨਹੀਂ ਹੁੰਦਾ। ਏਹ ਸਦਾ ਬੰਦੇ ਨੂੰ ਜਵਾਨ ਰੱਖਦੀ ਏ।

ਫੇਸ ਬੁੱਕ ਦੀ ਪ੍ਰੋਫਾਇਲ 'ਤੇ ਲੱਗੀ ਆਪਣੀ ਫੋਟੋ ਦੇ ਹਿਸਾਬ ਨਾਲ ਮੈਂ ਉਸ ਨੂੰ ਭੇਜਣ ਵਾਲੇ ਮੈਸੇਜ ਵਿਚ ਆਪਣੀ ਉਮਰ ਪੈਂਤੀ ਸਾਲ ਦੀ ਲਿਖ ਦਿੱਤੀ ਸੀ। ਕੰਮ ਮੈਂ ਆਪਣਾ ਨਿੱਜੀ ਬਿਜ਼ਨਸ ਲਿਖ ਦਿੱਤਾ ਸੀ। ਕੁਝ ਪਲ ਸੋਚਿਆ ਤੇ ਮੈਸੇਜ ਸਕਰੀਨ 'ਤੇ ਛੱਡ ਦਿੱਤਾ। ਲੈ ਬਈ ਤੋਖੀ ਉਧਰੋ ਕੁਝ ਘੰਟਿਆਂ ਵਿਚ ਛਣ-ਛਣ ਦੀ ਟੋਨ ਨਾਲ ਮੈਸੇਜ ਆ ਗਿਆ। 'ਗੁੱਡ ਬੇਬੀ!' ਉਸ ਨੇ ਲਿਖਿਆ ਕਿ ਮੈਂ ਸੀਰੀਆ ਦੀ ਸਿਟੀਜ਼ਨ ਹਾਂ। ਦੋ ਸਾਲ ਅਮਰੀਕਾ ਲਾ ਕੇ ਆਈ ਹਾਂ। ਮੇਰੀ ਮਦਰ ਕੰਟਰੀ ਸੀਰੀਆ ਏ। ਮੈਂ ਏਸ ਵੇਲੇ ਸੀਰੀਆ ਦੇ ਸ਼ਹਿਰ ਰੱਕਾ ਆਈ ਹੋਈ ਹਾਂ। ਮੇਰੀ ਉਮਰ ਤੀਹ ਸਾਲ ਏ। ਤੇ ਮੈਂ ਸਿੰਗਲ ਹਾਂ। ਅੱਗੇ ਉਹਦਾ ਸਵਾਲ ਵਾਲਾ ਛਣ-ਛਣ ਕਰਦਾ ਮੈਸੇਜ ਸੀ, "ਆਰ ਯੂ ਸਿੰਗਲ?" ਪੜ੍ਹ ਕੇ ਮੇਰੇ ਤਾਂ ਅੱਖਾਂ ਅੱਗੇ 'ਨੇਰ੍ਹਾ ਆ ਗਿਆ ਸੀ। ਮੇਰੀਆਂ ਅੱਖਾਂ ਮੋਹਰੇ ਕੁਸ਼ੱਲਿਆ ਖੂੰਡੀ ਲੈ ਕੇ ਏਧਰ-ਉਧਰ ਤੁਰਨ-ਫਿਰਨ ਲੱਗ ਪਈ ਸੀ। ਮੈਂ ਇਕ ਵਾਰ ਆਪਣੇ ਗੰਜੇ ਸਿਰ 'ਤੇ ਹੱਥ ਫੇਰਿਆ। ਵਾਲ਼ ਕਾਫੀ ਝੜ ਗਏ ਸਨ। ਕੰਨਾਂ ਕੋਲ ਹੀ ਰਹਿ ਗਏ ਸਨ। ਕਰੜ-ਬਰੜ ਦਾੜ੍ਹੀ 'ਤੇ ਹੱਥ ਫੇਰਦਾ ਹਾਂ। ਮੇਰੇ ਧਿਆਨ 'ਚ ਮੇਰੇ ਅੱਠ ਸਾਲ ਦਾ ਪੋਤਾ ਆ ਜਾਂਦਾ ਏ। ਮੇਰੇ ਜ਼ਿਹਨ 'ਚ ਇਕਦਮ ਤੇਰੀ ਗੱਲ ਆਉਂਦੀ ਏ। ਮੈਂ ਮੈਸੇਜ ਟਾਇਪ ਕਰਦਾ ਹਾਂ, "ਆਈ ਐਮ ਸਿੰਗਲ।" ਤੋਖੀ ਯਾਰ! ਉਹਨੇ ਮੈਨੂੰ ਇਕ ਮੈਸੇਜ ਕੀਤਾ ਜਿਹਨੂੰ ਪੜ੍ਹ ਕੇ ਲੱਗਾ ਕਿ ਉਹ ਮੇਰੇ ਨਾਲ ਦੋਸਤੀ ਕਰਨੀ ਚਾਹੁੰਦੀ ਏ। ਉਹਦਾ ਕਹਿਣਾ ਸੀ ਕਿ ਮੈਨੂੰ ਇੰਡੀਅਨ ਲੋਕ, ਖਾਸ ਕਰਕੇ ਪੰਜਾਬੀ, ਬਹੁਤ ਪਸੰਦ ਹਨ। ਮੈਂ ਇਕ ਵਾਰ ਸੀਰੀਆ 'ਚ ਇਕ ਮੁੰਡੇ ਨਾਲ ਦੋਸਤੀ ਕੀਤੀ ਸੀ ਪਰ ਉਹਨੇ ਮੈਨੂੰ ਧੋਖਾ ਦੇ ਦਿੱਤਾ। ਮੇਰੇ ਨਾਲ ਸੰਬੰਧ ਬਣਾ ਕੇ ਤੁਰਦਾ ਬਣਿਆ। ਹਨੀ ਡੀਅਰ ਕੀ ਤੂੰ ਮੈਨੂੰ ਸੱਚਾ ਪਿਆਰ ਕਰਦਾ ਏਂ? ਮੈਂ ਤੈਨੂੰ ਸੱਚਾ ਪਿਆਰ ਕਰਨਾ ਚਾਹੁੰਦੀ ਹਾਂ। ਤੈਨੂੰ ਦੱਸਾਂ ਮੈਸੇਜ ਰਾਹੀਂ ਆਪਣਾ ਨਿੱਕ ਨਾਂ ਹਨੀ ਦੱਸਿਆ ਸੀ।

ਉਹਦਾ ਮੇਸੇਜ ਪੜ੍ਹ ਕੇ ਮੈਂ ਇਕ ਵਾਰ ਤਾਂ ਘਬਰਾ ਜਿਹਾ ਗਿਆ ਸਾਂ। ਯਾਰ ਏਹ ਮੇਰੀ ਕੋਈ ਉਮਰ ਏ? ਬੁੜ੍ਹੀ ਤਾਂ ਅਕਸਰ ਈ ਮੈਨੂੰ ਕਹਿ ਦਿੰਦੀ ਏ, ਹੁਣ ਤਾਂ ਤੇਰੀਆਂ ਲੱਤਾਂ ਕਬਰ 'ਚ ਨੇ? ਤੂੰ ਸੁਪਨੇ ਜਵਾਨਾਂ ਵਾਲੇ ਲੈਂਦਾ ਫਿਰਦਾ ਏਂ। ਬੁੜ੍ਹੀ ਕੁਸ਼ੱਲਿਆ ਜਦੋਂ ਵੀ ਮੇਰੇ ਕਮਰੇ 'ਚ ਆਉਂਦੀ ਏ। ਐਵੇਂ ਬੋਲ ਕੇ ਚਲੀ ਜਾਂਦੀ ਏ।

ਇਕ ਦਿਨ ਮੇਰੇ ਕਮਰੇ ਵਿਚ ਆਈ ਤਾਂ ਮੈਨੂੰ ਕਹਿਣ ਲੱਗੀ, "ਵੇਖ ਨਾ ਫ਼ੌਜੀਆ ਕਿਵੇਂ ਮੇਜ਼ 'ਤੇ ਧੂੜ ਪਈ ਏ? ਆਹ ਸੰਨ ਸੰਤਾਲੀ ਦਾ ਟਾਇਪ ਰਾਈਟਰ ਭਲਾ ਤੂੰ ਕੀ ਕਰਨਾ ਹੁਣ, ਏਹਨੂੰ ਹੁਣ ਕਿਸ ਨੇ ਚਲਾਉਣਾ ਏ? ਕਿਸੇ ਕਬਾੜ ਆਲੇ ਨੂੰ ਚਕਾ ਦੇ।"

ਤੈਨੂੰ ਪਤਾ ਈ ਏ ਬਈ ਮੈਂ ਆਪਣੇ ਮੇਜ਼ 'ਤੇ ਪਲਾਸ, ਜੰਬੂਰ, ਪਾਨੇ, ਚਾਬੀਆਂ, ਪੇਚਕਸ, ਇਕ ਕੈਂਚੀ, ਪੇਂਟ ਕਰਨ ਵਾਲਾ ਬਰੁਸ਼, ਬੈਟਰੀ ਅਤੇ ਅਨੇਕਾਂ ਹੋਰ ਸੰਦ ਰੱਖਦਾ ਹਾਂ। ਪਤਾ ਥੋੜ੍ਹਾ ਹੁੰਦਾ ਬਈ ਕਿਹੜੀ ਚੀਜ਼ ਕਿਸ ਵੇਲੇ ਕੰਮ ਆ ਜਾਵੇ। ਜਦੋਂ ਆਪਾਂ ਫ਼ੌਜ 'ਚ ਸੀ ਤਾਂ ਆਪਾਂ ਨੂੰ ਦਿਨ-ਰਾਤ ਤਿਆਰ ਬਰ ਤਿਆਰ ਰਹਿਣਾ ਸਿਖਾਇਆ ਜਾਂਦਾ ਸੀ। ਅਫ਼ਸਰ ਕਹਿੰਦੇ ਹੁੰਦੇ ਸਨ ਕਿ ਜੰਗ ਵੇਲੇ ਪਿੱਠੂ, ਰਾਤ ਨੂੰ ਪਿੱਠ 'ਤੇ ਬੰਨ੍ਹ ਕੇ ਸੌਂਵੋਂ। ਖਾਣ-ਪੀਣ ਦਾ ਹਰ ਸਮਾਨ ਪਿੱਠੂ 'ਚ ਹੋਵੇ। ਮੇਰੀ ਤਾਂ ਅਜੇ ਵੀ ਸਾਹਮਣੇ ਵਾਲੀ ਕੰਧ ਤੇ ਫ਼ੌਜੀ ਵਰਦੀ ਟੰਗੀ ਹੋਈ ਏ। ਏਹ ਮੈਂ ਭਾਵੇਂ ਪਾਉਂਦਾ ਨਹੀਂ ਪਰ ਇਹ ਮੈਨੂੰ ਚੰਗੀ ਲੱਗਦੀ ਏ। ਫ਼ੌਜੀ ਟੋਪ ਏ। ਦੂਜੇ ਪਾਸੇ ਮੈਡਲ ਨੇ। ਵਰਦੀ ਤੇ ਭਾਵੇਂ ਧੂੜ ਕਾਫ਼ੀ ਜੰਮ ਗਈ ਏ ਪਰ ਯਾਰ ਮੈਨੂੰ ਚੰਗੀ ਲੱਗਦੀ ਏ। ਮੈਂ ਉਸ ਵੇਲੇ ਦੇ ਚਮੜੇ ਦੇ ਬੂਟ ਵੀ ਰੱਖੇ ਹੋਏ ਨੇ। ਇਹ ਹੁਣ ਬੈੱਡ ਦੇ ਥੱਲੇ ਸਰਕ ਗਏ ਨੇ। ਧੂੜ ਨਾਲ ਭਰੇ ਹੋਏ। ਕੰਮ ਆਲੀ ਨੂੰ ਮੈਂ ਆਪਣੇ ਕਮਰੇ ਦੀ ਸਫ਼ਾਈ ਕਰਨ ਤੋਂ ਮਨ੍ਹਾ ਕੀਤਾ ਹੋਇਆਂ ਏ। ਉਹ ਮੇਰਾ



ਸਮਾਨ ਏਧਰ ਉਧਰ ਕਰ ਦਿੰਦੀ ਏ। ਜਦੋਂ ਕਦੇ ਮਨ ਕਰੇ ਮੈਂ ਖ਼ੁਦ ਈ ਵਿਹਲੀ ਥਾਂ ਵਿਚ ਝਾੜੂ ਮਾਰ ਲੈਂਦਾ ਹਾਂ। ਮੈਨੂੰ ਕਮਰੇ ਵਿਚ ਲੱਗੀ ਹੋਈ ਰੌਣਕ ਚੰਗੀ ਲੱਗਦੀ ਏ। ਮੈਂ ਮੇਜ 'ਤੇ ਪਏ ਹੋਏ ਸੰਦਾਂ ਨਾਲ ਵੀ ਗੱਲਾਂ ਕਰ ਲੈਂਦਾ ਹਾਂ। ਮੈਨੂੰ ਤੇਰਾ ਤਾਂ ਪਤਾ ਨਹੀਂ ਪਰ ਮੇਰਾ ਫ਼ੌਜ ਵੇਲੇ ਦਾ ਸਮਾਨ ਸੁੱਟਣ ਨੂੰ ਰਤਾ ਵੀ ਜੀਅ ਨਹੀਂ ਕਰਦਾ। ਮੈਂ ਉਹ ਫ਼ੌਜ ਵੇਲੇ ਦਾ ਟਰੰਕ ਵੀ ਸਾਂਭ ਕੇ ਰੱਖਿਆ ਹੋਇਆ ਏ। ਮੇਰੇ ਸਾਹਮਣੇ ਫ਼ੌਜ ਵੇਲੇ ਦਾ ਸਾਰਾ ਸਮਾਨ ਪਿਆ ਏ। ਜੇ ਹੁਣ ਵੀ 'ਵਾਜ਼ ਪੈ ਜਾਵੇ ਤਾਂ ਆਪਾਂ ਬਈ ਤਿਆਰ ਹਾਂ। ਬੰਦੇ ਨੂੰ ਹਰ ਪਲ ਤਿਆਰ ਰਹਿਣਾ ਚਾਹੀਦਾ ਏ। ਪਤਾ ਨ੍ਹੀਂ ਅਫ਼ਸਰ ਕਦੋਂ ਹਾਕ ਮਾਰ ਲੈਣ। ਆਪਾਂ ਨੂੰ ਦੱਸਿਆ ਈ ਏਹੀ ਜਾਂਦਾ ਸੀ, ਬਈ ਤੁਸੀਂ ਅਫ਼ਸਰ ਦਾ ਹੁਕਮ ਮੰਨਣਾ। ਜੇ ਅਫ਼ਸਰ ਕਹਿ ਦੇਵੇ ਕਿ ਖੂਹ 'ਚ ਛਾਲ ਮਾਰੋ ਤਾਂ ਤੁਸੀਂ ਝਿਜਕਣਾ ਨਹੀਂ। ਛਾਲ ਮਾਰ ਦੇਣੀ ਏ। ਕਮਰੇ ਦਾ ਸਾਰਾ ਸਮਾਨ ਪੁਰਾਣਾ ਹੋ ਗਿਆ ਏ। ਮੇਰੇ ਅੱਗੇ ਜਿਹੜਾ ਮੇਜ਼ ਏ ਇਹਦੀਆਂ ਚੂਲਾਂ ਹੁਣ ਹਿੱਲਣ ਲੱਗ ਪਈਆਂ ਨੇ। ਲੱਕੜ ਦੀਆਂ ਕੁਰਸੀਆਂ ਢੀਚਕ-ਢੀਚਕ ਕਰਦੀਆਂ ਨੇ। ਥਿੰਦੇ ਤੇਲ ਵਾਲੇ ਹੱਥ ਲੱਗ ਲੱਗ ਕੇ ਕੁਰਸੀਆਂ-ਮੇਜ਼ ਕਾਲ਼ੀਆਂ ਹੋ ਗਈਆਂ ਨੇ। ਬੁੜ੍ਹੀ ਵੀ ਪੁਰਾਣਾ ਸਮਾਨ ਏਥੇ ਟਿਕਾ ਜਾਂਦੀ ਏ। ਉਹਦਾ ਵੀ ਕਬਾੜ ਸੁੱਟਣ ਨੂੰ ਹੌਸਲਾ ਨਹੀਂ ਪੈਂਦਾ। ਤੂੰ ਜਾਂਦੇ ਹੋਇਆ ਵੀ ਮੇਰੇ ਕਮਰੇ ਨੂੰ ਵੇਖ ਕਹਿ ਦਿੱਤਾ ਸੀ, 'ਸੋਹਣ ਤੂੰ ਹੁਣ ਆਪਣੇ ਕਮਰੇ ਨੂੰ ਅਜਾਇਬ ਘਰ ਬਣਾ ਦੇ। ਇਹ ਪੁਰਾਣੇ ਦੁਰਲੱਭ ਸਮਾਨ ਨਾਲ ਭਰ ਗਿਆ ਏ। ਲੈ ਤੂੰ ਅਜਾਇਬ ਘਰ ਬਣਾਉਣ ਨੂੰ ਕਹਿੰਦਾ, ਇਹ ਤਾਂ ਹੁਣ ਇਹਨੂੰ ਢਾਹੁਣ ਨੂੰ ਫਿਰਦੇ ਨੇ। ਕਹਿੰਦੇ ਹੁਣ ਘਰ ਪੁਰਾਣਾ ਹੋ ਗਿਆ ਏ। ਏਥੇ ਕੋਠੀ ਬਣਾਉਣੀ ਏ। ਪਰ ਮੈਂ ਅੜਿਆ ਹੋਇਆ ਹਾਂ। ਅੜ ਗਿਆ ਤਾਂ ਅੜ ਗਿਆ। ਪਿੱਛੇ ਜਿਹੇ ਇਨ੍ਹਾਂ ਨੇ ਮਿਆਨੀ ਵਾਲਾ ਕਮਰਾ ਢਾਹ ਦਿੱਤਾ ਏ। ਕਹਿੰਦੇ ਉੱਥੇ ਨਵੇਂ ਮਕਾਨ ਛੱਤਣੇ ਨੇ। ਤੈਨੂੰ ਸੱਚ ਦੱਸਾਂ ਜਦੋਂ ਉਨ੍ਹਾਂ ਮਿਆਨੀ ਢਾਹੀ ਮੈਂ ਉਸ ਦਿਨ ਰੋਟੀ ਨਾ ਖਾਧੀ। ਯਾਰ ਮੇਰੀਆਂ ਤਾਂ ਉਹਦੇ ਨਾਲ ਯਾਦਾਂ ਜੁੜੀਆ ਹੋਈਆਂ ਸਨ। ਤੈਨੂੰ ਪਤੈ ਮੈਂ ਤੇ ਕੁਸ਼ੱਲਿਆ ਵਿਆਹ ਤੋਂ ਬਾਅਦ ਉਥੇ ਚੁਬਾਰੀ ਵਿਚ ਰਹੇ ਸਾਂ। ਜਿਹਦਾ ਮੈਂ ਨਾਂ ਮਿਆਨੀ ਰੱਖ ਲਿਆ ਸੀ।

ਇਕ ਦਿਨ ਮੇਰੇ ਮੁਬਾਇਲ 'ਤੇ ਛਣ-ਛਣ ਹੋਈ। ਲੀਜ਼ਾ ਨੇ ਬਹੁਤ ਹੀ ਕਰਾਰੀ ਜਿਹੀ ਫੋਟੋ ਭੇਜੀ ਸੀ। ਮੇਰੀਆਂ ਤਾਂ ਅੱਖਾਂ ਈ ਅੱਡੀਆਂ ਰਹਿ ਗਈਆਂ। ਇਕ ਦਮ ਛਰ-ਛਰਾ ਸਰੀਰ। ਮੈਂ ਆਪਣੇ ਆਪ ਨੂੰ ਵੇਖਣ ਲੱਗ ਪਿਆ। ਡੌਲ਼ਿਆਂ ਦਾ ਮਾਸ ਝੜ ਗਿਆ ਏ। ਬਾਂਹਾਂ ਤੋਂ ਚਰਬੀ ਝੜ ਗਈ ਏ। ਥਾਂ ਥਾਂ ਤੋਂ ਮਾਸ ਢਿਲਕਣ ਲੱਗ ਪਿਆ ਏ। ਨਜ਼ਰ ਬਹੁਤ ਘਟ ਗਈ ਏ। ਐਨਕਾਂ ਤੋਂ ਬਿਨਾਂ ਦਿਸਦਾ ਈ ਨਹੀਂ ਏ। ਅਖ਼ਬਾਰ ਵੀ ਵੱਡੇ ਲੈਨਜ਼ ਨਾਲ ਪੜ੍ਹਦਾ ਹਾਂ। ਅੱਵਲ ਤਾਂ ਬੇਸੁਆਦੀਆਂ ਸੁਰਖ਼ੀਆਂ ਪੜ੍ਹ ਕੇ ਰੱਖ ਦਿੰਦਾ ਹਾਂ। ਬੀ ਪੀ ਨੌਰਮਲ ਰੱਖਣ ਲਈ ਰੋਜ਼ਾਨਾ ਗੋਲ਼ੀ ਖਾਣੀ ਪੈਂਦੀ ਏ। ਤੂੰ ਹੱਸਣਾ ਇਕ ਦਿਨ ਤਾਂ ਹੋਰ ਈ ਪੰਗਾ ਪੈ ਗਿਆ, ਉਹਨੇ ਮੇਰੇ ਕੋਲੋਂ ਫੋਟੋ ਮੰਗ ਲਈ...ਛਣ-ਛਣ ਹੋਈ... ਕਹਿੰਦੀ 'ਸੈਂਡ ਮੀ ਪਿਕ।' ਮੈਂ ਸੋਚਣ ਬੈਠ ਗਿਆ ਮੈਂ ਹੁਣ ਕੀ ਕਰਾਂ। ਮੈਨੂੰ ਬੈਠੇ-ਬੈਠੇ ਨੂੰ ਇਕ ਜੁਗਤ ਦਾ ਖਿਆਲ ਆਇਆ। ਆਪਣੇ ਮੁਬਾਇਲ 'ਚ ਮੈਂ ਆਪਣੇ ਮੁੰਡੇ ਦੀਆਂ ਫੋਟੋ ਵੇਖਣ ਲੱਗ ਪਿਆ। ਉਹਦੀ ਸ਼ਕਲ ਹੂ ਬ ਹੂ ਮੇਰੇ 'ਤੇ ਗਈ ਏ। ਮੁੰਡਾ ਈ ਮੇਰਾ ਏ ਯਾਰ। ਜਵਾਨੀ ਵੇਲੇ ਮੇਰੀ ਸ਼ਕਲ ਬਿਲਕੁਲ ਉਹਦੇ ਵਰਗੀ ਹੁੰਦੀ ਸੀ। ਮੈਂ ਚੁੱਕ ਕੇ ਉਹਦੀ ਤਸਵੀਰ ਭੇਜ ਦਿੱਤੀ। ਲੀਜ਼ਾ ਨੂੰ ਕੀ ਪਤੈ ਬਈ ਕੌਣ ਏ? ਆਪਾਂ ਨੂੰ ਵੀ ਗੋਰੀਆਂ ਇੱਕੋ ਜਿਹੀਆਂ ਲੱਗਦੀਆਂ ਨੇ। ਲੈ ਗੱਲ ਬਣ ਗਈ। ਉਧਰੋਂ ਛਣ-ਛਣ ਕਰਦਾ ਕੁਮੈਂਟ ਮਿਲਿਆ, 'ਵੈਰੀ ਨਾਇਸ... ਆਈ ਲਾਈਕ ਇੱਟ... ਗੁੱਡ!"

ਮੈਂ ਵਕਫ਼ਾ ਪਾ ਕੇ ਮੁੰਡੇ ਦੀ ਫੋਟੋ ਭੇਜ ਦਿੰਦਾ। ਉਹ ਵੀ ਅੱਗਿਓ ਆਪਣੀਆਂ ਵੱਖਰੇ-ਵੱਖਰੇ ਪੋਜ਼ ਵਾਲੀਆਂ ਫੋਟੋਆਂ ਭੇਜਣ ਲੱਗ ਪਈ ਸੀ। ਯਾਰ ਤੋਖੀ! ਇਕ ਦਿਨ ਉਹ ਕਹਿਣ ਲੱਗੀ, 'ਮੈਂ ਤੇਰੀ ਕੰਟਰੀ ਵਿਜ਼ਟ ਕਰਨੀ ਆ। ਤੈਨੂੰ ਮਿਲਣਾ ਏ।" ਲੈ ਪੈ ਗਿਆ ਸਿਆਪਾ। ਕਰ ਲਓ ਦੋਸਤੀਆਂ। ਮੈਨੂੰ ਤਾਂ ਲੁਕਣ ਨੂੰ ਥਾਂ ਨਾ ਲੱਭੇ। ਹੁਣ ਤਾਂ ਚੋਰ ਪਾੜ 'ਚੋਂ ਈ ਫੜਿਆ ਜਾਊ। ਲੀਜ਼ਾ ਤਾਂ ਤੋਖੀ ਯਾਰ! ਸੀਰੀਅਸ ਹੋਈ ਜਾ ਰਹੀ ਸੀ। ਮੈਂ ਤਾਂ ਟਾਇਮ ਪਾਸ ਕਰ ਰਿਹਾ ਸਾਂ। ਏਹ ਸਾਲਾ ਠਰਕ ਈ ਹੁੰਦੈ ਐ। ਮੈਂ ਬੈਠਾ ਸੋਚਾਂ ਬਈ ਜੇ

ਉਹ ਆ ਗਈ ਤਾਂ ਮੈਂ ਕਿਹੜਾ ਮੂੰਹ ਦਿਖਾਊਂ? ਫੇ ਕੀ ਹਊ। ਮੇਰੀ ਤਾਂ ਇੱਜ਼ਤ ਛੱਜ 'ਚ ਛੱਟ ਹੋਵੇਗੀ। ਪਿਛਲੇ ਸਾਲ ਦੀ ਗੱਲ ਦਾ ਤੈਨੂੰ ਪਤਾ ਈ ਹੋਣਾ ਐ। ਇਕ ਗੋਰੀ ਨਾਲ ਪੰਜਾਬੀ ਮੁੰਡੇ ਦਾ ਫੇਸ ਬੁੱਕ 'ਤੇ ਚੱਕਰ ਪੈ ਗਿਆ। ਪੰਜਾਬੀ ਮੁੰਡੇ ਨੇ ਪਤਾ ਨਹੀਂ ਉਹਨੂੰ ਕਿਹੜੀ ਬੂਟੀ ਸੁੰਘਾਈ। ਲਓ ਜੀ ! ਗੋਰੀ ਤਾਂ ਜਹਾਜੇ ਚੜ੍ਹ ਕੇ ਪੰਜਾਬ ਉਹਦ ਘਰ ਆ ਗਈ। ਕਹਿੰਦੀ ਮੈਂ ਤਾਂ ਤੇਰੇ ਨਾਲ ਵਿਆਹ ਕਰਵਾ ਕੇ, ਤੈਨੂੰ ਆਪਣੇ ਨਾਲ ਲੈ ਜਾਣਾ। ਏਧਰ ਵਿਆਹ ਦੀਆਂ ਤਿਆਰੀਆਂ ਹੋਣ ਤੇ ਉਧਰੋਂ ਕੁੜੀ ਦੇ ਗੋਰੇ ਮਾਂ ਪਿਓ ਆ ਗਏ। ਉਹ ਕਹਿਣ ਸਾਡੀ ਕੁੜੀ ਨਿਆਣੀ ਏ। ਮੁੰਡੇ ਨੇ ਇਹਨੂੰ ਮਗਰ ਲਾ ਲਿਆ। ਆਈ ਡੌਂਟ ਲਾਇਕ ਪੰਜਾਬੀ। ਗੱਲ ਪੁਲਿਸ ਤੱਕ ਪਹੁੰਚ ਗਈ। ਗੱਲ ਕੀ ਉਸ ਗੋਰੀ ਕੁੜੀ ਨੂੰ ਉਹਦੇ ਮਾਂ ਬਾਪ ਵਾਪਸ ਲੈ ਗਏ। ਮੈਂ ਤਾਂ ਇਹ ਸੋਚ ਕੇ ਬਹੁਤ ਡਰ ਗਿਆ ਸਾਂ। ਯਾਰ ਕਹਿੰਦੇ ਗੋਰੀਆਂ ਦਾ ਇਸ਼ਕ ਹੜ੍ਹ ਵਾਂਗ ਹੁੰਦੈ ! ਤੂੰ ਵੀ ਯਾਰ ਬਚ ਕੇ ਇਹ ਫਰੈਂਡਸ਼ਿਪ ਕਰੀਂ। ਐਵੇਂ ਹਾਸੇ ਦਾ ਤਮਾਸ਼ਾ ਨਾ ਬਣ ਜਾਵੇ।

ਪਰ ਯਾਰ ਤੋਖੀ ਮੇਰੇ ਕੰਨ ਛਣ-ਛਣ ਸੁਣਨ ਲਈ ਮੁਬਾਇਲ ਵੱਲ ਲੱਗੇ ਰਹਿੰਦੇ ਨੇ। ਜਦੋਂ ਫੇਸ ਬੁੱਕ 'ਤੇ ਕੋਈ ਵੀ ਮੈਸੇਜ ਆਉਂਦਾ ਤਾਂ ਛਣ-ਛਣ ਦੀ ਟੋਨ ਆਉਂਦੀ। ਕੰਨ ਵਿਚ ਇਕ ਤਰ੍ਹਾਂ ਰਸ ਘੋਲ ਦਿੰਦੀ ਸੀ। ਇਕ ਦਮ ਕਿਸੇ ਔਰਤ ਦੀਆਂ ਵੰਗਾਂ ਦੀ ਛਣ-ਛਣ ਦਾ ਅਹਿਸਾਸ ਹੁੰਦਾ ਸੀ। ਝਾਂਜਰ ਦੀ ਛਣ-ਛਣ ਦਾ ਅਹਿਸਾਸ ਹੁੰਦਾ ਸੀ। ਮਨ ਇਕ ਵੱਖਰੇ ਸਰੂਰ ਨਾਲ ਭਰ ਜਾਂਦਾ ਸੀ। ਮੈਂ ਉਦੋਂ ਅੱਖਾਂ ਮੀਟ ਲੈਂਦਾ ਸੀ। ਲੱਗਦਾ ਸੀ ਕਿ ਜਿਵੇਂ ਮੇਰੇ ਕਮਰੇ ਵਿਚ ਲੀਜ਼ਾ ਆ ਗਈ ਹੋਵੇ। ਛਣ-ਛਣ ਕਰਦੀ। ਜਦੋਂ ਵੀ ਛਣ-ਛਣ ਹੁੰਦੀ ਤਾਂ ਮੈਂ ਝੱਟ ਕੰਨ ਚੁੱਕਦਾ ਸਾਂ। ਮੈਨੂੰ ਦਿਨ ਵਿਚ ਕਈ ਵਾਰੀ ਛਣ-ਛਣ ਸੁਣਨ ਦੀ ਅੱਚੋਆਈ ਲੱਗ ਜਾਂਦੀ। ਰਾਤ ਨੂੰ ਇਹ ਅੱਚੋਆਈ ਵਧ ਜਾਂਦੀ ਸੀ। ਨੀਂਦ ਤਾਂ ਪਹਿਲਾਂ ਵੀ ਘਟ ਈ ਆਉਂਦੀ ਸੀ ਪਰ ਏਸ ਸਥਿਤੀ 'ਚ 'ਨੇਰ੍ਹੇ 'ਚ ਵੀ ਅੱਖਾਂ ਖੁੱਲ੍ਹੀਆਂ ਰਹਿੰਦੀਆਂ ਸਨ। ਮੈਂ ਵਾਰ ਵਾਰ ਉੱਠ ਕੇ ਮੁਬਾਇਲ ਵੱਲ ਵੇਖਦਾ ਸਾਂ। ਕਈ ਵਾਰ 'ਨੇਰ੍ਹੇ ਵਿਚ ਮੈਨੂੰ ਮੱਧਮ ਜਿਹੀ ਹਰੀ ਲਾਈਟ ਜਗਦੀ ਬੁਝਦੀ ਦਿਸਦੀ ਇਹ ਵੀ ਫੇਸ ਬੁੱਕ ਦੇ ਆਏ ਨਵੇਂ ਮੈਸੇਜ ਦਾ ਸਾਇਨ ਹੁੰਦਾ ਏ। ਮੈਂ ਚੁੱਕਦਾ ਤਾਂ ਮੈਸੇਜ ਕਿਸੇ ਹੋਰ ਦਾ ਹੁੰਦਾ।

ਯਾਰ ਤੋਖੀ ! ਏਹ ਸਾਲਾ ਪਿਆਰ ਵੀ ਬੁੱਢੇ ਵਾਰੇ ਹੋਣਾ ਸੀ। ਹੁਣ ਤਾਂ ਗੋਡਿਆਂ 'ਚੋਂ ਗਰੀਸ ਈ ਮੁੱਕ ਚੁੱਕੀ ਏ। ਪਰ ਏਸ ਦੋਸਤੀ 'ਚ ਟਾਇਮ ਸੋਹਣਾ ਪਾਸ ਹੋ ਰਿਹਾ ਏ। ਏਸ ਸਮੇਂ ਜਦੋਂ ਬੰਦਾ ਘਰ 'ਚ, ਕਮਰੇ 'ਚ ਬੰਦਾ ਡਰਿਆ ਹੋਇਆ ਬੈਠਾ ਹੋਵੇ। ਕਿਸੇ ਨਾਲ ਗੱਲ ਨਾ ਕਰ ਸਕਦਾ ਹੋਵੇ। ਬੰਦਾ ਮਰੂ-ਮਰੂ ਕਰਦਾ ਫਿਰੇ। ਬੁੜ੍ਹੀ ਵਾਰ-ਵਾਰ ਮੱਥੇ 'ਚ ਵੱਜ ਕੇ ਬੰਦੇ ਨੂੰ ਉਂਝ ਹੀ ਖੱਸੀ ਕਰੀ ਜਾਵੇ। ਉਦੋਂ ਛਣ-ਛਣ ਸੁਣਨ ਨੂੰ ਮਨ ਕਰਦਾ ਰਹਿੰਦਾ ਸੀ।

ਤੈਨੂੰ ਮੈਂ ਸੱਚ ਦੱਸਾਂ, ਜਦੋਂ ਦਾ ਮੈਂ ਲੀਜ਼ਾ ਨਾਲ ਪਿਆਰ ਦੀ ਪੀਂਘ ਝੂਟਣ ਲੱਗਾ ਹਾਂ। ਯਾਰ ਮੈਂ ਤਾਂ ਆਪਣੇ ਆਪ ਨੂੰ ਜਵਾਨ-ਜਵਾਨ ਸਮਝਣ ਲੱਗ ਪਿਆ ਹਾਂ। ਤੂੰ ਵੇਖੀਂ ਕਿਸੇ ਦਿਨ ਆ ਕੇ ਮੇਰੇ 'ਚ ਤਬਦੀਲੀ ਬਹੁਤ ਆ ਗਈ ਏ। ਤੈਨੂੰ ਪਤੈ ! ਵਾਲ਼ਾਂ ਨੂੰ ਕਲਰ ਲਾਉਣਾ ਤਾਂ ਕਦੋਂ ਦਾ ਛੱਡਿਆ ਹੋਇਆ। ਜਦੋਂ ਦੀ ਗੰਜ ਪੈਣੀ ਸ਼ੁਰੂ ਹੋ ਗਈ ਸੀ। ਹੁਣ ਮੈਂ ਵਾਲ਼ ਕਲਰ ਕਰਨ ਲੱਗ ਪਿਆ ਹਾਂ। ਰੋਜ਼ ਦਾੜ੍ਹੀ ਸਵਾਰਦਾ ਹਾਂ। ਸ਼ੇਵ ਕਰਦਾ ਹਾਂ। ਇਕ ਦਿਨ ਮੈਂ ਮੁੰਡੇ ਨੂੰ ਕਿਹਾ 'ਰਾਜਨ ਤੇਰੀਆਂ ਜਿਹੜੀਆਂ ਟੀ-ਸ਼ਰਟਾ ਨੇ, ਉਹ ਮੈਨੂੰ ਦੇ ਦੇਵੀਂ, ਜੋ ਤੂੰ ਨਹੀਂ ਪਾਉਂਦਾ, ਮੈਂ ਪਾ ਲਿਆ ਕਰੂ। ਪਿੰਗਲਵਾੜੇ ਕਿਓਂ ਦੇਣੀਆਂ ਨੇ। ਲਓ ਜੀ ... ਟੀ ਸ਼ਰਟ ਪਾ, ਜੀਨ ਪਾ ਬੈਲਟ ਕੱਸ ਕੇ ਮੈਂ ਤਾਂ ਜਵਾਨ ਲੱਗਣ ਲੱਗ ਪਿਆ ਸਾਂ। ਮੁੰਡਾ ਤੇ ਨੂੰਹ ਰਾਣੀ ਮੇਰੇ ਵੱਲ ਵੇਖ ਵੇਖ ਕੇ ਹੈਰਾਨ ਨੇ, ਜਦੋਂ ਮੈਂ ਪਾਰਕ ਵਿਚ ਸੈਰ ਕਰਨ ਨਿਕਲਦਾ ਤਾਂ ਮੇਰਾ ਗੁਆਂਢੀ ਅਕਸਰ ਕਹਿੰਦਾ, ਸੂਬੇਦਾਰਾ ! ਤੈਨੂੰ ਦਿਨੋਂ-ਦਿਨ ਕੀ ਹੋਈ ਜਾਂਦਾ। ਤੂੰ ਤਾਂ ਦਿਨੋਂ ਦਿਨ ਨਿੱਖਰੀ ਜਾਂਦਾ। ਮੁੰਡਾ-ਖੁੰਡਾ ਬਣ ਕੇ ਘੁੰਮਣ ਲੱਗ ਪਿਆ।" ਮੈਂ ਖਚਰਾ ਜਿਹਾ ਹਾਸਾ ਹੱਸਦਾ ਕਹਿੰਦਾ, "ਐਂ ਈ ਆ ਭਰਾਵਾ ! ਜਵਾਨ ਹੋਣ ਨੂੰ ਕਿਹੜਾ ਵਰ੍ਹੇ ਲੱਗਦੇ ਨੇ, ਬੰਦੇ ਦਾ ਮਨ ਜਵਾਨ ਚਾਹੀਦਾ। ਤੁਹਾਡੇ ਵਰਗੇ ਬੰਦੇ ਤਾਂ ਚਾਲੀ ਸਾਲ ਪਹਿਲਾਂ ਈ ਬੁੱਢੇ ਹੋ ਗਏ ਸੀ। "



ਪਰ ਕੀ ਦੱਸਾਂ ਸੋਖੀ ਯਾਰ ! ਬੁੜ੍ਹੀ ਕੁਸ਼ੱਲਿਆ ਦੀ ਬੁੜ-ਬੁੜ ਬਹੁਤ ਵਧ ਗਈ ਏ। ਜੇ ਮੈਂ ਜੀਨ ਨਾਲ ਟੀ-ਸਰਟ ਪਾ ਕੇ ਬਾਹਰ ਨਿਕਲਾਂ ਤਾਂ ਜਮਾ ਸੜ ਭੁੱਜ ਕੇ ਕੋਲੇ ਹੋ ਜਾਂਦੀ ਏ। ਜਿਵੇਂ ਮੈਂ ਉਹਦੀ ਗੋਰੀ ਸੌਂਕਣ ਲੈ ਆਂਦੀ ਹੋਵੇ। ਪਰ ਜਦੋਂ ਮੈਂ ਪਾਰਕ 'ਚ ਘੁੰਮਦਾ ਹਾਂ ਤਾਂ ਮੇਰੇ ਮਨ ਵਿਚ ਲੀਜ਼ਾ ਘੁੰਮਦੀ ਏ। ਉਹਦੀ ਚਿਕਨੀ ਦੇਹ ਘੁੰਮਦੀ ਏ। ਮੈਂ ਤਾਂ ਉਦੋਂ ਉੱਡਿਆ ਫਿਰਨ ਲੱਗ ਪੈਂਦਾ ਹਾਂ। ਯਾਰ ਤੋਖੀ ! ਜੇ ਕੁਦਰਤ ਨੇ ਮੈਨੂੰ ਬੁੱਢਿਆਂ ਕਰਕੇ ਜਿਉਣ ਦੇ ਰਾਹ ਬੰਦ ਕਰ ਦਿੱਤੇ ਤਾਂ ਤੂੰ ਮੇਰੇ ਜਿਉਣ ਦੇ ਅਨੇਕਾਂ ਰਾਹ ਖੋਲ੍ਹ ਦਿੱਤੇ ਨੇ।

ਇਕ ਵਾਰ ਪਤੈ ਕੀ ਹੋਇਆ, ਬੈੱਡ 'ਤੇ ਬੈਠੇ ਬੈਠੇ ਦੀ ਮੇਰੀ ਝੋਕ ਲੱਗ ਗਈ। ਮੈਂ ਅੱਖਾਂ ਬੰਦ ਕਰਕੇ ਤਾਂ ਪਹਿਲਾਂ ਹੀ ਬੈਠ ਜਾਂਦਾ ਸੀ। ਮੇਰੀਆਂ ਲੱਤਾਂ ਦੀ ਚੌਂਕੜੀ ਲੱਗੀ ਹੋਈ ਸੀ। ਮਨ 'ਚ ਮੇਰੇ ਲੀਜ਼ਾ ਦੀ ਤਸਵੀਰ ਜਿਓ ਘੁੰਮਦੀ ਸੀ। ਉਦੋਂ ਤੱਕ ਉਹਨੇ ਮੈਨੂੰ ਕਈ ਤਸਵੀਰਾਂ ਭੇਜ ਦਿੱਤੀਆਂ ਸਨ। ਇਕ ਦਮ ਚਿਕਨੀਆਂ। ਮੈਨੂੰ ਮਹਿਸੂਸ ਹੋਇਆ ਜਿਵੇਂ ਲੀਜ਼ਾ ਗੁਲਾਬੀ ਨਾਇਟੀ ਪਾ ਕੇ ਮੇਰੇ ਕਮਰੇ 'ਚ ਆ ਗਈ ਏ। ਗੁਲਾਬ 'ਚ ਗੁੰਨ੍ਹਿਆ ਉਹਦਾ ਪਿੰਡਾ ਮਹਿਕਾਂ ਛੱਡ ਰਿਹਾ ਏ। ਮੈਂ ਸੁੰਗੜ ਕੇ ਬੈਠ ਜਾਂਦਾ ਹਾਂ। ਉਹ ਹੱਸਦੀ ਏ... ਆਪਣੇ ਸੁਨਹਿਰੀ ਵਾਲ਼ਾਂ ਨੂੰ ਵਾਰ-ਵਾਰ ਮੱਥੇ ਤੋਂ ਪਰ੍ਹੇ ਕਰਦੀ ਏ। ਮੈਂ ਆਪਣੀਆਂ ਬੁੱਢੀਆਂ ਹੱਡੀਆਂ ਨੂੰ 'ਕੱਠੀਆਂ ਕਰ ਲੈਂਦਾ ਹਾਂ। ਉਹ ਕਹਿੰਦੀ ਏ ਹਨੀ... ਤੂੰ ਤਾਂ ਮੇਰਾ ਪਿਆਰ ਏਂ। ਆ ਮੇਰੀਆਂ ਬਾਹਾਂ 'ਚ ਆ ਜਾ। ਮੈਂ ਉਹਦੇ ਮੋਹਰੇ ਸੁੰਗੜ ਕੇ ਮੁੱਠ ਕੁ ਹੋ ਜਾਂਦਾ ਹਾਂ। ਉਹ ਮੇਰੇ ਹੱਡੀਆਂ ਨਾਲੋਂ ਢਿਲਕ ਗਏ ਮਾਸ ਵਾਲੀ ਬਾਂਹ 'ਤੇ ਹੱਥ ਫੇਰਦੀ ਏ। ਉਦੋਂ ਹੀ ਬੁੱਢੀ ਦੀ ਆਵਾਜ਼ ਮੇਰੇ ਕੰਨਾਂ 'ਚ ਪੈਂਦੀ ਏ, "ਵੇ ਫ਼ੌਜੀਆ ਤੈਨੂੰ ਕੀ ਹੋ ਗਿਆ, ਤੂੰ ਕਿਵੇਂ 'ਕੱਠਾ ਜਿਹਾ ਹੋਈ ਜਾਂਦੈ? ਮੈਂ ਕਹਾਂ ਖਬਰੇ ਫ਼ੌਜੀ ਨੂੰ ਮਿਰਗੀ ਦਾ ਦੌਰਾ ਪੈ ਗਿਆ। ਮੈਂ ਅੱਬੜਵਾਹਾ ਬੈੱਡ ਦੇ ਖੂੰਜੇ ਲੱਗਾ ਉੱਠਦਾ ਹਾਂ। ਡੌਰ-ਭੌਰਾ ਹੋ ਕੇ ਬੁੱਢੀ ਵੱਲ ਵੇਖਦਾ ਹਾਂ, ਮੈਨੂੰ ਉਹਦਾ ਧੂਆਂਖਿਆ ਚਿਹਰਾ ਦਿਸਦਾ ਏ। ਵਾਲ਼ ਮਹਿੰਦੀ ਲਾ ਕੇ ਲਾਲ ਕੀਤੇ ਹੋਏ ਨੇ। ਮੈਨੂੰ ਉਹ ਭੂਤਨੀ ਜਿਹੀ ਲੱਗਦੀ ਏ। ਮੈਂ ਬੁੜ ਬੁੜ ਕਰਦਾ, ਉਹਦੇ ਕੋਲੋਂ ਚਾਹ ਦਾ ਕੱਪ ਫੜ ਕੇ ਜ਼ੋਰ-ਜ਼ੋਰ ਦੀ ਸੜ੍ਹਾਕੇ ਮਾਰ, ਚਾਹ ਪੀਣ ਲੱਗ ਪੈਂਦਾ ਹਾਂ। ਕਈ ਵਾਰ ਤਾਂ ਤੋਖੀ ਯਾਰ ਮੈਂ ਜਾਣ ਕੇ ਅੱਖਾਂ ਬੰਦ ਕਰ ਲੈਂਦਾ ਹਾਂ। ਫੇਸ ਬੁੱਕ 'ਤੇ ਭੇਜੀ ਲੀਜ਼ਾ ਦੀ ਤਾਜ਼ੀ ਤਸਵੀਰ ਆਪਣੀਆਂ ਅੱਖਾਂ ਅੱਗੇ ਲੈ ਆਉਂਦਾ ਹਾਂ। ਫਿਰ ਇੱਕ ਵੱਖਰੇ ਹੀ ਸੰਸਾਰ ਵਿਚ ਪਹੁੰਚ ਜਾਂਦਾ ਹਾਂ। ਜਦੋਂ ਅੱਖਾਂ ਖੋਲ੍ਹਦਾ ਹਾਂ ਤਾਂ ਕਮਰੇ 'ਚ ਉਹੀ ਧੂੜ ਨਾਲ ਭਰਿਆ ਸਮਾਨ ਦਿਸਦਾ ਏ। ਸਾਹਮਣੇ ਟੰਗੀ ਫ਼ੌਜੀ ਵਰਦੀ ਦਿਸਦੀ ਏ। ਮੈਂ ਆਪਣੇ ਆਲੇ-ਦੁਆਲੇ ਦੀ ਧੂੜ ਸਾਫ਼ ਹੀ ਨਹੀਂ ਕਰਨਾ ਚਾਹੁੰਦਾ। ਇਹ ਧੂੜ ਭਰਿਆ ਸੰਸਾਰ ਤਾਂ ਕੁਸ਼ੱਲਿਆ ਵਾਸਤੇ ਐ। ਮੇਰਾ ਸੰਸਾਰ ਤਾਂ ਮੇਰੀਆਂ ਅੱਖਾਂ 'ਚ ਏ। ਜਿਹੜਾ ਮੈਂ ਅੱਖਾਂ ਮੀਟ ਕੇ ਵੇਖਦਾ ਹਾਂ। ਤੋਖੀ ਯਾਰ ! ਲੀਜ਼ਾ ਮੇਰਾ ਕਿੰਨਾ ਖਿਆਲ ਰੱਖਦੀ ਏ। ਸਵੇਰੇ ਹੀ ਛਣ-ਛਣ ਕਰਦੀ ਗੁੱਡ ਮੌਰਨਿੰਗ ਭੇਜ ਦਿੰਦੀ ਏ। ਪਿਆਰ ਭਿੱਜੇ ਸ਼ਬਦਾਂ ਨਾਲ ਮੈਸੇਜ ਕਰਦੀ ਏ। ਹਰ ਦਿਨ ਆਪਣੀ ਤਾਜ਼ੀ ਫੋਟੋ ਭੇਜਦੀ ਏ। ਚਾਰ ਪੰਜ ਮਿੰਟ ਬਾਅਦ ਮੁੜ ਲੁਕ ਜਾਂਦੀ ਏ। ਮੈਂ ਉਹਦੇ ਮੈਸੇਜ ਵਾਰ-ਵਾਰ ਪੜ੍ਹਦਾ ਹਾਂ। ਉਹਦੀ ਭੇਜੀ ਫੋਟੋ ਵਾਰ ਵਾਰ ਵੇਖਦਾ ਹਾਂ। ਫੇਰ ਕਿੰਨਾ ਚਿਰ ਛਣ-ਛਣ ਦੀ ਆਵਾਜ਼ ਸੁਣਨ ਨੂੰ ਤਰਸ ਜਾਂਦਾ ਹਾਂ। ਮੈਨੂੰ ਕਈ ਵਾਰ ਬਹੁਤ ਅਚੋਆਈ ਲੱਗ ਜਾਂਦੀ ਏ। ਛਣ-ਛਣ ਹੁਣ ਵੀ ਹੋਈ... ਹੁਣ ਵੀ ਹੋਈ। ਏਸੇ ਆਸ ਨਾਲ ਦਿਨ ਲੰਘ ਜਾਂਦਾ ਏ। ਹਰ ਰੋਜ਼ ਜਦੋਂ ਜਦੋਂ ਉਹ ਮੈਸੇਜ ਕਰਦੀ ਏ ਮੈਂ ਉਹ ਸਮਾਂ ਨੋਟ ਕਰਦਾ ਹਾਂ। ਉਸ ਸਮੇਂ ਦੌਰਾਨ ਮੇਰੀ ਅੱਚੋਆਈ ਬਹੁਤ ਵਧ ਜਾਂਦੀ ਏ। ਕਈ ਵਾਰ ਤਾਂ ਕੰਨਾਂ ਨੂੰ ਉਂਝ ਹੀ ਸੁਣੀ ਜਾਂਦਾ ਏ ਬਈ ਛਣ-ਛਣ ਹੋਈ ਏ। ਅਵਾਜ਼ ਚਿੜੀ ਦੀ ਚੀਂਅ ਚੀਂਅ ਦੀ ਹੁੰਦੀ ਏ ਪਰ ਮੈਨੂੰ ਛਣ-ਛਣ ਸੁਣਦੀ ਏ। ਮੈਂ ਵਾਰ-ਵਾਰ ਮੁਬਾਇਲ ਵੇਖਦਾ ਹਾਂ। ਏਸ ਤਰ੍ਹਾਂ ਸਾਇਦ ਤੇਰੇ ਨਾਲ ਵੀ ਹੁੰਦਾ ਹੋਵੇ। ਬੁੜ੍ਹੀ ਅਕਸਰ ਹੀ ਬੁੜ-ਬੁੜ ਕਰਦੀ ਏ, "ਏਹ ਫ਼ੌਜੀ ਤਾਂ ਸਾਰਾ ਸਾਰਾ ਦਿਨ ਮੁਬਾਇਲ ਨਾਲ ਚੁੰਬੜਿਆ ਰਹਿੰਦਾ ਏ।"

ਛਣ-ਛਣ ਨਾਲ ਮੇਰੇ ਚੰਗੇ ਦਿਨ ਲੰਘ ਰਹੇ ਸਨ। ਮੈਂ ਤਾਂ ਹਵਾ 'ਚ ਉੱਡਿਆ ਫਿਰ ਰਿਹਾ ਸੀ। ਜਦੋਂ ਇਕ ਦਿਨ ਚਾਰ ਪੰਜ ਵਾਰੀ ਛਣ -ਛਣ ਹੁੰਦੀ ਏ ਮੈਂ ਉਦੋਂ ਰੋਟੀ ਖਾ ਰਿਹਾ ਸੀ। ਸੋਚਿਆ ਰੋਟੀ ਖਾ ਕੇ

ਛਣ-ਛਣ ਸੁਣਦਾਂ। ਏਸ ਸਮੇਂ ਲੀਜ਼ਾ ਹੀ ਮੈਸੇਜ ਕਰਦੀ ਹੁੰਦੀ ਏ। ਕਾਹਲੀ ਨਾਲ ਦਾਲ ਵਾਲੇ ਹੱਥ ਕੱਪੜੇ ਨਾਲ ਸਾਫ਼ ਕਰਕੇ ਮੈਂ ਜਦੋਂ ਮੁਬਾਇਲ ਖੋਲ੍ਹਿਆ ਤਾਂ ਲੀਜ਼ਾ ਦੇ ਮੇਸੇਜ ਸੀ , "ਹਾਏ ਹਨੀ ! ਹਓ ਆਰ ਯੂ, ਆਈ ਐਮ ਫਾਇਨ। ਅੱਗੇ ਕਹਿੰਦੀ... ਮੈਂ ਭਿਆਨਿਕ ਸਮੱਸਿਆ 'ਚ ਫਸ ਗਈ ਹਾਂ। ਸਾਰੀ ਰਾਤ ਸਾਡੇ ਸ਼ਹਿਰ ਰੱਕਾ ਵਿਚ ਫ਼ੌਜ ਵੱਲੋਂ ਫਾਇਰਿੰਗ ਹੁੰਦੀ ਰਹੀ ਏ। ਏਧਰੋਂ ਬਾਗੀ ਲੜਾਕੇ ਵੀ ਫਾਇਰਿੰਗ ਕਰਦੇ ਰਹੇ ਨੇ। ਸਾਰੀ ਰਾਤ ਫ਼ੌਜੀ ਬੰਬ ਸੁੱਟਦੇ ਰਹੇ ਹਨ। ਫਿਰ ਉਹ ਤਿੰਨ ਚਾਰ ਤਸਵੀਰਾ ਭੇਜਦੀ ਏ। ਝੱਟ ਦੇਣੀ ਇਕ ਤਸਵੀਰ ਮੁਬਾਇਲ ਦੀ ਸਕਰੀਨ 'ਤੇ ਉਭਰਦੀ ਏ... ਪੁਰਾਣੇ ਸ਼ਹਿਰ ਦੀ ਤਸਵੀਰਾਂ ਏ। ਦੂਰ ਅੱਗ ਤੇ ਧੂੰਏਂ ਦਾ ਗੁਬਾਰ ਉੱਠ ਰਿਹਾ ਏ। ਲੋਕ ਡਰੇ ਹੋਏ ਏਧਰ-ਉਧਰ ਭੱਜ ਰਹੇ ਨੇ, ਉਨ੍ਹਾਂ ਦੇ ਚਿਹਰਿਆਂ 'ਤੇ ਡਰ ਦਾ ਖ਼ੌਫ ਏ। ਝਟ ਦੂਜੀ ਤਸਵੀਰ ਤੇ ਜਦੋਂ ਕਲਿਕ ਕਰਦਾ ਹਾਂ ਤੇ ਉਹ ਵੀ ਸਕਰੀਨ ਤੇ ਫੈਲ ਜਾਂਦੀ ਏ। ਦੂਜੀ ਤਸਵੀਰ 'ਚ ਅਨੇਕਾਂ ਲੋਕ ਲੋਥਾਂ ਬਣ ਕੇ ਖਿੰਡੇ ਹੋਏ ਪਏ ਨੇ। ਕਿਤੇ ਕਿਸੇ ਬੰਦੇ ਦੀ ਲੱਤ ਪਈ ਏ, ਕਿਤੇ ਧੜ ਪਿਆ ਏ, ਕਿਤੇ ਬਾਂਹ ਪਈ ਏ, ਕੁਝ ਲੋਕ ਦੁਬਕੇ ਹੋਏ ਨੇ, ਲਹੂ ਨਾਲ ਸਾਰਾ ਆਲ਼ਾ-ਦੁਆਲ਼ਾ ਭਰਿਆ ਪਿਆ ਏ। ਇਕ ਪਾਸੇ ਧੂੰਏਂ ਤੇ ਅੱਗ ਦੀਆਂ ਲਪਟਾਂ ਨਿਕਲ ਰਹੀਆਂ ਨੇ। ਤੀਜੀ ਤਸਵੀਰ ਮੁਬਾਇਲ 'ਤੇ ਉਭਰ ਆਉਂਦੀ ਏ। ... 'ਨੇਰ੍ਹੇ 'ਚ ਇਕ ਕਾਰ ਜ਼ਲ ਕੇ ਰਾਖ਼ ਹੋ ਰਈ ਏ। ਉਸ ਦੇ ਨੇੜਿਓਂ ਦੀ ਇੱਕ ਬੰਦਾ ਇਕ ਨਿੱਕੇ ਬੱਚੇ ਨੂੰ ਚੁੱਕੀ ਭੱਜਾ ਜਾ ਰਿਹਾ ਏ। ਅਗਲੀ ਤਸਵੀਰ ਇਕ ਫ਼ੌਜੀ ਦੀ ਏ ਜਿਹਦੀ ਲੱਤ ਲਹੂ ਨਾਲ ਲੱਥ ਪਥ ਏ। ਦੋ ਫ਼ੌਜੀ ਉਹਨੂੰ ਬਾਂਹਾਂ ਤੋਂ ਧੂਹ ਕੇ ਲਿਜਾ ਰਹੇ ਨੇ। ਫੋਟੋ ਵੇਖ ਕੇ ਮੇਰੇ ਮਨ ਵਿਚ ਭਿਆਨਕ ਉਥਲ-ਪੁੱਥਲ ਮੱਚਦੀ ਏ।

ਅਚਾਨਕ ਫਿਰ ਛਣ-ਛਣ ਹੁੰਦੀ ਏ। ਝਟ ਮੁਬਾਇਲ 'ਤੇ ਲੀਜ਼ਾ ਦਾ ਮੈਸੇਜ ਉਭਰਦਾ ਏ... ਮੇਰੇ ਲਵਰ ! ਮੈਂ ਏਥੇ ਸੇਫ਼ ਨਹੀਂ ਹਾਂ। ਮੈਨੂੰ ਤੇਰੀ ਸਹਾਇਤਾ ਦੀ ਲੋੜ ਏ। ਮੈਨੂੰ ਆਪਣਾ ਐਡਰਸ ਤੇ ਫ਼ੋਨ ਨੰਬਰ ਭੇਜ। ਮੈਂ ਬਹੁਤ ਡਰੀ ਹੋਈ ਹਾਂ। ਸਾਡੇ ਰੱਕਾ ਸ਼ਹਿਰ ਨੂੰ ਹੁਣ ਫ਼ੌਜੀ ਤਬਾਹ ਕਰਕੇ ਛੱਡਣਗੇ। ਸਾਰੇ ਸੀਰੀਆ ਦੇ ਲੋਕ ਏਥੋਂ ਨਿਕਲ ਕੇ ਸੀਰੀਆ-ਤੁਰਕੀ ਸਰਹੱਦੀ ਚੌਂਕੀ ਰਾਹੀ ਤੁਰਕੀ ਵੱਲ ਭੱਜ ਰਹੇ ਨੇ। ਮੈਂ ਇੰਡੀਆ ਆ ਜਾਣਾ ਚਾਹੁੰਦੀ ਹਾਂ।

ਯਾਰ ਤੋਖੀ ! ਜਦੋਂ ਲੀਜ਼ਾ ਦਾ ਛਣ-ਛਣ ਕਰਦਾ ਮੈਸੇਜ ਆਇਆ ਬਈ ਸਾਡਾ ਰੱਕਾ ਸ਼ਹਿਰ ਫ਼ੌਜ ਨੇ ਪੂਰੀ ਤਰ੍ਹਾਂ ਘੇਰ ਲਿਆ ਏ ਤੇ ਉਹ ਸਾਡੇ ਘਰਾਂ ਤੇ ਗੋਲੀਆਂ ਰਾਕੇਟ-ਲਾਂਚਰ ਤੇ ਬੰਬਾਂ ਨਾਲ ਹਮਲੇ ਕਰ ਰਹੇ ਨੇ। ਏਧਰ ਬਾਗੀ ਲੜਾਕੂ ਮੁੰਡੇ ਉਨ੍ਹਾਂ ਦਾ ਮੁਕਾਬਲਾ ਕਰ ਰਹੇ ਨੇ। ਤੇ ਉਸ ਨੇ ਕੁਝ ਹੋਰ ਫੋਟੋਆਂ ਵੀ ਭੇਜੀਆਂ ਸਨ ਤਾਂ ਉਨ੍ਹਾਂ ਨੂੰ ਵੇਖ ਕੇ ਮੈਂ ਤਾਂ ਪੱਥਰ ਜਿਹਾ ਹੋ ਗਿਆ ਸੀ। ਇਨ੍ਹਾਂ ਫੋਟੋਆਂ ਵਿਚ ਥਾਂ-ਥਾਂ ਔਰਤਾਂ-ਮਰਦਾਂ ਦੇ ਸਰੀਰ ਦੇ ਟੁੱਕੜੇ ਖਿੱਲਰੇ ਹੋਏ ਸਨ। ਮੇਰੇ ਮਨ ਵਿਚ ਉਦੋਂ ਵਾਰ ਵਾਰ ਅੰਮ੍ਰਿਤਸਰ ਵੱਲ ਲੜੀ ਲੜਾਈ ਦਾ ਚੇਤਾ ਆਈ ਜਾਂਦਾ ਸੀ। ਮੈਂ ਸੁੰਨ ਹੋਇਆ ਪਿਆ ਸਾਂ ਤੇ ਮੈਂ ਟਿਕਟਿਕੀ ਲਗਾ ਕੇ ਕੰਧ ਨਾਲ ਟੰਗੀ ਆਪਣੀ ਫ਼ੌਜੀ ਵਰਦੀ ਵੱਲ ਵੇਖਣ ਲੱਗ ਪਿਆ ਸਾਂ। ਏਹ ਉਹੀ ਵਰਦੀ ਸੀ, ਜਿਹੜੀ ਮੈਂ ਜੰਗ ਵਿਚ ਪਾਈ ਸੀ। ਮੇਰੇ ਦਿਮਾਗ਼ ਵਿਚ ਫ਼ੌਜੀ ਵਰਦੀ 'ਚੋਂ ਜੰਗ ਦੇ ਦ੍ਰਿਸ਼ ਉਭਰਨ ਲੱਗ ਪਏ ਸਨ।

...ਦੁਸ਼ਮਣ ਚਾਹੁੰਦੇ ਸਨ ਕਿ ਖੇਮਕਰਨ ਵੱਲੋਂ ਪੰਜਾਬ 'ਤੇ ਹਮਲਾ ਕਰ ਦਿੱਤਾ ਜਾਵੇ। ਏਸ ਐਕਸ਼ਨ ਦਾ ਨਾਂ ਉਨ੍ਹਾਂ 'ਫ਼ਤਿਹ' ਰੱਖਿਆ ਹੋਇਆ ਸੀ। ਜਿਹੜਾ ਦੁਸ਼ਮਣ ਫ਼ੌਜ ਦਾ ਮੇਜਰ ਫੜਿਆ ਗਿਆ ਸੀ ਉਸ ਨੇ ਆਪਾਂ ਨੂੰ ਸਾਰਾ ਪਲੈਨ ਦੱਸਿਆ ਸੀ। ਉਨ੍ਹਾਂ ਦੀ ਸਕੀਮ ਸੀ ਬਈ ਟੈਂਕਾਂ ਦੀ ਸਹਾਇਤਾ ਨਾਲ ਹਰੀਕੇ ਨੂੰ ਕਾਬੂ ਕਰ ਲਿਆ ਜਾਵੇ , ਜਿੱਥੇ ਬਿਆਸ ਤੇ ਸੁਤਲੁਜ ਮਿਲਦੇ ਨੇ। ਉਨ੍ਹਾਂ ਦੀ ਦੂਜੀ ਪਲੈਨ ਸੀ ਬਈ ਖੇਮਕਰਨ, ਵਲਟੋਹਾ, ਪੱਟੀ ਵੱਲੋਂ ਘੁਸਪੈਠ ਕਰਕੇ ਅੰਮ੍ਰਿਤਸਰ ਦੀ ਵੱਖੀ ਤੋਂ ਲੰਘਦਿਆਂ ਜੰਡਿਆਲਾ ਗੁਰੂ ਤੇ ਬਿਆਸ ਤੱਕ ਦੀ ਰੇਲਵੇ ਪੱਟੜੀ ਤੇ ਸੜਕ ਨੂੰ ਕਾਬੂ ਕਰ ਲਿਆ ਜਾਵੇ। ਫੇਰ ਉਸ ਕੈਦੀ ਨੇ ਦੱਸਿਆ ਸੀ ਬਈ ਅਗਲੀ ਪਲੈਨ ਸੀ ਬਈ ਜਲੰਧਰ-ਪਠਾਨਕੋਟ-ਹਰੀਕੇ -ਬਿਆਸ ਦਾ ਸੰਪਰਕ ਤੋੜ ਕੇ ਜਲੰਧਰ ਨੂੰ ਆਪਣੇ ਹੱਥਾਂ 'ਚ ਲੈ ਲਿਆ ਜਾਵੇ। ਏਸੇ ਤਰ੍ਹਾਂ ਉਨ੍ਹਾਂ ਦਾ ਸੁਫ਼ਨਾ ਦਿੱਲੀ ਤੱਕ ਪਹੁੰਚ ਕੇ ਲਾਲ ਕਿਲ੍ਹੇ 'ਚ ਭੰਗੜੇ ਪਾਉਣ ਦਾ ਸੀ। ਉਹ ਪੰਜਾਬ ਦੇ ਏਸ ਹਿੱਸੇ ਤੇ ਕਬਜ਼ਾ ਕਰਕੇ ਜੰਮੂ-ਕਸ਼ਮੀਰ ਦਾ



ਸੰਪਰਕ ਤੋੜ ਦੇਣਾ ਚਾਹੁੰਦੇ ਸਨ।

ਤੋਖੀ ਯਾਰ ! ਤੈਨੂੰ ਚੇਤੇ ਈ ਹੋਣਾ। ਜਦੋਂ ਆਰਮੀ ਅਫ਼ਸਰ ਦੇ ਹੁਕਮ ਆਏ ਬਈ ਇਛੋਗਿਲ ਨਹਿਰ ਦੇ ਪੂਰਬ ਵਾਲੇ ਪੁਲਾਂ 'ਤੇ ਕਬਜ਼ਾ ਕੀਤਾ ਜਾਵੇਗਾ। ਇਕ ਟੁਕੜੀ ਨੂੰ ਲਾਹੌਰ ਵੱਲ ਵਧਣ ਦੇ ਹੁਕਮ ਹੋਏ ਸਨ ਇਕ ਟੁਕੜੀ ਨੂੰ ਖੇਮਕਰਨ -ਕਸੂਰ ਵੱਲੋਂ ਇਛੋਗਿਲ ਨਹਿਰ ਦੇ ਬਣੇ ਪੁਲ ਤਬਾਹ ਕਰਨ ਉਪਰੰਤ ਚੜ੍ਹਾਈ ਕਰਨ ਦੇ ਹੁਕਮ ਮਿਲੇ ਸਨ। ਇਕ ਟੁਕੜੀ ਨੂੰ ਭਿੱਖੀ ਵਿੰਡ-ਬਰਕੀ ਵੱਲੋਂ ਹਮਲਾ ਕਰਨ ਲਈ ਕਿਹਾ ਗਿਆ ਸੀ। ਆਪਾਂ ਵੱਖ-ਵੱਖ ਟੁਕੜੀਆਂ 'ਚ ਜਾਨ ਤਲ਼ੀ 'ਤੇ ਰੱਖ ਕੇ ਲਾਹੌਰ ਵੱਲ ਨੂੰ ਵਧਣ ਲੱਗੇ ਸਾਂ। ਫੇ ਇਕ ਦਿਨ ਦੁਸ਼ਮਣਾਂ ਵੱਲੋਂ ਲੜਾਕੂ ਜਹਾਜ ਗੋਲੀ ਵਾਂਗ ਚੀਕ਼ਦੇ ਏਧਰ ਆਉਂਦੇ ਦਿਸੇ ਸਨ ਜੋ ਰਾਕਟ ਦਾਗ਼ ਕੇ ਨੱਠ ਗਏ ਸਨ। ਫਿਰ ਕਈ ਪਾਸਿਆਂ ਵੱਲੋਂ ਦੁਸ਼ਮਣਾਂ ਦੇ ਲੜਾਕੂ ਜਹਾਜ਼ ਤਬਾਹੀ ਮਚਾਉਣ ਲੱਗ ਪਏ ਸਨ। ਮੋਰਚਿਆਂ 'ਚ ਦੁਬਕੇ ਆਪਾਂ ਅਫ਼ਸਰਾਂ ਦੇ ਹੁਕਮ ਵੱਲ ਵੇਖ ਰਹੇ ਸਾਂ। ਏਹ ਵੀ ਪਤਾ ਲੱਗਾ ਬਈ ਸਿਆਲਕੋਟ, ਨਾਰੋਵਾਲ, ਹੁਡਿਆਰਾ, ਬਸੀਨ ਅਤੇ ਕਸੂਰ ਵਿਖੇ ਦੁਸ਼ਮਣ ਫ਼ੌਜਾਂ ਨੱਠੀਆਂ ਭੱਜੀਆਂ ਫਿਰ ਰਹੀਆਂ ਸਨ।

ਏਧਰੋਂ ਆਪਾਂ ਵੀ ਇਛੋਗਿਲ ਨਹਿਰ ਦੇ ਪੁਲਾਂ 'ਤੇ ਕਬਜ਼ਾ ਕਰ ਲਿਆ ਸੀ। ਰਾਤੋ-ਰਾਤ ਨਹਿਰ ਪਾਰ ਕਰਕੇ 'ਬਾਟਾ ਸ਼ੂ ਫੈਕਟਰੀ' ਤੱਕ ਪਹੁੰਚ ਗਏ ਸੀ। ਦਿਨ ਰਾਤ ਗੋਲੀਆਂ-ਬੰਬਾਂ ਦੀ ਠਾਹ-ਠੂਹ ਹੁੰਦੀ ਰਹੀ ਸੀ। ਪਤਾ ਨਹੀਂ ਸੀ ਬਈ ਕਿਹੜੀ ਗੋਲੀ ਕਿਸ ਦੀ ਛਾਤੀ ਚੀਰ ਜਾਵੇਗੀ।

ਉਧਰੋਂ ਤੁਹਾਡੇ ਵਾਲੀ ਟੁਕੜੀ ਨੇ ਭਿੱਖੀਵਿੰਡ-ਡਿੱਬੀਪੁਰ, ਖੇਮਕਰਨ ਤੋਂ ਕਸੂਰ ਵੱਲ ਨੂੰ ਵਹੀਰਾਂ ਘੱਤ ਲਈਆਂ ਸਨ। ਦੁਸ਼ਮਣ ਨੇ ਤੁਹਾਡੇ ਵਾਲੀ ਟੁਕੜੀ 'ਤੇ ਹਮਲਾ ਬੋਲ ਦਿੱਤਾ ਸੀ। ਉਨ੍ਹਾਂ ਦੀ ਇਕ ਟੁਕੜੀ ਨੇ ਬਿਆਸ ਵੱਲ ਨੂੰ ਵਧਣਾ ਸ਼ੁਰੂ ਕਰ ਦਿੱਤਾ ਸੀ। ਆਪਾਂ ਦੁਸ਼ਮਣਾਂ ਨੂੰ ਘੇਰਨ ਲਈ ਯੋਜਨਾਵਾਂ ਬਣਾ ਰਹੇ ਸੀ ਅਤੇ ਉਧਰੋਂ ਦੁਸ਼ਮਣ ਵੀ ਆਪਾਂ ਨੂੰ ਘੇਰਨ ਦੀ ਯੋਜਨਾ ਬਣਾ ਰਹੇ ਸਨ। ਆਪਣੀਆਂ ਕੁਝ ਪਲਟਨਾਂ ਨੇ ਡਰ ਕੇ ਏਧਰ ਉਧਰ ਖਿਸਕਣਾ ਸ਼ੁਰੂ ਵੀ ਕਰ ਦਿੱਤਾ ਸੀ। ਏਸ ਵੇਲੇ ਐਨੀ ਅਫ਼ਰਾ ਤਫ਼ਰੀ ਮੱਚੀ ਹੋਈ ਸੀ ਕਿ ਉਦੋਂ ਇਹ ਸੀ ਬਈ ਹੁਣ ਵੀ ਮਰੇ, ਹੁਣ ਵੀ ਮਰੇ। ਫੇ ਆਪਾਂ ਨੂੰ ਇਲਾਕੇ 'ਚ ਬਾਰੂਦੀ ਸੁਰੰਗਾਂ ਵਿਛਾਉਣ ਦਾ ਹੁਕਮ ਹੋਇਆ ਸੀ... ਆਪਣੀ ਮਿਲਟਰੀ ਨੇ ਵਲਟੋਹਾਂ ਨੇੜੇ ਇਕ ਨਹਿਰ ਦੇ ਸੂਏ ਦਾ ਪਾਣੀ ਛੱਡ ਦਿੱਤਾ ਸੀ ਤਾਂ ਕਿ ਦੁਸ਼ਮਣਾਂ ਦੇ ਟੈਂਕ ਚਿੱਕੜ ਵਿਚ ਫਸ ਜਾਣ।

ਫੇ ਪਤਾ ਲੱਗਾ ਕਿ ਦੁਸ਼ਮਣ ਖੇਮਕਰਨ ਵੱਲ ਵਧਣ ਲੱਗ ਪਏ ਨੇ। ਸਾਡੀ ਬਟਾਲੀਅਨ ਉਦੋਂ ਚਿੱਟੀ ਖੂਹੀ, ਮਹਿਮੂਦਪੁਰ ਵਰਗੇ ਪਿੰਡਾਂ 'ਚ ਘੁੰਮ ਰਹੀ ਸੀ। ਓਸ ਵੇਲੇ ਪਿੰਡਾਂ ਦੇ ਲੋਕਾਂ ਨੇ ਮਿਲਟਰੀ ਦਾ ਬਹੁਤ ਸਾਥ ਦਿੱਤਾ ਸੀ। ਉਹ ਦਰੱਖ਼ਤਾਂ 'ਤੇ ਟਿਕਾਣੇ ਬਣਾ ਕੇ ਦੁਸ਼ਮਣ ਦੀਆਂ ਸਰਗਰਮੀਆਂ ਦੀ ਖ਼ਬਰ ਦਿੰਦੇ ਸਨ। ਫੇਰ ਇਕ ਦਿਨ ਦੁਸ਼ਮਣਾਂ ਦੀ ਫ਼ੌਜ ਨੇ ਆਪਣੇ ਟੈਂਕਾਂ ਨਾਲ ਭਾਰੀ ਫ਼ਾਇਰਿੰਗ ਕਰ ਦਿੱਤੀ ਸੀ। ਮੈਂ ਦੂਰੋਂ ਹੀ ਟੈਂਕਾਂ 'ਚੋਂ ਅੱਗ ਦੀਆਂ ਲਪਟਾਂ ਨਿਕਲਦੀਆਂ ਵੇਖ ਰਿਹਾ ਸੀ। ਜਿਵੇਂ ਲੀਜ਼ਾ ਵੱਲੋਂ ਭੇਜੀਆਂ ਫੋਟੋਆਂ 'ਚੋਂ ਅੱਗ ਦੀ ਲਪਟਾਂ ਨਿਕਲ ਰਹੀਆਂ ਵੇਖ ਰਿਹਾ ਸੀ।

ਫੇ ਪਤਾ ਲੱਗਾ ਕਿ ਆਪਣੀ ਹਵਾਈ ਸੈਨਾ ਦੇ ਇਕ ਜਹਾਜ਼ ਨੇ ਕਸੂਰ ਵੱਲ ਉਡਾਨ ਭਰ ਲਈ ਏ ਅਤੇ ਇਕ ਮਾਲ ਗੱਡੀ 'ਤੇ ਲੱਦੇ ਫ਼ੌਜੀ ਸਾਮਾਨ 'ਤੇ ਰਾਕੇਟਾਂ ਨਾਲ ਹਮਲਾ ਕਰ ਕੇ ਤਬਾਹ ਕਰ ਦਿੱਤੀ ਏ। ਉਸੇ ਵੇਲੇ ਰਾਤ ਦੀ ਆੜ 'ਚ ਸਾਡੀ ਟੁਕੜੀ ਅੱਗੇ ਵਧਣ ਲੱਗ ਪਈ ਸੀ। ਸਾਡੀ ਟੁਕੜੀ ਬੰਬ, ਗੋਲੇ, ਰਾਕੇਟ ਦਾਗ ਰਹੀ ਸੀ ਤੇ ਉਧਰੋਂ ਵੀ ਗੋਲੇ ਦਾਗੇ ਜਾ ਰਹੇ ਸਨ। ਸਾਡੇ ਅਫ਼ਸਰ ਕਹਿ ਰਹੇ ਸਨ ਕਿ ਜੇ ਦੁਸ਼ਮਣ ਖੇਮਕਰਨ ਸੈਕਟਰ ਪਾਰ ਕਰ ਲੈਂਦੇ ਹਨ ਤਾਂ ਉਹ ਸਿੱਧੇ ਬਿਆਸ ਜਾ ਕੇ ਰੁਕਣਗੇ। ਉਦੋਂ ਅਸੀਂ ਸਿਰ ਧੜ ਦੀ ਬਾਜ਼ੀ ਲਾ ਦਿੱਤੀ ਸੀ।

ਆਪਾਂ ਨੂੰ ਪਤਾ ਈ ਨਹੀਂ ਸੀ ਬਈ ਕਿੱਥੇ ਤੇ ਕਿਸ ਪੁਜ਼ੀਸ਼ਨ 'ਚ ਲੜਨਾ ਏ। ਜੋ ਉਪਰੋਂ ਹੁਕਮ ਆਉਂਦਾ ਸੀ ਆਪਾਂ ਤੁਰ ਪੈਂਦੇ ਸੀ। ਦੱਸਿਆ ਵੀ ਆਪਾਂ ਨੂੰ ਏਹੋ ਜਾਂਦਾ ਏ। ਅਚਾਨਕ ਪਤਾ ਲੱਗਾ ਕਿ ਦੁਸ਼ਮਣ ਫ਼ੌਜਾਂ ਗੋਲੇ ਦਾਗਦੀਆਂ ਅੱਗੇ ਵਧ ਰਹੀਆਂ ਹਨ। ਸਾਡੀਆਂ ਜ਼ਮੀਨੀ ਮੋਰਚਿਆਂ ਵਾਲੀਆਂ



ਫ਼ੌਜਾਂ, ਗੱਡੀਆਂ, ਗੰਨਾਂ, ਭਾਰੀ ਤੋਪਾਂ ਤੇ ਜੀਪਾਂ ਤਿਆਰ ਬੈਠੀਆਂ ਸਨ ਬਈ ਕਦੋਂ ਹੁਕਮ ਆਉਣ। ਉਸ ਵੇਲੇ ਦਾ ਮੰਜ਼ਰ ਵੀ ਭੁੱਲਣ ਵਾਲਾ ਨਹੀਂ ਸੀ। ਜਦੋਂ ਦੁਸ਼ਮਣਾਂ ਦੇ ਟੈਂਕ ਨੇੜੇ ਆ ਗਏ ਅਤੇ ਆਪਣੇ ਤੋਪਖਾਨਿਆਂ ਟੈਂਕਾਂ ਨੂੰ ਤਬਾਹ ਕਰਨ ਲੱਗ ਪਏ ਸਨ। ਮੈਂ ਉਹ ਮੰਜ਼ਰ ਭਲਾ ਕਿਵੇਂ ਭੁੱਲ ਸਕਦਾ ਹਾਂ ਜਦੋਂ ਮੇਰਾ ਹਵਾਲਦਾਰ ਆਪਣੀ ਆਰ. ਸੀ. ਐਲ. ਤੋਪ ਨਾਲ ਆਪਣੀ ਜੀਪ 'ਚ ਸਵਾਰ ਇਕ ਟਿੱਲੇ ਪਿੱਛੇ ਲੁਕਿਆ ਹੋਇਆ ਸੀ ਤਾਂ ਉਦੋਂ ਹੀ ਕਮਾਦ ਦੇ ਖੇਤਾਂ 'ਚੋਂ ਨਿਕਲ ਕੇ ਚਾਰ ਪੈਟੇਨ ਟੈਂਕ ਉਸ ਵੱਲ ਆ ਰਹੇ ਸਨ। ਮੈਂ ਦੂਰਬੀਨ ਨਾਲ ਵੇਖ ਰਿਹਾ ਸੀ। ਉਹਨੇ ਦਲੇਰੀ ਨਾਲ ਇਕ-ਇਕ ਟੈਂਕ ਤਬਾਹ ਕਰ ਦਿੱਤਾ ਸੀ ਜਦੋਂ ਉਹਨੇ ਆਖਰੀ ਟੈਂਕ ਤਬਾਹ ਕੀਤਾ ਤਾਂ ਉਦੋਂ ਹੀ ਇਕ ਗੋਲੇ ਨੇ ਉਹਦੇ ਚੀਥੜੇ ਉਡਾ ਦਿੱਤੇ ਸਨ। ਉਹਦੇ ਸਰੀਰ ਦੇ ਟੁਕੜੇ ਦੂਰ-ਦੂਰ ਤੱਕ ਜਾ ਕੇ ਡਿੱਗੇ ਸਨ। ਵੇਖ ਕੇ ਮੈਂ ਸੁੰਨ ਹੋ ਕੇ ਰਹਿ ਗਿਆ ਸਾਂ। ਮੇਰੇ ਹੱਥੋਂ ਦੂਰਬੀਨ ਛੁੱਟ ਕੇ ਥੱਲੇ ਡਿੱਗ ਪਈ ਸੀ।

ਤੈਨੂੰ ਏਸ ਲੜਾਈ 'ਚ ਸੈਕੜੇ ਦੁਸ਼ਮਣ ਦੇ ਸੈਕੜੇ ਟੈਂਕ ਤਬਾਹ ਹੋ ਗਏ ਸਨ। ਉਨ੍ਹਾਂ ਟੈਂਕਾਂ ਨੂੰ ਭਿਖੀ ਵਿੰਡ 'ਚ ਇਕੱਠੇ ਕਰਕੇ ਰੱਖ ਦਿੱਤਾ ਗਿਆ ਸੀ, ਜਿਹਦਾ ਨਾਂ ਪੈਟਨ ਨਗਰ ਪੈ ਗਿਆ ਸੀ।

ਤੈਨੂੰ ਪਤਾ ਤੋਖੀ ਜਦੋਂ ਜੀਪ 'ਚ ਆਪਾਂ ਆਪਣੇ ਅਫ਼ਸਰ ਨਾਲ ਵਾਹਗੇ ਵੱਲ ਜਾ ਰਹੇ ਸੀ ਤਾਂ ਇਕ ਥਾਂ ਦੁਸ਼ਮਣ ਦੇ ਟੈਂਕ ਦਾ ਬੰਬ ਸਾਡੇ ਐਨ ਨੇੜੇ ਆ ਕੇ ਡਿੱਗਿਆ ਸੀ ਤੇ ਮੈਂ ਉਥੇ ਪਲਾਂ 'ਚ ਸੱਤ ਫੁੱਟ ਡੂੰਘਾ ਟੋਆ ਪੈਂਦਾ ਵੇਖਿਆ ਸੀ। ਮੈਂ ਉਦੋਂ ਬਹੁਤ ਜ਼ਿਆਦਾ ਦਹਿਲ ਗਿਆ ਸੀ।

ਇਕ ਦਿਨ ਛਣ-ਛਣ ਨਾਲ ਲੀਜ਼ਾ ਦਾ ਇਕ ਹੋਰ ਮੈਸੇਜ ਆਇਆ ਸੀ। ਮੈਸੇਜ ਝੱਟ ਸਕਰੀਨ 'ਤੇ ਉਭਰਿਆ ਸੀ, ਮੈਂ ਏਥੇ ਸੇਫ਼ ਨਹੀਂ ਹਾਂ। ਏਥੇ ਫ਼ੌਜੀ ਔਰਤਾਂ ਨੂੰ ਚੁੱਕ ਕੇ ਲੈ ਜਾਂਦੇ ਨੇ। ਤੇ ਫੇਰ ਖ਼ੱਜਲ ਕਰਦੇ ਨੇ। ਉਨ੍ਹਾਂ ਦੇ ਜਿਸਮਾਂ ਨੂੰ ਨੋਚਦੇ ਨੇ। ਤੂੰ ਮੈਨੂੰ ਕਿਸੇ ਤਰੀਕੇ ਏਥੋਂ ਕੱਢ ਲੈ ਤੇ ਆਪਣੇ ਕੰਟਰੀ ਲੈ ਜਾ... ਮੈਨੂੰ ਆਪਣਾ ਐਡਰਸ ਤੁਰੰਤ ਭੇਜ। ਯਾਰ ਤੋਖੀ ਮੈਂ ਹੁਣ ਦੱਸ ਕੀ ਕਰਾਂ? ਏਹ ਫ਼ੌਜੀ, ਔਰਤਾਂ ਨਾਲ ਇੰਝ ਹੀ ਕਰਦੇ ਨੇ। ਤੂੰ ਵੀ ਜਾਣਦਾ ਈ ਏਂ...ਉਦੋਂ ਜੰਗ ਖਤਮ ਹੋ ਗਈ ਸੀ ਤੇ ਆਪਾਂ ਪਿੰਡਾਂ 'ਚ ਦੁਸ਼ਮਣ ਦੇ ਟੈਂਕ, ਚੱਲੇ ਬੰਬ ਵੇਖ ਰਹੇ ਸਾਂ ਤਾਂ ਆਪਾਂ ਨੂੰ ਪਿੰਡ ਦੇ ਲੋਕ ਕਹਿਣ ਲੱਗੇ ਕਿ ਦੁਸ਼ਮਣ ਨੇ ਸਾਡੇ ਪਿੰਡ 'ਚ ਭਾਰੀ ਤਬਾਹੀ ਮਚਾਈ ਏ। ਉਹ ਸਾਡੇ ਪਿੰਡ 'ਚੋਂ ਪੰਦਰਾਂ ਜਵਾਨ ਔਰਤਾਂ ਚੁੱਕ ਕੇ ਲੈ ਗਏ ਨੇ ਏਸੇ ਤਰ੍ਹਾਂ ਲਾਗਲੇ ਪਿੰਡੋਂ ਵੀ ਉਨ੍ਹਾਂ ਔਰਤਾਂ ਨੂੰ ਚੁੱਕਿਆ ਸੀ।

ਤੈਨੂੰ ਪਤਾ ਜਦੋਂ ਦੁਸ਼ਮਣ ਵੱਲੋਂ ਗੋਲੇ ਦਾਗੇ ਜਾ ਰਹੇ ਸਨ ਅਤੇ ਅਸੀਂ ਵੀ ਏਧਰੋਂ ਟੈਂਕਾਂ ਰਾਹੀਂ ਗੋਲੇ



ਦਾਗ ਰਹੇ ਸਾਂ। ਭਿੱਖੀ ਵਿੰਡ ਨੇੜੇ ਅਸੀਂ ਪਿੰਡ ਦੇ ਜ਼ਿਮੀਂਦਾਰਾਂ ਨੂੰ ਬਾਹਰ ਨਿਕਲਣ ਤੋਂ ਰੋਕ ਰਹੇ ਸਾਂ। ਉਨ੍ਹਾਂ ਨੇ ਵੀ ਘਰਾਂ 'ਚ ਮੋਰਚੇ ਪੁੱਟ ਲਏ ਸਨ ਜਦੋਂ ਗੋਲਾਬਾਰੀ ਹੁੰਦੀ ਸੀ ਉਹ ਮੋਰਚਿਆਂ 'ਚ ਲੁਕ ਜਾਂਦੇ ਸਨ ਪਰ ਅਸੀਂ ਵੇਖਿਆ ਬਈ ਇਕ ਕਿਸਾਨ ਬਿਨਾਂ ਕਿਸੇ ਡਰ ਦੇ ਹਲ਼ ਵਾਹ ਰਿਹਾ ਸੀ, ਮੈਂ ਜਦੋਂ ਉਹਨੂੰ ਰੋਕਿਆ ਤਾਂ ਉਹ ਅੱਗਿਓਂ ਬੋਲਿਆ,

"ਓਏ ਫ਼ੌਜੀਆਂ! ਤੈਨੂੰ ਪਤਾ ਨਹੀਂ ਬਈ ਆਹ ਜ਼ਮੀਨ ਵੱਤਰ 'ਤੇ ਆਈ ਹੋਈ ਐ। ਜੇਕਰ ਏਹਨੂੰ ਵਾਹਿਆ ਨਾ ਗਿਆ ਤਾਂ ਇਹਨੇ ਸੁੱਕ ਜਾਣਾ ਏ। ਤੁਹਾਡਾ ਕੰਮ ਖੇਤੀ ਕਰਨਾ ਨਹੀਂ ਏ, ਗੋਲੀਆਂ ਚਲਾਉਣਾ ਏ, ਤੁਸੀਂ ਗੋਲੀਆਂ ਦਾਗੀ ਜਾਓ ਮੈਨੂੰ ਆਪਣਾ ਕੰਮ ਕਰਨ ਦਿਓ।" ਉਹਦੀ ਗੱਲ ਮੇਰਾ ਸੀਨਾ ਚੀਰ ਗਈ ਸੀ।

ਲੈ ਹੋਰ ਸੁਣ ਉਥੋਂ ਦੇ ਕਿਸਾਨ ਵੀ ਠਾਹ-ਠੂਹ ਨੂੰ ਨਿਆਣਿਆ ਦੀ ਖੇਡ ਸਮਝ ਰਹੇ ਸਨ। ਇਕ ਜ਼ਿਮੀਂਦਾਰ ਆਪਣੇ ਬਲਦਾਂ ਪਿੱਛੇ ਸੁਹਾਗੇ ਦੀ ਥਾਂ ਚਾਲੀ-ਪੰਜਾਹ ਕਿਲੋ ਦਾ ਅਣਚੱਲਿਆ ਬੰਬ ਬੰਨ੍ਹ ਕੇ ਤੁਰਿਆ ਆ ਰਿਹਾ ਸੀ। ਜਦੋਂ ਉਹਨੂੰ ਪੁੱਛਿਆ ਤਾਂ ਉਹ ਝੱਟ ਬੋਲਿਆ, "ਜਨਾਬ ਏਹ ਬੰਬ ਮੇਰੀ ਜ਼ਮੀਨ 'ਚ ਡਿੱਗਿਆ ਪਿਆ ਸੀ? ਮੈਂ ਸੋਚਿਆ ਏਹਨੂੰ ਚੁੱਕ ਕੇ ਸੜਕ ਤੇ ਰੱਖ ਦਿੰਦਾ ਹਾਂ ਆਪੇ ਜਿਸ ਦਾ ਹੋਇਆ ਚੁੱਕ ਕੇ ਲੈ ਜਾਊ। ਅਸੀਂ ਕਿਹੜਾ ਏਹਦਾ ਮੁਰੱਬਾ ਪਾਉਣਾ।"

ਲੀਜ਼ਾ ਵੱਲੋਂ ਭੇਜੇ ਮੈਸੇਜ ਪੜ੍ਹ ਕੇ ਮੇਰੇ ਮਨ 'ਚ ਵਾਰ-ਵਾਰ ਏਹ ਜੰਗ ਚੇਤੇ ਆਉਂਦੀ ਰਹੀ ਸੀ। ਏਸੇ ਜੰਗ ਵਿਚ ਤੇਰੀ ਲੱਤ ਵਿਚ ਗੋਲੀ ਲੱਗੀ ਸੀ। ਅਤੇ ਮੇਰਾ ਬਹੁਤ ਕਰੀਬੀ ਦੋਸਤ ਦੁਸ਼ਮਣ ਦੇ ਰਕੇਟ ਹਮਲੇ ਨਾਲ ਮਰ ਗਿਆ ਸੀ। ਮੇਰੇ ਸਿਰ ਤੋਂ ਅਨੇਕਾਂ ਵਾਰ ਗੋਲੀਆਂ ਅਤੇ ਤੋਪ ਦੇ ਗੋਲੇ ਲੰਘੇ ਸੀ। ਲੀਜ਼ਾ ਦੇ ਦੇਸ਼ ਸੀਰੀਆ 'ਚ ਵੀ ਜੰਗ ਛਿੜੀ ਹੋਈ ਏ। ਬਹੁਤ ਲੰਮੀ ਜੰਗ। ਉਂਗਲੀ ਲਉਣ ਵਾਲੇ ਮੁਲਖ਼ ਵੀ ਘੱਟ ਨ੍ਹੀਂ ਤੇ ਉਥੇ ਦੇ ਲੋਕ ਬਾਗੀ ਹੋ ਗਏ ਨੇ। ਏਹ ਬਾਗੀ ਲੜਾਕੂ ਆਪਣੀ ਕੰਟਰੀ 'ਤੇ ਆਪਣਾ ਕਬਜ਼ਾ ਕਰਨਾ ਚਾਹੁੰਦੇ ਨੇ। ਏਸੇ ਕਰਕੇ ਉਥੋਂ ਦਾ ਸਾਰਾ ਜੀਵਨ ਤਬਾਹ ਹੋ ਗਿਆ ਏ। ਵਿਦੇਸ਼ੀ ਫ਼ੌਜਾਂ ਉਥੋਂ ਦੇ ਲੋਕਾਂ ਨੂੰ ਮਾਰਨ ਲਈ ਮਿੰਟ ਲਾਉਂਦੀਆਂ ਨੇ।

ਤੋਖੀ ਯਾਰ! ਤੈਨੂੰ ਮੈਂ ਪਰਦੇ ਆਲੀ ਗੱਲ ਦੱਸਾਂ... ਮੇਰੀ ਮਾਂ ਦਾ ਇਕ ਹੀ ਦੁੱਧ ਸੀ। ਜਦੋਂ ਮੇਰੀ ਵੱਡੀ ਭੈਣ ਜਨਮੀ ਸੀ ਦੱਸਦੇ ਨੇ ਉਹਦੇ ਇਕ ਦੁੱਧ 'ਚ ਕੈਂਸਰ ਦੀਆਂ ਜੜ੍ਹਾਂ ਫੈਲ ਗਈਆਂ ਸਨ। ਤੇ ਡਾਕਟਰ ਨੇ ਉਹਦਾ ਇਕ ਦੁੱਧ ਕੱਟ ਦਿੱਤੀ ਸੀ। ਮਾਂ ਨੇ ਅਗਲੇ ਚਾਰ ਨਿਆਣੇ ਇਕ ਦੁੱਧ ਨਾਲ ਪਾਲ਼ੇ ਸਨ। ਜਦੋਂ ਮੇਰਾ ਜਨਮ ਹੋਇਆ ਤਾਂ ਉਧਰੋਂ ਮੇਰੀ ਚਾਚੀ ਦੇ ਕੁੜੀ ਹੋ ਗਈ । ਚਾਚੀ ਕੁੜੀ ਜੰਮ ਕੇ ਮਰ ਗਈ ਸੀ। ਫੇ ਮੇਰੀ ਮਾਂ ਨੇ ਚਾਚੀ ਦੀ ਕੁੜੀ ਤੇ ਮੈਨੂੰ ਇਕ ਦੁੱਧ ਵਾਰੀ ਵਾਰੀ ਚੁੰਘਾ ਕੇ ਪਾਲ਼ਿਆ ਸੀ। ਸੱਚੀ ਗੱਲ ਦੱਸਾਂ ਮਾਂ ਦੇ ਦੁੱਧ ਪੀਣ ਦਾ ਤਰਸੇਵਾਂ ਮੇਰੇ ਦਿਮਾਗ਼ 'ਚ ਅਜੇ ਤੀਕ ਅੜਿਆ ਹੋਇਆ ਏ। ਜਦੋਂ ਕੁਸ਼ੱਲਿਆ ਨਾਲ ਵਿਆਹ ਹੋਇਆ ਤਾਂ ਮੈਂ ਹਾਬੜਿਆ ਹੋਇਆ ਉਹਦੇ ਦੁੱਧਾਂ ਨੂੰ ਪੈ ਜਾਂਦਾ ਸੀ। ਹੁਣ ਬੁੜ੍ਹੀ ਹੋ ਗਈ ਏ। ਉਹਦੀਆਂ ਤੋਰੀਆਂ ਜਿਹੀਆਂ ਲਮਕਦੀਆਂ ਵੇਖ ਕੇ ਮੇਰਾ ਮੂੰਹ ਬੇ ਸੁਆਦਾ ਹੋ ਜਾਂਦਾ ਏ। ਤੇ ਲੀਜ਼ਾ ਤਾਂ ਭਰਵੇਂ ਸਰੀਰ ਦੀ ਏ। ਮੇਰੀਆਂ ਅੱਖਾਂ ਅੱਗੇ ਉਹਦੇ ਦੁੱਧ ਨਾਲ ਭਰੇ ਭਾਂਢੇ ਘੁੰਮਦੇ ਰਹਿੰਦੇ ਨੇ।

ਤੂੰ ਕਹਿਣਾ ਝੂਠ ਬੋਲਦਾ! ਲੀਜ਼ਾ ਦੀ ਹੁਣ ਛਣ-ਛਣ ਹੁੰਦੀ ਰਹਿੰਦੀ ਏ। ਉਹ ਮੈਨੂੰ ਨਿੱਕੇ-ਨਿੱਕੇ ਮੈਸੇਜ ਕਰਕੇ ਪੁੱਛਦੀ ਰਹਿੰਦੀ ਏ। ਤੇਰਾ ਕੰਟਰੀ ਕਿਹੋ ਜਿਹਾ ਏ? ਤੇਰੇ ਘਰ 'ਚ ਹੋਰ ਕੌਣ ਨੇ? ਮੈਂ ਤੇਰੇ ਕੋਲ ਆ ਜਾਣਾ ਏ। ਏਥੇ ਸਾਡਾ ਸ਼ਹਿਰ ਰੱਕਾ ਬਾਗੀਆਂ ਦੇ ਕਬਜ਼ੇ ਹੇਠ ਏ। ਕੁੜੀਆਂ ਘਰੋਂ ਬਾਹਰ ਨਹੀਂ ਨਿਕਲਦੀਆਂ। ਸਾਡੇ ਨੇੜੇ ਦੇ ਸ਼ਹਿਰ ਅਲ ਫੌਮ ਤੇ ਕੈਪਰਾਇਆ ਬਾਗੀਆਂ ਦੇ ਕਬਜ਼ੇ ਹੇਠ ਨੇ। ਤੁਰਕੀ ਵੱਲ ਸਾਡੇ ਲੋਕ ਨੱਠੀ ਜਾ ਰਹੇ ਨੇ। ਪਰ ਜੇ ਉਹ ਬਾਗੀਆ ਦੇ ਧੱਕੇ ਚੜ੍ਹ ਜਾਣ ਤਾਂ ਉਹ ਮਾਰੇ ਜਾਂਦੇ ਨੇ। ਸਾਡੇ ਕੁਣਬੇ ਦੇ ਪੰਦਰਾਂ ਲੋਕ ਫ਼ੌਜੀ ਗੋਲੀਆਂ ਨਾਲ ਮਾਰੇ ਗਏ ਨੇ।

ਤੋਖੀ ਤੈਨੂੰ ਪਤਾ ਏ ਜੰਗ ਵਿਚ ਆਮ ਲੋਕਾਂ ਦਾ ਘਾਣ ਹੁੰਦੇ ਏ। ਫ਼ੌਜੀ ਸੰਗੀਨ ਦੇ ਜ਼ੋਰ 'ਤੇ ਔਰਤਾਂ ਦੀ ਪੱਤ ਲੁੱਟਦੇ ਨੇ। ਉਨ੍ਹਾਂ ਦੇ ਹਿਰਦੇ ਪੱਥਰ ਦੇ ਹੋ ਜਾਂਦੇ ਨੇ। ਭਿੱਖੀਵਿੰਡ ਦੀ ਗੱਲ ਤੈਨੂੰ ਚੇਤੇ ਈ ਹੋਣੀ ਏ

ਜਦੋਂ ਆਪਣੇ ਮੋਰਚੇ 'ਚ ਇਕ ਔਰਤ ਰੋਟੀ ਦੇਣ ਆਉਂਦੀ ਹੁੰਦੀ ਸੀ। ਫਿਰ ਉਹ ਕਿੰਨੇ ਦਿਨ ਆਈ ਹੀ ਨਹੀਂ, ਜਦ ਪਿੰਡ ਦੇ ਨੰਬਰਦਾਰ ਨੂੰ ਪੁੱਛਿਆ ਤਾਂ ਉਹ ਕਹਿਣ ਲੱਗਾ, 'ਵੀਰੋ ! ਉਨ੍ਹਾਂ ਦੇ ਘਰ ਤਾਂ ਰਾਤ ਨੂੰ ਦੁਸ਼ਮਣਾਂ ਦਾ ਬੰਬ ਡਿੱਗ ਪਿਆ ਸੀ। ਪਰਿਵਾਰ ਦੇ ਸਾਰੇ ਜੀਅ ਸੁੱਤੇ ਈ ਖੱਖੜੀਆਂ ਹੋ ਗਏ ਸਨ। ਘਰ ਵੀ ਸਾਰਾ ਢਹਿ ਗਿਆ ਸੀ। ਉਨ੍ਹਾਂ ਨੂੰ ਲਾਂਬੂ ਲਾਉਣ ਵਾਲਾ ਵੀ ਨਹੀਂ ਬਚਿਆ। ਮੇਰੇ ਉਸ ਦਿਨ ਰੋਟੀ ਸੰਘੋਂ ਲੰਘੀ ਨਹੀਂ ਸੀ। ਹੁਣ ਸੀਰੀਆ ਦੀਆਂ ਫੋਟੋਆਂ ਮੇਰੇ ਦਿਮਾਗ਼ ਵਿਚ ਘੁੰਮ ਰਹੀਆਂ ਨੇ, ਫ਼ੌਜੀ ਬੰਬਾਂ ਨੇ ਕਿਵੇਂ ਲੋਕਾਂ ਦਾ ਘਾਣ ਕੀਤਾ ਹੋਇਆ ਏ। ਲੋਕ ਭੰਗ ਦੇ ਭਾੜੇ ਮਰ ਰਹੇ ਨੇ।

ਯਾਰ ਤੋਖੀ ! ਤੂੰ ਸੁਣਾ ਤੇਰੀ ਟਿੱਨੀ ਦਾ ਕੀ ਹਾਲ ਏ। ਤੂੰ ਪਿਛਲੇ ਖ਼ਤ 'ਚ ਉਹਦੀ ਕੋਈ ਗੱਲ ਨਹੀਂ ਲਿਖੀ। ਤੂੰ ਐਂ ਕਰ, ਤੇਰੀ ਪੈਨਸ਼ਨ ਵਾਹਵਾ ਏ। ਤੂੰ ਏਥੇ ਕੋਈ ਫਲੈਟ ਲੈ ਲਾ ਤੇ ਉਹਨੂੰ ਆਪਣੇ ਕੋਲ ਬੁਲਾ ਲੈ। ਗੋਰੀਆਂ ਲਈ ਉਮਰ ਦਾ ਕੋਈ ਮਸਲਾ ਨਹੀਂ ਹੁੰਦਾ।

ਉਮਰ ਦਾ ਮਸਲਾ ਤਾਂ ਆਪਾਂ ਨੂੰ ਹੁੰਦਾ ਏ। ਪਰ ਤੋਖੀ ਮੈਨੂੰ ਹੁਣ ਡਰ ਲੱਗਣ ਲੱਗ ਪਿਆ ਏ। ਸਾਡਾ ਕੰਮ ਵਧੀ ਜਾਂਦਾ ਏ। ਲੀਜ਼ਾ ਨੇ ਮੇਰੇ ਕੋਲੋਂ ਘਰ ਦਾ ਪਤਾ ਮੰਗਵਾ ਲਿਆ ਏ। ਫ਼ੋਨ ਨੰਬਰ ਮੰਗਵਾ ਲਿਆ ਏ। ਕੀ ਪਤਾ ਉਹ ਜਹਾਜ਼ੇ ਚੜ੍ਹ ਕੇ ਆ ਜਾਵੇ। ਜਦੋਂ ਦੀਆਂ ਉਹਨੇ ਆਪਣੇ ਸ਼ਹਿਰ 'ਚ ਹੋਏ ਫ਼ੌਜੀ ਹਮਲਿਆਂ ਦੀਆਂ ਫੋਟੋਆ ਭੇਜੀਆਂ ਸਨ। ਤੇ ਕਹਿ ਰਹੀ ਸੀ ਕਿ ਕਿਸੇ ਵੀ ਵੇਲੇ ਸਾਡੇ ਘਰ ਤੇ ਫ਼ੌਜੀ ਤਾਬੜ-ਤੋੜ ਗੋਲੀਆ ਚਲਾ ਸਕਦੇ ਨੇ। ਉਨ੍ਹਾਂ ਨੂੰ ਸ਼ੱਕ ਏ ਕਿ ਘਰ 'ਚ ਬਾਗੀ ਲੁਕੇ ਹੋਏ ਨੇ। ਉਹ ਰੱਕਾ ਚੋਂ ਬਾਗੀਆਂ ਦਾ ਮੁਕੰਮਲ ਸਫ਼ਾਇਆ ਕਰ ਦੇਣਾ ਚਾਹੁੰਦੇ ਨੇ। ਤੈਨੂੰ ਦੱਸਾਂ ਆਪਣੀ ਪੈਨਸ਼ਨ ਵਿਚੋਂ ਉਹਨੂੰ ਮੈਂ ਕੁਝ ਵੈਸਟਨ ਯੂਨੀਅਨ ਰਾਹੀਂ ਕਰੰਸੀ ਵੀ ਭੇਜੀ ਏ। ਮੈਨੂੰ ਉਹਦੇ 'ਤੇ ਤਰਸ ਆ ਗਿਆ ਸੀ। ਮਨੀ ਮਿਲਣ ਤੇ ਉਹਦੀ ਛਣ-ਛਣ ਵਧ ਗਈ ਸੀ। ਉਹ ਅਕਸਰ ਹੀ ਮੈਨੂੰ ਮੈਸੇਜ ਕਰ ਦਿੰਦੀ ਸੀ। ਮੁਬਾਇਲ ਦੀ ਛਣ-ਛਣ ਸੁਣ ਕੇ ਮੈਨੂੰ ਲੱਗਦਾ ਜਿਵੇਂ ਉਹ ਮੇਰੇ ਕਮਰੇ 'ਚ ਆ ਕੇ ਪੈਲਾਂ ਪਾਉਣ ਲੱਗ ਪਈ ਏ। ਛਣ-ਛਣ ਨਾਲ ਉਹਦਾ ਇੰਗਲਿਸ਼ 'ਚ ਲਿਖਿਆ ਮੈਸੇਜ ਸਕਰੀਨ 'ਤੇ ਫੈਲਦਾ... ਤੂੰ ਬਹੁਤ ਪਿਆਰਾ ਇਨਸਾਨ ਏ। ਤੇਰਾ ਦਿਲ ਬਹੁਤ ਪਿਆਰਾ ਏ। ਮੈਂ ਤੈਨੂੰ ਸਾਰੀ ਜ਼ਿੰਦਗੀ ਮੁਹੱਬਤ ਕਰਨੀ ਏ। ਤੇਰੇ ਕੋਲ ਇੰਡੀਆ ਆ ਜਾਣਾ ਏ। ਲਵ ਯੂ ਬੇਬੀ... ਵਗੈਰਾ ਵਗੈਰਾ।

ਆਹ ਤਾਂ ਤੋਖੀ ਯਾਰ ! ਨਵਾਂ ਪੰਗਾ ਪੈਣ ਲੱਗਾ ਏ। ਜੇ ਇਹ ਹੋ ਗਿਆ ਉਹ ਘਰ ਆ ਗਈ। ਮੈਨੂੰ ਤਾਂ ਘਰ ਦਿਆਂ ਨੇ, ਮੇਰੀ ਨੂੰਹ ਨੇ, ਮੇਰੀ ਬੁੜ੍ਹੀ ਨੇ ਆਂਢ-ਗੁਆਂਢ ਨੇ ਛੱਜ 'ਚ ਪਾ ਛੱਟ-ਛੱਟ ਕੇ ਢੇਰ 'ਤੇ ਵਗਾਹ ਮਾਰਨਾ ਏ। ਉਹਦੇ ਆਉਣ ਦੇ ਮੈਸੇਜ ਤੋਂ ਬਾਅਦ ਮੈਂ ਚੁੱਪ ਜਿਹਾ ਕਰ ਗਿਆ ਸੀ। ਮੈਨੂੰ ਪਤਾ ਨ੍ਹੀਂ ਕਿਓ ਛਣ-ਛਣ ਤੋਂ ਭੈਅ ਆਉਣ ਲੱਗ ਪਿਆ ਸੀ। ਮੈਂ ਛਣ-ਛਣ ਤੋਂ ਤ੍ਰਬਕਣ ਲੱਗ ਪਿਆ ਸੀ। ਫੇਸ ਬੁੱਕ ਖੋਲ੍ਹਣ ਨੂੰ ਮੇਰਾ ਹੌਸਲਾ ਨਹੀਂ ਸੀ ਪੈ ਰਿਹਾ। ਪਤਾ ਨਹੀਂ ਮੈਂ ਐਨਾ ਡਰਪੋਕ ਕਿਵੇਂ ਬਣਦਾ ਜਾ ਰਿਹਾ ਸਾਂ। ਫ਼ੌਜ 'ਚ ਮੋਰਚਿਆਂ 'ਚ ਬੈਠੇ ਤਾਂ ਆਪਾਂ ਮੌਤ ਨੂੰ ਮਖੌਲ ਕਰਦੇ ਰਹਿੰਦੇ ਸਾਂ। ਹੁਣ ਤਾਂ ਮੌਤ ਮੋਹਰੇ ਵੇਖ ਕੇ ਡਰ ਲੱਗਣ ਲੱਗ ਪਿਆ ਏ। ਮੈਨੂੰ ਨੀਂਦ ਤਾਂ ਪਹਿਲਾਂ ਈ ਘੱਟ ਆਉਂਦੀ ਏ। ਇਕ ਰਾਤ ਮੈਨੂੰ ਸੁਪਨਾ ਆ ਗਿਆ। ਲੀਜ਼ਾ ਜਹਾਜ਼ੇ ਚੜ੍ਹ ਕੇ ਦਿੱਲੀ ਤੋਂ ਮੇਰੇ ਘਰ ਆ ਗਈ ਏ। ਮੈਂ ਕਮਰੇ ਅੰਦਰੋਂ ਕੁੰਡੀ ਮਾਰ ਲਈ ਏ। ਰਜਾਈ ਲੈ ਕੇ ਲੁਕ ਗਿਆ ਸੀ ਤੇ ਉੱਚੀ ਉੱਚੀ ਕਹੀ ਜਾ ਰਿਹਾ ਸੀ... ਮੈਂ ਨ੍ਹੀਂ ਜਾਣਾ... ਮੈਂ ਨ੍ਹੀਂ ਜਾਣਾ... ਏਥੇ ਨ੍ਹੀਂ ਰਹਿੰਦਾ ਕੋਈ ਹਨੀ.. ਸ਼ਨੀ... ਭੱਜ ਜਾ ਏਥੋਂ। ਉਦੋਂ ਬੁੜ੍ਹੀ ਨੇ ਮੈਨੂੰ ਝੰਜੋੜ ਕੇ ਜਗਾਇਆ, ਕਹੇ ਕੀ ਹੋ ਗਿਆ ਤੈਨੂੰ? ਪਤੈ ਨੀਂ ਫ਼ੌਜੀ ਖਬਰੇ ਪਾਗਲ ਹੋ ਗਿਆ ਏ। ਸੁੱਤਾ ਪਿਆ ਬੁੜ ਬੁੜ ਕਰੀ ਜਾਂਦੈ।

ਯਾਰ ਤੋਖੀ ! ਲੀਜ਼ਾ ਨਾਲ ਮੈਂ ਅੰਦਰੋਂ ਗਹਿਰਾ ਜੁੜ ਗਿਆ ਸਾਂ। ਮੈਨੂੰ ਛਣ-ਛਣ ਸੁਣਨ ਦੀ ਲੱਤ ਲੱਗ ਗਈ ਸੀ। ਰਾਤ ਨੂੰ ਮੈਨੂੰ ਬਹੁਤ ਅਚੋ-ਆਈ ਲੱਗਦੀ, ਹੁਣ ਵੀ ਛਣ-ਛਣ ਹੋਵੇਗੀ ... ਹੁਣ ਵੀ ਛਣ-ਛਣ ਹੋਵੇਗੀ। ਮੈਂ ਏਹੀ ਸੋਚਦਾ ਰਹਿੰਦਾ। ਜਦੋਂ ਛਣ-ਛਣ ਹੁੰਦੀ ਤੇ ਨਾਲ ਹੀ ਲੀਜ਼ਾ ਦੀ ਫੋਟੋ ਸਕਰੀਨ 'ਤੇ ਉਭਰਦੀ। ਮੈਂ ਝਪਟ ਮਾਰ ਕੇ ਮੁਬਾਇਲ ਹੱਥਾਂ ਵਿਚ ਲੈਂਦਾ। ਤੂੰ ਤਾਂ ਕਹਿੰਦਾ ਹੁੰਦਾ ਸੀ ਬਈ



ਫੇਸ ਬੁੱਕ ਦੀਆਂ ਦੋਸਤੀਆਂ ਨਾਲ ਸਮਾਂ ਸੋਹਣਾ ਲੰਘ ਜਾਂਦਾ ਏ। ਪਰ ਮੈਨੂੰ ਤਾਂ ਲੱਗਦਾ ਏ ਮੈਨੂੰ ਬੀ ਪੀ, ਪੇਟ ਗੈਸ, ਲੱਕ ਦਰਦ ਤੇ ਹੋਰ ਬਿਮਾਰੀਆਂ ਵਾਂਗ ਫੇਸ ਬੁੱਕ ਦੀ ਬਿਮਾਰੀ ਵੀ ਚੁੰਬੜ ਗਈ ਏ। ਕਈ ਵਾਰ ਤਾਂ ਦਿਨੇ ਵੀ ਲੱਗਦਾ ਰਹਿੰਦਾ ਛਣ-ਛਣ ਹੋ ਰਹੀ ਏ।

ਯਾਰ ਤੋਖੀ ! ਮੇਰੀਆਂ ਅੱਖਾਂ ਅੱਗੇ ਵਾਰ-ਵਾਰ ਕਿਓਂ ਲੀਜ਼ਾ ਦੀਆਂ ਭੇਜੀਆਂ, ਮਨ ਨੂੰ ਦਹਿਲਾ ਦੇਣ ਵਾਲੀਆਂ ਫੋਟੋਆਂ ਆ ਰਹੀਆਂ ਨੇ। ਉਹ ਸੱਚਮੁੱਚ ਬੰਬਾਂ ਤੇ ਗੋਲੀਆਂ ਵਿਚ ਫਸੀ ਹੋਵੇਗੀ? ਉਹਦੇ ਲਈ ਏਹ ਸਮਾਂ ਬੜਾ ਭਿਆਨਕ ਏ। ਉਹ ਸਮਾਂ ਵੀ ਬੜਾ ਭਿਆਨਕ ਸੀ ਜਦੋਂ ਆਪਾਂ ਮੋਰਚਿਆਂ 'ਚ ਬੈਠੇ ਸੀ। ਅਚਾਨਕ ਰਾਕਟ ਲਾਂਚਰ ਤੇ ਤੋਪਾਂ ਨਾਲ ਬੰਬਾਰੀ ਹੋਣ ਲੱਗ ਪਈ ਸੀ। ਜਦੋਂ ਦੁਸ਼ਮਣ ਦਾ ਗੋਲਾ ਡਿੱਗਦਾ ਸੀ ਤਾਂ ਮਿੱਟੀ ਦਾ ਗੁਬਾਰ ਅਸਮਾਨ ਛੂਹਣ ਲੱਗਦਾ ਸੀ। ਇਕ ਵਾਰ ਮੋਰਚੇ 'ਚ ਬੈਠਾ ਗੰਨਾਂ ਨਾਲ ਗੋਲੀਆਂ ਦਾਗ ਰਿਹਾ ਸੀ ਕਿ ਉਦੋਂ ਹੀ ਇਕ ਬੰਬ ਮੋਰਚੇ ਦੇ ਨੇੜੇ ਆ ਕੇ ਡਿੱਗਿਆ ਸੀ। ਉਸ ਮੋਰਚੇ 'ਤੇ ਜਿੱਥੇ ਆਪਣੀ ਬਟਾਲੀਅਨ ਦੇ ਫ਼ੌਜੀ ਮੋਰਚੇ 'ਚ ਗੰਨਾਂ ਰਾਹੀਂ ਗੋਲੇ ਦਾਗ ਰਹੇ ਸਨ। ਮਿੱਟੀ ਉਪਰ ਨੂੰ ਉੱਡੀ ਸੀ ਅਤੇ ਮੈਂ ਗੰਨ ਚਲਾਉਣੀ ਛੱਡ ਕੇ ਮੋਰਚੇ 'ਚ ਧੌਣ ਥੱਲੇ ਸੁੱਟ ਕੇ ਦੁਬਕ ਗਿਆ ਸੀ। ਮੇਰੇ ਉੱਤੇ ਇਕ ਮਨੁੱਖੀ ਲੱਤ ਦਾ ਲੋਥੜਾ ਆ ਡਿੱਗਿਆ ਸੀ। ਮੈਂ ਹਿੱਲਿਆ ਨਹੀਂ ਸੀ। ਮੈਂ ਲੱਤ ਵਿਚੋਂ ਨਿਕਲਦਾ ਗਰਮ ਲਹੂ ਮਹਿਸੂਸ ਕਰ ਰਿਹਾ ਸਾਂ। ਜਦੋਂ ਮੈਂ ਵੇਖਿਆ ਤਾਂ ਉਹ ਕਿਸੇ ਫ਼ੌਜੀ ਦੀ ਲੱਤ ਬੰਬ ਦੇ ਗੋਲੇ ਨਾਲ ਉੜ ਕੇ ਮੇਰੇ ਮੋਰਚੇ 'ਤੇ ਆ ਡਿੱਗੀ ਏ। ਬੂਟ ਸਮੇਤ। ਬੂਟ ਤੋਂ ਵੇਖ ਕੇ ਪਤਾ ਚੱਲਿਆ ਇਹ ਤਾਂ ਆਪਣੇ ਫ਼ੌਜੀ ਦੀ ਲੱਤ ਏ। ਜਿਹਦਾ ਸਰੀਰ ਬੰਬ ਨਾਲ ਸਕਿੰਟਾਂ 'ਚ ਖਿੱਲਰ ਗਿਆ ਸੀ। ਸੱਚ ਦੱਸਾਂ ਫੇਸ ਬੁੱਕ ਦੀਆਂ ਬੰਬਾਂ ਨਾਲ ਉੱਡੀਆਂ ਮਨੁੱਖੀ ਲੋਥਾਂ ਵੇਖ ਦੇ ਮੇਰੇ ਕਈ ਸਾਲ ਪਹਿਲਾਂ ਦੇ ਲੱਗੇ ਹੋਏ ਜ਼ਖ਼ਮ ਰਿਸਣ ਲੱਗ ਪਏ ਸਨ।

ਯਾਰ ਤੋਖੀ ! ਚਿੱਠੀ ਬਹੁਤ ਲੰਮੀ ਹੋਈ ਜਾਂਦੀ ਏ। ਏਸ ਚਿੱਠੀ ਨੂੰ ਮੈਂ ਕਈ ਦਿਨਾਂ ਵਿਚ ਲਿਖਿਆ ਏ। ਮੈਂ ਵਟਸ ਐਪ 'ਤੇ ਤੈਨੂੰ ਅਨੇਕਾਂ ਵਾਰ ਮੈਸੇਜ ਭੇਜੇ ਵੀ ਨੇ। ਫੇਸ ਬੁੱਕ 'ਤੇ ਮੈਸੇਜ ਛੱਡੇ ਨੇ। ਕਈ ਵਾਰ ਫ਼ੋਨ ਵੀ ਕੀਤਾ ਪਰ ਤੂੰ ਕਦੇ ਸੁਣਿਆ ਨਹੀਂ ਏ। ਪਤਾ ਨਹੀਂ ਤੂੰ ਗੱਲਾਂ ਕਰਨੀਆਂ ਕਿਓਂ ਬੰਦ ਕਰ ਦਿੱਤੀਆਂ ਨੇ। ਮੇਰੇ ਨਾਲ ਵੀ ਕਈ ਵਾਰੀ ਐਦਾਂ ਹੁੰਦਾ ਬਈ ਮੈਂ ਚੁੱਪ ਕਰ ਜਾਂਦਾ ਹਾਂ। ਕਿਸੇ ਨਾਲ ਗੱਲ ਕਰਨ ਨੂੰ ਵੱਢਿਆ ਰੂਹ ਨ੍ਹੀਂ ਕਰਦੀ। ਆਪਣੇ ਘੁਰਨੇ 'ਚ ਲੁਕਿਆ ਰਹਿੰਦਾ ਹਾਂ। ਲੱਗਦਾ ਏ ਤੈਨੂੰ ਵੀ ਮੇਰੇ ਵਾਲੇ ਡਿਪਰੈਸ਼ਨ ਦੇ ਫਿੱਟ ਪਏ ਹੋਏ ਨੇ। ਕੋਈ ਗੱਲ ਨਹੀਂ ਏਹ ਚਿੱਠੀ ਤਾਂ ਤੂੰ ਪੜ੍ਹ ਹੀ ਲਵੇਂਗਾ।

ਤੋਖੀ ਯਾਰ ਮੈਨੂੰ ਹੁਣ ਲਗਦਾ ਏ ਹੁਣ ਛਣ-ਛਣ ਮੁੱਢੋਂ ਹੀ ਬੰਦ ਹੋ ਗਈ ਏ। ਸਾਇਦ ਮੇਰੇ ਵਿਹੜੇ ਹੁਣ ਕਦੇ ਛਣ-ਛਣ ਨਾ ਹੋਵੇ। ਯਾਰ ਲੀਜ਼ਾ ਦੀ ਛਣ-ਛਣ ਨਾਲ ਮੇਰੀ ਧੜਕਣ ਚੱਲਦੀ ਸੀ। ਮੇਰੀ ਹੁਣ ਫੇਸ ਬੁੱਕ ਖੋਲ੍ਹਣ ਨੂੰ ਵੱਢਿਆ ਰੂਹ ਨਹੀਂ ਕਰਦੀ। ਕੀ ਪਤੈ ! ਮੁਬਾਇਲ 'ਚੋਂ ਲੀਜ਼ਾਂ ਦੀ ਲਹੂ ਨਾਲ ਲੱਥਪਥ ਵਾਲੀ ਫੋਟੋ ਸਕਰੀਨ 'ਤੇ ਫੈਲ ਜਾਵੇ। ਜਿਹੜੀ ਮੈਥੋਂ ਵੇਖੀ ਨਹੀਂ ਜਾਣੀ। ਹੁਣ ਤਾਂ ਧੜਕਣ ਖੜ ਗਈ ਲੱਗਦੀ ਏ। ਕੁਸ਼ੱਲਿਆ ਦੇ ਪੈਰੀਂ ਨਾ ਝਾਂਜਰ ਏ ਨਾ ਹੀ ਹੱਥੀਂ ਵੰਗਾਂ? ਫੇਰ ਭਲਾ ਛਣ-ਛਣ ਕਾਹਦੇ ਨਾਲ ਹੋਣੀ ਏ? ਬੁੜ੍ਹੀ ਦੀ ਇਹ ਕਿਹੜੀ ਉਮਰ ਏ ਛਣ-ਛਣ ਕਰਨ ਦੀ। ਯਾਰ ਤੋਖੀ ! ਇਹ ਚਿੱਠੀ ਮੈਂ ਹੁਣ ਬੰਦ ਕਰਕੇ ਰੱਖ ਦੇਣੀ ਏ। ਕੱਲ੍ਹ ਨੂੰ ਮੁੰਡੇ ਨੂੰ ਕਹਾਂਗਾ ਬਈ ਇਹਦੇ 'ਤੇ ਟਿੱਕਟਾਂ ਲਾ ਕੇ ਇਹਨੂੰ ਡਾਕ ਡੱਬੇ 'ਚ ਸੁੱਟ ਆਵੇ। ਸ਼ਾਇਦ ਹੁਣ ਆਪਾਂ ਇਕ ਦੂਜੇ ਨੂੰ ਵੇਖ ਵੀ ਨਾ ਸਕੀਏ। ਏਸ ਉਮਰ 'ਚ ਬੰਦੇ ਦਾ ਕੀ ਪਤੈ ਕਦੋਂ ਫੂਕ ਨਿਕਲ ਜਾਵੇ। ਮੈਂ ਏਹੀ ਦੁਆ ਕਰਦਾ ਹਾਂ ਕਿ ਤੇਰਾ ਘਰ ਵੱਸਦਾ ਰਹੇ। ਤੈਨੂੰ ਬਹੁਤ ਸਾਰਾ ਪਿਆਰ। ਪਰ ਰੁਕ ਪਹਿਲਾਂ ਮੈਂ ਕੀਲੀ 'ਤੇ ਟੰਗੀ ਆਪਣੀ ਫ਼ੌਜੀ ਵਰਦੀ ਤਾਂ ਲਾਹ ਦੇਵਾਂ... ਰੁਕ... ਰੁਕ... ਹੁਣ ਫੇਰ ਛਣ-ਛਣ ਹੋਈ ਏ... ਪਤਾ ਨਹੀਂ ਇਹ ਵਹਿਮ ਈ ਏਂ... ਤੂੰ ਰੁਕ ਜਾ...।

ਤੇਰੇ ਬਹੁਤ ਸਾਰੇ ਭੇਤਾਂ ਦਾ ਰਾਜਦਾਰ

– ਸੋਹਣ ਉਰਫ ਸੋਹਣ ਸਨਕੀ (ਰਿਟਾਇਰਡ ਹੌਲਦਾਰ) ✪




## *ਚਿੱਠੀਆਂ*

*ਇਨ੍ਹਾਂ ਚਿੱਠੀਆਂ ਵਿਚ ਪਾਠਕ ਲੇਖਕਾਂ ਦੀਆਂ ਬਹੁਤ ਸਾਰੀਆਂ ਗੱਲਾਂ ਪਹਿਲੀ ਵਾਰ ਪੜ੍ਹਨਗੇ। ਲੇਖਕਾਂ ਨੇ ਵਧੇਰੇ ਕਰਕੇ ਸਾਹਿਤ ਦੇ ਮਸਲਿਆਂ ਉੱਤੇ ਗੱਲਾਂ ਕੀਤੀਆਂ ਹਨ। ਇਹ ਚਿੱਠੀਆਂ ਮੈਂ ਬੜੀ ਜ਼ਿੰਮੇਵਾਰੀ ਨਾਲ ਛਾਪ ਰਿਹਾਂ ਹਾਂ। ਪੂਰੀ ਪੂਰੀ ਕੋਸ਼ਿਸ਼ ਕੀਤੀ ਗਈ ਏ ਕਿ ਚਿੱਠੀਆਂ ਹੂ ਬ ਹੂ ਛਾਪੀਆਂ ਜਾਣ। ਮੇਰੀ ਇਹ ਇੱਛਾ ਵੀ ਸੀ ਕਿ ਚਿੱਠੀਆਂ ਨਾਲ ਚਿੱਠੀਆਂ ਦੀ ਫੋਟੋ ਵੀ ਪ੍ਰਕਾਸ਼ਤ ਕੀਤੀ ਜਾਵੇ। ਪਰ ਇਹ ਸੰਭਵ ਨਹੀਂ ਸੀ। ਕਿਉਂਕਿ ਇਸ ਵਾਸਤੇ ਸਾਡੇ ਕੋਲੋਂ ਸਪੇਸ ਨਹੀਂ ਸੀ। ਇਸ ਅੰਕ ਲਈ ਮੈਂ ਚਿੱਠੀਆਂ ਦੇ ਅਨੁਵਾਦ ਵੀ ਕਰਵਾਏ ਸਨ। ਪਰ ਸਾਰਾ ਕੁਝ ਮੁਲਤਵੀ ਕਰਨਾ ਪਿਆ।*

---

***ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਅਣ-ਪ੍ਰਕਾਸ਼ਿਤ ਖ਼ਤ ਜਿਹੜਾ ਉਨ੍ਹਾਂ ਨੇ ਆਪਣੇ ਅੰਤਲੇ ਸਮੇਂ ਵਿਚ ਲਿਖਿਆ ਸੀ। ਇਹ ਖ਼ਤ ਸੁਕੀਰਤ ਨੂੰ ਪੁਰਾਣੀਆਂ ਫ਼ਾਇਲਾ ਵਿਚੋਂ ਪ੍ਰਾਪਤ ਹੋਇਆ ਹੈ। ਮੂਲ ਖ਼ਤ ਟਾਇਪ ਰਾਈਟਰ ਨਾਲ ਟਾਈਪ ਕੀਤਾ ਹੋਇਆ ਵੀ ਹੈ ਅਤੇ ਹੱਥ ਲਿਖਤ ਵੀ ਹੈ। ਇਹ ਖ਼ਤ ਕਿਸੇ ਇਕ ਨੂੰ ਸੰਬੋਧਤ ਨਹੀਂ ਹੈ ਬਲਕਿ ਪੰਜਾਬ ਦੇ ਸਾਰੇ ਔਰਤ ਤੇ ਮਰਦਾਂ ਨੂੰ ਲਿਖਿਆ ਗਿਆ ਹੈ, ਉਦੋਂ ਪੜ੍ਹਿਆ ਗਿਆ ਜਦੋਂ ਉਨ੍ਹਾਂ ਦੀ ਜੀਵਨ ਸਾਥਣ ਵਿਛੋੜਾ ਦੇ ਗਏ ਸਨ।)***

ਮੇਰੀਆਂ ਹਮਦਰਦ ਭੈਣੋ ਤੇ ਮੇਰੇ ਹਮਦਰਦ ਭਰਾਵੋ,

ਮੈਂ ਬਹੁਤ ਮੁਲਕਾਂ ਵਿਚ ਫਿਰਿਆ ਹਾਂ ਤੇ ਇਸਤਰੀਆਂ ਪ੍ਰਸ਼ੰਸ਼ਕ ਨਜ਼ਰ ਨਾਲ ਵੇਖਣਾ ਮੇਰਾ ਸੁਭਾਅ ਹੈ। ਹਰ ਥਾਂ ਮੈਨੂੰ ਇਸਤਰੀਆਂ ਚੰਗੀਆਂ ਤੇ ਨੇਕ ਲਗੀਆਂ ਹਨ। ਪਰ ਭਾਰਤੀ ਇਸਤਰੀ ਵਿਚ ਵਿਸ਼ੇਸ਼ ਚੰਗਿਆਈਆਂ ਵੇਖਾਈ ਦਿੱਤੀਆਂ ਹਨ। ਉਹਦੇ ਅੱਗੇ ਮੈਂ ਸਿਰ ਝੁਕਾਂਦਾ ਹਾਂ। ਮੈਨੂੰ ਇਕ ਚੰਗੀ ਇਸਤਰੀ ਦਾ ਸਾਥ ਚੋਖੀ ਮੁਦਤ ਮਿਲਿਆ ਰਿਹਾ ਹੈ। ਹੁਣ ਮੰਜਲ ਸਾਡੀ ਪੁੱਗੀ ਹੋਈ ਸੀ, ਹੱਥ ਵਿਚ ਹੱਥ ਪਾਈ



ਅਸੀਂ ਦੋਵੇਂ ਤੁਰੇ ਆ ਰਹੇ ਸਾਂ। ਅਚਾਨਕ ਹੀ ਮੇਰੇ ਸਾਥਣ ਦਾ ਪੈਰ ਫ਼ਿਸਲ ਗਿਆ, ਉਸ ਨੇ ਸਦਾ ਆਪਣੀਆਂ ਅੱਖਾਂ ਮੀਟ ਲਈਆਂ। ਹੋਰ ਵਾਟ ਕੱਟਣ ਦੀ ਹਿੰਮਤ ਮੇਰੇ ਵਿਚ ਨਹੀਂ ਸੀ ਰਹੀ ਜਾਪਦੀ। ਪਰ ਤੁਸੀਂ ਏਡੀ ਖੇਚਲ ਕਰਕੇ ਮੈਨੂੰ ਨਵਾਂ ਸਾਹ ਦੇਣ ਆਏ ਹੋ। ਆਪ ਦੀ ਮਿਹਰਬਾਨੀ ਦੇ ਸ਼ੁਕਰ ਵਿਚ ਮੈਂ ਆਪ ਨੂੰ ਭਰੋਸਾ ਦੁਆਂਦਾ ਹਾਂ, ਕਿ ਜਿਨੀ ਤਾਕਤ ਮੇਰੇ ਕਦਮਾਂ ਵਿਚ ਅਜੇ ਬਾਕੀ ਰਹਿ ਗਈ ਹੈ, ਉਸ ਨਾਲ ਮੈਂ ਤੁਹਾਡੀ ਹੌਂਸਲਾ ਅਫਜ਼ਾਈ ਦਾ ਸਦਕਾ ਤੁਰੀ ਜਾਵਾਗਾ।

ਅੱਜ ਆਪ ਮੇਰੀ ਸਾਥਣ ਨੂੰ ਸ਼ਰਧਾਂਜਲੀ ਦੇਣ ਆਏ ਹੋ, ਆਪ ਦੀ ਮਿਹਰਬਾਨੀ। ਆਪ ਉਹਨਾਂ ਬਾਰੇ ਚੰਗੀਆਂ ਚੰਗੀਆਂ ਗੱਲਾਂ ਕਹੋਗੇ ਇਹਨਾਂ ਨਾਲੋਂ ਵੀ ਬਹੁਤੀਆਂ ਚੰਗੀਆਂ ਸਿਫ਼ਤਾਂ ਹਰ ਚੰਗੀ ਭਾਰਤੀ ਪਤਨੀ ਵਿਚ ਹੁੰਦੀਆਂ ਹਨ। ਪਰ ਇਹਨਾਂ ਵਿਚ ਇਕ ਅਨੋਖਾਪਨ ਸੀ। ਏਡਾ ਅਨੋਖਾਪਨ ਕਿ ਸ਼ਾਇਦ ਉਹਦਾ ਕੁਝ ਭਾਗ ਕਈਆਂ ਦੇ ਜਿਨ੍ਹਾਂ ਦਾ ਉਹਨਾਂ ਨਾਲ ਵਾਹ ਨਹੀਂ ਪਿਆ, ਮੰਨਣ ਵਿਚ ਵੀ ਨਾ ਆ ਸਕੇ ਪਰ ਤੁਸੀਂ ਮੇਰੀਆਂ ਵੀ ਕਈ ਅਨੋਖੀਆਂ ਗੱਲਾਂ ਮੰਨ ਲੈਂਦੇ ਰਹੇ ਹੋ। ਏਸ ਆਸ ਦੇ ਬਲ ਉਤੇ ਮੈਂ ਅੱਜ ਆਪਣੀ ਪਤਨੀ ਦੀ ਅਨੋਖਤਾ ਦਾ ਹੀ ਜ਼ਿਕਰ ਤੁਹਾਡੇ ਸਾਹਮਣੇ ਕਰਦਾ ਹਾਂ।

ਉਹਨਾਂ ਦੀ ਉਮਰ 81 ਵਰ੍ਹਿਆਂ ਦੀ ਸੀ। 64 ਵਰ੍ਹੇ ਉਹ ਮੇਰੇ ਵਿਆਹੇ ਰਹੇ। ਸਤਾਰਾਂ ਵਰ੍ਹੇ ਮੇਰੇ ਨਾਲ ਮੰਗੇ ਰਹੇ। ਦੋਹਾਂ ਦੀਆਂ ਮਾਂਵਾਂ ਨੇ ਗਰਭ ਵਿਚ ਹੀ ਮੰਗਣੀ ਕਰ ਦਿੱਤੀ ਸੀ। ਇਹ ਮੇਰੇ ਨਾਲੋਂ ਇਕ ਹਫ਼ਤਾ ਪਹਿਲਾਂ ਦੁਨੀਆਂ ਵਿਚ ਆਏ। ਮੇਰੇ ਜਨਮ ਉੱਤੇ ਇਹਨਾਂ ਦੇ ਬਾਬਾ ਜੀ ਨੇ ਮੇਰੇ ਜੰਮਣ ਤੇ ਮੰਗੇ ਜਾਣ ਦੀ ਵਧਾਈ ਦਿੱਤੀ।

ਮੇਰੀ 14 ਵਰ੍ਹਿਆਂ ਦੀ ਉਮਰ ਵਿਚ ਮੈਨੂੰ ਤਪਦਿਕ ਹੋ ਗਈ, ਇਹਨਾਂ ਦੇ ਮਾਪਿਆਂ ਨੇ ਆਪਣੇ ਡਾਕਟਰ ਭੇਜ ਕੇ ਪੜਤਾਲ ਕਰ ਲਈ ਤੇ ਸਲਾਹਾਂ ਹੋਣ ਲੱਗੀਆਂ ਕਿ ਕੁੜਮਾਈ ਛੁਡਾ ਲਈ ਜਾਏ। ਪਰ ਸਾਡੇ ਤਕ ਇਹ ਗੱਲ ਪਹੁੰਚੀ, ਕਿ ਕੁੜੀ ਆਖਦੀ ਹੈ, "ਹੋਰ ਉਡੀਕ ਲਵੋ, ਮੈਂ ਦੋ ਜਿਉਂਦੈ ਪਤੀਆਂ ਦੀ ਮੰਗੇਤਰ ਨਹੀਂ ਅਖਵਾਣਾ ਚਾਹੁੰਦੀ।"

ਅਸੀਂ ਕੰਵਾਰੇ ਵਾਂਗ ਕਦੇ ਮਿਲੇ ਨਹੀਂ, ਪਰ ਇਹਨਾਂ ਦੇ ਨਾਨਕੇ ਸਾਡੇ ਸ਼ਹਿਰ ਵਿਚ ਹੀ ਸਨ। ਬਾਬਾ ਖੜਕ ਸਿੰਘ ਜੀ ਇਹਨਾਂ ਦੇ ਮਾਮੇ ਸਨ। ਫਿਰ ਉਹਨਾਂ ਦੇ ਘਰ ਆਏ ਮੈਂ ਸੁਣੇ। ਮੈਂ ਇਕ ਖ਼ਤ ਆਪਣੀ ਛੋਟੀ ਭੈਣ ਦੀ ਹੱਥੀਂ ਉਹਨਾਂ ਵਲ ਘਲਿਆ, ਪਰ ਇਹਨਾਂ ਨਾਲ ਭੈਣ ਦਾ ਮੇਲ ਨਾ ਹੋਣ ਕਰਕੇ ਭੈਣ ਇਹਨਾਂ ਦਾ ਬਿਸਤਰਾ ਪੁੱਛਕੇ ਸਰਹਾਣੇ ਹੇਠ ਰੱਖ ਆਈ। ਸਰਨਾਵਾਂ ਕੋਈ ਲਿਖਿਆ ਨਹੀਂ ਸੀ ਇਹਨਾਂ ਸਮਝਿਆ, ਮਾਮਾ ਜੀ ਆਪਣਾ ਖ਼ਤ ਭੁਲ ਗਏ ਹੋਣਗੇ, ਇਹਨਾਂ ਨੇ ਮਾਮਾ ਜੀ ਨੂੰ ਖ਼ਤ ਦੇ ਦਿੱਤਾ। ਉਹਨਾਂ ਖੋਹਲ ਕੇ ਆਖਿਆ, "ਹਾਂ ਪੁੱਤਰ ਮੇਰਾ ਹੀ ਹੈ, ਤੂੰ ਜਾ।" ਤੇ ਮੇਰੀ ਮਾਂ ਜੀ ਨੂੰ ਏਡਾ ਅਲਾਮਾ ਮਿਲਿਆ, ਕਿ ਮੈਂ ਉਹਨਾਂ ਦੇ ਸਾਹਮਣੇ ਨਹੀਂ ਸਾਂ ਹੋ ਸਕਦਾ, ਖੁਦਕਸ਼ੀ ਦਾ ਵਿਚਾਰ ਵੀ ਮੇਰੇ ਅੰਦਰ ਆਇਆ। ਸਤਾਰਾਂ ਵਰ੍ਹਿਆਂ ਦੀ ਉਮਰ ਵਿਚ ਸਾਡਾ ਵਿਆਹ ਹੋਇਆ। 9 ਰਾਤਾਂ ਅਸੀਂ ਇਕੱਠੇ ਰਹੇ। ਦਿਨੇ ਸਾਨੂੰ ਕੋਈ ਮਿਲਨ ਨਹੀਂ ਸੀ ਦੇਂਦਾ। ਪਰ ਨੌਂਵੀਂ ਰਾਤ ਮੈਂ ਆਪਣੀ ਨਵੀਂ ਵਿਆਹੀ ਪਤਨੀ ਨੂੰ ਇਕ ਗੈਰ ਇਸਤਰੀ ਮਖਣੀ ਦਾ ਇਸ਼ਕ ਸੁਣਾਂਦਾ ਰਿਹਾ। ਉਹਦੇ ਨਾਲ ਪਤੀ ਪਤਨੀ ਵਾਲਾ ਵਿਹਾਰ ਨਾ ਕੀਤਾ। ਉਹ ਮੇਰੀ ਕਹਾਣੀ ਤੋਂ ਅੱਕ ਕੇ ਸੌਂ ਜਾਂਦੀ... ਪਰ ਮੈਂ ਫੇਰ ਜਗਾ ਲੈਂਦਾ। ਅਗਾਂਹ, ਚਲ ਕੇ ਮੈਂ ਪੁੱਛਿਆ ਕਈ ਵਾਰੀ, "ਉਦੋਂ ਤੁਹਾਡੇ ਦਿਲ ਵਿਚ ਮੇਰੇ ਬਾਰੇ ਕੀ ਆਇਆ।" ਉਹਨਾਂ ਦਾ ਉੱਤਰ ਹੁੰਦਾ ਸੀ, "ਮਨੁੱਖ ਤਾਂ ਬੜਾ ਪਿਆਰਾ ਹੈ, ਸ਼ੈਦ ਮੇਰਾ ਵੀ ਕਦੇ ਬਣ ਜਾਏ।"

ਡੇਰਾ ਇਸਮਾਈਲ ਖਾਂ ਮੇਰੀ ਨੌਕਰੀ ਲੱਗੀ-30 ਰੁਪਏ ਮਹੀਨਾ ਉਥੇ ਇਕੱਲਤਾ ਵਿਚ ਸੋਚਾਂ ਫੁਰਨ ਲੱਗੀਆਂ ਕਿ ਭਰਾ ਪੜ੍ਹਨ ਵਾਲੇ ਹਨ, ਦੋ ਭੈਣਾਂ ਵਿਆਹੁਣ ਵਾਲੀਆਂ ਹਨ। 30 ਰੁਪਏ ਕੀ ਸੁਆਰਨਗੇ। ਮੈਨੂੰ ਕੁਝ ਹੋਰ ਕਰਨਾ ਚਾਹੀਦਾ ਹੈ। ਇਕ ਸਾਲ ਹੀ ਨੌਕਰੀ ਕੀਤੀ ਤੇ ਸਲਾਹ ਬਣਾਈ, ਰੁੜਕੀ ਓਵਰਸੀਅਰ ਦੇ ਦਾਖਲੇ ਦੀ ਤਿਆਰੀ ਕਰਾਂਗਾ। ਖਰਚ ਬਾਰੇ ਮੈਂ ਸੋਚਿਆ ਕਿ ਘਰ ਉੱਤੇ ਹੋਰ ਭਾਰ ਨਹੀਂ ਪਾਣਾ...

ਆਪਣੀ ਵਹੁਟੀ ਦੇ ਗਹਿਣੇ ਵੇਚ ਲਵਾਂਗਾ, ਪਰ ਉਹਦੀ ਉਮਰ 18 ਸਾਲ ਦੀ ਸੀ, ਉਹਨੂੰ ਮਨਾਵਾਂਗਾ। ਕੀਕਰ ਮੈਂ ਇਕ ਨਾਵਲ ਲਿਖਿਆ ਜਿਹੜਾ 'ਪ੍ਰੀਤਮ' ਦੇ ਸਿਰਲੇਖ ਹੇਠ ਕਹਾਣੀ ਦੇ ਰੂਪ ਵਿਚ 'ਪ੍ਰੀਤ ਲੜੀ' ਵਿਚ ਛਾਪਿਆ। ਨੌਕਰੀ ਛਡ ਦਿੱਤੀ, ਘਰ ਜਾ ਕੇ ਰਾਤੀ ਕਾਹਲ ਇਹੋ ਸੀ ਕਿ ਪਤਨੀ ਨੂੰ ਆਪਣੀ ਲਿਖਾਈ ਸੁਣਵਾਂਗਾ। ਪਤਨੀ ਨੂੰ ਮੇਰੀ ਲਿਖਾਈ ਭਾਰੀ ਲੱਗੀ, ਉਹ ਕਦੇ ਉਘਲਾ ਜਾਏ। ਮੈਂ ਗਿਲਾ ਕੀਤਾ ਉਹਨਾਂ ਜਵਾਬ ਦਿੱਤਾ, "ਤੁਸੀਂ ਡਿੰਗਾ ਭੁਆ ਕੇ ਕਿਉਂ ਨਕ ਨੂੰ ਹੱਥ ਲਾਂਦੇ ਹੋ, ਤੁਹਾਨੂੰ ਮੇਰੇ ਗਹਿਣੇ ਚਾਹੀਦੇ ਹਨ, ਉਹ ਤੁਸੀਂ ਸਵੇਰੇ ਲੈ ਲੈਣੇ।

ਸਵੇਰੇ ਮੈਂ ਮਾਤਾ ਜੀ ਨੂੰ ਆਪਣਾ ਇਰਾਦਾ ਦੱਸਿਆ, ਉਹ ਨਾਰਾਜ਼ ਹੋਏ, "ਸਾਡੀ ਨਵੀਂ ਵਹੁਟੀ ਬੁਚੀ ਫਿਰੇਗੀ।" ਲੋਕ ਕੀ ਆਖਣਗੇ।

ਜਦੋਂ ਮੈਂ ਪਤਨੀ ਨੂੰ ਮਾਤਾ ਜੀ ਦੀ ਗਲ ਦੱਸੀ ਤਾਂ ਉਹ ਝਟ ਕਲਮ ਕਾਗ਼ਜ਼ ਕੱਢ ਕੇ ਲੈ ਆਈ ਤੇ ਲਿਖ ਦਿੱਤਾ, " ਅੱਜ ਤੋਂ ਲੈ ਕੇ ਮੈਂ ਕੋਈ ਗਹਿਣਾ ਸੋਨੇ ਜਾਂ ਚਾਂਦੀ ਦਾ ਅੰਗ ਨਹੀਂ ਲਾਣਾ।" ਇਹ ਲਿਖਤ ਮੈਂ ਮਾਤਾ ਜੀ ਨੂੰ ਦੇ ਕੇ ਆਖਿਆ ਕਿ ਜੇ ਏਸ ਗਹਿਣਾ ਪਾਇਆ ਹੀ ਨਾ ਲੋਕ ਕਿਸ ਤਰ੍ਹਾਂ ਮੰਨਣਗੇ ਕਿ ਅਸਾਂ ਇਹਦੇ ਗਹਿਣੇ ਵੇਚ ਨਹੀਂ ਛਡੇ। ਤੁਸੀਂ ਝੋਲੀ ਵਿਚ ਤਾਂ ਹਰ ਥਾਂ ਪਾ ਕੇ ਖੜੋਗੇ ਨਹੀਂ।

ਉੜਕ ਉਹ ਗਹਿਣੇ ਵੇਚੇ ਗਏ, ਤੇ ਮੈਂ ਰੁੜਕੀ ਵਿਚ ਪੜ੍ਹਿਆ। ਉਥੇ ਮੈਨੂੰ ਹਰਿਦਵਾਰ ਜਾਣ ਦਾ ਇਤਫ਼ਾਕ ਰਿਹਾ। ਸਾਧੂ ਸਵਾਮੀਆਂ ਨਾਲ ਮੇਰੀ ਸੰਗਤ ਹੋ ਗਈ। ਸਵਾਮੀ ਵਿਵੇਕਾ ਨੰਦ, ਸਵਾਮੀ ਰਾਮ ਤੀਰਥ ਪਰਮ ਹੰਸ, ਰਾਮਾ ਕ੍ਰਿਸ਼ਨਾਂ ਤੇ ਭੈਣ ਨਿਵੈਦਿਤਾ ਦਾ ਸਾਹਿਤ ਮੈਂ ਪੜ੍ਹਨ ਲਗ ਪਿਆ। ਰਾਮਾ ਕ੍ਰਿਸ਼ਨ ਜੀ ਆਪਣੀ ਪਤਨੀ ਨੂੰ ਹੁਣ ਮਾਂ ਆਖਣ ਲੱਗ ਪਏ ਸਨ। ਮੈਂ ਵੀ ਉਹਨਾਂ ਦੇ ਪਰਭਾਵ ਹੇਠਾਂ ਆਪਣੀ ਪਤਨੀ ਨੂੰ ਮਾਂ ਆਖਣ ਲੱਗ ਪਿਆ ਪਰ ਏਸ ਅਨੋਖੀ ਬੰਦੀ ਨੇ ਨਾ ਤੇ ਕੋਈ ਬਹਿਸ ਕੀਤੀ ਤੇ ਨਾ ਆਪਣੇ ਘਰਦਿਆ ਤੇ ਨਾ ਮੇਰੇ ਘਰਦਿਆ ਅੱਗੇ ਸ਼ਿਕਾਇਤ ਕੀਤੀ। ਮੈਂ ਇਹਨਾਂ ਨੂੰ ਮਾਤਾ ਸੰਬੋਧਨ ਕਰਦਾ ਰਿਹਾ... ਪਰ ਇਹ ਮੈਨੂੰ ਪਤੀ ਆਖ ਕੇ ਹੀ ਖ਼ਤ ਲਿਖਦੇ ਰਹੇ।

ਰੁੜਕੀ ਪਾਸ ਕਰਦਿਆਂ ਹੀ ਮੈਂ ਸਾਧੂ ਗਿਰੀ ਦਾ ਆਸ਼ਕ ਹੋ ਗਿਆ। ਇਹ ਜੀ ਕੀਤਾ ਕਿ ਪੰਜ ਛੇ ਹਜ਼ਾਰ ਰੁਪਈਆ ਕਮਾ ਕੇ ਭੈਣਾਂ ਭਰਾਵਾਂ ਦੀ ਪੜ੍ਹਾਈ ਤੇ ਵਿਆਹ ਲਈ ਮਾਤਾ ਜੀ ਨੂੰ ਦੇ ਦਿਆ... ਤੇ ਫੇਰ ਰਾਮ ਕ੍ਰਿਸ਼ਨ ਮੱਠ ਵਿਚ ਦਾਖਲ ਹੋ ਜਾਵਾਂ। 1914-18 ਦੀ ਲੜਾਈ ਲੱਗੀ ਹੋਈ ਸੀ ਲੜਾਈ ਵਿਚ ਚਾਰ ਗੁਣਾਂ ਤਨਖਾਹ ਮਿਲਦੀ ਸੀ... ਦੋ ਸਾਲਾਂ ਵਿਚ ਹੀ ਮੇਰਾ ਇਰਾਦਾ ਪੂਰਾ ਹੁੰਦਾ ਜਾਪਿਆ। ਮੈਂ ਭਰਤੀ ਹੋ ਕੇ ਮੈਸੋਪੋਟੇਮੀਆ ਚਲਾ ਗਿਆ। ਉਥੇ ਇਕ ਅਮਰੀਕਨ ਮਿਸ਼ਨਰੀ ਮੇਰੇ ਸਹਾਇਕ ਬਣ ਗਏ। ਉਹਨਾਂ ਕੋਲ ਇਕ ਵੱਡੀ ਲਾਇਬਰੇਰੀ ਸੀ। ਉਹਦੇ ਵਿਚੋਂ ਮੈਂ ਬਾਇਰਨ ਪੜ੍ਹਿਆ, ਇਬਸਨ ਪੜ੍ਹਿਆ, ਵਿੱਟਮੈਨ ਪੜ੍ਹਿਆ, ਹੈਵਲਾਕ ਐਲਸ ਪੜ੍ਹਿਆ। ਮੈਨੂੰ ਆਪਣੀ ਮੂਰਖਤਾ ਦੀ ਸਮਝ ਆਉਣ ਲੱਗ ਪਈ।

ਲੜਾਈ ਮੁੱਕੀ ਮੈਂ ਘਰ ਆ ਕੇ ਪਤਨੀ ਕੋਲੋਂ ਮੁਆਫ਼ੀ ਮੰਗੀ, ਤੇ ਆਪਣਾ ਅਸਲੀ ਰਿਸ਼ਤਾ ਵਾਪਸ ਮੰਗਿਆ। ਉਹਨਾਂ ਮੈਨੂੰ ਕੋਈ ਤਾਅਨਾ ਮਿਹਨਾ ਨਾ ਦਿੱਤਾ, ਮੈਂ ਪੁੱਛਿਆ, ਕਿ ਉਹ ਏਨੇ ਵਰ੍ਹੇ ਮੈਨੂੰ ਕੀ ਸਮਝਦੇ ਰਹੇ ਹਨ। ਉਹਨਾਂ ਦਾ ਜਵਾਬ ਬੜਾ ਸਿੱਧਾ ਤੇ ਸਾਧਾਰਨ ਸੀ, "ਆਪਣਾ ਆਦਮੀ, ਜਿਹੜਾ ਇਕ ਦਿਨ ਜ਼ਰੂਰ ਮੇਰੇ ਕੋਲ ਆਵੇਗਾ।"

ਲੜਾਈ ਵਿਚ ਹੀ ਮੈਂ ਅਮਰੀਕਾ ਪੜ੍ਹਨ ਦਾ ਦਾਖਲਾ ਲੈ ਲਿਆ ਸੀ। ਜਿਹੜੇ ਹਫ਼ਤੇ ਦੇਸ ਰਹਿਣਾ ਸੀ ਮੈਂ ਆਪਣੀ ਪਤਨੀ ਦੇ ਨਾਲ ਚਾਚਾ ਜੀ ਕੋਲ ਗਿਆ। ਉਹਨਾਂ ਦੇ ਬੱਚੇ ਵੀ ਛੁੱਟੀਆਂ ਆਏ ਹੋਏ ਸਨ। ਇਕ ਧੀ ਜਵਾਨ ਸੀ ਤੇ ਉਹਦੇ ਨਾਲ ਉਹਦੀ ਇਕ ਵਿਆਹੀ ਹੋਈ ਸਹੇਲੀ ਵੀ ਸੀ। ਸਭ ਬੱਚੇ ਰਾਤ ਨੂੰ ਮੇਰੇ ਦਵਾਲੇ ਬਹਿ ਕੇ ਕਹਾਣੀਆਂ ਸੁਣਦੇ ਸਨ। ਮੇਰੀ ਜਵਾਨ ਭੈਣ ਮੈਨੂੰ ਬੜਾ ਪਿਆਰ ਕਰਦੀ ਸੀ, ਉਹ ਮੈਨੂੰ ਆਪਣਾ ਹੱਥ ਫੜਾਈ ਰੱਖਦੀ ਸੀ, ਰਾਤ ਹਨੇਰੀ ਸੀ। ਇਕ ਰਾਤ ਮੈਂ ਭੈਣ ਦੇ ਹੱਥ ਦੀ ਥਾਂ ਉਹਨਾਂ ਦੀ ਸਹੇਲੀ ਦਾ ਹੱਥ ਫੜੀ ਰੱਖਿਆ। ਆਦਤ ਅਨੁਸਾਰ ਪਲੋਸਦਾ ਵੀ ਰਿਹਾ। ਮੈਂ ਜਾਤਾ ਉਹ ਭੈਣ ਦਾ ਹੱਥ



ਹੀ ਸੀ। ਏਸ ਦਿਨ ਤੋਂ ਅਗਾਂਹ ਉਸ ਮੁਟਿਆਰ ਨੂੰ ਕੋਈ ਗ਼ਲਤ ਫ਼ਹਿਮੀ ਹੋ ਗਈ। ਉਹਦੀਆਂ ਹਰਕਤਾਂ ਘਰਦਿਆਂ ਨੂੰ ਚੰਗੀਆਂ ਨਾ ਲੱਗਣ।

ਛੁੱਟੀਆਂ ਬੀਤ ਗਈਆਂ, ਮੇਰੀ ਸਰਪਰਸਤੀ ਹੇਠਾਂ ਉਸ ਮੁਟਿਆਰ ਨੂੰ ਘਰ ਤੋਰਨ ਦੀ ਤਿਆਰੀ ਹੋ ਗਈ, ਉਹ ਬੜੀ ਖੁਸ਼ ਸੀ। ਰਾਹ ਵਿਚ ਇਕ ਰੈਸਟ ਹਾਊਸ ਵਿਚ ਰਾਤ ਕੱਟਣੀ ਸੀ। ਛੱਤ ਉੱਤੇ ਵੱਡੀ ਅੰਗੀਠੀ ਦੇ ਇਕ ਪਾਸੇ ਸਾਡੀਆਂ ਦੋ ਮੰਜੀਆਂ ਵਛਾਈਆਂ ਤੇ ਜ਼ਰਾ ਕੁ ਦੂਰ ਅੰਗੀਠੀ ਦੇ ਉਸ ਪਾਰ ਉਸ ਮੁਟਿਆਰ ਦੀ। ਉਹ ਮੇਰੀ ਪਤਨੀ ਦੇ ਮੰਜੇ ਉੱਤੇ ਆ ਕੇ ਕਹਿਣ ਲੱਗੀ ਕੋਈ ਕਹਾਣੀ ਸੁਣਾਓ। ਓੜਕ ਉਸ ਇਜਾਜ਼ਤ ਮੰਗੀ ਕਿ ਮੈਂ ਉਸ ਨੂੰ ਹੇਠਾ ਚਮਨ ਵਿਚ ਫਿਰਾ ਲਿਆਵਾਂ ਕਿਉਂਕਿ ਉਸ ਦਾ ਸਿਰ ਦਰਦ ਕਰਦਾ ਸੀ। ਇਹ ਮੰਗ ਉਹਦੀ ਮੇਰੀ ਪਤਨੀ ਨੇ ਨਾ ਮੰਨੀ... ਪਰ ਏਨਾ ਮੰਨ ਲਿਆ ਮੈਂ ਵਰਾਂਡੇ ਦੀ ਛੱਤ ਉੱਤੇ ਉਹਨੂੰ ਫਿਰਾਂ ਲਿਆਵਾਂ।

ਉਥੇ ਮੈਂ ਉਹਨੂੰ ਪੁੱਛਿਆ ਕਿ ਉਹਦੇ ਏਸ ਵਤੀਰੇ ਦਾ ਕਾਰਨ ਕੀ ਹੈ ਤੇ ਉਸ ਨੇ ਝੁੰਜਲਾ ਕੇ ਆਖਿਆ, "ਤੁਸੀਂ ਹੀ ਹੋ, ਤੁਸੀਂ ਹੀ ਹੋ ਜਿਸ ਇਕ ਦਿਨ ਮੇਰਾ ਹੱਥ ਪਲੋਸ ਪਲੋਸ ਕੇ ਤੁਸਾਂ ਮੈਨੂੰ ਝੱਲਿਆ ਕਰ ਦਿੱਤਾ ਸੀ।" ਮੈਂ ਮਾਫ਼ੀ ਮੰਗੀ ਤੇ ਆਖਿਆ ਕਿ ਉਹ ਅਰਾਮ ਨਾਲ ਆਪਣੀ ਮੰਜੀ ਉੱਤੇ ਜਾ ਸੰਵੇ, ਮੈਂ ਆਪਣੀ ਪਤਨੀ ਕੋਲੋਂ ਆਗਿਆ ਲੈ ਕੇ ਉਹਦੇ ਕੋਲ ਆਵਾਂਗਾ, ਉਹ ਮੰਨ ਗਈ। ਮੈਂ ਆਪਣੀ ਪਤਨੀ ਨੂੰ ਆਖਿਆ ਕਿ ਕੁੜੀ ਦਾ ਦਿਮਾਗ਼ ਖਰਾਬ ਹੋ ਗਿਆ ਹੈ। ਜੇ ਉਹ ਮੰਨਣ ਤਾਂ ਇਕ ਘੰਟੇ ਲਈ ਉਹਦੇ ਬਿਸਤਰੇ ਉੱਤੇ ਜਾਂਦਾ ਤੇ ਉਹਨੂੰ ਸਮਝਾ ਕੇ ਠੀਕ ਕਰ ਦੇਂਦਾ। ਰਾਤ ਪੂਰੀ ਚਾਨਣੀ ਹੈ, ਮੇਰੀ ਪਤਨੀ ਨੂੰ ਕੁੜੀ ਦੀਆਂ ਹਰਕਤਾਂ ਬਿਲਕੁਲ ਪਸੰਦ ਨਹੀਂ ਸਨ ਪਰ ਮੇਰੀ ਅਨੋਖੀ ਪਤਨੀ "ਹਾਂ' ਕਰ ਦਿੱਤੀ। ਇਕ ਘੰਟੇ ਦੀ ਥਾਂ ਮੈਂ ਡੇਢ ਘੰਟਾ ਮੁਟਿਆਰ ਦੇ ਨਾਲ ਰਿਹਾ, ਜੋ ਕੁਝ ਮੈਂ ਉਹਦੇ ਨਾਲ ਕੀਤਾ ਉਹ ਮੇਰੀ ਲਿਖੀ ਕਹਾਣੀ 'ਵਫ਼ਾ' ਵਿਚ ਅੰਕਿਤ ਹੈ। ਪਰ ਏਸ ਵੇਲੇ ਮੈਂ ਤੁਹਾਨੂੰ ਆਪਣੀ ਪਤਨੀ ਦੀ ਅਨੋਖਤਾ ਹੀ ਦਸਣਾ ਚਾਹੁੰਦਾ ਹਾਂ। ਜਦੋਂ ਮੈਂ ਉਹਦੇ ਕੋਲ ਪਹੁੰਚਾ, ਪੂਰਾ ਚੰਨ ਉਹਦੇ ਮੂੰਹ ਉੱਤੇ ਚਮਕ ਰਿਹਾ ਤਾਂ ਉਹ ਪੁਰ ਅਮਨ ਸੁੱਤੀ ਹੋਈ ਸੀ। ਮੈਂ ਬੜਾ ਪਰਭਾਵਤ ਹੋਇਆ ਤੇ ਮੂੰਹ ਚੁੰਮ ਕੇ ਜਗ੍ਹਾ ਕੇ ਪੁੱਛਿਆ, "ਤੁਸਾਂ ਮੂੰਹ ਚੁੱਕ ਕੇ ਵੀ ਨਹੀਂ ਵੇਖਿਆ।"

"ਨਹੀਂ ਮੈਨੂੰ ਪਤਨੀ ਨੂੰ ਮਾਂ ਆਖਣ ਵਾਲੇ ਆਦਮੀ ਉੱਤੇ ਭਰੋਸਾ ਸੀ। ਇਹ ਤਾਂ ਤੁਹਾਡੀ ਭੈਣ ਹੀ ਸੀ।"

ਊਏ ਈ ਮੈਂ ਅਮਰੀਕਾ ਚਲੇ ਗਿਆ... ਪੜ੍ਹਨ ਲਈ। ਮੈਂ ਪਿਆਸੀ ਜਿੰਦੜੀ ਸਾਂ ਉਥੇ ਮੈਨੂੰ ਪਿਆਰ ਭੁੱਖੀਆਂ ਕਈ ਰੂਹਾਂ ਨਾਲ ਵਾਸਤਾ ਪਿਆ। ਮੈਂ ਉਹਨਾਂ ਨੂੰ ਪਿਆਰ ਵੀ ਦਿੱਤਾ ਪਰ ਹਰ ਜ਼ਿਕਰ ਕਰਦਾ ਰਿਹਾ। ਅਮਰ ਪਿਆਰ ਭੁੱਖੇ ਆਦਮੀ ਵੀ ਮੈਨੂੰ ਮਿਲੇ ਪਰ ਇਸਤਰੀਆਂ ਵਿਚ ਪਿਆਰ ਭੁੱਖ ਬਹੁਤ ਸੀ। ਏਸ ਲਈ ਉਹ ਮੇਰੇ ਨੇੜੇ ਬਹੁਤੀਆਂ ਆਈਆਂ, ਹਰ ਇਕ ਦੀ ਪਿਆਰ ਕਹਾਣੀ ਚਾਲੀ ਚਾਲੀ ਪੰਜਾਹ ਪੰਜਾਹ ਸਫ਼ਿਆ ਵਿਚ ਮੈਂ ਪਤਨੀ ਨੂੰ ਲਿਖਦਾ ਰਿਹਾ। ਉਹ ਚਿੱਠੀਆਂ ਉਹਨਾਂ ਨੇ ਖਜ਼ਾਨੇ ਵਾਂਗ ਅੱਜ ਤਕ ਸਾਂਭੀਆਂ ਹੋਈਆਂ ਹਨ। ਪਿਛਲੇ ਸਾਲ ਮੇਰੀ ਛੋਟੀ ਨੂੰਹ ਨੇ ਉਹਨਾਂ ਦੀ ਸੰਦੂਕੜੀ ਵਿਚੋਂ ਦੋ ਫਾਈਲਾਂ ਵਿਚ ਸਾਂਭੀਆਂ। ਮੇਰੀ ਹਰ ਪਿਆਰ ਕਹਾਣੀ ਨੂੰ ਉਹ ਆਪਣੀ ਜ਼ਿੰਦਗੀ ਵਿਚ ਸ਼ਾਮਲ ਕਰਦੇ ਗਏ। ਸਭ ਇਸਤਰੀਆਂ ਦੀਆਂ ਤਸਵੀਰਾਂ ਸਾਂਭ ਕੇ ਰੱਖੀਆਂ। ਜਦੋਂ ਮੈਂ ਅਮਰੀਕਾ ਤੋਂ ਚੋਂਹ ਵਰ੍ਹਿਆ ਬਾਅਦ ਦੇਸ ਮੁੜਿਆ ਤਾਂ ਇਕ ਮੇਰੀ ਇਸਤਰੀ ਸਹੇਲੀ ਨੇ ਇਕ ਪੈਕਟ ਮੈਨੂੰ ਦਿੱਤਾ ਤੇ ਪਿਆਰ ਨਾਲ ਆਖਿਆ।

"ਇਹ ਤੇਰੀ ਅਨੋਖੀ ਪਤਨੀ ਲਈ ਹੈ। ਇਹ ਇਕ ਮਾਲਾ ਹੈ... ਦਿਲ ਦੇ ਲੂਹ ਰੰਗੇ ਲਾਲ ਮਣਕਿਆ ਦੀ ਇਹਨੂੰ ਪੰਦਰਾਂ ਦਿਨ ਆਪਣੀ ਨੰਗੀ ਛਾਤੀ ਉੱਤੇ ਪਹਿਨਿਆ ਹੈ ਮੇਰੇ ਵਲੋਂ ਬੇਨਤੀ ਕਰਨੀ ਕਿ ਉਹ ਵੀ ਪੰਦਰਾਂ ਦਿਨ ਆਪਣੀ ਨੰਗੀ ਛਾਤੀ ਉਤੇ ਪਹਿਨੇ ਤਾਂ ਜੋ ਮੇਰੇ ਦਿਲ ਦੀ ਵੇਦਨਾ ਤੇ ਉਹਨਾਂ ਲਈ ਪ੍ਰਸੰਸਾ ਨੂੰ ਜਾਣ ਸਕਣ।"

ਮੈਂ ਉਹ ਮਾਲਾ ਉਹਨਾਂ ਨੂੰ ਦਿੱਤੀ। ਉਹਨਾਂ ਨੇ ਉਹਨੂੰ ਕਿਸੇ ਰਈਸ ਦਾ ਮਖੌਲ ਸਮਝ ਕੇ ਸੁੱਟ ਵਗਾਇਆ... ਸਗੋਂ ਪੂਰੇ ਪੰਦਰਾਂ ਦਿਨ ਕਮੀਜ਼ ਦੇ ਹੇਠਾਂ ਨੰਗੀ ਛਾਤੀ ਉੱਤੇ ਪਹਿਨੀ ਰੱਖਿਆ ਤੇ ਫੇਰ ਜਦੋਂ ਚਾਂਭਲ ਕੇ ਆਪਣੀ ਸ਼ੇਖੀ ਦੱਸਣ ਲਈ ਕਿਸੇ ਨੂੰ ਵਿਖਾਣ ਲਈ ਮੰਗਿਆ ਤਾਂ ਉਹਨਾਂ ਮੈਨੂੰ ਝਾੜ ਛੱਡਿਆ ਇਹ ਕਹਿ ਕੇ ਕਿ ਉਹ ਤੋਹਫ਼ਾ ਤੁਹਾਡੇ ਲਈ ਨਹੀਂ ਹੈ, ਮੇਰਾ ਹੈ।

ਅਮਰੀਕਾ ਤੋਂ ਆ ਕੇ ਮੈਂ ਦੇਸ਼ ਵਿਚ ਵੀ ਕਈ ਪਿਆਰ... ਭੁੱਖੀਆਂ ਜਿੰਦਾਂ ਨਾਲ ਮਿਲਿਆ। ਇਕ ਸ਼ਹਿਰ ਵਿਚ ਮੇਰੀ ਬਦਲੀ ਹੋਈ ਉਥੇ ਉਸ ਨੌਕਰੀ ਉੱਤੇ ਅਜੇ ਤਕ ਹਮੇਸ਼ਾਂ ਕੋਈ ਅੰਗਰੇਜ਼ ਅਫ਼ਸਰ ਹੀ ਰਿਹਾ ਸੀ। ਸਿੱਖ ਵੀਰ-ਭੈਣ ਮੈਨੂੰ ਮਾਣ ਨਾਲ ਮਿਲਣ ਆਏ। ਇਕ ਜੋੜਾ ਬੜਾ ਹੀ ਹਾਸਿਕ ਤੇ ਪਿਆਰਾ ਸੀ, ਬੀਬੀ ਨੂੰ ਮੈਂ ਗੁਲਾਬ ਦੀ ਅੱਧ ਖਿਲੀ ਕਲੀ ਤੋੜ ਕੇ ਦਿੱਤੀ, ਉਸ ਉੱਤੇ ਕੋਈ ਡੂੰਘਾ ਪਰਭਾਵ ਪੈ ਗਿਆ। ਉਸ ਜੋੜੇ ਨੇ ਮੇਰੇ ਨਾਲ ਦੋਸਤੀ ਗੂਹੜੀ ਕਰ ਲਈ। ਇਕ ਰਾਤ ਉਹ ਮੇਰੇ ਡਰਾਇੰਗ ਰੂਮ ਵਿਚ ਬੈਠੇ ਸਨ ਤੇ ਬੜੇ ਪਿਆਰ ਨਾਲ ਆ ਕੇ ਮੈਨੂੰ ਆਉਂਦੇ ਐਤਵਾਰ ਆਪਣੇ ਘਰ ਦਾਅਵਤ ਉੱਤੇ ਬੁਲਾਇਆ। ਉਹਨੂੰ ਬੜਾ ਮਾਣ ਹੋ ਚੁੱਕਾ ਸੀ ਕਿ ਮੈਂ ਉਹਦੀ ਗੱਲ ਨਹੀਂ ਮੋੜਾਂਗਾ ਪਰ ਮੈਂ ਇਕ ਮਾੜਾ ਜਿਹਾ ਜ਼ਰੂਰੀ ਕੰਮ ਦਸ ਕੇ ਇਨਕਾਰ ਕਰ ਦਿੱਤਾ। ਉਹ ਬੀਬੀ ਅਚਾਨਕ ਉੱਚੀ ਉੱਚੀ ਰੋਣ ਲੱਗ ਪਈ। ਉਹਦਾ ਪਤੀ ਤੇ ਮੈਂ ਦੋਵੇਂ ਹੈਰਾਨ ਹੋ ਗਏ ਪਰ ਮੇਰੀ ਪਤਨੀ ਕਿਸੇ ਬਜ਼ੁਰਗ ਮਾਂ ਵਾਂਗ ਮੈਨੂੰ ਝਾੜਨ ਲਗ ਪਈ, "ਬਿਟਰ ਬਿਟਰ ਵੇਖੀ ਜਾਂਦੇ ਹੋ। ਕੁੜੀ ਨੂੰ ਗਲ ਨਾਲ ਲਾ ਕੇ ਕਿਉਂ ਨਹੀਂ ਆਖਦੇ ਕਿ ਤੁਸੀਂ ਜ਼ਰੂਰ ਉਹਦੇ ਘਰ ਜਾਉਗੇ... ਕੰਮ ਦੀ ਐਸੀ ਤੈਸੀ।"

ਪਰ ਉਸ ਬੀਬੀ ਦਾ ਰੋਣਾ ਨਾ ਥੰਮਿਆ ਗਿਆ। ਬਾਹਰੋਂ ਚੌਂਕੀਦਾਰ ਤੇ ਅਰਦਲੀ ਵੀ ਅੰਦਰ ਆ ਗਏ। ਉਹਨਾਂ ਨੂੰ ਮੇਰੀ ਪਤਨੀ ਜੀ ਨੇ ਵਾਪਸ ਕੀਤਾ ਤੇ ਉਸ ਰਾਤ ਬੀਬੀ ਨੂੰ ਆਪਣੇ ਨਾਲ ਸੁਆਇਆ।

1933 ਵਿਚ 'ਪ੍ਰੀਤ ਲੜੀ' ਸ਼ੁਰੂ ਕਰਨ ਦੇ ਬਾਅਦ ਕਈ ਪਿਆਰਵਾਨ ਰੂਹਾਂ ਮੇਰੀ ਜ਼ਿੰਦਗੀ ਵਿਚ ਆਈਆ। ਇਕ ਪਿਆਰ... ਭੁੱਖੀ ਅਮੀਰ ਵਿਧਵਾ ਨੇ ਮੇਰੀ ਸਾਂਝ ਮੰਗੀ... ਮੈਂ ਉਹਨੂੰ ਕਿਸੇ ਜਲਸੇ ਵਿਚ ਮਿਲਿਆ, "ਉਹਨਾਂ ਬੇ-ਸੰਕੇਤ ਸਭਨਾਂ ਵਿਚ ਮੈਨੂੰ ਜੱਫੀ ਪਾ ਲਈ। ਮੇਰੀ ਪਤਨੀ ਨੇ ਉਹਨਾਂ ਨੂੰ ਆਪਣੇ ਘਰ ਬੁਲਾਇਆ। ਰਿਸ਼ਤਾ ਬੜਾ ਵਧ ਗਿਆ।

ਇਕ ਦਿਨ ਮੇਰੇ ਘਰ ਆਏ ਉਹ ਸਾਰਾ ਦਿਨ ਉਦਾਸ ਜਾਪੇ। ਰਾਤੀ ਦੋ ਵੱਖਰਿਆ ਕਮਰਿਆ ਵਿਚ ਅਸੀਂ ਸੁੱਤੇ ਸਾਂ। ਮੈਂ ਆਪਣੀ ਪਤਨੀ ਕੋਲੋਂ ਇਜ਼ਾਜਤ ਮੰਗੀ ਕਿ ਮੈਂ ਥੋੜ੍ਹੀ ਦੇਰ ਉਹਦੇ ਕੋਲ ਜਾਵਾਂ ਤੇ ਆਖਾਂ, "ਮੈਂ ਪਤਨੀ ਦੀ ਇਜਾਜ਼ਤ ਨਾਲ ਆਇਆ ਹਾਂ। ਇਜਾਜ਼ਤ ਮਿਲ ਗਈ ਪਰ ਜਦੋਂ ਮੈਂ ਉਦਾਸ ਬੀਬੀ ਦਾ ਮੱਥਾ ਚੁੰਮ ਕੇ ਜਗਾਇਆ ਤਾਂ ਉਹ ਉਬੜਵਾਹੇ ਉੱਠ ਬੈਠੀ। "ਤੁਸੀਂ ਚਲੇ ਜਾਓ, ਭਾਬੀ ਜੀ ਕੀ ਆਖਣਗੇ?" "ਮੈਂ ਉਹਨਾਂ ਦੀ ਇਜਾਜ਼ਤ ਨਾਲ ਆਇਆ ਹਾਂ।"

"ਨਹੀਂ ਨਹੀਂ ਮੈਂ ਪਿਆਰ ਤੁਹਾਨੂੰ ਭਾਵੇਂ ਬੜਾ ਕਰਦੀ ਹਾਂ ਪਰ ਇੱਜ਼ਤ ਭਾਬੀ ਜੀ ਦੀ ਮੇਰੇ ਦਿਲ ਵਿਚ ਤੁਹਾਡੇ ਨਾਲੋਂ ਬਹੁਤੀ ਹੈ। ਮੈਂ ਉਹਨਾਂ ਦਾ ਕੋਈ ਸ਼ੰਕਾ ਨਹੀਂ ਸਹਾਰ ਸਕਦੀ।"

ਮੈਂ ਮੁੜਦੀ ਪੈਰੀਂ ਚਲਾ ਆਇਆ ਤੇ ਪਤਨੀ ਨੂੰ ਦੱਸਿਆ ਤਾਂ ਉਹ ਬੋਲੇ , "ਅੱਗੇ ਮੈਂ ਉਹਨੂੰ ਭੈਣ ਸਮਝਦੀ ਸਾਂ ਕੱਲ ਤੋਂ ਮੈਂ ਉਹਨੂੰ ਆਪਣੀ ਧੀ ਸਮਝਾਂਗੀ।"

ਮੈਂ ਆਪਣੀ ਇਕ ਅਮਰੀਕਨ ਇਸਤਰੀ ਦੋਸਤ ਨੂੰ ਲਿਖਿਆ ਕਿ ਉਹ ਮੈਨੂੰ ਉਸ ਉਮਰ ਦੀ ਫੋਟੋ ਭੇਜੇ ਜਦੋਂ ਮੈਂ ਤੇ ਉਹ ਮਿਲੇ ਸਾਂ। ਉਸਨੇ ਭੇਜ ਦਿੱਤੀ। ਮੈਂ ਜਦੋਂ ਪਤਨੀ ਜੀ ਨੂੰ ਵਖਾਈ ਤਾਂ ਉਹ ਹੱਸ ਕੇ ਬੋਲੇ, "ਤੁਸੀਂ ਐਵੇਂ ਐਲਿਜ਼ੀ ਨੂੰ ਤਕਲੀਫ਼ ਦਿੱਤੀ ਇਹ ਤਸਵੀਰ ਜਦੋਂ ਅਮਰੀਕਾ ਤੋਂ ਆਏ ਸੋ ਤੁਸਾਂ ਮੈਨੂੰ ਸਾਂਭਣ ਲਈ ਕਈ ਹੋਰ ਤਸਵੀਰਾਂ ਦੇ ਨਾਲ ਦਿੱਤੀ ਸੀ।"

ਏਸ ਮੇਰੀ ਦੋਸਤ ਦੀ ਉਮਰ ਹੁਣ 86 ਸਾਲ ਦੀ ਹੋ ਗਈ ਹੈ। ਏਸੇ ਨੇ ਆਖਿਆ ਕਿ ਮੇਰੀ ਬੜੀ ਰੀਝ ਹੈ ਮੈਂ ਮਰਨ ਤੋਂ ਪਹਿਲਾਂ ਗੁਰਬਖ਼ਸ ਨੂੰ ਮਿਲ ਲਵਾਂ। ਮੈਂ ਪਤਨੀ ਕੋਲੋਂ ਆਗਿਆ ਮੰਗੀ ਹਾਲਾਂਕਿ ਉਨ੍ਹਾਂ ਨੂੰ



ਵੀ ਆਪਣੀ ਵੱਡੀ ਧੀ ਦੀ ਏਸ ਉਮਰੇ ਬੜੀ ਲੋੜ ਹੈ, ਤੇ ਉਮਾ ਮੈਨੂੰ ਇਕੱਲਿਆ ਬਾਹਰ ਜਾਣ ਨਹੀਂ ਦੇਂਦੀ।

ਤਦ ਵੀ ਉਹਨਾਂ ਸਾਨੂੰ ਜਾਣ ਦੀ ਇਜਾਜ਼ਤ ਦੇ ਦਿੱਤੀ, ਸਿਰਫ਼ ਆਪਣੇ ਪਤੀ ਦੀ ਇਕ ਗ਼ੈਰ ਇਸਤਰੀ ਨੂੰ ਆਪ ਆਖਿਆ ਮਿਲਣ ਜਾਣ ਤੇ ਐਲਿਜ਼ੀ ਜਦੋਂ ਮੈਨੂੰ ਮਿਲੀ, ਉਸ ਪਹਿਲੀ ਗੱਲ ਇਹ ਆਖੀ, "ਤੇਰੀ ਪਤਨੀ ਦੇ ਸਦਕੇ ਜਾਂਦੀ ਹਾਂ।"

ਮੇਰੀ ਪਤਨੀ ਇਕ ਸਨਾਤਨ ਸਿੱਖਾਂ ਦੇ ਟੱਬਰ ਵਿਚੋਂ ਆਈ ਸੀ। ਜਿੱਥੇ ਹਰ ਤਰ੍ਹਾਂ ਦੇ ਵਹਿਮ ਪਰਚੱਲਤ ਸਨ, ਸ਼ਰਾਬ, ਨਰਾਤੇ, ਥਿਤ ਵਾਰ, ਲਹਿੰਦਾ ਚੜ੍ਹਦਾ। ਪਰ ਮੇਰੀ ਸਿੱਖਿਆ ਉਹਨਾਂ ਏਸ ਤਰ੍ਹਾਂ ਪੱਲੇ ਬੱਧੀ, ਕਿ ਮੈਂ ਭਾਵੇਂ ਕਿਸੇ ਵੇਲੇ ਫ਼ਿਸਲ ਗਿਆ ਹੋਵਾਂ, ਉਹ ਪਹਾੜ ਵਾਂਗ ਦਰਿੜ ਰਹੇ। ਕੋਈ ਰਸਮ ਕਦੇ ਨਹੀਂ ਕੀਤੀ, ਕੋਈ ਕਿਸੇ ਦਿਨ ਦਿਹਾਰ ਉਚੇਚਾ ਨਹੀਂ ਕੀਤਾ। ਕੋਈ ਕਰਵਾ ਚੌਥ ਨਹੀਂ ਰੱਖਿਆ, ਸੋਨੇ ਦਾ ਕੋਈ ਬਟਨ ਨਹੀਂ ਲਾਇਆ।

ਮੇਰੀ ਇਹ ਆਖੀ 'ਪ੍ਰੀਤ ਲੜੀ' ਵਿਚ ਕਈਆਂ ਨੇ ਅਪਣਾਈ ਤੇ ਮੇਰੀ ਤਾਰੀਫ਼ ਕੀਤੀ.. ਕਿ "ਕਦੇ ਕੋਈ ਆਖਰ ਨਹੀਂ ਆ ਸਕਦੀ।" ਪਰ ਮੈਨੂੰ ਕਈ ਵਾਰੀ ਜ਼ਿੰਦਗੀ ਵਿਚ ਆਖਰ ਆਈ ਮਹਿਸੂਸ ਹੋਈ। ਮੈਂ ਡੋਲਿਆ ਵੀ ਆਪਣਾ ਫਲਸਫ਼ਾ ਵੀ ਭੁੱਲ ਗਿਆ। ਪਰ ਮੇਰੀ ਸ਼ੇਰ ਦਿਲ ਪਤਨੀ ਕਦੇ ਨਹੀਂ ਡੋਲੀ, ਤੇ ਸਦਾ ਮੈਨੂੰ ਬਾਹਾਂ ਵਿਚ ਲੈ ਕੇ ਮੇਰੀ ਆਖੀ ਮੈਨੂੰ ਯਾਦ ਕਰਾਈ ਕਿ ਕੋਈ ਆਖਰ ਅਜੇ ਤਕ ਆਈ ਨਹੀਂ ਹੁਣ ਵੀ ਆਉਣੀ ਨਹੀਂ ਤਕੜੇ ਹੋਵੋ।

ਮੈਂ ਕਈ ਰਸਮਾਂ ਤੋੜੀਆਂ, ਪਰ ਕਦੇ ਕਦੇ ਮੈਂ ਵੇਲਾ ਟਪਾਣ ਲਈ ਕਿਸੇ ਲਈ ਤਿਆਰ ਹੋ ਵੀ ਜਾਂਦਾ, ਪਰ ਮੇਰੀ ਪਤਨੀ ਸਦਾ ਦ੍ਰਿੜ ਰਹੀ, ਤੇ ਮੇਰੇ ਕੋਲੋਂ ਮੰਗ ਮਨਾ ਲਈ। ਉਹਨਾਂ ਦੀ ਮੌਤ ਉੱਤੇ ਕੋਈ ਰਸਮ ਨਹੀਂ ਕੀਤੀ ਜਾਵੇਗੀ। ਕੋਈ ਅਰਦਾਸ ਨਾ ਕੀਤੀ ਜਾਵੇ... ਕਿਉਂਕਿ ਮੇਰੀਆਂ ਅਰਦਾਸਾਂ ਸਭ ਸੁਣੀਆਂ ਗਈਆਂ ਹਨ, ਅਖੀਰਲੀ ਵੀ ਸੁਣੀ ਗਈ... ਕਿ ਤੁਸੀਂ ਮੇਰੇ ਕੋਲ ਆ ਗਏ।

ਉਹ ਇਕ ਅਨੋਖੀ ਜੀਵਨ ਮੁਕਤ ਇਸਤਰੀ ਸਨ। ਉਹਨਾਂ ਨੂੰ ਨਰਕ ਦਾ ਡਰ ਨਹੀਂ ਸੀ। ਸਵਰਗ ਦੀ ਕੋਈ ਚਾਹ ਨਹੀਂ ਸੀ। ਕਦੇ ਉਹਨਾਂ ਮੇਰੇ ਪੈਸੇ ਵੱਲੋਂ ਨਹੀਂ ਪੁੱਛਿਆ, ਕਦੇ ਜਾਇਦਾਦ ਨਹੀਂ ਜਾਣੀ, ਕੋਈ ਹਸਰਤ ਨਹੀਂ ਦੱਸੀ। ਕੋਈ ਭੋਗ ਪਾਠ ਨਹੀਂ ਚਾਹਿਆ। ਉਹ ਕਹਿੰਦੇ ਸਨ, "ਮੇਰਾ ਸਾਰਾ ਜੀਵਨ ਨਿਰਮਾਣ ਜਿਹੇ ਕੰਮਾਂ ਨਾਲ ਭਰਿਆ ਸਿਮਰਨ ਹੈ।"

ਉਹ ਸਾਰੀ ਉਮਰ ਤੰਦਰੁਸਤ ਰਹੇ, ਸਭ ਤੋਂ ਪਹਿਲਾਂ ਜਾਗਦੇ, ਸਭ ਤੋਂ ਪਹਿਲਾਂ ਉੱਠਦੇ। ਆਪਣੇ ਕੱਪੜੇ ਤੇ ਮੇਰੀ ਕਛ, ਬਨੈਣ ਹਮੇਸ਼ਾਂ ਆਪ ਧੋਂਦੇ। ਨਾ ਮੈਨੂੰ ਤੇ ਨਾ ਕਿਸੇ ਹੋਰ ਨੂੰ ਧੋਂਣ ਦੇਂਦੇ। ਸਿਰਫ 1971 ਦੇ ਅਖੀਰ ਵਿਚ ਆਪਣੇ ਪਰਮ ਸਨੇਹੀ ਸ. ਨਾਨਕ ਸਿੰਘ ਜੀ ਦੇ ਮਿਰਤਕ ਸਰੀਰ ਦੀ ਹਾਜ਼ਰੀ ਵਿਚ ਦਸੰਬਰ ਦੀ ਸਾਰੀ ਰਾਤ ਜਾਗਦਿਆਂ ਬੈਠੇ ਰਹਿਣ ਕਰਕੇ ਉਹਨਾਂ ਨੂੰ ਸਾਹ ਦੀ ਤਕਲੀਫ਼ ਹੋ ਗਈ। ਉਹਦਾ ਹਮਲਾ ਪਿਛਲੇ ਮਹੀਨੇ ਹੋ ਗਿਆ। ਡਾਕਟਰ ਉਸ ਦੀ ਗੰਭੀਰਤਾ ਜਾਂਚ ਨਾ ਸਕੇ, ਤੇ ਸੱਤਾਂ ਦਿਨਾਂ ਵਿਚ ਸਭ ਇਲਾਜ਼ ਦੇ ਬਾਵਜੂਦ ਉਹ ਆਰਾਮ ਨਾਲ ਆਖਰੀ ਸਾਹ ਲੈਂਦਿਆ ਅਡੋਲ ਹੋ ਗਏ।

ਉਹ ਸਿਰਫ ਮੇਰੀ ਪਤਨੀ ਹੀ ਨਹੀਂ ਸਨ, ਮੇਰੀ ਮਾਂ ਵੀ ਸਨ, ਮੇਰੀ ਸਹੇਲੀ ਮੇਰਾ ਰਾਹਨੁਮਾ ਫ਼ਰਿਸਤਾ ਵੀ ਸਨ।

ਤੁਸੀਂ ਅੱਜ ਮੈਨੂੰ ਮੇਰੇ ਉਮਰ ਭਰ ਦੇ ਫ਼ਲਸਫ਼ੇ ਤੋਂ ਥਿੜਕਿਆ ਵੇਖ ਰਹੇ ਹੋ। ਮੇਰੀ ਕੋਈ ਚੀਜ਼ ਨਹੀਂ ਗੁਆਚੀ, ਮੇਰਾ ਚੰਗਾ ਅਧ ਮੇਰੇ ਨਾਲੋਂ ਟੁੱਟ ਗਿਆ ਹੈ... ਟੁੱਟੇ ਥਾਂ ਤੋਂ ਪਾਣੀ ਸਿਮਦਾ ਮੈਂ ਰੋਕ ਨਹੀਂ ਸਕਦਾ... ਮੈਨੂੰ ਖਿਮਾਂ ਕਰ ਦੇਣਾ।

ਤੁਹਾਡੇ ਆਉਣ ਤੇ ਏਸ ਤਰ੍ਹਾਂ ਦਰਦ ਵੰਡਾਣ ਨੇ ਮੈਨੂੰ ਬੜਾ ਹੌਸਲਾ ਦੇ ਦਿੱਤਾ ਹੈ-

ਮੈਂ ਸਭ ਭੈਣਾਂ ਤੇ ਭਰਾਵਾਂ ਦਾ ਅੱਥਰੂ ਭਿੱਜਿਆ ਧੰਨਵਾਦ ਕਰਦਾ ਹਾਂ... ਤੁਹਾਡੀ ਬੜੀ ਮਿਹਰਬਾਨੀ!

**-ਗੁਰਬਖ਼ਸ਼ ਸਿੰਘ** (**ਪ੍ਰੀਤਲੜੀ**)

*(ਅਜਮੇਰ ਸਿੱਧੂ 1994 ਤੋਂ 2007 ਤੱਕ 'ਨਵਾਂ ਜ਼ਮਾਨਾ' ਵਿਚ 'ਇਤਿਹਾਸ ਦੀਆਂ ਪੈੜਾਂ' ਕਾਲਮ ਲਿਖਦਾ ਰਿਹਾ ਏ। ਲਹੌਰ ਦੀ ਮਸ਼ਹੂਰ ਕਥਾਕਾਰ ਤੇ ਕਾਲਮ ਨਵੀਸ ਪ੍ਰੋ. ਅ.ਫ਼ਜ਼ਲ ਤੌਸੀ.ਫ ਦਾ ਜੱਦੀ ਪਿੰਡ ਸਿੰਬਲੀ (ਹੁਸ਼ਿਆਰਪੁਰ) ਏ। ਉਸ ਨੇ ਇਤਿਹਾਸ ਦੀਆਂ ਪੈੜਾਂ' ਕਾਲਮ ਲਈ ਉਸ ਨੂੰ ਕੁਝ ਸਵਾਲ ਕੀਤੇ ਸਨ। ਉਨ੍ਹਾਂ ਨੇ 1996 ਦੇ ਕਿਸੇ ਮਹੀਨੇ ਅਜਮੇਰ ਨੂੰ ਇਲਿਆਸ ਘੁੰਮਣ ਤੋਂ ਲਿਖਵਾ ਕੇ ਇਕ .ਖ਼ਤ ਲਿਖਿਆ। ਕਿਉਂਕਿ ਉਹਨੂੰ ਗੁਰਮੁੱਖੀ ਨਹੀਂ ਆਉਂਦੀ, ਉਪਰੰਤ ਉਸ ਨੇ ਸਿੰਬਲੀ ਪਿੰਡ ਦੇ ਵਸਣ ਦੀ ਕਹਾਣੀ, ਉੱਥੋਂ ਦੇ ਦੇਸ਼ ਭਗਤ ਅਤੇ ਸੰਤਾਲੀ ਦੇ ਕਤਲੇਆਮ ਬਾਰੇ ਲਿਖਿਆ। ਜਿਸ ਵਿਚ 250 ਮੁਸਲਮਾਨਾਂ ਨੂੰ ਸਿੱਖਾਂ ਅਤੇ ਹਿੰਦੂਆਂ ਦੇ ਜਥੇ ਨੇ ਕਤਲ ਕਰ ਦਿੱਤਾ ਸੀ। ਉਸ ਵੇਲੇ ਦੇ ਗੜ੍ਹਸ਼ੰਕਰ ਦੇ ਥਾਣੇਦਾਰ ਸਰਦਾਰੀ ਲਾਲ ਨੇ 101 ਕਤਲ ਰਜਿਸਟਰ ਵਿਚ ਦਰਜ ਕੀਤੇ ਸਨ। ਇਹ ਸਾਰਾ ਦੁਖਾਂਤ ਅਜਮੇਰ ਨੇ ਲਿਖਿਆ। ਉਪਰੰਤ ਇਲਿਆਸ ਘੁੰਮਣ ਨੇ 'ਰਵੇਲ' ਪਰਚੇ ਵਿਚ ਲਿੱਪੀਅੰਤਰ ਕਰਕੇ ਛਾਪਿਆ ਤੇ ਤੌਸੀ.ਫ ਨੇ ਜਦੋਂ ਉਹ ਪੜ੍ਹਿਆ ਤਾਂ ਉਸ ਨੇ ਅਜਮੇਰ ਸਿੱਧੂ ਨੂੰ ਦੂਜਾ .ਖ਼ਤ ਲਿਖਿਆ ਜੋ ਰਵੇਲ ਵਿੱਚ ਹੀ ਛਪਿਆ ਸੀ। ਤੇ ਅਜਮੇਰ ਦੇ ਯਤਨਾ ਨਾਲ ਅ.ਫ਼ਜ਼ਲ ਤਿੰਨ ਵਾਰ ਸਿੰਬਲੀ ਵੀ ਆਈ। ਇਨ੍ਹਾਂ ਦੋ ਇਤਿਹਾਸਕ .ਖ਼ਤਾਂ ਨੂੰ ਅਸੀਂ ਛਾਪ ਰਹੇ ਹਾਂ)*

**ਅ.ਫ਼ਜ਼ਲ ਤੌਸੀ.ਫ ਦੇ ਦੋ .ਖ਼ਤ ਅਜਮੇਰ ਸਿੱਧੂ ਦੇ ਵੱਲ**

ਅਜਮੇਰ ਸਿੱਧੂ!!

ਤੂੰ ਮੇਰੇ ਕਬੀਲੇ ਦਾ ਬੰਦਾ ਲਗਦਾ ਏਂ। ਤੇਰੀ ਚਿੱਠੀ ਮਿਲੀ, ਪੜ੍ਹ ਕੇ ਲੱਗਾ ਜਿਵੇਂ ਪੁਰਾਣੀ ਤੇ ਵਿਚਕਾਰ ਵਾਲੀ ਪੀੜ੍ਹੀ ਦੀ ਪੀੜ ਨਵੀਂ ਪੀੜ੍ਹੀ ਦੇ ਹੱਸਾਸ ਲੋਕਾਂ ਨੂੰ ਮਿਲ ਗਈ ਹੋਵੇ। ਹੁਣ ਤੂੰ ਉਨ੍ਹਾਂ ਲੋਕਾਂ ਦੀ ਖੋਜ ਕਰ ਰਿਹਾਂ ਜੋ ਵੰਡ ਤੋਂ ਪਹਿਲਾਂ ਤੇਰੇ ਪਾਸੇ ਵਸਦੇ ਸੀ, ਫਿਰ ਖ਼ਬਰੇ ਕੀ ਹੋਇਆ, ਉਹ ਰਾਤੋ-ਰਾਤ ਕੱਢੇ-ਵੱਢੇ ਗਏ।

ਅੱਜ ਪਿੰਡ ਸਿੰਬਲੀ ਵਿੱਚ ਮੈਨੂੰ ਕੋਈ ਨਹੀਂ ਜਾਣਦਾ? ਵੀਰਾ! ਤੂੰ ਸਮੇਂ ਦੀ ਵਿੱਥ ਨਹੀਂ ਮਿਲਾ ਸਕਿਆ। ਅਗਲੇ ਸਾਲ ਅੱਧੀ ਸਦੀ ਹੋ ਜਾਣੀ ਏ। ਮੈਂ ਤੇ ਨਿੱਕੀ ਜਿਹੀ ਬਾਲੜੀ ਸਾਂ, ਪਰ ਮੇਰੇ ਵਡਾਰੂ ਉਸ ਪਿੰਡ ਵਿੱਚ ਜ਼ਮੀਨਾਂ-ਮਕਾਨਾਂ ਦੇ ਮਾਲਕ, ਬੜੇ ਖ਼ਰੇ ਖੜਕਦੇ ਰਾਜਪੂਤ ਸਿਗੇ। ਸੱਤਾਂ ਪੀੜ੍ਹੀਆਂ ਤੋਂ ਖ਼ਬਰੇ ਜ਼ਿਆਦਾ, ਉਥੇ ਵਸਦੇ ਰਹੇ। ਪਿੰਡ ਤੋਂ ਬਾਹਰਵਾਰ ਉਨ੍ਹਾਂ ਦੀ ਹਵੇਲੀ ਸਿਗੀ। ਅੰਦਰ ਅਕਬਰਸ਼ਾਹੀ ਇੱਟਾ ਦਾ ਚੁਬਾਰਿਆਂ ਵਾਲਾ ਮਕਾਨ। ਤੂੰ ਕਿਸੇ ਸਿਆਣੇ ਬੰਦੇ ਕੋਲੋਂ ਚੌਧਰੀ ਨਿਆਮਤ ਖ਼ਾਂ ਦਾ ਨਾਂਅ ਪੁੱਛ ਕੇ ਦੇਖ, ਉਹ ਮੇਰਾ ਤਾਇਆ ਸੀ। ਮੇਰੇ ਵਾਲਿਦ ਦਾ ਨਾਂਅ ਚੌਧਰੀ ਮਹਿੰਦੀ ਖ਼ਾਂ ਸੀ ਅਤੇ ਦਾਦੇ ਦਾ ਨਾਂਅ ਚੌਧਰੀ ਗੁਲਾਮ ਗੌਸ। ਲੀਕੜ ਖ਼ਾਂ ਸਾਡੇ ਇਕ ਹੋਰ ਬਜ਼ੁਰਗ ਸਿਗੇ। ਵੱਡੇ ਖੂਹ ਨੇੜੇ ਮੁਹੱਲਾ ਖਾਸ ਵਿੱਚ ਸਾਡਾ ਘਰ ਸੀ। ਚੰਗੀ ਜ਼ਮੀਨ ਦੇ ਮਾਲ ਸੀ, ਕੜਾਹੇ ਵੀ ਕਹਾਉਂਦੇ ਸਨ। ਪਿਛਲੇ ਦਿਨੀਂ ਰਸ਼ੀਦ ਸਰਾਭਾ (ਲੰਡਨ ਵਿੱਚ ਰਹਿੰਦਾ ਏ) ਕਦੇ ਕਦੇ ਹਿੰਦੁਸਤਾਨ ਜਾਂਦੈ, ਉਸ ਨੇ (ਸਿੰਬਲੀ) ਜਾ ਕੇ ਮੇਰੇ ਖ਼ਾਨਦਾਨ ਬਾਰੇ ਪੁੱਛਿਆ ਤਾਂ ਉਹਨੂੰ ਕਈ ਜਾਨਣ ਵਾਲੇ ਮਿਲ ਗਏ।

ਤੂੰ ਕਾਫੀ ਸਵਾਲ ਪੁੱਛੇ ਨੇ। ਮੈਨੂੰ ਆਪਣੇ ਬਾਲਪਨ ਦੀਆਂ ਯਾਦਾਂ Haunt ਕਰਦੀਆਂ ਨੇ ਮੇਰੇ ਕੁਝ ਬਜ਼ੁਰਗ, ਜੋ ਬਚ ਕੇ ਆਏ, ਹਰ ਵੇਲੇ ਪਿਛਲੀਆਂ ਗੱਲਾਂ ਕਰਦੇ ਰਹਿੰਦੇ ਸੀ। ਮੇਰਾ ਇਕ ਤਾਇਆ ਕੱਲਾ ਹੀ ਬਚਿਆ ਸੀ। ਅਖੀਰ ਵੇਲੇ ਇਥੋਂ ਦਾ ਸਭ ਕੁਝ ਭੁੱਲ ਕੇ ਉਹ ਸਿੰਬਲੀ ਚਲਾ ਗਿਆ (ਮਾਨਸਿਕ ਤੌਰ 'ਤੇ) ਪੰਜਾਬ ਵੰਡਿਆ ਗਿਆ ਤਾਂ ਸਾਡਾ ਘਰ ਲਹੂ-ਲਾਸ਼ਾਂ ਨਾਲ ਭਰ ਗਿਆ। ਘਰ ਦੇ ਬਾਰਾਂ ਬੰਦੇ, ਵੱਡੇ ਬੱਚੇ ਕਤਲ ਹੋਏ, ਮੇਰਾ ਸ਼ਾਨਦਾਰ ਤਾਇਆ ਸਿਆਮਤ, ਉਹਦੇ ਟੱਬਰ ਦੇ ਸਾਰੇ ਜੀ। ਮੇਰੀ ਦਾਦੀ, ਮੇਰੇ ਦੂਜੇ ਤਾਏ ਦਾ ਟੱਬਰ। ਨਾਲ ਦੇ ਘਰ ਵਿੱਚ ਚਾਚਾ ਸੁਝਾਲ ਆਪਣੇ ਟੱਬਰ ਸਣੇ। ਮੇਰੇ ਤਾਏ ਦੀ ਧੀ ਭੈਣ



ਸਦੀਕਣ ਲਾ ਕੇ ਆਈ, ਪੂਰੇ ਤਿੰਨ ਸਾਲ ਰੋਂਦੀ ਰਹੀ, ਅਖੀਰ ਮਰ ਗਈ।

ਬਾਕੀ ਰਹੀ ਮੇਰੇ ਨਾਨਕੇ ਪਿੰਡ ਦੀ ਗੱਲ, ਬੜੀ ਕੌਮ (ਕੌਮ ਕਲਾਂ) ਤੇ ਛੋਟੀ ਕੌਮ ਦੇ ਜੁੜਵਾਂ ਪਿੰਡ ਸਨ। ਜ਼ਿਲ੍ਹਾ ਲੁਧਿਆਣਾ ਲਗਦਾ ਸੀ। ਉਸ ਪਿੰਡ ਵਿੱਚ ਸਾਰੇ ਮੁਸਲਮਾਨ ਹੀ ਵਸਦੇ ਸੀ, ਬਸ ਇਕ ਘਰ ਮੰਗਲਾ ਤਰਖਾਣੀ ਦਾ ਸੀ। ਉਥੋਂ ਅੱਜ ਵੀ ਕੋਠੀ ਰਾਣਾ ਸਬੀਰ ਦੀ ਕੋਠੀ ਕਹਾਉਂਦੀ ਏ, ਇਹ ਮੇਰੇ ਮਾਮਿਆਂ ਦੀ ਕੋਠੀ ਸੀ। ਮੇਰੇ ਨਾਨਕੇ ਬਚ ਕੇ ਨਿਕਲ ਆਏ ਸੀ। ਇਥੇ ਟੋਬਾ ਟੇਕ ਸਿੰਘ ਲਾਗੇ ਇਕ ਚੱਕ ਰਹਿੰਦੇ ਨੇ। ਇਹ ਚੱਕ ਨਾਗਰਾ, ਸਿੱਖਾਂ ਦਾ ਚੱਕ ਸੀ। ਮੇਰੇ ਕੋਲ ਇਕ ਦਰੀ ਏ, ਜਿਹਦੇ 'ਤੇ 'ਗੁਰਬਚਨ ਸਿੰਘ' ਲਿਖਿਆ ਹੋਇਆ ਹਾਲੇ ਮਿਟਿਆ ਨਹੀਂ।

ਬੜੇ ਬੜੇ ਕਿੱਸੇ ਨੇ। ਵੰਡ ਵੇਲੇ ਦੀ ਪੀੜ੍ਹੀ ਹੁਣ ਮੁੱਕ ਰਹੀ ਏ, ਬਸ ਲਿਖਿਆ ਹੋਇਆ ਈ ਰਹਿ ਜਾਣਾ ਏ। ਇਸ ਲਈ ਇਤਿਹਾਸ ਦੀ ਟਰੈਜ਼ਿਡੀ ਜ਼ਰੂਰ ਲਿਖੀ ਜਾਣੀ ਚਾਹੀਦੀ ਏ।

ਤੇਰੀ ਭੈਣ,

**ਅ.ਫ਼ਜ਼ਲ ਤੌਸੀ.ਫ, ਲਾਹੌਰ।**

ਅਜਬ ਗੱਲ ਏ ਅਜਮੇਰ ਸਿੱਧੂ ਨੇ ਮੈਨੂੰ ਖ਼ਤ ਲਿਖਿਆ। ਮੇਰੇ ਜੱਦੀ ਪਿੰਡ ਸਿੰਬਲੀ ਬਾਰੇ ਤੇ ਮੇਰੇ ਖ਼ਾਨਦਾਨ ਬਾਰੇ ਪੁੱਛ ਪ੍ਰਤੀਤ ਕੀਤੀ। ਕਿਉਂ ਜੇ ਉਹ ਸਿੰਬਲੀ ਦੇ ਬਹੁਤ ਨੇੜੇ ਨਵਾਂ ਸ਼ਹਿਰ ਵਿੱਚ ਰਹਿੰਦਾ ਪਿਆ ਏ। ਤੇ ਪੰਜਾਬੀ ਅਖ਼ਬਾਰ 'ਨਵਾਂ ਜ਼ਮਾਨਾ' ਵਿੱਚ ਇਤਿਹਾਸ ਦੀਆਂ ਪੈੜਾਂ' ਕਾਲਮ ਲਿਖਦਾ ਏ। ਇਤਿਹਾਸ ਦੀਆਂ ਪੈੜਾਂ (ਨਕਸ਼ੇ ਕਦੀਮ) ਤਾਂ ਹੁੰਦੀਆਂ ਨੇਂ ਪਰ ਪੀੜਾਂ (ਦਰਦ) ਵੀ ਹੁੰਦੀਆਂ। ਪੰਜਾਬ ਦੇ ਇਤਿਹਾਸ ਵਿੱਚ ਬੜੇ ਬੜੇ ਦਰਦ ਭਰੇ ਹੋਏ ਨੇਂ। ਏਸ ਪੀੜ ਨੇ ਸਦੀਆਂ ਦੇ ਇਤਿਹਾਸ ਵਿੱਚ ਕਿੰਨੀਆਂ ਪੀੜ੍ਹੀਆਂ ਨੇ ਹੰਢਾਇਆ? ਪਹਿਲੀ ਪੀੜ੍ਹੀ ਕੌਣ ਸੀ? ਮੋਹਿੰਜੋਦਾੜੋ ਵਾਲੇ ਕਿ ਹੜੱਪਾ ਵਾਲੇ? ਅਖੀਰੀ ਪੀੜ੍ਹੀ ਕੌਣ ਜਾਣੇ। ਅੰਤ ਦੀ ਗੱਲ ਕਿਸੇ ਨੂੰ ਪਤਾ ਨਹੀਂ ਪਰ ਇਤਿਹਾਸ ਦੀ ਗੱਲ ਆਪਣੀ ਗੱਲ ਨਾਲ ਰਲ਼ਦੀ ਹੋਵੇ ਤਾਂ ਸਮਝ ਵਿੱਚ ਆਵਣ ਲੱਗ ਜਾਂਦੀ ਏ।

ਵੀਹਵੀਂ ਸਦੀ ਵਿੱਚ ਆ ਕੇ ਪੰਜਾਬ ਨਾਲ ਜੋ ਉਹਦੀ ਪੀੜ ਮੇਰੇ ਪਾਪ ਦੀ ਨਸਲ ਨੇ ਮੈਨੂੰ ਵਿਰਸੇ ਵਿੱਚ ਦਿੱਤੀ। ਅੱਗੋਂ ਅਜਮੇਰ ਸਿੱਧੂ ਵਾਲੇ ਵਿਰਸੇ ਦਾ ਵਾਰਸ ਬਣ ਗਿਆ। ਮੈਂ ਸੱਚੀ ਮੁੱਚੀਂ ਉਹਦੀ ਭੂਆ ਲੱਗਦੀ ਹਾਂ। ਕਿਉਂ ਜੇ ਉਹੋ ਤਾਂ ਪਿੰਡ ਸਿੰਬਲੀ ਜਾ ਕੇ ਮੇਰੇ ਖ਼ਾਨਦਾਨ ਦੀਆਂ ਤੇ ਮੇਰੇ ਦਾਦਕੇ ਪਿੰਡ ਦੀਆਂ ਜੜ੍ਹਾਂ ਲੱਭਦਾ ਫਿਰਿਆ। ਉਸੇ ਨੇ ਜਾ ਕੇ ਮੇਰੇ ਵਡਿਕਿਆਂ ਦਾ ਘਰ ਵੇਖਿਆ। ਮੈਂ ਅੱਜ ਵੀ ਉਹਨੂੰ 'ਆਪਣਾ ਘਰ' ਕਹਿੰਦੀ ਹਾਂ। ਅੱਗੋ ਇਤਿਹਾਸ ਦੀ ਕਹਾਣੀ ਵਿੱਚ ਉਹ ਮੇਰਾ ਈ ਘਰ ਏ। ਸਾਰੇ ਪੰਜਾਬ ਵਿੱਚ ਅਜਿਹੇ ਘਰ ਹੈਗੇ ਨੇਂ ਜੋ ਘਰ ਵਾਲਿਆਂ ਕੋਲੋਂ ਖੋਹ ਲਏ ਗਏ। ਅਜਿਹੇ ਪਿੰਡ ਜਿਹਨਾਂ ਦੇ ਵਸਾਵਣ ਵਾਲੇ ਕੱਢ ਦਿੱਤੇ ਗਏ। ਅਜਿਹੇ ਖੇਤ ਜਿਹਨਾਂ ਦੇ ਕਮਾਵਣ ਵਾਲੇ ਵੱਢ ਸੁੱਟੇ ਗਏ। ਲੱਖਾਂ ਲੋਕੀਂ ਬਰਵਾਦ ਹੋਣ ਵਾਲੇ। ਕਰੋੜਾਂ ਪੀੜ ਸਹਿਣ ਵਾਲੇ ਪਰ ਲਿਖਣ ਵਾਲੇ ਥੋੜ੍ਹੇ ਈ ਰਹੇ। ਪੰਜਾਬ ਦੀ ਬਰਬਾਦੀ ਵੇਲੇ ਕ੍ਰਿਸ਼ਨ ਚੰਦਰ ਜਿਉਂਦਾ ਸੀ, ਮੰਟੋ ਵੀ ਸੀ, ਬੇਦੀ ਵੀ। ਉਹਨਾਂ ਸੰਤਾਪ ਹੰਢਾਇਆ ਵੀ, ਲਿਖਿਆ ਵੀ। ਫੇਰ ਵੀ ਵਾਰਸ ਸ਼ਾਹ ਦੀ ਲੋੜ ਪੂਰੀ ਨਾ ਕਰ ਸਕੇ। ਅੰਮ੍ਰਿਤਾ ਪ੍ਰੀਤਮ ਕੋਲ ਬੜੀ ਤਾਕਤਵਰ ਕਲਮ ਸੀ ਪਰ ਏਡੇ ਖ਼ੂਨ ਖਰਾਬੇ ਨੂੰ ਲਿਖਣ ਲਈ ਉਹਨੇ ਪੰਜਾਬ ਦੇ ਵਾਰਸ ਸ਼ਾਹ ਨੂੰ ਹਾਕਾਂ ਮਾਰੀਆਂ। ਦਰਦ ਸਹਿਣਾ ਬੜਾ ਮੁਸਕਿਲ ਏ ਪਰ ਦਰਦ ਲਿਖਣਾ ਵੀ ਆਸਾਨ ਕੰਮ ਨਹੀਂ।

ਮੈਂ ਆਪਣੀ ਜੀਵਨੀ 'ਮੇਰੇ ਯਾਦਾਂ ਵਾਲੇ ਪਿੰਡ" ਦੇ ਕਈ ਚੈਪਟਰ ਅਜੇ ਤਾਈਂ ਲਿਖ ਨਹੀਂ ਸਕੀ। ਦਿਲ ਵਿੱਚ ਦਰਦ ਹੋਣ ਲੱਗ ਪੈਂਦਾ ਏ। ਏਸੇ ਦਰਦ ਤੋਂ ਡਰਦੀ ਮਾਰੀ ਮੈਂ ਆਪਣੇ ਪਿੰਡ ਦੇ ਨੇੜੇ ਨੇੜੇ ਫਿਰ ਕੇ ਆ ਗਈ। ਪਿੰਡ ਵਿੱਚ ਪੈਰ ਨਹੀਂ ਪਾ ਸਕੀ। ਅਜਬ ਗੱਲ ਏ ਨਾ, ਜਿਸ ਕੰਮ ਲਈ ਅੰਮ੍ਰਿਤਸਰ ਉੱਤਰੀ ਸੀ, ਐਡਾ ਸਫ਼ਰ ਕੀਤਾ ਸੀ, ਉਹੋ ਨਾ ਕਰ ਸਕੀ। ਉਥੇ ਜਾ ਕੇ ਗੱਲ ਯਾਦ ਆਈ, "ਪਿੱਛੇ ਮੁੜ ਕੇ ਨਾ

ਵੇਖੀਂ ਪੱਥਰ ਦਾ ਹੋ ਜਾਏਂਗਾ" ਪਤਾ ਨਹੀਂ ਇਹ ਗੱਲ ਜੋ ਪੁਰਾਣੀਆਂ ਕਹਾਣੀਆਂ ਵਿੱਚ ਮਿਲਦੀ ਏ ਪਹਿਲੀ ਵਾਰੀ ਕਿਹਦੇ ਤਜ਼ਰਬੇ ਵਿੱਚ ਆਈ ਹੋਈ ਏ। ਕੌਣ ਕੌਣ ਪਿੱਛੇ ਵੇਖਣ ਵਾਲਾ ਪੱਥਰ ਦਾ ਏ? ਪਿੱਛੋਂ ਕਿਹਨੇ ਕਿਹਨੇ ਏਸ ਗੱਲ ਨੂੰ ਸੱਚ ਮੰਨਿਆ, ਕਿਹਨੇ ਝੂਠ ਆਖਿਆ। ਪਹਿਲਾਂ ਮੇਰੇ ਆਪਣੇ ਲਈ ਐਵੇਂ ਜਿਹੀ ਗੱਲ ਸੀ। ਕਿਉਂ ਜੇ ਮੈਂ ਸਦਾ ਤੋਂ ਪਿੱਛੇ ਮੁੜ ਕੇ ਵੇਖਣਾ ਚਾਂਹਦੀ ਰਹੀ ਆਂ। ਅਜੀ ਇਤਿਹਾਸ ਸਦਾ ਤੋਂ ਕੋਈ ਦੂਜਾ ਮੁਲਕ, ਕੋਈ ਵੱਖਰੀ ਦੁਨੀਆਂ ਵਰਗੇ ਲੱਗੇ ਨੇਂ। ਮੇਰੀਆਂ ਯਾਦਾਂ ਵਿੱਚ ਵੀ ਇਕ ਦੁਨੀਆਂ ਵਸਦੀ ਏ। ਏਸ ਦੁਨੀਆਂ ਦੇ ਉੱਜੜ ਜਾਣ ਦਾ ਧੁੜਕਾ ਵੀ ਲੱਗਾ ਈ ਰਹਿੰਦਾ ਏ। ਏਸੇ ਕਰਕੇ ਮੈਂ ਆਪਣੇ ਯਾਦਾਂ ਵਾਲੇ ਪਿੰਡ ਕਾਗਜ਼ ਕਲਮ ਦੇ ਹਵਾਲੇ ਕੀਤੇ। ਉਂਜ ਭਾਵੇਂ ਦੇਰ ਹੋ ਚੁੱਕੀ ਏ। ਉਹ ਪੀੜ੍ਹੀ ਜਿਸ ਨੇ ਪਿੰਡ ਵਸਦਾ ਵੇਖਿਆ ਸੀ, ਪਿੰਡ ਦੇ ਦੁਖ ਸੁੱਖ ਹੰਢਾਏ ਸਨ ਹੁਣ ਕਿੱਥੇ? ਕੋਈ ਟਾਵਾਂ ਟਾਵਾਂ ਬੰਦਾ ਰਹਿ ਗਿਆ ਹੋਣਾ ਏ। ਜੇ ਪਿੰਡ ਸਿੰਬਲੀ ਵਿੱਚ ਰਾਮ ਰੱਖਾ ਅਜੇ ਜਿਉਂਦਾ ਜਾਗਦਾ ਬੈਠਾ ਏ ਤਾਂ ਮੇਜ਼ਰ ਖ਼ੁਸ਼ੀ ਮੁਹੰਮਦ ਆਪਣੀਆਂ ਬੇਹਿਸਾਬ ਯਾਦਾਂ ਨਾਲ ਲੈ ਕੇ ਲਹੌਰ ਰਹਿੰਦਾ (ਏ) ਏਹਨਾਂ ਦੋਹਾਂ ਕਿਰਦਾਰਾਂ ਦਾ ਆਪਸ ਵਿੱਚ ਟਾਕਰਾ ਏ। ਏਹਨਾਂ ਵਿੱਚੋਂ ਇਕ ਨੇ ਬਚਾਵਣ ਦੀ ਕੋਸ਼ਿਸ਼ ਕੀਤੀ ਕਾਮਯਾਬ ਨਾ ਹੋਇਆ। ਦੂਜੇ ਨੇ ਮਰਵਾਣ ਦੀ ਕੋਸ਼ਿਸ਼ ਕੀਤੀ ਕਾਮਯਾਬ ਹੋ ਗਿਆ।

ਅਜਮੇਰ ਸਿੱਧੂ ਨੇ ਲਿਖਿਆ ਏ ਏਸ ਤੋਂ ਪਹਿਲਾਂ ਮੈਂ ਆਪਣੇ ਅੱਬਾ ਜੀ ਕੋਲੋਂ ਤੇ ਮੇਜਰ ਖ਼ੁਸ਼ੀ ਮੁਹੰਮਦ ਕੋਲੋਂ ਸੁਣਿਆ ਹੋਇਆ ਸੀ ਪਈ ਸਿੰਬਲੀ ਦੇ ਰਾਜਪੂਤਾਂ ਦੇ ਚੋਣਵੇਂ ਘਰ ਪਿੰਡ ਛੱਡ ਕੇ ਕੈਂਪ ਵਿੱਚ ਨਹੀਂ ਸੀ ਗਏ। ਉਹਨਾਂ ਦੀ ਹਿਫ਼ਾਜ਼ਤ ਦਾ ਜ਼ਿੰਮਾ ਰਾਮ ਰੱਖਾ ਵਰਗੇ ਲੋਕਾਂ ਨੇ ਲਿਆ ਸੀ ਪਰ ਦੂਜੇ ਪਾਸੇ ਰਾਮ ਰੱਖਾ ਵਰਗੇ ਕਈ ਔਰੰਗਜ਼ੇਬਾ ਦੀਆਂ ਕਹਾਣੀਆਂ ਸੁਣਾਉਂਦੇ ਫਿਰੇ। ਮੇਰੇ ਪਿੰਡ, ਖਾਸ ਕਰਕੇ ਮੇਰੇ ਖਾਨਦਾਨ ਦੇ ਲੋਕੀ ਸੈਕੁਲਰ ਜ਼ਿਹਨ ਦੇ ਸੀ। ਭਾਵੇਂ ਉਹਨਾਂ ਨੂੰ ਲਫ਼ਜ਼ੀ ਗੋਰਖਧੰਦੇ ਦਾ ਪਤਾ ਨਹੀਂ ਸੀ ਪਰ ਉਹ ਨਿਰੇ ਰਾਜਪੂਤ ਤੇ ਖੇਤਾਂ ਨਾਲ ਪਿਆਰ ਕਰਨ ਵਾਲੇ ਸਨ। ਕਿਸੇ ਆਮ ਮੁਸਲਮਾਨ ਦੇ ਮੁਕਾਬਲੇ ਹਿੰਦੂ ਨੂੰ ਬਹੁਤਾ ਆਪਣਾ ਸਮਝਦੇ ਸੀ। ਮਜ਼ਹਬ ਬਦਲਣ ਦੀ ਗੱਲ ਮੈਨੂੰ ਨਹੀਂ ਪਤਾ ਕਿਸ ਤਰ੍ਹਾਂ ਹੋਈ ਪਰ ਕਲਚਰ ਉਹੋ ਰਾਜਪੂਤੀ ਜ਼ਿੰਮੀਦਾਰਾਂ ਵਾਲਾ ਰਹਿਆ। ਮਜ਼ਹਬੀ ਤੁਅੱਸਬ ਬਿਲਕੁਲ ਨਾ ਆਇਆ। ਏਸੇ ਤਰ੍ਹਾਂ ਦਾ ਕਰੈਕਟਰ ਮੇਰੇ ਅੱਬਾ ਜੀ ਦਾ ਵੀ ਸੀ। ਉਸੇ ਜ਼ਿਹਨ ਨਾਲ ਅੱਜ ਮੈਂ ਵੀ ਸਾਹਮਣੇ ਦੀ ਦੁਨੀਆਂ ਤੇ ਮਾਜੀ ਵੱਲ ਵੇਖ ਰਹੀ ਹਾਂ।

ਮੈਂ ਸ਼ੁਕਰਗੁਜ਼ਾਰ ਹਾਂ ਅਜਮੇਰ ਸਿੱਧੂ ਦੀ। ਉਹਦੇ ਸਿੰਬਲੀ ਜਾਣ ਨਾਲ ਮੈਨੂੰ ਇਕ ਖਾਸ ਗੱਲ ਦਾ ਪਤਾ ਵੀ ਲੱਗਾ। ਮੇਰੇ ਪਿੰਡ ਨੇ ਸੁੰਦਰ ਸਿੰਘ ਤੇ ਗੋਕਲ ਸਿੰਘ ਵਰਗੇ ਇਨਕਲਾਬੀ ਵੀ ਪੈਦਾ ਕੀਤੇ। ਮੈਂ ਤਾਂ ਪਹਿਲਾਂ ਈ ਕਿਹਾ ਏ ਪਿੰਡ ਦਾ ਸੁਭਾਅ ਮਜ਼ਹਬੀ ਨਹੀਂ ਸੈਕੂਲਰ ਸੀ। ਹੁਣ ਉਥੋਂ ਦੀ ਸੋਚ ਕੀਹ ਏ ਜੇ ਮੈਂ ਉਥੇ ਜਾਂਦੀ ਤਾਂ ਪਤਾ ਲੱਗਦਾ ਪਰ ਸਿੱਧੂ ਜੋ ਇਤਿਹਾਸ ਦੀਆਂ ਪੈੜਾਂ ਗਿਣਦਾ ਰਹਿੰਦਾ ਏ ਉਹਨੂੰ ਚਾਹੀਦਾ ਏ ਇਕ ਵਾਰੀ ਫੇਰ ਸਿੰਬਲੀ ਜਾਵੇ। ਸੁੰਦਰ ਸਿੰਘ ਤੇ ਗੋਕਲ ਸਿੰਘ ਬਾਰੇ ਜਾਣਕਾਰੀ ਹਾਸਲ ਕਰਕੇ ਲਿਖੇ। ਉਹ ਕਿਸ ਤਰ੍ਹਾਂ ਇਨਕਲਾਬੀ ਬਣੇ? ਏਹ ਵੀ ਇਤਿਹਾਸ ਦੀ ਪੈੜ ਏ। ਕਾਮਾਗਾਟਾ ਮਾਰੂ ਜਹਾਜ਼ ਤੇ ਆਵਣ ਵਾਲੇ ਇਨਕਲਾਬੀ ਜੁੱਰਤਾਂ ਵਾਲੇ ਲੋਕ ਸਨ ਪਰ ਉਹਨਾਂ ਦਾ ਗੁਮਨਾਮ ਰਹਿ ਜਾਣਾ ਇਤਿਹਾਸ ਦਾ ਦਰਦ ਵੀ ਹੈ। ਏਸ ਦਰਦ ਦੇ ਵਾਰਸ ਵੀ ਅਸੀਂ ਹਾਂ। ਸਾਡੀ ਬਰਾਦਰੀ ਦੇ ਬਜ਼ੁਰਗ ਦੀ ਕਮਾਈ ਵੰਝਾ ਦਿੱਤੀ ਗਈ ਏ, ਪਰ ਏਸ ਗ਼ੱਦਾਰੀ ਦਾ ਨਤੀਜਾ ਅੱਜ ਸਾਹਮਣੇ ਵੇ। ਪਾਕਿਸਤਾਨ ਹਿੰਦੁਸਤਾਨ ਵਿੱਚ ਲੋਕਾਈ ਦਾ ਜੋ ਹਾਲ ਹੋਇਆ ਤੇ ਅੱਗੋਂ ਹੋਰ ਹੋਣਾ ਏ। ਪੁਰਾਣੇ ਇਨਕਲਾਬੀ ਸੋਸ਼ਲਿਸਟ ਇਨਕਲਾਬ ਚਾਹੁੰਦੇ ਸੀ।

ਇਹ ਲੰਮੀਆਂ ਲੱਗਾਂ ਨੇਂ। ਅਸਲ ਗੱਲ ਤਾਂ ਕੁਝ ਹੋਰ ਈ ਏ। ਕਾਕਾ ਅਜਮੇਰ ਸਿੱਧੂ ਤੈਨੂੰ ਇਹ ਗੱਲ ਸੁਣ ਕੇ ਹਿਰਖ ਲੱਗ ਸਕਦਾ ਏ ਮੈਂ ਪਿਛਲੀ ਜਨਵਰੀ ਵਿੱਚ ਤੇਰੇ ਦੇਸ਼ ਆਈ ਸਾਂ। ਦਿੱਲੀ ਕਲਕੱਤੇ ਤੋੜੀ ਗਈ। ਮੁੜਦੀ ਵਾਰੀ ਅੰਮ੍ਰਿਤਸਰ ਉਤਰ ਗਈ। ਉਥੋਂ ਵੀ ਇਕ ਸੱਦਾ ਸੀ। 1947 ਵਿੱਚ ਆਜ਼ਾਦੀ ਦੇ



ਨਾਂ ਤੇ ਮਾਰੇ ਜਾਣ ਵਾਲੇ ਪੰਜਾਬੀਆਂ ਨੂੰ ਯਾਦ ਕਰਨ ਦਾ ਖਿਆਲ ਪੂਰੇ ਪੰਜਾਹ ਵਰ੍ਹੇ ਪਿੱਛੋਂ ਕਿਸੇ ਨੂੰ ਆਇਆ। ਉਹਨਾਂ ਦਿਨਾਂ ਵਿੱਚ ਈ ਮੇਰਾ ਵੀਜ਼ਾ ਵੀ ਲੱਗ ਗਿਆ। ਕਾਨਫਰੰਸ ਨਾਲੋਂ ਵੱਧ ਹੋਰ ਕਈ ਮਕਸਦ ਹੈ ਸਨ। ਜਲ੍ਹਿਆਂ ਵਾਲਾ ਬਾਗ਼ ਦੀ ਜ਼ਿਆਰਤ ਤੇ ਆਪਣੀ ਜੰਮਣ ਭੂਮੀ .... ਆਪਣਾ ਪਿੰਡ ਇਕ ਵਾਰੀ ਵੇਖ ਲੈਣ ਦੀ ਖ਼ਾਹਿਸ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾਕਟਰ ਸੋਚ ਤੇ ਉਹਨਾਂ ਦੀ ਬੇਗ਼ਮ ਨੇਂ ਪੂਰੀ ਪੂਰੀ ਖਾਤਰਦਾਰੀ ਦੇ ਨਾਲ ਨਾਲ ਮੇਰੇ ਆਣ ਜਾਣ ਦਾ ਵੀ ਬੰਦੋਬਸਤ ਕੀਤਾ। ਸਿੰਬਲੀ ਜਾਣ ਲਈ ਗੱਡੀ ਦਾ ਇੰਤਜ਼ਾਮ ਕਰ ਦਿੱਤਾ। ਮਿਸਿਜ਼ ਮਹਿੰਦਰ ਸੋਚ ਹੁਰਾਂ ਮੇਰੇ ਨਾਲ ਜਾਣਾ ਸੀ। ਸਵੇਰੇ ਜਾ ਕੇ ਸ਼ਾਮ ਨੂੰ ਵਾਪਸ ਦਾ ਪਰੋਗਰਾਮ ਪੱਕਾ ਹੋ ਗਿਆ। ਪਰ ਰਾਤ ਨੂੰ ਖਬਰੇ ਕੀਹ ਹੋਇਆ ਦਿਲ ਕਿਸੇ ਉਦਾਸ ਸ਼ਾਮ ਦੇ ਸੂਰਜ ਵਾਂਗ ਡੁੱਬਣ ਲੱਗ ਪਿਆ। ਬੜੀ ਦੇਰ ਤਾਈਂ ਜਾਗਦੀ ਰਹੀ। ਉਹੀ ਰਾਤ ਪਿੱਛੋਂ ਮਾੜੀ ਜਿਹੀ ਅੱਖ ਲੱਗੀ ਤਾਂ ਖ਼ਾਬ ਵਿੱਚ ਆਪਣਾ ਬਚਪਨ ਸੀ। ਆਪਣਾ ਪਿੰਡ, ਆਪਣਾ ਘਰ, ਚੁਬਾਰੇ ਤੇ ਚੜ੍ਹ ਕੇ ਪੈਲਾਂ ਪਾਉਂਦੇ ਮੋਰ ਵੇਖੇ, ਕਪਾਹ ਸੁੱਕਦੀ ਵੇਖੀ, ਆਪਣੀ ਤਾਈ ਨੂੰ ਰੋਟੀਆਂ ਪਕਾਉਂਦੇ ਵੀ ਵੇਖਿਆ। ਸਵੇਰੇ ਤੜਕੇ ਅੱਧੀ ਸੁੱਤੀ ਅੱਧੀ ਜਾਗੀ ਹਾਲਤ ਵਿੱਚ ਇਕ ਆਵਾਜ਼ ਸੁਣੀ, "ਮੁੜ ਕੇ ਪਿੱਛੇ ਨਾਹ ਵੇਖੀਂ ਪੱਥਰ ਦੀ ਹੋ ਜਾਵੇਂਗੀ।"

ਐਨਾ ਤਾਂ ਮੈਨੂੰ ਵੀ ਪਤਾ ਸੀ ਮੁੜ ਕੇ ਵੇਖਣ ਨਾਲ ਉਹ ਪਿੰਡ ਨਹੀਂ ਲੱਭਣਾ। ਵੇਲਾ ਤੇ ਵੇਲੇ ਦੀ ਕਰਨੀ ਦੋਵੇਂ ਬੜੇ ਜ਼ਾਲਮ ਰਾਹ ਰੋਕਣ ਵਾਲੇ ਵਿਚਕਾਰ ਖੜੇ ਸੀ। ਪਰ ਮੈਨੂੰ ਡਰ ਕਿਉਂ ਲੱਗਾ? ਉਹ ਕਿਹੜੇ ਡਰ ਦਾ ਕਾਂਬਾ ਸੀ? ਅੱਜ ਤੋੜੀ ਹੈਰਾਨ ਬੈਠੀ ਹਾਂ। ਸਾਰੀ ਜ਼ਿੰਦਗੀ ਇਕ ਖ਼ਾਹਿਸ਼ ਪਾਲੀ, ਜਦੋਂ ਪੂਰੀ ਹੋਣ ਦਾ ਵੇਲਾ ਆਇਆ ਤਾਂ ਮੈਂ ਆਪੇ ਏ ਦਿਲ ਦੀ ਖ਼ਾਹਿਸ਼ ਨੂੰ ਰੱਦ ਛੱਡਿਆ। ਬੰਦੇ ਦੇ ਅੰਦਰ ਬਥੇਰਾ ਕੁਝ ਹੁੰਦਾ ਏ ਜੋ ਆਪ ਆਪਣੇ ਕੋਲੋਂ ਅਣਜਾਣਾ ਰਹਿ ਜਾਂਦਾ ਏ। ਪਰ ਕਿਸੇ ਵੇਲੇ ਆਪਣਾ ਰਿਐਕਸ਼ਨ ਵੀ ਦੇਂਦਾ ਏ। ਕਦੇ ਤਾਂ ਐਨ ਵੇਲੇ ਸਿਰ... ਉਸ ਵੇਲੇ ਜਦੋਂ ਜੀਵਨ ਦੀ ਕੋਈ ਸੱਧਰ ਪੂਰੀ ਹੋਣ ਵਾਲੀ ਹੋਵੇ। ਮੇਰੇ ਨਾਲ ਵੀ ਅਜਿਹਾ ਕੁਝ ਵਾਪਰਿਆ ਲੱਗਦਾ ਏ। ਹੁਣ ਤਾਈਂ ਜੋ ਗੱਲ ਸਮਝ ਵਿੱਚ ਆਈ ਉਹ ਇੱਕੋ ਈ ਏ। ਉਹ ਯਾਦਾਂ ਵਾਲੇ ਪਿੰਡ ਦੇ ਉੱਜੜ ਜਾਣ ਦਾ ਡਰ ਸੀ। ਹੁਣ ਤਾਂਈਂ ਉਹੋ ਨਕਸ਼ਾ, ਉਹੋ ਤਸਵੀਰਾਂ ਮੇਰੇ ਕੋਲ ਹੈਗੀਆਂ। ਬਾਰ ਬਾਰ ਯਾਦ ਕਰਨ ਨਾਲ ਚੰਗੀਆਂ ਉਘੜਦੀਆਂ ਹੋਈਆਂ ਪਰ ਉਹ ਯਾਦਾਂ ਦੇ ਸ਼ੋ-ਕੇਸ ਵਿੱਚੋਂ ਨਿਕਲ ਕੇ ਸੂਰਜ ਦੀ ਖੁੱਲ੍ਹੀ ਰੌਸ਼ਨੀ ਦਾ ਸਾਹਮਣਾ ਨਹੀਂ ਕਰ ਸਕਦੀਆਂ। ਪਿੰਡ ਸਿੰਬਲੀ ਜਾ ਕੇ ਮੇਰੀ ਸਿੰਬਲੀ ਨੇ ਤਾਂ ਮਿਟ ਜਾਣਾ ਸੀ। ਉਹ ਪੱਕਾ, ਉਹ ਸਦਮਾ, ਸਹਿਆ ਨਹੀਂ ਸੀ ਜਾਣਾ। ਮੈਂ ਅਖੀਰਲੀ ਵਾਰੀ ਜਦੋਂ ਪਿੰਡ ਵੇਖਿਆ, ਉਦੋਂ ਮੇਰਾ ਤਾਇਆ ਬੜਾ ਸ਼ਾਨਦਾਰ ਸੀ। ਮੇਰੀ ਦਾਦੀ ਗੋਰੀ ਚਿੱਟੀ ਸੀ। ਨਾਜ਼ਰਾ ਤੇ ਵਹੀਦਾ ਨਿੱਕੀਆਂ ਨਿੱਕੀਆਂ ਸਨ। ਸ਼ਬੀਰ ਮੇਰੇ ਤਾਏ ਦਾ ਇਕੋ ਇਕ ਪੁੱਤਰ ਵੀ ਛੋਟਾ ਜਿਹਾ ਸੀ। ਸਰਵਰੀ ਬਹੁਤ ਸੋਹਣੀ ਸੀ। ਮੇਰੀ ਤਾਈ ਸਾਰੇ ਘਰ ਦੀ ਇੰਚਾਰਜ ਸੀ। ਸਾਡੀ ਪਿਛਲੀ ਕੋਠੜੀ ਵਿੱਚ ਬਹੁਤ ਸਾਰਾ ਸੋਨਾ ਦੱਬਿਆ ਹੋਇਆ ਸੀ। ਸਾਡੀ ਹਵੇਲੀ ਬੜੀ ਖੁੱਲ੍ਹੀ ਸੀ। ਬਹੁਤ ਵੱਡੀ ਸਾਰੀ। ਹੁਣ ਮੈਂ ਸੁਣਿਆ ਸਾਡੀ ਹਵੇਲੀ ਵਿੱਚ ਕੋਈ ਮਿੰਟਗੁਮਰੀ ਦੇ ਸਿੱਖ ਰਹਿੰਦੇ ਨੇਂ। ਸਾਡੇ ਘਰ ਦਾ ਨਕਸ਼ਾ ਬਦਲ ਗਿਆ। ਕੋਕਿਆਂ ਵਾਲੇ ਦਰਵਾਜ਼ੇ ਰਹੇ ਨਾ ਨਾਨਕਸ਼ਾਹੀ ਇੱਟਾਂ ਦੀਆਂ ਮਹਿਰਾਬਾਂ ਵਾਲੀਆਂ ਕੰਧਾਂ। ਮੈਨੂੰ ਯਕੀਨ ਨਹੀਂ ਆਇਆ ਸਾਡੇ ਘਰ ਕੋਈ ਹੋਰ ਲੋਕੀ ਵਸਦੇ ਪਏ ਨੇਂ ਪਰ ਅਜਮੇਰ ਸਿੱਧੂ ਤਾਂ ਆਪ ਵੇਖ ਕੇ ਆਇਆ ਏ। ਉਹ ਤਾਂ ਨਿਰਪੱਖ ਪੀੜ੍ਹੀ ਦਾ ਬੰਦਾ ਏ। ਝੂਠ ਨਹੀਂ ਬੋਲ ਸਕਦਾ। ਰਾਮ ਰੱਖਾ ਤਾਂ ਝੂਠ ਬੋਲਦਾ ਏ। ਉਹਨੇ ਪਹਿਲਾਂ ਝੂਠ ਮੇਰੇ ਤਾਏ ਨਾਲ ਬੋਲਿਆ। ਇਕ ਦਿਨ ਪਹਿਲਾਂ ਹਿਫ਼ਾਜ਼ਤ ਦੀ ਗੱਲ ਕੀਤੀ ਦੂਜੇ ਦਿਨ ਹਮਲਾ ਕਰਵਾ ਦਿੱਤਾ। ਦੂਜਾ ਝੂਠ ਮੇਰੇ ਅੱਬਾ ਜੀ ਨਾਲ ਬੋਲਿਆ। ਸਰਵਰੀ ਵਾਸਤੇ ਆਖਿਆ ਉਹ ਮਰ ਚੁੱਕੀ ਏ। ਉਹ ਖਬਰੇ ਅੱਜ ਵੀ ਜਿਉਂਦੀ ਉਥੇ ਈ ਕਿੱਧਰੇ ਨੇੜੇ ਤੇੜੇ ਰਹਿੰਦੀ ਏ। ਮੇਰੇ ਕਹਿਣ ਤੇ ਰਸ਼ੀਦ ਸਰਾਭਾ ਸਿੰਬਲੀ ਗਿਆ ਸੀ। ਉਹਨੇ ਮੈਨੂੰ ਦੱਸਿਆ ਪਰ ਉਹ ਸਰਵਰੀ ਨੂੰ ਮਿਲ ਨਹੀਂ ਸਕਿਆ। ਰਾਮ ਰੱਖੇ ਨੇ ਇਕ ਵਾਰੀ ਹੋਰ ਝੂਠ ਬੋਲਿਆ। ਮੈਂ ਆਪਣੀ ਭੈਣ ਸਰਵਰੀ

ਨੂੰ ਮਿਲਣਾ ਚਾਹੁੰਦੀ ਆਂ। ਸਾਰੀਆਂ ਗੱਲਾਂ ਨਹੀਂ ਬੱਸ ਇੱਕੋ ਗੱਲ ਪੁੱਛਣ ਲਈ ਉਹ ਮੁੜ ਕਦੇ ਪਿੰਡ ਆਈ? ਆਪਣੇ ਘਰ ਹਵੇਲੀ ਵੇਖੇ ਕਦੇ? ਕਿਸ ਤਰ੍ਹਾਂ ਦਾ ਲੱਗਾ ਆਪਣਾ ਘਰ ਦੂਜਿਆਂ ਦੇ ਕਬਜ਼ੇ ਵਿੱਚ ਵੇਖ ਕੇ? ਉਸੇ ਤਰ੍ਹਾਂ ਦਾ ਨਾ ਜਿਸ ਤਰ੍ਹਾਂ ਆਪਣਾ ਆਪ ਦੂਜਿਆਂ ਦੇ ਕਬਜ਼ੇ ਵਿੱਚ ਵੇਖ ਕੇ।

ਮੈਂ ਚਾਹੁੰਦੀ ਆਂ ਅਜਮੇਰ ਸਿੱਧੂ ਆਪਣੀ ਭੂਆ ਸਰਵਰੀ ਨੂੰ ਲੱਭ ਕੇ ਮਿਲੇ। ਉਹਦਾ ਇੰਟਰਵਿਊ ਕਰੇ। ਇਤਿਹਾਸ ਦੀ ਇਕ ਦਰਦ ਭਰੀ ਪੀੜ ਨੂੰ ਸੁਣੇ ਫੇਰ ਕਾਲਮ ਤਾਂ ਕੀਹ ਉਹ ਤਾਂ ਪੂਰਾ ਨਾਵਲ ਲਿਖ ਸਕਦਾ ਏ। ਕਾਲਮ ਵਾਸਤੇ ਮੈਂ ਇਕ ਹੋਰ ਪੀੜ ਦਾ ਪਤਾ ਦੇ ਸਕਨੀ ਹਾਂ।

ਮੇਰੇ ਤਾਏ ਬਾਰੇ ਲਿਖਿਆ ਗਿਆ ਉਹ ਬਚ ਗਿਆ ਸੀ। ਇਕ ਸਾਲ ਦੇ ਅੰਦਰ ਪਾਕਿਸਤਾਨ ਆ ਕੇ ਮਰ ਗਿਆ। ਏਹ ਕਹਾਣੀ ਮੇਰੇ ਰਿਸ਼ਤੇ ਦੇ ਤਾਏ ਦੀ ਏ। ਉਹਦਾ ਨਾਂ ਲੈਕੜ ਖ਼ਾਨ ਸੀ। ਖੂਹ ਵਿੱਚ ਛਾਲ ਮਾਰ ਕੇ ਮਰਨ ਵਾਲੀ ਉਸੇ ਦੀ ਧੀ ਸੀ। ਮੇਰਾ ਨਿੱਕਾ ਤਾਇਆ ਫ਼ਜ਼ਲ ਖ਼ਾਨ ਵੀ ਆਪਣੇ ਟੱਬਰ ਚੋਂ 'ਕੱਲਾ ਈ ਬਚਿਆ। ਏਥੇ ਆ ਕੇ ਬੜੇ ਦਿਨ ਜਿਉਂਦਾ ਰਿਹਾ। ਹੋਰ ਵਿਆਹ ਵੀ ਕੀਤਾ ਕਈ ਨਿਆਣੇ ਹੋਏ। ਉਹ ਜਵਾਨ ਵੀ ਹੋ ਗਏ ਛੇ ਸੱਤ ਸਾਲ ਪਹਿਲਾਂ ਇਕ ਵਾਰੀ ਫੇਰ ਉਹਨੇ ਬਹੁਤ ਵੱਡਾ ਜ਼ਖ਼ਮ ਖਾਧਾ। ਉਹਦਾ ਐਕਸੈਡੈਂਟ ਹੋਇਆ। ਪੂਰੇ ਜਿਸਮ ਉੱਤੇ ਬੜੀਆਂ ਸੱਟਾਂ ਲੱਗੀਆਂ ਪਰ ਹੁਣ ਬਹੁਤੀਆਂ ਸੱਟਾਂ ਸਹਿਣ ਵਾਸਤੇ ਵੇਲਾ ਤੰਗ ਸੀ। ਫੇਰ ਵੀ ਮੇਰੇ ਤਾਏ ਨੂੰ ਆਪਣੀਆਂ ਫਰੈਕਚਰ ਹੱਡੀਆਂ ਦਾ ਦਰਦ ਸਹਿਣ ਕੀਤਾ। ਪੂਰਾ ਇਕ ਸਾਲ ਮੰਜੀ 'ਤੇ ਪਿਆ ਰਿਹਾ। ਮੈਂ ਆਪਣੇ ਏਸ ਤਾਏ ਦੀ ਕਹਾਣੀ ਵੀ ਲਿਖੀ ਏ। ਖਾਸ ਗੱਲ ਏਹ ਹੋਈ ਪਈ ਤਾਇਆ ਉਸ ਦਿਨ ਸਿੰਬਲੀ ਦੇ ਕਿਸੇ ਬੰਦੇ ਨੂੰ ਮਿਲਣ ਜਾ ਰਿਹਾ ਸੀ। ਬੜੀ ਖੁਸ਼ੀ ਨਾਲ ਚਿੱਟੇ ਕੱਪੜੇ ਪਾਏ, ਕੁੱਲੇ ਵਾਲੀ ਪੱਗ ਬੰਨ੍ਹ ਕੇ ਘਰੋਂ ਨਿਕਲਿਆ। ਵੱਡੀ ਸੜਕ ਉੱਤੇ ਚੜ੍ਹਦੇ ਸਾਰੇ ਕਿਸੇ ਅੰਨ੍ਹੀ ਗੱਡੀ ਨੇ ਉਹਨੂੰ ਟੱਕਰ ਮਾਰ ਕੇ ਪਰਾਂਹ ਸੁੱਟ ਦਿੱਤਾ। ਬਸ ਏਸ ਤੋਂ ਪਿੱਛੇ ਮੇਰਾ ਤਾਇਆ ਮੁੜ ਪਾਕਿਸਤਾਨ ਨਹੀਂ ਆਇਆ। ਉਹ ਸਿੱਧਾ ਸਿੰਬਲੀ ਚਲਾ ਗਿਆ। ਹਸਪਤਾਲ ਵਿੱਚ ਹੋਸ਼ ਆਵਸ ਤੋਂ ਬਾਅਦ ਉਹਨੇ ਆਪਣੇ ਵੱਡੇ ਭਰਾ ਨੂੰ ਹਾਕਾਂ ਮਾਰੀਆਂ। ਫੇਰ ਅੱਗੋਂ ਪੂਰੇ ਛੇ ਮਹੀਨੇ ਉਹਦੇ ਆਪਣੇ ਪੁਰਾਣੇ ਪਿੰਡ ਆਪਣੇ ਪੁਰਾਣੇ ਘਰ ਵਿੱਚ ਗੁਜ਼ਰ ਗਏ। ਲੋਕਾਂ ਨਾਲ ਰਹਿੰਦਾ ਰਿਹਾ। ਉਹ ਦੁਨੀਆਂ ਉਹਦੇ ਲਈ ਮੁੜ ਕੇ ਵਸ ਗਈ ਸੀ। ਉਹਦਾ ਸ਼ਊਰ ਸੌਂ ਗਿਆ ਸੀ Sub Conscions ਜਾਗ ਪਿਆ ਸੀ। ਆਪਣੇ ਮਾਜ਼ੀ ਵਿੱਚ ਉਹ ਜ਼ਿੰਦਗੀ ਦੇ ਅਖੀਰਦੇ ਸਾਹ ਤੋੜੀ ਰਹਿੰਦਾ ਰਿਹਾ। ਮੁੜ ਕਦੇ ਪਨਾਹਗੀਰ ਕਾਫ਼ਲੇ ਵਿੱਚ ਰਲ਼ ਕੇ ਏਧਰ ਨਾ ਆਇਆ।

ਤੈਨੂੰ ਇਕ ਗੱਲ ਦੱਸਾਂ ਅਜਮੇਰ ਸਿੱਧੂ ਏਹ ਸਾਡਾ ਇਤਿਹਾਸ ਏ ਜੋ ਕਿੱਧਰੇ ਜਾ ਕੇ ਵੀ ਰਲੀਫ਼ ਨਹੀਂ ਦਿੰਦਾ। ਅੱਜ ਤੂੰ ਕੱਲ੍ਹ ਦੀ ਪੈੜ੍ਹ ਲਿਖ ਰਿਹਾ ਏਂ, ਕੱਲ੍ਹ ਨੂੰ ਕਿਸੇ ਤੇਰੇ ਜ਼ਮਾਨੇ ਦੀਆਂ ਪੈੜਾਂ ਲਿਖਣੀਆਂ ਹਨ। ਤੂੰ ਨਜ਼ਰ ਮਾਰ ਆਪਣੇ ਜ਼ਮਾਨੇ ਉੱਤੇ। ਹੈ ਕੋਈ ਰਲੀਫ਼ ਵਾਲੀ ਗੱਲ? ਤੇਰੇ ਦੇਸ ਬਾਰੇ ਵੀ ਮੈਂ ਕਈ ਲੇਖ ਲਿਖੇ ਹੋਏ ਨੇਂ। ਨਵੀਂ ਪੀੜ੍ਹੀ ਨਾਲ ਜੋ ਹੋਇਆ, ਉਹ ਲਹੂ ਲੁਹਾਣ ਪੈਰਾਂ ਦੀ ਪੈੜ ਨਹੀਂ ਤਾਂ ਹੋਰ ਕੀਹ ਏ?

ਅਖੀਰਲੀ ਗੱਲ ਮੇਰੀ ਤਸੱਲੀ ਏ ਮੇਰੀ ਲਿਖਤ ਨਹੀਂ। ਮੇਰੇ ਪਿੰਡ ਦਾ ਨਾਂ ਗੁੰਮਨਾਮੀ ਦੇ ਹਨੇਰੇ ਵਿੱਚੋਂ ਕੱਢ ਕੇ ਸੂਰਜ ਦੀ ਰੌਸ਼ਨੀ ਅੱਗੇ ਕੀਤਾ। ਏਹ ਕਲਮ ਦੀ ਤਾਕਤ ਏ ਕਲਮ ਜੋ ਤੇਰੇ ਕੋਲ ਵੀ ਹੈ ਤੇ ਮੇਰੇ ਕੋਲ ਵੀ।

**- ਅ.ਫਜ਼ਲ ਤੌਸੀ.ਫ**

(ਲਿੱਪੀਅੰਤਰ ਜੋਗਿੰਦਰਪਾਲ ਮਾਨ, ਸਮਰਾਏ, ਜਲੰਧਰ)



**(ਸਾਰਾ ਪਾਕਿਸਤਾਨੀ ਦੀ ਅਜਿਹੀ ਔਰਤ ਏ ਜਿਹਦੀ ਸ਼ਾਇਰੀ ਉਹਦੀ ਪੀੜਾ 'ਚੋਂ ਨਿਕਲੀ ਏ। ਉਥੋਂ ਦੀ ਮਰਦ ਪ੍ਰਧਾਨ ਸੁਸਾਇਟੀ ਨੇ ਉਹਨੂੰ ਵਾਰ ਵਾਰ ਪੀੜਿਤ ਕੀਤਾ, ਉਹਦੀ ਹਾਲਤ ਪਾਗਲਾ ਵਾਲੀ ਹੋ ਗਈ। ਉਸ ਨੇ ਅੰਮ੍ਰਿਤਾ ਪ੍ਰੀਤਮ ਨੂੰ ਬਹੁਤ ਸਾਰੇ ਖ਼ਤ ਲਿਖੇ ਤੇ ਨਾਲ ਉਹ ਆਪਣੀਆਂ ਕਵਿਤਾਵਾਂ ਵੀ ਭੇਜਦੀ ਹੁੰਦੀ ਸੀ। ਉਸ ਦੀ ਇਕ ਪੰਜਾਬੀ ਵਿਚ ਕਿਤਾਬ 'ਇਕ ਸੀ ਸਾਰਾ' ਵੀ ਛਪੀ ਏ। )**

3–10–1981

**ਸਾਰਾ ਸ਼ਗੁ.ਫਤਾ ਦਾ ਇਕ ਖ਼ਤ-ਜਤਿੰਦਰ ਜੌਲੀ ਦੇ ਨਾਂ !**

ਜਤਿੰਦਰ ਬੇਟੇ ! ਬਹੁਤ ਸੇ ਲ.ਫਜ਼ !

ਲ.ਫਜ਼ ਸੇ ਭੀ ਪਹਿਲੇ ਹਮਾਰੇ ਰਿਸ਼ਤੇ ਕਾਇਮ ਹੋ ਚੁਕੇ ਹੋਤੇ ਹੈਂ ! ਮੁਝੇ ਖੁਸ਼ੀ ਹੈ ਮਾਂ ਕੀ ਆਵਾਜ਼ ਤੋਂ ਆਈ। ਵਰਨਾ ਤੋਂ ਮੈਂ ਮੱਟੀ ਸੇ ਜ਼ਯਾਦਾ ਖ਼ਾਮੋਸ਼ ਥੀ। ਤੁਮ੍ਹਾਰੀ ਮੁਹੱਬਤ ਹੀ ਮੇਰੀ ਮੱਟੀ ਹੈ। ਲਿਖਾ ਹੈ ! ਮੇਰੀ ਤਬੀਅਤ? ਏਕ ਸਾਲ ਸੇ ਬਿਮਾਰ ਹੂੰ। ਕੁਛ ਦਿਨ ਘਰ ਔਰ ਕੁਛ ਦਿਨ ਹਸਪਤਾਲ ਅਬ ਤੋ ਯਹੀ ਫ਼ਾਸਿਲਾ ਹੈ।

ਕਰਾਚੀ ਦਿਮਾ.ਗੀ ਨ.ਫਸਿਆਤੀ ਹਸਪਤਾਲ ਕੇ ਜ਼ੇਰੇ ਇਲਾਜ ਹੂੰ। ਦੋ ਮਾਹ ਪਹਿਲੇ ਜਬ ਮੈਂ ਬੀਮਾਰ ਹੂਈ ਤੋਂ ਘਰ ਵਾਲੇ ਹਸਪਤਾਲ ਛੋੜ ਆਏ। ਪਾਂਚ ਰੋਜ਼ ਬਾਅਦ ਮੁਝੇ ਹੋਸ਼ ਆਇਆ ਤੋ ਯੇ ਪਾਗਲਖ਼ਾਨਾ ਥਾ। ਬਹੁਤ ਸੀ ਔਰਤੇਂ ਮੇਰੇ ਇਰਦ ਗਿਰਦ ਚਲ ਰਹੀ ਥੀਂ... ਪਾਗਲ ਔਰਤੇਂ ! ਮੇਰੇ ਲੀਏ ਯੇ ਬਹੁਤ ਅਨੋਖਾ ਤਜੁਰਬਾ ਥਾ। ਮੁਝੇ ਬਹੁਤ ਅ.ਫਸੋਸ ਭੀ ਹੂਆ... ਸਾਰਾ ਯੇ ਕਯਾ? ਇਕੀਸ ਇਲੈਕਟ੍ਰਿਕ ਸ਼ੌਕ ਲਗੇ। ਪੰਦਰਾਂ ਰੋਜ਼ ਮੈਨੇ ਫਿਰ ਪਾਗਲੋਂ ਕੀ ਗੁ.ਫਤਗੂ ਸਹੀ। ਦਰਵਾਜ਼ੇ ਪੇ ਤਾਲਾ ਰਹਿਤਾ ਥਾ... ਕੈਸੀ ਕੈਦ !!

ਸਾਹਮਣੇ ਦਰਵਾਜ਼ੇ ਪੇ ਸਲਾਖ਼ੋਂ ਪਰ ਤਾਲੇ ਕੀ ਆਂਖ ਲਗੀ ਥੀ।

ਏਕ ਔਰਤ ਹੰਸੀ ਸੇ ਮਰ ਰਹੀ ਥੀ।

ਦੂਸਰੀ ਔਰਤ ਨੇ ਖ਼ਲਾਅ ਸੇ ਆਂਖੇ ਬਾਂਧ ਰੱਖੀ ਥੀ।

ਮੁਝੇ ਅੱਛਾ ਨਹੀਂ ਲਗਤਾ ਕਿ ਮੈਂ ਬਿਮਾਰ ਰਹੂੰ ਔਰ ਐਸੀ ਬਿਮਾਰੀ !!

ਮੈਂ ਬਹੁਤ ਹੰਸਨਾ ਚਾਹਤੀ ਹੂੰ। ਸਲਾਖ਼ੋ ਸੇ ਜ਼ਿਆਦਾ ਕਹਿਕਹੇ ਲਗਾਨਾ ਚਾਹਤੀ ਤੂੰ। ਈ. ਈ. ਜੀ. ਕੀ ਰਿਪੋਰਟ ਭੀ ਖ਼ਰਾਬ ਆਈ ਹੈ। ਲੇਕਿਨ ਯੇ ਫ਼ਜ਼ੂਲ ਰਿਪੋਰਟ ਹੈ। ਹਮ ਤੋਂ ਹਰ ਰੋਜ਼, ਹਰ ਸਖ਼ਸ ਕੋ ਈ. ਈ. ਜੀ. ਕੀ ਰਿਪੋਰਟ ਸੇ ਜ਼ਿਆਦਾ ਦੁੱਖ ਦੇਤੇ ਹੈਂ।

ਇਨਸਾਨ ਤੋ ਬਜਾਤੇ–ਖ਼ੁਦ ਏਕ ਕੈਦਖਾਨਾ ਹੈ। ਕੈਦ ਕੀ ਸਾਰੀ ਰਸਮੇਂ ਫ਼ਜ਼ੂਲ ਹੈਂ। ਮੈਂ ਤੋ ਇਨਸਾਨ ਕੀ ਆਖਰੀ ਹੱਦ ਤੱਕ ਗਵਾਹੀ ਦੇਤੀ ਹੂੰ। ਮੈਂ ਮੌਤ ਸੇ ਜ਼ਿਆਦਾ ਮੱਟੀ ਕਾ ਜ਼ਖ਼ਮ ਬਣਨਾ ਕਬੂਲ ਕਰੂੰਗੀ।

ਬਹੁਤ ਲੋਗ ਇਆਦਤ (ਤਾਮੀਰਦਾਰੀ) ਕੋ ਆਤੇ ਹੈਂ ਲੇਕਿਨ ! ਕੋਈ ਭੀ ਇਆਦਤ ਕੋ ਨਹੀਂ ਆਤਾ। ਬਾਤ ਕੋ ਜ਼ਿਆਦਾ ਜਾਨ ਜਾਨਾ ਅਜ਼ਾਬ ਹੈ। ਇਨਸਾਨ ਉਸੀ ਵਕਤ ਲਿਖ ਸਕਤਾ ਹੈ ਜਬ ਉਸ ਕੇ ਪਾਸ ਔਰ ਕੋਈ ਰਸਤਾ ਨਹੀਂ ਰਹਿ ਜਾਤਾ ! ਬੇਜ਼ਮੀਰੀ ਸੇ ਜ਼ਮੀਰੀ ਤਕ ... ਬਸ ਯੇ ਫ਼ਾਸਲਾ ਹੀ ਲਿਖਨਾ ਹੋਤਾ ਹੈ। ਹਰ ਲਿਖਨੇ ਵਾਲਾ ਬੇਜ਼ਮੀਰੀ ਸੇ ਸ਼ੁਰੂ ਹੋਤਾ ਹੈ ਔਰ ਫਿਰ ਮੁਕਮਿਲ ਹੋਤਾ ਰਹਿਤਾ ਹੈ !!

ਬਸ ਐਸੀ ਹੀ ਹੈ ਮੇਰੀ ਤਬੀਅਤ ! ਜਤਿੰਦਰ ਬੇਟੇ ! ਔਰ ਕਯਾ ਲਿਖ ਪੜ੍ਹ ਰਹੇ ਹੋ? ਦੂਸਰਾ ਸਵਾਲ ਹੈ ਮੇਰੇ ਖ਼ਤੂਤ ! ਔਰਤ ਕੇ ਲੀਏ ਆਧਾ ਕਮਰਾ ਤਕ ਨਹੀਂ ਹੈ ਜ਼ਮੀਨ ਪੇ। ਇਸ ਲੀਏ ਮੈਂ ਤੋ ਸਾਰੀ ਕੀ ਸਾਰੀ ਉਧਾਰ ਹੂੰ। ਸੋ ਮੁਝੇ ਆਪਣੇ ਸਾਰੇ ਕਰਜ਼ ਯਾਹ ਹੈਂ। ਨਾ ਮੈਂ ਕਿਸੀ ਪਾਬੰਦੀ ਕੀ ਕਾਇਲ ਹੂੰ ਔਰ ਨਾ ਕਿਸੀ ਭੀ ਬਾਤ ਪੇ ਕਿਸੀ ਕੋ ਪਾਬੰਦ ਰਖਨਾ ਪਸੰਦ ਕਰਤੀ ਹੂੰ। ਮੇਰੇ ਲ.ਫਜ਼ ਹੀ ਮੁਝੇ ਮੇਰਾ ਬਾਤਨ ਬਤਾਤੇ ਹੈਂ।

ਸੋ ਮੈਂ ਅਪਨੀ ਕਮੀਨਗੀ ਔਰ ਅਪਨੇ ਸਵਾਲ ਕੋ ਏਕ ਹੀ ਨੀਅਤ ਸੇ ਦੇਖਤੀ ਹੂੰ। ਔਰ ਸਾਰੇ ਜਜ਼ਬੋਂ ਕੋ ਇਨਸਾਨ ਕਹਿਤੀ ਹੂੰ...। ਮੇਰਾ ਕੋਈ ਭੀ ਲਿਖਾ ਹੂਆ ਲ.ਫਜ਼ ਛੁਪਨੇ ਵਾਲੇ ਰੋਗ ਸੇ ਆਜ਼ਾਦ ਹੈ।

ਕਿਉਂਕਿ ਮੇਰਾ ਨਾਮ ਫ਼ਾਕਾ ਹੈ। ਇਸ ਲੀਏ ਬਹੁਤ/ ਕਾਫ਼ੀ ਘਰੋਂ ਮੈਂ ਮੌਜੂਦ ਹੂੰ।

ਇਸ ਲੀਏ ਮੇਰੇ ਖ਼ਤ ਛਪੋਂ ਤੋਂ ਮੇਰੇ ਹੀ ਘਰ ਆਤੇ ਹੈਂ।

ਮੁਝੇ ਕੋਈ ਏਤਰਾਜ਼ ਨਹੀਂ ਤੁਮ ਮੇਰੇ ਖ਼ਤੂਤ ਛਾਪ ਸਕਤੇ ਹੋ।

ਤਬੀਅਤ ਕੀ ਖ਼ਰਾਬੀ ਕੀ ਵਜਹ ਸੇ ਬਹੁਤ ਸੇ ਜੁਆਬ ਨਹੀਂ ਦੇ ਪਾ ਰਹੀ, ਅਪਨੇ ਯਾਦ ਕਰਨੇ ਵਾਲੋਂ ਕੋ। ਇਨਾਇਤ ਹੈ ਉਨ ਕੀ।

ਤੁਮ੍ਹੇਂ ਨਜ਼ਮੇ ਤੋਂ ਰਵਾਨਾ ਕੀ ਹੈਂ... ਹੋ ਸਕਤਾ ਹੈ ਨਹੀਂ ਮਿਲੀਂ। ਮੁਝੇ ਲਿਖ ਦੋ ਕੌਨ ਸੀ ਨਜ਼ਮ ਮਿਲੀ ਹੈ, ਕੌਨ ਸੀ ਨਹੀਂ, ਕਿਉਂਕਿ ਮੇਰੀ ਯਾਦਾਸ਼ਤ ਬਹੁਤ ਖ਼ਰਾਬ ਹੋ ਚੁੱਕੀ ਹੈ। ਯੇ ਭੀ ਹੋਨਾ ਥਾ। ਤਸਵੀਰ ਭੀ ਅਰਸਾਲ ਕਰੂੰਗੀ। ਤੁਮਾਰੇ ਜਵਾਬ ਆਨੇ ਪਰ!! **ਸਾਰਾ ਸ਼ਗੁਫ਼ਤਾ, ਕਰਾਚੀ**

**ਸਿਵ ਕੁਮਾਰ ਬਟਾਲਵੀ ਦੇ ਦਸ ਖ਼ਤ ਕਹਾਣੀਕਾਰ ਰਾਵਲ ਸਿੰਘ ਧੂਤ ਵੱਲ**

***(ਹੁਸ਼ਿਆਰਪੁਰ-ਪਠਾਣਕੋਟ ਜਰਨੈਲੀ ਸੜਕ ਕਿਨਾਰੇ ਗੜ੍ਹਦੀਵਾਲੇ ਦੇ ਨਜ਼ਦੀਕ ਸ਼ਿਵਾਲਕਾ ਦੀਆਂ ਪਹਾੜੀਆਂ ਵਿਚ ਘਿਰਿਆ ਪਿੰਡ ਹੈ 'ਧੂਤ ਕਲਾਂ'। ਇਸੇ ਪਿੰਡ ਵਿਚ ਖੱਬੇ ਪੱਖੀ ਸੋਚ ਨੂੰ ਪ੍ਰਣਾਏ ਰਾਵਲ ਦੀ ਨੇੜਤਾ ਸ਼ਿਵ ਨਾਲ ਬਹੁਤ ਗੂੜ੍ਹੀ ਸੀ। ਨੌਂਵੇਂ ਦਹਾਕੇ ਵਿਚ ਦਿਮਾਗ਼ ਦੀ ਨਾੜੀ ਫਟਣ ਨਾਲ ਰਾਵਲ ਦੀ ਮੌਤ ਹੋ ਗਈ। ਉਹਦੀ ਨਿੱਜੀ ਫਾਈਲ ਵਿਚੋਂ ਸ਼ਿਵ ਦੇ ਦਸ ਖ਼ਤ ਮਿਲੇ ਸਨ। ਇਨ੍ਹਾਂ ਖ਼ਤਾਂ ਵਿਚੋਂ ਸ਼ਿਵ ਦੀ ਓਸ ਵੇਲੇ ਦੀ ਮਾਨਸਿਕਤਾ ਬਾਰੇ ਪਤਾ ਲੱਗਦਾ ਏ।)***

2-1-61

ਤੇਰਾ ਖ਼ਤ ਮਿਲਿਆ ਹੈ। ਕੀਹ ਦੱਸਾਂ ਦਿਲ ਤੁੰਮੇ ਦੀਆਂ ਕੁੱੜਿਤਨਾ 'ਚ ਮਾਖਿਉਂ ਦਾ ਹੜ੍ਹ ਆ ਗਿਆ। ਵੀਰ ਤੂੰ ਪਰੇਸ਼ਾਨ ਹੈਂ, ਪਰ ਮੇਰਾ ਵੀ ਸੋਚ ਕੀਹ ਹਾਲ ਹੋਵੇਗਾ? ਅੱਜ ਰਾਹੀ ਆਇਆ ਸੀ ਮੈਨੂੰ ਬੜੀ ਸ਼ਰਮ ਆਈ, ਮੈਂ ਹਾਲੇ ਦਾਖਲ ਵੀ ਨਹੀਂ ਹੋ ਸਕਿਆ।

ਮੇਰੇ ਪਿਉ ਕੋਲੋਂ ਮੇਰੇ ਵੰਡੇ ਦੀਆਂ ਅਸੀਸਾਂ ਲੈ ਕੇ ਘਲਦੇ ਰਿਹਾ ਕਰੋ! ਤੇਰੇ ਨਾਲ ਬਿਤਾਏ ਦਿਨ ਮੇਰੇ ਲਈ ਇਕ ਅਮਰ ਯਾਦਗਾਰ ਹਨ। ਤੇਰਾ ਪਿੰਡ ਬਹਿਸ਼ਤ ਨਹੀਂ ਤਾਂ ਬਹਿਸ਼ਤ ਵਰਗਾ ਜ਼ਰੂਰ ਹੈ... ਬਾਕੀ ਜਿਵੇਂ ਰੱਬ ਨੂੰ ਮਨਜ਼ੂਰ ਵੇਖੀ ਜਾਵੇਗੀ। ਪਰੇਸ਼ਾਨ ਬੜਾ ਹਾਂ ਮਰਨ ਨੂੰ ਜੀ ਕਰਦਾ ਹੈ। ਤੇਰੇ ਤੋਂ ਵਿਛੜ ਕੇ ਬੜਾ ਉਦਾਸ ਹਾਂ। ਕਵਿਤਾ ਲਿਖ ਹੀ ਮਾਰੀ ਹੈ, ਕਦ੍ਹੇਂ ਤਾਂ ਸੁਨਾਵਾ! ਲੈ ਸੁਣ!

ਇਹ ਕਿਸ ਦੀ ਅਜ ਯਾਦ ਹੈ ਆਈ,
ਪੁੱਤ ਪਲੇਠੀ ਦਾ ਮੇਰਾ ਬਿਰਹਾ ਫਿਰੇ ਚਾਨਣੀ ਕੁੱਛੜ ਚਾਈ,
ਉਡਦੇ ਬੱਦਲਾਂ ਦਾ ਇਕ ਖੰਡਰ, ਵਿਚ ਚੰਨੇ ਦੀ ਮਕੱੜੀ ਬੈਠੀ।

5-3-61

ਵੀਰ ਰਾਵਲ ਜੀਓ

ਪੱਤਰ ਦੀ ਦੇਰੀ ਦੋਵੇਂ ਕੰਨ ਫੜਕੇ ਮੁਆਫੀ ਮੰਗਦਾ ਹਾਂ ਦਰਅਸਲ ਮੇਰਾ ਕਸੂਰ ਘੱਟ ਏ, ਉੱਤਰਨਾ ਮੋੜਣ ਵਿਚ। ਹੋਇਆ ਇਵੇਂ ਜਦ ਤੁਹਾਡਾ ਪੱਤਰ ਮਿਲਿਆ, ਮੈਂ ਉਹਨੂੰ ਕਿਤੇ ਮਹਿੰਗੀ ਚੀਜ਼ ਸਮਝ ਕੇ ਸਾਂਭ ਦਿੱਤਾ। ਫੇਰ ਉੱਤਰ ਮੋੜਨ ਲਈ ਲੱਭਿਆ ਤਾਂ ਨਾ ਲੱਭਿਆ। ਪਰ ਅਜ ਆਪ ਹੀ ਮੇਰੀ ਹਿੱਕ ਨਾਲ ਆ ਲੱਗਾ ਹੈ ਬਿਲਕੁਲ ਉਵੇਂ ਹੀ ਜਿਸ ਤਰ੍ਹਾਂ ਹਰ ਉਦਾਸੀ ਉੱਡ ਕੇ ਮੇਰੀ ਹੀ ਹਿੱਕ ਵਿਚ ਆਲ੍ਹਣਾ ਪਾਉਂਦੀ ਹੈ। ... ਵੀਰਿਆ ਤੇਰੇ ਪੱਤਰ ਦੀ ਮੈਂ ਸਤਰ-ਸਤਰ ਪੜ੍ਹੀ ਹੈ, ਇਹ ਠੀਕ ਹੈ ਮੈਂ ਬੜਾ ਉਦਾਸ ਰਹਿੰਦਾਂ। ਆਖ਼ਿਰ ਜ਼ਿੰਦਗੀ ਨੇ ਇਹੋ ਕੁਝ ਹੀ ਮੇਰੀ ਝੋਲ 'ਚ ਪਾਇਆ ਹੈ ਤੇ ਮੈਂ ਹੱਸਦੇ ਦੰਦੀਂ ਇਹਨੂੰ ਜੀ



ਆਇਆਂ ਆਖਿਆ ਹੈ। ਮੈਂ ਏਨੀਂ ਜਲਦੀ ਸੁਆਹ ਨਹੀਂ ਹੋਣ ਲੱਗਾ ਕੋਈ ਦੋ ਚਾਰ ਵਰ੍ਹੇ ਤਾਂ ਹੋਰ ਕਢਾਂਗਾ ਹੀ। ਬਾਕੀ ਰਹੀ ਏਸ ਜੀਵਨ ਦੀ ਰਾਖੀ ਵਾਲੀ ਗੱਲ, ਨਾ ਬੀਬਾ ਉਹ ਮੈਥੋਂ ਨਹੀਂ ਹੁੰਦੀ। ਅਸੀਂ ਇਹਦੀ ਰਾਖੀ ਕਿਵੇਂ ਕਰੀਏ। ਏਥੇ ਨਾ ਇਸ ਵਾਰ ਦੀ ਮਰਦਮ ਸ਼ੁਮਾਰੀ 'ਚ ਮੈਂ ਵੀ ਜਿਉਂਦਿਆਂ 'ਚ ਹੀ ਲਿਖਿਆ ਗਿਆ ਹਾਂ। ਪਰ ਜੇ ਕੋਈ ਬੰਦੇ ਦਾ ਪੁੱਤਰ ਮੇਰੇ ਦਿਲ 'ਚ ਬਹਿਕੇ ਵੇਖੇ ਤਾਂ ਪਤਾ ਲੱਗ ਜਾਏ ਸ਼ਿਵ ਤਾਂ ਕੱਦੋਂ ਦਾ ਮਰ ਚੁਕਿਆ ਹੈ। ਮੇਰੀ ਦੇਹ ਨੂੰ ਕਬਰਾਂ ਦੇ ਕੀੜੇ ਕਦ ਦੇ ਖਾ ਚੁੱਕੇ ਨੇ! ਮੈਂ ਬੜਾ ਬੜਬੋਲਾ ਹਾਂ ਬਕੀ ਜਾਂਦਾ। ਹਾਂ ਤਾਂ ਮੈਨੂੰ ਤੇਰੀ ਦੁਨੀਆਂ 'ਚ ਆਉਂਣਾ ਸਵਿਕਾਰ ਹੈ। ਪਰ ਵੇਖੀ ਸ਼ਿਵ ਤਾਂ ਬੜਾ ਮਾੜੂਆ ਜਿਹਾ ਮੁੰਡਾ ਹੈ।

14-4-61

ਪੱਤਰ ਮਿਲਿਆ ਬੜੀ ਖੁਸ਼ੀ ਹੋਈ ਪੱਤਰ ਪੜ੍ਹਕੇ। ਨਵੇਂ ਪਰੁਹਣੇ ਲਈ ਵਧਾਈ ਸਾਰੇ ਪਰਵਾਰ ਨੂੰ ਦੇ ਮੇਰੇ ਵੱਲੋਂ। ਮੇਰੇ ਵੰਡੇ ਆਉਂਦੀਆਂ ਅਸੀਸਾਂ ਵੀ ਨਵੇਂ ਪਰਾਹੁਨੇ ਨੂੰ ਦੇ ਦੇਵੋ। ਕਾਹਲੀ 'ਚ ਹਾਂ। ਨਾਂ ਤੁਸੀਂ (ਰਿਤੂਰਾਜ ਸਿੰਘ) ਰੱਖ ਦਿਉ ਬੜਾ ਪਿਆਰਾ ਨਾਂ ਹੈ। ਰੱਬ ਕਰੇ ਇਹ ਨਾਂ ਦੁਨੀਆਂ 'ਚ ਰੌਸ਼ਨ ਬਣ ਚਮਕੇ।

8-6-61

ਮੈਂ ਪੱਤਰ ਦਾ ਉੱਤਰ ਨਾ ਮੋੜਨ ਲਈ ਬੜਾ ਸ਼ਰਮਿੰਦਾ ਹਾਂ। ਪਿਛਲਾ ਪੂਰਾ ਮਹੀਨਾ ਦਿੱਲੀ ਰਿਹਾ ਹਾਂ। ਕਿਸੇ ਖਾਸ ਕਾਰਨ ਕਰਕੇ ਬੜਾ ਦੁਖੀ ਹਾਂ। ਪੈਸੇ ਵਾਲੇ ਪਾਸਿਉਂ ਬੜੀ ਪਤਲੀ ਹਾਲਤ ਹੋ ਗਈ ਹੈ ਮੇਰੀ। ਮੈਂ ਬੜਾ ਦੁਖੀ ਹਾਂ ਵੀਰਾ ਪੈਸਿਆਂ ਵਾਲੇ ਪਾਸਿਉਂ ਸਿਰਫ਼ ਏਸ ਲਈ ਤੰਗ ਹੋ ਗਿਆ ਹਾਂ ਕਿ ਜਿਸ ਕਾਰਨ ਦਿੱਲੀ ਗਿਆ ਸਾਂ, ਕੰਮ ਹਾਲੇ ਵੀ ਨਹੀਂ ਹੋਇਆ ਜੇ ਹੋ ਗਿਆ ਤਾਂ ਦੱਸਾਂਗਾ। ਮੇਰਾ ਇਹ ਲਿਖਣ ਤੋਂ ਭਾਵ ਇਹ ਨਾ ਲੈ ਲਵੀਂ ਕਿ ਕਿਤੇ ਸ਼ਿਵ ਪੈਸਿਆਂ ਲਈ ਨਾ ਕਹਿ ਰਹਿਆ ਹੋਵੇ ਮੈਂ ਵੈਸੇ ਹੀ ਤੈਨੂੰ ਦੋਸਤੀ ਦੇ ਨਾਤੇ ਦੱਸ ਰਿਹਾਂ। ਹੁਣ ਤੀਕ ਦੋਸਤਾਂ ਕੋਲੋਂ 2700 ਰੁਪਏ ਲੈ ਚੁੱਕਿਆਂ। ਅਤੇ ਮੈਂ ਸੋਚਦਾਂ ਜੇ ਕੰਮ ਨਾ ਬਣਿਆ ਤਾਂ ਮੋੜਾਂ ਗਾ ਕਿਵੇਂ?"

10-7-61

ਪਿਆਰੇ ਰਾਵਲ ਸਿੰਘ, ਪਿਆਰ ਪੁੱਜੇ

ਪੱਤਰ ਮਿਲਿਆ ਹੈ... ਕੀਹ ਦੱਸਾਂ ਕਿੰਨੀ ਖੁਸ਼ੀ ਹੁੰਦੀ ਹੈ ਜਦ ਤੇਰਾ ਪੱਤਰ ਮਿਲਦਾ ਹੈ। ਮੈਂ ਫੇਰ ਜ਼ਿੰਦਗੀ ਕੋਲੋਂ ਏਨਾ ਹੀ ਮਾਯੂਸ ਹਾਂ ਜਿੰਨਾ ਅੱਜ ਤੋਂ ਚਾਰ ਸਾਲ ਪਹਿਲੇ ਸਾਂ। ਸਾਰੀ ਦਿਹਾੜੀ ਬੁਰੇ ਵਿਚਾਰ ਮਨ-ਰੁੱਖ ਦੀ ਛਾਂਵੇ ਬੈਠੇ ਨੱਕਾਂਪੂਰ ਖੇਡਦੇ ਰਹਿੰਦੇ ਹਨ। ਕਦੇ ਜੀ ਕਰਦਾ ਹੈ ਜ਼ਿੰਦਗੀ ਦਾ ਅੰਤ ਕਿਉਂ ਨਾ ਕਰ ਦਿਆਂ... ਪਰ ਫੇਰ ਇਹ ਸੋਚਕੇ ਕਿ ਇਹ ਜ਼ਿੰਦਗੀ ਸ਼ਾਇਦ ਹੁਣ ਮੇਰੀ ਨਹੀਂ ਚੁੱਪ ਹੋ ਜਾਂਦਾਂ।

ਪੈਸਿਆਂ ਬਾਰੇ ਮੈਂ ਬੜਾ ਸੋਚਦਾਂ ਪਰ ਦੁਖੀ ਨਹੀਂ ਹੁੰਦਾ। ਮੈਂ ਸਮਝਦਾਂ ਇਹ ਤਕਲੀਫ਼ ਬੜੀ ਵਕਤੀ ਹੈ। ਰਾਵਲ ਸਿੰਘ ਤੂੰ ਕਿਸੇ ਦਿਨ ਆ ਜ਼ਰੂਰ ਜਾ ਮੈਂ ਬੜਾ ਉਦਾਸ ਹਾਂ। ਕਿਤੇ ਉਹੋ ਨਾ ਹੋ ਜਾਵੇ ਜਿਦ੍ਹਾ ਮੈਨੂੰ ਡਰ ਹੈ। ਸਾਰਾ ਬਦਨ ਬੁਖ਼ਾਰ ਨਾਲ ਤਪ ਰਿਹਾ ਹੈ। ਪਤਾ ਨਹੀਂ ਲੱਗਦਾ ਕੀਹ ਕਰਾਂ? ਮੈਂ ਸਾਹ ਉਧਾਰ ਨਹੀਂ ਮੰਗਦਾ ਤੈਥੋਂ ਮੈਂ ਸਿਰਫ ਤੈਨੂੰ ਪਿਆਰ ਕਰਦਾਂ। ਪਿਆਰ ਜਿਦ੍ਹੇ ਵਿਚ ਮਹਿਕ ਹੈ ਖੁਦ ਗਰਜ਼ੀ ਨਹੀਂ। ਹਾਂ ਕਰਾਂਤੀ ਨੂੰ ਤਾਂ ਤੁਸੀਂ ਮਿਲੇ ਹੀ ਨਹੀਂ। ਮੈਨੂੰ ਅੱਜ ਰਾਤੀਂ ਬੜਾ ਪਿਆਰਾ ਸੁਪਨਾ ਆਇਆ ਸੀ। ਤੂੰ... ਮੈਂ ... ਤੇ ਕਰਾਂਤੀ ਸੰਘਣੇ ਬਾਗਾਂ ਦੀਆਂ ਝੰਗੀਆਂ... ਮੈਥੋਂ ਕਹਿ ਨਹੀਂ ਹੁੰਦਾ... ਦੁੱਖ ਹੁੰਦਾ ਹੈ।

6-8-61 (ਫਗਵਾੜਾ)

ਪਿਆਰੇ ਰਾਵਲ ਜੀਉ ਸਤਿਕਾਰ! ਅੱਖਾਂ ਖਰਾਬ ਹਨ। ਬੜੀ ਤਕਲੀਫ਼ ਹੈ। ਮੈਂ ਫਗਵਾੜੇ ਹੀ ਹਾਂ। ਆ ਜਾਵੋ। ਆ ਕੇ ਮਿਲ ਜਾਵੋ। ਬੜਾ ਉਸਾਦ ਹਾਂ।

13-8-61

ਪਿਆਰੇ ਰਾਵਲ ਸਿੰਘ, ਅਫ਼ਸੋਸ ਹੈ ਮੇਲ ਨਹੀਂ ਹੋ ਸਕਿਆ। ਮੈਨੂੰ ਬੜਾ ਦੁੱਖ ਹੋਇਆ ਜਦੋਂ ਤੂੰ

ਵਾਪਸ ਮੁੜ ਗਿਆ। ਮੈਂ ਤੇਰੇ ਜਾਣ ਮਗਰੋਂ ਜਲਦੀ ਆ ਗਿਆ ਸਾਂ। ਏਸੇ ਅਫ਼ਸੋਸ ਵਿਚ ਤਬੀਅਤ ਬੜੀ ਖਰਾਬ ਹੋ ਗਈ ਸੀ।

ਕਿਤਾਬਾਂ ਛਪ ਰਹੀਆਂ ਹਨ। ਕੱਲ ਬਲਰਾਜ ਸਾਹਨੀ ਸਾਰਾ ਦਿਨ ਮੇਰੇ ਕੋਲ ਹੀ ਰਹੇ ਹਨ। ਤੁਸੀਂ ਵੀ ਹੁੰਦੇ ਤਾਂ ਬੜਾ ਸੁਆਦ ਆਉਂਦਾ। ਬਲਰਾਜ ਜੀ ਨਾਲ ਤੁਹਾਡੇ ਬਾਰੇ ਗੱਲ ਕੀਤੀ ਸੀ ਅਤੇ ਤੁਹਾਡਾ ਪਰਚਾ ਵੀ ਵਿਖਾਇਆ ਸੀ। ਅਜ ਉਹਨਾਂ ਨੂੰ ਟੋਰ ਦਿੱਤਾ ਹੈ... ਸ਼ਾਂਤੀ ਨਿਕੇਤਨ ਬਾਰੇ ਬਲਰਾਜ ਜੀ ਦੀ ਰਾਏ ਕੁਝ ਠੀਕ ਨਹੀਂ ਲੱਗਦੀ ਪਰ ਫਿਰ ਵੀ ਮੈਂ ਜਾਣ ਦੀ ਸੋਚ ਰਿਹਾਂ।

6-9-61(ਦੀਪਕ ਸਟੂਡੀਓ ਫਗਵਾੜਾ)

ਬੜੇ ਦਿਨ ਤੁਹਾਨੂੰ ਯਾਦ ਨਹੀਂ ਕਰ ਸਕਿਆ। ਕਿਤਾਬਾਂ ਛਪ ਗਈਆਂ ਹਨ। ਸਿਰਫ ਮੁੱਖ ਬੰਦ 'ਲਾਜਵੰਤੀ' ਦਾ ਲਿਖਾਣ ਦੀ ਢਿੱਲ ਰਹਿ ਗਈ ਹੈ। ਪਰਸੋਂ ਸੇਖੋਂ ਸਾਹਿਬ ਕੋਲ ਜਾਂ ਕਿਸੇ ਹੋਰ ਕੋਲ ਜਾਵਾਂਗਾ। 15 ਤਰੀਖ਼ ਤੱਕ ਪੁਸਤਕਾਂ ਬਜ਼ਾਰ ਵਿਚ ਆ ਜਾਣਗੀਆਂ।

ਮੈਂ ਹੁਣ ਮਹਾਂ ਕਾਵਿ ਲਿਖਣ ਦੀ ਤਿਆਰੀ ਵਿਚ ਹਾਂ। ਬਸ ਕੁਝ ਦਿਨਾਂ ਤੀਕ ਸ਼ੁਰੂ ਕਰ ਦੇਵਾਂਗਾ। ਉਹਦੇ ਲਈ ਕੋਈ ਚੰਗੀ ਥਾਂ ਹਾਲੇ ਤੀਕ ਨਜ਼ਰਾਂ ਵਿਚ ਨਹੀਂ ਆਈ। ਸ਼ਾਇਦ ਜੇ ਤੁਸੀਂ ਬੁਰਾ ਨਾ ਮਨਾਵੋ ਤਾਂ ਪਿੰਡ ਹੀ ਬੈਠਾਂਗਾ। ਪੂਰੀ ਤਰ੍ਹਾਂ ਨਹੀਂ ਪਰ ਮੈਂ ਕਈ ਕੁਝ ਸੋਚਦਾ ਰਹਿੰਦਾਂ। ਸ਼ਾਇਦ ਕੁੱਲੂ ਹੀ ਚਲਿਆ ਜਾਵਾਂ। ਇਕ ਗੱਲ ਖੁਸ਼ੀ ਦੀ ਦੱਸਾਂ ਕਿ ਮੈਨੂੰ 500/- ਰੁਪਏ ਦੀ ਪਹਿਲੀ ਕਿਸ਼ਤ ਪੰਜਾਬ ਸਰਕਾਰ ਵੱਲੋਂ ਮਿਲ ਗਈ ਹੈ। ਹੁਣ ਉਹ ਪੈਸੇ ਗੁਰਦਾਸਪੁਰ ਡੀ. ਸੀ. ਪਾਸੋਂ ਮਿਲਣੇ ਹਨ। ਏਸ ਲਈ ਚਿੱਠੀ ਮਿਲਦਿਆਂ ਸਾਰ ਫਗਵਾੜੇ ਆ ਜਾ। ਸੋਮਵਾਰ ਗੁਰਦਾਸਪੁਰ ਚੱਲਾਂਗੇ...।

ਰੱਖੜੀ ਤਾਂ ਮੈਂ ਉਡੀਕਦਾ ਹੀ ਰਿਹਾ ਪਰ ਸ਼ਾਇਦ ਲਾਜੋ ਨੂੰ ਲਾਜ ਆ ਗਈ ਹੈ? ਜਾਂ ਸ਼ਾਇਦ ਏਸ ਕਰਕੇ ਨਹੀਂ ਭੇਜੀ ਕਿ ਸ਼ਿਵ ਅਜ ਕੱਲ ਤੰਗ ਹੈ? ਦਰਸ਼ਨ ਸਿੰਘ ਨੂੰ ਯਾਦ ਦੇਣੀ।

ਸਾਰੇ ਪਿਆਰ ਨਾਲ-ਸ਼ਿਵ ਕੁਮਾਰ

23-9-61 (ਸ਼ਿਮਲਾ ਤੋਂ)

ਪਿਆਰੇ ਰਾਵਲ ਸਿੰਘ ਜੀ

ਆਸ ਹੈ ਰਾਜ਼ੀ ਹੋਵੋਗੇ। ਬਟਾਲੇ ਦਾ ਚੱਕਰ ਚੰਗਾ ਹੀ ਲੱਗ ਗਿਆ ਹੋਵੇਗਾ। ਦਰਅਸਲ ਇਹਨੀਂ ਦਿਨੀਂ ਮੈਂ ਬੜਾ ਦੁਖੀ ਹਾਂ। ਕੀਹ ਦੱਸਾਂ ਕੁਝ ਸਮਝ ਨਹੀਂ ਆ ਰਹੀ। ਮੈਂ ਰੱਜਕੇ ਪਰੇਸ਼ਾਨ ਹਾਂ। ਮੇਰੇ ਨਾਲ ਘਰ ਜਾ ਕੇ ਤੁਸੀਂ ਵੀ ਦੁਖੀ ਹੋਏ ਚੰਗਾ ਨਹੀਂ ਹੋਇਆ। ਮੈਂ ਸ਼ਿਮਲੇ ਤੋਂ ਕੱਲ ਪਰਤ ਆਉਂਣਾ ਹੈ। ਬਿਲਕੁਲ ਚੰਗਾ ਨਹੀਂ ਲੱਗਾ ਏਸ ਵਾਰੀ। ਮੈਂ ਬੜਾ ਦੁਖੀ ਹਾਂ, ਬੜਾ ਦੁਖੀ ਹਾਂ।

ਭਾਬੀ ਨੂੰ ਸਤਿਕਾਰ, ਬੱਚਿਆਂ ਨੂੰ ਪਿਆਰ। ਤੇਰਾ -ਸ਼ਿਵ ਕੁਮਾਰ

23-11-61 (ਪ੍ਰੇਮ ਨਗਰ, ਬਟਾਲਾ)

ਪਿਆਰੇ ਰਾਵਲ ! ਪਿਆਰ ਪਹੁੰਚੇ,

ਬੜਾ ਉਦਾਸ ਹੋ ਗਿਆ ਹੋਵੇਂਗਾ। ਮੈਨੂੰ ਅਫਸੋਸ ਹੈ ਮੈਂ ਤੈਨੂੰ ਏਨੀ ਦੇਰ ਪੱਤਰ ਨਹੀਂ ਲਿਖ ਸਕਿਆ। ਮਿੱਤਰਾ ਸਮੇਂ ਦੀਆਂ ਗੱਲਾਂ ਨੇ। ਕੀਹ ਕਰੀਏ? ਸਮੇਂ ਅੱਗੇ ਕੋਈ ਵਾਹ ਨਹੀਂ।

ਕਾਰਨ ਕੁਝ ਇਵੇਂ ਹੈ ਕਿ ਮੈਂ ਬੰਬਈ ਚਲਾ ਗਿਆ ਸਾਂ। ਬੰਬਈ ਤੋਂ ਕਾਨਪੁਰ ਤੇ ਕਾਨਪੁਰ ਤੋਂ ਦਿੱਲੀ। ਦਿੱਲੀ ਅੰਮ੍ਰਿਤਾ ਜੀ ਕੋਲ ਦੋ ਕੁ ਦਿਨ ਗੁਜ਼ਾਰੇ ਬੜਾ ਸੁਆਦ ਆਇਆ। ਨਿਰਸੰਦੇਹ ਉਹ ਇਕ ਮਹਾਨ ਕਲਾਕਾਰ ਹੈ ਤੇ ਇਕ ਚੰਗੀ ਦੋਸਤ ਵੀ।

ਮੈਂ ਏਸ ਵਾਰੇ ਤੇਰੇ ਪਰਚੇ ਲਈ ਕੁਝ ਘੱਲ ਨਹੀਂ ਸਕਿਆ। ਮੁਸੀਬਤ ਏ ਮੀਆਂ, ਛੋਟੀ ਕਵਿਤਾ ਇਹਨੀਂ ਦਿਨੀਂ ਮੈਂ ਕੋਈ ਲਿਖੀ ਨਹੀਂ, ਹਾਂ ਸਿਰਫ ਇਕ ਕਵਿਤਾ ਲਿਖੀ ਹੈ, ਤੇ ਉਹ ਵੀ ਕੱਲ੍ਹ ਹੀ। ਖ਼ੈਰ ਅਗਲੀ ਵਾਰ ਸਹੀ।



ਇਕ ਗੱਲ ਕਹਾਂ ਤੂੰ 8...9...10 ਦਸੰਬਰ ਮੇਰੇ ਕੋਲ ਹੀ ਰਹਿਣਾ ਹੈ, ਏਸ ਲਈ ਬਟਾਲੇ ਸੱਤ ਦੁਪਹਿਰ ਤੀਕ ਜ਼ਰੂਰ ਆ ਜਾ, ਬੜਾ ਜ਼ਰੂਰੀ ਹੈ। ਸੋ ਕੰਮ ਛੱਡ ਕੇ ਵੀ ਆਉਂਣਾ ਪਵੇਗਾ ਤੈਨੂੰ। ਬਾਕੀ ਭਾਬੀ ਲਾਜੋ ਅਤੇ ਬੱਚਿਆਂ ਨੂੰ ਮੇਰੀਆਂ ਫੱਕਰ ਦੀਆਂ ਅਸੀਸਾਂ ਅਤੇ ਸ਼ੁਭ ਇਛਾਵਾਂ ਦਵੀਂ। ਦਿਲਬਰ ਨੂਰਪੁਰੀ, ਅਤੇ ਦਰਸ਼ਨ ਸਿੰਘ ਤੇ ਦੂਜੇ ਸਾਰੇ ਦੋਸਤਾਂ ਨੂੰ ਵੀ ਯਾਦ ਦਵੀਂ। ਉਪਾਸ਼ਕ ਮੇਰੇ ਕੋਲ ਆਇਆ ਸੀ, ਅਤੇ ਤੁਹਾਡੀਆਂ ਗੱਲਾਂ ਕਰਦਾ ਸੀ ਕਿ ਰਾਜ਼ੀ ਨੇ। ਮਸਾਂ ਮਰਕੇ ਅੱਜ ਵਿਹਲ ਮਿਲੀ ਹੈ ਤੇ ਤੈਨੂੰ ਪੱਤਰ ਲਿਖ ਰਿਹਾ ਹਾਂ। ਬਾਕੀ ਮਿਲਣ ਤੇ। **-ਸ਼ਿਵ ਕੁਮਾਰ**

**ਅੰਮ੍ਰਿਤਾ ਪ੍ਰੀਤਮ ਦਾ ਖ਼ਤ ਪ੍ਰੇਮ ਗੋਰਖੀ ਵੱਲ**

ਪਿਆਰੇ ਪ੍ਰੇਮ ਗੋਰਖੀ, 9-10-1976

ਅੱਜ ਤੈਨੂੰ 'ਪਿਆਰੇ' ਲਫ਼ਜ਼ ਮੈਂ ਰਵਾਇਤਨ ਸੰਬੋਧਨ ਵਿਚ ਨਹੀਂ ਲਿਖਿਆ। ਹੁਣੇ ਤੇਰਾ ਭੇਜਿਆ 'ਉਹ ਘੜੀ ਉਹ ਘਟਨਾ' ਵਾਕਿਆ ਪੜ੍ਹਿਆ ਹੈ, ਤੇ ਜਵਾਬ ਵਿਚ ਇਹ 'ਪਿਆਰੇ' ਲਫ਼ਜ਼ ਇਹਦੇ ਸਚਮੁੱਚ ਦੇ ਅਰਥਾਂ ਵਿਚ ਲਿਖਿਆ ਹੈ।

ਇਸ ਤੇਰੇ ਲੇਖ ਨੂੰ ਮੈਂ ਨਾਗਮਣੀ ਦੇ ਜਨਵਰੀ ਅੰਕ ਵਿਚ ਛਾਪਾਂਗੀ। ਸਚਮੁੱਚ ਦੋਸਤ ! ਦੁਨੀਆਂ ਦੀ ਬੁਰਿਆਈ ਦਾ ਸਹੀ ਬਦਲ ਚੰਗਿਆਈ ਹੈ। ਵੇਖ ! 'ਬਦਲਾ' ਲਫ਼ਜ਼ ਜੋ ਦੁਨੀਆਂ ਨੇ ਭਿਆਨਕ ਬਣਾਇਆ ਹੋਇਆ ਹੈ, ਉਹ ਭਿਆਨਕ ਨਹੀਂ। ਉਹਦੀ ਹੋਂਦ ਜ਼ਰੂਰੀ ਹੈ, ਪਰ ਜੇ ਸਹੀ ਅਰਥਾਂ ਵਿਚ ਹੋਵੇ।

ਇਸੇ ਤਰ੍ਹਾਂ ਨਫ਼ਰਤ, ਰੋਹ, ਬਗਾਵਤ ਵੀ ਬੜੇ ਜ਼ਰੂਰੀ ਹਨ, ਸਚਮੁੱਚ ਦੀ ਇਨਸਾਨੀ ਸ਼ਕਤੀ, ਪਰ ਅੱਜ ਤੱਕ ਇਨ੍ਹਾਂ ਦੀ ਸਹੀ ਵਰਤੋਂ ਨਹੀਂ ਹੋ ਸਕੀ। ਇਹ ਦੁਨੀਆਂ ਦੀਆਂ ਸਭ ਗਲਤ ਕੀਮਤਾਂ ਦੇ ਖ਼ਿਲਾਫ਼ ਹੋਣੇ ਚਾਹੀਦੇ ਹਨ, ਪਰ ਇਨ੍ਹਾਂ ਨੂੰ ਹਮੇਸ਼ਾ ਹੰਕਾਰ ਦੀ ਰਾਖੀ ਲਈ ਵਰਤਿਆ ਜਾਂਦਾ ਹੈ, ਜਾਂ ਤਾਕਤ ਦੀ ਹੱਥ-ਬਦਲੀ ਲਈ। ਅਨਿਆਂ ਦਾ ਬਦਲਾ ਲੁੱਟਮਾਰ ਜਾਂ ਤਸ਼ੱਦਦ ਕਦੇ ਨਹੀਂ ਹੋ ਸਕਦਾ, ਇਸ ਦਾ ਸਹੀ ਬਦਲਾ ਸਿਰਫ਼ ਇਨਸਾਨੀ ਚੰਗਿਆਈ ਹੈ। ਇਹ ਕਰਮ ਸੌਖਾ ਨਹੀਂ ਬਹੁਤ ਮੁਸ਼ਕਿਲ ਹੈ, ਇਹਦੇ ਲਈ ਸਵੈ-ਸਾਧਨਾ ਇਕ ਤਪੱਸਿਆ ਹੈ। ਪਰ ਜਿਹਨੇ ਵੀ ਹੱਥ ਵਿਚ ਕਲਮ ਫੜਣੀ ਹੈ, ਤਪੱਸਿਆ ਉਹਦੀ ਪਹਿਲੀ ਲੋੜ ਹੈ। ਤੇਰੇ ਇਸ ਲੇਖ ਲਈ ਬੜਾ ਪਿਆਰ ਭੇਜਦੀ ਹਾਂ।

**-ਅੰਮ੍ਰਿਤਾ ਪ੍ਰੀਤਮ**

**ਨਾਟਕਕਾਰ ਗੁਰਦਿਆਲ ਸਿੰਘ ਫੁੱਲ ਦਾ ਖ਼ਤ ਬਲਦੇਵ ਸਿੰਘ 'ਬੱਦਨ' ਵੱਲ**

ਪਿਆਰੇ ਬਲਦੇਵ ਸਿੰਘ 'ਬੱਦਨ' ਜੀ 4-11-86

ਪਿਆਰੇ ਆਪ ਜੀ ਦਾ ਪੱਤਰ 4.11 ਨੂੰ ਸ਼ਾਮੀ ਮਿਲਿਆ। ਆਪ ਜੀ ਨੇ ਯਾਦ ਕੀਤਾ। ਧੰਨਵਾਦ। ਜੁਆਨੀ ਯਾਦ ਕਰੇ ਤਾਂ ਆਦਮੀ ਤਰ ਜਾਂਦਾ ਹੈ। ਮੈਂ ਲੰਡਨ ਗਿਆ ਸਾਂ ਉਥੇ ਮੈਂ ਇਕ ਭਾਸ਼ਣ ਵਿਚ ਕਿਹਾ ਸੀ ਮੇਰਾ ਕੁਝ ਵੀ ਨਹੀਂ ਮੇਰੇ ਜੁਆਨ ਵਿਦਿਆਰਥੀਆਂ, ਸ਼ਰਧਾਲੂਆਂ ਤੇ ਸਜਨਾ ਦਾ ਹੈ। ਸੋ ਸਭ ਤੁਹਾਡਾ ਹੈ ਜੁਆਨੀ ਨੂੰ ਸੁਆਰਨਾ ਨਵਿਆਉਣਾ, ਰੁਸ਼ਨਾਉਣਾ ਮੇਰਾ ਸਿਮਰਨ ਹੈ। ਇਸ ਲਈ ਮੈਂ ਆਪਦਾ ਹੁਕਮ ਮਨ ਕੇ (ਭਾਵੇਂ ਮੇਰੀ ਸਿਹਤ ਬਹੁਤ ਹੀ ਖਰਾਬ ਹੈ ਚਾਰ ਦਿਨ ਤੋਂ ) ਜਿੰਨੀਆਂ ਕਵਿਤਾਵਾਂ ਲੱਭ ਸਕਿਆ ਭੇਜ ਰਿਹਾ ਹਾਂ।

ਮੈਂ ਕਵੀ ਨਹੀਂ ਹਾਂ, ਮੈਂ ਕਵਿਤਾ ਵਿਚ ਜਿਉਂਦਾ ਹਾਂ ਕਹਾਣੀ ਵਿਚ ਸੋਚਦਾ ਹਾਂ ਤੇ ਨਾਟਕ ਲਿਖਦਾ ਹਾਂ। ਮੇਰੀਆਂ ਸਾਰੀਆਂ ਕਵਿਤਾਵਾਂ (ਦੋ ਕਾਵਿ ਸੰਗ੍ਰਹਿ ਤੇ 100 ਕੁ ਮਾਸਿਕਾ ਵਿਚ ਛਪੀਆ) ਮੇਰੇ ਕੌਮਲ ਮਨ ਦੇ ਪ੍ਰਤਿਕਰਨ ਹਨ। ਆਹਾਂ ਹਨ ਧੜਕਣਾ ਹਨ।

ਆਪ ਨੂੰ ਜਿਹੜੀਆਂ ਚੰਗੀਆਂ ਲੱਗੀਆਂ ਰੱਖ ਲੈਣੀਆਂ। ਬਾਕੀ ਕੌਮੀ ਵੰਗਾਰ ਵਿਚ ਛਪ ਰਹੀਆਂ

ਹਨ। ਤੁਹਾਡੇ ਕੋਲ ਹਨ। ਵਾਧੂ ਬੇਸ਼ਕ ਤੁਸੀਂ ਕੌਮੀ ਵੰਗਾਰ ਦੇ ਐਡੀਟਰ ਨੂੰ ਦੇ ਦੇਣੀਆਂ। ਓਸੇ ਕੋਲੋ ਵੀ ਵੇਖ ਲੈਣੀਆਂ। ਮੈਂ ਮਾਸਿਕ ਵਿਚ ਛਪੀਆਂ ਬਹੁਤ ਸਾਂਭੀਆਂ ਨਹੀਂ ਹਨ।

ਤੁਹਾਨੂੰ ਲੇਖ ਤੇ ਕਵਿਤਾਵਾਂ ਚੰਗੀਆਂ ਲੱਗੀਆਂ ਖੁਸ਼ੀ ਦੀ ਗੱਲ ਹੈ। ਤੁਹਾਡਾ ਥੀਸੀਅਸ ਕਿੱਥੇ ਪੁਜਾ ਹੈ। ਮੇਰੇ ਕੋਲ ਨਾਟਕ ਦਾ ਐਨਾ ਮੈਟਰ ਹੈ ਭਾਵੇਂ ਕੋਈ ਪੰਜ ਜਣੇ ਪੀਐਚ. ਡੀ. ਕਰ ਲੈਣ ਜੇ ਕੋਈ ਲੋੜ ਹੋਵੇ ਤਾਂ ਲਿਖਣਾ।

ਤੁਹਾਡਾ ਐਡੀਟਰ ਕੌਣ ਹੈ? ਕੀ ਗਗਨ ਹੈ। ਉਹ ਜਿਹੜਾ ਕੰਮ ਕੋਈ ਨਾ ਕਰ ਸਕੇ ਤੇ ਥੋੜੇ ਪੈਸਿਆਂ ਵਾਲਾ ਹੋਵੇ ਉਹ ਪੰਜ ਕੁ ਸਾਲ ਮਗਰੇ ਮੇਰੇ ਮੱਥੇ ਮਾਰਦੀ ਹੈ ਤੇ ਬਾਕੀਆਂ ਨੂੰ.... ਮੈਂ ਇਸ ਉਮਰ 'ਚ (ਪਹਿਲਾ ਵੀ ਨਹੀਂ ਕਰ ਸਕਿਆ... ਨਾਲੇ... ਕਮਲਾ ਕਹਿੰਦੇ ਜੇ) ਮਿੰਨਤ ਨਹੀਂ ਕਰ ਸਕਦਾ। ਕੰਮ ਮੰਗ ਨਹੀਂ ਸਕਦਾ। ਉਹ ਮਿੱਤਰਾ ਨੂੰ ਬਾਲ ਪੁਸਤਕਾਂ ਦਾ ਅਨੁਵਾਦ ਦਿੰਦੀ ਹੈ। ਕਿੰਨੀ ਹਾਸੋ ਹੀਣੀ ਗੱਲ ਹੈ। ਕਿ ਉਹ ਅਤਰ ਸਿੰਘ ਨੂੰ ਇਕਾਂਗੀ ਸੰਗ੍ਰਹਿ ਤਿਆਰ ਕਰਨ ਨੂੰ ਕਹੇ ਜਦ ਕਿ ਇਕ ਵੀ ਉਸ ਦੀ ਨਾਟਕ ਦੀ ਕਿਤਾਬ ਨਹੀਂ। ਮੇਰੀਆਂ-

ਆਧੁਨਿਕ ਨਾਟਕ

ਨਾਟਕ ਤੇ ਨਾਟਕਕਾਰ

ਪੰਜਾਬੀ ਇਕਾਂਗੀ ਸਰੂਪ ਸਿਧਾਂਤ ਤੇ ਵਿਕਾਸ

ਪੰਜਾਬੀ ਨਾਟਕ ਸਰੂਪ ਸਿਧਾਂਤ ਤੇ ਵਿਕਾਸ

ਸੁਰਜੀਤ ਸੇਠੀ, ਗੁਰਦਿਆਲ ਸਿੰਘ ਫੁੱਲ, ਅਹੂਜਾ, ਸਿੱਧੂ ਤੇ ਛਪ ਰਹੀ ਹੈ।

ਮੈਂ ਤਾਂ ਐਵੇਂ ਸਰਾਸਰ ਗੱਲ ਕੀਤੀ , ਮੈਨੂੰ ਕੋਈ ਗਿਲਾ ਨਹੀਂ ਮੈਂ ਨਾ ਢੋਲ ਵਜਾ ਸਕਦਾ ਹਾਂ ਨਾ ਮਿੰਨਤ ਕਰ ਸਕਦਾ ਹਾਂ ਨਾ ਸ਼ਰਾਬ ਪਿਲਾ ਸਕਦਾ ਹਾਂ। ਮੇਰੀਆਂ 40 ਦੇ ਕਰੀਬ ਬਾਲ ਪੁਸਤਕਾਂ ਹਨ ਤੇ 16 ਪਬਲਿਕ ਸਕੂਲਾ ਲਈ ਪਾਠ ਪੁਸਤਕਾਂ ਹਨ। ਸੋ ਤੁਸੀਂ ਮੇਰੀ ਚਿੰਤਾ ਨਾ ਕਰੋ। ਸਗੋਂ ਮੈਨੂੰ ਦਸੋ ਮੈਂ ਤੁਹਾਡੀ ਕੀ ਮਦਦ ਕਰ ਸਕਦਾ ਹਾਂ।

ਮੈਨੂੰ ਇਹ ਵੀ ਪਤਾ ਨਹੀਂ ਆਪ ਕੋਲ ਕਿਹੜਾ ਕੰਮ ਹੈ। ਆਪ ਗਗਨ ਨਾਲ ਹੋ? ਉਹਦੇ ਅਧੀਨ ਹੋ ਜਾਂ ਕਿਸੇ ਹੋਰ ਐਡੀਟਰ ਦੇ ਅਧੀਨ ਹੋ।

ਆਸ ਏ ਮੇਰੀ ਲੰਮੀ ਖੁੱਲ੍ਹੀ ਚਿੱਠੀ ਦੀ ਖ਼ਿਮਾ ਕਰੋਗੇ। ਤੁਸੀਂ ਮੇਰੀ ਖਾਤਰ ਆਪਣੇ ਆਪ ਨੂੰ ਕਿਸੇ ਔਕੜ ਵਿਚ ਨਾ ਪਾ ਲੈਣਾ। ਤੁਹਾਡੇ ਦੁਆਲੇ ਬੜੇ ਘਾਤਕ ਕੰਡੇਰਨ ਹਨ, ਜਿਹੜਾ ਤੁਹਾਡਾ ਰਾਹ ਰੋਕਣ।

ਬਾਕੀ ਜਦ ਦਿੱਲੀ ਆਇਆ ਮਿਲਾਗਾ। ਮੈਂ ਤਾਂ ਸ੍ਰ. ਸਵਰਨ ਸਿੰਘ ਡਾ. ਸਿੱਧੂ ਨੂੰ ਵੀ ਅਜੇ ਨਹੀਂ ਮਿਲ ਸਕਿਆ। 12.6 ਨੂੰ ਹਵਾਈ ਜਹਾਜ ਦਿੱਲੀਓ ਚੜ੍ਹਿਆ ਸੀ) 17.7. ਨੂੰ ਉਤਰਿਆ ਸਾਂ ਪਰ ਮਿਲ ਕਿਸੇ ਨੂੰ ਨਾ ਸਕਿਆ। ਬਾਕੀ ਜੇ ਡਿਊਟੀ ਜੁਮੇ ਲਾਉਗੇ ਮੈਂ ਹਾਜ਼ਰ ਹਾਂ। ਕਵਿਤਾਵਾਂ ਦੀ ਪਹੁੰਚ ਤੇ ਕਿਹੜੀ ਰੱਖੀ ਹੈ ਇਹ ਵੀ ਦੱਸਣਾ। **- ਗੁਰਦਿਆਲ ਸਿੰਘ ਫੁੱਲ**

**ਸੋਹਣ ਸਿੰਘ ਜੋਸ਼ ਦਾ ਖ਼ਤ ਰਾਮ ਸਰੂਪ ਅਣਖੀ ਵੱਲ**

ਪਿਆਰੇ ਅਣਖੀ ਭਾਈ, 5.5.80

'ਸਵਾਲ ਦਰ ਸਵਾਲ' ਪੁਸਤਕ ਮਿਲੀ। ਬਹੁਤ ਧੰਨਵਾਦ!

ਤੁਸੀਂ ਹੁਣ ਨਿੱਕੇ ਨਿੱਕੇ ਸ਼ਰਟੀਫ਼ਿਕੇਟਾਂ ਤੋਂ ਅੱਗੇ ਲੰਘ ਗਏ ਹੋ। ਨਾਵਲ ਲਿਖਣ ਉੱਤੇ ਵਧੇਰੇ ਜ਼ੋਰ ਦਿਓ ਅਤੇ ਇਸ ਖੇਤਰ ਵਿਚ ਪੰਜਾਬੀ ਦਾ ਪਛੜੇਵਾਂ ਦੂਰ ਕਰਨ ਦਾ ਮਾਅਰਕਾ ਮਾਰੋ!! ਸ਼ੁਭ ਕਾਮਨਾ!

**-ਸੋਹਨ ਸਿੰਘ ਜੋਸ਼, ਅਜੈ ਭਵਨ, ਨਵੀਂ ਦਿੱਲੀ।**



**ਰਘੁਬੀਰ ਢੰਡ ਦਾ ਖ਼ਤ ਕੇਸਰ ਸਿੰਘ ਕੇਸਰ ਵੱਲ**

ਪਿਆਰੇ ਮਿੱਤਰ ਤੇ ਭਰਾ ਕੇਸਰ 16-12-1990

ਯਾਦਾਂ ਗਲਵਕੜੀਆਂ! ਹਮੇਸ਼ਾਂ ਵਾਂਗ ਪਿਆਰਾ ਤੇਰਾ ਖ਼ਤ ਮਿਲ ਗਿਆ ਸੀ।

ਇਹ ਫ਼ਿਲਹਾਲ ਇਕ ਗੁਪਤ ਪੱਤਰ ਲਿਖ ਰਿਹਾ ਹਾਂ। ਚਾਹੁੰਦਾ ਹਾਂ ਕਿ ਇਸ ਨੂੰ ਭੈਣ ਜਸਬੀਰ ਵੀ ਨਾ ਪੜ੍ਹ ਸਕੇ ਤੇ ਤੁਸੀਂ ਇਸ ਦੇ ਵਿਸ਼ੇ ਵਸਤੂ ਬਾਰੇ ਫ਼ਿਲਹਾਲ ਆਪਣੀ ਛਾਂ ਨਾਲ ਵੀ ਗੱਲ ਨਾ ਕਰੋ। ਜੇ ਫਿਰ ਵੀ ਤੈਥੋਂ ਰਿਹਾ ਨਾ ਜਾਵੇ ਤਾਂ ਬੜੇ ਪਰਦੇ ਨਾਲ ਭੈਣ ਨਾਲ ਗੱਲ ਕਰੇਂ ਤੇ ਖ਼ਤਮ। ਮੈਨੂੰ ਵੀ ਸਿਰਫ਼ ਇਸ ਚਿੱਠੀ ਦੀ ਪਹੁੰਚ ਬਾਰੇ ਦੱਸ ਦੇਵੀਂ।... ਗੱਲ ਇੰਜ ਹੈ।

ਮੈਂ ਬਹੁਤ ਬੀਮਾਰ ਹਾਂ। ਮੇਰਾ ਭਾਰ ਗਿਆਰ੍ਹਾਂ ਕਿੱਲੋ ਘਟ ਗਿਆ ਹੈ। 65 ਤੋਂ 54 ਰਹਿ ਗਿਆ ਹੈ। ਮੈਂ ਬਿਨਾਂ ਸਹਾਰੇ ਤੋਂ ਖਲੋ ਵੀ ਨਹੀਂ ਸਕਦਾ। ਸਾਰੇ ਟੈਸਟ ਤੇ ਸਕੈਨਿੰਗਾਂ ਦੇ ਵਾਚਣ ਤੋਂ ਮਗਰੋਂ ਸਪੈਸ਼ਲਿਸਟ ਦੀ ਭਵਿੱਖਬਾਣੀ ਇਹ ਸੀ you have lumps in your body One is right on the lever. They are certainly enlarging. In six months, one year or two years you have to go." ਸਪੈਸ਼ਲਿਸਟ ਦੀ ਗੱਲ ਸੁਣ ਮੈਂ ਜਵਾਬ ਦਿੱਤਾ, "You may say whatever you like but I am not going to die."

ਇਸ ਤੋਂ ਬਾਦ ਸਪੈਸ਼ਲਿਸਟ (ਸਰਜਨ) ਨੇ ਮੈਨੂੰ ਟਯੂਮਰ ਦੇ ਮਾਹਰ ਪ੍ਰੋ. ਸੈਲਬੀ ਕੋਲ ਭੇਜ ਦਿੱਤਾ, ਜਿਸ ਨੇ ਤਕਰੀਬਨ ਦੋ ਮਹੀਨੇ ਮੈਨੂੰ ਕੀਮੋਥੈਰੇਪੀ ਇਲਾਜ ਦਿੱਤਾ। ਉਸ ਇਲਾਜ ਨਾਲ ਮੇਰਾ ਰੰਗ ਬਹੁਤ ਕਾਲਾ ਹੋ ਗਿਆ। ਵਾਲ਼ ਛਿੱਦੇ ਹੋਣ ਲੱਗ ਪਏ। ਮੇਰੀ ਵਰਤਮਾਨ ਯਾਦਾਸ਼ਤ ਇੰਨੀ ਕਮਜ਼ੋਰ ਹੋ ਗਈ ਕਿ ਮੈਂ ਇਕ ਇਕ ਗੱਲ ਨੂੰ ਕਈ ਕਈ ਵਾਰ ਦੁਹਰਾਉਣ ਲੱਗਿਆ। ਆਪਣੇ ਆਪ ਨਾਲ ਗੱਲਾਂ ਕਰਨ ਲੱਗਿਆ ਤੇ ਮੇਰੀ ਸਮੁੱਚੀ ਸ਼ਖ਼ਸ਼ੀਅਤ ਹੀ ਗਰਕ ਹੋਣ ਲੱਗੀ। ਮੇਰੀ ਹਾਲਤ ਵੇਖ ਮਾਹਰ ਨੇ ਮੈਨੂੰ ਇਲਾਜ ਤੋਂ ਖ਼ਾਰਜ ਕਰ ਦਿੱਤਾ। ਹੁਣ ਮੈਂ ਮਹੀਨੇ ਬਾਅਦ ਸੇਂਟ ਜੈਮਸ ਹਸਪਤਾਲ ਵੀ ਜਾਂਦਾ ਹਾਂ ਤੇ ਨਾਲ ਇਕ ਹੋਮਿਓਪੈਥ ਦਾ ਇਲਾਜ ਵੀ ਕਰਵਾਉਂਦਾ ਹਾਂ। ਗਿਲਟੀ ਦਾ ਸਾਇਜ਼ ਪਿਛਲੇ ਛੇ ਮਹੀਨਿਆਂ ਵਿਚ ਨਾ ਘਟਿਆ ਹੈ ਤੇ ਨਾ ਵਧਿਆ ਹੈ। ਮੈਂ ਬਹੁਤ ਹੌਸਲੇ ਵਿਚ ਹਾਂ। ਮੌਤ ਨੂੰ ਸਵੀਕਾਰ ਨਹੀਂ ਕਰਦਾ। ਪਰ ਮੈਨੂੰ ਬਹੁਤ ਘੱਟ ਹਜ਼ਮ ਹੁੰਦਾ ਹੈ। ਦਰਦ ਇੰਨੀ ਹੁੰਦੀ ਹੈ ਕਿ ਮੈਂ ਕੁਠੇ ਬੱਕਰੇ ਵਾਂਗ ਤੜਫਦਾ ਹਾਂ। ਪਰਿਵਾਰ ਪਹਿਲਾਂ ਹੀ ਬਹੁਤ ਨੇੜੇ ਸੀ, ਹੁਣ ਹੋਰ ਵੀ ਨੇੜੇ ਹੋ ਗਿਆ ਹੈ। ਅੰਜੁਮ ਤਕਰੀਬਨ ਹਰ ਰੋਜ਼ ਫ਼ੋਨ ਕਰਦੀ ਹੈ ਤੇ ਡਾਕਟਰਾਂ ਨਾਲ ਵੀ ਪੂਰੀ ਤਫ਼ਸੀਲ ਵਿਚ ਸੰਪਰਕ ਰੱਖਦੀ ਹੈ। ਇਸ ਬਾਰੇ ਪ੍ਰਕਾਸ਼, ਰਾਜੀਵ, ਮੀਨਾ, ਵਰੁਣ ਤੇ ਅੰਜੁਮ ਨੂੰ ਹੀ ਪਤਾ ਹੈ। ਤੈਨੂੰ ਮੈਂ ਇਸ ਲਈ ਲਿਖ ਰਿਹਾ ਹਾਂ ਕਿ ਹਿੰਦੁਸਤਾਨ ਵਿਚ ਕਿਸੇ ਹੋਰ ਨੂੰ ਪਤਾ ਨਹੀਂ ਹੈ। ਸੋਹਣ ਨੂੰ ਲਿਖਣ ਬਾਰੇ ਸੋਚਿਆ ਪਰ ਉਹ ਏਡਾ ਸ਼ਰਧਾਵਾਨ ਇਨਸਾਨ ਹੈ ਕਿ ਮੇਰੇ ਨਾਲ ਪਿਆਰ ਕਰਨ ਤੋਂ ਬਿਨਾਂ ਉਹਦੀ ਜ਼ਿੰਦਗੀ ਦਾ ਹੋਰ ਕੋਈ ਉਦੇਸ਼ ਹੀ ਨਹੀਂ, ਉਹ ਤਾਂ ਪਤਾ ਲੱਗਣ ਤੇ ਸਮੇਂ ਤੋਂ ਪਹਿਲਾਂ ਖ਼ਤਮ ਹੋ ਜਾਏਗਾ।

ਮੇਰਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਜੇ ਮੈਂ ਚੰਗੇ ਪਾਸੇ ਸੋਚਾਂ, ਆਪਣੀ ਆਤਮ-ਸ਼ਕਤੀ ਨੂੰ ਪ੍ਰਚੰਡ ਕਰਾਂ ਤਾਂ ਮੈਂ ਨੌਂ ਬਰ ਨੌਂ ਹੋ ਜਾਵਾਂਗਾ। ਜੇ ਕੋਈ ਮੰਦਾ ਭਾਣਾ ਬੀਤ ਗਿਆ ਤਾਂ ਮੈਂ ਸਾਰੇ ਬੱਚਿਆਂ ਨੂੰ ਬਿਠਾ ਕੇ ਹੌਲੀ ਹੌਲੀ ਸਮਝਾ ਦਿੱਤਾ ਹੈ ਕਿ ਮੇਰੇ ਪੂਰਾ ਹੋਣ ਤੇ ਕੋਈ ਰਸਮ ਨਾ ਕੀਤੀ ਜਾਵੇ। ਸਿਵਿਆਂ ਵਿਚ ਕੁਝ ਜ਼ਮੀਨ ਖਰੀਦ ਕੇ ਅੱਧੇ ਫੁੱਲ ਦੱਬ ਦਿੱਤੇ ਜਾਣ ਤੇ ਉਸ ਤੇ ਕੋਈ ਸਾਦਾ ਜਿਹਾ ਪੱਥਰ ਲਾ ਦਿੱਤਾ ਜਾਵੇ। ਰਘਬੀਰ ਢੰਡ ਇਕ ਸਧਾਰਨ ਆਦਮੀ ਅਤੇ ਅਧੁਨਿਕ ਲੇਖਕ। ਅੱਧੇ ਫੁੱਲ ਕੋਈ ਬੱਚਾ ਜਾਂ ਪ੍ਰਕਾਸ਼ ਇੰਡੀਆ ਲੈ ਆਏਗਾ। ਤੂੰ ਕੁਝ ਕੁ ਮੈਨੂੰ ਪਿਆਰ ਕਰਨ ਵਾਲਿਆਂ ਨੂੰ ਨਾਲ ਲੈ ਕੇ (ਸੋਹਣ ਸਣੇ ਮੇਰੇ ਤਿੰਨੇ ਭਰਾ, ਮੋਹਨ

ਭੰਡਾਰੀ, ਸੁਜਾਨ ਸਿੰਘ ਜੀ ਤੇ ਚੰਦ ਕੁ ਜਿਹਨਾਂ ਨੂੰ ਤੁਸੀਂ ਸਾਰੇ ਠੀਕ ਸਮਝੋਂ) ਫੁੱਲ ਮੇਰੇ ਪਿੰਡ ਦੀ ਨਹਿਰ ਵਿਚ ਪ੍ਰਵਾਹ ਕਰ ਦੇਣੇ। ਕੋਈ ਤਕਰੀਰ ਨਹੀਂ ਕਰਨੀ, ਕੋਈ ਫ਼ੰਕਸ਼ਨ ਨਹੀਂ ਕਰਨਾ। ਕਿਉਂਕਿ ਇਹ ਬਹੁਤ ਝੂਠਾ ਵਿਖਾਵਾ ਹੁੰਦਾ ਹੈ। ਮੈਂ ਸਾਰੀ ਉਮਰ ਸਾਦਗੀ 'ਚ ਜ਼ਿੰਦਗੀ ਗੁਜ਼ਾਰੀ ਹੈ, ਅੰਤਿਮ ਸਮੇਂ ਵੀ ਇੰਜ ਹੀ ਠੀਕ ਹੈ। ਮੇਰਾ ਨਾਵਲ 'ਰਿਸ਼ਤਿਆਂ ਦੀ ਯਾਤਰਾ' , 'ਸ਼ਾਨੇ-ਪੰਜਾਬ' ਪੱਧਰ ਦਾ ਛਪਿਆ ਹੈ। ਸੋਹਣ ਛੇਤੀ ਹੀ ਤੈਨੂੰ ਕਾਪੀ ਭੇਜੇਗਾ। **- ਰਘੁਬੀਰ ਢੰਡ**

**ਰਘੁਬੀਰ ਢੰਡ ਦੇ ਖ਼ਤ ਮੋਹਨ ਭੰਡਾਰੀ ਵੱਲ**

ਪਿਆਰੇ ਭੰਡਾਰੀ 12-7-1969

ਦੇਸੀ ਕਮਾਦ ਦੇ ਗੰਨੇ ਵਾਂਗ ਏਂ ਤੂੰ... ਬਿਨਾ ਮਿਲਾਵਟ ਤੋਂ, ਸਾਦਾ, ਪਵਿੱਤਰ, ਠੰਢ ਦੇਣ ਵਾਲਾ, ਪਤਲਾ ਪਤਲੰਗ, ਉੱਚੀ ਧੌਣ ਵਾਲਾ, ਬੇ-ਹਦ ਨਿਮਰ ਪਰ ਆਕੜਖ਼ਾਹਾਂ ਨੂੰ ਛਿੱਲ ਦੇਣ ਵਾਲਾ... ਤੈਨੂੰ ਯਾਦ ਹੋਵੇਗਾ, ਇਕ ਵਾਰ ਮੈਂ ਤੈਨੂੰ ਆਪਣੇ ਸਕੂਲ ਦੇ ਮੁੰਡਿਆਂ ਨਾਲ ਮਿਲਾਇਆ ਸੀ ਤੇ ਤੂੰ ਬਹੁਤ ਫੁਰਤੀ ਨਾਲ ਉਹਨਾਂ ਨਾਲ ਬਗਲਗੀਰ ਹੁੰਦਿਆਂ ਮੁਸਕਰਾਇਆ ਸੀ। ਉਸ ਮੁਸਕ੍ਰਾਹਟ ਦਾ ਤਸੱਵਰ ਹੁਣ ਵੀ ਮੇਰੀਆਂ ਅੱਖਾਂ ਠਾਰਦਾ ਹੈ। ਇੰਨਾ ਕੂਲਾ ਹਾਸਾ ਮੈਂ ਕਦੀ ਨਹੀਂ ਵੇਖਿਆ ਤੇ ਇੰਨੀ ਕੂਲੀ ਚੀਜ਼!

ਮੈਨੂੰ ਇਕ ਪ੍ਰਾਇਮਰੀ ਸਕੂਲ 'ਚ ਨੌਕਰੀ ਮਿਲ ਗਈ ਹੈ। ਪ੍ਰਾਇਮਰੀ ਤੇ ਹਾਈ ਦਾ ਗਰੇਡ ਇਕੋ ਹੀ ਹੁੰਦਾ ਹੈ। ਨਾਉਂ ਦੀ ਮੈਨੂੰ ਭੁੱਖ ਨਹੀਂ ਹੈ। ਪ੍ਰਾਇਮਰੀ 'ਚ ਕੰਮ ਕੁਝ ਸੌਖਾ ਹੁੰਦਾ ਹੈ। ਤਨਖਾਹ ਮੈਨੂੰ ਤਕਰੀਬਨ ਵੀਹ ਹਜ਼ਾਰ ਰੁਪਏ ਸਾਲ ਮਿਲਦੀ ਹੈ। ਇਸ ਵਿਚੋਂ ਪੰਜਵਾਂ ਹਿੱਸਾ ਟੈਕਸਾਂ ਆਦਿਕ ਦਾ ਕਟਿਆ ਜਾਂਦਾ ਹੈ। ਹਾਲੀ ਤੱਕ ਮੇਰੇ ਕੋਲ ਪੜ੍ਹਨ ਕਰਕੇ ਪੈਸਾ ਕੋਈ ਵੀ ਨਹੀਂ ਤੇ ਮੈਂ ਪੂਰੇ ਚਾਰ ਮਹੀਨੇ ਦਸੰਬਰ ਤੋਂ ਮਾਰਚ ਤੱਕ ਬੇਕਾਰ ਰਿਹਾ ਹਾਂ। ਮੈਂ ਤੈਨੂੰ ਲਿਖਿਆ ਨਹੀਂ ਸੀ। ਨੌਕਰੀ ਆਰਾਮ ਦੀ ਹੈ ਤੇ ਕਾਫ਼ੀ ਛੁੱਟੀਆਂ ਹਨ। 18 ਜੁਲਾਈ ਨੂੰ 6 ਹਫ਼ਤੇ ਦੀਆਂ ਛੁੱਟੀਆਂ ਹੋ ਜਾਣੀਆਂ ਹਨ। ਪੁੱਛਣ ਵਾਲਾ ਵੀ ਕੋਈ ਨਹੀਂ।

ਦੂਜੇ ਪਾਸੇ ਮੈਂ ਨੌਕਰੀ ਨਹੀਂ ਕਰਨਾ ਚਾਹੁੰਦਾ। ਮੈਨੂੰ ਪੈਸਿਆਂ ਦੀ ਲੋੜ ਨਹੀਂ ਹੈ। ਮੈਂ ਲਿਖਣਾ ਚਾਹੁੰਦਾ ਹਾਂ। ਬਹੁਤ। ਮੈਂ ਬਹੁਤ ਕਾਹਲੀ ਵਿਚ ਹਾਂ! ਇਥੇ ਸਾਡੇ ਨਾਲ ਸਕੂਲ ਬਹੁਤ ਮਾੜਾ ਹੁੰਦਾ ਹੈ। ਬਿਲਕੁਲ ਜਿਵੇਂ ਆਪਾਂ ਚਮਿਆਰਾਂ ਨਾਲ ਕਰਦੇ ਸਾਂ। ਇੰਨ ਬਿੰਨ। ਸਕੂਲ ਵਿਚ ਇਕੱਲਾ ਫਿਰਦਾ ਹਾਂ। ਕਹਿੰਦਾ ਕੋਈ ਵੀ ਕੁਝ ਨਹੀਂ। ਪਰ ਲਾਗੇ ਵੀ ਕੋਈ ਨਹੀਂ ਹੁੰਦਾ। ਸੈਂਸ ਆਫ਼ ਐਲੀਨੇਸ਼ਨ ਦਾ ਸ਼ਿਕਾਰ ਹਾਂ। ਇਹਨਾਂ ਦੀ ਨਜ਼ਰ ਵਿਚ ਸਾਨੂੰ ਕੁਝ ਨਹੀਂ ਆਉਂਦਾ। ਅਸੀਂ ਅੰਗਰੇਜ਼ੀ ਦਾ ਹਰ ਅੱਖਰ ਗ਼ਲਤ ਉਚਾਰਨ ਕਰਦੇ ਹਾਂ। ਇਹ ਬਹੁਤ ਨਿੱਜਵਾਦੀ ਲੋਕ ਹਨ। ਸਾਡੀਆਂ ਡਿਗਰੀਆਂ ਨੂੰ ਕਾਗ਼ਜ਼ ਦੇ ਪੁਰਜ਼ੇ ਕਹਿੰਦੇ ਹਨ।

ਮੈਂ ਬਿਮਾਰ ਹਾਂ, ਬਹੁਤ! ਇੰਨੀਆਂ ਦਵਾਈਆਂ ਖਾਂਦਾ ਹਾਂ ਕਿ ਆਮ ਆਦਮੀ ਮਰ ਜਾਵੇ। ਮੈਨੂੰ ਸਾਹ ਨਹੀਂ ਚੜ੍ਹਦਾ। ਮੈਨੂੰ ਸਾਹ ਚੜ੍ਹਿਆ ਹੀ ਰਹਿੰਦਾ ਹੈ। ਪਰ ਮੈਂ ਤੁਰਦਾ ਹਾਂ ਤੇ ਬੜੀ ਸ਼ਾਨ ਨਾਲ। ਮੈਂ ਨੌਕਰੀ ਕਰਦਾ ਹਾਂ। ਮੈਂ ਪਾਰਟੀ 'ਚ ਵੀ ਕੰਮ ਕਰਦਾ ਹਾਂ। ਮੈਂ ਲਿਖਦਾ ਹਾਂ ਤੇ ਮੈਂ ਬਹੁਤ ਪੜ੍ਹਦਾ ਹਾਂ। ਮੈਂ ਬਹੁਤ ਕਾਹਲ ਵਿਚ ਹਾਂ। ਕੀ ਹੋਇਆ ਜੇ ਮੈਂ ਇੰਝ ਹਾਂ। ਲੋਕਾਂ ਨੇ ਬਹੁਤ ਕੁਝ ਕੀਤਾ ਹੈ। ਚੈਖਵ ਸਾਰੀ ਉਮਰ ਤਪਦਿਕ ਨਾਲ ਜੂਝਦਾ ਰਿਹਾ। ਚੀ ਗੁਵੇਰਾ ...ਅੱਜ ਦੇ ਯੁੱਗ ਦਾ ਮਹਾਨ ਗੁਰੀਲਾ ਲੀਡਰ ਤੇ ਨੌਜਵਾਨਾਂ ਦਾ ਸਤਿਕਾਰ ਯੋਗ ਚਿੰਨ੍ਹ ਦਮੇ ਦਾ ਬਹੁਤ ਸਖ਼ਤ ਮਰੀਜ਼ ਸੀ। ਪਰ ਉਸ ਦਾ ਹੌਸਲਾ! ਉਸ ਦਾ ਆਪਣੇ ਮਾਂ ਬਾਪ ਨੂੰ ਲਿਖਿਆ ਹੋਇਆ ਆਖਰੀ ਪੱਤਰ ਤੈਨੂੰ ਟਾਈਪ ਕਰਕੇ ਭੇਜ ਰਿਹਾ ਹਾਂ। ਜਿਹੜਾ ਉਸ ਨੇ ਬੁਲੀਵੀਆ ਵਿਚ ਇਨਕਲਾਬੀ ਯੁੱਧ ਆਰੰਭ ਕਰਨ ਜਾਣ ਤੋਂ ਪਹਿਲਾਂ ਆਪਣੇ ਮਾਂ ਬਾਪ ਨੂੰ ਲਿਖਿਆ ਸੀ।

ਮੈਂ ਬਿਲਕੁਲ ਨਹੀਂ ਘਬਰਾਉਂਦਾ, ਮੇਰੇ ਕੋਲ ਪ੍ਰਕਾਸ਼ ਵਰਗੀ ਕੁੜੀ, ਤੇਰੇ ਵਰਗੇ ਮਿੱਤਰ ਤੇ ਮੇਰੇ ਲੋਕ



ਹਨ। ਮੈਂ ਪੜ੍ਹਦਾ ਹਾਂ। ਮੈਂ ਤੁਰਕੀ ਦੇ ਮਹਾਨ ਸਵਰਗਵਾਸੀ ਕਵੀ ਨਾਜ਼ਿਮ ਹਿਕਮਤ ਨੂੰ ਪੜ੍ਹ ਕੇ ਚਲਿਆ ਹਾਂ ਅਤੇ ਉਸ ਉੱਤੇ ਇਕ ਲੇਖ 'ਮੁਹਾਂਦਰਾ' ਵਿਚ ਛਪ ਰਿਹਾ ਹੈ। ਪੜ੍ਹ ਕੇ ਰਾਇ ਘੱਲੀਂ... ਮੈਂ ਹੋ ਚੀ ਮਿੰਨ੍ਹ ਨੂੰ ਕਵੀ ਦੇ ਤੌਰ ਤੇ ਪੜ੍ਹ ਲਿਆ ਹੈ ਅਤੇ ਅਪ੍ਰੈਲ-ਜੂਨ ਦੇ 'ਸਿਰਜਣਾ' ਵਿਚ ਉਸ ਬਾਰੇ ਲੇਖ ਅਤੇ ਉਸਦੀਆਂ ਚਾਰ ਕਵਿਤਾਵਾਂ ਦੇ ਤਰਜਮੇ ਮੈਂ ਕਰਕੇ ਛਪਵਾਏ ਹਨ। ਹੁਣ ਮੈਂ ਚੀ ਗੁਵੇਰਾ ਨੂੰ ਪੜ੍ਹ ਰਿਹਾ ਹਾਂ ਜੇ ਮੈਂ ਠੀਕ ਰਿਹਾ ਤਾਂ ਇਸ ਸਾਲ ਵਿਚ ਉਸ ਉੱਤੇ ਕਿਤਾਬ ਲਿਖਾਂਗਾ। ਕਹਾਣੀਆਂ ਵੀ ਲਿਖਦਾ ਹਾਂ। ਜੁਲਾਈ-ਸਤੰਬਰ ਦੀ 'ਸਿਰਜਣਾ' 'ਚ ਮੇਰੀ ਕਹਾਣੀ 'ਮੋਰ ਮਨੀ ਮੋਰ ਫ਼ਰੀਡਮ' ਛਪ ਰਹੀ ਹੈ। ਪੜ੍ਹ ਕੇ ਲਿਖੀਂ ਤੈਥੋਂ ਪੜਚੋਲ ਦੀ ਲੋਚਾ ਕਰਦਾ ਹਾਂ... ਇਹ ਬਹੁਤ ਜ਼ਰੂਰੀ ਹੈ। **- ਰਘੁਬੀਰ ਢੰਡ**

**ਵਣਜਾਰਾ ਬੇਦੀ ਦਾ ਇਕ ਦੁਰਲੱਭ ਖ਼ਤ ਰਾਮ ਸਰੂਪ ਅਣਖੀ ਵੱਲ**

ਪਿਆਰੇ ਅਣਖੀ ਜੀ, ਜਨਵਰੀ 11, 1980

ਤੁਹਾਡੀ ਸਵੈ ਜੀਵਨੀ ਮਿਲੀ। ਮੈਂ ਹੁਣ ਮੁਕਾਈ ਹੈ। ਸਿਹਤ ਖਰਾਬ ਹੋਣ ਕਰਕੇ ਮੈਂ ਬਹੁਤ ਘਟ ਲਿਖਦਾ ਪੜ੍ਹਦਾ ਹਾਂ। ਮੈਂ ਭਾਵੇਂ ਇਸ ਦੇ ਕੁਝ ਅੰਸ਼ 'ਨਾਗਮਣੀ' ਵਿਚ ਪੜ੍ਹੇ ਸਨ, ਪਰ ਸਾਰੀ ਜੀਵਨੀ ਨੂੰ ਇਕ ਸਿਰੇ ਤੋਂ ਪੜ੍ਹਨ ਦਾ ਸਵਾਦ ਹੀ ਹੋਰ ਹੈ। ਤੁਹਾਡੀ ਰੌਚਿਕ ਸ਼ੈਲੀ ਦੀ ਦਾਦ ਜਿਤਨੀ ਦਿੱਤੀ ਜਾਵੇ ਥੋੜ੍ਹੀ ਹੈ। ਬਹੁਤ ਥਾਈਂ ਮੈਂ ਪੜ੍ਹਦਾ ਪੜ੍ਹਦਾ ਇਤਨਾ ਭਾਵੁਕ ਹੋ ਗਿਆ ਹਾਂ ਕਿ ਤੁਹਾਡੀਆਂ ਭਾਵਨਾਵਾਂ ਨਾਲ ਇਕਰਸ ਹੋ ਗਿਆ ਹਾਂ। ਮੈਂ ਤਾਂ ਸਮਝਦਾ ਹਾਂ ਕਿ ਦੁਖ ਜ਼ਿੰਦਗੀ ਵਿਚ ਮੇਰੇ ਹਿੱਸੇ ਕੁਝ ਜ਼ਿਆਦਾ ਆਇਆ ਹੈ, ਪਰ ਤੁਹਾਡਾ ਸੰਤਾਪ ਜ਼ਿਆਦਾ ਗਹਿਰਾ ਹੈ, ਤੇ ਤੁਸੀਂ ਆਪਣੇ ਪਿੰਡੇ ਉੱਤੇ ਹੀ ਨਹੀਂ ਰੂਹ ਉੱਤੇ ਸੰਤਾਪ ਹੰਢਾਏ ਹਨ।

ਪੜ੍ਹਦਿਆਂ ਇਕ ਗੱਲ ਮੇਰੇ ਜ਼ਹਿਨ ਵਿਚ ਬਾਰ ਬਾਰ ਆਈ ਹੈ ਕਿ ਜੇ ਤੁਸੀਂ ਮਾਸਟਰ ਦੀ ਥਾਂ ਕਿਸੇ ਯੂਨੀਵਰਸਿਟੀ ਵਿਚ ਪ੍ਰੋਫੈਸਰ ਹੁੰਦੇ ਤਾਂ... ਤੁਹਾਡੀਆਂ ਕਿਤਾਬਾਂ ਯੂਨੀਵਰਸਿਟੀਆਂ ਵਿਚ ਲੱਗੀਆਂ ਹੁੰਦੀਆਂ ਤਾਂ ਤੁਸੀਂ ਬਹੁਤੀ ਛੇਤੀ ਪਛਾਤੇ ਜਾਂਦੇ। ਤਾਂ ਤੁਹਾਡੀ ਅੱਜ ਨਾਲੋਂ ਵੀ ਬਹੁਤ ਜਿਆਦਾ ਮਾਨਤਾ ਹੁੰਦੀ, ਤਾਂ ...। ਪਰ ਤੁਸੀਂ ਜੋ ਸਾਹਿਤਕ ਮਾਨਤਾ ਖੱਟੀ ਹੈ ਉਹ ਸ਼ੁੱਧ ਰੂਪ ਵਿਚ ਤੁਹਾਡੇ ਸਾਹਿਤਕਤਾ ਦੀ ਹੈ।

ਇਕ ਗੱਲ ਹੋਰ, ਤੁਹਾਡੇ ਵਿਚ ਲਿਖਣ ਦੀ ਦਲੇਰੀ ਹੈ, ਇਹ ਦਲੇਰੀ ਨੇ ਤੁਹਾਡੇ ਸੱਚ ਨੂੰ ਪ੍ਰਜਵਲਤ ਕੀਤਾ ਹੈ।

ਤੁਹਾਡੇ ਅੰਦਰ ਇਕ ਬੜਾ ਚੰਗਾ ਦੋਸਤ ਬੈਠਾ ਹੈ, ਜੇ ਮੈਂ ਹੁਣ ਵੇਖਿਆ ਹੈ, ਤੁਹਾਡੇ ਨਾਲ ਤਾਂ ਬੜੀ ਪਹਿਲੇ ਦੋਸਤੀ ਕੀਤੀ ਜਾ ਸਕਦੀ ਸੀ। ਇਕ ਮੇਰਾ ਪਿਆਰਾ ਅਜੀਜ ਹੈ, ਦੋਸਤ ਸਮਝ ਲਓ ਜਾਂ ਪੁੱਤ ਸਮਝ ਲਓ। ਡਾ. ਨਾਹਰ ਸਿੰਘ, ਮੈਂ ਚੰਡੀਗੜ੍ਹ ਜਾਣਾ ਹੋਂਦਾ ਪਟਿਆਲੇ ਹਮੇਸ਼ਾ ਉਸੇ ਦੇ ਕੋਲ ਠਹਿਰਦਾ ਹਾਂ। ਉਸ ਦਾ ਜ਼ਿਕਰ ਪੜ੍ਹ ਕੇ ਮੈਨੂੰ ਪ੍ਰਸੰਨਤਾ ਮਿਲੀ ਹੈ।

ਤੁਸੀਂ ਦਿੱਲੀ ਦੇ ਇਕ ਵਿਦਵਾਨ ਬਾਰੇ ਗਿਲਾ ਸ਼ਿਕਵਾ ਕੀਤਾ ਹੈ। ਮੈਨੂੰ ਵੀ ਜ਼ਿੰਦਗੀ ਵਿਚ ਸਿਰਫ ਇਕੋ ਉਸੇ ਉੱਤੇ ਸ਼ਿਕਵਾ ਰਿਹਾ ਹੈ। ਬਸ ਇਤਨਾ ਹੀ ਕਹਾਂਗਾ ਕਿ ਮੇਰੇ ਲੜਕੇ ਨੇ ਦਿੱਲੀ ਯੂਨੀਵਰਸਿਟੀ ਵਿੱਚ ਪੰਜਾਬੀ ਐਮ. ਏ. ਕੀਤੀ 8-9 ਸਾਲ ਪਹਿਲਾਂ 57-58% ਨੰਬਰ। ਉਸ ਨਾਲ ਜੋ ਬੀਤੀ ਹੈ ਉਹ ਇਕ ਲੰਮੀ ਦੁਖਭਰੀ ਕਹਾਣੀ ਹੈ। ਲੈਕਚਰਾਰ ਬਣਨ ਲਈ ਕੁਆਲੀ ਫਾਈਡ ਹੈ, ਪਰ ਉਸ ਦੀ ਇਕ ਛੋਟੀ ਜਿਹੀ ਦੁਕਾਨ ਹੈ, ਜਿੱਥੇ ਉਹ ਰੇਡੀਓ ਦੇ ਪਾਰਟਸ ਵੇਚਦਾ ਹੈ।

ਕਦੇ ਦਿੱਲੀ ਆਓ ਤਾਂ ਜ਼ਰੂਰ ਮਿਲਾਂਗੇ। ਗੁਰਬਚਨ ਸਿੰਘ ਭੁੱਲਰ ਮੇਰਾ ਵੀ ਦੋਸਤ ਹੈ। ਉਸ ਦੇ ਨਾਲ ਕਈ ਵਾਰ ਤੁਹਾਡੇ ਬਾਰੇ ਚਰਚਾ ਹੋਈ ਹੈ। ਮੈਂ ਅਗਲੇ ਸਾਲ ਮਾਰਚ, 1990 ਵਿਚ ਰੀਟਾਇਰ ਹੋ ਰਿਹਾ ਹਾਂ।

**- ਵਣਜਾਰਾ ਬੇਦੀ, ਦਿੱਲੀ।**

**ਪੰਜਾਬੀ ਦੇ ਸਨਮਾਨਯੋਗ ਨਾਵਲਕਾਰ ਗੁਰਦਿਆਲ ਸਿੰਘ ਆਪਣੇ ਸਮਕਾਲੀ ਲੇਖਕਾਂ ਨੂੰ ਖ਼ਤ ਵੀ ਲਿਖਦੇ ਸਨ। ਜਿਨ੍ਹਾਂ ਵਿਚ ਆਪਣੀ ਸਾਹਿਤ, ਸਮਾਜ ਤੇ ਸਾਹਿਤਕ ਦ੍ਰਿਸ਼ ਪ੍ਰਤੀ ਸੋਚ ਲਿਖਦੇ ਰਹਿੰਦੇ ਸਨ। ਇਨ੍ਹਾਂ ਖ਼ਤਾਂ ਵਿਚ ਤੁਸੀਂ ਗੁਰਦਿਆਲ ਸਿੰਘ ਦੇ ਨਵੇਂ ਵਿਚਾਰਾਂ ਤੋਂ ਜਾਣੂ ਹੋਵੋਗੇ।**

**ਨਾਵਲਕਾਰ ਗੁਰਦਿਆਲ ਸਿੰਘ ਦਾ ਖ਼ਤ ਰਾਮ ਸਰੂਪ ਅਣਖੀ ਵੱਲ**

ਜੈਤੋ (20.02.009)

ਪਿਆਰੇ ਅਣਖੀ ਜੀ,

ਦਿੱਲੀ ਤੋਂ ਨਿਕਲਦੇ ਰਸਾਲੇ ਵਿਚ ਤੁਹਾਡਾ, ਸੇਖੋਂ ਹੋਰਾਂ ਬਾਰੇ ਲੇਖ ਪੜ੍ਹਿਆ ਹੈ। ਜਿਹੜੇ ਦੋ ਲੇਖਕ ਤੁਹਾਡੇ ਨਾਲ ਬੋਲਦੇ ਵੀ ਨਹੀਂ ਉਹਨਾਂ ਵਿਚੋਂ ਨਿਸਚਿਤ ਤੌਰ 'ਤੇ ਇਕ ਮੈਂ ਹਾਂ। ਦੂਜੀ ਟਿਵਾਣਾ। ਇਸ਼ਾਰਾ ਸਪਸ਼ਟ ਹੈ। ਅਜਿਹੀ ਗ਼ਲਤਫਹਿਮੀ ਕਿਵੇਂ, ਕਿਉਂ ਪੈਦਾ ਹੋਈ, ਇਸ ਬਾਰੇ ਹੈਰਾਨੀ ਹੋਈ ਹੈ। ਵਿਰੋਧ ਜਾਂ ਅਜਿਹੀ ਬੇਰੁਖ਼ੀ ਮੈਂ ਕਦੇ ਸੁਪਨੇ ਵਿਚ ਵੀ ਨਹੀਂ ਸੋਚ ਸਕਦਾ।

ਬੇਨਤੀ ਹੈ ਕਿ ਇਹ ਗ਼ਲਤਫਹਿਮੀ ਦੂਰ ਕਰ ਦਿਓ। ਹਰ ਲੇਖਕ ਦਾ ਆਪਣਾ ਥਾਂ ਹੁੰਦਾ ਹੈ। ਸੰਸਾਰ ਵਿਚ ਕਦੇ ਵੀ ਦੋ ਲੇਖਕ ਇਕੋ ਜਿਹੇ ਨਾ ਹੋਏ ਹਨ ਨਾ ਹੋਣਗੇ। ਸੋ ਇਸ ਵਿਚ ਕਾਹਦੀ ਲੜਾਈ? (ਮੇਰਾ ਤਾਂ ਅਜਿਹਾ ਸੁਭਾ ਹੀ ਨਹੀਂ।) ਘੱਟੋ ਘੱਟ ਮੈਨੂੰ ਕਦੇ ਵੀ ਕੋਈ ਅਜਿਹੀ ਹਾਲਤ ਯਾਦ ਨਹੀਂ ਕਿ ਮੈਂ ਕੁਝ ਮੰਦਾ ਸੋਚਿਆ ਵੀ ਹੋਵੇ। ਆਸ ਹੈ ਅੱਗੋ ਅਜਿਹਾ ਕਦੇ ਨਹੀਂ ਸੋਚੋਗੇ।

**- ਗੁਰਦਿਆਲ ਸਿੰਘ**

**ਗੁਰਦਿਆਲ ਸਿੰਘ ਦਾ ਖ਼ਤ ਕਥਾਕਾਰ ਅਤਰਜੀਤ ਵੱਲ**

ਬਾਈ ਅਤਰਜੀਤ 15-6-1982

ਕੱਲ੍ਹ ਜਦੋਂ ਘਰ ਵਾਪਸ ਪਰਤਿਆ ਅਮਰਜੀਤ ਨੂੰ ਬੁਖ਼ਾਰ ਪਹਿਲਾਂ ਵਾਂਗ ਹੀ ਸੀ ਅਜੇ ਮੋੜਾ ਨਹੀਂ ਸੀ ਪਿਆ। ਅਜੇ ਮੈਂ ਕਪੜੇ ਉਤਾਰੇ ਸਨ ਤਾਂ ਉਸਨੇ ਦੱਸਿਆ ਕਿ ਮੇਰੇ ਦੋਸਤ ਰਾਤ ਕਾਫੀ ਦੇਰ ਤੱਕ ਉਡੀਕ ਕੇ ਜਲਾਲਾਬਾਦ ਨੂੰ ਪਰੇਸ਼ਾਨ ਹਾਲਤ ਵਿਚ ਮੁੜ ਗਏ ਸਨ। ਮਸਲਾ ਮੇਰੇ ਦੋਸਤ ਦੀ ਛੋਟੀ ਭੈਣ ਦੇ ਵਿਆਹ ਬਾਰੇ ਸੀ। ਜਿਸਦਾ ਵਿਆਹ ਤਿੰਨ ਕੁ ਮਹੀਨੇ ਪਹਿਲਾਂ ਹੋਇਆ ਸੀ ਤੇ ਪੰਦਰਾਂ ਦਿਨਾਂ ਬਾਅਦ ਮਾਸਟਰ ਮੁੰਡੇ ਤੇ ਉਸਦੇ ਪਿਉ ਵਲੋਂ ਅਜਿਹੀਆਂ ਹਰਕਤਾਂ ਕੀਤੀਆਂ ਗਈਆਂ, ਜੋ ਮੇਰੇ ਦੋਸਤ ਦੇ ਆਤਮਘਾਤ ਦਾ ਕਾਰਨ ਬਣ ਚੱਲਿਆ ਸੀ। ਪਰ ਉੱਤੋਂ ਦੀ ਪੈਂਦੀ ਇਹ ਪੁੱਠੀ ਹਵਾ ਕਿਸੇ ਕਾਰਨ ਵਗ ਨਾ ਸਕੀ।

ਖ਼ੈਰ ਇਸ ਪੜਾ ਤੇ ਪਹੁੰਚ ਗਏ ਸਾਂ ਕਿ ਉਹਨਾਂ ਨੂੰ ਬੁਲਾ ਕੇ ਮੈਂ ਗੱਲ ਕਰਾਂ। ਜਿਸ ਕਾਰਨ ਮੈਂ ਉਸੇ ਸਮੇਂ ਵਾਪਸ ਕਪੜੇ ਪਾ ਕੇ ਮੋਟਰ ਸਾਈਕਲ ਲੈ ਕੇ ਦੁਪਹਿਰੇ ਜਲਾਲਾਬਾਦ ਪਹੁੰਚਿਆ। ਮਸਲਾ ਇਸ ਵਾਰ ਨਜਿੱਠਿਆ ਗਿਆ। ਮੁੰਡੇ ਨੇ ਤੇ ਉਸਦੇ ਪਿਓ ਵੱਲੋਂ ਕੀਤੀਆਂ ਗ਼ਲਤੀਆਂ ਮੰਨ ਲਈਆਂ ਤੇ ਅੱਗੇ ਤੋਂ ਕੁਝ ਨਾ ਕਰਨ ਦਾ ਫੈਸਲਾ ਕਰਕੇ ਕੁੜੀ ਤੋਰਨ ਦਾ ਦਿਨ ਬੰਨ੍ਹ ਦਿੱਤਾ ਗਿਆ। ਤੇ ਫੇਰ ਜਦੋਂ ਚਾਰ ਕੁ ਵਜੇ ਮੈਂ ਵਾਪਸ ਪਰਤਿਆ ਅਮਰਜੀਤ ਨੂੰ ਗੁਆਂਢੀ ਬੇਸੁੱਧ ਹਾਲਤ ਵਿੱਚ ਹਸਪਤਾਲ ਲੈ ਗਏ ਸਨ। ... ਹੁਣ ਉਹ ਕੁਝ ਵੀ ਕਹੈ ਮੈਂ ਬਜ਼ਾਰ ਜਾਣ ਲੱਗਾ ਹਾਂ ਤੇ ਜਾਂਦਾ ਜਾਂਦਾ ਤੇਰੇ ਵੱਲ ਇਹ ਪੱਤਰ ਲਿਖ ਰਿਹਾ ਹਾਂ।

ਬੜੀ ਖੁਸ਼ੀ ਸੀ ਕਵੀਆਂ ਦੀ ਮਹਿਫ਼ਲ ਵਿੱਚ ਪਹਿਲੀ ਵਾਰ ਸ਼ਾਮਲ ਹੋਣੋ ਰਹਿ ਗਿਆ ਹਾਂ। ਜਿੱਥੇ



ਬਹੁਤ ਜਿਆਦਾ ਕੁਝ ਵਧੀਆ ਮਿਲਿਆ ਉਥੇ ਕੁੱਝ ਇਕ ਘਟੀਆ ਪ੍ਰਭਾਵ ਲੈ ਕੇ ਮੁੜਿਆ ਹਾਂ। ਕੁਝ ਇੱਕ ਕਵੀਆਂ ਨੇ ਆਪਣੀ ਪਹਿਲੀ ਮੁਲਾਕਾਤ ਵਿਚ ਹੀ ਕੁਝ ਗ਼ਲਤ ਪ੍ਰਭਾਵ ਦਿੱਤਾ। ਇੰਝ ਲੱਗਿਆ ਕਿ ਸਮਾਜ ਨੂੰ ਬਦਲਣ ਵਾਲਿਆਂ ਵਿੱਚ ਕੂੜ ਕਵਾੜ ਕਿਵੇਂ ਭਰਿਆ ਪਿਆ ਹੈ। ਸਾਇਦ ਮਹਾਨ ਲਹਿਰ ਦਾ ਇਹ ਦੁਖਾਂਤ ਹੈ। ਯਸ਼ ਇਕੱਲਾ ਨਹੀਂ। ਉਸਦੀ ਕਤਾਰ ਅਜੇ ਬੜੀ ਲੰਮੀ ਹੈ। ਦੂਜਾ ਬਹੁਤੇ ਕਵੀ ਤਾਂ ਬੈਠਦਿਆਂ ਹੀ ਦਾਰੂ ਦੀਆਂ ਗੱਲਾਂ ਛੇੜ ਬੈਠੇ ਸਨ। ਅਜ਼ਾਦੀ ਦੇ ਸੁਫ਼ਨੇ ਸਜਾਉਂਦੇ ਲੋਕਾਂ ਦੀ ਇਸ ਗੁਲਾਮੀ ਨਾਲ ਮਨ ਨੂੰ ਦੁੱਖ ਪਹੁੰਚਿਆ। ਤੀਜਾ ਪਿੰਡ ਦੇ ਲੋਕਾਂ ਵੱਲੋਂ ਤੇਰੇ ਨਾਲ ਸਹਿਯੋਗ ਨਾ ਦੇਣਾ। ਇਸ ਕਾਰਨ? ਸ਼ਾਇਦ ਮੇਰੇ ਨਾਲੋਂ ਤੂੰ ਬਹੁਤ ਜਾਣਕਾਰ ਹੋਵੇਗਾ। ਮੈਂ ਜਿੰਨਾਂ ਮਨੁੱਖਾਂ ਦਾ ਚੰਗਾ ਪ੍ਰਭਾਵ ਲੈ ਕੇ ਮੁੜਿਆ ਉਹ ਹਨ, ਧੀਰ, ਸੁਖਮਿੰਦਰ ਰਾਮਪੁਰੀ, ਹਲਵਾਰਵੀ, ਮਾਂਗਟ, ਜਸਪਾਲ ਘਈ ਬਾਰੇ ਮੈਂ ਪੱਕਾ ਨਿਰਨਾਂ ਨਹੀਂ ਕਰ ਸਕਿਆ। ਮੇਰਾ ਜੀਅ ਕਰਦਾ ਸੀ ਕਿ ਦੂਜੇ ਦਿਨ ਵੀ ਰਹਿੰਦਾ। ਗੁਰਸ਼ਰਨ ਤੇ ਕੰਵਲ ਨੂੰ ਮਿਲਣਾ ਚਾਹੁੰਦਾ ਸੀ। ਸਾਹਿਤਕ ਬਹਿਸ ਦੇਖਣਾ ਚਾਹੁੰਦਾ ਸੀ। ਮੇਰੀ ਇਹ ਵੀ ਇੱਛਾ ਸੀ ਕਿ ਮੈਂ ਇਸ ਮੰਚ ਬਾਰੇ ਲਿਖਦਾ। ਪਰ ਪੂਰਾ ਨਾ ਹੋ ਸਕਣ ਕਰਕੇ ਕੁਝ ਨਹੀਂ ਬਣ ਸਕਿਆ। ਹਾਂ ਗੁਰਬਚਨ ਭੁੱਲਰ ਮੈਨੂੰ ਬੁਲਾਰੇ ਦੇ ਤੌਰ ਤੇ ਬਹੁਤ ਹੀ ਪਸੰਦ ਆਇਆ। ਤੇ ਸਖਸ਼ੀ ਪ੍ਰਭਾਵ ਉਸਦਾ ਹਲਵਾਰਵੀ ਵਾਂਗ ਚੰਗਾ ਚੰਗਾ ਸੀ। ਤਰਸੇਮ ਦੀਆਂ ਗ਼ਜ਼ਲਾਂ ਦਾ ਰੁੱਖ ਕਿਉਂਕਿ ਸਾਡੇ ਵੱਲ ਪਹਿਲਾਂ ਸੀ, ਉਹ ਮੈਨੂੰ ਬਾੜਾ ਪਸੰਦ ਆਇਆ।

ਜਿਹੜੀ ਚੀਜ਼ ਦਾ ਪ੍ਰਭਾਵ ਮੇਰੇ ਤੇ ਪਹਿਲਾਂ ਵੀ ਬਣਿਆ ਹੋਇਆ ਉਹ ਹੈ ਕਿ ਸਰੋਦੀ ਕਵਿਤਾ ਪਿੜ ਮੱਲਦੀ ਹੈ ਤੇ ਖੁੱਲ੍ਹੀ ਕਵਿਤਾ ਮੱਲੋ ਮੱਲੀ ਵਾਹ ਵਾਹ ਕਰਉਂਦੀ ਹੈ। ਜੀਅ ਨਹੀਂ ਕਰਦਾ। ਕਿਉਂਕਿ ਕਵਿਤਾ ਰੰਗ ਰਸ ਉਸ ਵਿੱਚ ਨਹੀਂ ਹੁੰਦਾ। ਆਮ ਲਿਖਕੇ ਗਾ ਸਕਣਾ ਵੀ ਇਕ ਵਧੀਆ ਕਲਾ ਪ੍ਰਦਰਸ਼ਨੀ ਹੈ।

**– ਗੁਰਦਿਆਲ ਸਿੰਘ**

**ਗੁਰਦਿਆਲ ਸਿੰਘ ਦਾ ਖ਼ਤ ਡਾ. ਬਲਦੇਵ ਸਿੰਘ 'ਬੱਦਨ' ਵੱਲ**

ਪਿਆਰੇ ਬਲਦੇਵ ਸਿੰਘ 'ਬੱਦਨ' ਜੀ 28-9-90

ਤੁਹਾਡਾ 24.9 ਦਾ ਪੱਤਰ ਮਿਲ ਗਿਆ ਹੈ। ਧੰਨਵਾਦ ਹਾਂ

ਤੁਹਾਡੀ ਕੋਈ ਗਲਤੀ ਨਹੀਂ ਸੀ। ਮੇਰੇ ਵੱਸ ਹੁੰਦਾ ਤਾਂ ਜ਼ਰੂਰ ਪਹੁੰਚ ਜਾਂਦਾ। ਜੋ ਕਾਰਨ ਆਪਣੇ ਨਾ ਆਉਣ ਦਾ ਮੈਂ ਦੱਸਿਆ ਸੀ ਉਹ ਸਕੈਂਡਰੀ ਹੀ ਸੀ। ਅਸਲ ਕਾਰਨ ਮੇਰੇ ਜਵਾਨ-ਜਹਾਨ ਦਾਮਾਦ (ਜੋ ਇਕ ਸਰਕਾਰੀ ਅਫ਼ਸਰ ਸੀ) ਦੀ ਗੰਭੀਰ ਬੀਮਾਰੀ ਸੀ ਜਿਸ ਕਾਰਨ ਅਸੀਂ ਸਾਰਾ ਪਰਵਾਰ ਪ੍ਰਸ਼ਾਨ ਤੇ ਚਿੰਤਿਤ ਸਾਂ।

ਏਸੇ ਮਹੀਨੇ 16 ਸਤੰਬਰ ਉਸਦਾ ਦਿਹਾਂਤ ਹੋ ਗਿਆ। ਅਜਿਹੀ ਸਥਿਤੀ ਵਿਚ ਤਕੜੇ ਤੋਂ ਤਕੜੇ ਬੰਦੇ ਦਾ ਵੀ ਡੋਲ ਜਾਣਾ ਗੈਰ ਕੁਦਰਤੀ ਨਹੀਂ। ਬੱਚੀ ਅਜੇ 38 ਸਾਲ ਦੀ ਹੈ। ਤਿੰਨ ਬੱਚੇ ਹਨ। ਸੋ ਮੁਸੀਬਤਾਂ ਦੇ ਪਹਾੜ ਟੁੱਟਣ ਵਰਗੀ ਸਥਿਤੀ ਹੈ। ਸੰਭਲਣ ਤੇ ਸਮਾਂ ਲੱਗੇਗਾ।

ਪਰ ਕੁਦਰਤ ਅੱਗੇ ਕਿਸਦਾ ਜ਼ੋਰ ਚੱਲਿਆ ਹੈ। ਹੌਲੀ ਹੌਲੀ ਯਥਾਰਥ ਸਵੀਕਾਰ ਕਰਕੇ ਸੰਭਲ ਜਾਵਾਂਗੇ। ਫ਼ਿਲਹਾਲ ਤਾਂ ਜ਼ਖ਼ਮ ਤਾਜ਼ਾ ਹੈ ਤੇ ਪੀੜ ਅਸਹਿ। ਫੇਰ ਵੀ ਸੱਟਾਂ ਸਹਿਣੀਆਂ ਪੈਂਦੀਆਂ ਹਨ।

ਆਸ ਹੈ ਐਨ ਬੀ ਟੀ ਤੇ ਤੁਸੀਂ ਖ਼ਿਮਾ ਕਰੋਗੇ।

ਹੋਰ ਕਦੇ ਫੇਰ ਲਿਖਾਂਗਾ। ਆਸ ਹੈ ਆਪ ਆਨੰਦ ਖੁਸ਼ ਹੋ। **- ਗੁਰਦਿਆਲ ਸਿੰਘ**

(ਪਿਛਲੇ ਕਈ ਮਹੀਨੇ ਤੋਂ ਸ੍ਰੀ ਅਰਵਿੰਦ ਕੁਮਾਰ ਡਾਈਰੈਕਟਰ ਦਾ ਪੱਤਰ ਨਹੀਂ ਮਿਲਿਆ। ਪਰ ਉਹਨਾਂ ਪਿਛਲੇ ਸਾਲ ਲਿਖਿਆ ਸੀ ਕਿ 1991 ਦਸੰਬਰ ਤੱਕ ਮੇਰੇ ਨਾਵਲ 'ਅਧ ਚਾਨਣੀ ਰਾਤ' ਦਾ ਹੋਰ

ਭਾਰਤੀ ਭਾਸ਼ਾਵਾਂ 'ਚ ਅਨੁਵਾਦ ਛਪ ਜਾਏਗਾ। ਜੋ ਵੀ ਲੇਟੇਸ਼ਟ ਅਪਡੇਟ ਜਾਣਕਾਰੀ ਹੋਵੇ, ਉਹਨਾਂ ਤੋਂ ਪਤਾ ਕਰਕੇ ਭਿਜਵਾ ਦੇਣਾ।)

**ਗੁਰਦਿਆਲ ਸਿੰਘ ਦਾ ਖ਼ਤ ਭਗਵੰਤ ਰਸੂਲਪੁਰੀ ਵੱਲ**

ਪਿਆਰੇ ਭਗਵੰਤ

ਤੁਹਾਡੀ ਪੁਸਤਕ (ਮੈਂ ਸ਼ੈਤਾਨ ਤੇ ਇੰਦੂਮਣੀ) ਤੇ ਪੱਤਰ ਮਿਲ ਗਿਆ ਹੈ।

ਇਹਨਾਂ ਲਈ ਬਹੁਤ ਸੁਕਰਗੁਜਾਰ ਹਾਂ। ਇਹ ਠੀਕ ਹੈ ਕਿ ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਪੰਜਾਬੀ ਦੇ ਨਵੇਂ ਲੇਖਕ ਪਹਿਲਿਆਂ ਨਾਲੋਂ ਕਿੰਨਾ ਅਗਾਂਹ ਜਾ ਰਹੇ ਹਨ। ਪਰ ਅਜ ਕੱਲ ਇਤਨਾ ਕੁਝ ਛਪ ਰਿਹਾ ਹੈ ਕਿ ਹਰੇਕ ਲੇਖਕ ਦੀ ਹਰੇਕ ਰਚਨਾ ਕਿਵੇਂ ਵੀ ਪੜਨਾ ਸੰਭਵ ਨਹੀਂ। 'ਕਸੂਰਵਾਰ' ਕਹਾਣੀ ਹੀ ਪੜ੍ਹ ਸਕਿਆ ਹਾਂ। ਕਹਿ ਸਕਦਾ ਹਾਂ ਕਿ ਤੁਹਾਡੇ ਅੰਦਰ ਵਧੀਆ ਕਹਾਣੀਕਾਰ ਹੋਣ ਦੇ ਬਹੁਤ ਹੁਣ ਹਨ।

ਤੁਹਾਡੀਆਂ ਕਈ ਕਹਾਣੀਆਂ ਮੈਂ ਪਹਿਲਾਂ ਹੀ ਰਸਾਲਿਆਂ ਵਿਚ ਪੜ੍ਹੀਆਂ ਹਨ। ਤੁਹਾਡੇ ਜਿਹੇ ਨਵੇਂ ਲੇਖਕਾਂ ਪਾਸੋਂ ਸਾਨੂੰ (ਜੋ ਵੱਡੇ ਉਮਰ ਦੇ ਹਾਂ) ਬਹੁਤ ਆਸਾਂ ਹਨ।

ਪਰ ਇਹ ਗੱਲ ਜ਼ਰੂਰ ਦੱਸਣੀ ਚਾਹੁੰਦਾ ਹਾਂ ਜੇ ਤੁਹਾਡੀ ਕਹਾਣੀ (ਜਾਂ ਕੋਈ ਰਚਨਾ) ਵਿਚ ਨਿਸਚੇ ਹੀ ਕੋਈ ਸਾਹਿਤਿਕ ਪੱਖੋਂ ਵੱਡੀ ਪ੍ਰਾਪਤੀ ਹੈ ਤਾਂ ਕਿਸੇ ਦਾ ਉਤਸਾਹ (ਜਾਂ ਨਿਰਉਤਸਾਹਿਤ ਕਰਨ ਦਾ ਕਰਮ) ਤੁਹਾਡਾ ਕੋਈ ਠੁੰਮਣਾ ਨਹੀਂ ਬਣੇਗਾ। ਬਾਬਾ ਫਰੀਦ 700 ਸਾਲ ਤੋਂ ਆਪਣੇ ਸਵਾ ਸੋ ਤੋਂ ਘੱਟ ਸਲੋਕਾਂ 'ਤੇ ਅਜ ਤਕ ਵੀ ਸਥਿਰ ਹੈ। ਸਾਹਿਤ ਕਲਾ ਤਾਂ ਇਕ ਅਜਿਹਾ ਖੇਤਰ ਹੈ ਠੁਮਣਿਆ ਦੇ ਅਧਾਰ ਤੇ ਕਦੇ ਕੋਈ ਵੱਡਾ ਛੋਟਾ ਨਹੀਂ ਹੁੰਦਾ। ਮੇਰੀ ਏਹੋ ਦੁਆ ਹੈ ਕਿ ਤੁਸੀਂ ਹੋਰ ਚੰਗੇਰਾ ਲਿਖ ਸਕੋ। ਇਹ ਪੰਜਾਬੀ ਸਾਹਿਤ ਲਈ ਹੀ ਮਾਣ ਵਾਲੀ ਗੱਲ ਹੋਵੇਗੀ। ਬਾਕੀ ਤਾਂ ਸਭ ਕੁਝ ਬਿਨਸ ਜਾਂਦਾ ਹੈ। ਇਹ ਵੀ ਨਹੀਂ ਰਹਿੰਦਾ ਕੰਮ ਹੀ ਰਹਿੰਦਾ ਹੈ। ਲੰਮੇ ਸਮੇਂ ਤੋਂ ਬਿਮਾਰ ਹਾਂ। ਬਹੁਤਾ ਪੜ੍ਹ ਨਹੀਂ ਸਕਦਾ। ਪਰ ਜਦੋਂ ਵੀ ਵਕਤ ਮਿਲਿਆ ਕਰੇਗਾ, ਜ਼ਰੂਰ ਪੜ੍ਹਾਗਾ।

**-ਗੁਰਦਿਆਲ ਸਿੰਘ , ਜੈਤੋ**

ਪਿਆਰੇ ਭਗਵੰਤ

ਤੁਹਾਡੀ (ਕਸੂਰਵਾਰ) ਕਹਾਣੀ ਜਦੋਂ ਮੈਂ ਪੜ੍ਹੀ ਸੀ। ਉਦੋਂ ਤੋਂ ਹੀ ਮੇਰੇ ਦਿਮਾਗ ਵਿਚ ਕਿਧਰੇ ਅੜੀ ਹੋਈ ਸੀ। ਦਿੱਲੀ ਦੀ ਸੰਸਥਾ (ਕਥਾ) ਨੇ ਜਦੋਂ ਮੈਨੂੰ ਪੁੱਛਿਆ ਕਿ ਏਸ ਸਾਲ ਦੀ ਪ੍ਰਤੀਨਿੱਧ ਕਹਾਣੀ ਲਿਖ ਭੇਜੋ ਤਾਂ ਮੈਂ ਤੁਹਾਡੀ (ਕਸੂਰਵਾਰ) ਕਹਾਣੀ ਭੇਜੀ ਹੈ। ਤੁਹਾਡੀ ਜਾਣਕਾਰੀ ਲਈ ਦੱਸ ਦੇਵਾਂ ਕਿ ਇਹ ਬਹੁਤ ਵੱਡੀ ਸੰਸਥਾ ਹੈ। ਇਹ ਹਰ ਸਾਲ ਇਕ ਕਹਾਣੀ ਦੀ ਚੋਣ ਕਰਕੇ ਉਹਨੂੰ ਇਨਾਮ ਦਿੰਦੀ ਹੈ। ਇਹ (ਸੰਭਵ ਜਾਂ ਪੱਕਾ) ਹੈ ਕਿ ਤੁਹਾਨੂੰ ਇਨਾਮ ਮਿਲ ਜਾਵੇ।

**-ਗੁਰਦਿਆਲ ਸਿੰਘ, ਜੈਤੋ।**

**ਗੁਰਦਿਆਲ ਸਿੰਘ ਦੇ ਚਾਰ ਖ਼ਤ ਐਸ. ਬਲਵੰਤ ਵੱਲ**

ਪਿਆਰੇ ਐਸ. ਬਲਵੰਤ

"ਤੇਰੀ ਕਿਤਾਬ 'ਮਹਾਨਗਰ' ਮਿਲੀ। ਮੈਂ ਸੋਬਤੀ ਤੇ ਨੂਰ ਦੇ ਵਿਚਾਰ ਤਾਂ ਪੜ੍ਹ ਲਏ ਹਨ। ਕ੍ਰਿਸ਼ਨਾ ਸੋਬਤੀ ਐਸੀ ਲੇਖਿਕਾ ਹੈਜੋ ਖੁਦਾ ਦਾ ਲਿਹਾਜ਼ ਵੀ ਨਹੀਂ ਕਰਦੀ। ਤੇਰੇ ਬਾਰੇ ਜਿੰਨਾ ਕੁਝ ਲਿਖਿਆ ਹੈ, ਉਸ ਮਗਰੋਂ ਮੈਂ ਇਹ ਕਹਾਣੀਆਂ ਨਿਸ਼ਠਾ ਨਾਲ ਪੜ੍ਹਨਾ ਚਾਹਾਂਗਾ। ...



***ਅਗਲਾ ਖ਼ਤ:***

"ਅੱਜ ਪਹਿਲੀ ਕਹਾਣੀ 'ਸਪਨੇ ਤੇ ਸੌਦਾਗਰ ਪੜ੍ਹੀ। ਪੂਰੀ ਨਿਸ਼ਠਾ ਦੇ ਨਾਲ। ਦੋ ਬਾਰ। ਮੇਰੀ ਦ੍ਰਿਸ਼ਟੀ ਇਹ ਹੈ ਕਿ ਜੋ ਗੱਲ ਸੌ ਲੇਖਾਂ 'ਚ ਨਹੀਂ ਕਹੀ ਜਾ ਸਕੀ ਉਹ ਤੁਹਾਡੀ ਕਹਾਣੀ ਨੇ ਤੇਰ੍ਹਾਂ ਸਫ਼ਿਆਂ ਵਿਚ ਇੰਨੀ ਸਰਲਤਾ ਨਾਲ ਕਹਿ ਦਿੱਤੀ ਕਿ ਹੈਰਾਨੀ ਹੋਈ। ਮੁਬਾਰਕ ਦਿੰਦਾ ਹਾਂ। ਰੂਸ ਦੇ ਅੰਦਰ ਦੀ ਜ਼ਿੰਦਗੀ ਦਾ ਇੰਨਾਂ ਤੀਬਰ ਪਰਮ ਸਪਰਸ਼ੀ ਵਰਣਨ ਮੈਂ ਪਹਿਲੇ ਨਹੀਂ ਪੜ੍ਹਿਆ।

"ਜੋ ਕੁਝ ਸੁਤਿੰਦਰ ਨੂਰ ਨੇ ਇਨ੍ਹਾਂ ਕਹਾਣੀਆਂ ਬਾਰੇ ਲਿਖਿਆ, ਉਸ 'ਤੇ ਪੂਰਾ ਉਤਰਦੀਆਂ ਹਨ। ਵਧਾਈ।

***ਇਕ ਹੋਰ ਖ਼ਤ:***

"ਤੁਹਾਡੀਆਂ ਕਹਾਣੀਆਂ ਪੜ੍ਹ ਕੇ ਜੋਗਿੰਦਰ ਸਿੰਘ ਰਾਹੀ ਦੀ ਕਹੀ ਗੱਲ ਚੇਤੇ ਆਈ ਹੈ, ਜੋ ਉਸ ਨੇ 'ਮਹਾਨਗਰ' ਪੜ੍ਹਨ ਤੋਂ ਮਗਰੋਂ ਲਿਖਿਆ ਕਿ ਬਲਵੰਤ ਕੋਲ ਵਿਸ਼ਿਆਂ ਦੀ ਕੋਈ ਘਾਟ ਨਹੀਂ ਲਗਦੀ...!

***ਫਿਰ ਇਕ ਖ਼ਤ:***

"ਮੇਰਾ ਇਕ ਦੋਸਤ ਤੁਹਾਡੀ ਕਹਾਣੀ ਪੜ੍ਹ ਕੇ ਸੱਚਮੁੱਚ ਹੀ ਰਾਤ ਨੂੰ ਸੌਂ ਨਹੀਂ ਸਕਿਆ। ਮੈਨੂੰ ਉਮੀਦ ਨਹੀਂ ਸੀ ਕਿ ਕਿਸੇ ਕਹਾਣੀ ਕਾਰਨ ਅਜਿਹੀ ਘਟਨਾ ਵੀ ਘਟ ਸਕਦੀ ਹੈ...!...ਦੁਆ ਹੈ ਕਿ ਤੁਸੀਂ ਅਜਿਹੀਆਂ ਹੋਰ ਕਹਾਣੀਆਂ ਲਿਖੋ ਜੋ ਪੰਜਾਬੀ ਵਿਚ ਹੁਣ ਤੀਕ ਛੁਹੀਆਂ ਵੀ ਨਹੀਂ ਗਈਆਂ ...!"

**- ਗੁਰਦਿਆਲ ਸਿੰਘ**

**ਨਾਵਲਕਾਰ ਗੁਰਦਿਆਲ ਸਿੰਘ ਦਾ ਖ਼ਤ ਲੇਖਕ ਮਲੂਕ ਚੰਦ ਕਲੇਰ ਵੱਲ**

ਪਿਆਰੇ ਮਲੂਕ ਚੰਦ ਕਲੇਰ ਜੀ 16-4-2008

ਕਈ ਦਿਨ ਪਹਿਲਾਂ ਆਪਦੀ ਲੰਮੀ ਚਿੱਠੀ ਮਿਲੀ ਸੀ। ਫ਼ੋਨ 'ਤੇ ਦੱਸ ਦਿੱਤਾ ਸੀ। ਪਰ ਉੱਤਰ ਦਾ ਸਮਾਂ ਨਹੀਂ ਸੀ ਮਿਲਿਆ। ਖ਼ਿਮਾ ਚਾਹਾਂਗਾ।

ਤੁਹਾਡੇ ਵਿਚਾਰਾਂ ਨੂੰ ਧਿਆਨ ਨਾਲ ਪੜ੍ਹਿਆ ਹੈ। ਬਹੁਤ ਗੱਲਾਂ ਠੀਕ ਹਨ। ਪਰ ਜਾਤੀਵਾਦ ਦੀ ਸਮੱਸਿਆ ਹਜ਼ਾਰਾਂ ਸਾਲ ਪੁਰਾਣੀ ਹੈ। ਇਹਨੇ ਅੱਜ ਤੱਕ ਵੀ ਸਾਡਾ ਪਿੱਛਾ ਨਹੀਂ ਛੱਡਿਆ। ਇਹ ਹਿੰਦੂ ਧਰਮ ਦੀ ਮਾਨਸਿਕਤਾ ਬਣ ਚੁੱਕੀ ਹੈ। ਕਿਸਾਨੀ ਤੱਕ ਹੀ ਸੀਮਤ ਨਹੀਂ ਹੈ। ਇਹ ਸਹੀ ਹੈ ਕਿ ਕਿਸਾਨ ਦੀ ਹਾਲਤ ਪਿੰਡ ਦੇ ਬੇਜ਼ਮੀਨੇ, ਦਲਿਤ ਲੋਕਾਂ ਤੋਂ ਚੰਗੀ ਹੈ, ਪਰ ਸਮੁੱਚੇ ਤੌਰ ਤੇ ਕੁਝ ਮਧ ਵਰਗ ਨੂੰ ਛੱਡ ਕੇ ਹੇਠਲੇ ਕਿਸੇ ਵਰਗ ਦੀ ਹਾਲਤ ਚੰਗੀ ਨਹੀਂ। ਦਲਿਤ ਲੋਕਾਂ ਵਿਚ, ਭਾਵੇਂ ਇਕ ਫੀਸਦੀ ਤੋਂ ਵੀ ਘੱਟ ਲੋਕ ਹਨ, ਪਰ ਉਹਨਾਂ ਵਿਚ ਵੀ ਨਵੀਂ ਸ੍ਰੇਣੀ ਪੈਦਾ ਹੋ ਚੁੱਕੀ ਹੈ। ਮੇਰੀ ਆਪਣੀ ਬੇਟੀ ਸਕੂਲ ਬੋਰਡ ਵਿਚ ਨੌਕਰੀ ਕਰਦੀ ਹੈ। ਉਸਤੋਂ 6-7 ਸਾਲ ਜੂਨੀਅਰ ਲੜਕੀ, ਹੁਣ ਸਕੂਲ ਬੋਰਡ ਦੀ ਸਕੱਤਰ ਹੈ, ਪਰ ਸਾਡੀ ਲੜਕੀ ਰਿਟਾਇਰ ਹੋਣ ਵਾਲੀ ਹੈ। ਉਹ ਡਿਪਟੀ ਡਾਇਰੈਕਟਰ ਦੀ ਪਦਵੀ ਤਕ ਵੀ ਮੁਸ਼ਕਲ ਨਾਲ ਪਹੁੰਚੀ ਹੈ। ਸਕੱਤਰ ਬਣੀਂ ਲੜਕੀ ਜੋ ਸਾਡੇ ਘਰ ਕਦੇ ਸਾਡੀ ਬੇਟੀ ਵਾਂਗ ਹੀ ਆਉਂਦੀ ਸੀ, ਹੁਣ ਚਿੱਠੀ ਦਾ ਉੱਤਰ ਵੀ ਨਹੀਂ ਦਿੰਦੀ। ਸਾਡੀ ਬੇਟੀ ਨਾਲ ਵੀ ਗੱਲ ਨਹੀਂ ਕਰਦੀ। ਇਸ ਮਾਨਸਿਕਤਾ ਨੂੰ ਕੀ ਕਹਾਂਗੇ?

ਇਹ ਕਿਸੇ ਦਾ ਦੋਸ਼ ਨਹੀਂ। ਭਾਰਤੀ ਸਮਾਜ ਵਰਗਾ / ਜਾਤੀਆਂ ਵਿਚ ਬੁਰੀ ਤਰ੍ਹਾਂ ਵੰਡਿਆ ਹੋਇਆ ਹੈ। ਮਾਮੂਲੀ ਕਿਸਾਨ ਵੀ ਆਪਣੇ ਆਪਨੂੰ 'ਸਰਦਾਰ' ਸਮਝਦਾ ਹੈ। ਰੀਜ਼ਰਵੇਸ਼ਨ ਕਾਰਨ, ਭਾਵੇਂ 1-2 ਫੀਸਦੀ ਨਿਮਨ ਕਹੀਆਂ ਜਾਂਦੀਆਂ ਜਾਤੀਆਂ ਨੂੰ ਲਾਭ ਹੋਇਆ ਹੈ ਪਰ ਉਹਨਾਂ ਦੀ ਇਕ ਵੱਖਰੀ

ਕਲਾਸ ਪੈਦਾ ਹੋ ਗਈ ਹੈ। ਬੇਜ਼ਮੀਨੇ ਦਲਿਤ ਲੋਕਾਂ ਬਾਰੇ ਮੈਂ ਅਨੇਕ ਲੇਖ ਲਿਖੇ ਹਨ। ਮੇਰਾ ਪਹਿਲਾ ਹੀ ਨਾਵਲ (ਮੜੀ ਦਾ ਦੀਵਾ) ਇਸੇ ਜਾਤੀ ਦੇ ਦੁਖਾਂਤ ਬਾਰੇ ਸੀ। ਪਰ ਇਹ ਸਚਾਈ ਹੈ ਕਿ ਕਿਸਾਨ ਦੀ ਹਾਲਤ ਇਹਨਾਂ ਜਾਤੀਆਂ ਨਾਲੋਂ ਬਹੁਤ ਚੰਗੀ ਹੈ। ਪਰ ਏਨੀ ਚੰਗੀ ਨਹੀਂ ਕਿ ਉਹ ਕਾਰਾਂ ਤੇ ਮੋਬਾਈਲ ਖਰੀਦ ਸਕੇ। ਦੁਆਬੇ ਵਿਚ ਐਨ ਆਰ ਆਈ ਦੇ ਪੈਸੇ ਨਾਲ ਕਿਸਾਨਾਂ ਦੀ ਹਾਲਤ, ਮਾਲਵੇ ਨਾਲੋਂ ਬਿਹਤਰ ਹੈ। ਪਰ ਏਥੇ ਤਾਂ ਰੋਜ਼ ਆਤਮ ਹੱਤਿਆਵਾਂ ਹੋ ਰਹੀਆਂ ਹਨ।

ਮੇਰਾ ਭਾਵ ਤੁਹਾਡੇ ਵਿਚਾਰਾਂ ਨੂੰ ਰੱਦ ਕਰਨਾ ਨਹੀਂ। ਪਰ ਸਿਰਫ 15-20 ਕਰੋੜ ਉੱਚ ਵਰਗ ਤੇ ਮਧ ਵਰਗ ਨੂੰ ਛੱਡ ਕੇ ਬਾਕੀ 90-95 ਕਰੋੜ ਲੋਕ ਪਸ਼ੂ ਜੀਵਨ ਜਿਊਂ ਰਹੇ ਹਨ। ਕਰੋੜਾ ਪੜ੍ਹੇ ਲਿਖੇ ਨੌਜਵਾਨ ਬੇਕਾਰੀ ਤੇ ਨਸ਼ਿਆਂ ਦਾ ਸ਼ਿਕਾਰ ਹਨ। ਆਬਾਦੀ ਵਧਣ ਨਾਲ ਹੇਠਲੇ, ਵਰਗ ਬਹੁਤ ਹੀ ਮੰਦੀ ਹਾਲਤ ਵਿੱਚ ਰਹਿ ਰਹੇ ਹਨ। ਇਹ ਕਿਸੇ ਇਕ ਜਾਤੀ ਜਾਂ ਦੂਜੀ ਦਾ ਦੋਸ਼ ਨਹੀਂ। ਧਰਮ, ਅੰਧ-ਵਿਸ਼ਵਾਸ, ਅਗਿਆਨਤਾ ਤੇ ਅਨੇਕਾਂ ਕਾਰਨਾ ਕਰਕੇ ਪੂਰਾ ਭਾਰਤੀ ਸਮਾਜ ਹੀ ਬੁਰੀ ਤਰ੍ਹਾਂ ਨਿਘਾਰ ਵਲ ਜਾ ਰਿਹਾ ਹੈ। ਰਾਜਸੀ ਦਲ (ਲਗਪਗ ਸਾਰੇ) ਲੋਕਾਂ ਦੀ ਅਗਿਆਨਤਾ ਤੇ ਪਛੜੇਪਣ ਦਾ ਲਾਭ ਉਠਾ ਰਹੇ ਹਨ। ਸਮੱਸਿਆਵਾਂ ਵਲ ਉਹਨਾਂ ਦਾ ਕੋਈ ਧਿਆਨ ਨਹੀਂ। ਤੁਸੀਂ ਹੀ ਨਹੀਂ, ਮੈਂ ਖ਼ੁਦ ਇਕ ਮਜ਼ਦੂਰ ਪਰਿਵਾਰ 'ਚ ਪੈਦਾ ਹੋ ਕੇ 8 ਸਾਲ ਮਜ਼ਦੂਰੀ ਕਰਦਿਆਂ, ਰਾਤਾਂ ਨੂੰ ਜਾਗ ਕੇ ਪੜ੍ਹਿਆ ਹਾਂ। ਪਹਿਲਾਂ ਨੌਕਰੀ ਪ੍ਰਾਇਮਰੀ ਅਧਿਆਪਕ ਦੀ ਮਿਲੀ ਸੀ। ਅਖੀਰ, ਆਪਣੀ ਮਿਹਨਤ ਨਾਲ ਹੀ ਸਭ ਕੁਝ ਪ੍ਰਾਪਤ ਕੀਤਾ ਹੈ। ਇਹ ਸਮੱਸਿਆਵਾਂ ਬਹੁਤ ਗੁੰਝਲਦਾਰ ਹਨ। ਇਹਨਾਂ ਨੂੰ ਸਮਝਣ ਲਈ ਪੂਰੀ ਉਮਰ ਵੀ ਕਾਫੀ ਨਹੀਂ। ਅਜੇ ਇਹਨਾਂ ਨੇ ਹੋਰ ਉਲਝਣਾ ਹੈ। ਦੇਸ਼ ਦੀ ਬਰਬਾਦੀ ਹੋਣੀ ਹੀ ਹੈ। ਕਦੋਂ ਕੀ 'ਚੰਗਾ' ਹੋਏਗਾ। ਇਹਦੇ ਬਾਰੇ ਕੋਈ ਅੰਦਾਜ਼ਾ ਵੀ ਮੁਸ਼ਕਲ ਹੈ।

ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਏਨੇ ਵਿਸਥਾਰ ਨਾਲ ਆਪਣੇ ਵਿਚਾਰ ਲਿਖੇ। ਸ਼ੁਕਰਗੁਜ਼ਾਰ ਹਾਂ। ਤੁਹਾਡੀਆਂ ਭਾਵਨਾਵਾਂ ਤੇ ਵਿਚਾਰਾਂ ਦੀ ਕਦਰ ਕਰਦਾ ਹਾਂ। ਇਹਨਾਂ ਗੁੰਝਲਾਂ ਬਾਰੇ ਲਿਖਦਾ ਵੀ ਰਹਾਂਗਾ। ਪਰ ਮੇਰੀ ਆਪਣੀ ਸੀਮਾ ਹੈ। 75 ਸਾਲ ਦੀ ਉਮਰ ਵਿਚ, ਬਹੁਤ ਕੁਝ ਕਰਨਾ ਸੰਭਵ ਨਹੀਂ। ਪਰ ਜਦੋਂ ਤਕ ਸਾਹ ਵਗਦੇ ਹਨ, ਉਦੋਂ ਤੱਕ ਸਮਾਜ, ਧਰਮ, ਜਾਤੀਵਾਦੀ, ਕੁਟਲ ਰਾਜਨੀਤੀ, ਬੇਇਨਸਾਫ਼ੀਆਂ ਤੇ ਅਣਮਨੁੱਖੀ ਵਿਹਾਰ/ ਵਤੀਰੇ ਬਾਰੇ ਕੁਝ ਨਾ ਕੁਝ ਲਿਖਦਾ ਰਹਾਂਗਾ। ਇਹੋ ਵਿਸ਼ਵਾਸ ਦਿਵਾ ਸਕਦਾ ਹਾਂ। ਇਸ ਸੌ ਦਸ ਕਰੋੜ ਦੀ ਆਬਾਦੀ ਦੀਆਂ ਉਲਝਣਾ ਇਕੱਲਾ ਬੰਦਾ ਤਾਂ .00001 % ਵੀ ਦੱਸ ਨਹੀਂ ਸਕਦਾ, ਸੁਲਝਾ ਤਾਂ ਕੀ ਲੈਣੀਆਂ ਹਨ। ਆਸ ਹੈ, ਮੇਰੀਆਂ ਮਜਬੂਰੀਆਂ ਸਮਝ ਕੇ ਖਿਮਾ ਕਰੋਗੇ।

**- ਗੁਰਦਿਆਲ ਸਿੰਘ**

**ਪ੍ਰਸਿੱਧ ਸ਼ਾਇਰ ਲਾਲ ਸਿੰਘ ਦਿਲ ਦਾ ਖ਼ਤ ਡਾ. ਸਰਬਜੀਤ ਸਿੰਘ ਵੱਲ**

ਡਾ. ਸਰਬਜੀਤ ਸਿੰਘ ਜੀ 8-9-2005

ਆਦਾਬ ਅਰਜ਼ ਹੈ!

ਕੱਲ੍ਹ ਮੈਨੂੰ ਡਾਕਟਰ ਐੱਸ ਤਰਸੇਮ ਜੀ, ਦਾ ਖ਼ਤ ਮਿਲਿਆ। ਉਨ੍ਹਾਂ ਲਿਖਿਆ ਕਿ ਮੈਂ 'ਬੁਲਬੁਲ' ਦਾ ਖਰੜਾ ਉਨ੍ਹਾਂ ਪਾਸ ਭੇਜ ਦਿੱਤਾ ਹੈ ਸਭ ਤੋਂ ਪਹਿਲਾਂ ਇਸ ਵੱਲ ਧਿਆਨ ਦੇਣਾ। ਪੜ੍ਹਦਿਆਂ 'ਰਾਗ ਡੌਰੂ'

ਕਾਰੂੰ ਤੇ ਫਰਾਊਨ ਜਿਸ ਹੋਣ ਨਹੀਂ ਦੇਖੇ

ਉਹ ਦੇਖ ਲਵੋ 'ਜਾਲਮਾਂ' ਦਾ ਰਾਜ। ਇੰਞ ਠੀਕ ਕਰ ਦੇਣਾ।

ਦੂਜੇ ਢੱਡ ਸਾਰੰਗੀ 'ਚ

'ਜਿਸ ਦਿਨ ਫੁੱਟੂਗੀ ਇਹ ਝਾਰੀ

ਉਹ ਦਿਨ ਕਾਲ ਨਿਸ਼ਾਨੀ ਰਾਵਣ ਦੀ ਸੁਣਦੇ ਸਾਰ ਸਾਨੂੰ ਸੋਚ ਹੋ ਗਈ ਭਾਰੀ' ਇੰਞ ਠੀਕ ਕਰ



ਦੇਣਾ। 'ਚ ਟੈਕਸ ਲਫ਼ਜ਼ ਦੀ ਥਾਂ 'ਕਰ' ਲਫ਼ਜ਼ ਵਰਤਣਾ ਚਾਹੀਦਾ ਹੈ।

"ਕਰ ਦੇ ਬਦਲੇ ਜਿਨ੍ਹਾਂ ਨੇ ਇੱਕ ਦਮੜੀ ਨਾ ਤਾਰੀ'

ਇੰਞ ਠੀਕ ਕਰ ਦੇਣਾ। ਹੋਰ ਸਭ ਠੀਕ ਹੈ। ਖ਼ੈਰ ਅੰਦੇਸ਼

**- ਲਾਲ ਸਿੰਘ ਦਿਲ**, ਸਮਰਾਲਾ

**ਪਾਸ਼ ਦੇ ਇਹ ਦੋ ਖ਼ਤ ਕ੍ਰਾਂਤੀਪਾਲ ਵੱਲੋਂ ਪ੍ਰਾਪਤ ਹੋਏ ਹਨ। ਉਨ੍ਹਾਂ ਕੋਲ ਰਾਮ ਸਰੂਪ ਅਣਖੀ ਨੂੰ ਆਏ ਖ਼ਤਾਂ ਦੀ ਫਾਇਲ ਸਾਂਭੀ ਪਈ ਹੈ। ਜਿਨ੍ਹ ਵਿਚੋਂ ਉਨ੍ਹਾਂ ਨੇ ਪਾਸ਼ ਦੇ ਅਣਛਪੇ ਖ਼ਤ ਵੀ ਭੇਜੇ ਹਨ। ਇਹ ਖ਼ਤ ਗੁਰਚਰਨ ਚਾਹਲ ਭੀਖੀ ਆਖਰੀ ਸਮੇਂ ਅਣਖੀ ਨੂੰ ਦੇ ਗਿਆ ਸੀ। ਤੀਜਾ ਖ਼ਤ ਪਾਸ਼ ਨੇ ਬਦਲੇਵ 'ਬੱਦਨ' ਨੂੰ ਲਿਖਿਆ ਸੀ। ਇਹ ਵੀ ਅਣਛਪਿਆ ਹੈ)**

**ਪਾਸ਼ ਦੇ ਦੋ ਖ਼ਤ ਗੁਰਚਰਨ ਚਾਹਲ ਭੀਖੀ ਵੱਲ**

ਪਿਆਰੇ ਗੁਰਚਰਨ,

ਯਾਰ ਤੇਰੇ ਕੋਲ ਰਹਿ ਕੇ ਆਨੰਦ ਵੀ ਬਹੁਤ ਆਇਆ ਤੇ ਤੇਰਾ ਚੌਗਿਰਦਾ ਦੇਖਣ ਦੀ ਚਿਰੋਕਣੀ ਸੱਧਰ ਵੀ ਪੂਰੀ ਹੋ ਗਈ। ਇਸ ਲਈ ਮੈਂ ਆਪਣੇ ਆਪ ਨੂੰ ਵਧਾਈ ਦਿੰਦਾ ਹਾਂ।

ਤੇਰੀ ਦੱਸੀ ਕੋਡੀਨ ਫਾਸਫੇਟ (KOH-deen FOS fayt) ਤਾਂ ਮਿਲ ਗਈ ਸੀ ਪਰ ਉਹ ਖਾਸ ਕਾਰਾਗਰ ਇਸ ਲਈ ਨਹੀਂ ਹੁੰਦੀ ਕਿਉਂਕਿ 20 ਰੁ. ਦੀ ਇਕ ਸ਼ੀਸ਼ੀ ਮਸਾਂ ਮੇਰੇ ਤਿੰਨ ਦਿਨ ਕਢ ਸਕਦੀ ਹੈ। ਤੇਰੇ ਕਹਿਣ ਅਨੁਸਾਰ ਤੇਰੀ ਦੱਸੀ ਹੋਈ ਮਾਤਰਾ ਮੇਰੀ ਸਾਰੀ ਦਿਹਾੜੀ ਨਹੀਂ ਸਗੋਂ ਸਿਰਫ਼ ਦੋ ਘੰਟੇ ਹੀ ਕੱਢਦੀ ਹੈ। ਮੈਂ ਬੜਾ ਤੰਗ ਹਾਂ ਇਸ ਪੱਖੋਂ।

ਹੋਰ ਰਹਿੰਦਾ ਤੰਗ ਮੇਰੇ ਕੁੱਤੇ ਪਬਲਿਸ਼ਰ ਨੇ ਕਿਤਾਬਾਂ ਛਾਪਣੋ ਪਹਿਲਾਂ ਤੈਅ ਹੋਈਆਂ ਸਾਰੀਆਂ ਸ਼ਰਤਾਂ ਤੋਂ ਮੁੱਕਰ ਕੇ ਕਰ ਦਿੱਤਾ। ਉਹ 16% ਤੋਂ 10% 'ਤੇ ਆ ਗਿਆ ਅਤੇ ਕਹਿੰਦਾ ਹੈ ਕਿ ਮੈਂ ਤੇਰੀ ਕਿਤਾਬ 'ਸਾਡੇ ਸਮਿਆਂ ਵਿਚ' ਸਿਰਫ਼ ਪੰਜ ਰੁਪਏ ਦੀ ਤੇ ਦੂਜੀਆਂ ਦੋਵੇਂ ਢਾਈ ਰੁਪਿਆਂ ਵਿਚ ਵੇਚੀਆਂ ਹਨ। ਉਸ 'ਚੋਂ ਕੋਈ ਖੱਟੀ ਨਹੀਂ ਹੋਈ ਹੁਣ ਤੂੰ ਵਾਪਸੀ ਡਾਕ ਇਹ ਸੂਚਨਾ ਦੇਹ ਕਿ ਓਦਣ ਤੁਸੀਂ ਮੇਰੀਆਂ ਕਿਤਾਬਾਂ ਕਿੰਨੇ ਪੈਸਿਆਂ 'ਚ ਖਰੀਦੀਆਂ ਸਨ? ਤੇ ਜੇ ਤੇਰਾ ਜਾਂ ਭੁੱਲਰ ਦਾ ਕਟਾਇਆ ਹੋਇਆ ਬਿੱਲ ਹੀ ਲੱਭ ਜਾਵੇ ਤਾਂ ਕੀ ਕਹਿਣੇ? ਮੈਂ ਪੰਦਰਾਂ ਵੀਹ ਦਿਨਾਂ ਤੱਕ ਉਸ ਉਤੇ ਮਿਲੀਟੈਂਟ ਧਾਵਾ ਕਰਨਾ ਚਾਹੁੰਦਾ ਹਾਂ। ਇਹ ਕੰਮ ਫੌਰੀ ਕਰੀਂ।

ਤੇਰੀ ਕਿਤਾਬ ਬਾਰੇ ਮੈਂ ਕੁੱਝ ਕੰਮ ਕੀਤਾ ਹੈ ਤੇ ਬਾਸੀ ਨੇ ਵੀ। ਪਰ ਚੰਗਾ ਹੈ ਜੇ ਸਾਡੇ ਪ੍ਰਭਾਵ ਤੂੰ ਛਪੇ ਹੋਏ ਹੀ ਪੜ੍ਹੇਂ। 'ਹੋਮ ਸਿੱਕ' ਭੇਜ ਦਿੱਤੀ ਹੋਏਗੀ ਤੂੰ। ਏਨੀ ਵਧੀਆ ਕਹਾਣੀ ਲਈ ਵੈਸੇ ਮੈਂ ਤਾਂ 'ਨੀਲਮਣੀ' ਢੁੱਕਵਾਂ ਪਰਚਾ ਨਹੀਂ ਸਮਝਦਾ। ਚਲੋ...? ਛਪਣ ਬਾਦ ਮੈਂ ਉਹਦਾ ਹਿੰਦੀ ਤਰਜਮਾ ਕਰਨ ਦਾ ਯਤਨ ਕਰਾਂਗਾ।

ਹੋਰ ਠੀਕ ਏ। ਬੁਰੀ ਤਰ੍ਹਾਂ ਟੁੱਟਾ ਪਿਆਂ, ਪੈਸੇ ਨਾ ਹੋਣ ਕਾਰਨ ਹਾਲੇ ਜੁੜਨ ਦੀ ਵੀ ਕੋਈ ਸਬੀਲ ਨਹੀਂ ਨਜ਼ਰ ਆਉਂਦੀ। ਭੁੱਲਰ ਆਪਣੇ ਅੰਦਰਲੇ ਨਿੱਘ ਕਾਰਨ ਮੈਨੂੰ ਸਦਾ ਯਾਦ ਰਹੇਗਾ। ਮੈਂ ਉਸ ਤੋਂ ਬੜਾ ਪ੍ਰਭਾਵਤ ਹੋਇਆ ਹਾਂ। ਯਾਦ ਦੇਵੀਂ। ਸਪਰੇ ਕੋਲ ਅੱਜ ਭੱਲਕ ਜਾਵਾਂਗਾ।

**- ਪਾਸ਼** (4.8.82)

ਮਿੱਤਰ ਪਿਆਰਿਆ,

ਚਿਰਾਂ ਤੋਂ ਤੈਨੂੰ ਲਿਖੂ ਲਿਖੂ ਕਰਦਾ ਸੀ ਤੂੰ ਮੈਨੂੰ ਜਿਬ੍ਹਾ ਕਰ ਛੱਡਿਆ ਈ। ਯਾਰ, ਮੁਰਗਾਬੀ ਅੰਡਾ ਤੇ ਦਿੰਦੀ ਏ। ਪੜ੍ਹਨਾ ਸਾਡੀ ਤਕਦੀਰ ਕਿੱਦਾ ਬਣ ਗਈ? ਅਸੀਂ ਤਾਂ ਏਨੇ ਚੰਗੇ ਭਾਗ ਲਿਖਾਂ ਕੇ ਜੰਮੇ ਨਹੀਂ? ਚਿਰ ਹੋਇਆ ਤੂੰ 'ਸਿਆੜ' ਨੂੰ ਕਹਾਣੀ ਘੱਲੀ ਸੀ ਨਾ? ਉਹ ਐਵੇਂ ਰਵਾਇਤੀ ਜਿਹੀ ਸੀ।

ਮਾਨਸਾ ..... ਨੂੰ ਆਪਾਂ ਮਿਲੇ। ਤੇਰੀ ਸ਼ਰਾਬੀ ਜਹੀ ਆਵਾਜ਼ ਤੇ ਪੁਰ ਖਲੂਸ ਜਟਕਾ ਵਿਹਾਰ ਮੈਨੂੰ ਬੜਾ ਪਿਆਰਾ ਲੱਗਿਆ। ਅਸਲੀ ਜਾਨ ਤਾਂ ਤੂੰ ਮੇਰੀ ਉਦੋਂ ਕੱਢੀ ਜਦੋਂ 'ਨਾਗਮਣੀ' ਵਿਚ 'ਮੁਰਗਾਬੀ' ਪੜ੍ਹੀ। ਉਦੋਂ ਤੋਂ ਤੇਰੀਆਂ ਕਹਾਣੀਆਂ ਲੱਭ ਲੱਭ ਕੇ ਪੜ੍ਹਦਾ ਹਾਂ। ਯਾਰ ਤੂੰ ... ਹੁਣ ਤੇਰੇ ਮੂੰਹ ਤੇ ਕੀ ਕਹਾਂ। ਕੰਬਖ਼ਤ, ਕਹਾਣੀਆਂ ਵਿੱਚ ਥੋੜ੍ਹਾ ਰਲ੍ਹਾ ਪਾਇਆ ਕਰ। ਇਹ ਪਾਠਕਾਂ ਲਈ ਵੀ ਫਾਇਦੇਮੰਦ ਰਹੇਗਾ। ਤੇਰੇ ਲਈ ਵੀ। ਸ਼ੁੱਧ ਅਨੁਭਵ ਦੀ ਸੁਧੀ ਸ਼ਿੱਦਤ ਪਾਠਕਾਂ ਨੂੰ ਘਾਇਲ ਕਰਦੀ ਹੈ ਅਤੇ ਲੇਖਕ ਨੂੰ ਵੇਹਲਾ। ਤੇਰੀਆਂ ਕਹਾਣੀਆਂ ਬਿਨਾਂ ਪਾਣੀ ਪੀਤੀ ਵਧੀਆਂ ਦੇਸੀ ਸ਼ਰਾਬ ਵਰਗੀਆਂ ਹੁੰਦੀਆਂ ਹਨ ਜੋ ਅੰਦਰ ਵਾਂਢ ਕਰਦੀਆਂ ਜਾਂਦੀਆਂ ਹਨ। ਮੇਰਾ ਭਾਵ ਸਮਝ ਗਿਐ ਨਾ?

ਤੈਨੂੰ ਮਿਲਣ ਨੂੰ ਬੜਾ ਚਿੱਤ ਕਰਦਾ ਪਰ ਆਪਾਂ ਬੜੀ ਦੂਰ ਦੂਰ ਹਾਂ। ਏਦਾਂ ਕਰੀਏ ਕਿਸੇ ਦਿਨ ਸ਼ਮਸ਼ੇਰ ਕੋਲ ਇਕੱਠੇ ਹੋਈਏ। ਸਾਰੀ ਰਾਤ ਗੱਲਾਂ ਕਰਾਂਗੇ। ਕੁਛ ਵਾਟ ਤੂੰ ਆਜਾ, ਕੁਛ ਮੈਂ ਆ ਜਾਊਂ। ਜਾਂ ਜੇ ਹੋ ਸਕੇ ਤਾਂ ਜੂਨ ਵਿਚ ਹਫ਼ਤਾ ਛੁੱਟੀ ਲੈ ਲਏਂ। ਕੁਛ ਦਿਨ ਡਲਹੌਜ਼ੀ ਵਰਗੇ ਸਸਤੇ ਪਹਾੜੀ ਥਾਂ ਇਕੱਠੇ ਰਹਿ ਲਵਾਂਗੇ। ਕੁਝ ਨਾ ਕੁਝ ਜ਼ਰੂਰ ਕਰ ਵਾਸਤਾ ਈ ਮੇਰਾ।

ਤੇਰੇ ਕੋਲ ਕਿਸੇ ਨਾਈ, ਮੋਚੀ, ਝੀਰ, ਜੱਟ, ਤਖ਼ਾਣ, ਵਿਧਵਾ, ਕਵਾਰੀ ਜਾਂ ਨਵ ਮੁਕਲਾਈ ਦਾ ਪਿਆਰਾ ਜਿਹਾ ਖ਼ਤ ਪਿਆ ਹੋਏ ਤਾਂ ਸ਼ਮਸ਼ੇਰ ਨੂੰ ਘੱਲ ਦੇਈਂ। ਉਹ ਸੰਕਲਪ ਦਾ ਖ਼ਤ ਅੰਕ ਕੱਢ ਰਿਹੈ। ਖ਼ਤ ਸਾਹਿਤਕ ਹੋਵੇ ਜਾਂ ਅਣਸਹਿਤਕ ਜ਼ਰਾ ਵਿਸ਼ੇਸ਼ ਹੋਣਾ ਚਾਹੀਦਾ ਹੈ।

ਯਾਰ ਉਹ ਗਾਂਈਆਂ ਦੇ ਜਲੂਸ ਵਾਲੀ ਕਹਾਣੀ ਚੰਗੀ ਨਹੀਂ ਸੀ।

**-ਪਾਸ਼**

**ਪਾਸ਼ ਦਾ ਖ਼ਤ ਬਲਦੇਵ ਸਿੰਘ 'ਬੱਦਨ' ਵੱਲ**

ਸਤਿਕਾਰਯੋਗ ਸ. ਬਲਦੇਵ ਸਿੰਘ 'ਬੱਦਨ' ਜੀ, 26-6-86

ਖ਼ਿਮਾ ਮੰਗਦਾ ਹਾਂ ਕਿ ਤੁਸੀਂ ਦੋ ਵਾਰ ਖ਼ਤ ਲਿਖ ਕੇ ਮੈਨੂੰ ਯਾਦ ਕੀਤਾ ਤੇ ਮੈਂ ਬੜੀ ਹੀ ਨਖਿੱਧ, ਗ਼ੈਰ-ਜ਼ੁੰਮੇਦਾਰਨਾ ਆਲਸ ਵਿਚ ਇਕ ਵਾਰ ਵੀ ਦੋ ਸਤਰਾਂ ਨਾ ਲਿਖ ਸਕਿਆ। ਪਹਿਲੇ ਖ਼ਤ ਵਿਚਲੀ ਇਬਾਰਤ ਮੈਂ ਪੂਰੀ ਗਹੁ ਨਾਲ ਨਹੀਂ ਪੜ੍ਹ ਸਕਿਆ ਸਾਂ ਤੇ ਮੈਂ ਇਹੋ ਸਮਝਿਆ ਕਿ ਤੁਸੀਂ ਮੈਥੋਂ ਗ਼ਜ਼ਲਾਂ ਦੀ ਮੰਗ ਕਰ ਰਹੇ ਹੋ। ਪਰ ਕਿਉਂਕਿ ਮੈਂ ਕਦੀ ਕੋਈ ਗ਼ਜ਼ਲ ਲਿਖੀ ਹੀ ਨਹੀਂ ਤੇ ਨਾ ਕਦੀ ਕਾਵਿ ਦੇ ਇਸ ਰੂਪ ਬਾਰੇ ਸ਼ਰਧਾਵਾਨ ਹੀ ਹੋਇਆ ਹਾਂ ਇਸ ਲਈ ਮੈਂ ਏਹੋ ਸਮਝਿਆ ਕਿ ਹੋਰ ਲੇਖਕਾਂ ਦੇ ਨਾਲ ਹੀ ਕਿਤੋਂ ਮੇਰਾ ਵੀ ਐਡਰੈੱਸ ਹਾਸਲ ਕਰ ਲਿਆ ਹੋਵੇਗਾ ਪਰ ਤੁਹਾਨੂੰ ਜਾਣਕਾਰੀ ਨਹੀਂ ਹੋਵੇਗੀ ਕਿ ਮੈਂ ਕੀ ਲਿਖਦਾ ਹਾਂ ਜਾਂ ਲਿਖਿਆ ਹੈ। ਦੂਜੀ ਗੱਲ ਇਹ ਸੀ ਕਿ ਇਹ ਉਚਿਤ ਨਹੀਂ ਸਮਝਦਾ ਕਿ ਸਾਹਿਤ ਨੂੰ ਵੀ ਦੁਆਬੇ, ਮਾਲਵੇ, ਮਾਝੇ ਵਿਚ ਵੰਡਿਆ ਜਾਵੇ। ਪਹਿਲਾਂ ਹੀ ਕਿਤੇ ਘੱਟ ਵੰਡੀਆਂ ਪਈਆਂ ਹੋਈਆਂ ਹਨ? ਆਖਰ ਆਪਣੀ ਇਹ ਦੁਨੀਆਂ ਹੈ ਹੀ ਕੇਡੀ ਕੁ ? ਮੇਰੀ ਜਾਚੇ ਸੰਗ੍ਰਹਿ ਕਰਨ ਲੱਗਿਆਂ ਜਾਂ ਚੋਣ ਵੇਲੇ, ਇਲਾਕਾਈ ਨਹੀਂ ਸਗੋਂ ਗੁਣਾਤਮਕ ਪੱਖੋਂ ਪ੍ਰਾਥਮਿਕਤਾ ਦੇਣੀ ਚਾਹੀਦੀ ਹੈ। ਇਨ੍ਹਾਂ ਕਾਰਨਾਂ ਕਰਕੇ ਜਾਂ ਕੁੱਝ ਘੌਲ ਕਰਕੇ ਮੈਥੋਂ ਉੱਤਰ ਨਾ ਦੇ ਹੋਇਆ ਪਰ ਹੁਣ ਦੂਜੇ ਖ਼ਤ ਦੇ ਮਿਲਣ ਤੇ ਮੈਂ ਸੋਚਿਆ ਹੈ, ਕਿ ਘੱਟੋ ਘੱਟ ਮੈਨੂੰ ਆਪਣੇ ਵਿਚਾਰ ਤਾਂ ਆਪ ਤੱਕ ਪਹੁੰਚਦੇ ਕਰ ਦੇਣੇ ਚਾਹੀਦੇ ਹਨ। ਸਤਿਕਾਰ ਸਹਿਤ

**- ਪਾਸ਼**

**ਦਿੱਲੀ ਵਾਲੇ ਹਰਿਭਜਨ ਸਿੰਘ ਦਾ ਖ਼ਤ ਡਾ. ਸਰਬਜੀਤ ਸਿੰਘ ਵੱਲ**

ਪਿਆਰੇ ਡਾ. ਸਰਬਜੀਤ ਸਿੰਘ

ਤੇਰਾ ਚੁਣਿਆ ਅਤੇ ਸੰਪਾਦਿਆ ਲੇਖ ਸੰਗ੍ਰਹਿ ਮੋਹਨ ਭੰਡਾਰੀ -ਸ਼ਬਦ ਸੰਵੇਦਨਾ' ਪ੍ਰਾਪਤ ਹੋਇਆ।



ਧੰਨਵਾਦ!

ਪੰਜਾਬੀ ਦੇ ਨਾਮਵਰ ਕਹਾਣੀਕਾਰ ਦੇ ਸਿਰਜਨਾਤਮਕ ਯੋਗਦਾਨ ਦਾ ਮੁਲੰਕਣ ਕਰਨ ਵਾਲਾ ਇਹ ਸੰਗ੍ਰਹਿ ਕਾਬਲੇ ਤਾਰੀਫ਼ ਹੈ। ਤੂੰ ਮੋਹਨ ਭੰਡਾਰੀ ਦੀ ਕਲਾ ਦਾ ਪਾਰਖੂਆਂ ਰਾਹੀਂ ਮੁਲ ਵੀ ਪੁਆਇਆ ਹੈ ਅਤੇ ਇਕ ਦੋਸਤ ਵਾਂਗ ਦੋਸਤੀ ਦਾ ਹੱਕ ਵੀ ਅਦਾ ਕੀਤਾ ਹੈ। ਸਮੀਖਿਆਕਾਰ ਅਤੇ ਦੋਸਤ, ਤੇਰੇ ਇਹ ਦੋਵੇਂ ਰੂਪ ਮੈਨੂੰ ਪਸੰਦ ਆਏ। ਲੇਖ ਮੋਹਨ ਦੀ ਕਲਾਕਾਰੀ ਅਤੇ ਜੀਵਨੀ ਦੋਹਾਂ ਨਾਲ ਇਨਸਾਫ਼ ਕਰਨ ਦਾ ਜਤਨ ਕਰਦੇ ਹਨ। ਸਾਵਾਂ ਤੋਲਦੇ ਹਨ, ਪਾਸਕੂ ਕੋਈ ਨਹੀਂ। ਵਾਹ, ਵਾਹ! ਕੁਝ ਸਮੀਖਿਆਕਾਰ ਮੇਰੇ ਲਈ ਨਵੇਂ ਹਨ। ਤੇਰਾ ਸ਼ੁਕਰੀਆ ਕਿ ਤੂੰ ਉਹਨਾਂ ਨਾਲ ਮੇਰੀ ਜਾਣਕਾਰੀ ਕਰਾਈ ਹੈ।

ਤੇਰੇ ਪੱਤਰ ਤੋਂ ਪਤਾ ਲੱਗਾ ਕਿ ਤੂੰ ਮੈਨੂੰ ਕਦੀ ਪਹਿਲਾਂ ਵੀ ਆਪਣੀਆਂ ਲਿਖਤਾਂ ਭੇਜਦਾ ਰਿਹਾ ਹੈ। ਪਰ ਮੈਨੂੰ ਮਿਲਣ ਵਾਲੀ ਇਹ ਤੇਰੀ ਪਹਿਲੀ ਪੁਸਤਕ ਹੈ। ਸਭ ਕੁਝ ਆਪਣੇ ਸਮੇਂ ਸਿਰ ਮਿਲਦਾ ਹੈ। ਜੋ ਨਹੀਂ ਮਿਲਿਆ ਉਸਦਾ ਅਫ਼ਸੋਸ ਨਹੀਂ, ਅਗਾਂਹ ਤੇਰਾ ਲਿਖਿਆ ਕੁਝ ਹੋਰ ਮਿਲੇਗਾ, ਇਹ ਆਸ ਖ਼ੁਸ਼ ਕਰਦੀ ਹੈ। ਹਰਿੰਦਰ ਮਹਿਬੂਬ ਦੇ ਲਿਖੇ ਕੁਝ ਮੌਲਿਕ ਕੁਝ ਭਾਵ ਖ਼ੂਬ ਹਨ। ਤਾਂ ਉਸ ਤੱਕ ਮੇਰੀ ਖ਼ੁਸ਼ੀ ਪਹੁੰਚਾਉਣਾ। ਉਮਰ 'ਚ ਤਾਂ ਵੱਡਾ ਹੈ ਹੀ, ਇਨਸਾਨ ਵੀ ਖ਼ੂਬ ਹੈ।

ਮੋਹਨ ਭੰਡਾਰੀ ਲਈ ਵੀ ਇਕ ਬੇਨਤੀ ਹੈ। ਮੈਂ ਉਹਦੇ ਟੈਗੋਰ ਬਣਨ ਦੀ ਹੀ ਉਡੀਕ ਕਰਦਾ। 'ਮੂਨ ਦੀ ਅੱਖ' ਅੱਜ ਤੱਕ ਅੱਖੋਂ ਪਰੋਖੇ ਹੈ। ਜੇ ਉਸ ਪਾਸ ਉਹਦੀ ਕੋਈ ਕਾਪੀ ਹੋਵੇ ਤਾਂ ਮੈਨੂੰ ਪਹੁੰਚਾਉਣ ਦੀ ਖੇਚਲ ਕਰੇ, ਤੇਰੇ ਦੋ ਲੇਖਕਾਂ ਨੇ ਮੋਹਨ ਭੰਡਾਰੀ ਦੀ ਘਰਵਾਲੀ ਦੀ ਬੜੀ ਸ਼ਿਫ਼ਤ ਕੀਤੀ ਹੈ। ਉਹਨਾਂ ਨੂੰ ਪੜ੍ਹ ਕੇ ਕਈ ਵਿਦਿਆਰਥੀ ਦਾ ਲਿਖਿਆ ਯਾਦ ਆਇਆ। ਤੇਰੀ ਕਲਮ ਤੋਂ ਬਹੁਤ ਕੁਝ ਹੋਰ ਵੀ ਆਸ ਕਰਦਾ ਹੋਇਆ। ਤੇਰਾ ਆਪਣਾ।

**-ਹਰਿਭਜਨ ਸਿੰਘ**

**ਪ੍ਰਸਿੱਧ ਨਾਵਲਕਾਰ ਰਾਮ ਸਰੂਪ ਅਣਖੀ ਦੇ ਛੇ ਖ਼ਤ ਵੀ ਸਾਨੂੰ ਪ੍ਰਾਪਤ ਹੋਏ ਹਨ। ਜਿਹੜੇ ਉਨ੍ਹਾਂ ਵੱਖ ਵੱਖ ਲੇਖਕਾਂ ਨੂੰ ਲਿਖੇ ਸਨ। ਇਨ੍ਹਾਂ ਖ਼ਤਾਂ ਤੋਂ ਅਣਖੀ ਹੁਰਾਂ ਦੇ ਅਹਿਮ ਵਿਚਾਰਾਂ ਦਾ ਪਤਾ ਲੱਗਦਾ ਹੈ।**

**ਨਾਵਲਕਾਰ ਰਾਮ ਸਰੂਪ ਅਣਖੀ ਦਾ ਖ਼ਤ ਕਥਾਕਾਰ ਮੋਹਨ ਭੰਡਾਰੀ ਵੱਲ**

ਪਿਆਰੇ ਮੋਹਨ ਭੰਡਾਰੀ 31-1-91

ਤੇਰੀ 25 ਜਨਵਰੀ, 91 ਦੀ ਚਿੱਠੀ ਮਿਲੀ। ਰਘੁਬੀਰ ਢੰਡ ਦੀ ਮੌਤ ਦਾ ਤੇਰੇ 'ਤੇ ਅਸਰ ਹੋਣਾ ਸੁਭਾਵਿਕ ਹੈ। ਤੂੰ ਤਾਂ ਉਹਦਾ ਪੱਕਾ ਯਾਰ ਸੀ। ਯਾਰ ਉਹਨੂੰ ਆਪਣੀ ਮੌਤ ਦਾ ਪਹਿਲਾ ਪਤਾ ਹੋਣੈ, ਉਹ ਬਹੁਤ ਸਿਆਣਾ ਸੀ। ਏਸੇ ਕਰਕੇ ਛੇਤੀ ਛੇਤੀ ਵਧੀਆ ਕਹਾਣੀਆਂ ਲਿਖ ਗਿਆ।

ਉਹਨੇ ਅਹਿਮਦ ਨਦੀਮ ਕਾਸਮੀ ਤੇ ਕਮਲੇਸ਼ਵਰ ਦੀਆਂ ਚੋਣਵੀਆਂ ਕਹਾਣੀਆਂ ਪੰਜਾਬੀ ਵਿਚ ਅਨੁਵਾਦ ਕਰਕੇ ਕਿਤਾਬਾਂ ਛਪਵਾਈਆਂ ਤੇ ਪੰਜਾਬੀ ਕਹਾਣੀਕਾਰਾਂ ਨੂੰ ਚੈਲੰਜ ਕੀਤਾ, "ਇਹੋ ਜਿਹੀਆਂ ਕਹਾਣੀਆਂ ਲਿਖ ਕੇ ਦਿਖਾਓ।" ਮੈਂ ਕਹਿਨਾਂ ਰਘੁਬੀਰ ਢੰਡ ਖ਼ੁਦ ਪੰਜਾਬੀ ਕਹਾਣੀਕਾਰਾਂ ਲਈ ਚੈਲੰਜ ਸੀ। ਉਹਨੇ ਮੀਲ-ਪੱਥਰ ਕਹਾਣੀਆਂ ਲਿਖੀਆਂ।

26-27 ਸਾਲ ਪਹਿਲਾਂ ਜਦੋਂ ਮੈਂ ਭਦੌੜ ਸਕੂਲ ਵਿਚ ਸੀ, ਰਘੁਬੀਰ ਢੰਡ ਅਹਿਮਦਗੜ੍ਹ ਕਿਸੇ ਸਕੂਲ ਵਿਚ ਅਧਿਆਪਕ ਸੀ। ਮੈਂ ਅੱਠਵੀਂ ਜਮਾਤ ਦੇ ਪੰਜਾਬੀ ਵਿਸ਼ੇ ਦਾ ਮੁੱਖ ਪ੍ਰੀਖਿਅਕ ਸੀ ਤੇ ਉਹ ਮੇਰਾ ਉਪ-ਪ੍ਰੀਖਿਅਕ। ਬੱਸ ਉਦੋਂ ਤੋਂ ਸਾਡਾ ਚਿੱਠੀ ਪੱਤਰ ਸ਼ੁਰੂ ਹੋਇਆ। ਇੰਗਲੈਂਡ ਜਾ ਕੇ ਉਹ ਅਕਸਰ ਹੀ ਮੈਨੂੰ ਚਿੱਠੀ ਲਿਖਦਾ ਰਹਿੰਦਾ। ਉਹਦੀ ਚਿੱਠੀ ਵਿਚ ਅਪਣੱਤ ਹੁੰਦੀ।

ਤੈਨੂੰ ਸ਼ਾਇਦ ਯਾਦ ਹੋਵੇ, ਇਕ ਵਾਰ ਮੈਂ ਚੰਡੀਗੜ੍ਹ ਡੀ. ਪੀ. ਆਈ ਦੇ ਦਫ਼ਤਰ ਤੇਰੇ ਕੋਲ ਕਿਸੇ ਕੰਮ ਆਇਆ ਸੀ। ਰਘੁਬੀਰ ਇੰਗਲੈਂਡੋਂ ਆਇਆ ਹੋਇਆ ਸੀ ਤੇ ਉਸ ਦਿਨ ਉਹ ਤੇਰੇ ਕੋਲ ਸੀ, ਆਪਾਂ ਦਫ਼ਤਰ ਨੇੜੇ ਹੀ ਇਕ ਹੋਟਲ ਵਿਚ ਚਾਹ ਪੀਤੀ ਸੀ। ਮੈਂ ਉਹਨੂੰ ਤੁਸੀਂ-ਤੁਸੀਂ ਸੰਬੋਧਨ ਕਰਕੇ ਗੱਲ ਕਰ ਰਿਹਾ ਸਾਂ। ਉਹ ਟੁੱਟ ਕੇ ਮੇਰੇ ਗੱਲ ਪੈ ਗਿਆ। ਕਹਿੰਦਾ, "ਇਹ ਤੁਸੀਂ ਤੁਸੀਂ ਕੀ ਲਾਈ ਐ ਯਾਰ? ਸਿੱਧਾ ਹੋ ਕੇ ਗੱਲ ਕਿਉਂ ਨਹੀਂ ਕਰਦਾ?" ਮੈਨੂੰ ਉਹਦੀ ਅਪਣੱਤ ਤੇ ਸਿੱਧੇ ਸਪਾਟ ਵਿਵਹਾਰ ਤੋਂ ਡਰ ਲੱਗਣ ਲੱਗ ਪਿਆ ਸੀ।

ਉਸ ਕਿਸੇ ਦਾ ਹੱਕ ਨਹੀਂ ਰੱਖਦਾ ਸੀ। ਉਹਨੇ ਕਮਲੇਸ਼ਵਰ ਦੀਆਂ ਕਹਾਣੀਆਂ ਅਨੁਵਾਦ ਤਾਂ ਕਰ ਲਈਆਂ, ਪਰ ਕਮਲੇਸ਼ਵਰ ਅਨੁਵਾਦ ਕਰਨ ਦੀ ਇਜਾਜ਼ਤ ਨਹੀਂ ਭੇਜ ਰਿਹਾ ਸੀ। ਚਿੱਠੀ ਦਾ ਜਵਾਬ ਵੀ ਨਾ ਦਿੰਦਾ। ਰਘੁਬੀਰ ਨੇ ਮੈਨੂੰ ਲਿਖਿਆ। ਮੈਂ ਕਮਲੇਸ਼ਵਰ ਨੂੰ ਇਕ ਕਰੜੀ ਚਿੱਠੀ ਲਿਖੀ। ਕਮਲੇਸ਼ਵਰ ਨਾਲ ਮੇਰਾ ਪੁਰਾਣਾ ਪਿਆਰ ਸੀ। ਮੇਰੀ ਚਿੱਠੀ 'ਤੇ ਉਹਨੇ ਇਜਾਜ਼ਤ ਭੇਜ ਦਿੱਤੀ। ਉਹ ਰਘੁਬੀਰ ਢੰਡ ਦੀ ਕਹਾਣੀ ਕਲਾ ਤੋਂ ਵਾਕਿਫ਼ ਵੀ ਸੀ। ਉਹਨੇ ਇਹ ਵੀ ਲਿਖਿਆ। "ਅ ਕ੍ਰੀਏਟਿਵ ਰਾਈਟਰ ਲਾਈਕ ਯੂ ਸ਼ੁਡ ਨਾਟ ਵੇਸਟ ਹਿਜ਼ ਅਨਰਜੀਜ਼ ਇਨ ਟਰਾਂਸਲੇਸ਼ਨਜ਼ ਐਕਸੈਟਰਾ।"

'ਕਮਲੇਸ਼ਵਰ ਦੀਆਂ ਚੋਣਵੀਆਂ ਕਹਾਣੀਆਂ' ਪੁਸਤਕ ਵਿਚ ਰਘਬੀਰ ਢੰਡ ਨੇ ਮੇਰਾ ਜ਼ਿਕਰਰ ਕੀਤਾ, "ਮੈਂ ਸਾਥੀ ਲੇਖਕ ਰਾਮ ਸਰੂਪ ਅਣਖੀ ਦਾ ਧੰਨਵਾਦ ਕਰਦਾ ਹਾਂ ਜਿਸ ਨੇ ਕਮਲੇਸ਼ਵਰ ਤੋਂ ਖ਼ਤ ਲਿਖਵਾ ਕੇ ਮੈਨੂੰ ਘਲਾਇਆ।"

ਉਹਨੇ ਖ਼ਤ ਲਿਖ ਕੇ ਭਾਪਾ ਪ੍ਰੀਤਮ ਸਿੰਘ ਤੋਂ ਮੇਰਾ ਨਾਵਲ **'ਕੋਠੇ ਖੜਕ ਸਿੰਘ'** ਮੰਗਵਾਇਆ ਸੀ। ਫੇਰ ਇਸ ਨਾਵਲ ਬਾਰੇ 'ਆਰਸੀ' ਵਿਚ ਲੇਖ ਛਪਵਾਇਆ। ਮੈਂ ਉਹਦੀਆਂ ਕੁਝ ਇਕ ਟਿੱਪਣੀਆਂ ਬਾਰੇ ਸਾਹਿਮਤ ਨਹੀਂ ਸੀ। ਪਰ ਮੈਂ ਨਾ ਤਾਂ 'ਆਰਸੀ' ਨੂੰ ਕੁਝ ਲਿਖ ਕੇ ਭੇਜਿਆ ਤੇ ਨਾ ਰਘੁਬੀਰ ਨੂੰ ਕੋਈ ਖ਼ਤ। ਬੱਸ ਚੁੱਪ ਧਾਰ ਲਈ। ਮੈਨੂੰ ਪਤਾ ਹੈ, ਮੇਰੀ ਚੁੱਪ ਉੱਤੇ ਉਹ ਦੁਖੀ ਸੀ। ਇਸ ਲੇਖ ਤੋਂ ਛੇ ਕੁ ਮਹੀਨੇ ਬਾਅਦ ਉਹਨੇ ਆਪ ਹੀ ਮੈਨੂੰ ਇਕ ਖ਼ਤ ਲਿਖਿਆ। ਮੈਂ ਉਸ ਖ਼ਤ ਦਾ ਜਵਾਬ ਵੀ ਨਹੀਂ ਦਿੱਤਾ। 'ਕੋਠੇ ਖੜਕ ਸਿੰਘ' ਨੂੰ ਸਾਹਿਤ ਅਕਾਦਮੀ ਇਨਾਮ ਮਿਲਣ 'ਤੇ ਉਹਦਾ ਦੂਜਾ ਖ਼ਤ ਵਧਾਈ ਦਾ ਆਇਆ। ਮੈਂ ਫੇਰ ਚੁੱਪ। ਫੇਰ ਇਕ ਹੋਰ ਖ਼ਤ। ਬਚਪਨ ਵਿਚ ਉਹ ਆਪਣੀ ਮਾਂ ਨਾਲ ਭਦੌੜ ਆਉਂਦਾ ਹੁੰਦਾ। ਭਦੌੜ ਉਹਨਾਂ ਦੀ ਕੋਈ ਸ਼ਕੀਰੀ ਸੀ। ਉਹਨੇ ਹੁਣ ਮੈਨੂੰ ਪੁੱਛਿਆ ਸੀ ਕਿ ਬਰਨਾਲੇ ਤੋਂ ਭਦੌੜ ਤਕ ਕਿਹੜੇ ਕਿਹੜੇ ਬੱਸ ਅੱਡੇ ਹਨ? ਕਿੱਥੇ ਕਿੱਥੇ ਕੋਈ ਸੂਆ, ਕੱਸੀ ਜਾਂ ਨਹਿਰ ਆਉਂਦੀ ਹੈ? ਰਾਹ ਵਿਚ ਕਿਹੜੇ ਕਿਹੜੇ ਵੱਡੇ ਦਫ਼ਤਰ ਹਨ? ਸੜਕ ਕਿਨਾਰੇ ਬਣੀਆਂ ਕੋਈ ਸਰਕਾਰੀ ਇਮਾਰਤਾਂ। ਅਸਲ ਵਿਚ ਉਹ ਕੋਈ ਕਹਾਣੀ ਲਿਖਣਾ ਚਾਹੁੰਦਾ ਸੀ। ਮੈਂ ਉਹਦੀ ਇਸ ਚਿੱਠੀ ਦਾ ਜਵਾਬ ਵੀ ਨਾ ਦਿੱਤਾ। 'ਆਰਸੀ' ਵਿਚ ਮੇਰੀ ਕਹਾਣੀ 'ਜੜ੍ਹਾਂ' ਪੜ੍ਹ ਕੇ ਉਹਨੇ ਕਹਾਣੀ ਦੀ ਤਾਰੀਫ਼ ਕੀਤੀ ਤੇ ਅਗਲੇ ਅੰਕ ਵਿਚ ਚਿੱਠੀ ਛਪਵਾਈ। ਮੈਂ ਉਹਦੀ ਟਿੱਪਣੀ ਪੜ੍ਹੀ ਤੇ ਚੁੱਪ!

ਮੈਂ ਸੋਚਿਆ ਹੋਇਆ ਸੀ ਕਿ ਰਿਟਾਇਰ ਹੋ ਕੇ ਕਿਸੇ ਸਾਲ ਇੰਗਲੈਂਡ ਜਾਵਾਂਗਾ। ਕਿਸੇ ਮੁੰਡੇ ਦਾ ਵਿਆਹ ਹੋ ਜਾਂਦਾ, ਤਦ ਘਰ ਛੱਡ ਕੇ ਜਾਣਾ ਸੁਖਾਲਾ ਸੀ। ਜਾਵਾਂਗਾ ਤਾਂ ਰਘੁਬੀਰ ਢੰਡ ਕੋਲ ਇਕ ਰਾਤ ਜ਼ਰੂਰ ਰਹਾਂਗਾ। ਦਾਰੂ ਪੀ ਕੇ ਉਹਨੂੰ ਮਲਵਈ ਗਾਲ੍ਹਾਂ ਕਢਾਂਗਾ। ਪਰ ਹਾਏ ਨੀ ਮੌਤੇ! ਦਿਲ ਦੀਆਂ ਦਿਲ ਵਿਚ ਰਹਿ ਗਈਆਂ।

ਮੈਂ ਉਹਦਾ ਨਾਵਲ 'ਰਿਸ਼ਤਿਆਂ ਦੀ ਯਾਤਰਾ' ਨਹੀਂ ਦੇਖਿਆ। ਪਰ 'ਆਰਸੀ' ਦੇ ਫ਼ਰਵਰੀ, 91 ਅੰਕ ਵਿਚ ਪੜ੍ਹਿਆ। ਉਹਦੀ ਅਰਦਾਸ 'ਮੈਨੂੰ ਗੁਰਦਿਆਲ, ਅਣਖੀ, ਭੁੱਲਰ ਤੇ ਰੁਪਾਣੇ ਵਰਗੀ ਮਲਵਈ ਆਤਮਾ ਬਖ਼ਸ਼ ਦੇ।" ਇਹ ਫ਼ਿਕਰਾ ਪੜ੍ਹ ਕੇ ਸੱਚਮੁੱਚ ਮੇਰੀਆਂ ਅੱਖਾਂ ਗਿੱਲੀਆਂ ਹੋ ਗਈਆਂ। ਉਹ ਕਿਸੇ ਦਾ ਹੱਕ ਨਹੀਂ ਰੱਖਦਾ ਸੀ। ਸਗੋਂ ਕਰਜ਼ਾ ਚਾੜ੍ਹ ਦਿੰਦਾ ਸੀ, ਬੇਈਮਾਨ!



ਉਹ ਚੁੱਪ ਚਾਪ ਪੰਜਾਬੀ ਕਥਾ ਜਗਤ ਲਈ ਕਿੰਨਾ ਕਰੀ ਜਾ ਰਿਹਾ ਸੀ। ਫੇਰ ਕਹਿੰਦਾ ਹਾਂ, ਉਹਨੂੰ ਯਾਰ ਪਹਿਲਾਂ ਪਤਾ ਸੀ ਕਿ ਉਹਨੇ ਛੇਤੀ ਮੁੱਕ ਜਾਣਾ ਹੈ। ਏਸੇ ਕਰਕੇ ਹੀ ਛੇਤੀ ਛੇਤੀ ਐਨੀਆਂ ਵਧੀਆ ਕਹਾਣੀਆਂ ਲਿਖ ਗਿਆ।

ਉਹਦੀਆਂ ਚੋਣਵੀਆਂ 10-12 ਕਹਾਣੀਆਂ ਹਿੰਦੀ ਤੇ ਅੰਗਰੇਜ਼ੀ ਵਿਚ ਅਨੁਵਾਦ ਹੋ ਕੇ ਕਿਤਾਬਾਂ ਛਾਪਣੀਆਂ ਚਾਹੀਦੀਆਂ ਹਨ ਤਾਂ ਕਿ ਦੂਜਿਆਂ ਨੂੰ ਪਤਾ ਲੱਗ ਜਾਏ ਕਿ ਪੰਜਾਬੀ ਵਾਲਿਆਂ ਕੋਲ ਵੀ ਕੋਈ ਹੈਗਾ।

**-ਰਾਮ ਸਰੂਪ ਅਣਖੀ**

### ਰਾਮ ਸਰੂਪ ਅਣਖੀ ਦਾ ਖ਼ਤ ਬਲਬੀਰ ਕੌਰ ਸੰਘੇੜਾ ਵੱਲ

ਸੰਘੇੜਾ ਭੈਣ 21-7-94

ਤੁਹਾਡਾ ਖ਼ਤ ਤੇ 'ਆਰ-ਪਾਰ' ਦੇ ਦੋ ਅੰਕ ਮਿਲੇ ਹਨ। ਸ਼ੁਕਰੀਆ। ਤੁਸੀਂ ਐਨਾ ਵਧੀਆ ਮਾਸਿਕ ਪੱਤਰ ਪ੍ਰਕਾਸ਼ਿਤ ਕਰਦੇ ਹੋ। ਹੈਰਾਨੀ ਭਰੀ ਖ਼ੁਸ਼ੀ ਮਿਲੀ।

ਤੁਹਾਡਾ ਨਾਂ ਮੈਂ ਦੇਰ ਤੋਂ ਪੜ੍ਹਦਾ-ਸੁਣਦਾ ਆਇਆ ਹਾਂ। ਮੈਂ ਪਹਿਲਾਂ ਸੋਚਦਾ ਸੀ। ਇਹ ਸੰਘੇੜਾ ਪਿੰਡ ਦੀ ਕੋਈ ਕੁੜੀ ਜਾਂ ਬਹੂ ਹੋਵੇਗੀ। ਫੇਰ ਪਤਾ ਲੱਗਿਆ ਇਹ ਤਾਂ ਗੋਤ ਹੈ। ਸੰਘੇੜਾ ਪਿੰਡ ਸਾਡੇ ਬਰਨਾਲੇ ਦੇ ਨਾਲ ਹੀ ਇਕ ਡੇਢ ਮੀਲ ਦੀ ਵਿੱਥ ਉੱਤੇ ਹੈ। ਮੇਰੇ ਨਾਵਲ 'ਕੋਠੇ ਖੜਕ ਸਿੰਘ' ਵਿਚ ਇਹ ਖੂਬ ਆਉਂਦਾ ਹੈ। ਤੁਸੀਂ ਆਪਣੇ ਪਰਚੇ ਵਿਚ ਮੇਰਾ ਕੋਈ ਵੀ ਨਾਵਲ ਛਾਪ ਲਓ। ਮੈਨੂੰ ਕੀ ਇਤਰਾਜ਼ ਹੋ ਸਕਦਾ ਹੈ। ਮੈਂ ਸੁਝਾਓ ਦਿਆਂਗਾ ਕਿ ਜੇ ਲੜੀ ਲੰਮੀ ਚਲਾਉਣੀ ਹੈ ਤਾਂ 'ਕੋਠੇ ਖੜਕ ਸਿੰਘ' ਹੀ ਛਾਪੋ। ਫੇਰ 'ਕੋਠੇ ਖੜਕ ਸਿੰਘ' ਨੂੰ ਸਾਹਿਤ ਅਕਾਡਮੀ ਇਨਾਮ ਮਿਲਿਆ ਸੀ। ਮੈਂ ਇਸ ਨੂੰ ਸੋਧ ਦਿੱਤਾ ਸੀ। ਇਸ ਵਿਚੋਂ 60-70 ਸਫ਼ੇ ਦਾ ਮੈਟਰ ਕੱਢ ਦਿੱਤਾ। ਹੁਣ ਇਹਦਾ ਸੋਧਿਆ ਹੋਇਆ ਪੰਜਵਾਂ ਐਡੀਸ਼ਨ 1992 ਵਿਚ ਛਪਿਆ ਹੈ ਤੇ ਡਿਮਾਈ ਸਾਈਜ਼ ਵਿਚ 406 ਪੰਨੇ ਹਨ। ਇਸ ਨਾਵਲ ਦੇ 89 ਚੈਪਟਰ ਹਨ। ਹਰ ਕਾਂਡ ਜੇ ਤਿਨ ਚੈਪਟਰ ਛਾਪ ਤਾਂ ਢਾਈ ਸਾਲ ਇਹ ਛਪਦਾ ਰਹੇਗਾ। ਜਾਂ ਫੇਰ 'ਪਰਤਾਪੀ' ਛਾਪ ਲਓ। ਇਹ ਡਿਮਾਈ ਸਾਈਜ਼ ਵਿਚ 310 ਸਫ਼ਿਆਂ ਦਾ ਹੈ। ਇਸਦੇ 60 ਚੈਪਟਰ ਹਨ। ਜੇ ਤਿੰਨ ਚੈਪਟਰ ਹਰ ਮਹੀਨੇ ਛਾਪੋ ਤਾਂ 20 ਮਹੀਨਿਆਂ ਵਿਚ ਛਪ ਜਾਏਗਾ। 'ਪਰਤਾਪੀ' ਨੂੰ ਵੀ 'ਕੋਠੇ ਖੜਕ ਸਿੰਘ' ਜਿੰਨਾ ਹੀ ਹੁੰਗਾਰਾ ਮਿਲਿਆ ਹੈ।

ਮੇਰੇ ਛੋਟੇ ਛੋਟੇ ਹੋਰ ਨਾਵਲ ਹਨ-'ਕੱਖਾਂ ਕਾਨਿਆਂ ਦੇ ਪੁਲ', 'ਜ਼ਖ਼ਮੀ ਅਤੀਤ', 'ਸੁਲਗਦੀ ਰਾਤ' ਤੇ 'ਢਿੱਡ ਦੀ ਆਂਦਰ' ਉਹ ਸਾਰੇ ਨਾਵਲ ਇੱਕ ਸੌ ਤੋਂ ਡੇਢ ਸੌ ਸਫ਼ੇ ਤੱਕ ਦੇ ਹਨ। ਛੋਟੇ ਸਾਈਜ਼ ਵਿਚ। ਕੋਈ ਵੀ ਛਾਪ ਲਵੋ। ਕਿਧਰੋਂ ਜੇ ਕੋਈ ਨਾਵਲ ਨਾ ਮਿਲੇ ਤਾਂ ਮੈਂ ਏਥੋਂ ਰਜਿਸਟਰੀ ਕਰਵਾ ਕੇ ਭੇਜ ਦਿਆਂਦਾ।

ਇਕ ਬੇਨਤੀ ਹੈ-ਤੁਸੀਂ ਲੇਖਕਾਂ ਨੂੰ ਸੇਵਾ ਫ਼ਲ ਵੀ ਦਿੰਦੇ ਹੋ? ਜੇ ਦਿੰਦੇ ਹੋ, ਤਾਂ ਮੈਨੂੰ ਵੀ ਦਿਓ। ਮੈਂ ਰਿਟਾਇਰਡ ਬੰਦਾ ਹਾਂ। ਕਮਾਈ ਦਾ ਹੋਰ ਕੋਈ ਸਾਧਨ ਨਹੀਂ। ਪੰਜਾਬੀ ਪਬਲਿਸਰ ਐਵੇਂ ਨਾ ਮਾਤਰ ਰਾਇਲਟੀ ਦਿੰਦੇ ਹਨ। ਜੇ ਤੁਸੀਂ ਸੇਵਾ-ਫ਼ਲ ਨਹੀਂ ਦੇ ਸਕਦੇ ਤਾਂ ਨਾ ਦਿਓ। ਮੈਂ ਸਮਝ ਲਵਾਂਗਾ, ਬਦੇਸ਼ਾਂ ਵਿਚ ਪੰਜਾਬੀ ਜ਼ੁਬਾਨ ਦੀ ਸੇਵਾ ਹੋ ਗਈ। ਪਰ ਸੋਚ ਲੈਣਾ!! ਜੇ ਸੇਵਾ ਫ਼ਲ ਦੇ ਸਕੋ ਤਾਂ ਮਿਹਰਬਾਨੀ ਹੋਵੇਗੀ।

ਮੈਂ ਇਕ ਤ੍ਰੈ ਮਾਸਕ ਪੱਤਰ 'ਕਹਾਣੀ ਪੰਜਾਬ' ਵੀ ਛਾਪਦਾ ਹਾਂ। ਅਗਲਾ ਅੰਕ ਤੁਹਾਨੂੰ ਭੇਜਾਗਾ ਅਤੇ ਫਿਰ ਹਰ ਅੰਕ ਭੇਜਦਾ ਰਹਾਂਗਾ।

**- ਰਾਮ ਸਰੂਪ ਅਣਖੀ**

**ਰਾਮ ਸਰੂਪ ਅਣਖੀ ਦਾ ਖ਼ਤ ਕੁਲਬੀਰ ਬਡੇਸਰੋਂ ਵੱਲ**

ਕੁਲਬੀਰ ਬਡੇਸਰੋਂ 15-10-98

ਬਈ ਤੇਰੀ ਇਹ ਕਹਾਣੀ 'ਤੂੰ' ਬੱਸ ਕਮਾਲ ਹੀ ਹੈ। ਨਵਾਂ ਥੀਮ ਹੈ। ਔਰਤ ਪ੍ਰਤੀ ਬੰਦੇ ਦੀ ਮਨੋਸਥਿਤੀ ਕਿਵੇਂ ਬਣਦੀ, ਉਸਰਦੀ ਤੇ ਫੇਰ ਕਿਵੇਂ ਰਸਾਤਲ ਵਿਚ ਜਾ ਡਿੱਗਦੀ ਹੈ। ਔਰਤ ਦਾ ਕਿਰਦਾਰ ਸਦਾ ਉਵੇਂ ਹੀ ਹੈ। ਪਰ ਇਹ ਸਭ ਬੰਦੇ ਦੇ ਮਨ ਦੇ ਉਤਰਾਅ ਚੜ੍ਹਾਓ ਹਨ। ਆਪਣੇ ਅਕੀਦੇ ਤੇ ਆਪਣੇ ਅਰਮਾਨ। 'ਕਹਾਣੀ ਪੰਜਾਬ' ਵਿਚ ਛਪਣ ਨਾਲ ਇਹ ਕਹਾਣੀ ਸਾਡੇ ਪਰਚੇ ਦੀ ਇਕ ਪ੍ਰਾਪਤੀ ਹੋਵੇਗੀ। ਚਾਹੁੰਦਾ ਤਾਂ ਇਹ ਹਾਂ ਕਿ ਇਹਨੂੰ ਅਗਲੇ ਅੰਕ ਵਿਚ ਹੀ ਛਾਪਦਿਆਂ। ਪਰ ਹਾਏ ਮਜਬੂਰੀ! ਪਰਚਾ ਤਿਆਰ ਹੈ ਤੇ ਅੰਕ-23 ਵਿਚ ਤੇਰੀ ਕਹਾਣੀ 'ਕਰਜ਼' ਛਪ ਰਹੀ ਹੈ। ਅੰਕ-24 ਵਿਚ ਉਸੇ ਲੇਖਕ ਨੂੰ ਮੁੜ ਛਾਪਣਾ ਚੰਗਾ ਨਹੀਂ ਲਗਦਾ। ਸੋ 'ਤੂੰ' ਅੰਕ-25 ਵਿਚ ਛਪੇਗੀ।

ਫੋਟੋ ਵੀ ਮਿਲ ਗਈ ਹੈ। ਬਹੁਤ ਪਿਆਰੀ ਫੋਟੋ ਹੈ। ਪੰਜਾਬ ਆਉਣ ਦਾ ਪ੍ਰੋਗਰਾਮ ਹੋਇਆ ਤਾਂ ਫ਼ੋਨ ਕਰਨਾ। ਤੁਹਾਡਾ ਗਰੁੱਪ ਕਿਧਰੇ ਨੇੜੇ ਤੇੜੇ ਹੋਇਆ ਤਾਂ ਗੇੜਾ ਮਾਰ ਜਾਵਾਂਗਾ।

**-ਰਾਮ ਸਰੂਪ ਅਣਖੀ**

**ਰਾਮ ਸਰੂਪ ਅਣਖੀ ਦਾ ਖ਼ਤ ਬਲਦੇਵ ਸਿੰਘ 'ਬੱਦਨ' ਵੱਲ**

ਪਿਆਰੇ 'ਬੱਦਨ' ਸਾਹਿਬ 6-9-2002

ਹਰਮਨ ਹੇਸ ਦਾ ਨਾਵਲ 'ਸਿਧਾਰਥ' ਕੱਲ ਹੀ ਪੜ੍ਹਕੇ ਹਟਿਆ ਹਾਂ। ਇਹ ਤੁਹਾਡਾ ਅਨੁਵਾਦ ਕੀਤਾ ਹੋਇਆ ਹੈ। ਇਹ ਨਾਵਲ ਅੰਗ੍ਰੇਜ਼ੀ ਵਿਚ ਸਾਡੇ ਕਰਾਂਤੀਪਾਲ ਨੂੰ ਐਮ. ਏ. (ਆਨਰਜ਼) ਵਿਚ ਲੱਗਿਆ ਹੋਇਆ ਸੀ। ਉਦੋਂ ਪੜ੍ਹਨਾ ਚਾਹਿਆ ਸੀ। ਪਰ ਪਿੱਛੇ ਹੀ ਪਿੱਛੇ ਪੈਂਦਾ ਗਿਆ। ਮੈਂ ਹੁਣ ਤੱਕ ਇਹ ਸਮਝਦਾ ਰਿਹਾ ਸੀ ਕਿ ਉਹ ਨਾਵਲ ਮਹਾਤਮਾ ਬੁੱਧ ਦੀ ਜੀਵਨੀ ਕੋਈ ਹੋਵੇਗੀ, ਪਰ ਪੜ੍ਹਕੇ ਪਤਾ ਲੱਗਿਆ ਕਿ ਉਹ ਤਾਂ ਗੱਲ ਹੀ ਹੋਰ ਹੈ। ਜ਼ਿੰਦਗੀ ਬਾਰੇ ਬੜੀ ਮਹੱਤਵਪੂਰਨ ਰਚਨਾ ਹੈ ਉਹ। ਜ਼ਿੰਦਗੀ ਭੋਗਣ ਯੋਗ ਹੈ, ਨਾ ਕਿ ਬੋਧੀਆਂ ਵਾਂਗ ਜ਼ਿੰਦਗੀ ਤਿਆਗਣ ਵਾਲੀ ਚੀਜ਼ ਹੈ, ਤੁਸੀਂ ਅਨੁਵਾਦ ਵੀ ਬਹੁਤ ਸੋਹਣਾ ਕੀਤਾ। ਭਾਸ਼ਾ ਕਮਾਲ ਦੀ ਵਰਤੀ ਹੈ।

ਵਧੀਆ ਰਚਨਾ ਪੜ੍ਹਾਉਣ ਲਈ ਧੰਨਵਾਦ।

**-ਰਾਮ ਸਰੂਪ ਅਣਖੀ, ਬਰਨਾਲਾ**

**ਰਾਮ ਸਰੂਪ ਅਣਖੀ ਦੇ ਦੋ ਖ਼ਤ ਕਥਾਕਾਰ ਭਗਵੰਤ ਰਸੂਲਪੁਰੀ ਵੱਲ**

ਪਿਆਰੇ ਭਗਵੰਤ 22-7-95

-ਮੁਲਾਕਾਤ ਮਿਲੀ। ਪੜ੍ਹੀ ਹੈ।

-ਕਿਤੇ ਵੀ ਤੂੰ ਮੇਰੇ ਨਾਂ ਦੇ ਸਪੈਲਿੰਗ ਠੀਕ ਨਹੀਂ ਲਿਖੇ 'ਅਖਣੀ' ਕੀ ਹੋਇਆ? ਇਕ ਤਾਂ ਜਿਹੜੀ ਕਾਪੀ ਤੂੰ ਪ੍ਰੇਮ ਪ੍ਰਕਾਸ਼ ਨੂੰ ਦੇ ਕੇ ਆਇਐ, ਉਹਦੇ ਵਿਚ 'ਅਖਣੀ' ਕੱਟ ਕੇ 'ਅਣਖੀ' ਲਿਖ। ਨਹੀਂ ਤਾਂ ਇਹ ਇਵੇਂ ਜਿਵੇਂ ਛਾਪ ਜਾਣਾ ਹੈ। ਕੰਪੋਜ਼ੀਟਰ ਨੇ ਤਾਂ ਮੱਖੀ ਉੱਤੇ ਮੱਖੀ ਮਾਰਨੀ ਹੁੰਦੀ ਹੈ।

-ਕੁਝ ਹੋਰ ਗਲਤੀਆਂ ਵੀ ਹਨ। ਉਹ ਠੀਕ ਕਰ।

1. ਸਫ਼ਾ ਤਿੰਨ ਉੱਤੇ-ਲੇਖਕਾਂ ਦੀ ਥਾਂ ਵਿਦਵਾਨਾਂ ਲਿਖ। 'ਨਾਨਕੇ' ਦੀ ਥਾਂ ਭੂਆ ਦੇ ਘਰੋਂ।



2. ਸਫ਼ਾ 4-'ਮਜਬੂਰ ਹੋ ਕੇ' ਕੱਟ ਦੇ। ਮਜਬੂਰੀ ਕਾਹਦੀ ਸੀ? ਅੰਮ੍ਰਿਤਾ ਨੇ ਕਿਹਾ ਤੇ ਮੈਂ ਲਿਖਣ ਲੱਗ ਪਿਆ।

ਸਫਾ-5 ਉੱਤੇ ਪੰਜਾਬੀ ਦੀ ਪੜ੍ਹਾਈ ਬਾਰੇ ਮਾਤ-ਭਾਸ਼ਾ ਪੜ੍ਹਨੀ ਬਹੁਤ ਜ਼ਰੂਰੀ ਹੈ। ਇਹ ਲਿਖ। ਨਹੀਂ ਤਾਂ ਲੋਕ ਮੈਨੂੰ ਪੰਜਾਬੀ ਵਿਰੋਧੀ ਕਹਿਣਗੇ। ਮੈਂ ਪੰਜਾਬੀ ਦੀ ਪੜ੍ਹਾਈ ਦੇ ਖਿਲਾਫ਼ ਕਦੋਂ ਹਾਂ?

ਸਫ਼ਾ-3 ਉੱਤੇ 'ਛਾਪਿਆ' ਦੇ ਸਪੈਲਿੰਗ ਠੀਕ ਕਰ।

ਇਹ ਗਲਤੀਆਂ ਠੀਕ ਕਰਨ ਬਾਅਦ ਹੀ ਮੁਲਾਕਾਤ ਛਾਪਣੀ ਚਾਹੀਦੀ ਹੈ।

ਤੂੰ ਜਦੋਂ ਇਥੇ (ਬਰਨਾਲੇ ਘਰ) ਆਇਆ ਸੀ ਉਦੋਂ ਤੂੰ ਆਪਣੇ ਮੂੰਹੋਂ ਤਾਂ 'ਅਣਖੀ' ਬੋਲਦਾ ਸੀ ਪਰ ਲਿਖਣ ਵੇਲੇ 'ਅਖਣੀ' ਕਿਵੇਂ ਹੋਇਆ। ਕੀ ਭਗਵੰਤ ਦੀ ਥਾਂ 'ਠਗਵੰਤ' ਹੋ ਸਕਦੈ?

**-ਤੇਰਾ ਰਾਮ ਸਰੂਪ ਅਣਖੀ**

ਪਿਆਰੇ ਭਗਵੰਤ 5-8-94

'ਜਗਬਾਣੀ' ਵਿਚ ਛਪੀਆਂ ਕਿਸ਼ਤਾਂ ਨੂੰ ਕਿੰਨੀ ਸੋਹਣੀ ਤਰਤੀਬ ਦੇ ਕੇ ਤੂੰ **'ਮਲ੍ਹੇ ਝਾੜੀਆਂ'** ਪੁਸਤਕ ਤਿਆਰ ਕਰ ਦਿੱਤੀ। ਦੇਖ ਦੇਖ ਕੇ ਭੁੱਖ ਲਹਿੰਦੀ ਹੈ। ਇਸ ਅਨੋਖੀ ਪੁਸਤਕ ਦੀ ਸਾਡੇ ਸਾਰੇ ਪਰਿਵਾਰ ਵਿਚ ਚਰਚਾ ਹੈ। ਤੂੰ ਕਿੰਨੀ ਮਿਹਨਤ ਕੀਤੀ ਹੈ। ਤੇਰਾ ਬਹੁਤ ਸ਼ੁਕਰੀਆ। ਇਹ ਦਸਤਾਵੇਜ਼ੀ ਪੁਸਤਕ ਸਾਰੀ ਉਮਰ ਮੈਂ ਸੰਭਾਲ ਕੇ ਰੱਖਾਂਗਾ।

-'ਪਰਤਾਪੀ' , 'ਮਲ੍ਹੇ ਝਾੜੀਆਂ', 'ਛੱਡ ਕੇ ਨਾ ਜਾਹ' ਤੇ 'ਲੋਹੇ ਦਾ ਗੇਟ' ਚਾਰ ਪੁਸਤਕਾਂ ਦੋ ਰਜਿਸਟਰੀਆਂ ਕਰਵਾ ਕੇ ਤੈਨੂੰ ਭੇਜ ਰਿਹਾ ਹਾਂ। ਦੇਖੀਏ ਤਾਂ ਇਹਨਾਂ ਦਾ ਪ੍ਰਕਾਸ਼ਿਤ ਮੁੱਲ ਪੌਣੇ ਚਾਰ ਸੌ ਰੁਪਿਆ ਬਣਦਾ ਹੈ, ਪਰ ਤੇਰੀ ਤਿਆਰ ਕੀਤੀ 'ਮਲ੍ਹੇ-ਝਾੜੀਆਂ' ਦਾ ਕੋਈ ਮੁੱਲ ਨਹੀਂ। ਇਹ ਚਾਰੇ ਕਿਤਾਬਾਂ ਤੇਰੀ ਤਿਆਰ ਕੀਤੀ ਕਿਤਾਬ ਤੋਂ ਥੱਲੇ ਹਨ।

-1984 ਤੋਂ ਪਿੱਛੋਂ ਦਾ ਪੰਜਾਬੀ ਗਲਪ' ਇਕ ਲੇਖ ਲਿਖਿਆ ਸੀ। ਇਹ ਅਕਤੂਬਰ ਵਿਚ ਕਿਸੇ ਗੋਸ਼ਟੀ ਵਿਚ ਪੜ੍ਹਿਆ ਜਾਣਾ ਹੈ। ਨਵੇਂ ਕਹਾਣੀਕਾਰਾਂ ਦੀ ਸੂਚੀ ਵਿਚ ਮੈਂ ਤੇਰਾ ਜ਼ਿਕਰ ਵੀ ਕੀਤਾ ਹੈ। ਇਹ ਪੇਪਰ ਪਹਿਲਾਂ ਕਿਸੇ ਮੈਗਜ਼ੀਨ ਵਿਚ ਛਪੇਗਾ ਵੀ।

-'ਕਹਾਣੀ ਪੰਜਾਬ' ਜਲੰਧਰ ਸੁੰਦਰ ਬੁੱਕ ਡਿਪੂ (ਮਾਈ ਹੀਰਾਂ ਗੇਟ) ਤੋਂ ਮਿਲਦਾ ਹੈ ਤੇ ਜਲੰਧਰ ਬੱਸ ਅੱਡੇ ਤੋਂ ਵੀ। ਅੰਕ-5 ਛਪ ਗਿਆ ਹੈ। 20-22 ਅਗਸਤ ਨੂੰ ਸਟਾਲਾਂ ਉੱਤੇ ਪਹੁੰਚ ਜਾਵੇਗਾ।

-'ਕਹਾਣੀ ਪੰਜਾਬ' ਲਈ ਆਪਣੀ ਕੋਈ ਨਵੀਂ ਕਹਾਣੀ ਭੇਜ। ਬਹੁਤੀ ਲੰਮੀ ਨਾ ਹੋਵੇ। 'ਕਹਾਣੀ ਪੰਜਾਬ' ਦੇ 6-7 ਸਫ਼ਿਆਂ ਤੋਂ ਘੱਟ ਹੋਵੇ।

-ਚੰਗਾ ਦੋਵੇਂ ਰਜਿਸਟੀਆਂ ਦੀ ਪਹੁੰਚ ਭੇਜੀਂ।

**-ਰਾਮ ਸਰੂਪ ਅਣਖੀ, ਬਰਨਾਲਾ**

**ਨਾਵਲਕਾਰ ਜਸਵੰਤ ਸਿੰਘ ਕੰਵਲ ਦੇ ਦੋ ਖ਼ਤ ਦਵਾਰਕਾ ਭਾਰਤੀ ਵੱਲ**

ਦਵਾਰਕਾ ਭਾਰਤੀ ਜੀ 2-3-97

ਅੱਜ ਦਾ ਖੂਬਸੂਰਤ ਪੱਤਰ ਮਿਲਿਆ। ਧੰਨਵਾਦ। ਮੇਰਾ ਵੀ ਖਿਆਲ ਐ, ਮੈਂ 'ਤੋਸ਼ਾਲੀ ਦੀ ਹੰਸੋ' ਲਿਖਣ ਵਿਚ ਥੋੜੀ ਕਾਹਲੀ ਤੋਂ ਕੰਮ ਲਿਆ ਹੈ। ਇਕ ਲਹਿਰ ਮਨ ਤੇ ਚੜ੍ਹ ਆਈ ਸੀ ਤੇ ਲਿਖ ਮਾਰਿਆ। ਉਡੀਕ ਕਰਦਾ ਤਾਂ ਸ਼ਾਇਦ ਨਾਵਲ ਲਿਖਿਆ ਹੀ ਨਾ ਜਾਂਦਾ। ਨਾ ਲਿਖੇ ਜਾਣ ਨਾਲੋਂ, ਲਿਖਿਆ ਜਾਣਾ ਮੈਨੂੰ ਚੰਗਾ ਲੱਗਾ ਹੈ।

ਭੁਬਨੇਸ਼ਵਰ ਤੇ ਧਵਲਗਿਰੀ ਫਿਰਦਿਆਂ ਮੈਂ ਮਹਿਸੂਸ ਕੀਤਾ, ਕਾਲਿੰਗਾ ਵਾਲੇ ਬਹਾਦਰ ਸਨ, ਜਿਹਨਾਂ ਹਥਿਆਰ ਨਹੀਂ ਸੁੱਟੇ ਤੇ ਮਰਨੀ ਮਰ ਗਏ। ਲੜਾਈ ਦਾ ਗਲੀਆਂ ਬਾਜ਼ਾਰਾਂ ਵਿਚ ਆ ਜਾਣਾ

ਸਿੱਧ ਕਰਦਾ ਹੈ, ਦਸ ਲੱਖ ਆਦਮ ਮਾਰਿਆ ਜਾਣਾ ਵੀ ਪੱਕਾ ਸਬੂਤ ਹੈ ਕਿ ਉਹਨਾਂ ਹਥਿਆਰ ਨਹੀਂ ਸੁੱਟੇ, ਗੁਲਾਮੀ ਕਬੂਲ ਨਹੀਂ ਕੀਤੀ। ਇਕ ਪੰਜਾਬੀ ਲੇਖਕ ਨੂੰ ਜ਼ੁਲਮ ਵਿਰੁੱਧ ਲੜਨ ਵਾਲਿਆਂ ਦੇ ਪਖ ਵਿਚ ਖਲੋਣਾ ਚਾਹੀਦਾ ਸੀ। ਸੋ ਮੈਂ ਮਿਥ ਕੇ ਕਾਲਿੰਗਾ ਵਾਲਿਆਂ ਨੂੰ ਸੂਰਮੇ ਤੇ ਆਪਣੀ ਧਰਤੀ ਨਾਲ ਪਿਆਰ ਕਰਨ ਵਾਲੇ ਦਰਸਾਇਆ।

ਬੁਧਿਜ਼ਮ ਦੀਆਂ ਬਹੁਤੀਆਂ ਧਾਰਨਾਵਾਂ ਸਿਖਿਜ਼ਮ ਨਾਲ ਮੇਲ ਖਾਂਦੀਆਂ ਹਨ। ਮੇਰੇ ਮਨ ਤੇ ਬੁਧ ਭਗਵਾਨ, ਕਬੀਰ ਤੇ ਗੁਰੂ ਨਾਨਕ ਦਾ ਵਧੇਰੇ ਕਰਕੇ ਪ੍ਰਭਾਵ ਹੈ, ਸੋ ਇਹ ਕੁਝ ਕੁਦਰਤੀ ਹੀ ਵਾਪਰ ਗਿਆ।

ਤੁਹਾਡੇ ਸਾਹਿਤ ਸ਼ੌਕ ਦੀ ਪ੍ਰਸੰਸਾ ਕਰਨੀ ਬਣਦੀ ਹੈ। ਜਿਹਨਾਂ ਅੰਦਰ ਚਿਣਗ ਪਰਜਵਲਤਾ ਹੋਵੇ, ਉਹੀ ਰੋਸ਼ਨੀ ਭਾਲਦੇ ਤੇ ਵੰਡਦੇ ਹਨ।

ਕੋਸ਼ਸ ਕਰਾਂਗਾ, ਅਗਲੀਆਂ ਐਡੀਸ਼ਨਾਂ 'ਚ ਕੁਝ ਸੁਧਾਰ ਕੀਤਾ ਜਾ ਸਕੇ।

ਬਹੁਤ ਹੀ ਆਦਰ ਸਤਿਕਾਰ ਨਾਲ

**-ਜਸਵੰਤ ਸਿੰਘ ਕੰਵਲ**

ਪਿਆਰੇ ਰਾਜੂ ਜੀ 14-3-97

ਤੁਹਾਡਾ ਦੂਜਾ ਪੱਤਰ ਮਿਲਿਆ, ਧੰਨਵਾਦ!

ਤੁਹਾਡੇ ਵਰਗੇ ਸੁਹਿਰਦ ਵਿਅਕਤੀਆਂ ਨਾਲ ਪੱਤਰ ਵਿਹਾਰ ਕਰਨਾ ਮਨੁੱਖੀ ਭਾਈਚਾਰੇ ਲਈ ਵੀ ਭਲੇ ਦਾ ਕੰਮ ਐ। ਆਪਣੀ ਰੂਹ ਨੂੰ ਵੀ ਤਸਕੀਨ ਮਿਲਦੀ ਐ। ਤੁਹਾਡੇ ਵਰਗਾ ਪੱਤਰ ਰਮੇਸ਼ ਸਿੱਧੂ, ਅਨੰਦ ਬੁੱਧ ਵਿਹਾਰ, ਅਨੰਦ ਗੜ੍ਹ ਵਲੋਂ ਵੀ 'ਤੌਸ਼ਾਲੀ ਦੀ ਹੰਸੋ' ਬਾਰੇ ਵੀ ਮਿਲਿਆ ਹੈ। ਮੈਂ ਕੋਸ਼ਿਸ਼ ਕਰਾਂਗਾ, ਹਿੰਦੀ ਵਾਲੀ 'ਤੌਸ਼ਾਲੀ ਦੀ ਹੰਸੋ' ਨੂੰ ਸੋਧ ਕੇ ਛਾਪਿਆ ਜਾਵੇ। ਕਦੇ ਮਿਲ ਸਕੀਏ, ਹੋਰ ਵੀ ਚੰਗਾ ਹੋਵੇ। ਸੰਨੇਹ ਸਤਿਕਾਰ ਨਾਲ।

**-ਜਸਵੰਤ ਸਿੰਘ ਕੰਵਲ**

**ਕਥਾਕਾਰ ਗੁਰਚਰਨ ਚਾਹਲ ਭੀਖੀ ਦੇ ਖ਼ਤ ਕਥਾਕਾਰ ਜਿੰਦਰ ਵੱਲ**

ਜਿੰਦਰ ਪਿਆਰੇ। 11-8-81

ਏਸ ਨਲਾਇਕ ਨੂੰ ਮੁਆਫ਼ ਕਰੀਂ ਚਿੱਠੀ ਦਾ ਉੱਤਰ ਬੜੀ ਦੇਰ ਬਾਅਦ ਲਿਖ ਰਿਹਾਂ।

ਦਰਅਸਲ ਹਾਲੀਂ ਮਨ ਦਾ ਮਾਤਮ ਮੁੱਕਿਆ ਨੀਂ.. ਕੌਣ? ਭੂਆ ਜੀ ਬਾਰੇ ਲਿਖਿਐ ਤੂੰ?

ਉਹ ਤਾਂ ਦਰਸ਼ਨ (ਭੂਆ ਦਾ ਲੜਕਾ) ਤਾਂ ਛੇ ਮਹੀਨਿਆਂ ਦਾ ਹੀ ਸੀ ਜਦੋਂ ਭੂਆ ਮਰ ਗਈ ਸੀ।

ਰੁਲ਼-ਖੁਲ਼ ਕੇ ਪਲੇ ਓਸ ਬੰਦੇ ਦੀ ਮੌਤ ਪਰਦੇਸ਼ੀ ਹੋਈ ਸੁਣ ਕੇ ਇੰਝ ਲੱਗਦੈ ਜਿਵੇਂ ਗੱਲ ਕਰਕੇ ਵੀ ਕਲੇਜਾ ਮੂੰਹ ਨੂੰ ਆਉਂਦਾ ਹੋਵੇ।

ਉਹ ਤਿੰਨ ਵੱਡੀਆਂ ਭੈਣਾਂ ਦਾ ਇਕੋ ਇਕ ਭਰਾ ਸੀ। ਜਿਸਦੇ ਯੂ.ਪੀ. ਵਿਚ ਤਿੰਨ ਬੱਚੇ ਹਨ ਇਕ ਲੜਕੀ ਦੋ ਲੜਕੇ।

ਕੀ ਲਿਖਾ ਜਿਆਦਾ ਲਿਖਿਆ ਨ੍ਹੀਂ ਜਾਂਦਾ।

ਸੁਲੱਖਣ ਮੀਤ ਦੀ ਗ਼ਜ਼ਲਾਂ ਦੀ ਕਿਤਾਬ ਛਪ ਕੇ ਤਿਆਰ ਐ।

ਉਹਦੀ ਮੀਟਿੰਗ ਦੀ ਅਸਲੀ ਤਾਰੀਖ ਬਾਰੇ ਸੂਚਿਤ ਕਰਾਗਾ ਤੂੰ ਆਈਂ ਮਿਲਕੇ ਹੀ ਵਿਚਾਰ ਕਰਾਂਗੇ। ਮੇਰੀ ਕਿਤਾਬ ਅਗਲੇ ਹਫ਼ਤੇ ਛਪਣੀ ਸ਼ੁਰੂ ਹੋਵੇਗੀ ਤੇ ਛੇਤੀ ਹੀ ਛਪ ਜਾਵੇਗੀ। ਅੱਜ ਕੀ ਰੋਜ਼ ਹੀ ਅੱਜ ਕੱਲ ਤਾਂ ਏਨੀ ਲੰਮੀ ਉਦਾਸੀ ਦਾ ਸ਼ਿਕਾਰ ਹਾਂ ਕਿ ਕੀ ਲਿਖਾਂ?



ਤੂੰ ਆਪਣੇ ਬਾਰੇ ਖ਼ਤ ਲਿਖਦਾ ਰਿਹਾ ਕਰ।

**-ਗੁਰਚਰਨ ਚਾਹਲ ਭੀਖੀ।**

ਜਿੰਦਰ ਬਾਈ 14-8-81

ਮੇਰੀ ਘੌਲ ਦੀ ਹੱਦ ਦੀ ਬੇਵਕੂਫੀ ਮਾਫ਼ ਕਰੀ। ਉਂਜ ਇਹ ਅਜੀਬ ਜਿਹੇ ਦਿਨ ਹਨ। ਕਈ ਦਿਨਾਂ ਬਾਅਦ ਮਲੇਰੀਏ ਨੇ ਆ ਘੇਰਿਆ। ਤੇ ਕਈ ਦਿਨ ਸਮਝ ਲੈ ਬੁਖਾਰ ਨੇ ਧਈਆਂ ਕਢਾ ਦਿੱਤੀਆਂ।

ਤਕਰੀਬਨ 20 ਮਿੱਤਰਾਂ ਦੇ ਖ਼ਤਾਂ ਦੇ ਉੱਤਰ ਦੇਣੇ ਰਹਿੰਦੇ ਨੇ ਤੇ ਪਹਿਲਾਂ ਖ਼ਤ ਤੈਨੂੰ ਲਿਖ ਰਿਹਾਂ।

ਪ੍ਰਕਾਸ਼ਨ ਦੀ ਮੀਟਿੰਗ ਤੇ ਕੁਝ ਗੰਭੀਰ ਨੁਕਤੇ ਜਿਹੜੇ ਉੱਠੇ ਹਨ ਉਨ੍ਹਾਂ ਤੇ ਵਿਚਾਰ ਕਰਾਂਗੇ। ਛੇਤੀ ਹੀ ਮੀਟਿੰਗ ਦਾ ਐਲਾਨ ਕਰ ਦਿੱਤਾ ਜਾਵੇਗਾ।

'ਰੁੱਸੇ ਹੋਏ' ਪਟਿਆਲੇ ਛਪ ਰਹੀ ਐ। ਅੰਮ੍ਰਿਤਸਰ ਤੋਂ ਸਸਤੇ ਰੇਟਾਂ ਉੱਤੇ। ਮੈਂ ਅਤੇ ਦਰਵੇਸ਼ ਉਥੇ ਗੱਲ ਬਾਤ ਕਰ ਆਏ ਸਾਂ। (24) ਚੌਵੀਂ ਸਫ਼ੇ ਛਪ ਚੁੱਕੇ ਹਨ। ਪਰ ਕਿਉਂਕਿ ਮੈਂ ਅਜੇ ਪੂਰੀ ਤਰ੍ਹਾਂ ਸਰੀਰਕ ਤੌਰ ਤੇ ਠੀਕ ਨਹੀਂ ਹੋਇਆ, ਇਸ ਲਈ ਮੈਂ ਸਿਰਫ਼ ਇਕ ਗੇੜਾ ਹੀ ਪਟਿਆਲੇ ਲਾ ਸਕਿਆ ਹਾਂ ਪਰੂਫ਼ ਦੀਆਂ ਗ਼ਲਤੀਆਂ ਹਨ ਪਰ ਛੇਤੀ ਹੀ ਸੁਧਾਰ ਲਈਆਂ ਜਾਣਗੀਆਂ।

ਹੋਰ ਮੇਰੀ ਕਹਾਣੀ ਤੂੰ ਟ੍ਰਿਬਿਊਨ ਵਿਚ ਪੜ੍ਹੀ ਹੋਵੇਗੀ, 'ਨੇਰੇ ਅਜੇ ਸਾਬਤ ਹਨ'। ਕਿਹੋ ਜਿਹੀ ਲੱਗੀ? ਬਾਕੀ ਅਗਲੇ ਖ਼ਤ 'ਚ **-ਗੁਰਚਰਨ ਚਾਹਲ ਭੀਖੀ**

ਪਿਆਰੇ ਜਿੰਦਰ 8-7-81

ਬਹੁਤ ਉਦਾਸ ਹਾਂ। ਬਹੁਤ ਭੈੜੇ ਦਿਨ ਨੇ ਇਹ। ਮੇਰੀ ਭੂਆ ਦਾ ਲੜਕਾ ਜਿਹੜਾ ਮੇਰਾ ਹਾਣੀ ਸੀ। ਮੇਰੇ ਨਾਲ ਹੀ ਪੜ੍ਹਿਆ ਸੀ ਇਥੇ ਭੀਖੀ ਹੀ ਤੇ ਅਸੀਂ ਇਕੱਲਿਆਂ ਇਕ ਟ੍ਰੇਨਿੰਗ ਕੀਤੀ ਸੀ। ਜਿਹੜਾ ਅੱਜ ਕੱਲ ਵੈਸਟ ਜਰਮਨੀ ਵਿਚ ਸੀ। ਉਸ ਦੀ ਮੌਤ ਦੀ ਤਾਰ ਆ ਗਈ ਹੈ। ਪੂਰੀ ਤਰ੍ਹਾਂ ਟੁੱਟ ਚੁੱਕਿਆ ਹਾਂ। ਸਮਝ ਨ੍ਹੀਂ ਆਉਂਦੀ ਕੀ ਲਿਖਾਂ। ਮੇਰਾ ਅੱਧ ਜਿਵੇਂ ਮੇਰੇ ਨਾਲੋਂ ਟੁੱਟ ਗਿਆ ਹੋਵੇ।

ਪ੍ਰਕਾਸ਼ਨ ਦਾ ਕੰਮ ਚੱਲ ਰਿਹੈ। ਮੈਂ ਕੱਲ੍ਹ ਸੰਗਰੂਰ ਸਾਂ, ਪੈਸੇ ਦੇਣ ਗਿਆ ਸਾਂ। ਮੀਤ ਦੀ ਕਿਤਾਬ ਦੇ 8 ਪੇਜ਼ ਛਪ ਗਏ ਹਨ ਤੇ ਬਾਕੀ 22 ਤੋਂ ਜਿਆਦਾ ਕੰਪੋਜ਼ ਹੋ ਚੁੱਕੇ ਹਨ। ਮੇਰੀ ਕਿਤਾਬ ਵੀ ਸ਼ੁਰੂ ਹੋਣ ਵਾਲੀ ਐ। ਬਹੁਤਾ ਕੁਝ ਲਿਖਿਆ ਨ੍ਹੀਂ ਜਾ ਰਿਹਾ। ਬਾਕੀ ਅਗਲੀ ਚਿੱਠੀ ' ਚ ਤੇਰੇ ਕੋਲ ਆਉਣ ਬਾਰੇ ਜਾਂ ਨਾ ਆਉਣ ਬਾਰੇ। ਹੁਣ ਤਾਂ ਕੁਝ ਨੀਂ ਸੁਝ ਰਿਹਾ।

**-ਗੁਰਚਰਨ ਚਾਹਲ ਭੀਖੀ।**

ਜਿੰਦਰ ਪਿਆਰੇ! 1-5-1982

ਮੁਆਫ਼ ਕਰੀਂ ਯਾਰ! ਕਿ ਤੈਨੂੰ ਖ਼ਤ ਦਾ ਉੱਤਰ ਨਹੀਂ ਦੇ ਸਕਿਆ ਤੇ ਤੇਰਾ ਅਸੂਲ ਟੁੱਟਿਆ (ਦਿਲੀ ਮੋਹ ਦੀ ਇਹੀ ਤਾਂ ਗੱਲ ਹੁੰਦੀ ਹੈ ਨਾ...? ਜਿਥੇ ਅਸੂਲਾਂ ਦੀ ਕੋਈ ਪ੍ਰਵਾਹ ਨ੍ਹੀਂ ਕਰਦਾ...।

ਬਾਕੀ ਚਿੱਠੀ ਫੇਰ ਲਿਖੂੰਗਾ... ਇਸਨੂੰ ਪਹਿਲੀ ਚਿੱਠੀ ਦਾ ਉੱਤਰ ਅਜੇ ਵੀ ਨਾ ਸਮਝੀ, ਜਿੰਦਰ ਆਪਾਂ ਇਕ ਕੰਮ ਕਰਨੈ।

ਤੇਰੇ ਕੋਲ ਸ਼ਾਇਦ ਪਹਿਲਾਂ ਵੀ ਜਿਕਰ ਕੀਤਾ ਸੀ ਕਿ ਆਪਣੇ ਇਕ ਨਿੱਜੀ ਦੋਸਤ ਮਨਜੀਤ ਰਿਸ਼ੀ ਕੋਲ ਆਵਾਜ਼...? ਤੇ ਉਹ ਅਵਾਜ਼ ਐ ਕਿ ਜੀਰਵੀ ... ਗੁਰਦਾਸ ਮਾਨ ਵਗੈਰਾ ਦੀ ਪਿੱਠ ਭੰਨ ਦੇਵੇ। ਇਹ ਯਕੀਨ ਕਰੀਂ ਦਿਨ ਵਰਗੇ ਸੱਚ ਦੀ ਗੱਲ ਕਰ ਰਿਹਾਂ।

ਮੈਂ ਚਾਹੁੰਦਾ ਹਾਂ ਤੂੰ ਜਲੰਧਰ ਟੈਲੀਵਿਯਨ ਕੇਂਦਰ ਜਾ ਕੇ ਇਹ ਪਤਾ ਕਰ ਕਿ ਉਥੇ ਪ੍ਰੋਗਰਾਮ ਲੈਣ ਦਾ

ਕੀ ਤਰੀਕਾ ਹੈ। ਉਂਜ ਮੈਂ ਸਵਿਤੋਜ ਨੂੰ ਖ਼ਤ ਲਿਖਿਆ । ਤੂੰ ਮੇਰੇ ਬੀਹਾਫ ਤੇ ਉਹਦੇ ਨਾਲ ਗੱਲ ਕਰ ਤੇ ਇਹ ਤੇਰੀ ਨਿੱਜੀ ਜਿੰਮੇਵਾਰੀ ਹੈ। ਇਹ ਕੰਮ ਤੇਰੇ ਜਿੰਮੇ ਤੇ ਤੇਰੇ ਕਰਨ ਲਈ ਹੈ। ਕਿਉਂਕਿ ਤੂੰ ਜਲੰਧਰ ਆਉਂਦਾ ਜਾਨੈਂ ਤੇ ਜਲੰਧਰ ਦੇ ਨੇੜੇ ਐ। ਨਹੀਂ ਐਵੇਂ ਸਾਡਾ ਕਰਾਇਆ ਭਾੜਾ ਪਟਾਵੇਂਗਾ। ਵੈਸੇ ਉਂਜ ਸ਼ਾਇਦ ਤੈਨੂੰ ਛੇਤੀ ਮਿਲੀਏ। ਪ੍ਰਕਾਸ਼ਨ ਬਾਰੇ ਫੇਰ। ਹਾਲੀ ਮੈਂ ਪੂਰੀ ਤਰ੍ਹਾਂ ਠੀਕ ਨ੍ਹੀਂ ਇਸੇ ਲਈ ਅਕਸਰ ਚਿੱਠੀ ਲਿਖਦਾ ਅੱਕ ਜਾਂਦਾ ਹਾਂ।

ਕਿਤਾਬ ਉਂਜ ਦੀ ਉਂਜ ਹੈ। ਉਪਰੋਕਤ ਕੰਮ ਬਹੁਤ ਤੇਰਾ ਹੀ ਹੈ। ਸੋ ਛੇਤੀ ਪਤਾ ਕਰਕੇ ਚਿੱਠੀ ਲਿਖ। ਜੇ ਕਿਧਰੇ ਉਹ ਇਸ ਕੰਮ ਲਈ ਕੋਈ ਫਾਰਮ ਵਗੈਰਾ ਦਿੰਦੇ ਹੋਣ ਤਾਂ ਲੈ ਕੇ ਮੇਰੇ ਐਡਰੈਸ ਤੇ ਭੇਜ ਦੇ।

**-ਗੁਰਚਰਨ ਚਾਹਲ ਭੀਖੀ**

**ਸ਼ਾਇਰ ਡਾ. ਜਗਤਾਰ ਦੇ ਤਿੰਨ ਖ਼ਤ ਡਾ. ਬਲਦੇਵ 'ਬੱਦਨ' ਵੱਲ**

ਪਿਆਰੇ ਵੀਰ ਬਲਦੇਵ ਜੀ 29-7-86

ਯਾਦ!

ਦਿੱਲੀ ਦੇ ਫ਼ਿਰਕੂ ਦੰਗਿਆਂ ਕਾਰਨ ਪ੍ਰੇਸ਼ਾਨ ਹਾਂ ਤੇ ਸਭ ਦੋਸਤਾਂ ਲਈ ਉਹਨਾਂ ਦੀ ਹਿਯਾਤੀ ਦੀ ਦੁਆ ਕਰਦਾ ਹਾਂ। 200/- ਦਾ ਚੈੱਕ ਮਿਲ ਗਿਆ ਸੀ। ਮੈਂ ਇਕ ਮਹੀਨੇ ਤੋਂ ਬੀਮਾਰ ਹਾਂ। ਉੱਤਰ ਤਾਂ ਹੀਂ ਨਹੀਂ ਦੇ ਸਕਿਆ। ਤੁਸੀਂ ਖਰੜਾ ਭੇਜ ਦਿਓ, ਮੁਖ ਬੰਧ ਲਿਖ ਕੇ ਲੋਟਾ ਦਿਆਂਗਾ ਤੇ ਕਵਿਤਾਵਾਂ ਵੀ ਨਾਲ ਹੀ ਭੇਜ ਦਿਆਂਗਾ।

**-ਜਗਤਾਰ**

ਪਿਆਰੇ ਬਲਦੇਵ ਜੀ 5-11-86

ਮੈਂ ਕੱਲ੍ਹ ਈ ਖ਼ਤ ਲਿਖਿਆ ਸੀ। ਮੈਨੂੰ N. B. T. ਦੀਆਂ 1. Painting, Art, Archaeology, History (In Eng-Urdu-Pbi.) ਦੀਆਂ ਛਪੀਆਂ ਪਸਤਕਾਂ ਦੀ List ਮੁੜਦੀ ਡਾਕ ਭੇਜੋ-

2. Archaeology of South India & North India ਬਾਰੇ ਪੁਸਤਕਾਂ ਛੇਤੀ ਭੇਜੋ (ਪਰ ਕੀਮਤ 60 /70 ਤੋਂ ਵੱਧ ਨਾ ਹੋਵੇ) (V. P.P. ਭਜਵਾਉ ਦਿਉ।)

3. Publicalion Division (Ministary of Information &Broadcasting) Patiala House N.D.-1ਦੀਆਂ Lists ਵੀ ਭਿਜਵਾਓ (Art & Archalological, Paniting ਬਾਰੇ।

4. ਮੈਨੂੰ ਇਕ ਪੁਸਤਕ Archaeological interest in Punjab by A. C. Rodgers ਚਾਹੀਦੀ ਹੈ! ਕੀ ਦਿੱਲੀ ਦੀ ਕਿਸੇ ਦੁਕਾਨ ਤੋਂ ਮਿਲ ਸਕਦੀ ਹੈ! (M. Urgent)

ਤੁਸੀਂ ਉਹਨਾਂ ਸ਼ਾਇਰਾਂ ਦਾ ਨਾਂ ਲਿਖੋ, ਜਿਨ੍ਹਾਂ ਦਾ ਕਲਾਮ ਤੁਹਾਡੇ ਕੋਲ ਨਹੀਂ ਸ਼ਾਇਦ ਮੈਂ ਕੁਝ ਕਰ ਸਕਾਂ!

ਖ਼ਤ ਦਾ ਉੱਤਰ ਛੇਤੀ!

ਕੀ N. B. T. ਨੇ India Guzetteer (ਕਿਸੇ ਜ਼ਿਲ੍ਹੇ ਜਾਂ ਰਿਆਸਤ ਬਾਰੇ ਵੀ ਛਾਪਿਆ ਹੈ।)

**- ਜਗਤਾਰ**

ਪਿਆਰੇ ਬਲਦੇਵ ਜੀ! 11-11-86

ਖ਼ਤ ਤੇ ਪੁਸਤਕਾਂ ਮਿਲੀਆਂ! ਧੰਨਵਾਦ! ਪਰ Bill ਤੁਸੀਂ ਨਹੀਂ ਭੇਜਿਆ। ਡਾਕ ਟਿਕਟ ਬਹੁਤ ਲਗਾਏ ਹਨ! Printed Books 'ਤੇ ਪਹਿਲੇ 100 ਗਰਾਮ ਤੇ 15 ਪੈਸੇ ਤੇ ਫੇਰ ਹਰ 50 ਗਰਾਮ ਤੇ 10



ਪੈਸੇ ਲਗਦੇ ਹਨ! Registered fees, 2-75 ਇਸ ਤਰ੍ਹਾਂ ਬਮੁਸ਼ਕਿਲ 5 ਰੁਪਏ ਲਗਦੇ ਸਨ। ਪਰ ਤੁਸੀਂ 11-50 ਲਗਾਏ ਹਨ। ਪਾਰਸਲ (Book Post Regd. ਦਾ ਇਕ ਇਕ ਪਾਸਾ ਖੁੱਲ੍ਹਾ ਰੱਖੀਦਾ ਹੈ! Bill ਤੁਹਾਨੂੰ ਛੇਤੀ ਹੀ ਮਿਲ ਜਾਵੇਗਾ! (34-00)

ਮੈਂ ਸ਼ਾਇਦ 21-11-86 ਨੂੰ ਸਪਰੂ ਹਾਲ ਵਿਖੇ 8 ਵਜੇ ਪੁੱਜਾਗਾ! (ਜੇ ਸਿਹਤ ਠੀਕ ਰਹੀ ਤਾਂ)

Archaeological institute of Punjab , Rodgers ਦੀ ਪੁਸਤਕ ਹੈ। ਕੋਸ਼ਿਸ਼ ਕਰੋ ਕਿ ਮਿਲ ਜਾਵੇ! ਭਾਵੇਂ ਮਹਿੰਗੀ ਹੀ ਮਿਲੇ। N.B. T. ਦੀਆਂ ਮੈਂ ਇਹ ਪੁਸਤਕਾਂ ਆ ਕੇ ਖਰੀਦਾਂਗਾ!

| | | |
|---|---|---|
| Musical Instruments of India | B. C. Deva | 10-00 |
| Coins | P.L. Gupta | 20-00 |
| Gardens | Laeeq Futehally | 16-25 |
| Indian Paintings | | 11-25 |
| Jammu & Kashmir | S. N. Dhar | 17-00 |
| | Total= | 74-50 |

ਮੈਂ ਜੇ ਆਇਆ ਤਾਂ 21-22.11.86 ਦੀ ਰਾਤ ਫ਼ਰੀਦਾਬਾਦ ਠਹਿਰਾਂਗਾ 23 ਦੀ ਰਾਤ ਅਜਮੇਰ ਜਾਣਾ ਹੈ! ਅਜਮੇਰ ਤੇ ਜੈਪੁਰ ਵੇਖਣਾ ਹੈ! 29.11.86 ਨੂੰ ਪਰਤ ਕੇ ਇਕ ਰਾਤ ਤੁਹਾਡੇ ਕੋਲ ਰਹਾਂਗਾ! ਪਰ ਪੱਕਾ ਪ੍ਰੋਗਰਾਮ ਅਗਲੇ ਖ਼ਤ ਵਿਚ ਲਿਖਾਂਗਾ! ਭਾਵੇਂ ਪੈਸੇ ਪੰਜਾਬੀ ਸਾਹਿਤ ਅਕਾਦਮੀਂ 1000/- ਦੇਵੇਗੀ ਪਰ ਸਿਹਤ ਖ਼ਰਾਬ ਹੈ! ਜੇ ਆਰਾਮ ਰਿਹਾ ਤਾਂ 21.11.86 ਦੀ ਦੁਪਹਿਰ ਫ਼ਰੀਦਾਬਾਦ ਪੁੱਜਕੇ ਫ਼ੋਨ ਕਰ ਦਿਆਂਗਾ। ਪੁਸਤਕ Arrange ਕਰਨ ਲਈ ਪੇਸ਼ਗੀ ਧੰਨਵਾਦ!

**- ਜਗਤਾਰ**

**ਕੱਚ ਦੇ ਵਸਤਰ ਪਾਉਣ ਵਾਲੇ ਸ. ਸ. ਮੀਸ਼ਾ ਦੇ ਤਿੰਨ ਖ਼ਤ ਬਲਬੀਰ ਕੌਰ ਸੰਘੇੜਾ ਵੱਲ**

ਪਿਆਰੀ ਬਲਬੀਰ ਜੀ, 7-4-80

ਮੈਂ ਖ਼ਤ ਦੇਰ ਬਾਅਦ ਲਿਖ ਰਿਹਾ ਹਾਂ। ਇਸ ਦੇਰ ਦੇ ਨਿੱਕੇ ਨਿੱਕੇ ਕਈ ਕਾਰਨ ਸਨ। ਸ਼ਰਮਿੰਦਾ ਹਾਂ ਤੇ ਮਾਫ਼ੀ ਮੰਗਦਾ ਹਾਂ। ਪਹਿਲੀ ਗੱਲ ਤਾਂ ਤੁਹਾਡੀਆਂ ਕਿਤਾਬਾਂ ਦੇ ਰੀਵੀਊ ਹੈ। ਸਾਡੇ ਸਟੇਸ਼ਨ ਉੱਤੇ ਪੰਜਾਬੀ ਦੀ ਟਾਈਪ ਦਾ ਪ੍ਰਬੰਧ ਨਹੀਂ। ਤਿੰਨ ਕਿਤਾਬਾਂ, ਦੋ ਤੁਹਾਡੀਆਂ ਤੇ ਇਕ ਬਜਾਜ ਹੋਰਾਂ ਦੀ ਦਾ ਰੀਵੀਊ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡਾ. ਅਮਰਜੀਤ ਸਿੰਘ ਨੇ ਬਰਾਡਕਾਸਟ ਕੀਤਾ ਸੀ। ਉਹਨਾਂ ਕਿਹਾ ਇਸ ਦੀਆਂ ਨਕਲਾਂ ਉਹ ਆਪ ਕਰਵਾ ਕੇ ਮੈਨੂੰ ਦੇ ਦੇਣਗੇ। ਹੋਇਆ ਇਹ ਕਿ ਖਰੜਾ ਮੇਰੇ ਹੱਥੋਂ ਵੀ ਜਾਂਦਾ ਰਿਹਾ। ਉਹਨਾਂ ਕਿਸੇ ਗ਼ੈਰ ਜ਼ੁਮੇਵਾਰ ਆਦਮੀ ਨੂੰ ਟਾਈਪ ਕਰਨ ਲਈ ਦੇ ਦਿੱਤਾ ਤੇ ਮੁੜ ਨਾ ਅਸਲ ਮਿਲਿਆ ਤੇ ਨਾ ਹੀ ਨਕਲ। ਕਿਤਾਬਾਂ ਦਾ ਚਰਚਾ ਤੇ ਚਲਦਾ ਰਹੇਗਾ, ਰੇਡੀਉ ਉਤੇ ਵੀ ਤੇ ਅਖ਼ਬਾਰਾਂ ਰਸਾਲਿਆਂ ਵਿਚ ਵੀ। ਪਰ ਉਹ ਪਹਿਲਾ ਰੀਵੀਊ ਗਵਾਚਣ ਦਾ ਮੈਨੂੰ ਬੇਹਦ ਦੁਖ ਹੈ। ਏਸੇ ਸ਼ਰਮਿੰਦਗੀ ਵਿਚ ਖ਼ਤ ਲਿਖਣੋਂ ਵੀ ਝਿਜਕਦਾ ਰਿਹਾ ਹਾਂ। ਮਾਫ਼ ਕਰ ਦਿਓਗੇ ਕਿ ਨਹੀਂ?

ਜਮਨਾ ਦਾਸ ਅਖ਼ਤਰ ਜਲੰਧਰ ਆਏ ਹੋਏ ਹਨ। ਕਲ੍ਹ ਸਾਮ ਮੇਰੇ ਪਾਸ ਸਨ। ਅੱਜ ਫੇਰ ਮਿਲਣਗੇ। ਤੁਹਾਡੀਆਂ ਬਹੁਤ ਗੱਲਾਂ ਹੋਈਆਂ। ਉਹਨਾ ਦੱਸਿਆ ਕਿ ਤੁਸੀਂ ਨਵੇਂ ਪਰਚੇ ਦੀ ਸੰਪਾਦਨਾ ਦੀ ਜ਼ਿਮੇਵਾਰੀ ਸੰਭਾਲ ਲਈ ਹੈ। ਮੇਰੀਆਂ ਸ਼ੁਭ-ਕਾਮਨਾਵਾਂ ਕਬੂਲ ਕਰੋ। ਮੈਨੂੰ ਯਕੀਨ ਹੈ ਤੁਹਾਡੀ ਸੂਝ ਸਿਆਣਪ, ਲਗਨ ਮਿਹਨਤ ਸਦਕਾ ਇਹ ਪਰਚਾ ਬੜੀ ਛੇਤੀ ਲੋਕਾਂ ਵਿਚ ਹਰਮਨ ਪਿਆਰਾ ਹੋ ਜਾਏਗਾ, ਤੇ ਨਿਰੋਈਆਂ ਕਦਰਾਂ ਤੇ ਸਿਹਤਮੰਦ ਸਾਹਿਤ ਰੁਚੀਆਂ ਦਾ ਅਲਮਬਰਦਾਰ ਬਣੇਗਾ। ਏਸ ਸਬੰਧ ਵਿਚ ਜੇ ਮੈਂ ਕਿਸੇ ਕੰਮ ਆ ਸਕਾਂ ਤਾਂ ਮੈਨੂੰ ਖ਼ੁਸ਼ੀ ਹੋਵੇਗੀ।

ਮੈਨੂੰ ਜੀਵਨ ਸਿੰਘ ਮਿਲਿਆ ਸੀ ਲਾਹੌਰ ਬੁੱਕ ਸ਼ਾਪ ਵਾਲਾ। ਇਹ ਸਾਰੇ ਪ੍ਰਕਾਸ਼ਕ ਐਵੇਂ ਮਰੂੰ ਮਰੂੰ ਕਰਦੇ ਹਨ। ਜੇ ਤੁਸੀਂ ਕਾਹਲੀ ਨਾ ਕਰੋ ਤਾਂ ਜੇ ਮੈਂ ਜੂਨ ਵਿਚ ਆਇਆ ਤਾਂ ਉਦੋਂ ਫੈਸਲਾ ਕਰ ਲਵਾਂਗੇ ਤੇ ਖਰੜਾ ਮੈਂ ਨਾਲ ਲੈ ਆਵਾਂਗਾ। ਉਂਝ ਕਵਿਤਾ ਦੀ ਕਿਤਾਬ ਛਾਪਣ ਤੋਂ ਇਹ ਸਭ ਝਿਜਕਦੇ ਨੇ। ਇਸੇ ਲਈ ਖਰਚਾ ਮੰਗਦੇ ਨੇ। ਕੁਝ ਹਦ ਤਕ ਇਹ ਗੱਲ ਹੈ ਵੀ ਠੀਕ। ਨਾਵਲ ਤਾਂ ਸੌਖੀ ਹੀ ਵਿਕ ਜਾਂਦੀ ਹੈ। ਕਵਿਤਾ ਘਟ ਵਿਕਦੀ ਹੈ।

ਨਵੇਂ ਪਰਚੇ ਬਾਰੇ ਮੈਨੂੰ ਵੇਰਵੇ ਨਾਲ ਲਿਖਿਓ। ਇਸ ਦਾ ਨਾਂ ਕੀ ਹੈ? ਕਿੰਨੇ ਚਿਰ ਬਾਅਦ ਛਪਿਆ ਕਰੇਗਾ? ਕੀ ਤੁਸੀਂ ਇਸ ਨੂੰ ਚਾਲਉਣ ਲਈ ਇਕੱਲੇ ਤੌਰ ਤੇ ਜ਼ਿੰਮੇਵਾਰੀ ਲਈ ਹੈ ਕਿ ਪਾਰਟ ਟਾਈਮ। ਸੁਰਿੰਦਰ ਦੇ ਕਾਲਜ ਇਮਤਿਹਾਨ ਹੋਣ ਕਾਰਨ ਉਹ ਸਵੇਰੇ ਛੇ ਵਜੇ ਜਾਂਦੀ ਹੈ ਸ਼ਾਮ ਨੂੰ ਸੱਤ ਵਜੇ ਮੁੜਦੀ ਹੈ। ਦੋਵੇਂ ਬੱਚੇ ਆਪੋ-ਆਪਣੀ ਜਮਾਤ ਵਿਚ ਅਵੱਲ ਆਏ ਹਨ। ਅਮਰਦੀਪ ਦੀ ਦੂਰ ਦੀ ਨਜ਼ਰ ਕਮਜ਼ੋਰ ਹੋ ਗਈ ਹੈ। ਇਕ ਨੰਬਰ ਦੀ ਐਨਕ ਲੱਗ ਗਈ ਹੈ। ਇਸ ਕਾਰਨ ਕੁਝ ਉਦਾਸ ਹੈ। ਪਰ ਕੋਈ ਚਾਂਸ ਨਹੀਂ। ਸੰਘੇੜਾ ਸਾਹਿਬ ਨੂੰ ਤੇਹ ਤੇ ਬੱਚਿਆਂ ਨੂੰ ਘੁਟ ਕੇ ਪਿਆਰ।

**-ਸ. ਸ. ਮੀਸ਼ਾ**

ਪਿਆਰੇ ਬਲਬੀਰ ਸੰਘੇੜਾ ਜੀ 27-2-83

ਦਿੱਲੀਓ ਪਰਤਣ ਤੋਂ ਬਾਅਦ ਫ਼ੋਨ ਉੱਤੇ ਤੁਹਾਡੇ ਨਾਲ ਗੱਲ ਹੋ ਗਈ ਸੀ। ਇਸ ਕਾਰਨ ਮੈਂ ਖ਼ਤ ਲਿਖਣ ਵਿਚ ਢਿੱਲ ਕਰ ਦਿੱਤੀ। ਸੁਰਿੰਦਰ ਕਾਲਜ ਦੇ ਸਮਾਗਮਾ ਵਿਚ ਕੁਝ ਵਧੇਰੇ ਹੀ ਉਲਝੀ ਰਹੀ। ਸਾਲਾਨਾਂ ਖੇਡਾਂ, ਸ਼ਬਦ ਗਾਇਨ ਮੁਕਾਬਲਾ, ਕਵਿਤਾ ਉਚਾਰਣ ਵਗ਼ੈਰਾ ਵਗ਼ੈਰਾ। ਕੱਲ੍ਹ ਤੁਹਾਡਾ ਰੀਨਾ ਨੂੰ ਖ਼ਤ ਮਿਲਿਆ। ਸਾਡੇ ਵਲੋਂ ਖ਼ਤ ਨਾ ਲਿਖਣ ਦਾ ਗਿਲਾ ਵੀ।

ਬੀਜੀ ਦੀ ਸਿਹਤ ਲਗਭਗ ਨਾਰਮਲ ਹੈ। ਪੂਰੀ ਸੁਰਤ ਵਿਚ ਹਨ। ਬਸ ਕਦੀ ਕਦੀ ਕਿਸੇ ਲਫ਼ਜ਼ ਦਾ ਟਪਲਾ ਲਗ ਜਾਂਦਾ ਹੈ। ਦਿੱਲੀ ਉਹਨਾਂ ਬੜਾ ਹਿੰਮਤ ਨਾਲ ਦੋ ਰਾਤਾਂ ਬੱਸ ਵਿਚ ਜਾਗੀਆਂ। ਦਿੱਲੀ ਹਾਈ ਕਮਿਸ਼ਨ ਦੇ ਕਾਗਜ਼ ਸਵੇਰੇ ਦਾਖਲ ਕੀਤੇ। ਇੰਟਰਵੀਊ ਦੀ ਵਾਰੀ ਲੌਢੇ ਵੇਲੇ ਤਿਨ ਵਜੇ ਤੋਂ ਬਾਅਦ ਆਈ। ਡੇਢ ਘੰਟੇ ਦੀ ਪੁੱਛ ਪੜਤਾਲ ਹੋਈ। ਪਿੱਛੋਂ ਡਾਕਟਰੀ ਮੁਆਇਨਾ, ਡਾਕਟਰੀ ਮੁਆਇਨੇ ਲਈ ਫੋਟੋਆਂ ਦੀ ਲੋੜ। ਖ਼ੂਨ ਪਿਸ਼ਾਬ ਦੇ ਟੈਸਟ ਦੇ ਹਨੂਮਾਨ ਰੋਡ ਤੇ, ਐਕਸਰੇ ਅਰਜਨ ਰੋਡ ਤੇ ਬਾਕੀ ਮੁਆਇਨਾ ਪਾਰਲੀਮੈਂਟ ਸਟਰੀਟ ਵਿਚ। ਫਿਰ ਵੀ ਸਾਰਾ ਕੰਮ ਮੁਕਾ ਕੇ ਅਸੀਂ ਵੇਲੇ ਸਿਰ ਵਾਪਸੀ ਬੱਸ ਫੜ ਲਈ। ਉਮੀਦ ਤਾਂ ਹੈ ਕਿ ਵੀਜ਼ਾ ਦੇ ਦੇਣਗੇ।

ਕਲ ਸ਼ਾਮੀ ਅੱਠ ਵਜੇ ਅਕਾਸ਼ਵਾਣੀ ਤੋਂ 'ਆਪਣੇ ਹੀ ਓਹਲੇ' ਦਾ ਰੀਵੀਊ ਬਰਾਡਕਾਸਟ ਹੋਇਆ ਹੈ। ਡਾ. ਧਰਮਪਾਲ ਸਿੰਗਲ ਨੇ ਕੀਤਾ ਹੈ। ਉਸਦੀ ਨਕਲ ਭੇਜਾਂਗਾ। ਏਥੇ ਛਪੇਗਾ ਵੀ।

ਪਿਤਾ ਜੀ ਟੇਪ ਰਿਕਾਰਡਰ ਨਹੀਂ ਲੈ ਕੇ ਗਏ। ਉਹਨਾ ਦੇ ਪਾਸ ਹੀ ਪਿਆ ਹੈ। ਕਹਿੰਦੇ ਅਜੇ ਸਾਨੂੰ ਲੋੜ ਨਹੀਂ।

ਚੌਹਾਨ ਨੇ ਬੜਾ ਝੱਲ ਖਲਾਰਿਆ। ਪਲ ਭਰ ਟਿਕ ਕੇ ਨਹੀਂ ਬੈਠਾ। ਬੇਚੈਨ ਭਟਕਦਾ ਰਿਹਾ, ਜਿਵੇਂ ਪੂਛ ਨੂੰ ਅੱਗ ਲੱਗੀ ਹੋਈ ਹੋਵੇ। ਵੇਰਵਾ ਮਿਲ ਕੇ ਦੱਸਾਂਗਾ।

ਹੋਰ ਕਾਰੋਬਾਰ ਦਾ ਕੀ ਸੋਚਿਆ। ਖੇਡਾਂ ਦਾ ਸਾਮਾਨ, ਚਮੜੇ ਦੇ ਕੋਟ, ਹੋਰ ਸਾਮਾਨ ਇਹ ਚੀਜਾਂ ਜਲੰਧਰ ਬਣਦੀਆਂ ਹਨ। ਜੇ ਇਹਨਾਂ ਦੇ ਆਰਡਰ ਮਿਲਦੇ ਹਨ ਤਾਂ ਨਮੂਨੇ ਅਸੀਂ ਭਿਜਵਾ ਦਿਆਂਗੇ। ਸੰਘੇੜਾ ਜੀ ਨਾਲ ਮਸ਼ਵਰਾ ਕਰਕੇ ਸੋਚੋ।

**-ਸ. ਸ. ਮੀਸ਼ਾ**



ਮੇਰੇ ਪਿਆਰੇ ਬਲਬੀਰ ਜੀ,

ਕ੍ਰਿਪਾ ਕਰਕੇ ਮੇਰੇ ਇਸ ਅੰਗ੍ਰੇਜ਼ੀ ਵਿੱਚ ਟਾਈਪ ਕੀਤੇ ਖ਼ਤ ਨੂੰ ਟਾਈਪ ਕਰਦਿਆਂ ਹੋਇਆਂ ਅਨੇਕਾਂ ਗ਼ਲਤੀਆਂ ਜੋ ਮੈਥੋਂ ਜ਼ਰੂਰ ਹੋਈਆਂ ਹੋਣਗੀਆਂ ਉਸ ਵਾਸਤੇ ਮੁਆਫ਼ ਕਰ ਦੇਣਾ। ਟਾਈਪ ਮਸ਼ੀਨ ਜਿਹੜੀ ਮੈਂ ਇੰਗਲੈਂਡ ਤੋਂ 1978 ਵਿੱਚ ਲਿਆਂਦੀ ਸੀ, ਉਹ ਵਰਤਣ ਤੋਂ ਬਿਨਾਂ ਹੀ ਪਈ ਸੀ।

ਤੁਸੀਂ ਜ਼ਰੂਰ ਚਾਹੋਗੇ ਕਿ ਮੈਂ ਤੁਹਾਨੂੰ ਲੰਬੇ ਸਮੇਂ ਤੱਕ ਖ਼ਤ ਨਾ ਲਿਖਣ ਵਾਸਤੇ ਤੁਹਾਥੋਂ ਮੁਆਫ਼ੀ ਮੰਗਾਂ। ਮੈਂ ਸ਼ਰਮਿੰਦਾ ਹੀ ਨਹੀਂ ਸਗੋਂ ਮੈਂ ਸੁਹਿਰਦਤਾ ਨਾਲ਼ ਬਿਨਾ ਸ਼ੱਕ ਮੁਆਫ਼ੀ ਮੰਗਦਾ ਹਾਂ। ਹੁਣ ਤੱਕ ਤੁਸੀਂ ਮੈਨੂੰ ਤੇ ਮੇਰੀਆਂ ਨਾ ਮੁਆਫ਼ੀ ਯੋਗ ਸੁਸਤ ਆਦਤਾਂ ਨੂੰ ਸਮਝ ਹੀ ਗਏ ਹੋਵੋਗੇ। ਮੈਂ ਇੱਕ ਵੇਰ ਫਿਰ ਇਨ੍ਹਾਂ ਆਦਤਾਂ ਨੂੰ ਸੁਆਰਨ ਦੀ ਕੋਸ਼ਿਸ਼ ਕਰਾਂਗਾ। ਹੁਣ ਤੋਂ ਬਾਅਦ ਮੈਂ ਤੁਹਾਡੇ ਹਰ ਖ਼ਤ ਦਾ ਜਵਾਬ ਹਫ਼ਤੇ ਦੇ ਵਿੱਚ ਵਿੱਚ ਦਿਆ ਕਰਾਂਗਾ। ਇਹ ਮੇਰਾ ਪੱਕਾ ਵਾਇਦਾ ਹੈ।

ਤੁਹਾਡੇ ਵੱਲੋਂ ਭੇਜੇ ਹੋਏ ਲਾਲਾ ਜੀ ਦੇ ਦਸਤਖ਼ਤ ਉਨ੍ਹਾਂ ਦੇ ਚਾਚਾ ਜੀ ਨੂੰ ਉਨ੍ਹਾਂ ਦੀ ਬੈਂਕ ਵਿੱਚ ਮਿਲ ਗਏ ਸਨ। ਤੇ ਉਹ ਬੈਂਕ ਦੇ ਰਿਕਾਰਡ ਵਿੱਚ ਦਰਜ਼ ਕਰ ਦਿੱਤੇ ਗਏ ਹਨ। ਅਸੀਂ ਤੁਹਾਡੇ ਚਾਚਾ ਜੀ ਨੂੰ ਇੱਥੇ ਮਿਲਦੇ ਰਹਿੰਦੇ ਹਾਂ। ਉਨ੍ਹਾਂ ਤੋਂ ਸਾਨੂੰ ਪਤਾ ਲੱਗਾ ਕਿ ਲਾਲ ਜੀ ਦੇ ਮਾਂ-ਬਾਪ ਵੀ ਇੱਥੇ ਆਏ ਹਨ ਅਤੇ ਖੁਸ਼ੀ ਦੀ ਖਬਰ ਲਿਆਏ ਹਨ ਕਿ ਲਾਲ ਜੀ ਨੂੰ ਚੰਗਾ ਕੰਮ ਮਿਲ ਗਿਆ ਹੈ। ਵਧਾਈਆਂ। ਕੀ ਕੰਮ ਹੈ ਅਤੇ ਕਿੱਥੇ ਹੈ? ਇਹ ਖਬਰ ਜ਼ਰੂਰ ਘਰ ਦੇ ਰੋਜ਼ਾਨਾ ਵਾਤਾਵਰਨ ਵਿੱਚ ਤਬਦੀਲੀ ਲਿਆਈ ਹੋਵੇਗੀ।

ਕੀ ਤੁਹਾਡੇ ਵਾਸਤੇ ਨੌਟੀਘਾਮ ਕੰਮ ਤੇ ਜਾਣਾ ਅਸੁਵਿਧਾ ਜਨਕ ਨਹੀਂ ? ਕਿਸ ਤਰ੍ਹਾਂ ਪ੍ਰਬੰਧ ਕਰਦੇ ਹੋ? ਤੁਹਾਡਾ ਹਫ਼ਤਾ ਵਾਰੀ ਕਾਰਜ-ਕ੍ਰਮ ਕੀ ਹੈ? ਸਫ਼ਰ ਦਾ ਇਹ ਫਾਸਲਾ ਤੁਸੀਂ ਕਿਵੇਂ ਨਿਭਾਉਂਦੇ ਹੋ? ਬੱਸ ਰਾਹੀਂ, ਟਰੇਨ ਰਾਹੀਂ ਜਾਂ ਕਾਰ ਰਾਹੀਂ? ਨੌਟੀਘਾਮ ਕਿੱਥੇ ਰਹਿੰਦੇ ਹੋ? ਕੀ ਤੁਹਾਨੂੰ ਯਾਦ ਹੈ ਉੱਥੇ ਹੀ ਮੇਰਾ ਦੋਸਤ ਬਲਵੰਤ ਸਿੰਘ ਔਜਲਾ? ਉਹ ਹੁਣ ਨਹੀਂ ਰਿਹਾ। ਕੁੱਝ ਮਹੀਨੇ ਪਹਿਲਾਂ ਉਹ ਸੁੱਤਾ ਪਿਆ ਪੂਰਾ ਹੋ ਗਿਆ। ਉਹ ਬਹੁਤ ਹੀ ਜਜ਼ਬਾਤੀ ਕਿਸਮ ਦਾ ਪਿਆਰਾ ਮਿੱਤਰ ਸੀ।

ਹੋ ਸਕਦੈ ਬਾਪੂ ਜੀ ਨੇ ਤੁਹਾਨੂੰ ਸੂਚਿਤ ਕਰ ਦਿੱਤਾ ਹੋਵੇ ਕਿ ਬਰਿਟਿਸ਼ ਹਾਈ ਕਮਿਸ਼ਨ ਨੇ ਉਨ੍ਹਾਂ ਨੂੰ ਫੇਰ ਮੈਡੀਕਲ ਵਾਸਤੇ ਬੁਲਾਇਆ ਹੈ। ਵਰਨਾ ਉਨ੍ਹਾਂ ਦਾ ਕੇਸ ਹੋਮ ਡਿਪਾਰਟਮੈਂਟ ਵੱਲੋਂ ਪਾਸ ਹੋ ਚੁੱਕਾ ਹੈ। ਬਾਪੂ ਜੀ ਆਏ ਸਨ ਅਤੇ ਉਨ੍ਹਾਂ ਨੇ ਮੈਨੂੰ ਖ਼ਤ ਵੀ ਦਿਖਾਇਆ ਸੀ। ਅਸੀਂ ਦਿੱਲੀ ਜਾਣ ਬਾਰੇ ਸਲਾਹ ਵੀ ਕੀਤੀ ਸੀ। ਪਰ ਸਾਨੂੰ ਇਰਾਦਾ ਬਦਲਨਾ ਪਿਆ ਕਿਉਂ ਕਿ ਸੁਰਿੰਦਰ ਦੇ ਅੰਕਲ ਤੇ ਮੇਰੇ ਸਹੁਰਾ ਸਾਹਿਬ ਦੇ ਭਰਾ ਰੋਡ ਐਕਸੀਡੈਂਟ ਵਿਚ ਚਲ ਵਸੇ। ਮੈਂ ਹੁਣ ਫੇਰ ਮੁਕੰਦਪੁਰ ਨੂੰ ਦਿੱਲੀ ਜਾਣ ਬਾਰੇ ਨਵੀਂ ਤਰੀਕ ਨਾਲ਼ ਖਤ ਲਿਖਾਂਗਾ। ਮੈਨੂੰ ਉਮੀਦ ਹੈ ਸਭ ਕੁੱਝ ਠੀਕ ਹੋ ਜਾਵੇਗਾ।

ਮੈਨੂੰ ਯਾਦ ਹੈ ਕਿ ਤੁਹਾਡੀ ਕਿਤਾਬ ਦੇ ਰੇਡੀਓ ਰਿਵਿਊ ਦੀ ਕਾਪੀ ਮੈਂ ਤੁਹਾਨੂੰ ਹਾਲੇ ਤੀਕ ਨਹੀਂ ਭੇਜੀ। ਮੈਨੂੰ ਇਹ ਵੀ ਪਤਾ ਹੈ ਕਿ ਕਾਪੀ ਸਾਡੇ ਰਿਕਾਰਡ ਵਿੱਚ ਕਿੱਧਰੇ ਲੱਭ ਵੀ ਨਹੀਂ ਰਹੀ। ਇਸ ਗੱਲ ਦਾ ਮੈਨੂੰ ਬਹੁਤ ਅਫ਼ਸੋਸ ਹੈ। ਮੈਂ ਕੋਸ਼ਿਸ਼ ਕਰਾਂਗਾ ਕਿ ਧਰਮਪਾਲ ਸਿੰਗਲ ਜਿਸ ਨੇ ਰੀਵਿਊ ਕੀਤਾ ਸੀ, ਉਸ ਤੋਂ ਕਾਪੀ ਲੈ ਸਕਾਂ। ਵਰਨਾ ਮੈਂ ਫੇਰ ਕਿਸੇ ਹੋਰ ਤੋਂ ਰੀਵਿਊ ਕਰਵਾ ਲਵਾਂਗਾਂ।

ਮੈਂ ਇਨ੍ਹਾਂ ਦਿਨਾਂ ਵਿੱਚ ਕੁੱਝ ਵੀ ਖਾਸ ਨਹੀਂ ਲਿਖਿਆ। ਮੇਰਾ ਸਫ਼ਰ ਥਾਈਲੈਂਡ ਅਤੇ ਸਿੰਘਾਪੁਰ ਦਾ ਬਹੁਤ ਵੱਡੀ ਭੁੱਲ ਸੀ। ਮਿਹਨਤ ਨਾਲ ਇਕੱਠੇ ਕੀਤੇ ਪੈਸਿਆਂ ਦਾ ਅਤੇ ਕੀਮਤੀ ਛੁੱਟੀਆਂ ਦੀ ਵਾਧ ਬਰਬਾਦੀ ਸੀ। ਖ਼ਤ ਲਿਖ ਦਿੱਤਾ ਜਾਂਦਾ ਤਾਂ ਚੰਗਾ ਰਹਿੰਦਾ।

ਤੁਸੀਂ ਸ਼ਾਇਦ ਜਾਣਦੇ ਹੋਵੋਗੇ ਕਿ ਹਰਬਖ਼ਸ਼ ਜਰਮਨੀ ਤੋਂ ਵਾਪਿਸ ਆ ਗਿਆ ਹੈ। ਉਹ ਕਦੀ ਕਦੀ ਮਿਲ ਪੈਂਦਾ ਹੈ।

ਕ੍ਰਿਪਾ ਕਰਕੇ ਮੇਰੀਆਂ ਸ਼ੁਭ ਇੱਛਾਵਾਂ ਸੰਘੇੜਾ ਜੀ ਨੂੰ ਦੇਣੀਆਂ। ਬੱਚਿਆਂ ਨੂੰ ਪਿਆਰ। ਖ਼ਤ ਵਿੱਚ ਟਾਈਪਿੰਗ ਦੀਆਂ ਗਲਤੀਆਂ ਨੂੰ ਨਜ਼ਰ ਅੰਦਾਜ਼ ਕਰ ਦੇਣਾ ਤੇ ਜਵਾਬ ਛੇਤੀ ਦੇਣਾ।

**– ਮੀਸ਼ਾ**

**ਸੁਖਬੀਰ ਦੇ ਦੋ ਖ਼ਤ ਸੁਕੀਰਤ ਵੱਲ**

ਪਿਆਰੇ ਸੁਕੀਰਤ

ਖ਼ਤ ਲਿਖਣ ਦਾ ਬਹਾਨਾ ਮਿਲਿਆ ਹੈ।

ਇਨ੍ਹੀਂ ਦਿਨੀਂ ਸੋਵੀਅਤ ਰੂਸ ਬਾਰੇ ਸਟੇਨਬੈਨ ਦਾ ਸਫ਼ਰਨਾਮਾ “A Russian Journal” ਪੜ੍ਹਿਆ ਹੈ। ਇਹ 1948 ’ਚ ਛਪਿਆ ਸੀ, ਤੇ ਇਸ ਦੀ ਪੇਪਰ ਬੈਕ ਐਡੀਸ਼ਨ 1970 ’ਚ ਛਪੀ ਸੀ। ਉਨ੍ਹੀਂ ਹੀ ਦਿਨੀਂ ਮੈਂ ਇਹ ਖਰੀਦੀ ਸੀ ਤੇ ਪੜ੍ਹਨ ’ਤੇ ਦਿਲ-ਦਿਮਾਗ਼ ਕਾਫੀ ਹੱਦ ਤੱਕ ਰੋਸ਼ਨ ਹੋਇਆ ਸੀ, ਜੋ 1956 ਵਿੱਚ ਖਰੁਸ਼ਚੇਵ ਦੇ ਆਉਣ ਤੋਂ ਕੁਝ ਹੀ ਸਾਲਾਂ ਪਿੱਛੋਂ ਹੋਰ ਵਧੇਰੇ ਰੌਸ਼ਨ ਹੋਣਾ ਸ਼ੁਰੂ ਹੋ ਗਿਆ ਸੀ। ਖਾਸ਼ ਕਰ ਕਈ ਮਾਰਕਸਵਾਦੀਆਂ, ਖੱਬੇਪੱਖੀਆਂ, ਅਸਤਿੱਤਵਾਦੀਆਂ ਅਤੇ ਕਮਿਊਨਿਸਟ ਪਾਰਟੀ ’ਚੋਂ ਨਿਕਲੇ ਸਾਹਿਤਕਾਰਾਂ ਤੇ ਚਿੰਤਕਾਂ ਦੀਆਂ ਰਚਨਾਵਾਂ ਪੜ੍ਹਨ ਕਰਕੇ। ਇਨ੍ਹਾਂ ’ਚ ਕੁਝ ਰੂਸੀ ਲੇਖਕ ਵੀ ਸਨ, ਜਿਨ੍ਹਾਂ ’ਚ ਈਲੀਆ ਅਹਿਰਸਬੁਰਗ ਦਾ ਨਾਂਅ ਸਭ ਤੋਂ ਅਹਿਮ ਸੀ। ਛੇ ਜਿਲਦਾਂ ’ਚ ਛਪੀ ਉਸ ਦੀ ਸਵੈ-ਜੀਵਨੀ ਪੜ੍ਹ ਕੇ ਮੇਰੀਆਂ ਅੱਖਾਂ ਤੋਂ ਜਿਵੇਂ ਖੋਪੇ ਲੱਥ ਗਏ ਸਨ। ਫੇਰ, ਅਗਲੇ ਕਈ ਸਾਲ ਗੰਧਲੀ ਹੋਈ ਨਜ਼ਰ ਪੂਰੀ ਤਰ੍ਹਾਂ ਸਾਫ਼ ਕਰਨ ਵਿੱਚ ਲੱਗੇ ਸਨ, ਕਮਿਊਨਿਸਟ ਪਾਰਟੀ ਛੱਡ ਚੁੱਕੇ ਵੱਖ ਮੁਲਕਾਂ ਦੇ ਲੇਖਕਾਂ ਦੇ ਲੇਖਾਂ ਦੀ ਪੁਸਤਕ The God that Failed ਅਤੇ ਹਾਵਰਡ ਫਾਸਟ ਦੀ ਪੁਸਤਕ “The Naked God” ਪੜ੍ਹ ਕੇ ਵੀ ਚਾਨਣ ਹੋਇਆ ਸੀ ਜੋ ਉਸ ਨੇ ਕਮਿਊਨਿਸਟ ਪਾਰਟੀ ਛੱਡਣ ਬਾਰੇ ਸਪੱਸ਼ਟੀਕਰਨ ਵਜੋਂ ਲਿਖੀ ਸੀ। “The God that failed” ਖੁਰਸ਼ਚੇਵ ਦੇ ਆਉਣ ਤੋਂ ਅੱਠ-ਦਸ ਸਾਲ ਪਹਿਲਾਂ ਛਪੀ ਸੀ, ਜਿਸ ਦੇ ਲੇਖਕਾਂ ਨੇ ਸੋਵੀਅਤ ਰੂਸ ਦੀ ਅਸਲੀਅਤ ਸਟਾਲਿਨ ਦੇ ਦੌਰ ਵਿੱਚ ਹੀ ਵੇਖ ਲਈ ਸੀ ਤੇ ਉਸ ਦਾ ਪਰਦਾਫਾਸ਼ ਕਰਨੋਂ ਨਹੀਂ ਸਨ ਰਹੇ, ਤੇ ਕਈ ਖਤਰੇ ਮੁੱਲ ਲਏ ਸਨ, ਤੇ ਆਪਣੇ-ਆਪਣੇ ਮੁਲਕ ਦੀ ਕਮਿਊਨਿਸਟ ਪਾਰਟੀ ਵੱਲੋਂ ਬੁਰੀ ਤਰ੍ਹਾਂ ਨਿੰਦੇ ਭੰਡੇ ਗਏ ਸਨ। ...ਅਖੀਰ, ਪੈਂਤੀਆਂ-ਚਾਲੀਆਂ ਸਾਲਾਂ ਬਾਅਦ ਤੇਰੀ ਪੁਸਤਕ ‘‘ਬਾਤ ਇੱਕ ਬੀਤੇ ਦੀ’ ਪੜ੍ਹ ਕੇ ਲੱਗਾ ਸੀ ਕਿ ਮੈਂ ਸਹੀ ਰਾਹ ’ਤੇ ਤੁਰ ਕੇ ਇੱਥੇ ਤੱਕ ਪੁੱਜਾ ਹਾਂ, ਤੇ ਹਾਲੀ ਹੋਰ ਅੱਗੇ ਜਾਣ ਦੀ ਲੋੜ ਹੈ।

ਹੁਣ ਤੀਹਾਂ-ਬੱਤੀਆਂ ਸਾਲਾਂ ਬਾਅਦ “A Russian Journal” ਦੁਬਾਰਾ ਪੜ੍ਹਨ ਤੋਂ ਦਿਲ-ਦਿਮਾਗ਼ ਹੋਰ ਸਾਫ਼ ਹੋਇਆ ਹੈ। ਸਟੇਨਬੈਕ ਲਈ 1948 ਵਿੱਚ ਇਹ ਕਿਤਾਬ ਲਿਖਣੀ ਬੜੀ ਜੁਰੱਅਤ ਦਾ ਕੰਮ ਸੀ। ਇਸ ਜੁਰੱਅਤ ਦੀ ਘਾਟ ਆਦਮੀ ਨੂੰ ਬੇਈਮਾਨ ਬਣਾ ਦਿੰਦੀ ਹੈ, ਤੇ ਉਹ ਸੱਚ ਬੋਲਣਾ ਚਾਹੁੰਦਾ ਵੀ ਹੈ, ਤਾਂ ਅਚੇਤ ਮਨ ਸੱਚ ਬੋਲਣ ਨਹੀਂ ਦਿੰਦਾ। ਸਚਾਈ ਸਾਫ਼ ਦਿਸਦੀ ਹੋਈ ਵੀ ਦਿਸਦੀ ਨਹੀਂ ਹੈ।

ਸਟੇਨਬੈਕ ਦਾ ਇਹ ਸਫ਼ਰਨਾਮਾ ਨਾ ਪੜ੍ਹਿਆ ਹੋਵੇ, ਤਾਂ ਪੜ੍ਹਨ ਦੀ ਸਿਫਾਰਸ਼ ਕਰਦਾ ਹਾਂ। ਤੇ ਉਸ ਦੇ ਕੁਝ ਹਿੱਸੇ ‘ਨਵਾਂ ਜ਼ਮਾਨਾ’ ਵਿੱਚ ਛਾਪਣ ਦਾ ਵੀ ਸੁਝਾਅ ਦਿੰਦਾ ਹਾਂ।

ਇਹ ਖ਼ਤ ਸਿਰਫ ਤੇਰੇ ਲਈ ਹੀ ਨਹੀਂ, ‘ਨਵਾਂ ਜ਼ਮਾਨਾ’ ਦੇ ਪਾਠਕਾਂ ਲਈ ਵੀ ਹੋ ਸਕਦਾ ਹੈ। ਇਸ ਵਿੱਚ ਲਿਖੀਆਂ ਕਿਤਾਬਾਂ ਦੀ ਜਾਣਕਾਰੀ ਵੀ ਪਾਠਕਾਂ ਨੂੰ ਕਿਉਂ ਨਾ ਮਿਲੇ-ਉਹ ਕਿਤਾਬ, ਜਿਨ੍ਹਾਂ ਸਦਕਾ ਮੈਂ ਸੁਤੰਤਰ ਹੋ ਕੇ ਸੋਚ ਸਕਣ ਦੇ ਸਮਰੱਥ ਹੋ ਸਕਿਆ ਹਾਂ। ਖੁਦ ਨੂੰ ਕੱਟਣਾ-ਵੱਢਣਾ, ਛਾਂਗਣਾ-ਤਰਾਸ਼ਣਾ ਤੇ ਨਵੇਂ ਸਿਰਿਓਂ ਸਿਰਜਣਾ ਸੌਖਾ ਕੰਮ ਨਹੀਂ ਹੈ।

ਆਮ ਤੌਰ ਤੇ ਆਦਮੀ ਜਿਉਂ ਦਾ ਤਿਓਂ ਬਣਿਆ ਰਹਿਣਾ ਚਾਹੁੰਦਾ ਹੈ। ਤੇ ਆਪਣੀ ਉਸ ਹੋਂਦ ਨੂੰ ਸੰਭਾਲੀ ਜਾਂ ਉਸ ਨਾਲ ਚਿਮੜਿਆ ਹੋਇਆ ਬੜਾ ਸੁਰੱਖਿਅਤ ਮਹਿਸੂਸ ਕਰਦਾ ਹੈ। ਸੁਰੱਖਿਆ ਦਾ ਇਹ ਅਹਿਸਾਸ ਉਸ ਨੂੰ ਵਿਗਸਣ-ਫੈਲਣ ਨਹੀਂ ਦਿੰਦਾ, ਅਤੇ ਅੰਤ ਵਿੱਚ ਘਾਤਕ ਸਾਬਤ ਹੁੰਦਾ ਹੈ।



ਮੈਂ ਧਰਮ ਦੇ ਚਾਨਣੇ ਪੱਖ ਦੀ ਥਾਂ ਸ਼ਰਧਾ ਤੇ ਅੰਧ ਵਿਸ਼ਵਾਸ਼ਾਂ ਨਾਲ ਭਰੇ ਹਨੇਰੇ ਪੱਖ ’ਚੋਂ ਨਿਕਲਣ ਤੋਂ ਬਾਅਦ ਕਾਮਰੇਡ ਬਣਨ ’ਤੇ ਮੁੜ ਉਸੇ ਕਿਸਮ ਦੇ ਹਨੇਰੇ ਵਿੱਚ ਜਿਉਣ ਲੱਗਾ ਸਾਂ। ਜਦ ਚਾਨਣ ਵਿੱਚ ਆਉਣ ਦਾ ਸੰਘਰਸ਼ ਮੈਂ ਇਨ੍ਹਾਂ ਪੁਸਤਕਾਂ ਦਾ ਮਾਰਕਸਵਾਦੀ ਲੇਖਕਾਂ ਤੋਂ ਸਿੱਖਿਆ, ਤੇ ਹੋਰਨਾਂ ਕਈ ਸਾਹਿਤਕਾਰਾਂ ਤੇ ਚਿੰਤਕਾਂ ਤੋਂ ਵੀ ਕੀ ਇਸ ਵਿੱਚ ਖਰੁਸਚੇਵ ਨੂੰ ਵੀ ਕੁਝ ਅਹਿਮੀਅਤ ਦਿੱਤੀ ਜਾ ਸਕਦੀ ਹੈ? ਜੇ ਉਹ ਨਾ ਆਇਆ ਹੁੰਦਾ, ਤੇ ਸਤਾਲਿਨ ਦੌਰ ਦਾ ਪਰਦਾਫਾਸ਼ ਨਾ ਕੀਤਾ ਤਾਂ ਸੋਵੀਅਤ ਰੂਸ ਦਾ ਹਨੇਰਾ ਪੱਖ ਪਤਾ ਨਹੀਂ ਕਦ ਦਿਖਾਈ ਦੇਣਾ ਸੀ। ਉਹ ਪਹਿਲਾਂ ਵਾਂਗ ਸੁਰਗ ਹੀ ਜਾਪਣਾ ਸੀ। ਸੱਤਵੇਂ ਅਸਮਾਨ ਦੇ ਸੁਰਗ ਦੀ ਥਾਂ ਧਰਤੀ ਦੇ ਬਲ ਹਿੱਸੇ ਉਤਲਾ ਸੁਰਗ ਤੇ ਜਿਨ੍ਹਾਂ ਨੇ ਉਸ ਸੁਰਗ ਨੂੰ ਅੱਖੀਂ ਵੇਖਿਆ, ਉਨ੍ਹਾਂ ਨੇ ਉਸ ਦੀ ਅਸਲੀਅਤ ਨਾ ਵੇਖੀ। ਜਾਂ ਕੀ ਉਨ੍ਹਾਂ ਨੂੰ ਦਿਸੀ ਹੀ ਨਹੀਂ?

ਕੁਝ ਸਾਲ ਪਹਿਲਾਂ ਮੈਂ ਵੀ ਅਸਲੀਅਤ ਵਿਖਾਉਣ ਦਾ ਯਤਨ ਕੀਤਾ ਸੀ-‘ਨਵਾਂ ਜ਼ਮਾਨਾ’ ਤੋਂ ਛੁੱਟ ਕੁਝ ਹੋਰ ਪੱਤ੍ਰਿਕਾਵਾਂ ਰਾਹੀਂ, ਜਿਨ੍ਹਾਂ ’ਚ ਮੇਰੀਆਂ ਕਈ ਮੌਲਿਕ ਤੇ ਅਨੁਵਾਦਤ ਰਚਨਾਵਾਂ ਛਪੀਆਂ ਸਨ, ਪਰ ਤੇਰੇ ਸੱਚ ਵਾਂਗ ਮੇਰੇ ਸੱਚ ਨੂੰ ਵੀ ਬਹੁਤ ਘੱਟ ਪਾਠਕਾਂ ਨੇ ਪ੍ਰਵਾਨ ਕੀਤਾ। ਤੇ ਮੇਰੇ ਖਿਲਾਫ਼ ਲਿਖਿਆ ਵੀ ਗਿਆ। ਅਸਲ ਵਿੱਚ ਸੱਚ ਨੂੰ ਵੇਖਣ ਅਤੇ ਪਰਵਾਨ ਕਰਨ ਵਾਲੇ ਲੋਕਾਂ ਦੀ ਗਿਣਤੀ ਘੱਟ ਹੀ ਹੁੰਦੀ ਹੈ।

ਮਨੁੱਖ ਦੀ ਮਾਨਸਿਕਤਾ ਦਾ ਇਹ ਕਰਿਸ਼ਮਾ ਹੈ ਕਿ ਉਸ ਨੂੰ ਕਈ ਵਾਰ ਸੱਚ ਝੂਠ ਜਾਪਦਾ ਹੈ ਤੇ ਝੂਠ ਸੱਚ ਵਿਖਾਈ ਦਿੰਦਾ ਹੈ। ਸਟੇਨਬੈਕ ਦੇ ਆਪਣੇ ਇਸ ਸਫ਼ਰਨਾਮੇ ਵਿੱਚ ਇਸ ਮਾਨਸਿਕਤਾ ਨੂੰ ਵੀ ਵਿਖਾਇਆ ਤੇ ਉਸ ਦਾ ਵਿਸ਼ਲੇਸ਼ਣ ਕੀਤਾ ਹੈ। ਇਸ ਨੁਕਤੇ ਤੋਂ ਵੀ ਇਹ ਸਫ਼ਰਨਾਮਾ ਦਿਲਚਸਪ ਲੱਗ ਸਕਦਾ ਹੈ, ਤੇ ਸਫ਼ਰਨਾਮਾ ਲਿਖਣ ਦੀ ਜਾਚ ਵੀ ਇਸ ਤੋਂ ਸਿੱਖੀ ਜਾ ਸਕਦੀ ਹੈ।

– **ਸੁਖਬੀਰ**

ਪਿਆਰੇ ਸੁਕੀਰਤ

ਤੇਰਾ ਲੰਮਾ ਖ਼ਤ ਪਾ ਕੇ ਚੰਗਾ ਲੱਗਾ।

‘ਜਲਾਵਤਨ’ ਮਿਲਣ ’ਤੇ ਕਹਾਣੀਆਂ ਦੁਬਾਰਾ ਪੜ੍ਹੀਆਂ। ਉਨ੍ਹਾਂ ਦੇ ਪਿਛੋਕੜ ਬਾਰੇ ਜਾਣਕਾਰੀ ਦਿਲਚਸਪ ਲੱਗੀ। ਵਿਲੀਅਮ ਸਰੋਯਾਨ ਨੇ ਆਪਣੀਆਂ ਬਹੁਤ ਸਾਰੀਆਂ ਪੁਰਾਣੀਆਂ ਤੇ ਨਵੀਆਂ ਕਹਾਣੀਆਂ ਦੇ ਇੱਕ ਸੰਗ੍ਰਹਿ ਵਿੱਚ ਹਰ ਕਹਾਣੀ ਦੇ ਪਿਛੋਕੜ ਬਾਰੇ ਇਸ ਕਿਸਮ ਦੀ ਜਾਣਕਾਰੀ ਦਿੱਤੀ ਹੈ। ਇਹ ਵੀ ਦੱਸਿਆ ਹੈ ਕਿ ਉਹ ਕਹਾਣੀ ਉਸ ਨੇ ਕਿੱਥੇ, ਕਿਸ ਵੇਲੇ, ਕਿਸ ਮਾਹੌਲ ਵਿੱਚ, ਤੇ ਕਦੋਂ ਲਿਖੀ ਸੀ। ਉਹ ਕਹਾਣੀ ਸੰਗ੍ਰਹਿ ਦਾ ਨਾਂਅ ਮੈਨੂੰ ਯਾਦ ਨਹੀਂ ਆ ਰਿਹਾ। ਕਹਾਣੀਆਂ ਦੇ ਪਿਛੋਕੜ ਕਰਕੇ ਮੈਂ ਉਹ ਕਹਾਣੀਆਂ ਹੋਰ ਵੀ ਦਿਲਚਸਪੀ ਨਾਲ ਪੜ੍ਹੀਆਂ ਹਨ।

ਕਿਰਪਾਲ ਸਿੰਘ ਕਸੇਲ ਨੂੰ ਲਿਖੇ ਮੇਰੇ ਖ਼ਤ ਨੂੰ ਤੂੰ ‘ਲਿਰੀਕਲ’ ਕਿਹਾ, ਪੜ੍ਹ ਕੇ ਖਾਸ ਖੁਸ਼ੀ ਹੋਈ ਹੈ ਤੇ ਤੇਰੇ ਸੁਹਜ-ਸਵਾਦ ਦੀ ਦਾਦ ਦਿੱਤੇ ਬਿਨਾਂ ਨਹੀਂ ਰਹਿ ਸਕਿਆ। ਮੇਰੀਆਂ ਕਹਾਣੀਆਂ ਤੇ ਨਾਵਲਾਂ ਦੀ ਲਿਖਤ (ਭਾਸ਼ਾ-ਸ਼ੈਲੀ) ਵਿੱਚ ਵੀ ਇਹ ‘ਲਿਰੀਕਲ’ (ਪ੍ਰਗੀਤਾਤਮਕ) ਅੰਸ਼ ਮਹਿਸੂਸ ਕੀਤਾ ਜਾ ਸਕਦਾ ਹੈ, ਜਿਸ ਦਾ ਸ਼ਾਇਦ ਹੀ ਕਿਸੇ ਆਲੋਚਕ ਨੇ ਜ਼ਿਕਰ ਕੀਤਾ ਹੋਵੇ। ਹਾਂ, ਕੁਝ ਪਾਠਕਾਂ ਨੇ ਇਸ ਦਾ ਆਪਣੇ-ਆਪਣੇ ਢੰਗ ਨਾਲ ਜ਼ਿਕਰ ਕੀਤਾ ਹੈ, ਬਿਨਾਂ ਕੋਈ ਨਾਂਅ ਦਿੱਤਿਆਂ। ਇਹ ‘ਲਿਰੀਸਿਜ਼ਮ ਵੱਖ ਵੱਖ ਲਿਖਣ ਸ਼ੈਲੀਆਂ ਅਨੁਸਾਰ ਬਦਲਦਾ ਹੈ, ਜਿਵੇਂ ਵੱਖ ਵੱਖ ਜਜ਼ਬਿਆਂ ਅਨੁਸਾਰ ਵਾਰਤਕ ਦੀ ਲੈਅ ਬਦਲਦੀ ਹੈ।

ਆਪਣੀ ‘ਬੇ-ਕੱਦ-ਕਾਠ, ਸੰਗਾਊ ਜਿਹੀ ਸ਼ਖ਼ਸੀਅਤ ਦਾ ਤੂੰ ਜੋ ਜ਼ਿਕਰ ਕੀਤਾ ਹੈ, ਉਹ ਦਿਲਚਸਪ ਲੱਗਾ ਹੈ। ਇਹ ਦੋਵੇਂ ਵਿਸ਼ਲੇਸ਼ਣ ਮੇਰੇ ’ਤੇ ਵੀ ਲਾਗੂ ਹੁੰਦੇ ਹਨ। ਪਰ ਤੂੰ ਏਨਾ ਸੰਗਾਊ ਤਾਂ ਨਹੀਂ ਹੈ, ਸਗੋਂ

ਕਾਫੀ ਤੇਜ਼ ਤੇ ਤੀਖਣ ਦਿਮਾਗ਼ ਅਤੇ ਅਜਿਹੀ ਰਵਾਂ ਜ਼ਬਾਨ ਵਾਲਾ ਹੈ ਕਿ ਆਪਣੀ ਗੱਲ ਪ੍ਰਭਾਵਸ਼ਾਲੀ ਢੰਗ ਨਾਲ ਕਹਿ ਸਕਦਾ ਹੈ।

ਮੀਲਾ ਜੀ ਦੇ ਨਾਂਅ ਲਿਖਿਆ ਮੇਰਾ ਖ਼ਤ-ਨੁਮਾ ਲੇਖ ਕੀ ਜਗਜੀਤ ਦੀ ਨਜ਼ਰ 'ਚੋਂ ਵੀ ਗੁਜ਼ਰਿਆ ਹੈ-ਉਹ ਨਜ਼ਰ ਜੋ ਰੋਜ਼ ਢੇਰ ਸਾਰੀਆਂ ਅਖ਼ਬਾਰਾਂ ਵਿਚ ਦੁਨੀਆਂ ਭਰ ਦੀਆਂ ਖ਼ਬਰਾਂ ਦਾ ਜਾਇਜ਼ਾ ਲੈਂਦੀ ਹੈ। ਮੈਂ ਤਾਂ ਇੱਕ ਅਖ਼ਬਾਰ ਵੀ ਪੂਰੀ ਤਰ੍ਹਾਂ ਪੜ੍ਹ ਨਹੀਂ ਪਾਉਂਦਾ।

ਜਗਜੀਤ ਦਾ ਲੇਖ 'ਬਾਤ ਪੱਤਰਕਾਰੀ ਦੇ ਪੰਧ 'ਤੇ ਪੈਣ ਦੀ' ਹਮੇਸ਼ਾ ਵਾਂਗ ਬਹੁਤ ਚੰਗਾ ਲੱਗਾ। ਵਧੇਰੇ ਕੀ ਲਿਖਾਂ? ਹਾਂ, ਜਦੋਂ ਕੋਈ ਲੇਖ ਚੰਗਾ ਨਾ ਲੱਗਾ, ਤਾਂ ਖੁੱਲ੍ਹ ਕੇ ਤੇ ਵਿਸਥਾਰ ਨਾਲ ਲਿਖਾਂਗਾ। ਬੀਤੇ ਨੂੰ ਉਜਾਗਰ ਕਰਨ ਵਾਲੇ ਜਗਜੀਤ ਦੇ ਅਜਿਹੇ ਲੇਖਾਂ ਦਾ ਸੰਗ੍ਰਹਿ ਉਸ ਦੀ ਵੱਖਰੀ ਕਿਸਮ ਦੀ ਸਵੈ ਜੀਵਨੀ ਬਣ ਸਕਦੀ ਹੈ। ਜਾਂ ਕੀ ਉਹ ਇਸ ਢੰਗ ਨਾਲ ਆਪਣੀ ਸਵੈ ਜੀਵਨੀ ਹੀ ਤਾਂ ਨਹੀਂ ਲਿਖ ਰਿਹਾ, ਜਿਸ ਨੂੰ ਲਿਖਣ ਬਾਰੇ ਮੈਂ ਸ਼ਾਇਦ ਤਲਖੀ ਪੈਦਾ ਕਰਨ ਦੀ ਹੱਦ ਤੱਕ ਕਈ ਵਾਰ ਲਿਖ ਚੁੱਕਾ ਹਾਂ? ਉਸ ਦਾ ਬੀਤਿਆ ਬੜੀ ਬਰੀਕੀ ਨਾਲ ਵਰਤਮਾਨ ਵਿੱਚ ਸਾਕਾਰ ਹੋ ਰਿਹਾ ਹੈ, ਤੇ ਉਸ ਦੇ ਨਕਸ਼ ਦੂਰ ਭਵਿੱਖ ਵਿੱਚ ਵੀ ਮਿਟਣ ਵਾਲੇ ਨਹੀਂ ਹਨ, ਕੋਈ ਲਿਖੇ ਤਾਂ ਇਸ ਤਰ੍ਹਾਂ!

ਮੀਲਾ ਦੀ 'ਕੁਦੇਸਣ' ਬੜੀ ਆਪਣੀ ਲੱਗੀ। ਹਮਦਰਦੀ ਕਰਕੇ ਤੇ ਚੰਗੀ ਲਿਖਤ ਕਰਕੇ ਵੀ। ਚੰਗੀ ਲਿਖਤ ਹੀ ਜਜ਼ਬੇ ਨੂੰ ਜਗਾ ਸਕਦੀ ਹੈ। ਪੰਜਾਬੀ ਰਸ-ਰੰਗ ਵਾਲੀ ਅਜਿਹੀ ਲਿਖਤ ਦੇ ਉਲਟ, ਕਈ ਲੇਖਕਾਂ ਦੀ ਪੰਜਾਬੀ ਕੁਦੇਸਣ ਜਿਹੀ ਲੱਗਦੀ ਹੈ ਤੇ ਉਨ੍ਹਾਂ ਦੀ ਰਚਨਾ ਨਾਲ ਸਾਂਝ ਨਹੀਂ ਪੈਂਦੀ। ਕੀ ਤੁਸੀਂ ਪ੍ਰੀਤਮ ਸਿੰਘ ਪੰਛੀ ਦਾ ਨਾਵਲ 'ਕੁਦੇਸਣ' ਪੜ੍ਹਿਆ ਹੈ? ਕੁਝ ਸਾਲ ਪਹਿਲਾਂ ਇਸ ਨਾਵਲ 'ਤੇ ਫਿਲਮ ਬਣਾਉਣ ਦੀ ਯੋਜਨਾ ਬਣੀ ਸੀ, ਜਿਸ ਦਾ ਸਕਰੀਨ ਪਲੇਅ ਮੈਂ ਲਿਖਿਆ ਸੀ, ਤੇ ਨਿਰਦੇਸ਼ਕ ਤੇ ਨਿਰਮਾਤਾ ਮੱਖਣ ਸਿੰਘ ਸੀ। ਪਰ ਯੋਜਨਾ ਸਿਰੇ ਨਹੀਂ ਸੀ ਲੱਗੀ ਤੇ ਫਿਰ ਮੱਖਣ ਸਿੰਘ ਹੀ ਇਸ ਸੰਸਾਰ ਤੋਂ ਚੜ੍ਹਾਈ ਕਰ ਗਿਆ ਸੀ। ਵਧੀਆ ਬੰਦਾ ਸੀ ਉਹ, ਤੇ ਮੇਰੇ ਬਹੁਤ ਨੇੜੇ ਸੀ।

'ਕੁਦੇਸਣ' ਪੜ੍ਹਨ ਦੀ ਸਿਫਾਰਸ਼ ਕਰਦਾ ਹਾਂ। ਉਸ ਵਿੱਚ ਦੁਆਬੇ ਦੀ ਭਾਸ਼ਾ ਦਾ ਰੰਗ ਮਾਨਣ ਵਾਲਾ ਹੈ, ਤੇ ਭਾਸ਼ਾ ਸ਼ੈਲੀ ਬੋਝਲ ਨਹੀਂ ਹੈ। ਉਸ ਦੇ ਕੁਦੇਸਣ ਪਾਤਰ ਨੂੰ ਮੈਂ ਦਿਲ-ਦਿਮਾਗ ਵਿੱਚ ਵਸਾਉਂਦਿਆਂ ਸਰਕੀਨ ਪਲੇਅ ਵਿਚ ਸਾਕਾਰ ਕੀਤਾ ਸੀ ਤੇ ਪੰਜਾਬੀ ਦੇ ਇੱਕ ਪਿੰਡ ਵਿੱਚ, ਜਿੱਥੇ ਉਹ ਖਰੀਦ ਕੇ ਲਿਆਂਦੀ ਗਈ ਸੀ, ਉਸ ਦੀ ਜੜ੍ਹ ਲਾਉਂਦਿਆਂ ਆਮ ਪੰਜਾਬਣਾਂ ਵੱਲੋਂ ਹਰ ਪੱਖੋਂ ਹੀ ਕਿਤੇ ਭਰਵੀ ਪੰਜਾਬਣ ਦੇ ਰੂਪ ਵਿੱਚ ਸਿਰਜਣ ਦਾ ਯਤਨ ਕੀਤਾ ਸੀ। ਅਸਲ ਵਿੱਚ, ਉਸ ਨੇ ਪੂਰੀ ਤਰ੍ਹਾਂ ਸੁਚੇਤ ਹੋ ਕੇ ਆਪਣੀ ਜੜ੍ਹ ਲਾਈ ਸੀ। ਅੰਤਾਂ ਦੀ ਤ੍ਰਿਸਕਾਰੀ ਤੇ ਦੁਰਕਾਰੀ ਹੋਣ ਦੇ ਬਾਵਜੂਦ ਉਹ ਪਿੰਡ ਦੇ ਲੋਕਾਂ ਦੀ ਪਹਿਲਾਂ ਹਮਦਰਦੀ ਹਾਸਲ ਕਰਦੀ ਹੈ, ਤੇ ਫੇਰ ਮਾਣ ਸਨਮਾਨ। ਉਸ ਦਾ ਇਹ ਰੂਪ ਨਾਵਲ ਵਿੱਚ ਨਹੀਂ ਹੈ। ਪੰਛੀ ਨੂੰ ਇਹੀ ਭਰਵਾਂ ਰੂਪ, ਦਿਰਦਾਰ ਪਸੰਦ ਆਇਆ ਸੀ।

ਹਰ ਹਫ਼ਤੇ ਲਦਾਖ ਵਿੱਚ ਘੁੰਮਦਾ ਹਾਂ, ਘਰ ਵਿੱਚ ਕੁਰਸੀ 'ਤੇ ਬੈਠਿਆਂ ਹੀ ਇਸ ਦਾ ਵੀ ਆਪਣਾ ਆਨੰਦ ਹੈ।

ਮੇਰੀ ਪੰਜਾਬੀ ਵਾਹਗਾ ਤਾਂ ਕੀ ਦਿੱਲੀ ਤੋਂ ਵੀ ਉਰੇ (ਦੱਖਣ ਵੱਲ) ਦੀ ਹੈ। ਸੋ 'ਛੀਉੜੰਬਾ' ਦਾ ਅਰਥ ਦੱਸ। ਤੇ ਇਹ ਵੀ ਦੱਸਣਾ ਕਿ ਇਹ ਬੰਦਾ ਕੌਣ ਹੈ, ਤਾਂ ਜੋ ਪ੍ਰਸ਼ੰਸਾ ਦੇ ਦੋ ਲਫ਼ਜ਼ ਲਿਖ ਸਕਾਂ। ਸਿਰਨਾਵਾਂ ਵੀ ਲਿਖਣਾ। ਪੰਜਾਬੀ ਵਿੱਚ ਵਧੀਆ ਵਿਅੰਗ ਲਿਖਣ ਵਾਲੇ ਉਸ ਵਰਗੇ ਕਿੰਨੇ ਕੁ ਲੇਖਕ ਹਨ। ਬਹੁਤੇ ਹਾਸ-ਵਿਅੰਗ ਲਿਖਣ ਵਾਲਿਆਂ ਦੇ ਉਲਟ, ਆਮ ਪੇਂਡੂ ਲੋਕਾਂ ਦਾ ਵਿਅੰਗ ਕਮਾਲ ਦਾ ਹੁੰਦਾ ਹੈ। ਉਨ੍ਹਾਂ ਤੋਂ ਲਿੱਖਣ ਦੀ ਲੋੜ ਹੈ। ਜਾਂ ਫਿਰ ਮਰਾਸੀਆਂ ਤੋਂ ਸਿੱਖਣ ਦੀ ਲੋੜ ਹੈ। ਪਰ ਉਹ ਤਾਂ ਮੁਲਕ ਦੀ ਆਜ਼ਾਦੀ ਵਿੱਚ ਉੱਜੜ ਕੇ ਪਾਕਿਸਤਾਨ ਵਿੱਚ ਜਾ ਵਸੇ ਸਨ। ਪੇਂਡੂ ਲੋਕਾਂ ਦੇ ਉਲਟ ਸ਼ਹਿਰੀ ਬੰਦਿਆਂ ਦੇ ਹਾਸੇ ਵਿਅੰਗਾਂ ਵਿੱਚ ਮੌਲਿਕਤਾ ਬੜੀ ਘੱਟ ਨਜ਼ਰ ਆਉਂਦੀ ਹੈ। ਉਹ ਜ਼ਿਆਦਾਤਰ ਘਿਸੇ ਪਿਟੇ



ਲਤੀਫ਼ੇ ਹੀ ਸੁਣਾਉਂਦੇ ਹਨ। ਤੇ ਮੁਰਾਰੀ ਬਾਪੂ ਵਰਗੇ ਧਾਰਮਿਕ ਬੰਦੇ ਆਪਣੀ ਮਿੱਟੀ ਪਲੀਤ ਕਰਦੇ ਹਨ। ਪਰ ਕੀ ਸ਼ਰਧਾਵਾਨ ਸਰੋਤਾ ਇਹ ਸਭ ਵੇਖ ਸਕਦੇ ਹਨ? ਜੇ ਨਹੀਂ ਤਾਂ ਛੀਉੜੰਬਾ ਵਿਖਾ ਸਕਦਾ ਹੈ, ਤੇ ਉਨ੍ਹਾਂ ਦੀਆਂ ਅੱਖਾਂ ਖੋਲ੍ਹ ਸਕਦਾ ਹੈ, ਜੋ ਖੁੱਲ੍ਹੀਆਂ ਹੋਣ ਤੇ ਵੀ ਅਕਸਰ ਮੀਟੀਆਂ ਹੁੰਦੀਆਂ ਹਨ। ਸ਼ੁਭ ਇਛਾਵਾ ਨਾਲ

**-ਸੁਖਬੀਰ**

**ਸੁਖਬੀਰ ਦਾ ਖ਼ਤ ਨੌਜਵਾਨ ਕਵੀ ਜੈਪਾਲ ਵੱਲ**

ਪਿਆਰੇ ਜੈ ਪਾਲ ਜੀ, 21-9-2000

ਤੁਸੀਂ ਮੈਨੂੰ ਤੇ ਮੇਰੀ ਰਚਨਾ ਨੂੰ ਯਾਦ ਕਰਦਿਆਂ ਆਪਣੀ ਕਿਤਾਬ, "ਨਜ਼ਮ ਕਦੋਂ ਚੁੱਪ ਸੀ' ਭੇਜੀ। ਖੁਸ਼ੀ ਹੋਈ। ਧੰਨਵਾਦ!

ਲੇਖਕਾਂ ਤੇ ਪ੍ਰਕਾਸ਼ਕਾਂ ਵਲੋਂ ਮੈਨੂੰ ਕਿਤਾਬਾਂ ਆਉਂਦੀਆਂ ਰਹਿੰਦੀਆਂ ਹਨ। ਤੁਹਾਡੀ ਕਿਤਾਬ ਮਿਲਦਿਆਂ ਹੀ ਇਕ ਨਜ਼ਰ ਵੇਖਣ ਲੱਗਾ ਕਿ ਇੱਕੋ ਬੈਠਕ ਵਿਚ ਪੂਰੀ ਪੜ੍ਹ ਗਿਆ। ਇੰਝ ਬਹੁਤ ਘਟ ਕਿਤਾਬਾਂ ਨਾਲ ਹੋਇਆ ਹੈ। ਕਈ ਤਾਂ ਪੜ੍ਹ ਹੀ ਨਹੀਂ ਪਾਇਆ। ਤੁਹਾਡੀ ਕਿਤਾਬ ਕਦੇ ਮੁੜ ਕੇ ਵੀ ਪੜ੍ਹਨ 'ਤੇ ਦਿਲ ਕਰੇਗਾ। ਕਿਤਾਬ ਦੇ ਸਮਰਪਣ ਸਬੰਧੀ ਕਵਿਤਾ ਵਿਚ ਤੁਹਾਡੀ ਮਾਂ ਤੇ ਪਿਤਾ ਦਾ ਜ਼ਿਕਰ ਦਿਲ ਵਿਚ ਉਤਰ ਗਿਆ, ਤੇ ਬੜੀ ਉਦਾਸੀ ਤੇ ਇਕੱਲ ਮਹਿਸੂਸ ਕਰਦਿਆਂ ਮੈਂ ਉਹਨਾਂ ਨਾਲ ਜੁੜ ਗਿਆ। ਉਹਨਾਂ ਨੂੰ ਮਿਲਣ ਤੇ ਦਿਲ ਕਰਦਾ ਹੈ। ਤੇ 'ਉਸ ਕੁੜੀ' ਜਾਨਣ ਵਿਚ ਦਿਲਚਸਪੀ ਪੈਦਾ ਹੋਈ ਕਿ ਉਹ ਕਿਥੇ ਹੈ। ਕੀ ਉਹ ਕਿਸੇ ਹੋਰ ਦੇ ਵਰਕਿਆ ਤੇ 'ਖੁੱਲ੍ਹੀ ਕਵਿਤਾ' ਤਾਂ ਨਹੀਂ। ਬੰਦ ਗਲੀ? ਉਸ ਹਾਲਤ ਵਿਚ ਤੁਹਾਡੀ ਇਕੱਲ ਤੇ ਉਦਾਸੀ ਨਾਲ ਸਾਂਝ ਪਾਉਣੀ ਚਾਹੁੰਦਾ ਹਾਂ। ਕਿਤਾਬ ਵਿਚਲੀਆਂ ਕੁਝ ਹੋਰ ਕਵਿਤਾਵਾਂ ਵਿਚ ਵੀ ਉਦਾਸੀ ਤੇ ਇਕੱਲ ਦਾ ਅਹਿਸਾਸ ਤੁਸੀਂ ਬੜੀ ਸਹਿਜਤਾ ਨਾਲ ਪ੍ਰਗਟ ਕੀਤਾ ਹੈ, ਜੋ ਕਿ ਕਈ ਹੋਰ ਖੂਬੀਆਂ ਤੋਂ ਛੁੱਟ ਤੁਹਾਡੀ ਕਵਿਤਾ ਦੀ ਇਕ ਖਾਸ ਖੂਬੀ ਜਾਂਦੀ ਹੈ, ਇਹ ਸਹਿਜਤਾ ਸੋਖੀ ਤਰ੍ਹਾਂ ਨਹੀਂ ਸਿਰਜੀ ਜਾ ਸਕਦੀ। ਮੈਂ ਅਲਚੋਕ ਨਹੀਂ ਹਾਂ, ਵਰਨਾ ਉਹਨਾਂ ਖੂਬੀਆਂ ਬਾਰੇ ਲਿਖਦਾ।

ਸਮਰਪਣ ਵਾਲੀ ਕਵਿਤਾ ਦੀਆਂ ਅੰਤਲੀਆਂ ਦੋ ਸਤਰਾਂ ਵਿਚ ਇਹ ਸੋਚਣ ਦੀ ਲੋੜ ਕਿਉਂ ਬਣੀ ਕਿ ਕਿਤਾਬ ਇਸ ਨੂੰ ਸਮਰਪਣ ਕਰੇ? ਤਿੰਨੋਂ ਇਸ ਦੇ ਹੱਕਦਾਰ ਹਨ। ਅਸਲ ਵਿਚ, ਤਿੰਨਾਂ ਨੂੰ ਹੀ ਇਹ ਸਮਰਪਤ ਜਾਪਦੀ ਹੈ। ਪਤਾ ਨਹੀਂ, ਮੇਰਾ ਸਾਹਿਤਕ ਸੁਹਜ ਸਵਾਦ ਕਿਹੋ ਜਿਹਾ ਬਣ ਗਿਆ ਹੈ। ਚੰਗਾ ਜਾਂ ਮਾੜਾ, ਕਿ ਬਹੁਤੀਆਂ ਪੰਜਾਬੀ ਕਵਿਤਾਵਾਂ ਮੈਂ ਪੜ੍ਹ ਨਹੀਂ ਪਾਉਂਦਾ। ਤੁਹਾਨੂੰ ਪੜ੍ਹ ਪਾਇਆ ਹਾਂ, ਕਿ ਮੇਰੀ (ਤੇ ਸਾਇਦ ਤੁਹਾਡੀ ਵੀ) ਖੁਸ਼ਕਿਸਮਤੀ ਹੈ।

ਕਵਿਤਾਵਾਂ ਵਿਚ ਤੁਸੀਂ ਖਾਲੀ ਸਤਰ ਦੇ ਸਾਹਮਣੇ '!' ਚਿੰਨ੍ਹ ਦੋ ਦੋ ਤਿੰਨ ਤਿੰਨ ਵਾਰ ਵਰਤਿਆ ਗਿਆ ਹੈ। ਅਸਲ ਵਿਚ, ਤਿੰਨ ਵਾਰ ਵੀ ਵਰਤਣ ਦੀ ਲੋੜ ਨਹੀਂ ਸੀ। ਜੇ ਹੋਰ ਕਈ ਵਿਰਾਮ-ਚਿੰਨ੍ਹ ਨਹੀਂ ਵਰਤੇ ਸਕੇ ਤਾਂ ਇਹ ਚਿੰਨ੍ਹ ਵੀ ਨਹੀਂ ਸੀ ਵਰਤਣਾ ਚਾਹੀਦਾ। '?' ਚਿੰਨ੍ਹ ਦੀ ਵੀ ਲੋੜ ਨਹੀਂ ਸੀ। ਅਜ ਕੱਲ ਕਵਿਤਾ ਵਿਚ ਚਿਹਨਾਂ ਦੀ ਵਰਤੋਂ ਘਟ ਹੀ ਕੀਤੀ ਜਾਂਦੀ ਹੈ। ਹਾਂ, ਵਾਰਤਕ ਵਿਚ ਇਹਨਾਂ ਦੀ ਵਰਤੋਂ ਬਹੁਤ ਜ਼ਰੂਰੀ ਹੈ। ਕਵਿਤਾਵਾਂ ਵਿਚ ਤੁਹਾਨੂੰ ਜਿੰਨਾਂ ਕੁ ਵੇਖਿਆ-ਜਾਣਿਆ ਹੈ, ਉਹ ਕਾਫੀ ਨਹੀਂ ਹੈ। ਸੋ, ਤੁਹਾਡੇ ਬਾਰੇ ਕੁਝ ਹੋਰ ਜਾਨਣ ਵਿਚ ਦਿਲਚਸਪੀ ਹੈ। ਇਹ ਜਾਣਕਾਰੀ ਕਵਿਤਾਵਾਂ ਨੂੰ ਹੋਰ ਵਧੇਰੇ ਜਾਨਣ ਵਿਚ ਮਦਦ ਕਰੇ ਗੀ।

ਕਿਤਾਬ ਤੇ ਦੋ ਚਾਰ ਲਫ਼ਜ਼ ਅਤੇ ਆਪਣਾ ਨਾਂ ਲਿਖਾ ਦਿੰਦੇ, ਤਾਂ ਉਸ ਦੀ ਕੀਮਤ ਵਧ ਜਾਣੀ ਸੀ। ਉਹ ਤੋਹਫ਼ਾ ਬਣ ਜਾਣਾ ਸੀ। ਤੁਹਾਡਾ

**-ਸੁਖਬੀਰ, ਬੰਬਈ**

**ਸੁਖਬੀਰ ਦਾ ਖ਼ਤ ਨੌਜਵਾਨ ਕਹਾਣੀਕਾਰ ਕਰਮਜੀਤ ਨਡਾਲਾ ਵੱਲ**

ਪਿਆਰੇ ਕਰਮਜੀਤ ਸਿੰਘ ਨਡਾਲਾ ਜੀ 5-10-96

ਤੁਹਾਡਾ 17-9 ਦਾ ਖ਼ਤ 2 ਤਰੀਕ ਨੂੰ ਮਿਲਿਆ। ਉਹ ਪੜ੍ਹ ਕੇ ਖਾਸ ਖੁਸ਼ੀ ਪਾਠਕਾਂ ਦੇ ਖ਼ਤਾਂ ਵਿਚ ਕਦੇ ਕਦੇ ਪਾਠਕ ਦਾ ਖ਼ਤ ਪਾ ਕੇ ਖੁਸ਼ੀ ਹੁੰਦੀ ਹੈ। ਜੋ ਉਸ ਦੀ ਚੰਗੀ ਸੂਝ ਸਮਝ ਤੇ ਵਧੀਆ ਸੁਹਜ ਸੁਆਦ ਦਾ ਪਤਾ ਦਿੰਦੀ ਹੈ। ਤੁਸੀਂ 'ਸੜਕਾਂ ਤੇ ਕਮਰੇ' ਨੂੰ ਜਿਸ ਸ਼ੌਕ ਨਾਲ ਪੜ੍ਹਿਆ ਤੇ ਮਾਣਿਆ ਹੈ, ਉਸ ਦੀ ਦਾਦ ਦੇਣੀ ਚਾਹੁੰਦਾ ਹਾਂ। ਤੁਹਾਡੀ ਇਹ ਗੱਲ ਚੰਗੀ ਲੱਗੀ ਕਿ 1964 'ਚ ਲਿਖਿਆ ਇਹ ਨਾਵਲ ਹੁਣ ਵੀ ਨਵਾਂ-ਨਵੇਲਾ ਲੱਗਦਾ ਹੈ, ਜਿਵੇਂ ਅੱਜ ਹੀ ਲਿਖਿਆ ਹੋਵੇ।' ਹਰ ਕਲਾ ਦੀ ਖੂਬੀ ਇਸ ਗੱਲ ਵਿਚ ਹੈ ਕਿ ਉਹ ਸਮੇਂ ਨਾਲ ਪੁਰਾਣੀ ਨਾ ਹੋਵੇ। ਕਲਾ ਦੀਆਂ ਕੁਝ ਬੁਨਿਆਦੀ ਕਦਰਾਂ-ਕੀਮਤਾਂ ਹੁੰਦੀਆਂ ਹਨ, ਜੋ ਉਸ ਨੂੰ ਪੁਰਾਣਾ ਨਹੀਂ ਪੈਣ ਦਿੰਦੀਆਂ। ਮੈਂ ਉਹਨਾਂ ਦਾ ਖਾਸ ਖਿਆਲ ਰੱਖਦਾ ਹਾਂ। ਖਾਸ ਕਰ 'ਫੌਰਮ' (ਰੂਪਕ ਪੱਖ) ਦੇ ਨੁਕਤੇ ਤੋਂ।

ਜਿਵੇਂ ਪਾਠਕ ਦੇ ਮਨ ਵਿਚ ਆਪਣੇ ਮਨ ਪਸੰਦ ਲੇਖਕ ਨੂੰ ਮਿਲਣ ਦੀ ਲਾਲਸਾ ਹੁੰਦੀ ਹੈ, ਉਸੇ ਤਰਾਂ ਲੇਖਕ ਦੀ ਆਪਣੇ ਚੰਗੇ ਸੂਝਵਾਨ ਪਾਠਕ ਨੂੰ ਮਿਲਣਾ ਚਾਹੁੰਦਾ ਹੈ। ਤੁਹਾਨੂੰ ਕਦੇ ਮਿਲਣ ਦੀ ਖੁਸ਼ੀ ਲਵਾਂਗਾ।

ਉਂਝ ਤਾਂ ਮੇਰੇ ਨਾਵਲ ਕਿਸੇ ਵੀ ਤਰਤੀਬ ਵਿਚ ਪੜ੍ਹ ਸਕਦੇ ਹੋ, ਫੇਰ ਵੀ ਪਹਿਲਾਂ 'ਪਾਣੀ ਤੇ ਪੁਲ' ਪੜ੍ਹਨਾ ਤੇ ਫੇਰ 'ਰਾਤ ਦਾ ਚਿਹਰਾ'। 'ਕੱਚ ਦਾ ਸ਼ਹਿਰ' ਬਾਲ ਨਾਵਲ ਹੈ। ਘਰ ਵਿਚ ਕਿਸੇ ਬੱਚੇ ਨੂੰ ਪੜ੍ਹਾ ਕੇ ਵੇਖਣਾ ਕਿ ਉਸ ਦੀ ਕਸਵੱਟੀ ਤੇ ਪੂਰਾ ਉਤਰਦਾ ਹੈ ਜਾਂ ਨਹੀਂ। ਤੁਹਾਡੀ ਕੋਈ ਰਚਨਾ ਛਪੇ ਤਾਂ ਪਤਾ ਦੇਣਾ। ਦਿਲਚਸਪੀ ਨਾਲ ਪੜ੍ਹਾਂਗਾ। ਸ਼ੁੱਭ ਇਛਾਵਾਂ ਨਾਲ

**- ਸੁਖਬੀਰ**

**ਸੁਖਬੀਰ ਦਾ ਖ਼ਤ ਕਥਾਕਾਰ ਮੁਖਤਿਆਰ ਸਿੰਘ ਵੱਲ**

ਪਿਆਰੇ ਮੁਖਤਿਆਰ ਸਿੰਘ ਜੀ 19-9-83

ਤੁਹਾਡਾ ਕਹਾਣੀ ਸੰਗ੍ਰਹਿ 'ਲੁੱਕ ਵਿਚ ਫਸੇ ਪੈਰ' ਮਿਲਿਆਂ। ਸਾਲ ਤੋਂ ਉਪਰ ਹੋ ਗਿਆ ਹੈ, ਪਰ ਮੈਂ ਜਵਾਬ ਨਹੀਂ ਦੇ ਸਕਿਆ। ਅਸਲ ਵਿਚ ਕਿਤਾਬ ਕਿਤੇ ਰੱਖੀ ਗਈ ਸੀ ਤੇ ਫਿਰ ਮਿਲੀ ਹੀ ਨਹੀਂ ਸੀ। ਹੁਣ ਅਚਾਨਕ ਮਿਲੀ ਹੈ ਮੈਂ ਇਕੋ ਬੈਠਕ ਵਿਚ ਉਸ ਵਿਚਲੀਆਂ ਚਾਰ ਕਹਾਣੀਆਂ ਪੜ੍ਹ ਲਈਆਂ ਹਨ। ਤੀਜਾ ਪਹਿਰ, ਦੋ ਖ਼ਣ, ਚਾਬੀਆਂ, ਗੁੱਸਾ ਤੇ 'ਲੁੱਕ ਵਿਚ ਫਸੇ ਪੈਰ'। ਕਹਾਣੀਆਂ ਮੈਨੂੰ ਚੰਗੀਆਂ ਲੱਗੀਆਂ ਹਨ। ਪਤਾ ਨਹੀਂ ਇਹ ਕਿਥੇ ਛਪੀਆਂ ਸਨ, ਪਰ 'ਆਰਸੀ' ਵਰਗੇ ਪਰਚੇ ਵਿਚ ਛਾਪਣ ਨਾਲ ਇਹਨਾਂ ਵਲ ਸੂਝਵਾਨ ਪਾਠਕਾਂ ਦਾ ਧਿਆਨ ਖਿੱਚਿਆ ਜਾਂਦੈ? ਜੇ ਚਾਹੋ ਤਾਂ ਅੱਗੋਂ ਕਹਾਣੀ ਲਿਖਣ ਤੇ ਮੈਨੂੰ ਭੇਜਣੀ। ਚੰਗੀ ਲਗਣ ਤੇ ਮੈਂ 'ਆਰਸੀ' ਨੂੰ ਭੇਜ ਦਿਆਗਾ। ਜੋ ਬਹੁਤ ਕਰਕੇ ਉਸ ਵਿਚ ਛਪ ਜਾਵੇਗੀ। ਪਰ ਜੇ ਕਹਾਣੀ ਚੰਗੀ ਨਾ ਲੱਗੀ, ਤਾਂ ਵਾਪਸ ਕਰਨ ਤੇ ਬੁਰਾ ਨਾ ਮਨਾਉਣਾ। ਸ਼ੁੱਭ ਚਿੰਤਕ

**- ਸੁਖਬੀਰ**

**ਸੁਖਬੀਰ ਦਾ ਖ਼ਤ ਬਲਦੇਵ ਸਿੰਘ 'ਬੱਦਨ' ਵੱਲ**

ਪਿਆਰੇ ਬਲਦੇਵ ਸਿੰਘ 'ਬੱਦਨ' 5-8-86

ਤੁਹਾਡੇ ਖ਼ਤ ਦਾ ਜੁਵਾਬ ਦੇਰ ਨਾਲ ਦੇ ਰਿਹਾ ਹਾਂ। ਖਿਆਲ ਨਾ ਕਰਨਾ। ਕਿਸੇ ਭਾਸ਼ਾ ਦੇ ਸਾਹਿਤਕਾਰਾਂ



ਨੂੰ ਭੂਗੋਲਕ ਨੁਕਤੇ ਤੋਂ ਵੰਡਣਾ ਮੈਂ ਠੀਕ ਨਹੀਂ ਸਮਝਦਾ। ਸੋ, ਤੁਹਾਡੀ ਮੰਗ ਪੂਰੀ ਨਹੀਂ ਕਰ ਸਕਾਂਗਾ। ਇਸ ਤੋਂ ਪਹਿਲਾਂ ਵੀ ਇਸ ਕਿਸਮ ਦੇ ਸੰਗ੍ਰਹਿ ਵਿਚ ਮੈਂ ਸ਼ਾਮਿਲ ਹੋਣੋਂ ਸੰਕੋਚ ਕੀਤਾ ਹੈ। ਆਸ ਹੈ, ਮੇਰੀ ਇਸ ਨਾਂਹ ਦਾ ਬੁਰਾ ਨਹੀਂ ਮਨਾਉਗੇ। ਸ਼ੁੱਭ ਇਛਾਵਾਂ ਨਾਲ।

**-ਸੁਖਬੀਰ**

**ਐੱਸ. ਬਲਵੰਤ ਨੂੰ ਹਿੰਦੀ ਦੀ ਪ੍ਰਸਿੱਧ ਲੇਖਕ ਕ੍ਰਿਸ਼ਨਾ ਸੋਬਤੀ ਦਾ ਖ਼ਤ**

ਐੱਸ. ਬਲਵੰਤ...!

ਉਪਭੋਗਤਾ ਸੰਸਕ੍ਰਿਤੀ ਨੇ ਵਿਸ਼ਵ ਭਰ ਦੀਆਂ ਭੂਗੋਲਿਕ ਸੀਮਾਵਾਂ ਨੂੰ ਤਕਨਾਲੋਜੀ ਰਾਹੀਂ ਸੰਚਾਲਤ ਕਾਰਜ ਪ੍ਰਣਾਲੀ ਨਾਲ ਘੇਰ ਲਿਆ ਹੈ। ਵਿਸ਼ਵ-ਵਿਆਪੀ ਵਿਸ਼ਾਲ ਪ੍ਰਚਾਰ, ਪ੍ਰਸਾਰ ਅਤੇ ਸੰਚਾਰ ਮਾਧਿਅਮਾਂ ਨੇ ਨਾਂ ਸਿਰਫ ਸਾਹਿਤ, ਸੰਸਕ੍ਰਿਤੀ ਅਤੇ ਕਲਾਵਾਂ ਨੂੰ ਹੀ ਪ੍ਰਭਾਵਿਤ ਕੀਤਾ ਹੈ, ਸਗੋਂ ਇਸ ਨੇ ਆਪਣੇ ਅਦਭੁਤ ਤਾਣੇ-ਬਾਣੇ ਨਾਲ ਜੀਵਨ ਦੇ ਮਨੁੱਖੀ-ਪੱਖ 'ਚ ਵੀ ਦਖ਼ਲ ਅੰਦਾਜੀ ਕੀਤੀ ਹੈ। ਸਾਹਿਤ 'ਚ ਨਜ਼ਰ ਆਉਂਦੇ ਪਰੰਪਰਾਗਤ ਮੂਲ ਵਿਚਾਰ ਅਤੇ ਸ਼ਿਲਪ, ਜਿਸ ਦਵੰਦਾਤਮਕ ਬਿੰਦੂ ਨੂੰ ਛੋਹ ਕੇ ਪਰਿਵਰਤਨ ਵਲ ਵੱਧ ਰਹੇ ਹਨ, ਉਹ ਸਾਡੇ ਸਾਹਮਣੇ ਸਥਿਤੀ ਦੀ ਬੇਬਸੀ ਅਤੇ ਚੁਣੌਤੀ ਨੂੰ ਵੀ ਇੱਕੋ ਸਮੇਂ ਪੇਸ਼ ਕਰਦੇ ਹਨ। ਅੱਜ ਦੇ ਬਦਲਦੇ ਸੰਕੇਤਾਂ ਅਤੇ ਮਾਪਦੰਡਾਂ ਦੇ ਸਰੂਪ ਕੁੱਝ ਐਸੇ ਪਰਿਪੇਖ ਵਿਚ ਦੇਖੇ ਜਾ ਸਕਦੇ ਹਨ, ਜਿੱਥੇ ਕਥਾ-ਲੇਖਨ ਨੂੰ ਇਤਿਹਾਸ ਅਤੇ ਇਤਿਹਾਸ ਦੀ ਪਰਕਲਪਨਾ ਦਾ ਗਲਪ ਵੀ ਕਿਹਾ ਜਾ ਸਕਦਾ ਹੈ। ਤਫਸੀਲ ਦੇ ਕਥਨ ਨੂੰ ਕਹਾਣੀਪਨ ਦਾ ਇਤਿਹਾਸ ਵੀ ਕਿਉਂ ਨਹੀਂ ਕਿਹਾ ਜਾ ਸਕਦਾ? ਇਸ ਸੰਦਰਭ ਵਿਚ ਬਲਵੰਤ ਦੀਆਂ ਕਹਾਣੀਆਂ ਜੀਉਂਦੇ ਸੰਸਾਰ ਦਾ ਧੜਕਦਾ ਇਤਿਹਾਸ ਹਨ। ਜੀਵਨ ਦੇ ਅਨੁਭਵ ਦੀ ਜਿਸ ਵਿਲੱਖਣਤਾ ਦਾ ਚਿੱਤਰਨ ਪੇਸ਼ ਕੀਤਾ ਗਿਆ ਹੈ, ਉਹ ਵਿਪਰੀਤ ਦਿਸ਼ਾ ਵਿਚ ਨਵੇਂ ਤੋਂ ਪੁਰਾਣੇ ਦਾ ਆਹਮਣਾ-ਸਾਹਮਣਾ ਹੈ। ਸਾਖਿਆਤਕਾਰ ਹੈ। ਇੱਕੋ ਜਿਹਾ ਲੱਗਦਾ ਤਾਂ ਹੈ, ਪਰ ਇੱਕੋ ਜਿਹਾ ਹੈ ਨਹੀਂ। ਵਿਅਕਤੀਗਤ ਅਤੇ ਸਮਾਜਕ ਪੱਧਰ ਤੇ ਬਲਵੰਤ ਨੇ ਮੂਲ ਸੰਸਕਾਰਾਂ ਦੀਆਂ ਪੁਰਾਣੀਆਂ ਲੀਹਾਂ ਨੂੰ ਤੋੜਿਆ ਹੈ। ਸਥਿਤੀਆਂ ਦੀ ਤਤਕਾਲੀਨਤਾ, ਮਨੋਭੂਮੀ ਦੀਆਂ ਖੁਸ਼ੀਆਂ, ਉਦਾਸੀਆਂ, ਆਪਣੇ ਖੋਲ ਵਿੱਚੋਂ ਪੁਰਾਣੀ ਖੱਲ ਦੀਆਂ ਵਿਸੰਗਤੀਆਂ ਅਤੇ ਭਰਮ ਖੋਹਲਦੀਆਂ ਚਲੀਆਂ ਜਾਂਦੀਆਂ ਹਨ। ਸੰਬੰਧਾਂ ਦੇ ਸਵੀਕਾਰਤ ਰੂਪ ਹੇਠ ਦਰਾਰਾਂ ਦੀ ਸ਼ਕਲ ਵਿਚ ਵਿਅਕਤੀ ਦੇ ਮਨੋ-ਵਿਗਿਆਨਕ ਸੰਦਰਭ ਵੀ ਬਰਾਬਰ ਝਾਕਦੇ ਰਹਿੰਦੇ ਹਨ। ਉਨ੍ਹਾਂ ਨੂੰ ਖੁਦ ਨੂੰ ਖੁਦ ਨਾਲ ਬਰਾਬਰ ਲੜਨਾ ਪੈਂਦਾ ਹੈ।

'ਮ੍ਰਿਗਤ੍ਰਿਸ਼ਨਾ', 'ਮਹਾਨਗਰ', 'ਅਧੂਰੇ ਲੋਕ', 'ਜੰਮੀ ਹੋਈ ਅੱਗ', 'ਪਲੇਸਮੈਂਟ ਸਰਵਿਸ', 'ਬਰਫ਼ ਦਾ ਸੇਕ', 'ਜ਼ਖ਼ਮਾਂ ਦੀ ਫ਼ਸਲ', 'ਡੈਸਟਿਨੀ', 'ਸੁਪਨੇ ਦੇ ਸੌਦਾਗਰ' ਤੇ ਬਾਕੀ ਹੋਰ ਕਹਾਣੀਆਂ ਵਿਚ ਸਧਾਰਣਤਾ ਦੀ ਅਸਾਧਾਰਣ ਰਚਨਾਤਮਕ ਪੇਸ਼ਕਾਰੀ ਕੁੱਝ ਅਜਿਹੀ ਹੈ ਕਿ ਕਹਾਣੀ ਦਾ ਕਹਾਣੀਪਨ ਵੀ ਗਾਇਬ ਨਾ ਹੋਵੇ। ਬਲਵੰਤ ਦੇ ਸ਼ਿਲਪ ਤੇ ਕਥਾ ਦਾ ਇਹੀ ਮਿਜਾਜ਼ ਹੈ।

ਨਵੀਂ ਸਦੀ ਦੇ ਉਘੜਦੇ, ਜਿਸ ਜਿਗਿਆਸਾ ਅਤੇ ਪੜਤਾਲ ਦੀ ਉਮੀਦ ਅਸੀਂ ਇਕ ਜਾਗਰੁਕ ਕਹਾਣੀਕਾਰ ਤੋਂ ਕਰਦੇ ਹਾਂ, ਉਹ ਸਕਿਰਿਆ ਅਤੇ ਦ੍ਰਿਸ਼ਟੀ ਬਲਵੰਤ ਕੋਲ ਹੈ। ਨਾਟਕੀ ਪ੍ਰਸੰਗਾਂ ਤੋਂ ਉਭਰਕੇ ਉਹ ਜ਼ਿੰਦਗੀ ਦੇ ਖੁਰਦਰੇ ਅਤੇ ਖ਼ਰੇ ਨੂੰ ਅਨੁਕੂਲ ਅਤੇ ਸੰਤੁਲਨ ਦੀ ਰਚਨਾ ਨੂੰ ਆਪਣੇ ਲੇਖਣ ਰਾਹੀਂ ਪ੍ਰਵਾਹਤ ਕਰਦੇ ਰਹਿਣਗੇ, ਇਸ ਦਾ ਤਾਂ ਸਾਨੂੰ ਯਕੀਨ ਹੈ।

**- ਕ੍ਰਿਸ਼ਨਾ ਸੋਬਤੀ** (ਹਿੰਦੀ ਦੀ ਮਸ਼ਹੂਰ ਅਫਸਾਨਾ ਨਿਗਾਰ)

**ਹਰਨਾਮ ਸਿੰਘ ਸ਼ਾਨ ਦਾ ਖ਼ਤ ਬਲਦੇਵ ਸਿੰਘ 'ਬੱਦਨ' ਵੱਲ**

ਮੇਰੇ ਪਿਆਰੇ 'ਬੱਦਨ' ਜੀ 11-3-1992

ਪੁਸਤਕ ਮੇਲੇ ਸਮੇਂ ਹੋਏ ਦਰਸ਼ਨ ਮੇਲੇ ਭਾਵੇਂ ਅਚਾਨਕ ਤੇ ਛਿੰਨ ਭੰਗਰ ਸਨ, ਪਰ ਉਨ੍ਹਾਂ ਦੀ ਯਾਦ ਤੇ ਸੁਆਦ ਕਈ ਵਾਰ ਚਿਤਾਰਿਆ ਤੇ ਮਾਣਿਆ ਹੈ ਜਿਸ ਲਈ ਰਿਣੀ ਹਾਂ।

ਉਦੋਂ ਕੀਤੇ ਇਕਰਾਰ ਅਨੁਸਾਰ, ਮੈਂ ਦੂਜੇ ਦਿਨ ਉਥੇ ਹਾਜ਼ਰ ਨਹੀਂ ਹੋ ਸਕਿਆ ਸਾਂ ਜਿਸ ਦਾ ਅਰਮਾਨ ਅਜੇ ਤਕ ਲਗ ਰਿਹਾ ਹਾਂ। ਉਸ ਗ਼ੈਰ ਹਾਜ਼ਰੀ ਦਾ ਕਾਰਨ ਚੰਡੀਗੜ੍ਹ ਲਈ ਛੇਤੀ ਤੋਂ ਛੇਤੀ ਰਵਾਨਗੀ ਸੀ ਜਿਸ ਕਰਕੇ ਨਾ ਆਪ ਨੂੰ ਮੁੜ ਮਿਲ ਸਕਿਆ ਸਾਂ ਅਤੇ ਨਾ ਹੀ ਆਪਣੀ ਅਨੁਵਾਦਿਤ ਪੁਸਤਕ, 'ਅਕਬਰ' ਦੀਆਂ ਕਾਪੀਆਂ ਪ੍ਰਾਪਤ ਕਰ ਸਕਿਆ ਸਾਂ। ਸੋ ਖਿਮਾ ਕਰਨਾ ਜੀ ਅਤੇ ਜੇ ਮੁਮਕਨ ਤੇ ਮੁਨਾਸਬ ਸਮਝੋ ਤਾਂ ਉਸ ਦੀਆਂ ਤਿੰਨ ਕਾਪੀਆਂ ਭੇਜ ਜਾਂ ਭਿਜਵਾ ਕੇ ਰਿਣੀ ਬਣਾਓ ਜੀ।

ਆਪ ਵੱਲੋਂ ਸੰਪਾਦਿਤ 'ਐਨ. ਬੀ. ਟੀ. ਸਮਾਚਾਰ ਪਤ੍ਰਿੱਕਾ' ਦੇ ਪੰਜਵੇਂ ਅੰਕ ਲਈ ਧੰਨਵਾਦੀ ਹਾਂ। ਇਸ ਵਿਚ ਅੰਕਿਤ ਜਾਣਕਾਰੀ ਬੜੀ ਲਾਭਦਾਇਕ ਹੈ। ਸੋ ਜੇ ਹੋ ਸਕੇ ਤਾਂ ਇਸ ਤੋਂ ਪਹਿਲਾਂ ਛਾਪੇ ਚਾਰ ਪਰਚੇ ਵੀ ਭਿਜਵਾ ਦਿਓ ਜੀ।

**-ਹਰਨਾਮ ਸਿੰਘ ਸ਼ਾਨ (ਡਾ.) ਚੰਡੀਗੜ੍ਹ**

**ਨਾਟਕਕਾਰ ਅਜਮੇਰ ਸਿੰਘ ਔਲਖ ਦੇ ਖ਼ਤ ਮਨਮੋਹਨ ਬਾਵਾ ਵੱਲ**

ਪਿਆਰੇ ਤੇ ਮਾਨਯੋਗ ਬਾਵਾ ਜੀ 3-5-99

ਮੇਰੇ ਪੱਤਰ ਦੇ ਜਵਾਬ ਵਿਚ ਲਿਖਿਆ ਤੁਹਾਡਾ ਪੱਤਰ ਮਿਲ ਗਿਆ ਹੈ। ਧੰਨਵਾਦ! ਆਪਣਾ ਪੱਤਰ ਮੈਂ ਕੋਈ ਰਸਮੀ ਤੌਰ 'ਤੇ ਜਾਂ ਤੁਹਾਡੀ ਫੋਕੀ ਪ੍ਰਸੰਸਾ ਕਰਨ ਲਈ ਨਹੀਂ ਸੀ ਲਿਖਿਆ, ਅਜਿਹੀ ਮੇਰੀ ਆਦਤ ਨਹੀਂ ਹੈ। ਮੈਂ ਬਹੁਤੀਆਂ ਚਿੱਠੀਆਂ ਉਂਜ ਹੀ ਨਹੀਂ ਲਿਖਦਾ। ਇਹਨਾਂ ਦਿਨਾਂ ਵਿੱਚ ਛੇ-ਸੱਤ ਪੁਸਤਕਾਂ ਪੜ੍ਹੀਆਂ ਹਨ ਪਰ ਪੱਤਰ ਸਿਰਫ ਤੁਹਾਨੂੰ ਹੀ ਲਿਖਿਆ ਸੀ, ਉਹ ਵੀ ਇਸ ਕਰ ਕੇ ਕਿਉਂਕਿ ਤੁਹਾਡੀਆਂ ਕਹਾਣੀਆਂ ਪੜ੍ਹ ਕੇ ਮੈਨੂੰ ਸੱਚ-ਮੁੱਚ ਹੀ ਲੱਗਿਆ ਸੀ ਕਿ ਮੈਂ ਕੁਝ ਨਵਾਂ-ਨਵਾਂ ਅਣੋਖਾ ਤੇ ਵੱਖਰੀ ਕਿਸਮ ਦਾ ਪੜ੍ਹਿਆ ਹੈ।

ਕਦੇ ਮੌਕਾ ਮਿਲਿਆ ਤਾਂ ਜ਼ਰੂਰ ਮਿਲਾਂਗੇ। ਕਦੇ ਏਧਰ ਮਾਨਸਾ-ਬਰਨਾਲਾ ਵੱਲ ਗੇੜਾ ਵੱਜੇ ਤਾਂ ਦਰਸ਼ਨ ਜ਼ਰੂਰ ਦੇਵੋ। ਟੈਲੀਫ਼ੋਨ ਕਰ ਦੇਣਾ ਮੈਂ ਖ਼ੁਦ ਹਾਜ਼ਰ ਹੋ ਜਾਵਾਂਗਾ। ਹੱਥ ਵਿਚ ਨੁਕਸ ਹੈ, ਨਹੀਂ ਤਾਂ ਵਿਸਤਾਰ ਨਾਲ ਆਪਣੀਆਂ ਭਾਵਨਾਵਾਂ ਪਰਗਟਾਉਂਦਾ। ਫ਼ਿਲਹਾਲ ਇਤਨਾ ਹੀ। ਤੁਹਾਡਾ ਆਪਣਾ

**- ਅਜਮੇਰ ਸਿੰਘ ਔਲਖ**

ਪਿਆਰੇ ਬਾਵਾ ਜੀ

ਤੁਹਾਡਾ ਕਹਾਣੀ ਸੰਗ੍ਰਹਿ 'ਅਜਾਤ ਸੁੰਦਰੀ' ਪੜ੍ਹਨ ਦਾ ਮੌਕਾ ਮਿਲਿਆ ਹੈ। ਪਹਿਲਾਂ ਵੀ ਇੱਕ-ਦੋ ਕਹਾਣੀਆਂ 'ਕਹਾਣੀ ਪੰਜਾਬ' ਵਿਚ ਪੜ੍ਹੀਆਂ ਸਨ। ਪਰ ਇਸ ਸੰਗ੍ਰਹਿ ਵਿੱਚ ਸੰਗਠਿਤ ਰੂਪ ਵਿੱਚ ਪੜ੍ਹ ਕੇ ਇਹ ਸਤਰਾਂ ਲਿਖਣ ਨੂੰ ਜੀਅ ਕਰ ਆਇਆ ਹੈ। ਵਿਸ਼ੇ-ਵਸਤੂ ਪੱਖੋਂ ਨਿਵੇਕਲੀਆਂ ਹੋਣ ਕਾਰਨ ਇਹਨਾਂ ਕਹਾਣੀਆਂ ਦਾ ਪੰਜਾਬੀ ਕਥਾ-ਜਗਤ ਵਿੱਚ ਸੱਚ-ਮੁੱਚ ਅਹਿਮ ਤੇ ਨਿਵੇਕਲਾ ਸਥਾਨ ਹੈ। ਵਿਸ਼ਾ ਭਾਵੇਂ ਪੁਰਾਤਨ ਇਤਿਹਾਸ-ਮਿਥਿਹਾਸ ਹੈ ਪਰ ਇਸਦਾ ਸਾਰ ਤੇ ਵਸਤੂ ਬਿਲਕੁਲ ਨਵੀਨ ਤੇ ਤਰੋਤਾਜ਼ਾ ਹੈ। ਇਸ ਲਈ ਇਸਦੀ ਮਹਿਕ ਅਣੋਖੀ ਹੈ, ਮਨਮੋਹਕ ਹੈ। ਜਿਸ ਡੂੰਘ-ਦ੍ਰਿਸ਼ਟੀ ਨਾਲ ਤੁਸੀਂ



ਆਦਿ-ਵਾਸੀਆਂ ਤੇ ਆਰੀਆਂ ਵਿਚਲੇ ਸਮਾਜਿਕ, ਆਰਥਿਕ ਤੇ ਰਾਜਨੀਤਕ ਤਣਾਵਾਂ ਨੂੰ ਕਥਾ-ਕਲਾ ਦਾ ਰੂਪ ਦਿੱਤਾ ਹੈ ਉਹ ਇਤਿਹਾਸ ਤੇ ਮਿਥਿਹਾਸ ਦਾ ਸੰਪੂਰਨ ਗਿਆਤਾ ਪਰ ਨਾਲ ਦੀ ਨਾਲ ਕਲਾ ਵਿੱਚ ਪਰਵੀਨ ਸੰਵੇਦਨਸ਼ੀਲ ਕਲਾਕਾਰ ਹੀ ਦੇ ਸਕਦਾ ਹੈ! ਸੱਚੀ ਗੱਲ ਤਾਂ ਇਹ ਹੈ ਤੁਹਾਡਾ ਇਹ ਸੰਗ੍ਰਹਿ ਪੜ੍ਹ ਕੇ ਪਾਠਕ ਨੂੰ ਆਪਣੇ ਇਤਿਹਾਸ ਅਤੇ ਮਿਥਹਾਸ ਨੂੰ ਪੁਨਰ-ਚਿੰਤਨ ਲਈ ਨਵੀਂ ਸੂਝ ਤੇ ਦ੍ਰਿਸ਼ਟੀ ਦੀ ਪ੍ਰਾਪਤੀ ਹੁੰਦੀ ਹੈ।

ਤੁਹਾਡੀ ਕਲਾ (ਸ਼ੈਲੀ) ਨਿਰਉਚੇਚ ਤੇ ਸਹਿਜ ਹੈ। ਕੁਝ ਵੀ ਵਿਸ਼ੇਸ਼ ਤੌਰ 'ਤੇ ਥਾਪਿਆ ਜਾ ਪਾਇਆ ਨਹੀਂ ਜਾਪਦਾ (ਮੇਰੀ ਜਾਚੇ ਸਾਦਾ ਤੇ ਸਹਿਜ ਲਿਖਣਾ ਅਤੀ ਮੁਸ਼ਕਲ ਹੈ) ਜੀਵਨ ਯਥਾਰਥ ਸਹਿਜੇ-ਸਹਿਜੇ ਆਪ-ਮੁਹਾਰੇ ਹੀ ਸਾਡੇ ਅੰਦਰ ਸਿੰਜਿਆ ਜਾਂਦਾ ਹੈ। ਸਾਧਾਰਨ ਵਰਤਾਰਿਆਂ ਦੇ ਪਿਛੇ ਇਤਨਾ ਕੁਝ ਅਹਿਮ ਭਰਪੂਰ ਵੀ ਹੋ ਸਕਦਾ ਹੈ, ਇਸਦਾ ਅਹਿਸਾਸ ਤੁਹਾਡੀਆਂ ਕਹਾਣੀਆਂ ਅਛੋਪਲੇ ਜਿਹੇ ਹੀ ਕਰਾ ਜਾਂਦੀਆਂ ਹਨ।

**-ਅਜਮੇਰ ਸਿੰਘ ਔਲਖ**

**ਹਰਿੰਦਰ ਸਿੰਘ ਮਹਿਬੂਬ ਦਾ ਖ਼ਤ ਮਨਮੋਹਨ ਬਾਵਾ ਵੱਲ**

ਪਿਆਰੇ ਮਨਮੋਹਨ ਸਿਘ ਬਾਵਾ ਜੀਓ 16-8-2000

ਯਕੀਨ ਕਰਨਾ ਮੈਂ ਤੁਹਾਡੀ ਪਿਆਰੀ ਕਿਤਾਬ **'ਅਜਾਤ ਸੁੰਦਰੀ'** ਪੜ੍ਹ ਰਿਹਾ ਸਾਂ। ਜਦੋਂ ਦੁਪਹਿਰੇ ਢਾਈ ਵਜੇ ਮੈਨੂੰ ਡਾਕੀਏ ਨੇ ਤੁਹਾਡੇ ਸਫ਼ਰਨਾਮੇ ਲਿਆ ਕੇ ਦਿੱਤੇ। ਹਾਲੇ ਮੈਂ ਸ਼ੁਰੂ ਨਹੀਂ ਕੀਤੇ, ਕਿਉਂਕਿ **'ਅਜਾਤ ਸੁੰਦਰੀ'** ਦੀਆਂ ਗਿਆਰਾਂ ਕਹਾਣੀਆਂ ਹੁਣ ਤੋਂ ਦੋ ਕੁ ਘੰਟੇ ਪਹਿਲਾਂ ਹੀ ਮੁਕਾਈਆਂ ਹਨ। ਮੈਂ ਤੁਹਾਡੀ ਇਹ ਕਿਤਾਬ ਬਹੁਤ ਸਰਫ਼ਾ ਕਰਕੇ ਪੜ੍ਹੀ, ਮੇਰਾ ਦਿਲ ਕਰਦਾ ਸੀ, ਮੁੱਕੇ ਹੀ ਨਾਂਹ! ਤਿੰਨ ਦਿਨ ਤਾਂ ਕੰਜੂਸੀ ਵੀ ਕੀਤੀ, ਪਰ ਕੀ ਕਰਦਾ? ਆਖਿਰ ਹਰ ਚੀਜ਼ ਦਾ ਅੰਤ ਆ ਜਾਂਦਾ ਹੈ! ਕਹਾਣੀਆਂ ਮੈਂ ਕਿਤਾਬ ਵਾਲੀ ਤਰਤੀਬ ਵਿਚ ਨਹੀਂ ਪੜ੍ਹੀਆ। ਪਹਿਲਾਂ **'ਅਜਾਤ ਸੁੰਦਰੀ'** ਤੇ ਨੀਲਮਾ, ਫੇਰ ਅਗੜ ਪਿੱਛੜ ਕਰਕੇ ਹੋਰ, ਤੇ ਅੱਜ ਭਿੱਖੂ ਤੇ ਸੁਰਭੀ। ਪ੍ਰਭਾਵਤੀ, ਰਿਕਵ, ਇਕਲੱਵਆ ਤੇ ਨੀਲਮਾ ਨੇ ਤਾਂ ਦਿਲ ਹੀ ਮੋਹ ਲਿਆ। ਤੁਹਾਡੇ ਵਾਂਗ ਮੈਂ ਵੀ ਲੰਘ ਗਏ ਸਮਿਆਂ ਦੇ ਮਨੁੱਖੀ ਮਨ, ਧਰਤੀ, ਦਰਿਆਵਾਂ, ਸਮਾਜਾਂ, ਰਾਜਾਂ ਅਤੇ ਬਾਦਸ਼ਾਹਾਂ ਦੀ ਪੁਨਰ-ਸਿਰਜਣਾ ਕਰਨ ਲਈ ਸਾਧਨਾ ਕਰਦਾ ਹਾਂ। ਮੈਂ ਪੁਰਾਣੇ ਸਮਿਆਂ ਦੇ ਭੂਗੋਲ, ਸਾਹਿਤ ਸਫ਼ਰਨਾਮਿਆਂ ਤੇ ਇਤਿਹਾਸਾਂ ਉੱਤੇ ਵਿਸ਼ੇਸ਼ ਤੌਰ ਉੱਤੇ ਧਿਆਨ ਲਾਉਂਦਾ ਹਾਂ। ਮੈਨੂੰ ਆਧੁਨਿਕ ਜੰਗਲੀ ਕਬੀਲਿਆਂ ਅਤੇ ਕੁਲਸੂਮ (ਸਾਊਦੀ ਅਰਬ) ਵਰਗੀਆਂ ਗਾਇਕਾਵਾਂ ਨਾਲ ਵੀ ਇਸ਼ਕ ਹੈ। ਇਹਨਾਂ ਵਰਗੀਆਂ ਹਸਤੀਆਂ ਮੈਨੂੰ ਇਨਸਾਨ ਦੀ ਮੌਲਿਕ ਚੇਤਨਾ ਤਕ ਲੈ ਜਾਂਦੀਆਂ ਹਨ। ਸੋ ਇਸ ਤਰ੍ਹਾਂ ਦੇ ਮਨ ਨਾਲ ਮੈਂ 'ਅਜਾਤ ਸੁੰਦਰੀ' ਦੀਆਂ ਮਨਮੋਹਕ ਕਥਾਵਾਂ ਦਾ ਪਾਠ ਕੀਤਾ। ਇਹਨਾਂ ਵਿਚੋਂ ਦੀ ਗੁਜ਼ਰਦਿਆਂ ਮੈਂ ਪ੍ਰਤੀਤ ਕੀਤਾ ਪਈ ਤੁਹਾਨੂੰ ਪੁਰਾਤਨ ਆਰੀਆਈ ਮਨ ਦਾ ਮੁਗਲ ਅਤੇ ਪਠਾਨੀ (ਭਾਰਤੀ) ਯੁੱਗ ਨਾਲੋਂ ਵਧੇਰੇ ਤੀਬਰ ਤੇ ਸੂਖ਼ਮ ਅਨੁਭਵ ਹੈ। ਮੈਂ ਤੁਹਾਡੀਆਂ ਕਹਾਣੀਆਂ ਦੇ ਗੁਣਾਂ ਦਾ ਇਸ ਵੇਲੇ ਵੰਨਗੀ ਤੇ ਗਿਣਤੀ ਦੇ ਪੱਖੋਂ ਤਾਂ ਵਿਸ਼ਲੇਸ਼ਣ ਕਰਨ ਦੀ ਸਥਿਤੀ ਵਿਚ ਨਹੀਂ, (ਜਾਂ ਮਾਨਵ ਦੇ ਨੁਕਤੇ ਤੋਂ ਬਿਆਨ ਨਹੀਂ ਕਰਨਾ ਚਾਹੁੰਦਾ, ਜਾਂ ਉਸ ਤਰ੍ਹਾਂ ਕਰਨ ਨਾਲ ਮੈਨੂੰ ਆਪਣੇ ਸੁਹਜ-ਸੁਆਦ ਦੀ ਇਕਾਗਰਤਾ ਭੰਗ ਹੋਣ ਦਾ ਭੈਅ ਹੈ। ਪਰ ਇਹ ਜ਼ਰੂਰ ਕਹਾਂਗਾ ਕਿ ਇਹਨਾਂ ਕਹਾਣੀਆਂ ਦੇ ਰਸੀਲੇ ਜਾਂ ਸਹਿਜ ਪਾਠ ਨੇ ਮੇਰੀ ਪੁਰਾਤਨ ਕਾਲ ਨੂੰ ਰੀਕਰੇਟ ਕਰਨ ਦੀ ਸਰਬਪੱਖੀ ਸ਼ਕਤੀ ਵਿਚ ਵਾਧਾ ਕੀਤਾ ਹੈ। ਸ਼ੁਕਰੀਆ। ਪਿਆਰੇ ਮਨਮੋਹਨ। ਕਿਸੇ ਜ਼ਮਾਨੇ ਵਿਚ ਮੈਨੂੰ ਰਾਹੁਲ ਦੀ ਕਿਤਾਬ 'ਵੋਲਗਾ ਸੇ ਗੰਗਾ' ਨੇ ਵੀ **'ਅਜਾਤ ਸੁੰਦਰੀ'** ਵਰਗਾ ਹੁਲਾਰਾ ਦਿੱਤਾ ਸੀ।

ਇਹਨਾਂ ਗਿਆਰਾਂ ਕਥਾਵਾਂ ਤੋਂ ਬਿਨਾਂ ਮੈਂ ਇਕ ਰਸਾਲੇ ਤੇ 'ਪੰਜਾਬੀ ਟ੍ਰਿਬਿਊਨ' ਵਿਚ ਵੀ ਤੁਹਾਡੀ

ਜੀਵਨ ਜਿੰਨੀ ਜ਼ਰਖ਼ੇਜ਼ ਕਹਾਣੀ ਪੜ੍ਹੀ ਸੀ। ਜਿਵੇਂ ਹੈਮਿੰਗਵੇ ਦਾ **'ਬੁੱਢਾ ਤੇ ਸਮੁੰਦਰ'** ਵਿਚੋਂ ਬਿਲਕੁਲ ਸਾਬਤ ਤੇ ਬੇਦਾਗ਼ ਮੱਛੀ ਕੰਢੇ ਉੱਤੇ ਲਿਆਉਣ ਦਾ ਤਾਲਿਬ ਹੈ, ਸ਼ਾਇਦ ਤੁਸੀਂ ਵੀ ਉਵੇਂ ਹੀ ਮਹਾਂ ਕਾਲ ਦੇ ਸਾਗਰ ਵਿਚੋਂ ਜ਼ਿੰਦਗੀ ਦੇ ਕੁਝ ਨਕਸ਼ ਕਲਾ ਦੀ ਕੈਨਵਸ ਉੱਤੇ ਲਿਆਉਣ ਲਈ ਮਿਹਨਤ ਕਰ ਰਹੇ ਹੋ।

**-ਹਰਿੰਦਰ ਸਿੰਘ ਮਹਿਬੂਬ**

**ਕੇਸਰ ਸਿੰਘ ਕੇਸਰ ਦਾ ਖ਼ਤ ਬਲਦੇਵ ਸਿੰਘ ਸੜਕਨਾਮਾ ਵੱਲ**

ਪਿਆਰੇ ਵੀਰ ਬਲਦੇਵ ਸਿੰਘ 17-2-99

ਤੇਰਾ ਨਾਵਲ 'ਲਾਲ ਬੱਤੀ' ਡਾ. ਦਵੇਸ਼ਰ ਰਾਹੀਂ ਕਲ੍ਹ ਮਿਲਿਆ ਤੇ ਰਾਤੋਂ ਰਾਤ ਮੁਕਾ ਕੇ ਮੈਂ ਤੈਨੂੰ ਚਿੱਠੀ ਲਿਖਣ ਬੈਠਾ ਹਾਂ। ਇਹ ਤੇਰੀ ਨਾਵਲੀ ਭਾਸ਼ਾ (ਬਿਆਨ ਤੇ ਵਾਰਤਾਲਾਪ) ਦੀ ਸ਼ਕਤੀ ਦਾ ਸਬੂਤ ਹੈ। ਤੇਰੇ ਕੁਝ ਇਕ ਕਹਾਣੀ ਸੰਗ੍ਰਹਿ ਦੇ ਇਕ 'ਸੜਕਨਾਮਾ' ਮੈਂ ਦੇਰ ਹੋਈ ਪੜ੍ਹੇ ਸਨ। ਮੈਂ 'ਲਾਲ ਬੱਤੀ' ਪੜ੍ਹ ਕੇ ਮਹਿਸੂਸ ਕਰ ਰਿਹਾਂ ਹਾਂ ਕਿ ਉਹਨਾਂ ਦੇ ਮੁਕਾਬਲੇ ਹੁਣ ਤੇਰੀ ਗਲਪ ਕਲਾ ਪੂਰੀ ਜੁਆਨ ਹੋ ਗਈ ਹੈ। ਤੇਰੀ ਭੂਮਿਕਾ (ਇਹ ਕੇਵਲ ਭੂਮਿਕਾ ਨਹੀਂ) ਪੜ੍ਹ ਕੇ ਤੇਰੀ ਖੋਜ ਤੇ ਖੇਤਰੀ ਅਧਿਐਨ ਦੀ ਜੋ ਜਾਣਕਾਰੀ ਮਿਲੀ ਉਸ ਤੋਂ ਡਰ ਸੀ ਕਿ ਨਾਵਲ ਸੱਤਹੀ ਵੇਰਵਿਆਂ ਵਿਚ ਪੈ ਕੇ ਰੁੱਖਾ ਰੁੱਖਾ ਹੋ ਜਾਵੇਗਾ। ਪਰ ਮੈਂ ਜਿਉਂ ਜਿਉਂ ਪੜ੍ਹਦਾ ਗਿਆ ਤਿਉਂ ਤਿਉਂ ਬਰਫ਼ੀਲੇ ਵੇਰਵਿਆਂ ਦੇ ਹੇਠ ਵਹਿੰਦੀ ਗਰਮ ਭਾਵੁਕਤਾ ਦੀ ਨਦੀ ਵਿਚ ਡੁਬਕੂੰ ਡੁਬਕੂੰ ਹੁੰਦਾ ਰਿਹਾ। ਦੋ ਤਿੰਨ ਵਾਰ ਅੱਖਾਂ ਭਰੀਆ ਤੇ ਡੁੱਲ੍ਹੀਆਂ। ਖ਼ਾਸ ਕਰਕੇ 25 ਵਾਂ ਕਾਂਡ ਇਸ ਨਾਵਲ ਦੀ ਸਿਖ਼ਰ ਹੈ। ਵੈਸੇ ਤਾਂ ਸਾਰੇ ਹੀ ਕਾਂਡ ਇਕਾਗਰਤਾ ਤੇ ਇਕਸਾਰਤਾ ਦੀ ਸਿਖ਼ਰ ਉੱਤੇ ਟਿਕੇ ਹੋਏ ਹਨ। ਹਰ ਪਾਤਰ ਆਪਣੇ ਆਪ ਵਿੱਚ ਕਿਸੇ ਇਕ ਵਿਸ਼ੇਸ਼ ਵੇਰਵੇ ਦਾ ਨਾਇਕ (ਯਾਨੀ ਨਾਇਕਾ) ਬਣ ਗਿਆ/ ਗਈ ਹੈ। ਨਾਵਲ ਇਨ੍ਹਾਂ ਵਿਸੇਸ਼ ਔਰਤਾਂ (ਤੇਰਾ ਨਾਵਲ ਪੜ੍ਹ ਕੇ ਇਨ੍ਹਾਂ ਨੂੰ ਰੰਡੀਆਂ / ਵੇਸ਼ਵਾਵਾਂ ਕਹਿਣ ਨੂੰ ਦਿਲ ਨਹੀਂ ਕਰਦਾ) ਯਾਨੀ ਪਾਤਰਾਂ ਦੇ ਇਕੋ ਦਿਨ ਦੇ ਵਿਵਿਧ ਪ੍ਰਸੰਗਾਂ ਦਾ ਬੇਸ਼ਕ ਵਿਸਥਾਰ ਹੋ ਕੇ ਵੀ ਪਾਠਕ ਦੀ ਨਜ਼ਰ ਤੋਂ ਓਹਲੇ ਇਕ ਕਾਲ-ਖੰਡ ਵਿਚ ਫੈਲਦਾ ਹੈ। ਸਲਮਾ ਦੇ ਬੱਚੀ ਤੋਂ ਮੁਟਿਆਰ ਹੋਣ ਵਿਚ, ਬੰਨੂ ਮੌਸੀ ਦੇ ਰੋਗ ਦੀ ਰਫ਼ਤਾਰ ਵਿਚ, ਕੰਚਨੀ ਨੂੰ ਰੋਗ ਲੱਗਣ ਤੇ ਵਧਣ ਵਿੱਚ, ਹੇਮਾ ਦੀ ਜ਼ਿੰਦਗੀ ਵਿਚ ਨਵੀਂ ਨਾਟਕੀ ਸਥਿਤੀ ਪੈਦਾ ਹੋਣ ਤੇ ਮਨੀਸ਼ਾ ਦੀ ਮਨੀਸ਼ਾ (ਬੁੱਧੀ) ਦੇ ਵਿਕਾਸ ਵਿਚ ਇਹ ਨਾਵਲ ਆਰੰਭ ਤੋਂ ਖੁਲ੍ਹੇ ਅੰਤ ਵੱਲ ਜਾਂਦਾ ਹੈ। ਸਭ ਕੁਝ ਦੁਹਰਾਇਆ ਜਾ ਰਿਹਾ ਹੈ, ਪਰ ਨਾਵਲਕਾਰ ਕੁਝ ਵੀ ਦੁਹਰਾਉਂਦਾ ਨਹੀਂ। ਇਹ ਇਸ ਨਾਵਲ ਦੇ ਬਿਹਤਾਂਤ ਦੀਆਂ ਵਿਸ਼ੇਸ਼ਤਾਵਾਂ ਹਨ। ਦੇਵਕੀ ਮੌਸੀ, ਠੀਕ ਹੀ ਵਤੀਰੇ ਰਾਹੀਂ ਇਸ ਬਿਰਤਾਂਤ ਦੀ ਕੰਟਰੋਲਰ ਹੈ, ਪਰ ਉਸ ਦੇ ਅੱਗੇ ਪਿੱਛੇ ਦਾ ਕੋਈ ਵੇਰਵਾ ਸਿੱਧੇ ਤੌਰ ਤੇ ਨਾਵਲ ਦੇ ਬਿਰਤਾਂਤ ਦਾ ਹਿੱਸਾ ਨਹੀਂ। ਇਹ ਤੇਰੀ ਕਲਮ ਦੇ ਮੁਟਿਆਰ ਹੋਣ ਦਾ ਸਬੂਤ ਹੈ। ਪਾਠਕ ਜਾਣ ਜਾਂਦਾ ਹੈ ਕਿ ਦੇਵਕੀ ਦਾ ਜੀਵਨ (ਖਾਸ ਕਰਕੇ ਹੁਣ ਤੋਂ ਪਹਿਲਾਂ ਦਾ ਜੀਵਨ) ਉਸ ਦੀਆਂ 'ਕਾਮੀਆਂ' (Sex workers) ਕੁੜੀਆਂ ਤੋਂ ਵਿਸ਼ੇਸ਼ ਵੱਖਰਾ ਨਹੀਂ ਰਿਹਾ ਹੋਵੇਗਾ। ਮੈਂ ਦੇਵਕੀ ਪਾਤਰ ਦੇ ਇਸ ਪਰੋਖ ਚਿਤ੍ਰਣ 'ਤੇ ਅਸ਼ਅਸ਼ ਕਰਦਾ ਹਾਂ। ਸਮੁੱਚੇ ਤੌਰ 'ਤੇ ਇਸ ਨਾਵਲ ਦਾ ਵਿਸ਼ਾ 'ਫਿਊਡਲ ਰੰਡੀਬਾਜ਼ੀ' ਨਹੀਂ ਸਰਮਾਏਦਾਰੀ ਨਜ਼ਾਮ ਦੀ ਦੇਣ 'ਵੇਸਵਾ-ਵਿਹਾਰ' ਹੈ ਤੇ ਨਾਵਲ ਕਹਿੰਦਾ ਹੈ ਕਿ ਇਹ ਵੇਸਵਾ-ਵਿਹਾਰ ਸਾਡੀ ਸਿਆਸਤ, ਸਾਡੇ ਸਭਿਆਚਾਰ, ਸਾਡੀ ਕਲਾ ਤੇ ਸਿੱਖਿਆ-ਪ੍ਰਨਾਲੀ ਤੋਂ ਵੀ ਅੱਗੇ ਘਰ ਪਰਿਵਾਰਾਂ ਤੇ ਸਾਡੇ ਬੱਚਿਆਂ ਤੱਕ ਫੈਲ ਗਿਆ ਹੈ। ਸਾਡੀ ਨੈਤਿਕਤਾ ਵੀ AIDS ਦੀ ਸ਼ਿਕਾਰ ਹੋ ਗਈ ਹੈ ਪਰ ਹਾਲੇ ਵੀ aids ਦੀਆਂ ਸ਼ਿਕਾਰ 'ਇਹ ਔਰਤਾਂ' ਆਪਣੀ ਮਾਨਵੀ ਨੈਤਿਕਤਾ ਤੋਂ ਬੇਮੁੱਖ ਨਹੀਂ ਹੋਈਆਂ। ਮੈਨੂੰ ਖਿਆਲ ਨਹੀਂ ਸੀ ਕਿ ਮੈਂ ਏਨਾ ਲਿਖ ਜਾਵਾਂਗਾ। ਲਿਫ਼ਾਫ਼ਾ ਛੋਟਾ ਲੈ ਬੈਠਾ।

**- ਕੇਸਰ ਸਿੰਘ ਕੇਸਰ**



**ਪ੍ਰੋ. ਪ੍ਰੀਤਮ ਸਿੰਘ ਦਾ ਖ਼ਤ ਨਾਵਲਕਾਰ ਮਨਮੋਹਨ ਬਾਵਾ ਵੱਲ**

ਪਿਆਰੇ ਬਾਵਾ ਜੀ 10-3-1997

ਮੈਂ ਤੁਹਾਡੀ 25-2-1997 ਦੀ ਚਿੱਠੀ ਲਈ ਸ਼ੁਕਰਗੁਜ਼ਾਰ ਹਾਂ। ਜਵਾਬ ਦੇਣ ਵਿਚ ਕੁੱਝ ਢਿੱਲ ਹੋ ਗਈ ਹੈ। ਇਸ ਦੀ ਜ਼ਿੰਮੇਵਾਰੀ ਮੇਰੀ ਸਿਹਤ ਦੀ ਹੈ। ਹੁਣ ਕੁੱਝ ਵੱਲ ਹਾਂ, ਇਸ ਲਈ ਉੱਤਰ ਲਿਖਾ ਰਿਹਾ ਹਾਂ। ਤੁਸੀਂ ਮੇਰੇ ਗ਼ਰੀਬਖ਼ਾਨੇ ਉੱਤੇ ਤਸ਼ਰੀਫ ਲਿਆਏ, ਮੇਰੀ ਇਜ਼ਤ ਵਿੱਚ ਢੇਰ ਵਾਧਾ ਹੋਇਆ, ਪਰ ਇਕ ਬੜਾ ਸਦਮਾ ਇਹ ਹੋਇਆ ਕਿ ਤੁਹਾਡੇ ਨਾਲ ਮੁਲਾਕਾਤ ਨਾ ਹੋ ਸਕੀ। ਕਹਾਣੀ ਦੇ ਖੇਤਰ ਵਿਚ ਅਸਲੋਂ ਨਵੇਂ ਰਾਹ ਖੋਲ੍ਹਣ ਵਾਲਾ ਲੇਖਕ ਤਸ਼ਰੀਫ ਲਿਆਵੇ ਤੇ ਮੈਂ ਗ਼ੈਰ ਹਾਜ਼ਰ ਹੋਵਾਂ। ਮੇਰੀ ਬਦਕਿਸਮਤੀ ਨਹੀਂ ਤਾਂ ਹੋਰ ਕੀ ਹੈ? ਮੈਂ ਆਪਣੀ ਮਜਬੂਰੀ ਲਈ ਤੁਹਾਥੋਂ ਖਿਮਾ ਮੰਗਦਾ ਹਾਂ।

ਮੈਂ ਤੁਹਾਡੀ ਕਿਤਾਬ 'ਅਜਾਤ ਸੁੰਦਰੀ' ਪੜ੍ਹਨੀ ਸ਼ੁਰੂ ਕੀਤੀ ਸੀ। ਤਿੰਨ ਕਿ ਖ਼ਬਰੇ ਚਾਰ ਕਹਾਣੀਆਂ ਪੜ੍ਹ ਵੀ ਲਈਆਂ ਸਨ। ਖ਼ਿਆਲ ਸੀ ਸਾਰੀ ਕਿਤਾਬ ਪੜ੍ਹ ਕੇ ਤੁਹਾਨੂੰ ਆਪਣੇ ਪ੍ਰਤਿਕਰਮ ਤੋਂ ਜਾਣੂੰ ਕਰਾਵਾਂਗਾ, ਪਰ ਵਿਘਨ ਪੈ ਗਿਆ। ਇਕ ਮਜਬੂਰੀ ਅੱਖਾਂ ਦੀ ਹੈ। ਇਕ ਅੱਕ ਕੰਮ ਨਹੀਂ ਕਰਦੀ, ਦੂਜੀ ਨੂੰ ਕਿਰਸ ਨਾਲ ਵਰਤਣਾ ਪੈਂਦਾ ਹੈ। ਮੇਰਾ ਪੜ੍ਹਨ ਦਾ ਕੰਮ ਲਿਖਣ ਨਾਲੋਂ ਵੀ ਹੌਲੀ ਹੁੰਦਾ ਹੈ। ਜੇ ਕੋਈ ਪਰੂਫ਼ ਦਾ ਕੰਮ ਆ ਪਵੇ ਜਾਂ ਹੋਰ ਕਿਸੇ ਡਾਢੇ ਦਾ ਕਾਹਲਾ ਕੰਮ ਆ ਪਵੇ ਤਾਂ ਵਿਘਨ ਪੈ ਜਾਂਦਾ ਹੈ। ਦੂਜੇ, ਪਿਛਲੇ ਮਹੀਨੇ-ਡੇਢ੍ਹ ਤੋਂ ਡਾਕਟਰ ਦੇ ਵੱਸ ਪਏ ਹੋਣ ਕਰਕੇ ਬੰਦਸ਼ਾਂ ਵਾਲਾ ਜੀਵਨ ਬਿਤਾਉਣਾ ਪੈ ਰਿਹਾ ਹੈ। ਮੈਂ ਮਨ ਬਣਾਇਆ ਹੋਇਆ ਸੀ ਕਿ ਕਿਤਾਬ ਪੜ੍ਹ ਕੇ ਦੋ-ਚਾਰ ਸਤਰਾਂ ਤੁਹਾਨੂੰ ਲਿਖ ਭੇਜਾਂਗਾ, ਪਰ ਹੁਣ ਮੈਨੂੰ ਪਤਾ ਨਹੀਂ ਕਿੰਨੇ ਚਿਰ ਪਿੱਛੋਂ ਤੁਹਾਡੀ ਬਕਾਇਆ ਕਿਤਾਬ ਦਾ ਬਕਾਇਦਾ ਪਾਠ ਕਰ ਸਕਾਂ। ਸੋ ਜੋ ਪੜ੍ਹਿਆ ਸੀ ਉਸ ਦੇ ਆਧਾਰ ਉੱਤੇ ਮੈਂ ਤੁਹਾਨੂੰ ਇਹ ਦੱਸ ਸਕਦਾ ਹਾਂ ਕਿ ਤੁਸੀਂ ਜਿਸ ਸਮੇਂ ਨੂੰ ਆਪਣੀਆਂ ਕਹਾਣੀਆਂ ਵਿਚ ਸੁਰਜੀਤ ਕੀਤਾ ਹੈ ਉਹ ਸਾਡੇ ਕਹਾਣੀਕਾਰਾਂ ਲਈ ਅਸਲੋਂ ਵੱਖਰਾ ਤੇ ਨਵਾਂ ਹੈ। ਤੁਸੀਂ ਜਿਸ ਸਹਿਜ ਨਾਲ ਪਰਾਚੀਨ ਇਤਿਹਾਸ, ਪੁਰਾਣ ਜਾਂ ਪੁਰਾਣੇ ਸਾਹਿੱਤ ਵਿੱਚ ਆਏ ਪਾਤਰਾਂ ਵਿੱਚ ਜਾਨ ਫੂਕੀ ਹੈ ਤੇ ਜਿਸ ਸੁਚੱਜ ਨਾਲ ਉਨ੍ਹਾਂ ਨੂੰ ਸਮਕਾਲੀ ਅਨੁਭਵ ਦੀ ਪਹੁੰਚ ਵਿਚ ਲੈ ਆਂਦਾ ਹੈ, ਉਸ ਨੇ ਮੈਨੂੰ ਕੇਵਲ ਤੁਹਾਡੇ ਕਲਾ ਕੌਸ਼ਲ ਕਰ ਕੇ ਹੀ ਪ੍ਰਭਾਵਿਤ ਨਹੀਂ ਕੀਤਾ, ਤੁਹਾਡੀ ਪੁਰਾ-ਇਤਿਹਾਸ ਦੀ ਖੋਜ-ਰੁਚੀ ਨੇ ਵੀ ਬੜਾ ਮੋਹਿਆ ਹੈ। ਤੁਸੀਂ ਆਪਣੇ ਇਸ ਨਵੇਕਲੇ ਉੱਦਮ ਨਾਲ ਪੰਜਾਬ ਦੇ ਲੇਖਕਾਂ ਦੀਆਂ ਅਗਲੀਆਂ ਪੀੜ੍ਹੀਆਂ ਦੀ ਦ੍ਰਿਸ਼ਟੀ ਨੂੰ ਦੂਰ ਪਿਛਾਂਹ ਤੱਕ ਵੇਖ ਸਕਣ ਤੇ ਆਪਣੇ ਪਿੱਛੇ ਨੂੰ ਵਿਗਿਆਨਿਕ ਤਰੀਕੇ ਨਾਲ ਆਧੁਨਿਕ ਸਾਹਿੱਤਿਕ ਭਾਂਢਿਆਂ ਵਿਚ ਪਰੋਸ ਸਕਣ ਦੀ ਸ਼ਾਨਦਾਰ ਪ੍ਰੇਰਕ ਅਗਵਾਈ ਕੀਤੀ ਹੈ। ਤੁਹਾਡੀ ਰਚਨਾ ਨੇ ਮੇਰੇ ਮਨ ਵਿੱਚ ਤੁਹਾਡੀ ਕਲਮ ਲਈ ਸ਼ਰਧਾ ਪੈਦਾ ਕੀਤੀ ਹੈ ਤੇ ਪੰਜਾਬੀ ਕਹਾਣੀ ਦੀ ਪ੍ਰਾਪਤੀ ਉੱਤੇ ਗੌਰਵ ਦਾ ਇਹਸਾਸ ਵੀ। ਤੁਹਾਡੀ ਖੋਜ ਤੇ ਤੁਹਾਡੇ ਅਧਿਐਨ ਤੇ ਤੁਹਾਡੀ ਕਲਾ ਦੇ ਸ਼ਾਬਾਸ਼ੇ।

ਤੁਹਾਡੀ ਕਿਤਾਬ ਦਾ ਅਨੁਵਾਦ ਭਾਰਤ ਦੀਆਂ ਸਾਰੀਆਂ ਬੋਲੀਆਂ ਵਿਚ ਹੋਣਾ ਚਾਹੀਦਾ ਹੈ।

ਤੁਹਾਡਾ ਨਿਆਜ਼ ਹਾਸਲ ਕਰਨ ਲਈ ਹਾਜ਼ਰ ਤਾਂ ਮੈਨੂੰ ਆਪ ਹੋਣਾ ਚਾਹੀਦਾ ਹੈ ਪਰ ਸਫ਼ਰ ਉੱਤੇ ਬੰਦਸ਼ ਹੈ, ਸੋ ਜਦੋਂ ਕਦੀ ਤੁਹਾਨੂੰ ਪਟਿਆਲੇ ਵੱਲੋਂ ਲੰਘਣ ਦਾ ਮੌਕਾ ਮਿਲੇ ਤਾਂ ਦਰਸ਼ਨ ਦੇਣ ਦੀ ਕਿਰਪਾ ਕਰਨੀ। ਮੇਰਾ ਟੈਲੀਫ਼ੋਨ ਨੰ. 0175-216783 ਹੈ।

**-ਤੁਹਾਡਾ ਹਿਤੂ, ਪ੍ਰੀਤਮ ਸਿੰਘ (ਪ੍ਰੋ.)**

**ਡਾ. ਟੀ. ਆਰ. ਵਿਨੋਦ ਦਾ ਖ਼ਤ ਭਗਵੰਤ ਰਸੂਲਪੁਰੀ ਵੱਲ**

ਪਿਆਰੇ ਰਸੂਲਪੁਰੀ ਜੀਓ ਜਨਵਰੀ, 2008

ਯਾਦ! ਜੇ **'ਕਹਾਣੀ ਧਾਰਾ'** ਦਾ ਅਕਤੂਬਰ-ਦਸੰਬਰ, 07 ਅੰਕ ਨਾ ਮਿਲਦਾ ਤਾਂ ਸਿਬਤਲ ਹਸਨ

ਜ਼ੈਗਮ ਹੋਰਾਂ ਦਾ ਲੇਖ ਪੜ੍ਹਨ ਤੋਂ ਮਹਿਰੂਮ ਰਹਿ ਜਾਂਦਾ। ਇਹ ਲੇਖ ਲਿਖੇ ਜਿਥੇ ਵਿਲੀਅਮ ਕੇਰੀ ਦੇ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਕੀਤੇ ਕਾਰਜ ਦੀ ਅਹਿਮੀਅਤ ਦਰਸਾਉਂਦਾ ਹੈ ਉਥੇ 1600 ਈ. ਵਿਚ ਬਣੀ ਈਸਟ ਇੰਡੀਆ ਕੰਪਨੀ ਦੇ ਸਾਮਰਾਜੀ ਹਿੱਤਾਂ ਉੱਤੇ ਵੀ ਝਾਤ ਪੁਆਉਂਦਾ ਹੈ। ਕਿਸੇ ਮੁਲਕ ਨੂੰ ਅਧੀਨ ਕਰਨ ਲਈ ਉਥੋਂ ਦੇ ਲੋਕਾਂ ਨੂੰ ਸਮਝਣਾ ਜ਼ਰੂਰੀ ਹੁੰਦਾ ਹੈ। ਵਿਲੀਅਮ ਕੇਰੀ ਨੇ ਭਾਰਤ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਬਾਈਬਲ ਦਾ ਤਰਜ਼ਮਾ ਕਰਕੇ ਭਾਰਤੀਆਂ ਦੇ ਮਨਾਂ ਵਿਚ ਈਸਾਈਅਤ ਲਈ ਪਿਆਰ ਪੈਦਾ ਕਰ ਦਿੱਤਾ ਅਤੇ ਉਹ ਬਰਤਾਨਵੀ ਸਾਮਰਾਜ ਦੀਅ ਕੁਰੀਤੀਆਂ ਤੋਂ ਗ਼ਾਫ਼ਿਲ ਹੋ ਗਏ। ਉਥੇ ਇਸ ਤਰ੍ਹਾਂ ਸਾਮਰਾਜ ਨੂੰ ਮੁਲਕ ਦੀ ਲੁੱਟ ਕਰਨੀ ਸੌਖੀ ਹੋ ਗਈ। 1793 ਈ. ਵਿਚ ਪੈਣ ਵਾਲਾ ਕਾਲ ਜਿੱਥੇ ਸਾਮਰਾਜੀ ਰਾਜਨੀਤੀ ਦਾ ਭਾਰਤੀਆਂ ਨੂੰ ਖ਼ਤਰਨਾਕ ਤੋਹਫ਼ਾ ਸੀ ਉਥੇ ਨੀਲ ਦੀ ਖੇਤੀ ਦਾ ਮੁੱਢ ਵੀ ਸਾਮਰਾਜੀ ਨੀਤੀ ਦਾ ਹੀ ਹਿੱਸਾ ਸੀ। ਵਿਲੀਅਮ ਕੇਰੀ ਦੁਆਰਾ ਰਚੀ ਪੰਜਾਬੀ ਦੀ ਗਰਾਮਰ ਦੀ ਤਾਰੀਫ਼ ਕਰਨ ਦੇ ਨਾਲ ਨਾਲ ਉਸ ਦੁਆਰਾ ਭਾਰਤੀ ਦਾਸਤਾ ਨੂੰ ਪੱਕਾ ਕਰਨ ਦਾ ਕਾਰਜ ਵੀ ਵਿਸਰਨਾ ਨਹੀਂ ਚਾਹੀਦਾ। ਅਸਲ ਵਿਚ ਪੰਜਾਬੀ ਲੇਖਕ ਸਿਰਜਣੀ ਅਤੇ ਸੰਕਲਪੀ ਸਾਹਿਤ ਦੇ ਰਿਸ਼ਤੇ ਬਾਰੇ ਸੁਚੇਤ ਹੋ ਕੇ ਹੀ ਵਧੇਰੇ ਅਹਿਮ ਭੂਮਿਕਾ ਨਿਭਾ ਸਕਦੇ ਹਨ। ਬਕੌਲ ਸ਼ਾਇਰ

ਅੱਛਾ ਹੈ ਦਿਲ ਕੇ ਪਾਸ ਰਹੇ ਪਾਸਵਾਨੇ ਅਕਲ
ਪਰ ਕਭੀ ਕਭੀ ਇਸੇ ਤਨਾਹ ਵੀ ਛੋੜ ਦੇ

**-ਟੀ. ਆਰ. ਵਿਨੋਦ, ਬਠਿੰਡਾ**

**ਸੰਤੋਖ ਸਿੰਘ ਧੀਰ ਦਾ ਖ਼ਤ ਅਜਮੇਰ ਸਿੱਧੂ ਵੱਲ**

20-10-98

ਪਿਆਰੇ ਅਜਮੇਰ ਸਿੱਧੂ ਜੀ

ਪੁਸਤਕ 'ਨਚੀਕੇਤਾ ਦੀ ਮੌਤ' ਮਿਲੀ। ਦੋ ਕਹਾਣੀਆਂ 'ਨਾਸੂਰ' ਅਤੇ 'ਪਿੱਠ ਭੂਮੀ' ਬੜੀਆਂ ਸਫ਼ਲ ਤੇ ਵਧੀਆ ਹਨ। ਤੁਹਾਨੂੰ ਜੀਵਨ ਦਾ ਕਾਫ਼ੀ ਡੂੰਘਾ ਅਨੁਭਵ ਹੈ ਤੇ ਕਹਾਣੀ ਕਹਿਣੀ ਆਉਂਦੀ ਹੈ। ਬੱਸ ਇਸੇ ਤਰ੍ਹਾਂ ਲਿਖਦੇ ਜਾਓ। ਤੁਸੀਂ ਸਫ਼ਲ ਹੋਵੋਗੇ।

**-ਸੰਤੋਖ ਸਿੰਘ ਧੀਰ**

**ਪ੍ਰੇਮ ਪ੍ਰਕਾਸ਼ ਦਾ ਖ਼ਤ ਗੁਰਿੰਦਰ ਕਲਸੀ ਵੱਲ**

ਕਲਸੀ ਜੀ

ਤੂੰ ਏਨੀ ਲੰਮੀ ਚਿੱਠੀ ਲਿਖੀ, ਇਹ ਸਾਹਿਤ 'ਚ ਤੁਹਾਡੀ ਦਿਲਚਸਪੀ ਦੀ ਸੂਚਕ ਏ। ਮੈਨੂੰ ਤੁਹਾਡੀ ਕਹਾਣੀ 'ਮੁਕਤੀ' ਚੰਗੀ ਲੱਗੀ ਏ। ਤੁਸੀਂ ਵੱਖਰੀ ਸੋਚ ਨੂੰ ਲੈ ਕੇ ਟੁਰਦੇ ਹੋ। ਟਾਈਪ ਬਰੀਕ ਹੋਣ ਕਰਕੇ ਮੈਨੂੰ ਪੜ੍ਹਨ 'ਚ ਔਖਿਆਈ ਹੋਈ। ਚੰਗਾ ਹੋਵੇ ਜੇ ਤੁਸੀਂ ਅਖਬਾਰਾਂ 'ਚ ਨਾ ਛਪ ਕੇ ਸਾਹਿਤਕ ਪਰਚਿਆਂ 'ਚ ਛਪੋ।

**-ਪ੍ਰੇਮ ਪ੍ਰਕਾਸ਼**

**ਪ੍ਰੇਮ ਪ੍ਰਕਾਸ਼ ਦੀਆਂ ਚਿੱਠੀਆਂ ਅਮਰਜੀਤ ਚੰਦਨ ਵੱਲ**

**02-07-1986** : .... ਰੁਦਨ, ਤਰਸ ਤੇ ਸਦਭਾਵਨਾ ਪੈਦਾ ਕਰਨ ਦੇ ਮਨੋਰਥ ਨਾਲ ਲਿਖਿਆ ਵਾਕਈ ਘਟੀਆ ਹੁੰਦਾ ਏ। ਏਸ ਤਰ੍ਹਾਂ 'ਨੀਲੇ ਤਾਰੇ' ਬਾਰੇ ਲਿਖਿਆ ਸਾਹਿਤ ਇਕ ਪੱਧਰ ਤੋਂ ਉੱਚਾ ਨਹੀਂ ਉਠ ਸਕੇਗਾ।.... ਹਰ ਹੰਗਾਮੀ ਹਾਲਾਤ ਬਾਰੇ ਕਵਿਤਾ ਪਹਿਲ ਕਰਦੀ ਏ, ਜੀਹਦੇ ਵਿਚ ਜਜ਼ਬੇ ਦਾ ਦਖਲ ਵੱਧ ਹੁੰਦਾ ਏ ਤੇ ਸੂਝ ਦਾ ਘੱਟ। ਸ਼ਊਰ ਦਾ ਦਖਲ ਫਿਕਸ਼ਨ ਨਾਲ ਆਉਂਦਾ ਏ। ਪਰ ਜਜ਼ਬੇ ਦੇ ਭਾਰ ਨਾਲ ਲਿਖੀਆਂ ਕਹਾਣੀਆਂ ਦਾ ਹਾਲ ਵੀ ਕਵਿਤਾ ਵਾਲਾ ਈ ਹੁੰਦਾ ਏ। .... ਇਹਨਾਂ ਹਾਲਾਤ ਬਾਰੇ ਮੈਂ ਇਕ ਕਹਾਣੀ 'ਪੰਜਵਾਂ ਜਣਾ' ਲਿਖੀ। ਪਰ ਗੱਲ ਨਾ ਬਣੀ।..... ਪੰਜਾਬ 'ਚ ਜੋ ਕੁਝ ਹੋ ਰਿਹਾ ਏ, ਮੈਨੂੰ



ਇਹਦੀ ਸਿਆਸਤ ਤੇ ਇਤਿਹਾਸਕ ਪਿਛੋਕੜ ਦੀ ਕੋਈ ਸਮਝ ਨਹੀਂ ਆਉਂਦੀ। ਜਦ ਮਾੜੇ ਹਾਲਾਤ ਹੋ ਕੇ ਬੀਤ ਜਾਂਦੇ ਨੇ, ਤਦੇ ਉਹਨਾਂ ਦੀ ਸਮਝ ਪੈਂਦੀ ਏ। ਮੇਰਾ ਤਾਂ ਹੁਣ ਸਾਹਿਤ ਦੀ ਸ਼ਕਤੀ ਬਾਰੇ ਵੀ ਭੁਲੇਖਾ ਖਤਮ ਹੋ ਗਿਆ ਏ। ਇਹ ਸਮਾਜ ਨੂੰ ਬਦਲਣ ਲਈ ਜੋ ਕੁਝ ਅੱਧੀ ਸਦੀ ਤੋਂ ਕਰਦਾ ਰਿਹਾ ਏ, ਸਿਆਸਤਦਾਨ ਉਹ ਇਕ ਵਰ੍ਹੇ 'ਚ ਕਰ ਗਏ ਨੇ।.... ਪੰਜਾਬ 'ਚ ਅਗਾਂਹ-ਵਧੂ ਸਾਹਿਤਕ ਲਹਿਰ ਨੇ ਪਿਛਲੇ 45 ਵਰ੍ਹਿਆਂ 'ਚ ਜਿਹੜੀਆਂ ਮੱਲਾਂ ਮਾਰੀਆਂ ਸਨ, ਉਹ ਫਿਰਕੂ ਸਿਆਸਤ ਨੇ ਸਿਰਫ ਦੋ ਵਰ੍ਹਿਆਂ 'ਚ ਖੁੱਡੇ ਲਾ ਦਿੱਤੀਆਂ ਨੇ।

'ਲਕੀਰ' ਕੱਢਣ ਬਾਰੇ ਮੇਰੇ 'ਚ ਏਨਾ ਜੋਸ਼ ਨਹੀਂ।.... ਅਸਲ 'ਚ ਮੈਂ ਭਰਿਆ ਹੋਇਆ ਹਾਂ। ਪੰਜਾਬ ਦੇ ਹਲਾਤ ਮੈਨੂੰ ਕੁਝ ਵੀ ਸੱਚ ਲਿਖਣ ਤੋਂ ਰੋਕ ਰਹੇ ਨੇ। ਕਹਾਣੀ ਲਿਖਣੀ ਵੀ ਮੈਨੂੰ ਔਖੀ ਲੱਗਦੀ ਏ। ਮੈਂ ਏਸ ਦਹਿਸ਼ਤ ਤੋਂ ਮੁਕਤ ਹੋਣ ਲਈ ਪੰਜਾਬ ਨੂੰ ਛੱਡ ਕੇ ਕਿਤੇ ਹੋਰ ਜਾ ਵਸਣ ਬਾਰੇ ਸੋਚ ਰਿਹਾ ਹਾਂ। ਜੇ ਮਕਾਨ ਤੇ ਦੁਕਾਨਾਂ ਵਿਕ ਜਾਂਦੀਆਂ ਤਾਂ ਮੈਂ ਹੁਣ ਨੂੰ ਦਿੱਲੀ ਚਲਿਆ ਗਿਆ ਹੁੰਦਾ।

ਮੈਂ ਰਟਾਇਰ ਹੋ ਕੇ ਕੋਈ ਵੀ ਕੰਮ ਕਰਨਾ ਨਹੀਂ ਚਾਹੁੰਦਾ। ਵਿਹਲਾ ਰਹਿ ਕੇ ਲਿਖਣਾ ਚਾਹੁੰਦਾ ਹਾਂ। ਮੇਰੇ ਅੰਦਰ ਲਿਖਣ ਲਈ ਬੜਾ ਕੁਝ ਭਰਿਆ ਪਿਆ ਏ। ਮੈਂ ਉਹ ਸਭ ਕੁਝ ਕੱਢ ਕੇ ਮਰਨਾ ਚਾਹੁੰਦਾ ਹਾਂ।

**6-10-1986** : ਜਿਨ੍ਹਾਂ ਲੋਕਾਂ ਨੂੰ ਤੈਂ ਲਾਹਣਤ ਭੇਜੀ ਏ, ਮੈਂ ਉਹਨਾਂ ਬਾਰੇ ਵਧ ਸੰਜੀਦਗੀ ਨਾਲ ਸੋਚ ਰਿਹਾ ਹਾਂ। ਇਹ ਗੱਲ ਸੁੱਟ ਪਾਓਣ ਵਾਲੀ ਨਹੀਂ, ਸੋਚਣ ਵਾਲੀ ਏ। ਵਿਰਕ ਤੇ ਭੋਗਲ ਵੀ ਇਹੋ ਜਿਹੀਆਂ (ਹਿੰਦੂ ਵਿਰੋਧੀ) ਗੱਲਾਂ ਕਰਦੇ ਨੇ। ਸੁਰਜੀਤ ਹਾਂਸ ਦਾ ਲਹਿਜਾ ਵੀ ਕਦੇ ਬਦਲਦਾ ਏ। ਮੈਂ ਆਪ ਨਹੀਂ ਸੁਣਿਆ, ਮੈਨੂੰ ਕਿਸੇ ਨੇ ਦੱਸਿਆ ਏ। .... ਸੱਚੀ ਗੱਲ ਦੱਸਾਂ ਕਦੇ-ਕਦੇ ਮੇਰਾ ਲਹਿਜਾ ਵੀ ਬਦਲਦਾ ਏ। ਸ਼ਾਇਦ ਮੈਂ ਆਪਣੇ ਅੰਦਰ ਬੈਠੇ 'ਹਿੰਦੂ' ਦੀ ਗਿੱਚੀ ਘੁੱਟੀ ਜਾਂਦਾ ਹਾਂ। ਜਿੱਦਣ ਕਦੇ ਜਕੜ ਢਿੱਲੀ ਪੈ ਗਈ ਤਾਂ ਪਤਾ ਨਹੀਂ ਇਹ ਸਾਲਾ ਬੋਲ ਈ ਪਵੇ।

ਵਿਰਕ ਆਪਣੇ ਪੁੱਤਰ ਕੋਲ ਅਮਰੀਕਾ ਜਾਂ ਕੈਨੇਡਾ ਚਲਿਆ ਗਿਆ ਏ। ਜਾਂ ਇੰਜ ਕਹੀਏ ਕਿ ਬੰਸੀ (ਉਹਦੀ ਪਤਨੀ) ਤੰਗ ਪੈ ਕੇ ਉਹਨੂੰ ਧੱਕੇ ਨਾਲ ਲੈ ਗਈ ਏ।

**7-11-1986** : ਪਿਛਲੇ ਬਾਰਾਂ ਕੁ ਦਿਨਾਂ ਤੋਂ ਮੇਰੀ ਤਬੀਅਤ ਠੀਕ ਨਹੀਂ। ਸਰੀਰਕ ਤੇ ਮਾਨਸਿਕ ਉਲ਼ਝਣਾਂ ਮੱਲੋਮੱਲੀ ਘੇਰਾ ਪਾਈ ਜਾਂਦੀਆਂ ਨੇ।.... ਪਤਾ ਨਹੀਂ ਮੌਤ ਦਿਲ ਦੇ ਅਚਾਨਕ ਬੰਦ ਹੋਣ ਨਾਲ ਆਵੇਗੀ ਜਾਂ ਗੋਲੀ ਨਾਲ। ਬਹਰਹਾਲ ਦੋਵੇਂ ਸੂਰਤਾਂ ਚੰਗੀਆਂ ਨੇ। ਬੁੜ੍ਹਿਆਂ ਨਾਲੋਂ ਏਸ ਗੱਲੋਂ ਤਾਂ ਚੰਗੇ ਰਹਾਂਗੇ ਕਿ ਅੱਡੀਆਂ ਰਗੜ-ਰਗੜ ਕੇ ਤਾਂ ਨਹੀਂ ਮਰਾਂਗੇ।

ਕਦੇ-ਕਦੇ ਮੈਨੂੰ ਆਪਣੀ ਮੌਤ ਦੇ ਕਾਰਨ ਲੱਭਣ ਲੱਗ ਪੈਂਦੇ ਨੇ। ਜਿਵੇਂ ਜ਼ਿੰਦਗੀ ਦੀ ਬੇਵਸਾਹੀ, ਰੀਟਾਇਰਮੈਂਟ ਤੋਂ ਬਾਅਦ ਭੁੱਖੇ ਮਰਨ ਦਾ ਡਰ, ਪੰਜਾਬ 'ਚ ਰਹਿ ਕੇ ਜ਼ਲੀਲ ਹੋਈ ਜਾਣ ਦਾ ਡਰ।

21 ਸਤੰਬਰ ਨੂੰ ਮੀਸ਼ਾ ਕਪੂਰਥਲੇ ਦੀ ਬਈਂ 'ਚ ਡੁੱਬ ਕੇ ਮਰ ਗਿਆ। ਮੌਤ ਨਾਲ ਬਦਨਾਮੀ ਜੁੜ ਗਈ। ਪਰ ਮੈਨੂੰ ਕੋਈ ਨਮੋਸ਼ੀ ਮਹਿਸੂਸ ਨਹੀਂ ਹੋਈ। ਸੁਰਜੀਤ ਕੌਰ ਨੂੰ ਮੈਂ ਤੇਰੇ ਸੁਨੇਹੇ ਦੇਂਦਾ ਰਹਿੰਦਾ ਹਾਂ।

**9-01-1986** : ਤੈਨੂੰ ਸ਼ਾਇਦ ਇਹਨਾਂ ਸਾਰੀਆਂ ਗੱਲਾਂ ਦਾ ਪਤਾ ਈ ਹੋਵੇ। ਨਕਸਲੀਆਂ ਦਾ ਇਕ ਵੱਡਾ ਗਰੁੱਪ ਭਿੰਡਰਾਂਵਾਲੇ ਦਾ ਸਾਥੀ ਬਣ ਗਿਆ ਸੀ। ਹੁਣ ਵੀ ਹੈ। ਕਾਮਰੇਡ ਦਲਬੀਰ ਸਿੰਘ ਪਿਛਲੇ 54 ਵਰ੍ਹੇ ਮਾਰਕਸਵਾਦੀ ਰਹਿ ਕੇ ਭਿੰਡਰਾਂ ਵਾਲੇ ਦਾ ਪ੍ਰੈਸ ਸੈਕਟਰੀ ਬਣ ਗਿਆ ਸੀ। ਹੁਣ ਉਹ ਪਿਆਰਾ ਤੇ ਈਮਾਨਦਾਰ ਦੋਸਤ ਮਫ਼ਰੂਰ ਏ। ਖਾਲਿਸਤਾਨ ਸਰਕਾਰ ਦਾ ਭਾਰਤੀ ਨੁਮਾਇੰਦਾ ਬਲਵੀਰ ਸਿੰਘ ਸੰਧੂ ਉਹੀ ਮਾਰਕਸਵਾਦੀ ਏ, ਜੀਹਨੇ ਆਪਣੇ ਪਰਚੇ ਦਾ 'ਭਗਤ ਸਿੰਘ ਅੰਕ' ਕੱਢਿਆ ਸੀ। ਜੀਹਨੇ ' ਧੂੜ ਉਡਦੀ ਰਹੀ' ਨਾਵਲ ਲਿਖਿਆ ਸੀ। ਜਿਹੜਾ ਇਨਕਲਾਬੀ ਕਵੀ ਸੀ। ਏਥੇ ਮਾਰਕਸਵਾਦ ਦੇ ਕਿੰਨੇ ਈ ਝੰਡਾਬਰਦਾਰ ਪੀਲੀਆਂ ਪੱਗਾਂ ਬੰਨ੍ਹ ਕੇ ਅੱਖਾਂ ਕੱਢਣ ਲੱਗ ਪਏ ਨੇ। ਸੇਖੋਂ, ਕੰਵਲ ਸਾਫ਼ ਤੌਰ 'ਤੇ ਖਾਲਿਸਤਾਨ ਦੀ ਹਮਾਇਤ ਕਰਦੇ ਪਏ ਨੇ। ਵਿਰਕ ਵੀ ਜੱਟ ਜਾਂ ਸਿੱਖ ਰਾਜ ਦੇ ਸੁਫਨੇ ਦੇਖਦਾ ਰਿਹੈ। ਅੰਬਰਸਰ ਯੂਨੀਵਰਸਿਟੀ 'ਚ ਜਦ ਕੇਵਲ ਸਿੱਖ ਬੈਠੇ ਹੁੰਦੇ ਨੇ ਤਾਂ ਉਹ ਹੋਰ ਈ ਲਹਿਜੇ 'ਚ ਗੱਲਾਂ ਕਰਦੇ ਨੇ।

...ਹੁਣ ਹਾਲਾਤ ਇਹੋ ਜਿਹੇ ਨੇ ਕਿ ਏਥੇ ਬਹਿ ਕੇ ਲੰਮਾ ਕੁਝ ਵੀ ਲਿਖਣਾ ਸੰਭਵ ਨਹੀਂ। ਕਬੀਲਦਾਰੀ ਮੇਰਾ ਲਹੂ ਨਚੋੜਦੀ ਰਹਿੰਦੀ ਏ। ਸ਼ੁਕਰ ਏ ਕਿ ਇਹ ਮੈਨੂੰ ਮਾਰ ਨਹੀਂ ਸਕੀ।

**10-05-1986** : ਸੁਰਜੀਤ ਹਾਂਸ ਇਕ ਦਿਨ ਆਪਣੀ ਕਿਤਾਬ 'ਸਿੱਖ ਕੀ ਕਰਨ' ਦੀਆਂ ਤਿੰਨ ਕਾਪੀਆਂ ਲੈ ਕੇ ਆਇਆ ਸੀ। ਉਹਨੇ ਮੀਸ਼ੇ ਨੂੰ ਦੇਣੀਆਂ ਸਨ।... ਕਹਿੰਦਾ, ਤੈਨੂੰ ਫੇਰ ਦੇਵਾਂਗਾ। ਊਂ ਤੈਂ ਪੜ੍ਹਨੀ ਹੈ ਨਹੀਂ।.... ਮੈਂ ਕਿਹਾ – ਮੈਨੂੰ ਸਮਝ ਵੀ ਨਹੀਂ ਆਉਣੀ।

ਏਸ ਕਿਤਾਬ ਦੇ ਨਾਉਂ ਤੋਂ ਜ਼ਾਹਰ ਏ ਕਿ ਇਹ ਇਕ ਖਾਸ ਫਿਰਕੇ ਦੇ ਲੋਕਾਂ ਨੂੰ ਮੁਖਾਤਿਬ ਏ। ਇਹਦੀ ਸੋਚ ਦੀ ਬੁਰਾਈ ਦੀ ਜੜ੍ਹ ਏਸੇ ਵਿਚ ਏ।.... ਇਹ ਮਾੜਾ ਰੁਝਾਨ ਏ। ਮੈਂ ਪੜ੍ਹ ਕੇ ਕੀ ਕਰਾਂਗਾ।

ਰਘਬੀਰ ਢੰਡ ਨੂੰ ਪੁੱਛੀਂ ਕਿ ਉਹਦੀ ਕਹਾਣੀ ਦੀ ਪਾਤਰ 'ਜੀਤੀ' ਦਾ ਹੁਣ ਕੀ ਹਾਲ ਏ, ਜਦ ਪੰਜਾਬ 'ਚ ਹਰ ਰੋਜ਼ ਚਾਰ ਪੰਜ ਮਾਸੂਮ ਲੋਕ ਕਤਲ ਕੀਤੇ ਜਾ ਰਹੇ ਨੇ।

**29-06-1986** .... ਏਸ ਕਹਾਣੀ 'ਇਹ ਉਹ ਜਸਬੀਰ ਨਹੀਂ' ਵਿਚ ਜਸਬੀਰ ਨਾਲ ਲੇਖਕ (ਵਕਤਾ) ਦੀ ਹਮਦਰਦੀ ਏਸ ਲਈ ਵੀ ਏ ਕਿ ਉਹ ਦਹਿਸ਼ਤ ਦੇ ਜਿਸ ਮਾਹੌਲ 'ਚ ਜੀ ਰਿਹਾ ਏ, ਉਹਦੇ 'ਚ ਉਹ ਜਸਬੀਰ ਕੋਲੋਂ ਵੀ ਡਰਦਾ ਏ। ਤੇ ਓਸੇ ਤੋਂ ਆਪਣੇ ਬਚਾਏ ਜਾਣ ਦੀ ਆਸ ਵੀ ਕਰਦਾ ਏ। ਉਹਦਾ ਜਸਬੀਰ ਲਈ ਮੋਹ ਏਸ ਦੁੱਖ 'ਚੋਂ ਵੀ ਪੈਦਾ ਹੋਇਆ ਏ। ਉਹ ਜਸਬੀਰ ਨਾਲ ਨਫ਼ਰਤ ਦਾ ਇਜ਼ਹਾਰ ਵੀ ਨਹੀਂ ਕਰ ਸਕਦਾ। ਜਦਕਿ ਉਹ ਹਿੰਦੂ ਫਿਰਕਾ ਪ੍ਰਸਤ ਨਾਲ ਨਫ਼ਰਤ ਜ਼ਾਹਰ ਕਰਦਾ ਏ। ਡਰੇ ਤੇ ਮਹਿਕੂਮ ਲੋਕਾਂ 'ਚ ਇੰਜ ਵੀ ਮੋਹ ਦਾ ਇਜ਼ਹਾਰ ਹੁੰਦਾ ਏ।

ਵਿਰਕ ਨੂੰ ਆਪਾਂ ਕੀ ਖੇਚਲ ਦੇ ਸਕਦੇ ਹਾਂ। ਉਹ ਡੇਢ ਕੁ ਮਹੀਨੇ ਤੋਂ ਫਾਲਜ ਨਾਲ ਮੰਜੇ 'ਤੇ ਪਿਆ ਏ। ਸੱਜਾ ਪਾਸਾ ਮਾਰਿਆ ਗਿਆ ਏ। ਵੀਹ ਪੱਚੀ ਦਿਨ ਤਾਂ ਬੋਲ ਈ ਨਹੀਂ ਸਕਿਆ। ਹੁਣ ਮਾੜਾ ਮੋਟਾ ਬੋਲਦਾ ਏ। ਏਥੇ ਆਪਣੀ ਧੀ ਦੇ ਲੁਕਿਆ ਪਿਆ ਏ। ਕਿਸੇ ਨੂੰ ਸੂਹ ਤਕ ਨਹੀਂ ਲੱਗਣ ਦਿੱਤੀ।

.... ਅਸਲ 'ਚ ਇਹ ਵਹਿਣ ਏ, ਜੀਹਦੇ ਵਿਚ ਸਭ ਹੜ੍ਹੇ ਜਾ ਰਹੇ ਨੇ। ਮਾਰਕਸਵਾਦੀਆਂ ਦੀਆਂ ਅਕਲਾਂ ਸੁੰਨ ਹੁੰਦੀਆਂ ਜਾ ਰਹੀਆਂ ਨੇ। ਤੇਰੇ 'ਭਾਅ ਜੀ' ਵੀ ਅੱਲ ਦੀਆਂ ਪਟੱਲ ਮਾਰੀ ਜਾਂਦੇ ਨੇ। .. ਸੋਚ ਦਾ ਇਹ ਸੰਕਟ ਮੈਨੂੰ ਵੀ ਹੜ੍ਹਾਈਂ ਲਈਂ ਜਾ ਰਿਹਾ ਏ। ਉਹ ਫੇਰ ਵੀ ਬਹਾਦਰ ਨੇ, ਜਿਹੜੇ ਬੋਲਦੇ ਨੇ। ਮੈਂ ਬੁਜ਼ਦਿਲ ਹਾਂ, ਜਿਹੜਾ ਚੁੱਪ ਬੈਠਾ ਹਾਂ। ਸੇਖੋਂ ਖੁਲ੍ਹੇ ਆਮ ਖਾਲਿਸਤਾਨੀਆਂ ਦੀ ਹਮਾਇਤ ਕਰਦਾ ਏ। ਉਹ ਫੇਰ ਵੀ ਮਾਰਕਸਵਾਦੀ ਸੋਚ ਵਾਲੇ ਲੇਖਕਾਂ ਦਾ ਸਿਰ ਏ। ਮੈਨੂੰ ਤਾਂ ਲੱਗਦਾ ਏ ਕਿ ਮਾਰਕਸਵਾਦੀ ਸੋਚ 'ਚ ਬੁਨਿਆਦੀ ਗਲਤੀਆਂ ਨੇ।

... ਅੱਜ ਕੁਝ ਪੁਰਾਣੀਆਂ ਫੋਟੋਆਂ ਦੇਖੀਆਂ। ਕੇਵਲ ਦੇ ਵਿਆਹ (ਝੂਠੇ) ਦੀ ਤਸਵੀਰ ਦੇਖੀ। ... ਨਵੀਂ ਨਸ਼ਲ ਦੇ ਲੋਕ ਪੁੱਛਦੇ ਨੇ ਕਿ ਕੇਵਲ ਕੌਰ ਕੌਣ ਸੀ? ਕਾਸ਼ ਉਹਨਾਂ ਨੇ ਵੀ ਉਹਨੂੰ ਦੇਖਿਆ ਹੁੰਦਾ।

16-04-1987 : ਮੈਂ ਹੁਣ ਜ਼ਿਹਨੀ ਪਰੇਸ਼ਾਨੀਆਂ ਦੇ ਦੌਰ ਵਿਚੋਂ ਲੰਘ ਚੁੱਕਾ ਹਾਂ। ਹਾਲੇ ਵੀ ਗੋਸ਼ਾ-ਨਸ਼ੀਨੀ ਚੰਗੀ ਲੱਗਦੀ ਏ। ਇਹ ਚੰਗੀ ਨਿਸ਼ਾਨੀ ਨਹੀਂ। ਪੰਜਾਬ ਦੇ ਵਿਗੜੇ ਹਾਲਾਤ, ਆਉਣ ਵਾਲੇ ਸਮੇਂ 'ਚ ਭੁੱਖ ਦਾ ਡਰ, ਤੇ ਜ਼ਿੰਦਗੀ ਆਪਣੇ ਢੰਗ ਨਾਲ ਜਿਊਣ ਦੀ ਆਰਜ਼ੂ.... ਦੱਬੀਂ ਬੈਠਾ ਏ ਸਭ ਕੁਝ ਮੈਨੂੰ।

**11-06-1987** : ਬੁੜ੍ਹੇ (ਸੁਰਜੀਤ ਹਾਂਸ) ਨੂੰ ਜਲੰਧਰ ਆਇਆਂ ਅੱਠ ਮਹੀਨੇ ਹੋ ਚੁੱਕੇ ਨੇ। ਏਸ ਦੌਰਾਨ 'ਚ ਇਕ ਪੋਸਟ ਕਾਰਡ ਆਇਆ। ਲਿਖਿਆ ਸੀ 'ਤੁਮ੍ਹੇਂ ਟੀ. ਵੀ. ਪਰ ਦੇਖਾ।'

ਮੈਂ ਪਿਛਲੇ ਤਿੰਨ ਚਾਰ ਮਹੀਨਿਆਂ ਤੋਂ ਕੋਈ ਕਹਾਣੀ ਨਹੀਂ ਲਿਖੀ।... ਹੋਰ ਲਿਖਣ ਨੂੰ ਦਿਲ ਈ ਨਹੀਂ ਮੰਨਦਾ। .... ਮੈਨੂੰ ਲੱਗਦਾ ਏ ਕਿ ਮੇਰੇ ਅੰਦਰ ਕੁਝ ਬਦਲ ਰਿਹਾ ਏ। ਸੋਚਾਂ ਉਲਝ ਗਈਆਂ ਨੇ। ਕਿਸੇ ਗੱਲ ਦਾ ਕੋਈ ਸਿਰਾ ਨਹੀਂ ਲੱਭਦਾ।

**19-08-1987** : .... ਮੈਂ ਖੰਨੇ, ਪਿੰਡ ਬਡਗੁਜਰਾਂ ਤੇ ਸਮਰਾਲੇ ਗਿਆ ਸੀ। ਮੇਰੇ ਭਾਈਆਂ ਦੇ



ਟੱਬਰ ਔਖੇ ਨੇ। ਖਿੰਡ ਰਹੇ ਨੇ। ਚਾਚਾ ਸਾਰੀ ਜ਼ਮੀਨ ਵੇਚ ਕੇ ਹਰਿਆਣੇ ਜਾ ਰਿਹਾ ਏ। ਓਥੇ ਥੋੜ੍ਹੀ ਜ਼ਮੀਨ ਖਰੀਦ ਲਈ ਏ। ਹੁਣ ਕੋਠਾ ਪਾ ਰਿਹਾ ਏ। ਇਕ ਭਰਾ ਦਿੱਲੀ ਜਾ ਰਿਹਾ ਏ। ਇਕ ਆਪਣੇ ਪੁੱਤ ਨਾਲ ਲੜ ਕੇ ਭੱਜਣ ਨੂੰ ਫਿਰਦਾ ਏ। .... ਟੁੱਟਦੇ ਘਰਾਂ ਨੂੰ ਦੇਖ ਕੇ ਦੁੱਖ ਹੋਇਆ, ਪਰ ਕੁਝ ਸੁਖੀ ਰਿਸ਼ਤੇਦਾਰਾਂ ਨੂੰ ਦੇਖ ਕੇ ਸੁਖ ਨਹੀਂ ਮਿਲਿਆ। ਪਤਾ ਨਹੀਂ ਸੁਭਾਅ ਈ ਦੁੱਖੀ ਰਹਿਣਾ ਬਣ ਗਿਆ ਏ।

**05-02-1988** : ਮੇਰੀ ਸਿਹਤ ਠੀਕ ਏ। ਦਾਹੜੀ ਬੱਗੀ ਹੋ ਗਈ ਏ। 1985 ਤੋਂ ਬੁਢਾਪੇ ਦਾ ਅਹਿਸਾਸ ਹੋਣ ਲੱਗਾ ਏ। ਲੜਨ ਨੂੰ ਦਿਲ ਹੁਣ ਵੀ ਕਰਦਾ ਰਹਿੰਦਾ ਏ। ਲੜ ਵੀ ਪੈਂਦਾ ਹਾਂ। ਪਰ ਹੁਣ ਘੁਲ ਨਹੀਂ ਸਕਦਾ। ਦੌੜ ਨਹੀਂ ਸਕਦਾ। ਆਪਣੇ ਆਪ ਨੂੰ ਭਾਵੁਕਤਾ ਤੋਂ ਬਚਾਉਣ ਲਈ ਕਦੇ-ਕਦੇ ਗੋਲੀ ਖਾ ਲੈਂਦਾ ਹਾਂ। ਦਿਲ ਨੂੰ ਟਿਕਾਣੇ ਰੱਖਣ ਦੇ ਜਤਨ ਵੀ ਕਰਨੇ ਪੈਂਦੇ ਨੇ।

**05-02-1988** : ਪਟਿਆਲੇ 24 ਜਨਵਰੀ ਨੂੰ ਸੁਮਨ ਦਾ ਵਿਆਹ ਕਰ ਕੇ 27 ਨੂੰ ਅਸੀਂ ਮੁੜ ਆਏ ਸੀ। ... ਵਿਆਹ 'ਚ ਮੈਂ ਕੁਝ ਨਹੀਂ ਕੀਤਾ। ਇਕ ਪਾਸੇ ਬੈਠਾ ਰਿਹਾ। .... ਜਨਕ, ਜਿਓਤੀ ਤੇ ਸੁਜਾਤਾ ਬੜੇ ਖੁਸ਼ ਸਨ।... ਹੋਰ ਲੋਕ ਵੀ ਖੁਸ਼ ਸਨ। ਖਾਣ ਪੀਣ ਤੇ ਨੱਚਣ ਟੱਪਣ 'ਚ ਮਸਤ ਸਨ। ... ਧਰਤੀ ਦੇ ਓਸ ਟੋਟੇ 'ਤੇ ਮੈਂ ਈ ਦੁਖੀ ਸਾਂ। ਜਲੰਧਰ ਆ ਕੇ ਇਹ ਦੁੱਖ ਵਧਦਾ ਈ ਗਿਆ। ਮੈਂ ਉੱਪਰ ਉੱਪਰੋਂ ਖੁਸ਼ੀ ਜ਼ਾਹਰ ਕਰਦਾ ਰਿਹਾ। ਦਿਲ ਦੀ ਘਬਰਾਹਟ ਵਧ ਗਈ। ਹਰ ਚੀਜ਼ ਤੋਂ, ਹਰੇਕ ਜੀਅ ਤੋਂ, ਥਾਂ ਤੋਂ, ਪੈਸੇ ਤੋਂ, ਆਪਣੇ ਹੱਥੀਂ ਬਣਾਏ ਘਰ ਤੋਂ ਵੀ ਨਫ਼ਰਤ ਹੋ ਗਈ।... ਮਨ 'ਚ ਮੌਤ ਦੀ ਇੱਛਾ ਪੈਦਾ ਹੋਣ ਲੱਗੀ।

ਮੈਂ ਡਰ ਗਿਆ। ਡਾਕਟਰ ਨੂੰ ਦਖਾਇਆ। ਕਈ ਦਿਨ ਦਿਲ ਤੇ ਦਿਮਾਗ ਨੂੰ ਸੁੰਨ ਕਰਨ ਦੀਆਂ ਦਵਾਈਆਂ ਖਾਂਦਾ ਰਿਹਾ। ਸੁਰਜੀਤ ਕੌਰ ਮੇਰੀ ਏਸ ਹਾਲਤ ਦਾ ਮਜ਼ਾਕ ਉਡਾਂਦੀ ਰਹੀ। ਉਹ ਪਤਾ ਨਹੀਂ ਕਿੰਨਵੀਂ ਵਾਰ ਮੇਰੀ ਇਹ ਹਾਲਤ ਦੇਖ ਰਹੀ ਸੀ।... ਪਰਸੋਂ ਤੋਂ ਹੋਮਿਓਪੈਥੀ ਦੀ ਦਵਾਈ ਸ਼ੁਰੂ ਕੀਤੀ ਏ। ਹਰ ਵੇਲੇ ਖਿਝ ਆਉਂਦੀ ਰਹਿੰਦੀ ਏ। ਮੈਂ ਆਪਣੇ ਆਪ ਨੂੰ ਸਾਂਭ ਕੇ ਰੱਖਦਾ ਹਾਂ। ਹੋਰਾਂ ਵਿਚਾਰਿਆਂ ਨੇ ਕੀ ਵਿਗਾੜਿਆ ਏ ਕਿ ਮੈਂ ਉਹਨਾਂ ਦੀ ਜ਼ਿੰਦਗੀ 'ਚ ਦੁੱਖ ਪੈਦਾ ਕਰਾਂ। ਕਲ੍ਹ ਬੁੜ੍ਹੇ ਦੀ ਚਿੱਠੀ ਆਈ ਸੀ। ਉਹਨੂੰ ਜਸਵੰਤ ਦੀਦ ਤੋਂ ਪਤਾ ਲੱਗਿਆ ਹੋਣਾ ਏ। ਉਹਦਾ ਖਿਆਲ ਏ ਕਿ ਵਿਆਹ 'ਤੇ ਬਹੁਤਾ ਪੈਸਾ ਖਰਚ ਹੋਣ ਕਰ ਕੇ ਇੰਜ ਹੋਇਆ ਏ। ਉਹ ਕਲ੍ਹ ਜਾਂ ਪਰਸੋਂ ਆਵੇਗਾ।

**04-05-1988** : ... ਤੇਰੇ ਵੱਲੋਂ ਪਾਸ਼ ਦਾ ਮਰਸੀਆ ਲਿਖਣਾ ਮੈਨੂੰ ਅਜੀਬ ਲੱਗਿਆ। ਹੋ ਸਕਦਾ ਏ ਕਿ ਤੈਨੂੰ ਉਹਦੇ ਮਰਨ ਦਾ ਦੁੱਖ ਈ ਏਨਾ ਪਹੁੰਚਿਆ ਹੋਵੇ। ਪਰ ਇੰਜ ਵੀ ਨਹੀਂ ਹੋਣਾ ਚਾਹੀਦਾ। ਬਿਹਤਰ ਹੁੰਦਾ ਤੂੰ ਉਹਦੇ ਬਾਰੇ ਕੋਈ ਲੇਖ ਜਾਂ ਯਾਦਾਂ ਲਿਖ ਦੇਂਦਾ। ਏਸ ਤਰ੍ਹਾਂ ਦੀ ਉਪਭਾਵੁਕਤਾ ਤੋਂ ਬਚ ਜਾਂਦਾ ਤੇ ਗੱਲ ਵੀ ਰਹਿ ਜਾਂਦੀ।

ਪਿੱਛੇ ਜਿਹੇ ਪਾਸ਼ ਦੇ ਕੱਠ 'ਤੇ ਮੋਟਾ (ਚਿਰੰਜੀਵ ਸਿੰਘ) ਵੀ ਆਇਆ ਸੀ। ਉਹ ਦੱਸਦਾ ਸੀ ਕਿ ਤੈਨੂੰ ਕੁੱਟਣ ਵਾਲਿਆਂ 'ਚ ਪਾਸ਼ ਵੀ ਸ਼ਾਮਲ ਸੀ। ਮੈਨੂੰ ਇਹ ਗੱਲ ਥੋੜ੍ਹੀ ਜਿਹੀ ਯਾਦ ਸੀ, ਮੋਟੇ ਨੇ ਤਾਜ਼ਾ ਕਰਾ ਦਿੱਤੀ।

**07-11-1988** : ਅੱਜਕਲ੍ਹ ਅਜੀਤ ਕੌਰ ਮੇਰੇ 'ਤੇ ਬੜੀ ਦਿਆਲ ਏ। ਮੇਰੀ ਕਹਾਣੀ **'ਇਹ ਉਹ ਜਸਬੀਰ ਨਹੀਂ'** ਬਾਰੇ ਟੈਲੀਫਿਲਮ ਬਨਾਉਣ ਲਈ ਮਨਜ਼ੂਰ ਕਰਾ ਲਈ ਏ। ਮੈਨੂੰ ਆਪਣੇ ਕੋਲੋਂ ਦੋ ਹਜ਼ਾਰ ਰੁਪੈ ਭਿਜਵਾ ਦਿੱਤੇ ਨੇ। ਜੇ ਇਕ ਹਜ਼ਾਰ ਹੋਰ ਭਿਜਵਾ ਦੇਵੇ ਤੇ ਮੇਰਾ ਪ੍ਰਕਾਸ਼ਕ ਵੀ ਮੈਨੂੰ ਪੈਸੇ ਦੇ ਦੇਵੇ ਤਾਂ ਮੈਂ ਰੰਗਦਾਰ ਟੀ. ਵੀ. (ਸਸਤਾ) ਲੈ ਲਵਾਂ। ਕਾਲਾ ਚਿੱਟਾ ਖਰਾਬ ਹੋ ਕੇ ਡੱਬਾ ਬਣਿਆ ਪਿਆ ਏ।

ਇਕ ਸੂਚਨਾ : ਗੁਰਸ਼ਰਨ 'ਭਾਅ ਜੀ' ਦੇ ਕਈ ਸੀਰੀਅਲ ਟੀ. ਵੀ. 'ਤੇ ਚੱਲ ਚੁੱਕੇ ਨੇ। ਹਜ਼ਾਰਾਂ ਕੀ ਲੱਖਾਂ ਦੀ ਕਮਾਈ ਹੋ ਗਈ ਏ। ਫੇਰ ਹੁਣ ਜਦ ਡਾਇਰੈਕਟਰ ਨੇ ਕੰਮ ਬੰਦ ਕਰ ਦਿੱਤਾ ਤਾਂ ਗੁਰਸ਼ਰਨ ਦਿੱਲੀ ਤੋਂ ਸੱਤ ਲੱਖ ਰੁਪਏ ਦੇ ਸੀਰੀਅਲ ਦੀ ਮਨਜ਼ੂਰੀ ਹੋਰ ਲੈ ਆਇਆ।... ਇਹ ਵੀ ਇਕ ਨਵਾਂ ਢੰਗ ਏ

ਅਮੀਰ ਹੋਣ ਦਾ।

**21-05-1989** : ਦੇਖੋ, ਰੀਟਾਇਰ ਹੋ ਕੇ ਪਰਚਾ ਕੱਢਣ ਦੀ ਸੋਚਦਾ ਹਾਂ, ਪਰ ਇਹ ਨਹੀਂ ਸੋਚਦਾ ਕਿ ਰੋਟੀ ਕਿਵੇਂ ਤੁਰੂਗੀ। ਜਿਵੇਂ ਇਹ ਡੋਰੀ ਹਾਲਾਤ 'ਤੇ ਛੱਡ ਦਿੱਤੀ ਹੋਵੇ। ਪਤਾ ਨਹੀਂ ਕੀਹਦੇ ਲਈ ਕੀ ਲਿਖਾਂਗਾ। ਇਹ ਪੱਕ ਏ ਕਿ ਨੌਕਰੀ ਨਹੀਂ ਕਰਨੀ। ਧੀਰ ਵਾਂਗੂੰ ਭੁੱਖਿਆਂ ਵੀ ਨਹੀਂ ਫਿਰਨਾ। ਗੁਰਦਿਆਲ ਵਾਂਗੂੰ ਮੰਗਣਾ ਵੀ ਨਹੀਂ।

**19-01-1990** : ਮਨੋਵਿਗਿਆਨੀਆਂ ਦੇ ਚੱਕਰ 'ਚ ਪੈਣਾ ਤੇ ਉਹਨਾਂ ਨੂੰ ਚੱਕਰ 'ਚ ਪਾਉਣਾ ਵੀ ਦਿਲਚਸਪ ਕੰਮ ਏ।... ਤੇਰਾ 'ਦਿਲਾਂ ਦੇ ਵੈਦ' ਨੂੰ ਮਿਲਣਾ ਮੁਬਾਰਕ ਹੋਵੇ। ਤੈਨੂੰ ਇਕ ਦਿਲਚਸਪ ਗੱਲ ਦੱਸਾਂ- ਮੈਂ ਜਦ ਵੀ ਕਿਸੇ ਮਨੋਵਿਗਿਆਨੀ (ਡਾਕਟਰ) ਨੂੰ ਮਿਲਦਾ ਸੀ, ਮੈਂ ਆਪਣੇ ਸਾਹਮਣੇ ਬੈਠੇ ਓਸ ਸ਼ਖਸ ਨੂੰ ਮੂਰਖ ਸਮਝਦਾ ਸੀ। ਡਾਕਟਰ ਕਹਿੰਦੇ ਨੇ ਕਿ ਇਹੀ ਕਿਸੇ ਦੇ 'ਹਿੱਲਣ' ਦੀ ਪਛਾਣ ਏ। - ਪਰ ਜਦ ਉਹ ਡਾਕਟਰ ਦੋਸਤ ਦੀ ਪੱਧਰ 'ਤੇ ਆ ਕੇ ਗੱਲਾਂ ਕਰਦਾ ਸੀ ਤਾਂ ਮਨੋਰੋਗੀ ਲੱਗਣ ਲੱਗ ਪੈਂਦਾ ਸੀ। - ਜਿਵੇਂ ਤੈਂ ਜਰਮਨ ਡਾਕਟਰ ਬਾਰੇ ਲਿਖਿਆ ਏ।

ਕੁਝ ਦਿਨ ਹੋਏ ਇਕ ਦੋਸਤ ਮਿਲਿਆ। ਉਹ ਖੱਬੇ-ਪੱਖੀ ਹੋਣ ਦਾ ਥੋੜ੍ਹਾ ਦਮ ਭਰਦਾ ਸੀ। ਕਹਿਣ ਲੱਗਿਆ," ਹੁਣ ਮੈਨੂੰ ਸ਼ਰਮ ਆਉਂਦੀ ਏ ਕਿਸੇ ਨਾਲ ਬਹਿਸ ਕਰਦਿਆਂ। ਮੈਂ ਕਹਿੰਦਾ ਰਿਹਾ ਹਾਂ ਕਿ ਰੂਸ ਵੱਲ ਦੇਖੋ, ਚੀਨ ਵੱਲ ਦੇਖੋ, ਹੋਰ ਸੋਸ਼ਲਿਸਟ ਦੇਸਾਂ ਵੱਲ ਦੇਖੋ। - ਹੁਣ ਲੋਕ ਇਹੀ ਗੱਲ ਮੈਨੂੰ ਕਹਿੰਦੇ ਨੇ।

ਮੈਨੂੰ ਲੱਗਦਾ ਏ ਕਿ ਹੁਣ ਭਾਰਤੀ ਸਾਹਿਤਕਾਰ ਵੀ ਨਵੇਂ ਵਿਸ਼ੇ ਲੱਭਣਗੇ।

**07-11-1990** : ਖਿਆਲ ਸੀ ਕਿ ਅੰਬਰਸਰੋਂ ਆ ਕੇ ਤੈਨੂੰ ਚਿੱਠੀ ਲਿਖਾਂਗਾ। ਪਰ ਜਿੱਦਣ ਆਇਆ, ਉਸੇ ਰਾਤ ਮੇਰੀ ਸਿਹਤ ਵਿਗੜ ਗਈ। ਮੈਂ ਰਾਤ ਨੂੰ ਪੇਸ਼ਾਬ ਕਰਨ ਗਿਆ ਗੁਸਲਖਾਨੇ 'ਚ ਬੇਹੋਸ਼ ਹੋ ਕੇ ਡਿਗ ਪਿਆ। ਅਗਲੇ ਦਿਨ ਤੋਂ ਡਾਕਟਰਾਂ ਦਾ ਚੱਕਰ ਚੱਲ ਪਿਆ। ਟੈਸਟ ਹੋਣ ਲੱਗੇ। ਈ. ਸੀ. ਜੀ. ਵੀ ਕਰਾਈ। ਇਕ ਡਾਕਟਰ ਦਾ ਖਿਆਲ ਸੀ ਕਿ ਇਹ ਮਿਰਗੀ ਦਾ ਦੌਰਾ ਏ। ਜੇ ਫੇਰ ਹੋਇਆ ਤਾਂ ਤਿੰਨ ਸਾਲ ਦਵਾਈ ਖਾਣੀ ਪਊਗੀ। ਦੂਜੇ ਦਾ ਖਿਆਲ ਸੀ ਕਿ ਇਹ ਡਿਪ੍ਰੈਸ਼ਨ ਦਾ ਈ ਹਿੱਸਾ ਏ। ... ਕਈ ਦਿਨ ਮਰਨ ਬਾਰੇ ਸੋਚਦਿਆਂ ਲੰਘ ਗਏ। ਕਲ੍ਹ ਕੁਝ ਠੀਕ ਹੋਇਆ ਸੀ। ਅੱਜ ਲਿਖਣ ਜੋਗਾ ਹੋਇਆ ਹਾਂ। ਹਾਲੇ ਮੈਂ ਕੱਲਾ ਕਿਤੇ ਬਾਹਰ ਨਹੀਂ ਨਿੱਕਲਦਾ।

ਏਧਰ ਹਵਾ ਪ੍ਰਗਤੀਵਾਦੀ ਜਾਂ ਪ੍ਰਤੀਬੱਧ ਸਾਹਿਤ ਦੇ ਖਿਲਾਫ਼ ਉੱਠਣ ਲੱਗੀ ਏ। ਜਿਹੜੀਆਂ ਗੱਲਾਂ ਮੈਂ ਦੋ ਸਾਲਾਂ ਤੋਂ ਕਰ ਰਿਹਾ ਹਾਂ, ਲੋਕ ਉਹਨੂੰ ਠੀਕ ਆਖਣ ਲੱਗ ਪਏ ਨੇ।

ਪਾਸ਼ ਬਾਰੇ ਕਿਤਾਬ ਐਡਿਟ ਕਰਦਿਆਂ ਸਾਹਿਤਕ ਈਮਾਨਦਾਰੀ ਵਰਤੀਂ। ਕਾਮਰੇਡਾਂ ਵਾਂਗੂੰ ਡੰਡੀ ਨਾ ਮਾਰੀਂ।

**12-02-1991** : ਬੁੜ੍ਹੇ (ਸੁਰਜੀਤ ਹਾਂਸ) ਨੇ ਪਿਛਲੇ ਇਕ ਵਰ੍ਹੇ 'ਚ ਬਹੁਤ ਵਧੀਆ ਕਵਿਤਾਵਾਂ ਲਿਖੀਆਂ ਨੇ।... ਉਹ ਦੋ ਢਾਈ ਵਰ੍ਹਿਆਂ ਤੋਂ ਕਈ ਮਾਨਸਿਕ ਉਲਝਣਾਂ 'ਚੋਂ ਲੰਘ ਰਿਹਾ ਏ। ਉਹਨੂੰ ਅੱਤਵਾਦੀ ਮਾਰਨ ਨੂੰ ਫਿਰਦੇ ਨੇ। ਸੋ ਉਹਨੇ ਮੌਤ ਬਾਰੇ ਵੀ ਕੁਝ ਚੰਗੀਆਂ ਕਵਿਤਾਵਾਂ ਲਿਖੀਆਂ ਨੇ। ਪਿਛਲੇ ਚਾਰ ਵਰ੍ਹਿਆਂ 'ਚ ਉਹਦੇ ਵਿਚ ਬੜੀਆਂ ਤਬਦੀਲੀਆਂ ਆਈਆਂ ਨੇ। ਸਾਹਿਤ ਤੇ ਕਵਿਤਾ ਬਾਰੇ ਵੀ ਉਹਦੀ ਸੋਚ ਬਦਲੀ ਏ।

'ਆਰਸੀ' 'ਚ ਮੇਰੀ ਚਿੱਠੀ ਪੜ੍ਹ ਕੇ ਤੇਰਾ ਗਿਲਾ ਕਰਨਾ ਜਾਇਜ਼ ਏ। ਹੋਰ ਵੀ ਕਈ ਦੋਸਤਾਂ ਨੇ ਮੇਰਾ ਲਿਖਣਾ ਠੀਕ ਨਹੀਂ ਸਮਝਿਆ। ਅਜਿਹਾ ਗਿਲਾ ਕਰਨ ਵਾਲੇ ਦੋ ਕਿਸਮ ਦੇ ਲੋਕ ਨੇ। ਇਕ ਉਹ ਜਿਹੜੇ ਦਿਲ ਦੇ ਕਿਸੇ ਖੂੰਜੇ ਵਿਚੋਂ ਮੈਨੂੰ ਪਸੰਦ ਨਹੀਂ ਕਰਦੇ। ਉਹਨਾਂ ਅੰਦਰ ਕੁਝ ਔਖਿਆਈ ਓਸ ਫਿਲਮ ਨੇ ਵੀ ਪੈਦਾ ਕੀਤੀ ਏ, ਜਿਹੜੀ ਦੂਰਦਰਸ਼ਨ ਵਾਲਿਆਂ ਨੇ ਮੇਰੇ ਬਾਰੇ ਬਣਾ ਕੇ ਵਿਖਾਈ ਏ। ... ਦੂਜੇ ਮੇਰੇ ਹਮਦਰਦ ਨੇ। ਪਰ ਉਹਨਾਂ ਦਾ ਨਜ਼ਰੀਆ ਉਹੀ ਪੁਰਾਣਾ ਏ। ਉਹ ਬੰਦੇ ਅੰਦਰ ਪਲ-ਪਲ ਆਉਂਦੀਆਂ



ਤਬਦੀਲੀਆਂ ਨੂੰ ਤਾਂ ਕੀ, ਲੰਮੇ ਅਰਸੇ 'ਚ ਆਈਆਂ ਤਬਦੀਲੀਆਂ ਨੂੰ ਵੀ ਮੁਨਾਸਬ ਨਹੀਂ ਸਮਝਦੇ।

ਕੇਵੈਂਟਰੀ ਤੋਂ ਜੀ. ਐਸ. ਕੋਹਲੀ ਤੇ ਵਿਰਕ ਹੋਰਾਂ ਸੱਤ ਜਣਿਆਂ ਨੇ ਆਰਸੀ ਦੀ ਚਿੱਠੀ ਪੜ੍ਹ ਕੇ ਮੈਨੂੰ ਪੰਜ ਹਜ਼ਾਰ ਰੁਪਏ ਭੇਜੇ ਸੀ। ਉਹ ਚੈਕ ਮੈਂ ਧੰਨਵਾਦ ਕਰ ਕੇ ਮੋੜ ਦਿੱਤਾ ਤੇ ਲਿਖਿਆ ਕਿ ਮੈਨੂੰ ਸਹਾਇਤਾ ਨਹੀਂ ਚਾਹੀਦੀ। ਜੇ ਵਿਰਕ ਸਾਹਿਬ ਆਪਣੇ ਪਰਚੇ 'ਚ ਮੇਰੀਆਂ ਕਹਾਣੀਆਂ ਛਾਪਦੇ ਨੇ ਤਾਂ ਮੈਨੂੰ ਸੇਵਾ ਫ਼ਲ ਭੇਜ ਦੇਣ।

**10-03-1991** : ਬੁੜ੍ਹੇ ਨੂੰ ਗੋਲੀ ਵਾਲਿਆਂ ਦੀ ਧਮਕੀ ਮਿਲੀ ਤਾਂ ਉਹ ਪਹਿਲਾਂ ਡਰ ਗਿਆ ਸੀ। ਹੌਲੀ-ਹੌਲੀ ਸੋਚ ਬਦਲਦੀ ਗਈ ਏ। ਹੁਣ ਉਹ ਮੌਤ ਤੋਂ ਨਿਡਰ ਹੋ ਗਿਆ ਏ। ਮੈਂ ਵੀ ਉਹਦੇ ਕੋਲ ਦੋ ਰਾਤਾਂ ਰਹਿ ਆਇਆ ਹਾਂ। ਓਸ ਤੋਂ ਹੁਣ ਲੋਕ (ਦੋਸਤ) ਉਸੇ ਤਰ੍ਹਾਂ ਡਰਦੇ ਨੇ, ਜਿਵੇਂ ਤੇਰੇ ਕੋਲੋਂ ਡਰਦੇ ਸਨ। ਮੈਂ ਵੀ ਡਰ ਗਿਆ ਸੀ।... ਮੈਨੂੰ ਤਜਰਬਾ ਹੋਇਆ, ਓਸ ਬੰਦੇ ਨਾਲ ਬਹਿਣ ਦਾ, ਨਾਲ ਟੁਰਨ ਦਾ, ਨਾਲ ਸੌਣ ਦਾ, ਜਿਹੜਾ ਕਿਸੇ ਦਾ ਨਿਸ਼ਾਨਾ ਏ। ਜੀਹਨੂੰ ਕਦੇ ਵੀ ਗੋਲੀ ਲੱਗ ਸਕਦੀ ਏ। ਜਿਹੜੀ ਗੋਲੀ ਤੁਹਾਡੇ ਹਿੱਸੇ ਵੀ ਆ ਸਕਦੀ ਏ।... ਮੈਨੂੰ ਅਜੀਬ ਸੁਆਦ ਜਿਹਾ ਆਇਆ ਉਹਦੇ ਨਾਲ ਮਰਨ ਦਾ!

ਪਹਿਲਾਂ-ਪਹਿਲਾਂ ਮੈਂ ਉਹਨੂੰ ਕਿਹਾ ਸੀ ਕਿ ਬੇਅਕਲਾਂ ਦੀ ਗੋਲੀ ਖਾ ਕੇ ਮਰਨਾ ਕੋਈ ਸੂਰਮਗਤੀ ਨਹੀਂ। ਏਸ ਤਰ੍ਹਾਂ ਤੂੰ ਸ਼ਹੀਦ ਨਹੀਂ ਬਨਣ ਲੱਗਾ।... ਮੈਂ ਧੀਰੋ ਤੋਂ ਵੀ ਅਖਵਾਇਆ। ਉਹ ਸਾਡੀ ਗੱਲ ਮੰਨਦਾ ਵੀ ਏ। ਪਰ ਅੰਬਰਸਰ ਛੱਡਣ ਦੀ ਗੱਲ ਸੋਚ ਕੇ ਫੈਸਲਾ ਬਦਲ ਲੈਂਦਾ ਏ।

... ਜੇ ਪੰਜਾਬ ਦੇ ਹਾਲਾਤ ਅੱਜ ਵਾਲੇ ਨਾ ਹੁੰਦੇ ਤਾਂ ਤੂੰ ਦੇਖਦਾ ਕਿ ਸਾਹਿਤ ਤੇ ਸੱਭਿਆਚਾਰ ਬਾਰੇ ਫੈਸਲੇ ਕਿੱਡੀ ਛੇਤੀ ਹੋਣੇ ਸਨ। ਹੁਣ ਤਾਂ ਬਹੁਤੇ ਲੋਕੀਂ ਗੋਲੀ ਤੋਂ ਡਰਦੇ ਏਸ ਲਈ ਚੁੱਪ ਨੇ ਕਿ ਉਹਨਾਂ ਦੀ ਕਿਸੇ ਗੱਲ ਦਾ ਮਤਲਬ ਉਹਨਾਂ ਨੂੰ ਕੋਈ ਹੋਰ ਤਰ੍ਹਾਂ ਨਾ ਦੱਸ ਦੇਵੇ।

**03-05-1991** : ਪਿਛਲੇ ਹਫ਼ਤੇ ਮੇਰੀ ਕਿਤਾਬ 'ਕੁਝ ਅਣਕਿਹਾ ਵੀ' 'ਤੇ ਬਹਿਸ ਹੋਈ ਸੀ। ਚੰਗੇ ਸੁਹਣੇ ਯੁੱਧ ਮਚੇ। ਵਰਿਆਮ ਤੇ ਭੰਡਾਰੀ ਮਿਥ ਕੇ ਆਏ ਸੀ, ਮੇਰੀ ਮੁਖ਼ਾਲਫ਼ਤ ਕਰਨ ਲਈ। ਸੁਰਜੀਤ ਕੌਰ ਵੀ ਗਰਮ ਹੋ ਗਈ। ਬੁੜ੍ਹਾ ਉਦੋਂ ਗੁੱਸੇ 'ਚ ਬੋਲਣ ਲੱਗ ਪਿਆ, ਜਦ ਉਹਨੂੰ ਉਹਨਾਂ ਦੀ ਮਨਸ਼ਾ ਦਾ ਪਤਾ ਲੱਗ ਗਿਆ। ਫੇਰ ਤਾਂ ਉਹ ਆਪਣੀ ਗੱਲ ਅਧੂਰੀ ਛੱਡ ਕੇ ਈ ਚਲਿਆ ਗਿਆ।... ਬਾਅਦ 'ਚ ਉਹਨਾਂ ਨੂੰ ਆਪਣੇ ਅਮਲ 'ਤੇ ਪਛਤਾਵਾ ਹੋਇਆ। ਬਹਿਸ ਰੀਕਾਰਡ ਹੋ ਗਈ। ਛਪਾ ਦਿੱਤੀ ਜਾਵੇਗੀ।... ਵਰਿਆਮ ਪਿਛਲੇ ਦਸਾਂ ਵਰ੍ਹਿਆਂ ਤੋਂ ਮੇਰੀਆਂ ਸਿਫਤਾਂ ਕਰਦਾ ਰਿਹਾ ਏ। ਹੁਣ ਪੁੱਠੀ ਮਾਲਾ ਫੇਰਨ ਲੱਗਾ ਏ। ਇਹਦੇ ਕਈ ਕਾਰਨ ਨੇ। ਉਂਜ ਉਹ ਮੈਨੂੰ ਮਿਲਦਾ ਏ। ਗੱਲ ਬਾਤ ਕਰਦਾ ਏ।

**23-06-1991** : ਸਤੰਬਰ 'ਚ ਜਿਓਤੀ ਤੇ ਸੁਜਾਤਾ ਦਾ ਵਿਆਹ ਕਰ ਦੇਣਾ ਏ। ਅੱਜਕਲ੍ਹ ਰਸਮਾਂ ਹੋ ਰਹੀਆਂ ਨੇ। ਜਿਹੜੀਆਂ ਮੈਨੂੰ ਘਰੋਂ ਭੱਜਣ 'ਤੇ ਮਜਬੂਰ ਕਰ ਰਹੀਆਂ ਨੇ। ਪਰ ਮੈਂ ਜਾ ਨਹੀਂ ਸਕਦਾ। .ਕੁਰਆਨ ਮਜੀਦ 'ਚ ਆਇਆ ਏ ਕਿ ਜੇ ਕਿਸੇ ਦੀ ਧੀ ਵਿਆਹੁਣ ਵਾਲੀ ਹੋਵੇ, ਉਹਨੂੰ ਹੱਜ ਦਾ ਸੁਆਬ ਨਹੀਂ ਮਿਲਦਾ।

**21-09-1991** : ਇਕ ਦਿਨ ਦਿਲਜੀਤ ਰੇਡਿਓ 'ਤੇ ਕਹਾਣੀ ਬਾਰੇ ਬੋਲਣ ਆਇਆ। ਉਹ ਹੁਣ ਉੱਤਰ-ਪ੍ਰਗਤੀਵਾਦ ਦਾ ਨਾਂ ਲੈਣ ਲੱਗ ਪਿਆ ਏ। ਜਿਵੇਂ ਪ੍ਰਗਤੀਵਾਦ ਦਾ ਦੌਰ ਖਤਮ ਹੋ ਗਿਆ ਹੋਵੇ।... ਪਰ ਜਦ ਮੈਂ ਸਮਾਜਵਾਦੀ ਸਾਹਿਤਕਾਰਾਂ ਤੇ ਰੂਸ ਦੇ ਹਾਲਾਤ ਦਾ ਮਜ਼ਾਕ ਉਡਾਂਦਾ ਹਾਂ ਤਾਂ ਕੌੜਾ ਹੋ ਜਾਂਦਾ ਏ।... ਉਹਨੇ ਆਪ ਦੱਸਿਆ ਕਿ ਉਹਨੂੰ ਰੂਸ ਦੇ ਹਾਲਾਤ ਬਾਰੇ ਸੋਚਦਿਆਂ ਏਨਾ ਸਦਮਾ ਲੱਗਿਆ ਕਿ ਉਹ ਗੁਸਲਖਾਨੇ 'ਚ ਬੇਹੋਸ਼ ਹੋ ਕੇ ਡਿਗ ਪਿਆ। ਜਦ ਉਹ ਬੋਲੀ ਜਾਂਦਾ ਸੀ ਤਾਂ ਉਹਦੀ ਪਤਨੀ ਨੇ ਦੱਸਿਆ ਕਿ ਉਹ ਨਾ ਬੋਲੇ, ਉਹਦਾ ਰੰਗ ਪੀਲਾ ਪੈਂਦਾ ਜਾਂਦਾ ਸੀ।

**14-10-1991** : ਤੂੰ ਪਾਸ਼ ਦੀਆਂ ਚਾਰ ਚਿੱਠੀਆਂ ਲੁਕਾ ਕੇ ਚੰਗਾ ਕੰਮ ਨਹੀਂ ਕੀਤਾ।... ਮੈਨੂੰ ਲੱਗਦੈ, ਇਹ ਕਮਿਊਨਿਸਟ ਕਲਚਰ ਏ। ਜੀਹਦੇ ਵਿਚ ਤੁਸੀਂ ਲੋਕ ਘਟੀਆ ਹੋਣ ਦੀ ਹੱਦ ਤਕ ਫਸੇ ਬੈਠੇ

ਹੋਂ।

**22-12-1991** : ਲਾਲੂ ਦੇ ਭਗਤਾਂ ਨੂੰ ਕਹੁ ਕਿ ਉਹਨੂੰ ਨਾ ਬੁਲਾਓਣ। ਉਹ ਪੈਸੇ ਕੱਠੇ ਕਰ ਕੇ ਭੇਜ ਦੇਣ, ਤਾਂ ਜੋ ਅਸੀਂ ਉਹਦਾ ਸਨਮਾਨ ਕਰ ਦਈਏ। ਉਹਦੀ ਰੋਟੀ ਤੇ ਕੱਪੜੇ ਦੀ ਚਿੰਤਾ ਮੁੱਕ ਜਾਵੇ।... ਜੇ ਬਰਾਦਰੀ ਵਾਲੀ ਤੇਰੀ ਗੱਲ ਠੀਕ ਏ ਤਾਂ ਉਹ ਲੁਕੋਣੀ ਨਹੀਂ ਚਾਹੀਦੀ।... ਲਾਲੂ ਅਕਸਰ ਹਵਾ ਖਾ ਜਾਂਦਾ ਏ। ਜੇ ਉਹਨੂੰ ਇਹ ਗੱਲ ਦੱਸ ਦਿੱਤੀ ਜਾਵੇ ਤਾਂ ਉਹ ਮੁੜ ਕੇ ਸ਼ਰਾਬੀ ਹੋ ਕੇ ਗਾਹਲਾਂ ਕੱਢਣ ਲੱਗ ਜਾਵੇਗਾ। ਉਹ ਦੁੱਖ ਜਰਨ ਦਾ ਤਾਂ ਆਦੀ ਏ, ਪਰ ਖੁਸ਼ੀ ਪਚਾਓਣੀ ਔਖੀ ਹੋ ਜਾਂਦੀ ਏ।

**10-7-93** : ਤਿੰਨ ਕੁ ਦਿਨ ਪਹਿਲਾਂ ਮੈਂ ਸਮਰਾਲੇ ਗਿਆ ਸੀ। ਲਾਲੂ ਨਾਲ ਲੰਮੀ ਮੁਲਾਕਾਤ ਹੋਈ। ਮੈਨੂੰ ਲੱਗਿਆ ਕਿ ਉਹ ਤਾਂ ਬਿਲਕੁਲ ਪਾਗਲ ਹੋ ਚੁੱਕਾ ਏ। ..... ਹੁਣ ਆਸ ਕਰਦਾ ਏ ਕਿ ਕੋਈ ਉਹਨੂੰ ਉਹਦੇ ਭਰਾਵਾਂ ਕੋਲੋਂ ਮਕਾਨ ਖਰੀਦ ਕੇ ਲੈ ਦੇਵੇ। ਤਾਂ ਜੋ ਜਦੋਂ ਉਹ ਮਰੇ ਤਾਂ ਉਹਨੂੰ ਵਿਹੜੇ 'ਚ ਦਫ਼ਨ ਕਰ ਕੇ ਮਜ਼ਾਰ ਬਣਾ ਦਿੱਤਾ ਜਾਵੇ। ਹਰ ਸਾਲ ਕਵੀ ਕੱਠੇ ਹੋਣ। ਉਹਦੇ ਮਜ਼ਾਰ 'ਤੇ ਫੁੱਲਾਂ ਦੀ ਚਾਦਰ ਚੜ੍ਹਾਓਣ ਤੇ ਕਵੀ ਦਰਬਾਰ ਕਰ ਕੇ ਉਹਨੂੰ ਯਾਦ ਕੀਤਾ ਜਾਵੇ।

ਉਹਨੇ ਮੈਨੂੰ ਦੋ ਕਵਿਤਾਵਾਂ ਸੁਣਾਈਆਂ- ਸਾਨ੍ਹ ਤੇ ਕੋਹਲੂ। ਉਹ ਚੰਗੀਆਂ ਲੱਗੀਆਂ। ਹੈਰਾਨੀ ਹੋਈ ਕਿ ਇਹ ਕਵਿਤਾਵਾਂ ਕਿਵੇਂ ਲਿਖ ਲੈਂਦਾ ਏ? ਕਹਿੰਦੈ ਕਿ ਸ਼ਰਾਬ ਛੱਡ ਦਿੱਤੀ ਏ।... ਭੁੱਖਾ ਮਰ ਰਿਹਾ ਏ। ਭਾਈਆਂ ਦੀ ਭੇਜੀ ਰੋਟੀ ਖਾ ਲੈਂਦਾ ਏ।

**5-8 -93** : ਮੇਰੀ ਬੈਟਰੀ ਹਾਲੇ ਵੀ ਕਦੇ-ਕਦੇ ਡਾਊਨ ਹੋ ਜਾਂਦੀ ਏ। ਦਵਾਈ ਖਾ ਰਿਹਾ ਹਾਂ। - ਇਹ ਬੀਮਾਰੀ ਮੈਨੂੰ ਦੋ ਢਾਈ ਮਹੀਨਿਆਂ ਬਾਅਦ ਲੱਗਦੀ ਸੀ। ਦੋ ਜਾਂ ਢਾਈ ਦਿਨ ਢਾ ਕੇ ਚਲੀ ਜਾਂਦੀ ਸੀ। ਪਰ ਏਸ ਵਾਰ ਵੀਹ ਦਿਨਾਂ 'ਚ ਚਾਰ ਹਮਲੇ ਕਰ ਚੁੱਕੀ ਏ। ਕਲ੍ਹ ਤੋਂ ਮੈਂ ਠੀਕ ਹਾਂ। ਜਿਹੜਾ ਟ੍ਰਾਂਕੁਲਾਈਜ਼ਰ ਖਾਣ ਦਾ ਮੈਂ ਆਦੀ ਹੋ ਗਿਆਸੀ, ਉਹ ਡਾਕਟਰਾਂ ਨੇ ਦਵਾਈਆਂ ਨਾਲ ਛੁਡਾ ਦਿੱਤਾ ਏ।

**2-9-95** : ਅੱਜ ਸਵੇਰੇ ਬਲਰਾਜ ਦਾ ਫ਼ੋਨ ਆਇਆ ਸੀ। ਪੁੱਛਦਾ ਸੀ ਕਿ ਬੇਅੰਤ ਸਿੰਘ ਦੇ ਕਤਲ ਤੋਂ ਬਾਅਦ ਹਾਲਾਤ ਖਰਾਬ ਤਾਂ ਨਹੀਂ ਹੋਏ?.... ਬਸ ਏਨਾ ਫਰਕ ਪਿਆ ਏ ਕਿ ਲੋਕ ਮਾੜੇ ਦਿਨਾਂ ਬਾਰੇ ਫੇਰ ਸੋਚਣ ਲੱਗ ਪਏ ਨੇ।

**29-9-95** : ਤੈਨੂੰ ਏਸ ਤੋਂ ਨਿਰਾਲਾ ਕੰਮ ਇਹ ਕਰਨਾ ਚਾਹੀਦਾ ਏ ਕਿ 1947 ਦੇ ਨਾਲ ਪਿਛਲੇ 12 ਵਰ੍ਹਿਆਂ ਦੇ ਹਾਲਾਤ ਨੂੰ ਵੀ ਰਲਾ ਲਵੇਂ। 'ਫਿਰਕੂ ਫਸਾਦਾਂ ਵਾਲਾ' ਵੱਡਾ ਮਸਲਾ ਬਣ ਜਾਵੇਗਾ। ਛਾਂਟਦਿਆਂ ਵਧੀਆ ਕਹਾਣੀਆਂ ਮਿਲ ਜਾਣਗੀਆਂ। ਤੂੰ ਮਾੜੀ ਕਹਾਣੀ ਛਾਪ ਕੇ ਸ਼ਰਮਸਾਰੀ ਖੱਟਣ ਤੋਂ ਬਚ ਜਾਵੇਂਗਾ।

**26-9-02** : ਤੂੰ 'ਸਨ ਚੁਰਾਸੀ ਦਾ ਸਾਕਾ' ਪਤਾ ਨਹੀਂ ਕੀਹਨੂੰ ਕਹਿੰਦਾ ਏਂ? ... ਇਹਦਾ ਇਸ਼ਾਰਾ ਦਰਬਾਰ ਸਾਹਿਬ 'ਤੇ ਹਮਲਾ ਏ। ਪਰ ਪੰਜਾਬ 'ਚ ਮਾਰ ਕਾਟ ਤੇ ਲੁੱਟ 1980 ਤੋਂ ਸ਼ੁਰੂ ਹੋਈ, ਜਿਹੜੀ 1992 ਤਕ ਚੱਲੀ ਸੀ।

### ਪ੍ਰਸਿੱਧ ਕਥਾਕਾਰ ਗੁਰਬਚਨ ਸਿੰਘ ਭੁੱਲਰ ਦਾ ਖ਼ਤ ਨਾਵਲਕਾਰ ਬਲਦੇਵ ਸਿੰਘ (ਸੜਕਨਾਮਾ) ਵੱਲ

ਮੇਰੇ ਬਜ਼ੁਰਗ ਮਿੱਤਰ ਅਤੇ ਵੀਰ ਬਲਦੇਵ ਸਿੰਘ 16-9-2005

ਪਿਛੇਤ ਲਈ ਮਾਫ਼ੀ। ਪਹਿਲਾਂ 'ਅੰਨਦਾਤਾ' ਛਪਣ ਤੇ ਬਹੁਤ ਚਿਰ ਮਗਰੋਂ ਪੜ੍ਹਿਆ ਅਤੇ ਫੇਰ ਪੜ੍ਹਨ ਤੋਂ ਕਾਫ਼ੀ ਚਿਰ ਮਗਰੋਂ ਚਿੱਠੀ ਲਿਖ ਸਕਿਆ ਹਾਂ।

ਨਾਵਲ ਪੜ੍ਹ ਕੇ ਖੁਸ਼ੀ ਵੀ ਹੋਈ, ਤਸੱਲੀ ਵੀ ਮਿਲੀ ਅਤੇ ਆਨੰਦ ਵੀ ਆਇਆ। ਜੇ ਤੂੰ ਮੇਰੇ ਕੋਲ ਹੁੰਦਾ, ਮੈਂ ਤੇਰੀ ਮਿੱਠੀ ਜ਼ਰੂਰ ਲੈਂਦਾ।

ਬਹੁਤੇ ਪੰਜਾਬੀ ਨਾਵਲਕਾਰਾਂ ਦਾ ਮੱਤ ਹੈ ਕਿ ਟੰਗਣੇ ਉੱਤੇ ਜੋ ਮਰਜ਼ੀ ਲੀੜਾ ਟੰਗਣ ਵਾਂਗ ਨਾਵਲ



ਵਿਚ (ਪੰਨੇ ਵਧਾਉਣ ਲਈ ) ਜੋ ਮਨ ਆਵੇ, ਲਿਖੀ ਜਾਓ। ਇਹਦੇ ਉਲਟ ਕਾਫ਼ੀ ਵਡ ਆਕਾਰੀ ਹੋਣ ਦੇ ਬਾਵਜੂਦ 'ਅੰਨਦਾਤਾ' ਵਿਚ ਕੁਝ ਵੀ ਵਾਧੂ ਨਹੀਂ। ਕਹਾਣੀ ਬੜੀ ਗੱਠਵੀਂ ਅਤੇ ਅਣਹੋਣੀਆਂ ਤੋਂ ਮੁਕਤ ਹੈ।

ਗਹਿਰ ਗੰਭੀਰ ਬਜ਼ੁਰਗ, ਸਾਫ-ਦਿਲ ਕਿਸਾਨ, ਸ਼ੈਤਾਨ ਮੌਕਾ ਪ੍ਰਸਤ, ਘਤਿੱਤੀ ਵਿਹਲੜ, ਸਭ ਪਾਤਰ ਹੈਰਾਨ ਕਰਨ ਦੀ ਹੱਦ ਤੱਕ ਜੀਵਤ ਅਤੇ ਯਥਾਰਥਕ ਹਨ। ਪੰਜਾਬੀ ਨਾਵਲਾਂ ਵਿੱਚ ਪ੍ਰਚਲਿਤ ਕਰ ਦਿੱਤੀ ਗਈ ਝੱਗ ਵਰਗੀ ਭਾਵੁਕਤਾ ਅਤੇ ਰੌਲਾ-ਪਾਊ ਬੜਬੋਲਤਾ ਨੂੰ ਤਿਆਗਣ ਦੀ ਦਲੇਰੀ ਦਿਖਾ ਕੇ ਇਸ ਰਚਨਾ ਵਿਚਲਾ ਠਰ੍ਹੰਮਾ ਅਤੇ ਟਿਕਾਅ ਤੇਰੀ ਪ੍ਰਾਪਤੀ ਹੈ। ਰੱਜ ਖਾਂਦੇ ਕਿਸਾਨਾਂ ਦੀਆਂ ਅਗਲੀਆਂ ਪੀੜ੍ਹੀਆਂ ਦਾ ਕੰਗਾਲ ਹੋ ਕੇ ਅੱਕੀਂ ਪਹਾਲੀਂ ਹੱਥ ਮਾਰਨਾ ਅਤੇ ਉਹਨਾਂ ਦੀਆਂ ਕੁੜੀਆਂ ਦਾ ਸਰੀਰ ਵੇਚਣ ਦੇ ਰਾਹ ਪੈਣਾ ਤੂੰ ਜਿਸ ਗਹਿਰਾਈ, ਸਮਝਦਾਰੀ ਅਤੇ ਸੁਭਾਵਿਕਤਾ ਨਾਲ ਬਿਆਨ ਕੀਤਾ ਹੈ, ਉਹ ਪ੍ਰਸੰਸਾਯੋਗ ਹੈ। ਤੇਰੀ ਕਲਮ ਲਈ ਮੇਰੀਆਂ ਸ਼ੁਭ ਇਛਾਵਾਂ। ਜੇ 'ਪੰਜਵਾਂ ਸਾਹਿਬਜ਼ਾਦਾ' ਭੇਜ ਸਕੇਂ...!

**- ਗੁਰਬਚਨ ਸਿੰਘ ਭੁੱਲਰ**

### ਪ੍ਰਸਿੱਧ ਕਥਾਕਾਰ ਗੁਰਬਚਨ ਸਿੰਘ ਭੁੱਲਰ ਦੇ ਖ਼ਤ ਕਥਾਕਾਰ ਅਤਰਜੀਤ ਵੱਲ

ਪਿਆਰੇ ਅਤਰਜੀਤ

ਮੇਰੀ ਪਹਿਲੀ ਚਿੱਠੀ ਮਿਲ ਹੀ ਗਈ ਹੋਵੇਗੀ।

ਸੋਚ ਸੋਚ ਕੇ ਇਕ ਗੱਲ ਮਗਰੋਂ ਐ ਔੜੀ ਹੈ। ਇਸ ਵੱਲ ਧਿਆਨ ਦੇਣਾ। ਸਵੇਰੇ ਅੱਠ ਵਜੇ ਸਮਾਗਮ ਸ਼ੁਰੂ ਕਰਕੇ ਤਿੰਨ ਪੇਪਰ ਪੜ੍ਹਨੇ ਬਿਲਕੁਲ ਅਸੰਭਵ ਹਨ। ਜਾਂ ਫੇਰ ਸਮਾਗਮ ਪਿਛਲੇ ਅੱਧ ਵੀ ਚੱਲੇ। ਪੇਪਰ ਪੜ੍ਹਨੇ ਅਤੇ ਉਹਦੀ ਬਹਿਸ ਉੱਤੇ ਸਹਿਜੇ ਹੀ ਦੋ-ਢਾਈ ਘੰਟੇ ਲੱਗ ਜਾਂਦੇ ਹਨ। ਸੋ ਦੁਪਹਿਰ ਤੱਕ ਤਿੰਨ ਪੇਪਰ ਕਿਵੇਂ ਪੜ੍ਹੇ ਜਾਣਗੇ ਅਤੇ ਵਿਚਾਰੇ ਜਾਣਗੇ? ਕਿਤੇ ਉਹ ਨਾ ਹੋਵੇ ਕਿ ਨਾ ਖੀਰ ਬਣੇ ਤੇ ਨਾ ਦਲ਼ੀਆ। ਪੇਪਰਾਂ ਉੱਤੇ ਬਹਿਸ ਭਖਵੀ ਹੋਣੀ ਚਾਹੀਦੀ ਹੈ। ਜਾਂ ਸਮਾਗਮ ਸਾਰੇ ਦਿਨ ਦਾ ਰੱਖੋ, ਜੇ ਲੋਕਾਂ ਦੇ ਬਹਿ ਰਹਿਣ ਦੀ ਆਸ ਹੈ, ਨਹੀਂ ਤਾਂ ਪੇਪਰ ਦੋ ਰੱਖੋ। ਇਹ ਨੁਕਤਾ ਬਹੁਤ ਅਹਿਮ ਹੈ। ਇਸ ਬਾਰੇ ਸੋਚੋ। ਐਵੇਂ ਕੁੱਤੇ ਦੇ ਕਪਾਹ ਵਿੱਚੋਂ ਲੰਘਣ ਵਾਂਗ ਫਟਾਫਟ ਪੇਪਰ ਪੜ੍ਹਨ ਤੇ ਬਹਿਸਾਂ ਮੁਕਾਉਣ ਦਾ ਕੀ ਲਾਭ?

-ਨਾਵਲ ਕਲ੍ਹ ਅਤੇ ਪਰਸੋਂ ਦੀਆਂ ਛੁੱਟੀਆਂ ਪੂਰੀਆਂ ਖਤਮ ਕਰਕੇ ਦੂਜੀ ਵਾਰ ਪੜ੍ਹ ਕੇ ਨੋਟ ਲੈ ਲਏ ਹਨ। ਇਹਨਾਂ ਦਿਨਾਂ ਵਿਚ ਰਾਤਾਂ ਨੂੰ ਸਮਾਂ ਲਾ ਕੇ ਨੋਟ / ਪ੍ਰਸੰਗ-ਵਾਰ ਸਿੱਧੇ ਕਰਾਂਗਾ ਅਤੇ ਆਉਂਦਾ ਸਨਿਵਾਰ ਐਤਵਾਰ ਲਾ ਕੇ ਪੇਪਰ ਲਿਖ ਲਵਾਂਗਾ। ਜੇ ਉਨ੍ਹੀਂ ਦਿਨੀਂ ਕਿਸੇ ਹੋਰ ਕੰਮ ਘਚੋਲਾ ਪੈ ਗਿਆ ਤਾਂ ਦਫ਼ਤਰੋਂ ਦੋ ਛੁੱਟੀਆਂ ਲੈ ਲਵਾਂਗਾ। ਉਸ ਪਿਛੋਂ ਪੇਪਰ ਸਾਫ਼ ਨਕਲ ਕਰਕੇ ਤੈਨੂੰ ਦੇਵਾਂਗਾ। ਨਾਵਲ ਵੱਡਾ ਹੈ, ਪੁਣ-ਛਾਣ ਕਰਦਿਆਂ ਅਤੇ ਪਰਸੰਗਾਂ ਦੇ ਸਚ ਲਾਉਂਦਿਆਂ ਬਹੁਤ ਸਮਾਂ ਲਗੇਗਾ।

ਨਾਵਲ ਮੈਨੂੰ ਬਹੁਤ ਵਧੀਆ, ਸੰਤੁਲਿਤ ਅਤੇ ਯਥਾਰਥਕ ਲੱਗਿਆ ਹੈ। ਖਾਸ ਕਰਕੇ ਰਾਜਨੀਤਿਕ ਠਰ੍ਹੰਮਾ ਪਰਸੰਸਾਯੋਗ ਹੈ। ਤੂੰ ਵਧਾਈ ਦਾ ਹੱਕਦਾਰ ਹੈ। ਇਹ ਸਭ ਗੱਲਾਂ ਖੋਲ੍ਹ ਕੇ ਪੇਪਰ ਵਿੱਚ ਹੀ ਲਿਖਾਂਗਾ।

ਮੈਂ ਜੋ ਗੱਲ ਲਿਖਣੀ ਸੀ ਉਹ ਇਹ ਹੈ ਕਿ ਨਾਵਲ ਪੜ੍ਹਦਿਆਂ ਕੁਝ ਗੱਲਾਂ ਰੜਕੀਆਂ ਹਨ। ਉਹ ਮੇਰੇ ਸਮਝਣ ਵਿਚ ਹੀ ਫ਼ਰਕ ਰਹਿ ਗਿਆ ਜਾਂ ਤੂੰ ਹੀ ਲਿਖਣ ਵਿਚ ਗ਼ਲਤੀ ਖਾ ਗਿਆ। ਇਹ ਸਪੱਸ਼ਟ ਕਰ ਤਾਂ ਜੋ ਪੇਪਰ ਵਿੱਚ ਕੋਈ ਹਾਸੋਹੀਣੀ ਗੱਲ ਪੈਦਾ ਨਾ ਹੋਵੇ,

1. ਗੁਰਨਾਮ ਸਿੰਘ ਲਹਿਰੇ ਮਾਸਟਰ ਹੈ। ਪਰਕਾਸ਼ ਮਰ੍ਹਾਜ ਦਾ ਹੈ। ਉਹ ਮਰ੍ਹਾਜ਼ ਹੀ ਪੜ੍ਹਿਆ ਲਗਦਾ ਹੈ, ਭਾਵੇਂ ਤੂੰ ਕਿਤੇ ਸਪੱਸ਼ਟ ਨਹੀਂ ਕੀਤਾ। ਪੰਨਾ 39 ਉਤੇ ਤੂੰ ਲਿਖਿਆ ਹੈ ਕਿ ਪਰਕਾਸ਼ ਮਾਸਟਰ ਗੁਰਨਾਮ

ਸਿੰਘ ਇਸ ਪਿੰਡ ਵਿੱਚ ਪਹਿਲਾਂ ਦੱਸਵੀਂ ਕਰ ਗਿਆ ਸੀ। ਕੀ ਮਤਲਬ ਇਹਦਾ? ਅਤੇ ਫੇਰ ਤੂੰ ਲਿਖਿਆ ਕਿ ਕੋਰਸ ਕਰਨ ਮਗਰੋਂ ਉਹ ਪਹਿਲੀ ਵਾਰ ਪਿੰਡ ਆਇਆ ਤਾਂ ਉਸਦਾ ਵਾਹ ਗੁਰਨਾਮ ਸਿੰਘ ਨਾਲ ਪੈ ਗਿਆ! ਕੀ ਮਤਲਬ ਇਹਦਾ?

2. ਪੰਨਾ 25 ਉਤੇ ਤੂੰ ਕਰਨੈਲ ਨੂੰ ਕਮਿਊਨਿਸਟਾਂ ਨੂੰ ਵੋਟਾਂ ਪਾਉਂਦੇ ਅਤੇ ਉਨ੍ਹਾਂ ਲਈ ਦਾਣੇ ਇਕੱਠੇ ਕਰਵਾਉਂਦੇ ਲਿਖਿਆ ਹੈ, ਜੋ ਕਬੀਲਦਾਰੀ ਵਿਚ ਖਚਤ ਹੋ ਕੇ ਕਿਤੇ ਵੀ ਪਾਰਟੀ ਵਿੱਚ ਸਰਗਰਮ ਹਿੱਸਾ ਲੈਣੋਂ ਹਟ ਗਿਆ। ਪਰ 195 ਉੱਤੇ ਤੂੰ ਲਿਖ ਦਿੱਤਾ ਕਿ ਉਹਨੇ ਅਕਾਲੀਆਂ ਵਾਲੀ ਅੰਮ੍ਰਿਤਸਰੀ ਪੱਗ ਕਮਿਊਨਿਸਟ ਪਾਰਟੀ ਦਾ ਮੈਂਬਰ ਬਣ ਕੇ ਵੀ ਨਹੀਂ ਸੀ ਲਾਹੀ।

3. ਪੰਨਾ 22 ਉੱਤੇ ਸੁਖੋ ਦੇ ਸਿਰੇ ਚੜ੍ਹੇ ਰਿਸ਼ਤੇ ਦਾ ਵਿਚੋਲਾ ਤੂੰ ਝੰਡਾ ਲਿਖਿਆ ਹੈ। ਜਦੋਂ ਪਰਕਾਸ਼ ਅਤੇ ਹਰਬੰਸ ਵਿਆਹ ਤੋਂ ਇਕ ਦਿਨ ਪਹਿਲਾਂ ਆਉਂਦੇ ਹਨ, ਝੰਡਾ ਘਰੇ ਬੈਠਾ ਹੈ।

ਸਾਰਾ ਨਾਵਲ ਫਲੈਸ਼ ਬੈਕ ਵਿੱਚ ਦੇ ਕੇ ਪੰਨਾ 245 ਉੱਤੇ ਤੂੰ ਹਰਬੰਸ ਦੇ ਮੂੰਹੋਂ ਪਰਕਾਸ਼ ਨੂੰ ਕਹਾਇਆ ਹੈ ਕਿ ਉਹਨਾਂ ਦੇ ਸਰੀਕੇ ਕਬੀਲੇ ਵਿਚੋਂ ਮੁਕੰਦੇ ਨੇ ਜੋ ਬਚਪਣ ਵਿਚ ਗੁੱਲੀ ਡੰਡਾ ਖੇਡਦਿਆਂ ਕਾਣਾ ਹੋ ਗਿਆ ਸੀ, ਸੁਖੋ ਦਾ ਰਿਸ਼ਤਾ ਕਰਵਾਇਆ ਹੈ।

27 ਪੰਨੇ ਉੱਤੇ ਤੂੰ ਹਰਬੰਸ ਦਾ ਵਿਚੋਲਾ (ਜਾਂ ਵਿਚੋਲੇ ਦਾ ਪਿਓ ਕਹਿ ਲੈ) ਬੁੱਘਾ ਗੁੱਲੀ ਡੰਡੇ ਨਾਲ ਕਾਣਾ ਹੋਇਆ ਲਿਖਿਆ ਹੈ।

ਕਿਤੇ ਤੂੰ ਰਲਗੱਡ ਜਿਹਾ ਤਾਂ ਨਹੀਂ ਕਰ ਗਿਆ?

ਸੁਖੋ ਦੇ ਨੇਪਰੇ ਚੜ੍ਹੇ ਰਿਸ਼ਤੇ ਦਾ ਵਿਚੋਲਾ ਕੌਣ ਹੈ?

4. ਸ਼ਾਮ ਦੇ ਦੱਸੇ ਮੁੰਡੇ ਦੀ ਜ਼ਮੀਨ ਤੂੰ ਪਨਾ 26 ਉੱਤੇ 60-70 ਕਿਲੇ ਲਿਖੀ ਹੈ ਅਤੇ ਪਨਾ 88 ਉੱਤੇ 90 ਕਿੱਲੇ?

ਇਹ ਸਪਸ਼ਟੀਕਰਨ ਛੇਤੀ ਭੇਜ। ਪੇਪਰ ਬਾਰੇ ਵੀ ਲਿਖ ਕਿ ਕੀ ਤਿੰਨੇ ਹੀ ਪੜ੍ਹਾਉਣੇ ਹਨ? ਜੇ ਸਨਮਾਨ ਬਾਰੇ ਕਿਸੇ ਨੂੰ ਨਹੀਂ ਕਿਹਾ, ਉਹ ਰਹਿਣ ਦਿਓ। ਅਹਿਮ ਤਾਂ ਬਹੁਤ ਹੈ, ਪਰ ਉਸ ਇਕੱਲੇ ਉੱਤੇ ਕਦੀ ਫੇਰ ਸਮਾਗਮ ਹੋਰ ਕਿਤੇ ਰੱਖਿਆ ਜਾ ਸਕਦਾ ਹੈ। ਕਈ ਥਾਂ ਤੂੰ ਭਾਸ਼ਾਈ ਗਲਤੀਆਂ ਵੀ ਕੀਤੀਆਂ ਹਨ, ਪਰ ਉਹ ਤਾਂ ਮੈਂ ਅੱਖੋਂ ਉਹਲੇ ਕਰ ਦੇਵਾਂਗਾ। ਇਹਨਾਂ ਦੀ ਏਥੇ ਕੋਈ ਲੋੜ ਨਹੀਂ, ਪਰ ਤੈਨੂੰ ਭਾਸ਼ਾ ਬਾਰੇ ਬਹੁਤ ਸੁਚੇਤ ਰਹਿਣਾ ਚਾਹੀਦਾ ਹੈ। ਜਿਵੇਂ ਪਰਕਾਸ਼ ਹਰਬੰਸ਼ ਨੂੰ, " ਵੈਸੇ ਕਮਾਰੀ ਕੁੜੀ ਦੀ ਚੁਸਤੀ ਦੇ ਵਾਰੇ ਨਿਆਰੇ!" ਇਥੇ ਵਾਰੇ ਨਿਆਰੇ ਤਾਂ ਉਂਝ ਹੀ ਹਾਸੋਹੀਣਾ ਹੈ। ਇਥੇ ਵਾਰੇ ਵਾਰੇ ਜਾਈਏ ਹੋ ਸਕਦਾ ਸੀ। ਵਾਰੇ ਨਿਆਰੇ ਦੇ ਤਾਂ ਅਰਥ ਹੀ ਹੋਰ ਹੁੰਦੇ ਹਨ। ਵਾਰਤਾ ਲਾਪ ਵਿਚ ਵੀ ਤੇਰੀ ਬੋਲੀ ਕਈ ਵਾਰ ਯਥਾਰਥਕ ਨਹੀਂ।

**- ਗੁਰਬਚਨ ਸਿੰਘ ਭੁੱਲਰ**

**ਪ੍ਰਸਿੱਧ ਕਥਾਕਾਰ ਗੁਰਬਚਨ ਸਿੰਘ ਭੁੱਲਰ ਦੇ ਖ਼ਤ ਕਥਾਕਾਰ ਅਤਰਜੀਤ ਵੱਲ**

ਪਿਆਰੇ ਅਤਰਜੀਤ

17.3.82 ਦੀ ਤੇਰੀ ਚਿੱਠੀ ਮਿਲੀ ਹੈ।

-ਧੀਰ ਹੁਰਾਂ ਦੀ ਸਰਪਰਸਤੀ ਬਾਰੇ, ਜੇ ਤੁਸੀਂ ਸਾਰੇ ਜ਼ਰੂਰੀ ਸਮਝਦੇ ਹੋ, ਆਪਾਂ ਸਮਾਗਮ ਸਮੇਂ ਮਿਲ ਕੇ ਗੱਲ ਕਰ ਲਵਾਂਗੇ। ਵੈਸੇ ਉਹਨਾਂ ਲਈ ਮਾਇਕ ਅਤੇ ਸਰੀਰਕ ਪਖੋਂ ਵੀ ਆਉਣਾ ਜਾਣਾ ਔਖਾ ਹੈ। ਬਿਨਾਂ ਆਇਆ ਦੂਰੋਂ ਹੀ ਨਾ ਚਾਹੀਦਾ ਹੋਵੇ, ਆਪਾਂ ਮਨ ਲਵਾਂਗੇ।



ਨਵੇਂ ਮੁੰਡੇ ਇਸੇ ਪਰਕਾਰ ਹੀ ਕਰਦੇ ਹੁੰਦੇ ਹਨ। ਇਹਨਾਂ ਦੀ 'ਜਜ਼ਬਾਤੀ ਮਿੱਤਰਤਾ' ਕਈ ਵਾਰ ਕਸੂਤੀ ਹਾਲਤ ਵਿਚ ਪਾ ਦਿੰਦੀ ਹੈ। ਚਲੋ ਰਾਮਪੁਰੇ ਵਾਲਿਆਂ ਜੋ 'ਚਰਚਾ' ਤੇਰੀ ਪੁਸਤਕ ਉੱਤੇ ਕਰਨੀ-ਕਰਾਉਣੀ ਹੈ, ਠੀਕ ਹੈ। ਲਾਹ ਲੈਣ ਦੇ ਚਾਅ।

ਇਹ 'ਪੰਜ ਦਰਿਆ' ਵਾਲਾ ਠੀਕ ਕੰਮ ਕੀਤਾ। ਸਾਹਿਤ ਸਭਾਵਾਂ ਬਾਰੇ ਪਰਚਾ ਲਿਖਵਾਉਣ ਵਾਲੀ ਗੱਲ ਵਧੀਆ ਹੈ। ਤੇ ਇਹ ਪਰਚਾ ਰਘਬੀਰ ਲਿਖੇ, ਤਾਂ ਹੀ ਠੀਕ ਹੈ। ਕੇਂਦਰੀ ਸਭਾ ਦਾ ਜਨਰਲ ਸਕੱਤਰ ਹੋਣ ਦੇ ਨਾਤੇ ਉਹਨੂੰ ਤਜਰਬਾ ਵੀ ਹੈ ਅਤੇ ਉਹਦਾ ਲਿਖਣਾ ਵਾਜਬ ਵੀ ਹੋਵੇਗਾ। ਜੇ ਤੇਰੀ ਉਹਦੇ ਨਾਲ ਬਹੁਤੀ ਵਾਕਫ਼ੀ ਨਹੀਂ, ਮੈਨੂੰ ਵਾਪਸੀ ਡਾਕ ਲਿਖ, ਮੈਂ ਉਹਨੂੰ ਚਿੱਠੀ ਪਾ ਦੇਵਾਂਗਾ ਕਿ ਉਹ ਪਰਚਾ ਲਿਖੇ।

'ਗਿੱਲ' ਬਾਰੇ ਚੋਣ ਵੀ ਠੀਕ ਹੈ।

ਮੈਂ ਤੇਰਾ ਨਾਵਲ ਇਕ ਵਾਰ ਪੂਰਾ ਪੜ੍ਹ ਲਿਆ ਹੈ। ਹੁਣ ਪਰਚਾ ਲਿਖਣ ਦੀ ਨੀਤ ਨਾਲ ਦੁਬਾਰਾ ਪੜ੍ਹਨਾ ਸ਼ੁਰੂ ਕੀਤਾ ਹੋਇਆ ਹੈ। ਮੈਂ ਆਪਣੇ ਵਿਚਾਰ (ਪਰਚਾ ਕਹਿ ਲੈ) 15.4.82 ਤੋਂ ਪਹਿਲਾਂ ਪਹਿਲਾਂ ਹਰ ਹਾਲਤ ਭੇਜ ਦੇਵਾਂਗਾ। ਇਸ ਸੰਬੰਧੀ ਤੈਨੂੰ ਕਿਸੇ ਤੌਖਲੇ ਦੀ ਕੋਈ ਲੋੜ ਨਹੀਂ।

ਰਾਤ ਨੂੰ ਕਵੀ ਦਰਬਾਰ, ਅਗਲੀ ਸਵੇਰ ਪਹਿਲਾਂ ਸਾਹਿਤ ਸਭਾਵਾਂ ਬਾਰੇ ਬਹਿਸ ਅਤੇ ਫੇਰ ਪਰਚਿਆਂ ਬਾਰੇ-ਇਹੋ ਪ੍ਰੋਗਰਾਮ ਠੀਕ ਲੱਗਦਾ ਹੈ। ਸਮਾਗਮ ਠੀਕ ਅੱਠ ਵਜੇ ਸ਼ੁਰੂ ਹੋ ਜਾਣਾ ਚਾਹੀਦਾ ਹੈ। ਕੁਝ ਲੋਕ ਕਵੀ ਦਰਬਾਰ ਵਿਚ ਪਹਿਲਾਂ ਹੀ ਆ ਗਏ ਹੋਣਗੇ ਰਾਤ ਨੂੰ। ਬਾਕੀ ਪਹਿਲੀਆਂ ਬੱਸਾਂ ਫੜ ਕੇ ਸਵੇਰੇ ਹੀ ਆ ਸਕਦੇ ਹਨ। ਸੋ ਮੌਸਮ ਵੱਲ ਦੇਖਦਿਆਂ ਅੱਠ ਤੋਂ ਬਿਲਕੁਲ ਪਛੜਨਾ ਨਹੀਂ ਚਾਹੀਦਾ। ਸਭਾਵਾਂ ਬਾਰੇ ਪੇਪਰ ਪੜ੍ਹਕੇ ਬਹਿਸ ਕਰਵਾ ਕੇ ਚਾਹ-ਪਾਣੀ ਹੋ ਜਾਣਾ ਚਾਹੀਦਾ ਹੈ, ਤਾਂ ਜੋ ਇਕ ਪੇਪਰ ਦਾ ਕੰਮ ਸਮਾਪਤ ਹੋ ਜਾਵੇ ਅਤੇ ਦੂਜੇ ਪੇਪਰਾਂ ਵਿਚ ਇਹਦੀ ਬਹਿਸ ਅੜਦੀ ਨਾ ਰਹੇ। ਚਾਹ ਪਿਛੋਂ ਨਾਵਲਾਂ ਬਾਰੇ ਬਹਿਸ। ਪ੍ਰੋਗਰਾਮ ਦੁਪਹਿਰੇ ਮੁੱਕ ਜਾਣਾ ਚਾਹੀਦਾ ਹੈ।

ਜੇ ਸਨਿੱਚਰ-ਐਤਵਾਰ ਵੀ ਆਖੋਗੇ, ਮੈਂ ਆ ਜਾਵਾਂਗਾ। ਰੱਖਣਾ ਇਵੇਂ ਹੀ ਕਿ ਕਵੀ ਦੁਰਬਾਰ ਰਾਤ ਨੂੰ ਅਤੇ ਪ੍ਰੋਗਰਾਮ ਐਤਵਾਰ ਪਹਿਲੇ ਪਹਿਰ। ਬਹੁਤੀਆਂ ਛੁੱਟੀਆਂ ਲੈਣੀਆਂ ਔਖੀਆਂ ਹਨ।

ਸਮਾਗਮ ਬਾਰੇ ਜਿਵੇਂ ਕਿਵੇਂ ਅਤੇ ਜੋ ਜੋ ਅੰਤਮ ਫੈਸਲਾ ਹੁੰਦਾ ਰਹੇ, ਸੂਚਿਤ ਕਰਦੇ ਰਹਿਣਾ। ਸਮਾਗਮ ਮੰਡੀ ਕਲਾਂ ਵਿਖੇ ਹੋਵੇਗਾ?

ਇਕ ਗੱਲ, ਨੇੜੇ ਨੇੜੇ ਦੀਆਂ ਸਾਹਿਤ ਸਭਾਵਾਂ ਦੇ ਮੈਂਬਰ ਵੱਧ ਤੋਂ ਵੱਧ ਹਾਜ਼ਰ ਹੋਣੇ ਚਾਹੀਦੇ ਹਨ। ਕਈ ਵਾਰ ਇਕੋ ਐਤਵਾਰ ਨੂੰ ਇਕੋ ਇਲਾਕੇ ਦੀਆਂ ਇਕ ਤੋਂ ਵੱਧ ਸਭਾਵਾਂ ਨਿੱਕੇ ਮੋਟੇ ਸਮਾਗਮ ਰਚ ਲੈਂਦੀਆਂ ਹਨ ਅਤੇ ਸਰੋਤੇ ਤੇ ਦਰਸ਼ਕ ਵੰਡੇ ਜਾਂਦੇ ਹਨ। ਸੋ ਜੂਨ ਦੇ ਪਹਿਲੇ ਜਾਂ ਦੂਜੇ ਸਨਿਚਰ ਐਤਵਾਰ ਬਾਰੇ ਪੱਕਾ ਨਿਰਣਾ ਕਰਕੇ ਸਾਰੀਆਂ ਸਾਹਿਤ ਸਭਾਵਾਂ ਨੂੰ ਮੁੱਢਲਾ ਸੱਦਾ ਭੇਜ ਕੇ ਉਹ ਦਿਨ ਰੋਕ ਲਵੋ। ਵਿਸਥਾਰ ਪੂਰਨ ਸੱਦੇ ਨੇੜੇ ਜਾ ਕੇ ਭੇਜੇ ਜਾ ਸਕਦੇ ਹਨ। ਪਿਆਰ ਨਾਲ

**- ਗੁਰਬਚਨ ਸਿੰਘ ਭੁੱਲਰ**

**ਗੁਰਬਚਨ ਸਿੰਘ ਭੁੱਲਰ ਦਾ ਖ਼ਤ ਕਥਾਕਾਰ ਜਿੰਦਰ ਵੱਲ**

ਪਿਆਰੇ ਜਿੰਦਰ! 29-4-1002

ਤੇਰਾ ਕਾਰਡ ਮਿਲਿਆ।

ਪਰਗਟ ਸਿੰਘ ਸਿੱਧੂ ਬਾਰੇ ਇਕ ਪੰਨਾ ਭੇਜ ਰਿਹਾ ਹਾਂ। ਇੰਟਰਵਿਊ ਧਿਆਨ ਨਾਲ ਸੰਖੇਪ ਕਰੀਂ। ਜਿਸ ਲੇਖ ਦੀ ਤੂੰ ਗੱਲ ਕੀਤੀ ਹੈ, ਉਹ ਕਿਸੇ ਹੋਰ ਕਾਰਨ ਨਹੀਂ, ਕੱਚੀ ਸਮੱਗਰੀ ਦੀ ਘਾਟ ਕਾਰਨ ਮੇਰੇ ਲਈ ਲਿਖਣਾ ਸੰਭਵ ਨਹੀਂ। ਇਥੋਂ ਦੀਆਂ ਸਾਹਿਤਕ ਸੰਸਥਾਵਾਂ ਅਤੇ ਯੂਨੀਵਰਸਿਟੀ ਆਦਿ ਦੇ ਮੱਠਧਾਰੀ ਜੋ ਜੋ ਕੁਝ ਕਰਦੇ ਹਨ, ਮੈਨੂੰ ਕੇਵਲ ਇੱਕਾ-ਦੁੱਕਾ, ਟੁੱਟਵੀਆਂ ਘਟਨਾਵਾਂ ਦਾ ਹੀ ਪਤਾ ਹੈ ਜੋ ਕਿ ਕੁੱਲ

ਘਟਨਾਵਲੀ ਦਾ ਮਾਮੂਲੀ ਹਿੱਸਾ ਵੀ ਨਹੀਂ ਕੇਵਲ ਇਹਨਾਂ ਘਟਨਾਵਾਂ ਨੂੰ ਆਧਾਰ ਬਣਾ ਕੇ ਲਿਖਣਾ ਇਕਪਾਸੜ ਹੋਵੇਗਾ। ਅਜਿਹਾ ਲੇਖ ਸਰਬੰਗੀ ਹੋਣਾ ਚਾਹੀਦਾ ਹੈ।

ਆਖ਼ਰੀ ਗੱਲ (ਜਿਸਨੂੰ ਅੰਗਰੇਜ਼ੀ ਵਾਲੇ 'ਲਾਸਟ, ਬਟ ਨਾਟ ਦਿ ਲੀਸਟ' ਆਖਦੇ ਹਨ। ਮੇਰੇ ਕਰਨ ਜੋਗਾ ਕੋਈ ਕੰਮ ਹੋਵੇ, ਤੂੰ ਬੇਝਿਜਕ ਕਹਿ ਦਿਆ ਕਰ, ਕਿਉਂਕਿ ਤੂੰ ਮੇਰਾ ਪੁੱਤਰ ਹੈਂ। ਪੁੱਤਰ ਵੀ ਇਕਹਿਰਾ ਨਹੀਂ ਬਲਕਿ ਤੀਹਰਾ। ਪੁੱਛ, ਕਿਵੇਂ? ਸੁਣ! ਪਹਿਲਾ, ਤੂੰ ਮੈਥੋਂ ਬਹੁਤ ਮਗਰਲੀ ਪੀੜ੍ਹੀ ਦਾ ਕਹਾਣੀਕਾਰ ਹੋਣ ਕਰਕੇ ਮੇਰਾ ਪੁੱਤਰ ਹੈਂ। ਦੂਜਾ ਜੇ ਤੂੰ ਪ੍ਰੇਮ ਪ੍ਰਕਾਸ਼ ਦਾ ਪੁੱਤਰ ਹੈ ਤਾਂ ਮੇਰਾ ਵੀ ਪੁੱਤਰ ਹੋਇਆ। ਤੀਜਾ, ਤੂੰ ਦੀਪਕ ਜੀ ਦਾ ਧਰਮ ਪੁੱਤਰ ਹੈਂ। ਦੀਪਕ ਜੀ ਦਾ ਅਤੇ ਮੇਰਾ ਇਲਾਕਾ ਹੀ ਇਕ ਨਹੀਂ ਅਸੀਂ ਇਕ ਦੂਜੇ ਦੇ ਬਹੁਤ ਪੁਰਾਣੇ ਕਦਰਦਾਨ ਵੀ ਹਾਂ।

**– ਗੁਰਬਚਨ ਸਿੰਘ ਭੁੱਲਰ**

**ਗੁਰਬਚਨ ਸਿੰਘ ਭੁੱਲਰ ਦਾ ਖ਼ਤ ਨੌਜਵਾਨ ਕਹਾਣੀਕਾਰ ਕਰਮਜੀਤ ਨਡਾਲਾ ਵੱਲ**

27-2-96

ਪਿਆਰੇ ਕਰਮਜੀਤ ਸਿੰਘ ਨਡਾਲਾ ਜੀ

ਤੁਹਾਡੀ ਚਿੱਠੀ ਹੁਣੇ ਮਿਲੀ।

ਬੜੀ ਖ਼ੁਸ਼ੀ ਦੀ ਗੱਲ ਹੈ ਕਿ ਤੁਸੀਂ ਇਕ ਮਿੰਨੀ ਕਹਾਣੀ ਸੰਗ੍ਰਹਿ ਸੰਪਾਦਤ ਕਰ ਰਹੇ ਹੋ।

ਵੀਰ, ਮੈਂ ਕਦੀ ਮਿੰਨੀ ਕਹਾਣੀ ਨਹੀਂ ਲਿਖੀ। ਮੇਰੀ ਇਕ ਕਹਾਣੀ 'ਭਾਂਜ' ਤਿੰਨ-ਚਾਰ ਪੰਨੇ ਦੀ ਹੈ। ਕੁਝ ਲੋਕਾਂ ਨੇ ਉਹ ਆਪਣੇ ਮਿੰਨੀ ਕਹਾਣੀ ਸੰਗ੍ਰਹਿਆਂ ਵਿਚ ਸ਼ਾਮਲ ਕਰ ਲਈ। ਕੁਝ ਨੇ ਉਸੇ ਆਕਾਰ ਵਿਚ, ਕੁਝ ਨੇ ਬਿਨਾਂ ਪੁੱਛਿਆ ਹੀ ਸੰਖੇਪ ਕਰ ਕੇ।

ਇਸ ਲਈ ਮੈਂ ਕੋਈ ਰਚਨਾ ਭੇਜਣੋਂ ਅਸਮਰੱਥ ਹਾਂ।

ਮੇਰਾ ਵਿਚਾਰ ਹੈ ਕਿ ਅਜੇ ਮਿੰਨੀ ਕਹਾਣੀ ਲੇਖਕਾਂ ਦਾ ਬਹੁਤਾ ਜ਼ੋਰ ਇਸ ਵਿਧਾ ਨੂੰ ਪਕਿਆਈ ਦੇਣ ਦੀ ਥਾਂ ਇਹਨੂੰ ਆਮ ਕਹਾਣੀ ਨਾਲੋਂ ਵੱਖਰੀ ਵਿਧਾ ਮਨਾਉਣ ਉੱਤੇ ਲੱਗ ਰਿਹਾ ਹੈ। ਤੁਸੀਂ ਇਸ ਗੱਲ ਨਾਲ ਤਾਂ ਸਹਿਮਤ ਹੋਵੋਗੇ ਕਿ ਮਿੰਨੀ ਕਹਾਣੀ ਦੇ ਖੇਤਰ ਵਿਚ ਜਿੱਥੇ ਕੁਝ ਬਹੁਤ ਮੁੱਲਵਾਨ ਰਚਨਾਵਾਂ ਹੋ ਰਹੀਆਂ ਹਨ, ਬਹੁਤੀ ਟੋਟਕੇਬਾਜ਼ੀ, ਲਤੀਫ਼ੇਬਾਜ਼ੀ ਹੀ ਹੋ ਰਹੀ ਹੈ। ਕੁਝ ਤਾਂ ਬਿਲਕੁਲ ਸਧਾਰਨ ਗੱਲਾਂ ਹੁੰਦੀਆਂ ਹਨ ਜਿਨ੍ਹਾਂ ਦਾ ਕੋਈ ਭਾਵ ਹੀ ਨਹੀਂ ਹੁੰਦਾ। ਅਜਿਹਾ ਕੁਝ ਅਖ਼ਬਾਰਾਂ ਲਈ ਖਾਲੀ ਥਾਂ ਲਈ ਫਿਲਰ ਬਣਦਾ ਹੈ। ਅਜਿਹੇ ਲੇਖਕਾਂ ਨੇ ਇਸ ਵਿਧਾ ਦਾ ਬਹੁਤ ਨੁਕਸਾਨ ਕੀਤਾ ਹੈ। ਇਹਨਾਂ ਦਾ ਸਿਧਾਂਤ ਹੈ ਕਿ ਤਿੰਨ ਚਾਰ ਸਤਰਾਂ ਲਿਖ ਦਿਉ, ਮਿੰਨੀ ਕਹਾਣੀ ਬਣ ਗਈ। ਇਸੇ ਕਰਕੇ ਮਿੰਨੀ ਕਹਾਣੀਆਂ ਦੇ ਬਹੁਤੇ ਸੰਗ੍ਰਹਿਆਂ ਵਿਚ ਤੁੜੀ ਵਧੇਰੇ ਹੁੰਦੀ ਹੈ, ਦਾਣੇ ਘੱਟ।

ਤੁਸੀਂ ਸੂਝਵਾਨ ਹੋ। ਮੈਂ ਸੰਪਾਦਨ ਬਾਰੇ ਵੀ ਸੁਝਾਅ ਦੇਵਾਂ! ਬੱਸ ਇਹੋ ਕਹਾਂਗਾ ਕਿ ਪੁਸਤਕ ਦਾ ਆਕਾਰ ਭਾਵੇਂ ਛੋਟਾ ਹੋਵੇ, ਕਹਾਣੀਆਂ ਦੀ ਗਿਣਤੀ ਭਾਵੇਂ ਘੱਟ ਹੋਵੇ, ਸਮਾਂ ਭਾਵੇਂ ਹੋਰ ਵੱਧ ਲੱਗ ਜਾਵੇ, ਪਰ ਇਕੱਠੇ ਦਾਣੇ ਹੀ ਕਰੋ, ਤੁੜੀ ਨਹੀਂ। ਲੇਖਕ ਦੇ ਨਾਂ ਪਿਛੇ ਨਾ ਜਾਉ, ਰਚਨਾ ਦਾ ਮਿਆਰ ਦੇਖੋ। ਇਕ ਲੇਖਕ ਦੀਆਂ ਰਚਨਾਵਾਂ ਦੀ ਗਿਣਤੀ ਦੀ ਹੱਦ ਨਾ ਮਿਥੋ। ਜਿੰਨੀਆਂ ਵੀ ਚੰਗੀਆਂ ਰਚਨਾਵਾਂ ਮਿਲਣ ਲੈ ਲਵੋ। ਪੁਸਤਕ ਦੇ ਅੱਗੇ ਮਿੰਨੀ ਕਹਾਣੀ ਬਾਰੇ ਆਪਣੇ ਵੱਲੋਂ ਲੰਮੀ ਲਿਖਤ ਦਿਉਂ ਜੋ ਇਹਦੇ ਸਾਰੇ ਪੱਖ, ਸਮੱਸਿਆਵਾਂ, ਸੰਭਾਵਨਾਵਾਂ ਉਜਾਗਰ ਕਰੇ।

**- ਗੁਰਬਚਨ ਸਿੰਘ ਭੁੱਲਰ**



**ਗੁਰਬਚਨ ਸਿੰਘ ਭੁੱਲਰ ਦੇ ਦੋ ਖ਼ਤ ਨੌਜਵਾਨ ਕਥਾਕਾਰ ਭਗਵੰਤ ਰਸੂਲਪੁਰੀ ਵੱਲ**

(ਨਿੱਜੀ ਅਤੇ ਗੁਪਤ) 12-9-2009

ਪਿਆਰੇ ਭਗਵੰਤ,

'ਕਹਾਣੀ ਧਾਰਾ' ਦੇ ਜੁਲਾਈ-ਸਤੰਬਰ, 2009 ਅੰਕ ਵਿਚ ਗੁਰਦਿਆਲ ਸਿੰਘ ਦੇ ਨਾਵਲ 'ਆਹਣ' ਦਾ ਤੇਰਾ ਕੀਤਾ ਰੀਵਿਊ ਪੜ੍ਹਿਆ। ਹੈਰਾਨੀ ਹੋਈ ਕਿਉਂਕਿ ਮੈਂ ਇਹ ਨਾਵਲ ਦੋ ਕੁ ਦਿਨ ਪਹਿਲਾਂ ਹੀ ਮੁਕਾਇਆ ਹੈ। ਤੇਰੇ ਰੀਵਿਊ ਵਿਚ ਕਈ ਗੱਲਾਂ ਅਜਿਹੀਆਂ ਹਨ ਜੋ ਨਾਵਲ ਵਿਚ ਹੈ ਨਹੀਂ! ਅਜਿਹਾ ਕਿਉਂ? ਮੈਂ ਜਾਨਣ ਲਈ ਉਤਸੁਕ ਹਾਂ। (ਛੋਟੇ ਵੀਰ, ਕੰਨ ਨੇੜੇ ਕਰ ਕੇ ਸੁਣ ਅਤੇ ਮੇਰੀ ਇਹ ਗੱਲ ਕੰਨਾਂ ਦੇ ਵਿਚਕਾਰ ਹੀ ਰੱਖੀਂ, ਹੇਠਾਂ ਸਰਕ ਕੇ ਮੂੰਹ ਤੱਕ ਨਾ ਆਉਣ ਦੇਈਂ। ਕਿਉਂਕਿ ਇਹ ਗੱਲ ਮੈਂ ਨਿਰਾਸ਼ਾ ਦੇ ਕਾਰਨਾਂ ਸਮੇਤ ਆਪ ਹੀ ਲਿਖਣ ਦਾ ਚਾਹਵਾਨ ਹਾਂ। ਵਿਸਤਾਰ ਨਾਲ! ਮੈਂ ਇਹ ਨਾਵਲ ਪੜ੍ਹ ਕੇ ਬਹੁਤ ਨਿਰਾਸ਼ ਹੋਇਆ ਹਾਂ!)

**- ਗੁਰਬਚਨ ਸਿੰਘ ਭੁੱਲਰ**

ਪਿਆਰੇ ਭਗਵੰਤ 22-10-2010

ਕੀ ਹਾਲ ਹੈ? ਦੋ ਗੱਲਾਂ! ਇਕ ਤਾਂ 'ਕਹਾਣੀ ਧਾਰਾ' ਲਗਾਤਾਰ ਮਿਲ ਰਿਹਾ ਹੈ। ਲੇਖਕਾਂ ਵਲੋਂ ਕੱਢੇ ਜਾਂਦੇ ਰਸਾਲੇ ਮੁਫ਼ਤ ਪੜ੍ਹਦਿਆਂ ਚੰਗਾ ਨਹੀਂ ਲਗਦਾ। ਕਈ ਵਾਰ ਕੁਝ ਭੇਜਣ ਲਈ ਸੋਚਿਆ ਹੈ, ਪਰ ਘੌਲ ਹੋ ਜਾਂਦੀ ਹੈ ਕਿਉਂਕਿ ਕੋਰੀਅਰ ਸਾਡੇ ਨੇੜੇ ਹੈ, ਤੁਹਾਡਾ ਕੋਰੀਅਰ ਪਤਾ ਹੀ ਨਹੀਂ। ਡਾਕ-ਖਾਨੇ ਦੂਰ ਤਰੱਦਦ ਨਾਲ ਜਾਣਾ ਪੈਂਦਾ ਹੈ, ਰਜਿਸਟਰੀ ਕਰਵਾਉਣ। ਖ਼ੈਰ, 'ਤਿਲ-ਫੁੱਲ' ਭੇਜ ਰਿਹਾ ਹਾਂ।

ਦੂਜੇ ਦਲਿਤ-ਸਾਹਿਤ ਨਾਲ ਸੰਬੰਧਿਤ ਚੰਗੀਆਂ ਰਚਨਾਵਾਂ ਹੋ ਰਹੀਆਂ ਹਨ। ਇਹ ਬਹੁਤੀ ਲੋੜੀਂਦੀ ਅਤੇ ਮਹੱਤਵਪੂਰਨ ਗੱਲ ਹੈ। ਨਵੇਂ ਨਵੇਂ ਲੇਖਕ ਅਤੇ ਵਿਚਾਰਕ ਸਾਹਮਣੇ ਆ ਰਹੇ ਹਨ ਅਤੇ ਨਿੱਗਰ ਗੱਲਾਂ ਕਰ ਰਹੇ ਹਨ। ਪਰ ਕਈ ਸਵਾਲ ਮੈਨੂੰ ਸੋਚੀਂ ਪਾ ਦਿੰਦੇ ਹਨ

-ਕੀ ਦਲਿਤ-ਸਾਹਿਤ ਹੁਣ ਅਚਾਨਕ ਲਿਖਿਆ ਜਾਣ ਲੱਗਿਆ ਹੈ?

-ਕੀ ਪੰਜਾਬੀ ਸਾਹਿਤ ਦੀ ਮਾਨਵੀ ਧਾਰਾ ਦਲਿਤਾਂ, ਇਸਤਰੀਆਂ ਅਤੇ ਹੋਰ ਸਮਾਜਕ ਪੀੜਤ ਲਈ ਮੋਟੇ ਤੌਰ ਉੱਤੇ ਸਦਾ ਹੀ ਹਮਦਰਦ ਨਹੀਂ ਰਹੀ?

-ਕੀ ਜਿਵੇਂ ਕੁਝ ਲੋਕ ਦਾਅਵਾ ਕਰਦੇ ਹਨ ਜਾਂ ਮੱਤ ਪੇਸ਼ ਕਰਦੇ ਹਨ, ਦਲਿਤਾਂ ਦੇ ਦੁੱਖ ਕੇਵਲ ਦਲਿਤ ਹੀ ਦੱਸ ਸਕਦਾ ਹੈ? ਇਹ ਠੀਕ ਹੈ ਕਿ ਸਿੱਧੀ ਪੀੜ ਦਾ ਅਨੁਭਵ ਸੁਭਾਵਿਕ ਹੀ ਤੀਬਰ ਹੁੰਦਾ ਹੈ, ਪਰ ਲੇਖਕ ਕੀ ਹੋਇਆ ਜੋ ਕਿਸੇ ਵਿਸ਼ੇਸ਼ ਸਥਿਤੀ ਵਿਚ ਪਏ ਪਾਤਰ ਦਾ ਦਰਦ ਸਮਝ, ਜਾਣ, ਕਲਪ ਅਤੇ ਚਿਤਰ ਨਾ ਸਕੇ! ਇਉਂ ਤਾਂ ਫੇਰ ਹਰ ਲੇਖਕ ਆਪਣੇ ਸਿੱਧੇ ਅਨੁਭਵ ਦੇ ਸੀਮਤ ਜਿਹੇ ਘੇਰੇ ਤੱਕ ਰਹਿ ਜਾਵੇਗਾ! ਮਿਸਾਲ ਵਜੋਂ ਮੇਰੀਆਂ ਕਈ ਇਸਤਰੀ-ਪ੍ਰਧਾਨ ਕਹਾਣੀਆਂ ਹਨ ਜੋ ਬਹੁਤੀਆਂ ਇਸਤਰੀ-ਲੇਖਕਾਂ ਨਾਲੋਂ ਇਸਤਰੀਆਂ ਦੀਆਂ ਬਿਹਤਰ ਪੇਸ਼ਕਾਰ ਹਨ।

ਖ਼ੈਰ, ਮੈਂ ਇਹ ਐਵੇਂ ਆਪਣੀ ਸੋਚ ਤੇਰੇ ਨਾਲ ਸਾਂਝੀ ਕੀਤੀ ਹੈ। ਜੋ ਲੇਖਕ ਇਹਤੋਂ ਵੱਖਰੀ ਗੱਲ ਕਹਿੰਦੇ ਹਨ, ਹੋ ਸਕਦਾ ਹੈ, ਉਹ ਆਪਣੀ ਥਾਂ ਠੀਕ ਹੋਣ। ਜਾਂ ਜਿਸ ਪ੍ਰਸੰਗ ਵਿਚ ਉਹ ਗੱਲ ਕਰਦੇ ਹਨ, ਉਸ ਪ੍ਰਸੰਗ ਵਿਚ ਉਹ ਵਧੀਕ ਵਜ਼ਨਦਾਰ ਹੋਵੇ।

ਹਾਂ, ਦਿਲਚਸਪ ਗੱਲ ਇਹ ਹੈ ਕਿ ਪੰਜਾਹ ਸਾਲ ਹੋਏ, ਮੈਂ ਇਕ ਕਹਾਣੀ ਲਿਖੀ ਸੀ, 'ਰੇਸ਼ਮ ਦੀ ਛੋਹ ਤੇ ਬੋਰੇ ਦਾ ਘਾੱਸਾ'! ਇਹ ਉਸ ਸਮੇਂ 'ਪ੍ਰੀਤਲੜੀ' ਵਿਚ ਛਪੀ ਸੀ ਅਤੇ ਮਗਰੋਂ ਮੇਰੇ ਪਹਿਲੇ ਕਹਾਣੀ ਸੰਗ੍ਰਹਿ 'ਓਪਰਾ ਮਰਦ' ਵਿਚ ਸ਼ਾਮਲ ਕੀਤੀ ਗਈ ਸੀ। ਅੱਜ ਇਸੇ ਪ੍ਰਸੰਗ ਵਿਚ ਫੇਰ ਪੜ੍ਹੀ। ਭੇਜ ਰਿਹਾ

ਹਾਂ।

ਜੇ ਪਹਿਲਾਂ ਛਪੀ ਨਾ ਛਾਪਣੀ ਹੋਏ, ਬਿਲਕੁਲ ਨਾ ਛਾਪਣਾ, ਕੋਈ ਮਜਬੂਰੀ ਨਹੀਂ। ਮੇਜ਼ ਹੇਠਾਂ ਪਈ ਬਾਲਟੀ ਵਿਚ ਸੁੱਟ ਦੇਣੀ।

ਜੇ ਛਾਪਣੀ ਚਾਹੋਂ, ਛਾਪ ਲੈਣੀ। ਜੇ ਚਾਹੋਂ ਮੇਰੀਆਂ ਉਪਰੋਕਤ ਗੱਲਾਂ, ਸੰਖੇਪ ਨੋਟ ਵਜੋਂ ਨਾਲ ਦੇ ਸਕਦੇ ਹੋ।

**-ਗੁਰਬਚਨ ਸਿੰਘ ਭੁੱਲਰ**

**ਗੁਰਬਚਨ ਸਿੰਘ ਭੁੱਲਰ ਦਾ ਖ਼ਤ ਕਹਾਣੀਕਾਰ ਮੁਖਤਿਆਰ ਸਿੰਘ ਵੱਲ**

ਪਿਆਰੇ ਮੁਖ਼ਤਿਆਰ

ਸੱਚ ਮੰਨੇਗਾ? ਸੇਵਾਮੁਕਤੀ ਦੀ ਖ਼ਬਰ ਪੜ੍ਹ ਕੇ ਸੋਚ ਹੀ ਰਿਹਾ ਸੀ ਕਿ ਹੁਣ ਭਾਈ ਮੁਖਤਿਆਰ ਸਿੰਘ ਦਾ ਨਵਾਂ ਪਤਾ ਵੀ ਕਿਤੋਂ ਮੰਗਵਾਉਣਾ ਪਵੇਗਾ ਕਿ ਕਾਰਡ ਆ ਗਿਆ! ਚੰਗਾ ਹੋਇਆ ਸੰਪਰਕ ਦੀ ਸੰਭਵਨਾ ਬਣੀ ਰਹਿਣੀ ਚਾਹੀਦੀ ਹੈ। ਘਟੋ ਘੱਟ ਸਰਨਾਵਿਆਂ ਵਾਲੀ ਡਾਇਰੀ ਤਾਂ ਸੱਜਰੀ ਰਹੇ।

ਆਸ ਹੈ, ਹੁਣ ਰਚਨਾ ਵੱਲ ਵਧੀਕ ਧਿਆਨ ਦੇ ਸਕੋਗੇ। ਨੌਕਰੀ ਦੀਆਂ ਆਪਣੀਆਂ ਮਜਬੂਰੀਆਂ ਹੁੰਦੀਆਂ ਹਨ। ਸ਼ਾਇਦ ਇਸੇ ਕਰਕੇ ਲੋਕਾਂ ਨੇ ਇਸਤੋਂ ਪਿੱਛਾ ਛੁਟਣ ਲਈ ਸ਼ਬਦ 'ਮੁਕਤੀ' ਹੀ ਠੀਕ ਸਮਝਿਆ ਹੈ। ਨਵੀਆਂ ਕਹਾਣੀਆਂ ਲਈ ਮੇਰੀਆਂ ਸ਼ੁਭ ਇਛਾਵਾਂ! ਮਕਾਨ ਵਿਚ ਕੁਝ ਵਾਧਾ ਕੀਤਾ ਹੈ, ਪਰਿਵਾਰ ਦੀਆਂ ਲੋੜਾਂ ਅਨੁਸਾਰ। ਮਿਸਤਰੀਆਂ ਨੇ ਲਗਭਗ ਇਕ ਸਾਲ ਜਾਨ ਖਾਧੀ। ਲਿਖਣਾ ਵੀ ਬੰਦ, ਪੜ੍ਹਨਾ ਵੀ ਬੰਦ! ਹੁਣ ਵਿਹਲਾ ਹੋਇਆ ਹਾਂ। ਹਿੰਦੀ ਕਹਾਣੀ ਵਾਲੀ ਗੱਲ ਵੀ ਹੁਣ ਯਾਦ ਆਈ ਹੈ।? ਕਈ ਲੋਕ ਪਹਿਲਾਂ ਬੜੀ ਸਰਗਰਮੀ ਦਿਖਾਉਂਦੇ ਹਨ ਪਰ ਮਗਰੋਂ ਠੰਡੇ ਪੈ ਜਾਂਦੇ ਹਨ। ਇਕ ਅਨੁਵਾਦਕ ਅਤੇ ਇਕ ਪ੍ਰਕਾਸ਼ਕ ਨੇ ਮੈਨੂੰ ਕਿਹਾ ਕਿ ਪੰਜਾਬੀ ਦੀਆਂ ਕਹਾਣੀਆਂ ਚੁਣ ਦਿਓ ਅਤੇ ਆਗਿਆ ਲੈ ਦਿਓ, ਵਧੀਆ ਗਰੰਥ ਛਾਪਾਂਗੇ। ਮੈਂ ਸਮਾਂ ਲਾਇਆ ਸਭ ਕੁਝ ਕੀਤਾ, ਪਰ ਹੁਣ ਉਹਨਾਂ ਨੇ ਕਾਫ਼ੀ ਸਮੇਂ ਤੋਂ ਸੰਪਰਕ ਹੀ ਨਹੀਂ ਕੀਤਾ। ਪੁਛਦਾ ਹਾਂ ਹੁਣ।

**– ਗੁਰਬਚਨ ਸਿੰਘ ਭੁੱਲਰ**

**ਅਮਰਜੀਤ ਚੰਦਨ ਦਾ ਖ਼ਤ ਕਥਾਕਾਰ ਅਤਰਜੀਤ ਵੱਲ**

ਪਿਆਰੇ ਅਤਰਜੀਤ 23 ਮਾਰਚ, 94

ਸ਼ੁਕਰ ਹੈ, ਤੈਨੂੰ ਖ਼ਤ ਲਿਖਣ ਦਾ ਖ਼ਿਆਲ ਆਇਆ।

ਮੇਰਾ ਪਤਾ ਲਭਣਾ ਕੋਈ ਏਨਾ ਔਖਾ ਨਹੀਂ, ਜਿੰਨਾ ਤੂੰ ਦੱਸਿਆ ਹੈ। ਸੁਰਿੰਦਰ ਦਾ ਤਾਂ ਮੇਰੇ ਸਿਰ ਜ਼ਿੰਦਗੀ-ਭਰ ਦਾ 'ਹਸਾਨ ਹੈ। ਉਹਦੇ ਸਦਕਾ ਹੀ ਮੈਂ ਵਲਾਇਤ ਆਇਆ ਸੀ। ਅਹਸਾਨਮੰਦੀ ਵਜੋਂ ਮੈਂ ਚਾਰ-ਪੰਜ ਸਾਲਾਂ ਪਹਿਲਾਂ ਸਬਿੰਦਰਜੀਤ ਸਾਗਰ ਅੰਬਰਸਰੀਏ ਨੂੰ ਕੁਝ ਹਜ਼ਾਰ ਦੀ ਰਕਮ ਪੈਸੇ ਘਲ ਕੇ ਹੇਮਜੋਤੀ ਨਾਂ ਦਾ ਪ੍ਰਕਾਸ਼ਨ ਸ਼ੁਰੂ ਕਰਨ ਲਈ ਆਖਿਆ ਸੀ। ਨਾਜਮ ਹੁਸੈਨ ਸੱਯਦ ਦਾ ਨਾਟਕ 'ਮਈ ਦੀ ਰਾਤ' ਤੇ ਹਬੀਬ ਜ਼ਾਲਿਬ ਦੀਆਂ ਪੰਜਾਬੀ ਕਵਿਤਾਵਾਂ ਦਾ ਖਰੜਾ ਵੀ ਭੇਜਿਆ, ਰਾਵੀ ਦੀ ਰਾਤ ਦੇ ਸਰਵਰਕ ਦਾ ਨਮੂਨਾ ਵੀ ਇਮਰੋਜ਼ ਨੇ ਬਣਾ ਦਿੱਤਾ ਸੀ ਪਰ ਭਾਈ ਸਾਹਬ ਸਾਗਰ ਨੇ ਡੱਕਾ ਨਹੀਂ ਤੋੜਿਆ। ਹਾਰ ਕੇ ਮੈਂ ਉਹਨੂੰ ਪੁੱਛਣਾ ਹੀ ਛੱਡ ਦਿੱਤਾ।

ਤੇਰੀਆਂ ਤਿੰਨਾਂ ਸਲਾਹਾਂ ਨਾਲ ਮੈਂ ਸਹਿਮਤ ਨਹੀਂ। ਹੇਮਜੋਤੀ 'ਚ ਕੋਈ ਏਡੇ ਮਾਰਕੇ ਦੀਆਂ ਸ਼ਾਹਕਾਰ



ਕਹਾਣੀਆਂ ਨਹੀਂ ਛੱਪਦੀਆਂ ਰਹੀਆਂ ਕਿ ਵੀਹ ਸਾਲ ਬਾਅਦ ਉਨ੍ਹਾਂ ਦਾ ਸੰਗ੍ਰਹਿ ਛਾਪਿਆ ਜਾਵੇ। ਅਭਿਨੰਦਨ ਬੇਮੌਕਾ ਹੋਏਗਾ। 'ਹੇਮਜੋਤੀ' ਪਰਚਾ ਕਢਣ ਦੀ ਕੀ ਲੋੜ ਹੈ? ਕੀ ਪਹਲਾਂ ਨਹੀਂ ਨਿਕਲ ਰਹੇ? ਪਰਚਾ ਦੂਜੇ ਲੌਅ 'ਚ ਨਹੀਂ ਸੀ ਚੱਲਿਆ, ਤਾਂ ਹੁਣ ਕੀ ਨਿਕਲੂਗਾ? ਹੁਣ ਤਾਂ ਸਭ ਕੁਝ ਲੁੱਟ ਚੁੱਕਾ ਹੈ। ਟਰੱਸਟ ਤੇ ਇਨਾਮ ਦੇ ਪੰਜਾਬ 'ਚ ਖੁੰਭਾ ਉੱਗ ਗਏ ਹਨ। ਧੰਜਲ, ਰਾਮੂਵਾਲੀਏ ਨੂੰ ਵੀ ਪੁੱਛ ਲਓ। ਸ਼ਹੀਦ ਦੀ ਮੌਤ, ਸਾਰੀ ਲੁੱਟ। ਪਾਸ਼ ਦੇ ਨਾਂ ਦਾ ਟਰੱਸਟ ਡਿਕੋਡਿੱਲੇ ਖਾਂਦਾ ਚਲ ਰਿਹਾ ਹੈ, ਤਾਂ ਸੁਰਿੰਦਰ ਨੂੰ ਕਿਹਨੇ ਪੁੱਛਣਾ ਹੈ ਤੇ ਸੁਰਿੰਦਰ ਦਾ ਕੋਈ ਰਿਸ਼ਤੇਦਾਰ ਵਲੈਤ ਅਮਰੀਕਾ ਨਹੀਂ ਰਹਿੰਦਾ!

ਲੁਧਿਆਣੇ ਦੀ 27 ਫ਼ਰਵਰੀ ਦੀ ਮੀਟਿੰਗ 'ਚੋਂ ਕੀ ਨਿਕਲਿਆ ਦੱਸੀ? ਤੇ ਰਾਮਪੁਰੇ 'ਭਾਰੂ ਸਿਆਸਤੀਏ' ਕਿਹੜੇ ਬੰਦੇ ਸਨ, ਜਿਨ੍ਹਾਂ ਤੇਰੀ ਗੱਲ ਨਹੀਂ ਸੁਣੀ?

ਮੜੀਪੂਜ ਤਾਂ ਆਪਾਂ ਹੈਗੇ ਹੀ ਹਾਂ। ਕੀ ਤੂੰ ਜਾਂ ਤੇਰੇ ਨਾਲ ਦਿਆਂ ਨੇ ਕਦੇ ਲਾਲ ਸਿੰਘ ਦਿਲ ਦੇ ਜੀਉਂਦੇ ਦੀ ਸਾਰ ਪੁੱਛੀ ਹੈ? ਹੋਰ ਤੁਸੀਂ ਅਤੇ ਹੋਰ ਇਸ ਵਿਚ ਹੋਵੋਂਗੇ, ਰਲ਼ ਕੇ ਇਹਨੂੰ ਸਲੇਬਸ ਵਿਚ ਲਗਵਾ ਦਿਓ।

ਮੈਨੂੰ ਪਤੈ ਹੇਮਜੋਤੀ ਨਾਂ ਦਾ ਪ੍ਰਕਾਸ਼ਨ ਵੀ ਨਹੀਂ ਚੱਲਣਾ। ਚੰਗਾ ਲਿਖਿਆ ਵੀ ਕਿਹੜਾ ਜਾ ਰਿਹੈ? ਸੁਰਿੰਦਰ ਦੀ ਯਾਦ ਵਿਚ ਇਕ ਵਾਰ ਯਾਦਗਾਰੀ ਭਾਸ਼ਣ ਹੀ ਹੋ ਜਾਇਆ ਕਰੇ ਇਹੀ ਵੱਡੀ ਗੱਲ ਹੋਵੇਗੀ। ਏਸ ਵਾਸਤੇ ਮੈਂ ਮਦਦ ਕਰ ਦਊਂਗਾ, ਜਿਵੇਂ ਠੀਕ ਸਮਝੈ।

**- ਅਮਰਜੀਤ ਚੰਦਨ, ਇੰਗਲੈਂਡ**

**ਪ੍ਰਸਿੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਦਾ ਖ਼ਤ ਐੱਸ. ਬਲਵੰਤ ਵੱਲ**

ਮੇਰੇ ਪਿਆਰੇ ਐੱਸ. ਬਲਵੰਤ ਜਨਵਰੀ,1997

ਤੁਹਾਡੀ ਕਹਾਣੀਆਂ ਦੀ ਪੁਸਤਕ 'ਮਹਾਂਨਗਰ' ਮੈਨੂੰ ਮਿਲੀ। ਭਾਵੇਂ ਤੁਸੀਂ ਦੇਰ ਨਾਲ ਹੀ ਭੇਜੀ ਪਰ ਫਿਰ ਵੀ ਯਾਦ ਕੀਤਾ ਇਸ ਲਈ ਸ਼ੁਕਰੀਆਂ।

ਇਕ ਤਾਂ ਇਸ ਗੱਲ ਦੀ ਖ਼ੁਸ਼ੀ ਕਿ ਤੁਸੀਂ ਸਾਡੇ 'ਭਾਈਚਾਰੇ' ਵਿਚ ਰਲੇ, ਇਕ ਨਵਾਂ ਨਾਂ। ਪਰ ਇਸ ਤੋਂ ਵੀ ਵੱਧ ਖ਼ੁਸ਼ੀ ਇਸ ਗੱਲ ਦੀ ਕਿ ਤੁਸੀਂ ਵਧੀਆਂ ਕਹਾਣੀਆਂ ਲਿਖੀਆਂ। ਇਹਨਾਂ ਨੂੰ ਪੜ੍ਹਿਆਂ ਇਕ ਤਾਜ਼ਗੀ ਦਾ ਅਹਿਸਾਸ ਹੁੰਦਾ ਹੈ। ਮੈਂ ਇਕੋ ਸਾਹੇ ਇਹ ਕਹਾਣੀਆਂ ਪੜ੍ਹ ਗਿਆ। ਇਹਨਾਂ ਦੀ ਪੜ੍ਹਨ ਯੋਗਤਾ ਕਰਕੇ ਹੀ ਇਹ ਕਹਾਣੀਆਂ ਮੁੱਲਵਾਨ ਹਨ। ਲਿੰਗ-ਸੰਬੰਧਾਂ ਦੀਆਂ ਕਹਾਣੀਆਂ ਸਾਡੇ ਅੱਜ ਕੱਲ੍ਹ ਲਿਖੀ ਜਾ ਰਹੀ ਬਹੁਤੀ ਕਹਾਣੀ ਵਾਂਗ 'ਨਿਰੋਲ ਬਿਮਾਰ ਮਨ' ਤੱਕ ਸੀਮਤ ਨਹੀਂ ਸਗੋਂ ਇਹਨਾਂ ਨੂੰ ਸਮਾਜਿਕ ਪਰਿਪੇਖ ਦੇ ਕੇ ਤੁਸੀਂ ਇਸ ਪੱਖੋਂ ਵੀ ਚੰਗਾ ਉੱਦਮ ਕੀਤਾ ਹੈ। ਤੁਹਾਡੀ ਕਲਮ ਨੂੰ ਦੁਆਵਾਂ ਤੇ ਸੁਭ ਇਛਾਵਾਂ ਦਿੰਦਾ ਹੋਇਆ।

**-ਵਰਿਆਮ ਸਿੰਘ ਸੰਧ**

## ਕਥਾਕਾਰ ਵਰਿਆਮ ਸਿੰਘ ਸੰਧੂ ਦਾ ਖ਼ਤ ਬਲਬੀਰ ਪਰਵਾਨਾ ਵੱਲ

ਪਿਆਰੇ ਬਲਬੀਰ ਪਰਵਾਨਾ ਦਸੰਬਰ, 1908

ਤੈਨੂੰ ਭੇਦ ਦੀ ਗੱਲ ਦੱਸਾਂ। ਸੁਣ ਕੇ ਨਰਾਜ਼ ਨਾ ਹੋਵੀਂ। ਮੈਂ ਸਦਾ ਤੈਨੂੰ ਇਕ ਚੰਗਾ, ਪਿਆਰਾ, ਖ਼ਰਾ ਤੇ ਮੁਹੱਬਤੀ ਇਨਸਾਨ ਤਾਂ ਸਮਝਦਾ ਰਿਹਾ ਹਾਂ, ਪਰ ਤੇਰੇ ਲੇਖਕ ਹੋਣ ਨੂੰ ਮੈਂ ਕਦੀ ਵੀ ਗੰਭੀਰਤਾ ਨਾਲ

ਨਹੀਂ ਸੀ ਲਿਆ। ਇਸਦਾ ਕਾਰਨ ਸ਼ਾਇਦ ਇਕ ਤਾਂ ਇਹ ਸੀ ਕਿ ਕਈ ਸਾਲ ਪਹਿਲਾਂ ਤੇਰੇ ਲਗਭਗ ਤੀਸਰੇ ਕਾਵਿ ਸੰਗ੍ਰਹਿ 'ਪਲਕਾਂ 'ਚ ਤੈਰਦੇ ਪਲ' ਬਾਰੇ ਪੜ੍ਹਦਿਆਂ ਬੋਲਦਿਆਂ ਮੈਂ ਮਹਿਸੂਸ ਕਰ ਲਿਆ ਸੀ ਕਿ ਤੂੰ ਅਸਲੋਂ ਹੀ ਦਰਮਿਆਨੇ ਦਰਜੇ ਦੀ ਸ਼ਾਇਰੀ ਕਰ ਰਿਹਾ ਏਂ ਤੇ ਤੇਰਾ ਜੇ ਜ਼ਿਕਰ-ਜ਼ਕਰ ਇਕ ਕਵੀ ਜਾਂ ਲੇਖਕ ਵਜੋਂ ਹੈ ਤਾਂ ਤੇਰੇ 'ਨਵਾਂ ਜ਼ਮਾਨਾ' ਦਾ ਪੱਤਰਕਾਰ ਹੋਣ ਕਰਕੇ ਹੀ ਹੈ। ਦੂਜਾ ਇਹ ਵੀ ਸੀ ਕਿ ਤੂੰ ਧੜਾ-ਧੜ ਲਿਖਣ ਵਾਲਾ ਲੇਖਕ ਸੈਂ। ਤੇਰੀ ਕੋਈ ਨਾ ਕੋਈ ਕਿਤਾਬ ਪੰਜੀਂ ਸੱਤੀਂ ਮਹੀਨੀਂ ਛਪਦੀ ਹੀ ਰਹਿੰਦੀ ਸੁਣਦਾ ਰਿਹਾ ਸਾਂ। ਮੈਨੂੰ ਏਨਾ ਧੜਾ-ਧੜ ਲਿਖਣ ਵਾਲਿਆਂ ਦੀ ਸਮਰੱਥਾ ਦੀ ਸੀਮਾਂ ਦਾ ਸਵੈਸਿਰਜਿਤ ਭਰਮ ਜਿਹਾ ਵੀ ਹੈ ਕਿ ਏਨਾ ਕੁਝ ਲਿਖਣ ਵਾਲਾ ਬੰਦਾ 'ਪਤਲਾ ਤੇ ਪੇਤਲਾ' ਹੀ ਲਿਖ ਸਕਦਾ ਹੈ! ਇਸ ਲਈ ਸੱਚ ਜਾਣੀਂ ਮੈਂ ਕਦੀ ਵੀ ਤੇਰੀ ਕੋਈ ਲਿਖਤ ਪੜ੍ਹਨ ਦੀ ਖ਼ੇਚਲ ਨਹੀਂ ਸੀ ਕੀਤੀ। ਇਕ ਅੱਧੀ ਵਾਰ ਸ਼ਾਇਦ ਤੂੰ ਕੋਈ ਆਪਣੀ ਕਿਤਾਬ ਦਿੱਤੀ ਵੀ ਹੋਵੇ, ਪਰ ਮੈਂ ਤਸਲੀਮ ਕਰਦਾ ਹਾਂ ਕਿ ਮੈਂ ਤੇਰੀ ਦਿੱਤੀ ਉਹ ਕਿਤਾਬ ਵੀ 'ਐਵੇਂ ਸਮਾਂ ਗਵਾਚਣ' ਦੇ ਡਰੋਂ ਪੜ੍ਹੀ ਨਹੀਂ ਸੀ।

ਹੁਣ ਕੀ ਹੋਇਆ, ਐਤਕੀਂ ਕੈਨੇਡਾ ਨੂੰ ਤੁਰਨ ਲੱਗਿਆਂ ਮੈਂ ਕੇਸਰ ਕੋਲੋਂ ਕੁਝ ਕਿਤਾਬਾਂ ਪੜ੍ਹਨ ਵਾਸਤੇ ਮੰਗੀਆਂ ਤਾਂ ਉਸਨੇ ਤੇਰਾ ਨਾਵਲ **'ਨਿੱਕੇ ਨਿੱਕੇ ਯੁੱਧ'** ਵੀ ਮੈਨੂੰ ਫੜਾ ਦਿੱਤਾ। ਪਹਿਲਾਂ ਤਾਂ ਮੈਂ ਉਸਨੂੰ ਆਖਿਆ, ਛੱਡ ਯਾਰ! ਪਰ ਫਿਰ ਮੈਂ ਸੋਚਿਆ, ਕੈਨੇਡਾ ਵਿਚ ਤਾਂ ਮੇਰੇ ਕੋਲ ਟਾਈਮ ਹੀ ਟਾਈਮ ਹੁੰਦਾ ਹੈ। ਪਰਵਾਨੇ ਦੇ ਨਾਵਲ 'ਤੇ ਜੇ ਪੜ੍ਹਨ ਲਈ ਥੋੜ੍ਹਾ ਕੁ ਟਾਈਮ 'ਖ਼ਰਾਬ' ਵੀ ਹੋ ਜਾਊ ਤਾਂ ਕਿਹੜਾ ਪਹਾੜ ਢਹਿ ਚੱਲਿਆ!

ਸੋ ਜਨਾਬ! ਇਸ ਪਿਛੋਕੜ ਵਿਚ ਕੱਲ੍ਹ ਮੈਂ ਤੇਰਾ ਨਾਵਲ ਆਪਣਾ 'ਸਮਾਂ ਖ਼ਰਾਬ' ਕਰਨ ਦਾ ਰਿਸਕ ਲੈ ਕੇ ਪੜ੍ਹਨ ਬੈਠ ਹੀ ਗਿਆ। ਨਾਲ ਨਾਲ ਪੜ੍ਹੀ ਜਾਵਾਂ ਤੇ ਨਾਲ ਨਾਲ ਮੈਨੂੰ ਆਪਣੇ ਆਪ ਤੇ ਸ਼ਰਮਿੰਦਗੀ ਆਈ ਜਾਵੇ ਕਿ ਮੈਂ ਤੈਨੂੰ ਹੁਣ ਤੱਕ ਅਣਗੌਲਿਆ ਕਿਉਂ ਕਰੀ ਰੱਖਿਆ! ਹੁਣੇ ਨਾਵਲ ਖ਼ਤਮ ਕਰ ਕੇ ਹਟਿਆਂ ਤੇ ਤੈਨੂੰ ਲਿਖਣ ਬੈਠ ਗਿਆਂ।

ਕੋਈ ਘੱਟ ਵੱਧ ਹੀ ਇਹੋ ਜਿਹੀ ਕੋਈ ਪੰਜਾਬੀ ਲਿਖਤ ਮੈਂ ਪਿਛਲੇ ਦਿਨੀਂ ਪੜ੍ਹੀ ਹੈ, ਜਿਸ ਬਾਰੇ ਮੇਰਾ ਮਨ ਏਨੀ ਛੇਤੀ ਪਰਸੰਸਾ ਕਰਨ ਨੂੰ ਡੁੱਲ੍ਹ ਆਇਆ ਹੋਵੇ! ਤੂੰ ਇਹ ਲਿਖਤ ਬੜੇ ਸੰਜਮ ਨਾਲ, ਸਹਿਜ ਤੇ ਸੰਤੁਲਨ ਵਿਚ ਰਹਿ ਕੇ ਲਿਖੀ ਹੈ ਤੇ ਯਥਾਰਥ ਦੇ ਨਿੱਕੇ ਨਿੱਕੇ ਅਨੇਕ ਖੰਡ ਸੰਪਾਦਤ ਕਰ ਕੇ ਇਸ ਵਿਚ ਬੜੀ ਕਲਾਤਮਕ ਮੁਹਾਰਤ ਨਾਲ ਤਰਤੀਬੋ ਤੇ ਗੁੰਦੇ ਹਨ। ਤੇਰੀ ਦ੍ਰਿਸ਼ਟੀ ਦੀ ਸਫ਼ਲਤਾ ਨੇ ਕਿਧਰੇ ਵੀ ਤੈਨੂੰ ਧੁੰਦਲਾ ਜਾਂ ਉਲਾਰ ਨਹੀਂ ਹੋਣ ਦਿੱਤਾ। ਤੂੰ ਘਟਨਾਵਾਂ ਤੇ ਪਾਤਰਾਂ ਤੋਂ ਇੱਕ ਵਿੱਥ 'ਤੇ ਰਹਿ ਕੇ ਕਿਸੇ ਵੀ ਕਿਸਮ ਦੇ ਅਸੰਤੁਲਨ ਦਾ ਭਾਗੀ ਬਣਨ ਦੇ ਦੋਸ਼ ਤੋਂ ਬਚਿਆ ਰਿਹਾ ਏਂ। ਤੂੰ ਬੰਦਿਆਂ, ਘਟਨਾਵਾਂ ਤੇ ਸਥਿਤੀਆਂ ਨੂੰ ਆਪਣੀ ਇੱਛਾ ਅਨੁਸਾਰ ਨਹੀਂ ਸਗੋਂ ਇਤਿਹਾਸ ਦੀ ਧਾਰਾ ਦੇ ਵੇਗ ਵਿਚ ਸਮਝਣ, ਵੇਖਣ ਤੇ ਵਾਚਣ ਦਾ ਕਲਾਕਾਰੀ ਉੱਦਮ ਕੀਤਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਲਿਖਤ ਵਿਚੋਂ ਲੇਖਕ ਦੀ 'ਇੱਛਾ' ਅਸਲੋਂ ਗ਼ੈਰ-ਹਾਜ਼ਰ ਨਹੀਂ ਹੁੰਦੀ। ਰਚਨਾ ਵਿਚ ਵਾਪਰਦਾ ਸਭ ਕੁਝ 'ਉਸਦੀ ਮਰਜ਼ੀ ਮੁਤਾਬਕ' ਹੀ ਹੈ ਪਰ ਉਸਦੀ ਕਲਾਕਾਰੀ ਇਸੇ ਵਿਚ ਹੁੰਦੀ ਹੈ ਕਿ ਰਚਨਾ ਵਿਚ ਉਹ ਆਪ ਜਾਂ ਉਹਦੀ ਇੱਛਾ ਨਾ ਹੀ ਦਿਸੇ ਤੇ ਨਾ ਹੀ ਰੜਕੇ। ਤੂੰ ਇਹ ਕਲਾਕਾਰੀ ਕਰ ਵਿਖਾਈ ਹੈ। ਗਿੰਦਰ ਦੀ ਨਜ਼ਰ ਰਾਹੀਂ ਤੂੰ ਪਿਛਲੇ ਸਾਲਾਂ ਦਾ ਬਦਲਦਾ ਪਿੰਡ ਤੇ ਪੰਜਾਬ ਬੜੇ ਹੀ ਨਿਰਉਚੇਚ ਢੰਗ ਨਾਲ ਵਿਖਾ ਦਿੱਤਾ ਹੈ। ਕਮਿਊਨਿਸਟਾਂ ਦੀ ਦ੍ਰਿੜ੍ਹਤਾ, ਕੁਰਬਾਨੀ ਤੇ ਪਤਨ, ਕਿਰਸਾਣੀ ਸਮਾਜ-ਸਭਿਆਚਾਰ ਦਾ ਚਿੱਤਰ, ਦਲਿਤ-ਉਭਾਰ, ਵਿਦਿਅਕ ਢਾਂਚੇ ਦਾ ਖੋਖਲਾਪਨ, ਪਰਿਵਾਰਕ ਤੇ ਸਮਾਜਿਕ ਰਿਸ਼ਤਿਆਂ ਦਾ ਵਿਖੰਡਨ ਤੇ ਰਿਸ਼ਤਿਆਂ ਵਿਚ ਪੈਸੇ ਦੀ ਦਖ਼ਲ-ਅੰਦਾਜ਼ੀ, ਖਾਲਿਸਤਾਨੀ ਲਹਿਰ ਦਾ ਉਭਾਰ ਤੇ ਵਿਗਾੜ, ਜਿਸਮਾਨੀ ਲੋੜਾਂ ਦੀ ਅਪੂਰਤੀ ਤੇ ਅਤ੍ਰਿਪਤੀ ਦਾ ਸ਼ਖ਼ਸੀਅਤ 'ਤੇ ਮਾਰੂ ਪ੍ਰਭਾਵ, ਪੱਤਰਕਾਰਤਾ ਦਾ ਵਧ ਰਿਹਾ ਮਹੱਤਵ ਤੇ ਸਭ ਤੋਂ ਵੱਧ ਕੇ 'ਜਿਊਂਦਾ-ਜਾਗਦਾ ਇਨਸਾਨ' ਅਤੇ ਹੋਰ ਕਿੰਨ੍ਹਾ ਕੁਝ ਤੂੰ ਇਸ ਵਿਚ



ਕਮਾਲ ਦੀ ਹੁਨਰ ਮੰਦੀ ਨਾਲ ਜੋੜਿਆ-ਬੀੜਿਆ ਹੈ।

ਮੈਨੂੰ ਲੱਗਦਾ ਹੈ ਕਿ ਮੈਂ ਵਧੇਰੇ ਅਕਾਦਮਿਕ ਜਿਹੀ ਗੱਲ ਕਰਨ ਲੱਗ ਪਿਆਂ। ਅਜਿਹੀ ਗੱਲ ਕਰਨਾ ਮੇਰਾ ਮਕਸਦ ਨਹੀਂ। ਮੈਂ ਤਾਂ ਤੈਨੂੰ ਸਿਰਫ਼ ਇਹ ਦੱਸਣ ਲਈ ਇਹ ਸਤਰਾਂ ਲਿਖੀਆਂ ਨੇ ਕਿ ਤੈਨੂੰ ਦੱਸ ਸਕਾਂ ਕਿ ਇਹਨਾਂ ਉਪਰਲੇ ਗੁਣਾਂ ਸਮੇਤ ਤੂੰ ਇਹ ਅਤਿ ਦੀ ਪੜ੍ਹਨ-ਯੋਗ ਲਿਖਤ ਸਿਰਜੀ ਹੈ, ਜਿਸਨੂੰ ਮੈਂ ਇਕੋ ਸਾਹੇ ਪੜ੍ਹ ਗਿਆ ਹਾਂ।

ਪਿਛਲੀਆਂ ਭੁੱਲਾਂ ਲਈ ਮੁਆਫ਼ ਕਰੀਂ ਤੇ ਅੱਗੋਂ ਲਈ ਮੈਨੂੰ ਆਪਣੇ ਗੰਭੀਰ ਪਾਠਕਾਂ ਦੀ ਪੱਕੀ ਸੂਚੀ ਵਿਚ ਰੱਖ ਲਵੀਂ।

ਜੇ ਹੋ ਸਕੇ ਤਾਂ ਕਿਸੇ ਆਉਂਦੇ ਜਾਂਦੇ ਦੇ ਹੱਥ ਆਪਣੀਆਂ ਕਹਾਣੀਆਂ ਜਾਂ ਨਾਵਲ-ਨਾਵਲੈੱਟ ਵੀ ਭੇਜਣਾ ਨਾ ਭੁੱਲੀਂ। ਉਹਨਾਂ ਦੇ ਪੈਸੇ ਕੁਲਵੰਤ ਕੋਲੋਂ ਲੈ ਲਵੀਂ, ਉਹਨੂੰ ਮੈਂ ਆਪੇ ਦੇ ਦਿਆਂਗਾ। ਮੈਂ ਤੈਨੂੰ ਸਾਰੇ ਨੂੰ ਇਕੋ ਵਾਰ ਇਕੱਠਾ ਪੜ੍ਹਨ ਦਾ ਸੋਚ ਲਿਐ।

ਹਾਂ ਸੱਚ-ਜੇ ਦੋ ਥਾਵਾਂ ਤੇ ਗਿੰਦਰ ਵੱਲੋਂ ਹੱਥਰਸੀ ਕਰਨ ਵਾਲੀਆਂ ਦੋ ਦੋ ਸਤਰਾਂ ਤੋਂ ਬਿਨਾ ਗੁਜ਼ਾਰਾ ਹੋ ਜਾਂਦਾ ਤਾਂ ਵੀ ਨਾਵਲ ਦਾ ਕੁਝ ਨਹੀਂ ਸੀ ਵਿਗੜਨ ਲੱਗਾ!

**-ਵਰਿਆਮ ਸਿੰਘ ਸੰਧੂ**

**ਸੁਰਜੀਤ ਗਿੱਲ ਦੇ ਤਿੰਨ ਖ਼ਤ ਰਾਮ ਸਰੂਪ ਅਣਖੀ ਅਤੇ ਅਤਰਜੀਤ ਵੱਲ**

25-4-89

ਪਿਆਰੇ ਅਣਖੀ

ਕੁਝ ਦਿਨ ਪਹਿਲਾਂ ਤੇਰਾ ਉਤਰ ਮਿਲਿਆ ਸੀ। ਮੀਤ ਪ੍ਰਧਾਨ ਦੀ ਗੱਲ ਕੇਵਲ ਤੇਰੇ ਨਾਲ ਨਿੱਜੀ ਪੱਧਰ 'ਤੇ ਕੀਤੀ ਸੀ। ਤੁਹਾਡੇ ਤੇ ਸਾਡੇ ਵਿਚ ਕੇਵਲ ਇਹੋ ਅੰਤਰ ਹੈ ਅਸੀਂ ਸੰਸਥਾਵਾਂ ਨਾਲ ਬੱਝੇ ਵਿਅਕਤੀ ਸਮੂਹਕ ਤੌਰ 'ਤੇ ਸੰਸਥਾ ਦੇ ਹਿੱਤਾਂ ਨੂੰ ਮੁਖ ਰੱਖਕੇ ਸੋਚਦੇ ਤੇ ਫ਼ੈਸਲੇ ਲੈਂਦੇ ਹਾਂ। ਤੁਸੀਂ ਸਮੂਹਕ ਫੈਸਲੇ ਨਿੱਜ ਦੀ ਦਰਿਸ਼ਟੀ ਤੋਂ ਦੇਖਦੇ ਹੋ।

ਸਾਡੇ ਸਾਹਮਣੇ ਤੂੰ ਰਾਮ ਸਰੂਪ ਮਾਸਟਰ ਜਾਂ ਧੌਲੇ ਦਾ ਰਹਿਣ ਵਾਲਾ ਕੋਈ ਆਮ ਵਿਅਕਤੀ ਨਹੀਂ। ਬਲਕਿ ਸਾਹਿਤ ਅਕਾਡਮੀ ਦਾ ਇਨਾਮ ਪਰਾਪਤ ਪੰਜਾਬੀ ਦੇ ਸ਼ਰੋਮਣੀ ਨਾਵਲਕਾਰਾਂ ਵਿਚੋਂ ਇਕ ਰਾਮ ਸਰੂਪ ਅਣਖੀ ਏਂ। ਅਸੀਂ ਸਮਝਦੇ ਹਾਂ ਕਿ ਅਜਿਹੇ ਔਹਦੇ ਪੰਜਾਬੀ ਲੇਖਕਾਂ ਲਈ ਹੋਣੇ ਚਾਹੀਦੇ ਹਨ। ਜਿਸ ਤੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਰਵਾਈਤੀ ਨੁਹਾਰ ਕਾਇਮ ਰਹਿ ਸਕੇ। ਅਸੀਂ ਇਹ ਵੀ ਚਾਹੁੰਦੇ ਹਾਂ ਕਿ ਲੇਖਕ ਆਪਣੇ ਤੱਕ ਹੀ ਸੀਮਤ ਨਾ ਰਹੇ, ਸੰਸਥਾ ਦਾ ਅੰਗ ਬਣਕੇ ਆਪਣੇ ਕਾਰਜ ਨੂੰ ਹੋਰ ਵਿਸਥਾਰ ਨਾਲ ਲੋਕਾਂ ਤੱਕ ਲੈ ਕੇ ਜਾਵੇ। ਤੇਰੇ ਉੱਤਰ ਤੋਂ ਸਾਧਪੁਣੇ ਦੀ ਸੋਚ ਝਲਕਦੀ ਹੈ। ਜੇਕਰ ਸਨਿਆਸ ਲੈਣ ਦੀ ਸਲਾਹ ਹੈ, ਤਾਂ ਕਿਸੇ ਮਿਥੇ ਦਿਨ ਦਾ ਐਲਾਨ ਕਰ ਦੇਹ। ਅਸੀਂ ਸਾਰੇ ਇਕੱਠੇ ਹੋ ਕੇ ਤੈਨੂੰ ਜੰਗਲ ਵਲ ਤੋਰ ਦੇਵਾਂਗੇ। ਪਰੰਤੂ ਇਸ ਸੰਸਾਰ ਵਿਚ ਤੇਰਾ ਕੰਮ ਮੁਕਿਆ ਨਹੀਂ। ਤੇਰੀ ਤੇਰੇ ਪਰਵਾਰ ਤੇ ਪੰਜਾਬੀ ਪਾਠਕਾਂ ਨੂੰ ਲੋੜ ਹੈ। ਹੁਣ ਹੀਂ ਤਾਂ ਤੂੰ ਲੰਮਾਂ ਸਮਾਂ 'ਝੱਖ' ਮਾਰਨ ਉਪਰੰਤ ਸਮਾਜ ਨੂੰ ਕੁਝ ਦੇਣ ਯੋਗ ਹੋਇਆ ਏਂ। ਹੁਣ ਹੀ ਭੱਜ ਚੱਲਿਆਂ ਏਂ।

ਮੈਂ ਅੱਗੇ ਵੀ ਕਈ ਵੇਰ ਕਿਹਾ ਹੈ ਕਿ ਮਾਰਕਸਵਾਦ ਦਾ ਚਿੰਤਨ ਕੇਵਲ ਕਮਿਉਨਿਸਟ ਬਣਨ ਲਈ ਹੀ ਨਹੀਂ ਲੋੜੀਦਾ। ਬਲਕਿ ਨਰੋਈ ਜੀਵਨ ਦਰਿਸ਼ਟੀ ਪਰਾਪਤ ਕਰਨ ਲਈ ਵੀ ਇਸ ਦੀ ਅਹਿਮੀਅਤ ਹੈ। ਜੀਵਨ ਵਿਚ ਸੰਘਰਸ਼ ਕਰਨ ਲਈ ਸਪਸ਼ਟ ਦਰਿਸ਼ਟੀ ਦੀ ਲੋੜ ਹੁੰਦੀ ਹੈ। ਜਿਹੜੀ ਕੇਵਲ ਵਿਗਿਆਨ ਤੇ ਵਿਗਿਆਨ ਹੀ ਦੇ ਸਕਦੀ ਹੈ। ਪਿਛਲੀ ਵੇਰ ਅਸੀਂ ਗੁਰਦਿਆਲ ਸਿੰਘ ਨੂੰ ਚੁਣਿਆ ਸੀ, ਅਤੇ ਉਹਨੇ

ਵਾਅਦਾ ਕੀਤਾ ਸੀ ਕਿ ਉਹ ਸਭਾ ਲਈ ਕੰਮ ਕਰੇਗਾ ਤੇ ਜਰਨਲ ਸਕੱਤਰ ਹੋਵੇਗਾ। ਉਹਨੇ ਆਪਣਾ ਵਾਅਦਾ ਪੂਰਾ ਨਹੀਂ ਕੀਤਾ। ਉਸ ਬਾਰੇ ਫ਼ੈਸਲਾ ਲੈਣ ਵਿਚ ਮੇਰਾ ਮੁਖ ਰੋਲ ਸੀ। ਮੈਨੂੰ ਆਪਣੇ ਫ਼ੈਸਲੇ 'ਤੇ ਮੁੜ ਸੋਚਣਾ ਪਿਆ ਤਾਂ ਸਭ ਤੋਂ ਪਹਿਲਾਂ ਤੇਰਾ ਨਾਂ ਆਇਆ। ਇਹ ਕੁਝ ਇਕ ਯਾਰ ਦੀ ਦੂਜੇ ਯਾਰ ਲਈ ਦਿਲ ਰੱਖਣੀ ਨਹੀਂ। ਬਲਕਿ ਸੰਸਥਾ ਦੇ ਹਿਤਾਂ ਦੀ ਚੇਤਨਾਂ ਤੇ ਰਾਖੀ ਦਾ ਸਵਾਲ ਹੈ। ਸਾਡੀ ਸੋਚ ਨੇ ਤੈਨੂੰ ਢੁਕਵਾਂ ਬੰਦਾ ਸਮਝਿਆ ਹੈ।

ਅਹੁਦੇਦਾਰੀ ਦੇ ਭੁਖੇ ਤਾਂ ਬਹੁਤ ਹਨ ਤੇ ਮਿਲ ਵੀ ਜਾਣਗੇ। ਪਰੰਤੂ ਜੇ ਸੰਸਥਾ ਦੇ ਹਿਤਾਂ ਦਾ ਮਸਲਾ ਨਾ ਹੁੰਦਾ ਤਾਂ ਮੇਰੇ ਤੇ ਤੇਜਵੰਤ ਮਾਨ ਵਿਚਕਾਰ ਕੋਈ ਵਿਰੋਧ ਨਾ ਹੁੰਦੇ। ਉਹ ਮੇਰਾ ਮਿੱਤਰ ਹੈ। ਮੈਂ ਉਸ ਦੀ ਉਸਾਰੀ ਵਿਚ ਆਪਣਾ ਹਿੱਸਾ ਪਾਇਆ ਹੈ। ਪਰੰਤੂ ਉਸਦਾ ਸੁਭਾਅ ਸੰਸਥਾ ਦੇ ਹਿਤਾਂ ਅਨਕੂਲ ਨਹੀਂ ਸੀ। ਇਸੇ ਲਈ ਵਿਰੋਧ ਖੜੇ ਹੋਏ। ਮੈਂ ਡਟਕੇ ਉਸਦਾ ਵਿਰੋਧ ਕੀਤਾ। ਪਿਛੋਂ ਉਹਨੇ ਜੋ ਕੁਝ ਕੀਤਾ। ਉਸ ਤੋਂ ਮੇਰੇ ਫੈਸਲੇ ਦੀ ਦਰੁਗਤੀ ਦੀ ਪੁਸ਼ਟੀ ਹੋਈ ਹੈ।

ਮੈਂ ਤੇਰੇ ਬਾਰੇ ਫ਼ੈਸਲਾ ਕਰਨਾ ਆਪਣਾ ਅਧਿਕਾਰ ਸਮਝਦਾ ਹਾਂ। ਮੈਂ ਸਦਾ ਹੀ ਤੇਰੇ ਵਲ ਸੁਹਿਰਦ ਰਿਹਾ ਹਾਂ। ਆਪਣੇ ਵਿਚਕਾਰ ਕਦੇ ਵੀ ਨਿੱਜੀ ਪੱਧਰ 'ਤੇ ਕੋਈ ਵਿਰੋਧ ਖੜੇ ਨਹੀਂ ਹੋਏ। ਮੈਂ ਸਦਾ ਹੀ ਤੇਰੀ ਕਲਾ ਨੂੰ ਪਛਾਣਿਆ ਹੈ। ਇਸ ਲਈ ਤੈਨੂੰ ਮੇਰਾ ਫ਼ੈਸਲਾ ਜਿਹੜਾ ਸੰਸਥਾ ਦਾ ਵੀ ਹੈ, ਕਬੂਲ ਕਰ ਲੈਣਾ ਚਾਹੀਦਾ ਹੈ। ਪਰੰਤੂ ਜੇਕਰ ਤੈਨੂੰ ਕੋਈ ਕਿੰਤੂ ਹੈ ਤਾਂ ਘਟੋ ਘਟ ਇਸ ਗਲ ਦਾ ਪਰਚਾਰ ਨਾ ਕਰੀਂ। ਤੇਰੇ ਬਾਰੇ ਫ਼ੈਸਲੇ ਦਾ ਪਤਾ ਲਗਣ ਤੇ ਕਈ ਹੋਰਨਾ ਦੇ ਢਿੱਡੀਂ ਸਮੇਂ ਤੋਂ ਪਹਿਲਾਂ ਹੀ ਪੀੜ ਹੋਣ ਲਗ ਪਏਗੀ। ਇਸ ਨਾਲ ਸੰਸਥਾ ਨੂੰ ਨੁਕਸਾਨ ਵੀ ਪੁਜ ਸਕਦਾ ਹੈ। ਆਸ ਹੈ ਗੱਲ ਤੇਰੇ ਪਲੇ ਪੈ ਗਈ ਹੋਵੇਗੀ।

**-ਸੁਰਜੀਤ ਗਿੱਲ, ਘੋਲੀਆ ਕਲਾਂ**

ਪਿਆਰੇ ਅਤਰਜੀਤ

ਤੇਰੀ ਚਿੱਠੀ ਮਿਲੀ,

ਮੈਂ ਅਜ ਕੱਲ 'ਖੇਤੀ' ਦੇ ਕੰਮ ਵਿਚ ਰੁਝਿਆ ਹੋਇਆ ਹਾਂ। ਅਗਲੇ ਕੁਝ ਦਿਨਾਂ ਵਿਚ ਵੇਹਲਾ ਹੋ ਜਾਵਾਂਗਾ। ਮੈਂ ਨਿਰਵੈਰ ਹੁਰਾਂ ਵਾਲਾ ਨਾਵਲ ਪੜ੍ਹ ਲਿਆ ਹੈ। ਹੁਣ ਉਸਦੇ ਨੁਕਤੇ ਵਿਚਾਰ ਰਿਹਾ ਹਾਂ। ਛੇਤੀ ਹੀ ਲਿਖ ਦੇਵਾਂਗਾ। ਆਸ ਹੈ, ਵਾਇਦੇ ਅਨੁਸਾਰ ਲੇਖ ਦੇ ਦੇਵਾਂਗਾ।

ਮੈਨੂੰ ਉਹਨਾਂ ਗੋਸ਼ਟੀਆਂ ਤੇ ਬੁਲਾਰਿਆਂ ਤੋਂ ਘਿਣ ਹੈ, ਜਿਹੜੇ ਬਿਨਾਂ ਪੜੇ ਤੇ ਤਿਆਰੀ ਤੋਂ ਬਿਨਾਂ ਗੱਲ ਕਰਦੇ ਹਨ। ਅਜਿਹੇ ਬੁਲਾਰਿਆਂ ਦੀ ਮੈਂ ਬਰਨਾਲਾ ਗੋਸ਼ਟੀ ਵਿਚ ਚੰਗੀ ਖੁੰਬ ਠੱਪੀ ਸੀ। ਮੈਂ ਚਾਹੁੰਦਾ ਹਾਂ ਜਿਸ ਬੰਦੇ ਨੇ ਪੁਸਤਕ ਤੇ ਪੇਪਰ ਦੋਨੋਂ ਨਾ ਪੜ੍ਹੇ ਹੋਣ ਉਸ ਨੂੰ ਬੋਲਣ ਦਾ ਕੋਈ ਹੱਕ ਨਹੀਂ ਹੋਣਾ ਚਾਹੀਦਾ। ਉਹ ਕਿਰਤ ਤੇ ਲੇਖਕ ਦੋਨਾਂ ਨਾਲ ਅਨਿਆ ਕਰਦੇ ਹਨ।

-ਪਿਛਲੇ ਦਿਨ ਤੇਜਵੰਤ ਮਾਨ ਦੀ ਚਿੱਠੀ ਆਈ ਹੈ। ਉਸ ਨੇ ਮਾਲਵਾ ਮੰਚ ਬਾਰੇ ਮੇਰੀ ਪੁਸ਼ਟੀ ਦੀ ਨਿੰਦਾ ਕੀਤੀ ਹੈ। ਮੈਂ ਆਪਣੇ ਸਪਸ਼ਟੀਕਰਨ ਵਿਚ ਕਿਹਾ ਹੈ ਕਿ ਮੈਂ ਇਸ ਮੰਚ ਨੂੰ ਕੇਂਦਰੀ ਲੇਖਕ ਸਭਾ ਦਾ ਵਿਰੋਧੀ ਨਹੀਂ ਬਲਕਿ ਇਸਦਾ ਅੰਗ ਸਮਝਦਾ ਹਾਂ। ਅਸਲ ਵਿਚ ਇਸ ਮੰਚ ਨੂੰ ਕੇਂਦਰੀ ਲੇਖਕ ਸਭਾ ਦੀ ਸ਼ਾਖ ਵਜੋਂ ਹੀ ਕੰਮ ਕਰਨਾ ਚਾਹੀਦਾ ਹੈ। ਉਹਨੇ ਇਸ ਮੰਚ ਦੇ ਤੇਰੇ ਹੱਥ ਚਲੇ ਜਾਣ ਦੀ ਗੱਲ ਵੀ ਕੀਤੀ ਹੈ। ਇਸ ਲਈ ਇਸ ਬਾਰੇ ਹੋਰ ਵਿਚਾਰ ਵਟਾਂਦਰੇ ਦੀ ਲੋੜ ਹੈ। ਜਿਹੜੀ ਆਪਾਂ ਮਿਲਕੇ ਕਰਾਂਗੇ।

**-ਤੇਰਾ ਸੁਰਜੀਤ ਗਿੱਲ, ਘੋਲੀਆ ਕਲਾਂ**

29-6-82

ਤੇਰੀ ਚਿੱਠੀ ਮਿਲੀ। ਜਿੰਨਾ ਹਾਲਤਾਂ ਵਿਚ ਸਮਾਗਮ ਹੋਇਆ ਹੈ। ਇਸ ਨੂੰ ਸਫ਼ਲ ਹੀ ਕਹਿਣਾ



ਚਾਹੀਦਾ ਹੈ। ਉਂਝ ਸਮਾਗਮ ਦੀ ਸਮੁੱਚੀ ਕਾਰਵਾਈ ਤੋਂ ਪਤਾ ਲਗਦਾ ਹੈ ਕਿ ਤੂੰ ਅਜੇ ਵੀ ਹੱਦ ਦਰਜੇ ਦਾ ਜਜ਼ਬਾਤੀ ਏਂ। ਮੰਡੀ ਕਲਾਂ ਵਿਖੇ ਸਮਾਗਮ ਕਰਨਾ ਤੇ ਸਾਰਾ ਕੁਝ ਤੂੰ ਤੇ ਤੇਰੀ ਪਤਨੀ ਨੇ ਹੀ ਕਰਨਾ ਕੇਵਲ ਤੇਰੀ ਭਵੁਕਤਾ ਦੀ ਸਜ਼ਾ ਹੀ ਹੈ। ਜੋ ਕੁਝ ਉਥੇ ਤੇਰੇ ਭਰਾਵਾਂ ਨੇ ਕੀਤਾ ਮੈਨੂੰ ਇਸ ਦੀ ਆਸ ਨਹੀਂ ਸੀ। ਜੇ ਪਹਿਲਾਂ ਪਤਾ ਹੁੰਦਾ ਤਾਂ ਕੋਈ ਪਰਬੰਧ ਕਰ ਲੈਂਦੇ। ਉਂਝ ਚੰਗਾ ਹੀ ਹੋਇਆ ਉਹਨਾਂ ਨੇ ਆਪਣੇ ਬਾਰੇ ਬਹੁਤਿਆਂ ਦੇ ਭੁਲੇਖੇ ਦੂਰ ਕਰ ਦਿੱਤੇ ਹਨ। ਘਾਰੂ ਬਾਰੇ ਵੀ ਮੇਰੇ ਸ਼ੰਕਿਆ ਦੀ ਨਵਿਰਤੀ ਹੋ ਗਈ ਹੈ।

ਹੁਣ ਤੇਰਾ ਇਕੋ ਇਕ ਕੰਮ ਪੜ੍ਹਨਾ ਤੇ ਲਿਖਣਾ ਹੈ। ਮੁਖ ਗੱਲ ਆਪਣੀ ਸਿਹਤ ਦੀ ਸੰਭਾਲ ਕਰਨੀ ਤੇ ਆਸਤਰੋਵਸਕੀ ਬਣਨ ਤੋਂ ਬਚਣਾ ਹੈ। ਕੰਧ ਤੇ ਲਿਖ ਕੇ ਲਾ ਲੈ ਚਿੰਤਨ-ਚਿੰਤਨ। ਸਰੀਰਕ ਕੰਮ ਕੇਵਲ ਅਣਸਰਦੇ ਦਾ।

ਖਰੜਾ (ਕਹਾਣੀਆਂ ਦਾ) ਤਿਆਰ ਕਰਕੇ ਦੇ ਦੇਹ। ਛਾਪਣ ਦਾ ਕੰਮ ਹੋ ਜਾਵੇਗਾ। ਤੇਰੀ ਕਲਾ ਬਾਰੇ ਇਕ ਲੇਖ ਉਸ ਵਿਚ ਸੇਖੋਂ, ਰਘਬੀਰ ਜਾਂ ਕਿਸੇ ਹੋਰ ਦਾ ਜ਼ਰੂਰ ਚਾਹੀਦਾ ਹੈ। ਉਸਦਾ ਪਰਬੰਧ ਕਰਾਂਗੇ।

ਪੰਜਾਬ ਵਿਚ ਵੀ ਜਨਵਾਦੀ ਲੇਖਕ ਸਭਾ ਜਥੇਬੰਦ ਕਰਨ ਬਾਰੇ ਗੱਲ ਚਲ ਰਹੀ ਹੈ। ਹਾਲੇ ਕਿਸੇ ਸਿਰੇ ਨਹੀਂ ਲੱਗੀ।

ਲੱਚਰ ਸਾਹਿਤ ਹੀ ਨਹੀਂ ਬਲਕਿ ਸਮੁੱਚੇ ਗੈਰ ਜਮਾਤੀ ਸਭਿਆਚਾਰ ਵਿਰੁੱਧ ਸ਼ੰਘਰਸ਼ ਆਰੰਭ ਕਰਨ ਦੀ ਲੋੜ ਹੈ। ਇਸ ਬਾਰੇ ਮਿਲ ਕੇ ਛੇਤੀ ਹੀ ਗੱਲ ਕਰਾਗੇ।

**-ਸੁਰਜੀਤ ਗਿੱਲ**

**(ਪ੍ਰਸਿੱਧ ਕਥਾਕਾਰ ਪ੍ਰੇਮ ਗੋਰਖੀ ਆਪਣੇ ਪਾਠਕਾਂ, ਲੇਖਕਾਂ ਅਤੇ ਵਿਦਵਾਨਾ ਨੂੰ ਖ਼ਤ ਲਿਖਦਾ ਰਹਿੰਦਾ ਸੀ। ਜਦੋਂ ਗੋਰਖੀ ਜੀ ਜੀਵਨੀ ਨਾਗਮਣੀ ਵਿਚ ਛਪਦੀ ਸੀ ਤਾਂ ਮੈਂ ਉਹਨੂੰ ਅਕਸਰ ਹੀ ਖ਼ਤ ਲਿਖਦਾ ਰਹਿੰਦਾ ਸੀ। ਉਹ ਵੀ ਮੈਨੂੰ ਖ਼ਤ ਲਿਖਦਾ ਸੀ। ਗੋਰਖੀ ਦੇ ਕਾਫੀ ਖ਼ਤ ਮੈਂ ਸਾਂਭ ਰੱਖੇ ਹਨ। )**

**ਪ੍ਰਸਿੱਧ ਕਥਾਕਾਰ ਪ੍ਰੇਮ ਗੋਰਖੀ ਦੇ ਖ਼ਤ**

ਪਿਆਰੇ ਭਗਵੰਤ 12-12-94

ਤੇਰਾ ਖ਼ਤ ਮਿਲਿਆ। ਪੜ੍ਹ ਕੇ ਚੰਗਾ ਲੱਗਾ। ਰਘਬੀਰ ਸਿੰਘ ਨੇ ਵਰਿਆਮ ਸੰਧੂ ਦੇ ਕਿਲੇ ਚੋਂ ਬਾਹਰ ਨਿਕਲ ਕੇ ਕਿਸੇ ਹੋਰ ਲੇਖਕ ਬਾਰੇ ਲਿਖਿਆ ਹੈ। ਇਹ ਵੀ ਆਪਣੀ ਇਕ ਜਿੱਤ ਹੀ ਹੈ। ਬਾਕੀ ਇਹ ਲੋਕ ਜਿਨਾ ਮਰਜੀ ਹੈ ਰੱਸੇ ਤੁੜਵਾ ਲੈਣ, ਕਿੱਲੇ ਪੁਟ ਦੇਣ ਪਰ ਅਖੀਰ ਸਾਡੀ ਖੁਰਲੀ ਤੇ ਹੀ ਘਾਹ ਖਾਣਾ ਪੈਣਾ ਹੈ। ਅਸੀਂ ਆਪਣੀਆਂ ਲਿਖਤਾਂ ਨਾਲ ਅਜਿਹੇ ਲੋਕਾਂ ਨੂੰ ਆਪਣੇ ਬਾਰੇ ਗੱਲ ਕਰਨ ਲਈ ਮਜਬੂਰ ਕਰ ਦਿਆਂਗੇ। ਅਖੀਰ ਇਹ ਜਾਂ ਇਨ੍ਹਾਂ ਦੇ ਪੈਰੋਕਾਰ ਇਹ ਮਨੰਣਗੇ ਕਿ ਅਤਰਜੀਤ, ਗੋਰਖੀ, ਨਛੱਤਰ, ਕਜ਼ਾਕ, ਭਗਵੰਤ, ਗੁਰਮੀਤ, ਕਾਲੀ, ਸਰਵਮੀਤ, ਕਹਾਣੀ ਵਿਚ ਬਹੁ-ਦਿਸ਼ਾਵੀ ਦ੍ਰਿਸ਼ਟੀਕੋਣ ਦੇ ਕਹਾਣੀਕਾਰ ਹਨ। ਅਸੀਂ ਤਰਕ ਨਾਲ, ਮਿਸਾਲਾਂ ਦੇ ਕੇ ਸਿੱਧ ਕਰਾਂਗੇ ਵਰਿਆਮ ਨੇ ਹੁਣ ਤਕ ਸਿਰਫ਼ ਇਕੋ ਕਹਾਣੀ ਲਿਖੀ ਹੈ... ਸਿਰਫ ਇਕੋ ਵਿਸ਼ੇ ਬਾਰੇ ਵੱਖ ਵੱਖ ਪਾਤਰਾਂ ਦੇ ਕਪੜੇ ਪਾ ਕੇ। ਤੇ ਉਹ ਵੀ ਇਕੋ ਘਰ ਵਿਚ। ਕਹਾਣੀ ਗੋਸ਼ਟੀ ਪਟਿਆਲੇ ਵਿਚ ਰਾਤ ਵਾਲੀ ਰੱਖੀ ਹੈ। ਤੂੰ ਤੇ ਕਾਲੀ ਨੇ ਜ਼ਰੂਰ ਪਹੁੰਚਣਾ ਹੈ।

**-ਪ੍ਰੇਮ ਗੋਰਖੀ, ਚੰਡੀਗੜ੍ਹ**

ਪਿਆਰੇ ਭਗਵੰਤ 9-12-92

ਇਹ ਪੜ੍ਹ ਕੇ ਖੁਸ਼ੀ ਹੋਈ ਕਿ ਤੂੰ ਨਵੀਂ ਕਹਾਣੀ ਲਿਖੀ ਹੈ। ਚੰਗੀ ਗੱਲ ਹੈ। ਦਰਅਸਲ ਇਹ ਹੀ

ਤੁਹਾਡੇ ਜ਼ਿੰਮੇ ਮੁੱਖ ਕੰਮ ਹੈ। ਦਵਿੰਦਰ ਮੰਡ ਦੀ 'ਨਾਗਮਣੀ' ਵਾਲੀ ਕਹਾਣੀ 'ਚਾਦਰ' ਬਹੁਤ ਚੰਗੀ ਲੱਗੀ। ਮੰਡ ਨੇ ਪੈਰ ਜਮਾ ਲਏ ਹਨ। ਤੁਸੀਂ ਵੀ ਪੂਰੇ ਜੋਰ ਨਾਲ ਲਿਖਣ ਵੱਲ ਜੁਟ ਜਾਓ। ਇਹ ਚੰਗੀ ਗੱਲ ਹੈ ਕਿ ਕਾਲੀ ਤੇ ਤੂੰ ਨਿੱਘੇ ਪਿਆਰ ਨਾਲ ਰਹਿ ਰਹੇ ਹੋ। ਦੋਸਤੀਆਂ ਹੀ ਤਾਂ ਇਥੋਂ ਦੀ ਪ੍ਰਾਪਤੀ ਹਨ। ਚੰਗੇ ਦੋਸਤ ਬਹੁਤ ਕੁਝ ਦਿੰਦੇ ਹਨ।

ਮੈਂ ਘੱਟ ਹੀ ਲਿਖਦਾ ਹਾਂ। ਘਰੇਲੂ ਕੰਮ-ਕਾਰ ਕਰਕੇ ਵੀ ਤੇ ਦੂਜਾ ਸਹਿਜ ਨਾਲ ਘੱਟ ਹੀ ਲਿਖਿਆ ਜਾਂਦਾ ਹੈ। ਨਵੀਂ ਕਹਾਣੀ 'ਬਚਨਾ ਕਸਾਈ' (ਬਚਨਾ ਬੱਕਰਵੱਢ) ਲਿਖੀ ਹੈ, ਆਰਸੀ ਨੂੰ ਭੇਜ ਰਿਹਾ ਹਾਂ। ਜਾਂ ਹੋ ਸਕਦਾ 'ਨਾਗਮਣੀ' ਨੂੰ ਹੀ ਭੇਜਾਂ।

**-ਪ੍ਰੇਮ ਗੋਰਖੀ, ਚੰਡੀਗੜ੍ਹ**

ਜਨਾਬ ਰਸੂਲਪੁਰੀ ਜੀ 7-6-91

ਬਹੁਤ ਚਿਰ ਬਾਅਦ ਤੁਹਾਡਾ ਪੱਤਰ ਆਇਆ। ਯਾਦ ਕਰਨ ਲਈ ਧੰਨਵਾਦੀ ਹਾਂ। ਤੁਸੀਂ 'ਮਿੱਟੀ ਰੰਗੇ ਲੋਕ' ਪੜ੍ਹ ਲਈ ਹੈ ਅਤੇ ਤੁਹਾਨੂੰ ਉਹਦੀਆਂ ਕਹਾਣੀਆਂ ਵੀ ਪਸੰਦ ਆਈਆਂ ਹਨ। ਇਸ ਲਈ ਵੀ ਸ਼ੁਕਰੀਆ। ਬਾਕੀ ਜੋ 'ਸਰਦਲ' ਵਿਚਲੀ ਕਹਾਣੀ ਦੀ ਤੁਸੀਂ ਗੱਲ ਕੀਤੀ ਹੈ, ਉਸ ਵਿਚ ਮੈਨੂੰ ਕੋਈ ਮਜਬੂਰੀ ਨਹੀਂ ਸੀ ਪਰ 'ਸਰਦਲ' ਵਾਲਿਆਂ ਦੀ ਸੋਚ ਲਈ ਮੈਂ ਅਰਪਿਤ ਹਾਂ ਇਸ ਲਈ ਉਥੇ ਮੇਰਾ ਛਪਿਆ ਹੋਇਆ ਪਰ ਚੰਗਾ ਮੈਟਰ ਚਲ ਜਾਂਦਾ ਹੈ। ਹਾਂ ਜੋ ਤੁਸੀਂ ਸਵੈ ਜੀਵਨੀ ਦੀ ਘਟਨਾ ਨੂੰ ਕਹਾਣੀ ਵਿਚ ਢਾਲਣ ਦੀ ਗੱਲ ਲਿਖੀ ਹੈ, ਇਹ ਵੀ ਕੋਈ ਮਜਬੂਰੀ ਨਹੀਂ ਸੀ। ਮੈਂ ਸਮਝਦਾ ਹਾਂ ਉਹ ਘਟਨਾ ਆਪਣੇ ਆਪ ਵਿਚ ਇਕ ਚੰਗੀ ਕਹਾਣੀ ਹੈ ਸੋ ਮੈਂ ਉਸ ਨੂੰ ਥੋੜ੍ਹੀ ਜਿਹੀ ਕਟ ਵੱਢ ਕੇ ਛਾਪਣ (ਕਹਾਣੀ ਰੂਪ ਵਿਚ) ਦੀ ਗੁਸਤਾਖੀ ਜ਼ਰੂਰ ਕੀਤੀ ਹੈ।

ਮੈਂ ਅੱਜ ਕੱਲ੍ਹ ਸਿਰਫ ਪੜ੍ਹ ਰਿਹਾ ਹਾਂ, ਲਿਖ ਕੁਝ ਨਹੀਂ ਰਿਹਾ। ਸਮਕਾਲੀ ਸਾਹਿਤ ਪੜ੍ਹਨਾ ਬਹੁਤ ਜ਼ਰੂਰੀ ਹੈ।

**- ਪ੍ਰੇਮ ਗੋਰਖੀ**

ਪਿਆਰੇ ਰਸੂਲਪੁਰੀ 25-2-91

ਤੁਹਾਡੀ ਚਿੱਠੀ ਪੜ੍ਹ ਕੇ ਖੁਸ਼ੀ ਹੋਈ, ਦੇਸ ਰਾਜ ਕਾਲੀ, ਮੰਡ, ਡੱਬ ਦੇ ਖ਼ਤ ਵੀ ਆਏ ਹਨ। ਮੰਡ ਦੀ ਇਕ ਕਹਾਣੀ ਅੰਮ੍ਰਿਤਾ ਨੇ ਇਕ ਬਹੁਤ ਹੀ ਵੱਡੀ ਕਿਤਾਬ ਵਿਚ ਸ਼ਾਮਲ ਕਰਕੇ ਉਹਨੂੰ ਸਥਾਪਤ ਲੇਖਕਾਂ ਦੇ ਨਾਲ ਖੜਿਆਂ ਕਰ ਦਿੱਤਾ ਹੈ। ਤੁਸੀਂ ਅੱਜ ਕੱਲ੍ਹ ਕੀ ਕਰ ਰਹੇ ਹੋ? ਜੇਕਰ ਮੌਕਾ ਮਿਲੇ ਤਾਂ 'ਮਲੂਕਾ' ਨਾਵਲ ਸਾਧੂ ਸਿੰਘ ਧਾਮੀ ਦਾ ਲਭ ਕੇ ਪੜ੍ਹਨਾ। ਬਹੁਤ ਹੀ ਚੰਗਾ ਨਾਵਲ ਹੈ।

ਮੈਂ 'ਨਾਗਮਣੀ' ਵਾਲਾ ਕਾਲਮ ਬੰਦ ਕਰ ਦਿੱਤਾ ਹੈ। ਹੁਣ ਕਹਾਣੀਆਂ ਲਿਖਣ ਵੱਲ ਪੂਰੀ ਤਰ੍ਹਾਂ ਜੁਟਣਾ ਹੈ। ਇਹ ਕਾਲਮ ਸਾਲ ਕੁ ਤੋਂ ਬਾਅਦ ਫਿਰ ਲਿਖਾਂਗਾ। 'ਤਿੱਲੇ ਦੀ ਤਾਰ' ਬਾਰੇ ਜ਼ਿਕਰ ਹੁਣ ਵਾਲੇ ਨਾਵਲ ਦਾ ਨਹੀਂ ਹੈ, ਇਹ ਬਹੁਤ ਸਾਲ ਪਹਿਲਾਂ ਲਿਖਿਆ ਸੀ। ਹੁਣ ਤਾਂ ਇਕ ਹੋਰ ਨਾਵਲ ਲਿਖ ਰਿਹਾਂ ਹਾਂ।

**-ਪ੍ਰੇਮ ਗੋਰਖੀ।**

ਪਿਆਰੇ ਰਸੂਲਪੁਰੀ 20-9-90

ਤੁਹਾਡਾ ਖ਼ਤ ਹੁਣ ਜਦ ਕਿ ਤੜਕੇ ਦੇ ਸਾਢੇ ਤਿੰਨ ਵਜੇ ਹਨ ਪੜ੍ਹਿਆ ਹੈ। ਕੱਲ੍ਹ ਡਿਊਟੀ ਉਪਰੋਂ ਛੁੱਟੀ ਕਰਕੇ ਬਾਹਰੋਂ ਬਾਹਰ ਕਿਸੇ ਪਾਰਟੀ ਉਪਰ ਚਲਾ ਗਿਆ ਸੀ ਅਤੇ ਰਾਤੀਂ ਲੇਟ ਹੋਣ ਕਰਕੇ ਅਤੇ ਘੁੱਟ ਪੀਤੀ ਹੋਣ ਕਰਕੇ ਸੌਂ ਗਿਆ ਸੀ। ਹੁਣ ਸਿਰਫ ਚਿੱਠੀਆਂ ਪੜ੍ਹਨ ਤੇ ਜਵਾਬ ਦੇਣ ਲਈ ਉਠਿਆਂ ਹਾਂ ਅਤੇ ਪਹਿਲੀ ਚਿੱਠੀ ਤੁਹਾਡੀ ਹੀ ਪੜ੍ਹੀ ਹੈ। ਤੁਸੀਂ ਇਕ ਗੱਲ ਠੀਕ ਹੀ ਬੁੱਝੀ ਹੈ ਜੋ ਭਾਗਭਰੀ ਤੇ ਰੂਪਮਤੀ ਵਿਚਲੀ ਸਾਂਝੀ ਹੈ। ਪਰ ਦੇਖ ਲਓ ਆਪਣਾ ਵੀ ਕਮਾਲ, ਕਿਵੇਂ ਕਹਾਣੀ ਬਣਾਈ ਸੀ 'ਝੂਠ'। 'ਹੰਸ' ਪਰਚਾ



ਮੈਨੂੰ ਅਜੇ ਤਕ ਨਹੀਂ ਮਿਲਿਆ। 'ਸਾਂਕਲ' ਬਣ ਚੁੱਕੀ ਹੈ ਪਰ ਟੈਲੀਕਾਸਟ ਹੋਣ ਬਾਰੇ ਮੈਨੂੰ ਪੱਕੀ ਤਾਰੀਕ ਦਾ ਨਹੀਂ ਪਤਾ। ਸੁਣਿਆ ਸੀ ਪੰਜਾਬ ਨਾਲ ਸਬੰਧਤ ਬਣੀਆਂ ਕਾਫ਼ੀ ਫਿਲਮਾਂ ਟੀ ਵੀ ਵਾਲਿਆਂ ਅਜੇ ਰੋਕੀਆਂ ਹੋਈਆਂ ਹਨ। ਜੇਕਰ ਕੋਈ ਚਿੱਠੀ ਪੱਤਰ ਆਇਆ ਤਾਂ ਸੂਚਨਾ ਦੇਵਾਂਗਾ।

ਤੁਸੀਂ ਜੋ ਆਪਣੀ 'ਹਰਕਾਰੇ' ਵਾਲੀ ਕਹਾਣੀ ਦੀ ਗੱਲ ਕੀਤੀ ਹੈ। ਉਹ ਮੈਂ ਨਹੀਂ ਪੜ੍ਹ ਸਕਿਆ। ਮੇਰੇ ਕੋਲ ਇਹ ਪਰਚਾ ਪਹੁੰਚਿਆ ਨਹੀਂ। ਜੇ ਕਿਤੇ ਨਜ਼ਰੇ ਚੜ੍ਹ ਗਈ ਤਾਂ ਜ਼ਰੂਰ ਪੜ੍ਹ ਦਵਾਂਗਾ।

ਮੈਂ ਅਜ ਕੱਲ੍ਹ ਕਹਾਣੀ ਲਿਖੀ ਹੈ। ਉਹ ਕਹਾਣੀ ਜਗਪਾਲ ਪੁਰ ਪੜ੍ਹੀ ਸੀ। ਹੋਰ ਕੁਝ ਆਰਟੀਕਲ ਲਿਖੇ ਹਨ. ਉਹ ਅਖਬਾਰੀ ਲਾਈਨ ਦਾ ਕੰਮ ਹੈ। ਉਹ ਚਲਦਾ ਰਹਿੰਦਾ ਹੈ। ਸਿਹਤ ਹੁਣ ਠੀਕ ਹੈ।

**-ਪ੍ਰੇਮ ਗੋਰਖੀ**

ਪਿਆਰੇ ਭਗਵੰਤ 15-6-90

ਤੁਹਾਡੀਆਂ ਕਹਾਣੀਆਂ ਮਿਲ ਗਈਆਂ ਹਨ। ਮੈਨੂੰ ਸੋਹਣੀਆਂ ਲੱਗੀਆਂ ਹਨ। ਬਹੁਤ ਹੀ ਕਮਾਲ ਦਾ ਤਿੱਖਾ ਵਿਅੰਗ। ਦਰਅਸਲ ਮਿੰਨੀ ਕਹਾਣੀ ਇਸੇ ਕਲਾ ਦੀ ਮੰਗ ਕਰਦੀ ਹੈ। ਲੋਕ ਹਨ ਕਿ ਮਿੰਨੀ ਕਹਾਣੀ ਨੂੰ ਲਤੀਫ਼ੇ ਦੇ ਤੌਰ ਤੇ ਲੈ ਰਹੇ ਹਨ। ਮੈਨੂੰ ਤੁਹਾਡੀਆਂ ਇਹ ਦੋਨੋਂ ਅਤੇ ਪਿਛਲੇ ਸਮੇਂ ਦੌਰਾਨ ਵਖੋਂ ਵੱਖ ਪੰਜਾਬੀ ਦੇ ਪਰਚਿਆਂ ਵਿਚ ਛਪੀਆਂ ਤੁਹਾਡੀਆਂ ਹੋਰ ਮਿੰਨੀ ਕਹਾਣੀਆਂ ਚੰਗੀਆਂ ਲੱਗੀਆਂ ਹਨ। ਤੁਹਾਡੀ ਇਸ ਕਲਾ ਲਈ ਸਿਜਦਾ ਹਾਜ਼ਿਰ ਹੈ।

ਮੈਨੂੰ ਮਾਣ ਹੈ 'ਨਾਗਮਣੀ' ਦੇ ਲੇਖ ਹਮੇਸ਼ਾ ਤੁਹਾਨੂੰ ਪਸੰਦ ਆਏ ਹਨ। ਜੋ ਤੁਸੀਂ ਪਿਆਰ ਦੀ ਗੱਲ ਕੀਤੀ ਹੈ। ਇਹ ਮੇਰੀਆਂ ਕਹਾਣੀਆਂ ਵਿਚ ਗੈਰ ਹਾਜ਼ਰ ਹੈ। ਮੈਂ ਬਹੁਤ ਧਿਆਨ ਆਪਣੇ ਲੋਕਾਂ ਨੂੰ ਸਮਾਜ ਵਿਚ ਸਮਝਣ ਤੇ ਉੱਚਾ ਉਠਾਉਣ ਲਈ ਕੁਝ ਲਿਖ ਸਕਣ ਵਲ ਲਾਈ ਰੱਖਿਆ।

ਜ਼ਿੰਦਗੀ ਵਿਚ ਬਹੁਤ ਕੁੱਝ ਅਜਿਹਾ ਹੁੰਦਾ ਹੈ ਜੋ ਚਾਹੁੰਦਿਆਂ ਹੋਇਆਂ ਵੀ ਰਹਿ ਜਾਂਦਾ ਹੈ। ਮੇਰੀ ਕੋਸ਼ਿਸ਼ ਹੈ ਉਹੋ ਕੁਝ ਪਾਠਕਾਂ ਦੇ ਸਨਮੁੱਖ ਕੀਤਾ ਜਾਵੇ ਜੋ ਉਨ੍ਹਾਂ ਲਈ ਰਾਹ ਦਸੇਰਾ ਬਣੇ।

ਹਾਂ ਜੋ ਤੁਸੀਂ ਅਜੀਤ ਵਾਲੇ ਉਸ ਸ਼ਖ਼ਸ ਬਾਰੇ ਪੁੱਛਿਆ ਹੈ। ਉਸ ਸ਼ਖ਼ਸ ਤੋਂ ਤੁਸੀਂ ਵਾਕਿਫ਼ ਹੀ ਹੋਵੋਗੇ। ਨਾਂ ਕਦੇ ਮਿਲ ਤਾਂ ਦਸਾਂਗਾ। ਵੈਸੇ ਮੈਨੂੰ ਪਤਾ ਹੈ ਤੁਸੀਂ ਸਮਝ ਚੁੱਕੇ ਹੋ।

**-ਪ੍ਰੇਮ ਗੋਰਖੀ,**

ਪਿਆਰੇ ਭਗਵੰਤ 7-7-90

ਮੈਨੂੰ ਮਾਣ ਹੈ ਕਿ ਮੈਂ ਜੋ ਵੀ ਮੰਦਾ ਚੰਗਾ ਲਿਖ ਰਿਹਾ ਹਾਂ ਤੁਸੀਂ ਉਸ ਨੂੰ ਖਿੜੇ ਮੱਥੇ ਸਵਿਕਾਰ ਕਰ ਰਹੇ ਹੋ। 'ਭਾਗਭਰੀ' ਦਾ ਜ਼ਿਕਰ ਕਦੇ ਕਰਾਂਗੇ, ਪਰ ਤੁਸੀਂ ਉਸ ਨੂੰ ਜਾਣਦੇ ਨਹੀਂ ਹੋਵੋਗੇ ਸ਼ਾਇਦ ਨਾਂ ਸੁਣਿਆ ਜ਼ਰੂਰ ਹੋਵੇ। ਬਹੁਤ ਪਹਿਲਾਂ ਉਹ ਬੀਬੀ ਲਿਖਦੀ ਹੁੰਦੀ ਸੀ, ਅੱਜ ਕੱਲ੍ਹ ਤਾਂ ਯਾਰ ਹੰਢਾ ਰਹੀ ਹੈ।

ਦਵਿੰਦਰ ਦੀ 'ਨਾਗਮਣੀ' ਵਿਚ ਛਪੀ ਕਹਾਣੀ ਵਾਕਿਆ ਹੀ ਬਹੁਤ ਵਧੀਆ ਕਹਾਣੀ ਹੈ। ਉਸ ਦੀ ਕਲਮ ਵਿਚ ਬਹੁਤ ਦਮ ਹੈ। ਇਹ ਕਲਾ ਉਸ ਦੀ ਇਸ ਕਹਾਣੀ ਤੋਂ ਨਜ਼ਰ ਆਉਂਦੀ ਹੈ। ਮਿੰਨੀ ਕਹਾਣੀਆਂ ਉਸ ਨੇ ਬਿਨਾ ਸ਼ਕ ਇੰਨੀਆਂ ਲਿਖੀਆਂ ਹੋਣਗੀਆਂ ਪਰ ਇਸ ਇਕ ਕਹਾਣੀ ਨਾਲ ਹੀ ਉਸ ਨੇ ਗੰਭੀਰ ਲੇਖਕਾਂ ਪਾਠਕਾਂ ਦਾ ਧਿਆਨ ਖਿਚ ਲਿਆ ਹੈ। ਉਸ ਨੂੰ ਇਸ ਤਰ੍ਹਾਂ ਹੀ ਲੰਮੀਆਂ ਕਹਾਣੀਆਂ ਲਿਖਣੀਆਂ ਚਾਹੀਦੀਆਂ ਹਨ।

**-ਪ੍ਰੇਮ ਗੋਰਖੀ**

ਪਿਆਰੇ ਰਸੂਲਪੁਰੀ 2-2-90

ਤੁਹਾਡਾ ਬੜਾ ਪਿਆਰਾ ਮਾਣ ਨਾਲ ਭਰਿਆ ਨਿੱਘਾ ਤੇ ਅਪਣੱਤ ਨਾਲ ਓਤਪੋਤ ਖ਼ਤ ਮਿਲਿਆ।

ਤੁਸੀਂ ਮੇਰੀਆਂ ਰਚਨਾਵਾਂ ਬਾਰੇ ਗੱਲ ਕੀਤੀ ਹੈ। ਤੁਹਾਡੇ ਵਿਚਾਰ ਮੇਰੇ ਸਿਰ ਮੱਥੇ। ਮੈਨੂੰ ਇਸ ਗੱਲ ਦਾ ਹੀ ਬਹੁਤ ਮਾਣ ਤੇ ਫ਼ਖ਼ਰ ਹੈ ਕਿ ਮੇਰੇ ਆਪਣੇ ਲੋਕ ਜਿਨ੍ਹਾਂ ਲਈ ਮੈਂ ਲਿਖਿਆ ਤੇ ਲਿਖ ਰਿਹਾ ਹਾਂ। ਉਹ ਸੋਚ ਪੱਖੋਂ ਬਹੁਤ ਵੱਡੇ ਹੋ ਰਹੇ ਹਨ।

ਤੁਸੀਂ 'ਵਣ-ਬੇਲਾ' ਬਾਰੇ ਕੀਮਤੀ ਵਿਚਾਰ ਪ੍ਰਗਟਾਏ ਹਨ। ਮੈਂ ਆਪਣੀਆਂ ਅਗਲੀਆਂ ਕਿਰਤਾਂ ਨੂੰ ਰਚਣ ਸਮੇਂ ਇਨ੍ਹਾਂ ਵੱਡਮੁੱਲੇ ਵਿਚਾਰਾਂ ਨੂੰ ਧਿਆਨ 'ਚ ਰੱਖਾਂਗਾ। ਇਹ ਨਾਵਲੈੱਟ ਜਿਸ ਤਰ੍ਹਾਂ ਦੇ ਹਾਲਾਤ ਵਿਚ ਲਿਖਿਆ ਸੀ ਉਸ ਦਾ ਇਸ ਦੇ ਫਿਲਮੀ ਸਟਾਇਲ ਤੇ ਕਾਫੀ ਅਸਰ ਰਿਹਾ ਹੈ। ਜਿਸ ਬਾਰੇ ਮੈਨੂੰ ਬਾਅਦ ਵਿਚ ਅਹਿਸਾਸ ਹੋਇਆ। ਮਿੰਨੀ ਕਹਾਣੀ ਬਾਰੇ ਤੁਹਾਡਾ ਮੰਚ ਹੋਂਦ ਵਿਚ ਆ ਰਿਹਾ ਹੈ, ਚੰਗੀ ਗੱਲ ਹੈ। ਮੇਰਾ ਸੁਝਾਅ ਹੈ ਤੁਸੀਂ ਉਸ ਦਾ ਨਾਂ 'ਦੁਆਬਾ ਕਹਾਣੀ ਮੰਚ' ਰਖੋ। ਮਿੰਨੀ ਸ਼ਬਦ ਜ਼ਰੂਰੀ ਨਹੀਂ ਉਸ ਦੇ ਨਾਲ ਦੁਆਬੇ ਦੇ ਸਾਰੇ ਕਹਾਣੀ ਲੇਖਕ ਨਾਲ ਜੋੜੋ। ਇਸੇ ਤਰ੍ਹਾਂ ਮਾਲਵਾ ਵਾਲਿਆਂ ਦਾ ਹੋਵੇ ਤੇ ਇਸੇ ਤਰ੍ਹਾਂ ਮਾਝੇ ਵਾਲਿਆਂ ਦਾ ਹੋਵੇ। ਦੇਖ ਲੈਣਾ।

**-ਪ੍ਰੇਮ ਗੋਰਖੀ**

ਪਿਆਰੇ ਭਗਵੰਤ ਜੀ 3-11-89

ਤੁਹਾਡਾ ਬਹੁਤ ਹੀ ਪਿਆਰਾ ਖ਼ਤ ਮਿਲਿਆ। ਮੈਂ ਰਿਣੀ ਹਾਂ ਕਿ ਤੁਸੀਂ ਇੰਨੇ ਮੋਹ ਨਾਲ ਹਮੇਸ਼ਾ ਮੈਨੂੰ ਯਾਦ ਕਰਦੇ ਹੋ।

ਤੁਹਾਡੇ ਖ਼ਤ ਦੇ ਨਾਲ ਹੀ ਦਵਿੰਦਰ ਮੰਡ ਦਾ ਖ਼ਤ ਵੀ ਆਇਆ ਹੈ।

ਤੁਸੀਂ 'ਨਾਗਮਣੀ' ਦੇ ਪੱਕੇ ਪਾਠਕ ਲਗਦੇ ਹੋ ਜੋ ਸਾਰੀਆਂ ਰਚਨਾਵਾਂ ਨੂੰ ਇੰਨੀ ਗੰਭੀਰਤਾ ਨਾਲ ਪੜ੍ਹਦੇ ਹੋ। ਸੱਚ ਪੁੱਛੋਂ ਤਾਂ ਹਰ ਮਹੀਨੇ ਆਪਣੇ ਲੇਖ ਦੀ ਕਿਸ਼ਤ ਲਿਖਣ ਸਮੇਂ ਇਹੋ ਹੀ ਮਨ ਵਿਚ ਖਿਆਲ ਰਹਿੰਦਾ ਹੈ ਕਿ ਕੋਈ ਚੰਗੀ ਅਤੇ ਵਧੀਆ ਢੰਗ ਨਾਲ ਗੱਲ ਲਿਖੀ ਜਾਵੇ ਕਿਉਂ ਕਿ ਤੁਸੀਂ ਜਾਂ ਤੁਹਾਡੇ ਵਰਗੇ ਹੋਰ ਸਿਆਣੇ ਪਾਠਕਾਂ ਨੇ ਇਸ ਨੂੰ ਪੜ੍ਹਨਾ ਹੈ।

ਜੋ ਤੁਸੀਂ ਕਹਾਣੀਆਂ ਬਾਰੇ ਗੱਲ ਕੀਤੀ ਹੈ। ਤੁਹਾਡੀ ਰਾਏ ਠੀਕ ਹੈ। ਮੈਂ ਪਿਛਲੇ ਸਾਲਾਂ ਵਿਚ ਕਹਾਣੀਆਂ ਘੱਟ ਹੀ ਲਿਖੀਆਂ ਹਨ। ਮੇਰੀ ਨਵੀਂ ਕਹਾਣੀ ਜੋ ਮੈਂ **'ਕੁੰਡਾ'** ਤੋਂ ਬਾਅਦ ਜ਼ੋਰ ਲਾ ਕੇ ਲਿਖੀ ਹੈ ਉਹ ਅਗਲੇ ਦਿਨਾਂ ਵਿਚ 'ਆਰਸੀ' ਵਿਚ ਛਪ ਰਹੀ ਹੈ।

'ਦੀਵਾ' ਕਹਾਣੀ ਤੁਹਾਨੂੰ ਚੰਗੀ ਲੱਗੀ ਹੈ। ਇਸ ਲਈ ਸ਼ੁਕਰੀਆਂ। ਇਸ ਕਹਾਣੀ ਬਾਰੇ ਵੀ ਅਜੀਬ ਸਥਿਤੀ ਬਣੀ ਹੋਈ ਸੀ। ਦੀਵਾਲੀ ਅੰਕ ਲਈ ਕਹਾਣੀ ਦੀ ਜ਼ਰੂਰੀ ਲੋੜ ਸੀ ਪਰ ਕਹਾਣੀ ਕੋਈ ਹੈ ਨਹੀਂ ਸੀ। ਨਿਊਜ਼ ਐਡੀਟਰ (ਪੰਜਾਬੀ ਟ੍ਰਿਬਿਊਨ) ਨੇ ਕਿਹਾ ਬਹੁਤ ਛੇਤੀ ਕਹਾਣੀ ਚਾਹੀਦੀ ਹੈ। ਸੋ ਕਾਹਲੀ 'ਚ ਕੰਮ ਸਾਰਨ ਲਈ ਇਹ ਲਿਖਣੀ ਪਈ। ਪਰ ਇਸ ਦੀ ਸਮੱਸਿਆ ਤਾਂ ਕਾਫੀ ਗੰਭੀਰ ਹੈ। ਇਸ ਨੂੰ ਹੋਰ ਵੀ ਵਿਸਥਾਰ ਨਾਲ ਲਿਖਿਆ ਜਾ ਸਕਦਾ ਹੈ।

ਪਿਛਲੇ ਦਿਨੀਂ ਅਚਾਨਕ ਹੰਸ ਰਾਜ ਹੰਸ ਦਫ਼ਤਰ ਮਿਲਿਆ ਸੀ। ਯਾਰ ਉਹ ਇਨਾ ਖ਼ੂਬਸੂਰਤ ਮੁੰਡਾ ਤੇ ਫਿਰ ਇੰਨੀ ਮਿੱਠੀ ਜ਼ੁਬਾਨ, ਵਾਕਿਆ ਹੀ ਉਹ ਕਲਾਕਾਰ ਹੈ। ਮੈਂ ਤਾਂ ਸਮਝਿਆ ਕਿਸੇ ਬਾਹਰਲੇ ਮੁਲਕ ਦਾ ਯਹੂਦੀ ਹੈ। **-ਪ੍ਰੇਮ ਗੋਰਖੀ, ਚੰਡੀਗੜ੍ਹ**

ਪਿਆਰੇ ਰਸੂਲਪੁਰੀ 10-3-89

ਤੁਹਾਡਾ ਖ਼ਤ ਮਿਲਿਆ। ਤੁਹਾਡੇ ਪਿਆਰ ਦੀ ਮੇਰੇ ਮਨ ਵਿਚ ਪੂਰੀ ਕਦਰ ਹੈ।

ਸੁਰਜੀਤ ਸਿੰਘ ਸੋਖੀ ਦੀ ਸ਼ਿਕਾਇਤ ਪੜ੍ਹ ਕੇ ਤੁਹਾਡੀ ਮੇਰੀ ਲਿਖਤ ਪ੍ਰਤੀ ਸ਼ੰਕਾ ਪੈਦਾ ਹੋਈ ਹੈ। ਮੈਂ ਤਾਂ ਇਸ ਦੇ ਜਵਾਬ ਵਿਚ ਇੰਨਾ ਹੀ ਕਹਿ ਸਕਦਾ ਹਾਂ ਕਿ ਜੇਕਰ ਚੋਰ ਨੂੰ ਕਹੀਏ ਕਿ ਤੂੰ ਚੋਰ ਹੈਂ ਤਾਂ ਉਹਨੂੰ ਇਹ ਗੱਲ ਬੁਰੀ ਹੀ ਲੱਗੇਗੀ। ਹਾਲਾਂ ਕਿ ਉਹਨੂੰ ਪਤਾ ਹੁੰਦਾ ਹੈ ਕਿ ਮੈਂ ਚੋਰੀ ਕੀਤੀ ਹੈ ਜਿਸ ਕਰਕੇ ਹੀ ਮੈਨੂੰ ਚੋਰ ਕਹਿੰਦੇ ਹਨ। ਇਹੋ ਗੱਲ ਸੋਖੀ ਸਬੰਧੀ ਹੈ। ਵਿਆਹ ਤੇ ਜਾਣ ਨਾਲ ਉਸ ਵੱਲੋਂ ਚਲਾਈ ਮੁਹਿੰਮ ਕਿਤੇ



ਬੰਦ ਨਹੀਂ ਸੀ ਹੋ ਗਈ ਉਹ ਤਾਂ ਅਜੀਤ ਅਖ਼ਬਾਰ ਤਕ ਨਿਰੰਤਰ ਚਲਦੀ ਰਹੀ। ਖ਼ੈਰ ਮੈਨੂੰ ਪਤਾ ਹੈ ਕਿ ਮੈਂ ਹੋਈ ਬੀਤੀ ਇੰਨ ਬਿਨ ਲਿਖ ਰਿਹਾ ਹਾਂ। ਅਤੇ ਮੇਰੀ ਇਹ ਜਾਣ ਬੁਝ ਕੇ ਕੋਸ਼ਿਸ਼ ਹੈ ਕਿ ਉਸ ਨੂੰ ਕਹਾਣੀ ਦਾ ਰੂਪ ਦਿੱਤਾ ਜਾਵੇ।

**-ਪ੍ਰੇਮ ਗੋਰਖੀ, ਚੰਡੀਗੜ੍ਹ**

ਪਿਆਰੇ ਰਸੂਲਪੁਰੀ 29-8-89

ਤੁਹਾਡੀ ਚਿੱਠੀ ਕਈ ਦਿਨ ਪਹਿਲੇ ਮਿਲ ਗਈ ਸੀ। ਮੇਰਾ ਖਿਆਲ ਸੀ ਤੁਸੀਂ ਦਵਿੰਦਰ ਮੰਡ ਦੇ ਨਾਲ ਖਾਲਸਾ ਕਾਲਜ ਫੰਕਸ਼ਨ ਤੇ ਜ਼ਰੂਰ ਆਓਗੇ ਤੇ ਆਪਾਂ ਮਿਲ ਲਵਾਂਗੇ। ਪਰ ਮੇਰਾ ਖਿਆਲ ਹੈ ਮੰਡ ਨਾਲ ਤੁਹਾਡੀ ਮਿਲਣੀ ਨਹੀਂ ਹੋਈ।

ਮੈਨੂੰ ਤੁਸੀਂ 'ਨਾਗਮਣੀ' ਪੜ੍ਹ ਕੇ ਸਮੇਂ ਸਮੇਂ ਬੜਾ ਉਤਸ਼ਾਹ ਦਿੱਤਾ ਹੈ, ਮੈਂ ਤੁਹਾਡਾ ਰਿਣੀ ਹਾਂ। ਬਾਕੀ 'ਪ੍ਰੀਤਲੜੀ' ਵਾਲਾ ਕਾਲਮ ਮੈਂ ਬੰਦ ਕਰ ਦਿੱਤਾ ਹੈ। ਕਿਉਂਕਿ ਉਹ ਮੇਰੇ ਲੇਖਾਂ ਸਬੰਧੀ ਆਈ ਡਾਕ ਨੂੰ ਛਾਪਦੇ ਨਹੀਂ ਸਨ। ਦੂਸਰਾ ਉਹ ਜਾਣ ਬੁੱਝ ਕੇ ਲੇਖ ਨੂੰ ਛਾਪਣ ਤੋਂ ਕੰਨੀ ਕਤਰਾਉਂਦੇ ਸਨ। ਉਹ ਕਾਲਮ ਮੈਂ ਕੁਝ ਚਿਰ ਠਹਿਰ ਕੇ ਜਾਂ ਤਾਂ 'ਪ੍ਰੀਤ ਲੜੀ' ਵਿਚ ਹੀ ਜਾਂ ਕਿਸੇ ਹੋਰ ਚੰਗੇ ਪਰਚੇ ਵਿਚ ਸ਼ੁਰੂ ਕਰਾਂਗਾ।

ਹਾਂ 'ਪਾਰਸਮਣੀ' ਬੱਸ ਸਟੈਂਡ ਜਲੰਧਰ ਤੋਂ ਮਿਲ ਜਾਂਦਾ ਹੈ, ਉਸ ਵਿਚ ਮੇਰਾ ਕਾਲਮ 'ਮੇਰੇ ਪ੍ਰੇਰਨਾ ਸਰੋਤ' ਛਪ ਰਿਹਾ ਹੈ। ਜੇ ਕਦੇ ਪੜ੍ਹੋ ਤਾਂ ਸੰਪਾਦਕ ਨੂੰ ਖ਼ਤ ਜ਼ਰੂਰ ਲਿਖਣਾ।

**-ਪ੍ਰੇਮ ਗੋਰਖੀ**

ਪਿਆਰੇ ਭਗਵੰਤ 21-2-92

ਤੁਹਾਡਾ ਖ਼ਤ ਮਿਲਿਆ।

ਬਹੁਤ ਖੁਸ਼ੀ ਹੁੰਦੀ ਹੈ ਜਦੋਂ ਤੁਸੀਂ ਯਾਦ ਕਰਦੇ ਹੋ। ਆਸ ਹੈ ਰਾਜ਼ੀ ਖੁਸ਼ੀ ਹੋਵੋਗੇ। ਮੈਂ ਬਹੁਤ ਛੇਤੀ ਤੁਹਾਨੂੰ ਨਵੀਂ ਕਹਾਣੀ ਪੜ੍ਹਾਵਾਂਗਾ। ਕਹਾਣੀ ਮੁਕੰਮਲ ਹੋ ਗਈ ਹੈ ਅਤੇ ਛੇਤੀ ਹੀ 'ਆਰਸੀ' ਨੂੰ ਭੇਜ ਰਿਹਾ ਹਾਂ। ਉਸ ਤੋਂ ਛੇਤੀ ਹੀ ਬਾਅਦ 'ਆਰਸੀ' ਰਾਹੀਂ ਹੀ ਇਕ ਛੋਟਾ ਨਾਵਲ ਪੜ੍ਹਾਵਾਂਗਾ।

ਦਿਲ ਤਾਂ ਕਰਦਾ ਰਹਿੰਦਾ ਹੈ ਬਹੁਤ ਜ਼ਿਆਦਾ ਲਿਖਾਂ ਪਰ ਰੁਝੇਵੇਂ ਇੰਨੇ ਹੁੰਦੇ ਹਨ ਕਿ ਸਮਾਂ ਕਢਣਾ ਬੜਾ ਔਖਾ ਹੁੰਦਾ ਹੈ, ਦੂਸਰਾ ਇਹ ਜ਼ਿੰਮੇਵਾਰੀ ਬਹੁਤੀ ਹੁੰਦੀ ਹੈ ਕਿ ਵਧੀਆ ਲਿਖਿਆ ਜਾਵੇ ਚਾਹੇ ਘੱਟ ਹੀ ਹੋਵੇ। ਬਾਕੀ ਦਵਿੰਦਰ ਮੰਡ ਤੇ ਸੁਰਿੰਦਰ ਸੋਹਲ 7 ਤਾਰੀਕ ਮੇਰੇ ਕੋਲ ਆਏ ਸਨ। ਦੋ ਤਿੰਨ ਦਿਨ ਰਹਿ ਕੇ ਗਏ ਸਨ। ਬਾਹਵਾ ਦਿਲ ਲੱਗਾ ਰਿਹਾ। ਹੁਣੇ ਹੀ ਦਵਿੰਦਰ ਮੰਡ ਦੀ ਚਿੱਠੀ ਆਈ ਹੈ ਕਿ ਜਦੋਂ ਉਹ ਮੇਰੇ ਕੋਲੋਂ ਵਾਪਸ ਗਏ ਤਾਂ ਸੁਰਿੰਦਰ ਸੋਹਲ ਦੇ ਪਿਤਾ ਜੀ ਬਿਮਾਰੀ ਦੀ ਹਾਲਤ ਵਿਚ ਹਸਪਤਾਲ ਵਿਚ ਦਾਖਲ ਸਨ। ਤੁਸੀਂ ਅੱਜ ਕੱਲ੍ਹ ਕੀ ਲਿਖ ਰਹੇ ਹੋ? ਕੋਈ ਲੰਮੀ ਕਹਾਣੀ ਪੜ੍ਹਨ ਨੂੰ ਮਿਲਣੀ ਚਾਹੀਦੀ ਹੈ।

**-ਪ੍ਰੇਮ ਗੋਰਖੀ**

ਪਿਆਰੇ ਭਗਵੰਤ 4 ਜੂਨ, 92

ਤੁਹਾਡੀ ਚਿੱਠੀ ਮਿਲ ਗਈ ਹੈ। ਇਹ ਖੁਸ਼ੀ ਦੀ ਗੱਲ ਹੈ ਕਿ ਤੁਹਾਡੀ ਕਿਤਾਬ ਤਿਆਰੀ ਵੱਲ ਵਧ ਰਹੀ ਹੈ। ਤੁਹਾਡੀਆਂ ਕਹਾਣੀਆਂ ਜਦੋਂ ਵੀ ਮੇਰੇ ਕੋਲ ਪਹੁੰਚ ਗਈਆਂ ਮੈਂ ਪੜ੍ਹ ਕੇ ਚਾਰ ਸ਼ਬਦ ਜ਼ਰੂਰ ਲਿਖ ਦੇਵਾਂਗਾ। ਉਮੀਦ ਹੈ ਕਹਾਣੀਆਂ ਵਧੀਆ ਹੋਣਗੀਆਂ। ਇਉਂ ਮਿਲ ਕੇ ਕਿਤਾਬ ਛਪਵਾ ਲੈਣੀ ਚੰਗੀ ਗੱਲ ਹੈ। ਬਹੁਤ ਚੰਗੇ ਚੰਗੇ ਲੇਖਕਾਂ ਦੇ ਇਉਂ ਮਿਲ ਕੇ ਸੰਗ੍ਰਹਿ ਛਪਵਾਉਣ ਬਾਅਦ ਹੀ ਸਥਾਪਤੀ ਪ੍ਰਾਪਤ ਕੀਤੀ। ਮੈਂ ਹੁਣ ਮਾਨਸਿਕ ਤੌਰ ਤੇ ਕਾਫੀ ਠੀਕ ਹਾਂ।

ਕਾਲੀ ਨੂੰ ਕਹਿਣਾ ਪੜ੍ਹਾਈ ਵੱਲ ਉਨਾ ਹੀ ਧਿਆਨ ਦੇਣਾ ਹੈ ਕਿ ਜਿੰਨਾ ਉਪਕਾਰ ਕੌਰ ਦੀਆਂ ਅੱਖਾਂ ਵੱਲ। ਛੇਤੀ ਛੇਤੀ ਬੀ ਏ ਮੁਕੰਮਲ ਕਰੋ ਫਿਰ ਤੁਹਾਨੂੰ ਚੰਗੀਆਂ ਨੌਕਰੀਆਂ ਤੇ ਚੰਗੀਆਂ ਵਹੁਟੀਆਂ ਲੱਭ ਕੇ ਦਈਏ।

**-ਪ੍ਰੇਮ ਗੋਰਖੀ**

ਬਹੁਤ ਮੋਹ ਨਾਲ ਭਗਵੰਤ

ਪਹਿਲੀ ਗੱਲ ਤਾਂ ਇਹ ਕਿ ਇੰਨੀ ਖ਼ੂਬਸੂਰਤ ਕਹਾਣੀ ਲਿਖਣ ਲਈ ਤੈਨੂੰ ਬਹੁਤ ਬਹੁਤ ਸ਼ਾਬਾਸ਼ੇ ਵੀ ਤੇ ਮੁਬਾਰਕਬਾਦ ਵੀ। 'ਨਾਗਮਣੀ' ਵਿਚ ਛਪੀ ਤੇਰੀ ਕਹਾਣੀ (ਫ਼ੈਸਲਾ ਹੋਣ ਤੱਕ) ਬਹੁਤ ਵਧੀਆ ਹੈ। ਕਈ ਲੋਕਾਂ ਨੇ ਤਾਰੀਫ਼ ਕੀਤੀ ਹੈ।

ਦੂਜੀ ਗੱਲ ਤੂੰ ਮੈਨੂੰ ਮੁਆਫ਼ ਕਰਦਾ ਹੋਇਆ ਸੀਤਲ ਬਾਰੇ ਦੁਬਾਰਾ ਆਰਟੀਕਲ ਲਿਖ ਕੇ ਦੇ। ਫਾਈਲ ਵਿਚ ਕਾਫ਼ੀ ਲੱਭਿਆ ਹੈ, ਮੈਨੂੰ ਲਗਦਾ ਹੈ ਉਹ ਜਾਂ ਤਾਂ ਪ੍ਰਕਾਸ਼ ਕੋਲ ਚਲਾ ਗਿਆ ਤੇ ਉਹਨੇ ਇਧਰ ਉਧਰ ਰੱਖ ਦਿੱਤਾ ਜਾਂ ਦਲਬੀਰ ਨੇ ਹੀ ਰੱਦ ਕਰਕੇ ਸੁੱਟ ਦਿੱਤਾ।

ਕਾਲੀ ਸਾਹਿਬ ਤੇ ਉਨ੍ਹਾਂ ਦੇ ਉਸਤਾਦ ਪ੍ਰੇਮ ਪ੍ਰਕਾਸ਼ ਦਾ ਕੀ ਹਾਲ ਹੈ?

**-ਪ੍ਰੇਮ ਗੋਰਖੀ**

ਪਿਆਰੇ ਭਗਵੰਤ

ਤੇਰਾ ਖ਼ਤ ਕਈ ਦਿਨ ਪਹਿਲੇ ਮਿਲ ਗਿਆ ਸੀ। ਯਾਦ ਕਰਨ ਲਈ ਸ਼ੁਕਰੀਆ। ਮੈਂ ਵੀ ਪਹਿਲੇ ਦਿਨਾਂ ਵਿਚ ਤੈਨੂੰ ਖ਼ਤ ਨਹੀਂ ਲਿਖ ਸਕਿਆ। ਤੇਰੀ ਰਾਜ਼ੀ ਖ਼ੁਸ਼ੀ ਬਾਰੇ ਆਏ ਗਏ ਕੋਲੋਂ ਜ਼ਰੂਰ ਪੁੱਛ ਲਈਦਾ ਹੈ। ਕਾਲੀ ਦੇ ਤਾਂ ਹੁਣ ਸਾਡੇ ਗੁਆਂਢ ਦੇ ਸ਼ਹਿਰ ਵਿਚ ਸਹੁਰੇ ਬਣ ਗਏ ਹਨ ਇਸ ਲਈ ਉਹਦਾ ਤਾਂ ਗੇੜਾ ਲਗ ਹੀ ਜਾਂਦਾ ਹੈ। ਪਿਛਲੇ ਦਿਨਾਂ 'ਚ ਉਹ ਦੋਨੋਂ ਆਏ ਸੀ ਪਰ ਮੇਰੇ ਨਾਲ ਮੇਲ ਨਹੀਂ ਹੋ ਸਕਿਆ।

ਤੈਨੂੰ 'ਰਾਮਗੜ੍ਹੀਆ ਮੰਚ' ਵਾਲਿਆਂ ਦੇ ਨੌਕਰੀ ਮਿਲਣ ਬਾਰੇ ਪੜ੍ਹ ਕੇ ਮਨ ਨੂੰ ਬੜਾ ਸਕੂਨ ਮਿਲਿਆ। ਮੇਰੇ ਲਈ ਤਾਂ ਇਹ ਬਹੁਤ ਹੀ ਖ਼ੁਸ਼ੀ ਭਰੀ ਖ਼ਬਰ ਹੈ। ਹੁਣ ਅਰਾਮ ਨਾਲ ਟਿਕਿਆ ਰਹੀਂ, ਤੈਨੂੰ ਕਾਮਯਾਬੀ ਮਿਲੇਗੀ। ਥੋੜ੍ਹੀ ਤਨਖਾਹ ਬਾਰੇ ਘੱਟ ਸੋਚੀਂ, ਪੱਕੇ ਪੈਰੀਂ ਹੋ ਲੈ, ਫਿਰ ਜਿਧਰ ਮਰਜ਼ੀ ਉਡਾਰੀ ਮਾਰ ਜਾਈਂ।

ਮੈਂ ਵਿਦੇਸ਼ ਦੀ ਤਿਆਰੀ ਤਾਂ ਦੋ ਮਹੀਨੇ ਤੋਂ ਕਰੀ ਬੈਠਾ ਹਾਂ ਪਰ ਅਜੇ ਵੀਜ਼ਾ ਨਹੀਂ ਲੱਗਾ। ਅਗਲੇ ਦਿਨਾਂ ਵਿਚ ਫਿਰ ਕੋਸ਼ਿਸ਼ ਕਰਾਂਗਾ, ਦੇਖੋ, ਜੇ ਉਥੋਂ ਦਾ ਅੰਨ ਜਲ ਨਸੀਬਾਂ 'ਚ ਹੋਇਆ ਤਾਂ ਜ਼ਰੂਰ ਗੇੜਾ ਵੱਜ ਜਾਵੇਗਾ।

ਸਾਹਿਤਕ ਸਰਗਰਮੀਆਂ ਕੋਈ ਨਹੀਂ ਹਨ। ਰਾਤ ਵਾਲੀਆਂ ਗੋਸ਼ਟੀਆਂ ਵੀ ਬੰਦ ਹਨ। ਤੁਹਾਡੇ ਵਰਗੇ ਨਵੇਂ ਲੇਖਕ ਜਾਣ ਬੁਝ ਕੇ ਨਹੀਂ ਆਉਂਦੇ, ਪੁਰਾਣੇ ਆਉਂਦੇ ਹਨ ਪਰ ਉਨ੍ਹਾਂ ਦੇ ਆਉਣ ਦਾ ਕੋਈ ਫਾਇਦਾ ਨਹੀਂ ਹੈ, ਮੇਰਾ ਮਕਸਦ ਹੈ ਨਵੇਂ ਲੇਖਕਾਂ 'ਚ ਸੰਵਾਦ ਪੈਦਾ ਹੋਵੇ ਤੇ ਉਹ ਕਚ ਘਰੜ ਰਚਨਾਵਾਂ ਨੂੰ ਬਹਿਸ ਦੌਰਾਨ ਵਿਚਾਰਨ। ਪਰ ਨਵੇਂ ਕਹਿੰਦੇ ਹਨ ਅਸੀਂ ਸਲਾਮ ਸਬੂਤੇ ਤੇ ਮਹਾਨ ਹਾਂ। ਇਸ ਲਈ ਉਧਰੋਂ ਆਪਾਂ ਕੰਮ ਬੰਦ ਹੀ ਕਰ ਦਿੱਤਾ ਹੈ। ਮੈਂ ਬਚਪਨ ਦੀਆਂ ਯਾਦਾਂ ਬਾਰੇ ਲਿਖਕੇ ਭੇਜਾਂਗਾ। ਅਜੇ ਵਿਦੇਸ਼ ਦਾ ਛੱਕਰ ਦਿਮਾਗ 'ਤੇ ਹਾਵੀ ਹੈ। ਉਧਰੋਂ ਵਿਹਲਾ ਹੋ ਲਵਾਂ।

ਕਿਤਾਬ ਜੇਕਰ ਕੋਈ ਦੂਸਰਾ ਛਾਪ ਰਿਹਾ ਹੈ ਤਾਂ ਚੰਗੀ ਗੱਲ ਹੈ। ਆਪਣੇ ਕੋਲੋਂ ਪੈਸਾ ਨਾ ਖਰਚੀਂ। ਕਹਾਣੀਆਂ ਲਿਖੀ ਚੱਲ। ਤੇਰੇ ਮੰਡ-ਛੰਡ ਤਾਂ ਫੂਸੀ ਮਾਰ ਗਏ। ਪ੍ਰੋਫ਼ੈਸਰ ਲਗ ਕੇ ਹੀ ਨਿਹਾਲ ਹੋ ਗਏ। ਰੱਬ ਉਨ੍ਹਾਂ ਨੂੰ ਗਿਆਨਵਾਨ ਬਣਾਵੇ।

**-ਪ੍ਰੇਮ ਗੋਰਖੀ**



ਪਿਆਰੇ ਭਗਵੰਤ

ਤੇਰਾ ਖ਼ਤ ਮਿਲਿਆ। ਤੇਰੇ ਰੁਝੇਵਿਆਂ ਦਾ ਪਤਾ ਲੱਗਾ। ਕੰਮ-ਕਾਰ ਨੂੰ ਚਿੱਤ ਲਾ ਕੇ ਕਰਿਆ ਕਰ, ਲਿਖਣਾ ਤਾਂ ਤਪਸਿਆ ਵਾਂਗ ਹੈ, ਆਪਣੇ ਆਪ ਨੂੰ ਕਸ਼ਟ ਵਿਚ ਪਾ ਕੇ ਹੀ ਜੋ ਕੀਤਾ ਜਾ ਸਕਦੀ ਹੈ। ਮੈਂ ਅੱਜ ਤਕ ਕੰਮ-ਕਾਰ, ਮਿਹਨਤ ਵੀ ਪੂਰੀ ਤਰ੍ਹਾਂ ਕਰਦਾ ਆ ਰਿਹਾ ਹਾਂ ਪਰ ਲਿਖਦਾ ਵੀ ਲਗਾਤਾਰ ਹਾਂ। ਲਿਖਣ ਲਈ ਸਮਾਂ ਤੜਕੇ ਕਢਿਆ ਕਰ, ਇਹੋ ਸਮਾਂ ਠੀਕ ਹੈ। ਬੱਸ ਦੋ ਘੰਟੇ ਦਿੱਤੇ ਹੀ ਬਹੁਤ ਹਨ।

ਦੋਸਤਾਂ ਬਾਰੇ ਬਹੁਤਾ ਗੰਭੀਰ ਨਾ ਹੋਇਆ ਕਰ। ਮੈਂ ਤੇਰੇ ਵਾਂਗ ਹੀ ਮਾੜੇ ਦਿਨਾਂ ਨੂੰ ਬਿਤਾਇਆ ਹੈ। ਦੋਸਤਾਂ ਮਿੱਤਰਾਂ ਨੂੰ ਅਜਿਹੇ ਸਮਝਿਆ ਹੀ ਨਹੀਂ ਕਿ ਉਹ ਮਾਨਸਿਕ ਜਾਂ ਸਰੀਰਕ ਕਸ਼ਟ ਸਮੇਂ ਤੁਹਾਡਾ ਸਾਥ ਦੇਣਗੇ। ਨਾਲ ਪੱਚੀ ਤੀਹ ਸਾਲਾਂ ਵਿਚ ਤਾਂ ਹੁਣ ਕਦਰਾਂ ਕੀਮਤਾਂ ਹੀ ਬਹੁਤ ਬਦਲ ਗਈਆਂ ਹਨ। ਹੁਣ ਦੋਸਤ ਨਾਲ ਜੁੜਨ ਲੱਗੇ ਸੋਚਦੇ ਹਨ ਸਾਨੂੰ ਇਹ ਕਿਥੇ ਫਾਇਦਾ ਪਹੁੰਚਾਏਗਾ।

ਸੋਹਲ ਤੇ ਮੰਡ ਦੀ ਕੀ ਪੁਛਦਾ ਏਂ? ਵਿਚਾਰੇ ਉਹ ਵੀ 'ਵੱਡੇ' ਬੰਦੇ ਹਨ। ਖਾਸ ਕਰਕੇ ਮੰਡ ਪ੍ਰੋਫ਼ੈਸਰ ਸਾਹਿਬ! ਪਿਆਰੇ ਦੋਸਤ ਅਜਿਹੇ ਸਜਣਾਂ ਨੂੰ ਭੁੱਲ ਜਾਈਦਾ ਹੁੰਦਾ ਹੈ। ਦਿਲ 'ਤੇ ਨਹੀਂ ਲਾਈਦੀ।

ਕਾਲੀ ਨੇ ਦੁਕਾਨ ਛੱਡ ਕੇ ਗਲਤੀ ਕੀਤੀ ਹੈ। ਉਸ ਨੂੰ ਦੁਕਾਨ ਕਰਦੇ ਰਹਿਣਾ ਚਾਹੀਦਾ ਸੀ। ਲੜਕੀ ਜਾਂ ਲੜਕੇ ਦਾ ਕੋਈ ਫ਼ਰਕ ਨਹੀਂ ਪੈਂਦਾ। ਬੱਚਾ ਤਾਂ ਪੈਦਾ ਹੋਣਾ ਹੀ ਹੈ ਚਾਹੇ ਲੜਕੀ ਹੋਵੇ ਜਾਂ ਲੜਕਾ। ਕਬੀਲਦਾਰੀ ਦਾ ਭਾਰ ਪੈਣ ਵਾਲੀ ਵੀ ਕੋਈ ਗੱਲ ਨਹੀਂ।

ਮੈਂ ਰਮੇਸ਼ ਚੰਦਰ ਸ਼ਾਹ ਦਾ ਨਾਵਲ 'ਕਿੱਸਾ ਗੁਲਾਮ' ਅਨੁਵਾਦ ਕਰ ਰਿਹਾ ਸੀ। ਉਹ ਮੁਕੰਮਲ ਕਰਨ ਕਰਕੇ ਕਹਾਣੀਆਂ ਨਹੀਂ ਲਿਖ ਸਕਿਆ। ਉਧਰੋਂ ਕਾਫੀ ਪੈਸੇ ਮਿਲਣੇ ਸਨ ਜਿਸ ਕਰਕੇ ਲਾਲਚ 'ਚ ਆ ਗਿਆ। ਛੇਤੀ ਹੀ ਨਵੀਆਂ ਕਹਾਣੀਆਂ ਪੜ੍ਹਾਵਾਂਗਾ।

ਜਲੰਧਰ ਵੀ ਨਹੀਂ ਆਇਆ ਗਿਆ। ਵਿਆਹ ਤੋਂ ਬਾਅਦ ਰਮਿੰਦਰ (ਰਮਿੰਦਰ ਬਰਾੜ ਕਹਾਣੀਕਾਰ ) ਮਿਲਣ ਆਈ ਸੀ ਤਾਂ ਤੇਰੀ 'ਦੇਸ਼ ਸੇਵਕ' 'ਚ ਜਾਂ ਕਿਤੇ ਹੋਰ ਪੜ੍ਹੀ ਕਹਾਣੀ ਦਾ ਜ਼ਿਕਰ ਕਰ ਰਹੀ ਸੀ। 'ਕਿੱਸਾ ਗੁਲਾਮ' ਨਾਵਲ ਪੜ੍ਹਨ ਵਾਲਾ ਹੈ। ਦਲਿਤ ਵਿਦਵਾਨ ਦੀ ਗਾਥਾ ਹੈ।

**-ਪ੍ਰੇਮ ਗੋਰਖੀ**

ਪਿਆਰੇ ਭਗਵੰਤ 2-11-91

ਮੇਰੀ ਪਹਿਲੀ ਚਿੱਠੀ ਤੁਹਾਨੂੰ ਮਿਲ ਗਈ ਹੋਵੇਗੀ।

'ਧੂੰਆਂ' (ਜਿਸ ਕਹਾਣੀ ਦਾ ਬਾਅਦ ਵਿਚ ਨਾਂ 'ਦੀਪਾ ਅਜਿਹਾ ਨਹੀਂ' ਰੱਖਿਆ ਗਿਆ) ਕਹਾਣੀ ਮੈਂ ਪੜ੍ਹ ਲਈ ਹੈ। ਮੈਨੂੰ ਤੁਹਾਡੇ ਸਭ ਵੱਲ ਜਿਨ੍ਹਾਂ ਵਿਚ ਤੁਸੀਂ ਹੋ, ਕਾਲੀ ਹੈ, ਸੁਰਿੰਦਰ ਸੋਹਲ ਹੈ, ਪਾਰਾ ਹੈ, ਸੰਤੋਖਪੁਰੀ ਤੇ ਮੰਡ ਹੈ, ਜਗਪਾਲਪੁਰੀ ਹੈ, ਇਹ ਦੇਖ ਕੇ ਮਾਣ ਹੁੰਦਾ ਹੈ ਤੁਸੀਂ ਬਹੁਤ ਚੰਗਾ ਲਿਖਣ ਵਾਲੇ ਅੱਗੇ ਆ ਰਹੇ ਹੋ। ਆਉਣ ਵਾਲੇ ਸਮੇਂ 'ਚ ਸਾਹਿਤਕ ਖੇਤਰ ਦੇ ਤੁਸੀਂ ਲੋਕ ਹੀਰੋ ਹੋਵੋਗੇ।

ਹਾਂ, 'ਧੂੰਆਂ' ਮੈਂ ਪੜ੍ਹ ਲਈ ਹੈ। ਹੁਣ ਜੇਕਰ ਤੁਸੀਂ ਮੈਨੂੰ ਕਹਾਣੀ ਭੇਜੀ ਹੈ ਤਾਂ ਤੁਸੀਂ ਮੈਨੂੰ ਉਹ ਸਾਰੇ ਅਖਤਿਆਰ ਦੇ ਦਿੱਤੇ ਹਨ ਕਿ ਮੈਂ ਇਸ ਬਾਰੇ ਖੁੱਲ੍ਹ ਕੇ ਵਿਚਾਰ ਕਰ ਸਕਾਂ, ਸੱਚੀ ਮੁੱਚੀ ਰਾਏ ਦੇ ਸਕਾਂ। ਮੇਰੇ ਦਿਤੇ ਸੁਝਾਵਾਂ ਉਪਰ ਅਮਲ ਤੁਸੀਂ ਕਰੋ ਜਾਂ ਨਾ ਕਰੋ, ਇਹ ਤੁਹਾਡੀ ਮਰਜ਼ੀ ਤੇ ਨਿਰਭਰ ਕਰਦਾ ਹੈ। ਪਰ ਮੈਂ ਪੂਰੇ ਭਰੋਸੇ ਨਾਲ ਤੁਹਾਨੂੰ ਇਹ ਗੱਲ ਕਹਿ ਸਕਦਾ ਹਾਂ ਕਿ ਮੇਰੀਆਂ ਗੱਲਾਂ ਤੁਹਾਡੀਆਂ ਕਹਾਣੀਆਂ ਜਾਂ ਕਹਿ ਲਓ ਤੁਹਾਡੀ ਲੇਖਣੀ ਲਈ ਸਹਾਈ ਹੋਣਗੀਆਂ ਕਿਉਂ ਮੈਂ ਤੁਹਾਡੀ ਕਹਾਣੀ ਇਕ ਲੇਖਕ ਦੇ ਨਜ਼ਰੀਏ ਨਾਲੋਂ ਵੱਧ ਪਾਠਕ ਵਾਲੇ ਨਜ਼ਰੀਏ ਨਾਲ ਪੜ੍ਹੀ ਹੈ।

ਦੇਖੋ, ਪਿਆਰੇ ਭਗਵੰਤ ਆਪਾਂ ਹਰ ਹਾਲਤ ਵਿਚ ਚੰਗੇ ਲੇਖਕ ਬਣਨਾ ਹੈ। ਇਸ ਲਈ ਸਭ ਤੋਂ

ਪਹਿਲੀ ਗੱਲ ਹੈ ਭਾਸ਼ਾ ਦੇ ਸ਼ਬਦ ਜੋੜਾਂ ਦਾ ਗਿਆਨ। ਇਹ ਬਹੁਤ ਜ਼ਰੂਰੀ ਚੀਜ਼ ਹੈ। 'ਧੂੰਆਂ' ਵਿਚ ਕਾਫ਼ੀ ਗਲਤੀਆਂ ਹਨ। ਅਤੇ ਨਾਲ ਹੀ ਪੁੱਠੇ ਕਾਮੇ ਤੇ ਸਿੱਧੇ ਕਾਮਿਆਂ ਦਾ ਧਿਆਨ। ਫਿਰ ਆਉਂਦੀ ਹੈ ਵਾਕ ਬਣਤਰ। ਮੇਰੇ ਮਿੱਤਰ ਆਪਾਂ ਕਾਹਲੀ ਨਹੀਂ ਕਰਨੀ ਅਤੇ ਇਸ ਗੱਲ ਦਾ ਧਿਆਨ ਬਹੁਤ ਜ਼ਰੂਰੀ ਰੱਖਣਾ ਹੈ ਕਿ ਕਹਾਣੀ ਕਿਸ ਸਮੇਂ, ਮਾਹੌਲ ਤੇ ਕਿਹੋ ਜਿਹੀ ਸਮਾਜਿਕ ਹਾਲਤ ਵਿਚ ਲਿਖੀ ਗਈ ਹੈ।

ਤੇ ਫਿਰ ਧਿਆਨ ਜਾਂਦਾ ਹੈ ਵਿਸ਼ੇ ਵੱਲ। ਆਪਾਂ ਦੇਖਣਾ ਹੈ ਜਿਸ ਵਿਸ਼ੇ 'ਤੇ ਆਪਾਂ ਕਹਾਣੀ ਲਿਖ ਰਹੇ ਹਾਂ ਉਹ ਕਿਹੜੇ ਪੱਖ ਵਿਚ ਨਿਭਦਾ ਹੈ। ਜਿਵੇਂ ਹੁਣ ਤੁਹਾਡੀ 'ਧੂੰਆਂ' ਕਹਾਣੀ ਹੈ ਇਸ ਦਾ ਪਾਤਰ ਦੀਪਾ ਜਿਹਦੀ ਯਾਦ ਵਿਚ ਮਿੰਦੋ ਤੜਪ ਰਹੀ ਹੈ, ਉਹ ਕਿਹੜੀ ਵਿਚਾਰਧਾਰਾ ਦੀ ਪ੍ਰਤੀਨਿਧਤਾ ਕਰਦਾ ਹੈ? ਤੁਸੀਂ ਸਾਰੀ ਕਹਾਣੀ ਬੜੀ ਸੋਹਣੇ ਢੰਗ ਨਾਲ, ਕਮਾਲ ਨਾਲ ਕਹਿ ਸਕਦਾ ਹਾਂ, ਉਸਾਰੀ ਹੈ ਪਰ ਇਸ ਬਿੰਦੂ ਤੇ ਆ ਕੇ ਮਾਰ ਖਾ ਗਏ। ਇਸ ਬਿੰਦੂ ਨੂੰ ਆਪਾਂ ਇਸ ਥਾਂ ਤੋਂ ਬਦਲਣਾ ਹੈ। ਜੇਕਰ ਤੁਸੀਂ ਮੇਰੇ ਕੋਲ ਹੁੰਦੇ ਤਾਂ ਬਦਲਵੇਂ ਰੂਪ ਵਿਚ ਘੰਟਾ ਭਰ ਆਪਾਂ ਵਿਚਾਰ ਚਰਚਾ ਕਰ ਸਕਦੇ ਸੀ। ਹਾਂ ਇਹ ਕੋਈ ਜ਼ਰੂਰੀ ਨਹੀਂ ਹੁੰਦਾ ਕਿ ਤੁਸੀਂ ਕਹਾਣੀ ਦਾ ਜੋ ਨਾਂ ਰੱਖ ਦਿੱਤਾ ਹੈ ਉਹ ਸ਼ਬਦ ਜ਼ਰੂਰ ਕਿਤੇ ਨਾ ਕਿਤੇ ਢੁਕਾਉਣਾ ਹੀ ਹੈ। ਨਾਲੇ ਨਾਂ ਪਹਿਲਾਂ ਨਾ ਰੱਖੋ, ਨਾਂ ਰਚਨਾ ਦੇ ਮੁਕੰਮਲ ਹੋਣ 'ਤੇ ਰੱਖੋ। ਪਹਿਲਾਂ ਸਿਰਲੇਖ ਰੱਖਣ ਨਾਲ ਅਸੀਂ ਇਕ ਤਰ੍ਹਾਂ ਰਚਨਾ ਦੁਆਲੇ ਕੰਧ ਵੱਲ ਲੈਂਦੇ ਹਾਂ। ਜਦ ਕਿ ਰਚਨਾ ਨੂੰ ਆਜ਼ਾਦ ਰਹਿਣ ਦੇਣਾ ਚਾਹੀਦਾ ਹੈ। ਤੁਹਾਡਾ ਕੀ ਖਿਆਲ ਹੈ ਮੇਰੇ ਵਿਚਾਰਾਂ ਬਾਰੇ? ਦੀਪਾ ਸਾਡੇ ਲੋਕਾਂ ਦੀ ਸੋਚ ਦੀ ਪ੍ਰਤੀਨਿਧਤਾ ਨਹੀਂ ਕਰਦਾ। ਸੋਚਣਾ ਤੇ ਵਿਚਾਰਨਾ। **-ਪ੍ਰੇਮ ਗੋਰਖੀ**

ਪਿਆਰੇ ਰਸੂਲਪੁਰੀ 16-1-93

ਤੇਰਾ ਖ਼ਤ ਮਿਲ ਗਿਆ ਹੈ। 'ਲਕੀਰ' ਵਾਲੀ ਟਿਪਣੀ ਬਾਰੇ ਪ੍ਰਵਾਹ ਨਾ ਕਰੋ। ਪ੍ਰੇਮ ਪ੍ਰਕਾਸ਼ ਨੂੰ ਇਹੋ ਜਿਹੀਆਂ ਚੁਤ-ਚਲਾਕੀਆਂ ਕਰਨ ਦੀ ਪੁਰਾਣੀ ਆਦਤ ਹੈ। ਬਾਕੀ ਤੁਸੀਂ ਦੁਆਬਾ ਸਾਹਿਤਕ ਮੰਚ ਸਥਾਪਤ ਜ਼ਰੂਰ ਕਰੋ ਪਰ ਮੇਰਾ ਨਾਂ ਨਾ ਨਾਲ ਰੱਖਣਾ... ਮੇਰੇ ਕੋਲੋਂ ਕੰਮ ਸਾਰਾ ਕਰਵਾ ਲੈਣਾ, ਮੈਂ ਤੁਹਾਡੇ ਨਾਲ ਹਾਂ। ਤੁਸੀਂ ਕੰਮ ਕਰੋ। ਸਰਪ੍ਰਸਤ ਜਾਂ ਪ੍ਰਧਾਨ ਵਾਲੀ ਪ੍ਰਥਾ ਖਤਮ ਦੂਜੀ ਗੱਲ ਪੈਸਿਆਂ ਦੇ ਚੱਕਰ ਵਿਚ ਨਾ ਪਵੋ। ਇਸ ਨਾਲ ਹਮੇਸ਼ਾ ਲੜਾਈਆਂ ਹੁੰਦੀਆਂ ਹਨ।

**-ਪ੍ਰੇਮ ਗੋਰਖੀ, ਚੰਡੀਗੜ੍ਹ**

ਪਿਆਰੇ ਭਗਵੰਤ 27-3-97

ਤੇਰੀ ਚਿੱਠੀ ਪੜ੍ਹ ਕੇ ਚੰਗਾ ਲੱਗਾ।

'ਨਾਗਮਣੀ' ਵਾਲੀ ਕਹਾਣੀ ਬਾਰੇ ਤੂੰ ਖੁੱਲ੍ਹ ਕੇ ਗੱਲ ਨਹੀਂ ਕੀਤੀ। ਬਈ ਆਪਾਂ ਪ੍ਰੇਮ ਪ੍ਰਕਾਸ਼ ਵਰਗਾ ਤਾਂ ਲਿਖ ਨਹੀਂ ਸਕਦੇ ਜੋ ਵੀ ਤਿਲ ਫੁੱਲ ਹੈ ਪੇਸ਼ ਕਰ ਦਈਦਾ ਹੈ। ਮੈਂ ਹੁਣ ਜਦੋਂ ਵੀ ਆਇਆ ਤਾਂ ਜ਼ਰੂਰ ਤੈਨੂੰ ਲੱਭਾਗਾ। ਪਹਿਲਾਂ ਮੈਂ ਰਾਮਗੜ੍ਹੀਆਂ ਦੇ ਦਫ਼ਤਰ ਤੈਨੂੰ ਦੋ-ਤਿੰਨ ਵਾਰ ਮਿਲਣ ਗਿਆ ਸੀ ਪਰ ਤੂੰ ਮਿਲਿਆ ਨਹੀਂ ਸੀ। ਇਕ ਕਰਕੇ ਫਿਰ ਮੈਂ ਕਦੇ ਕੋਸ਼ਿਸ਼ ਨਹੀਂ ਕੀਤੀ।

**-ਪ੍ਰੇਮ ਗੋਰਖੀ, ਚੰਡੀਗੜ੍ਹ**

ਪਿਆਰੇ ਮਲੂਕ ਚੰਦ ਜੀ 11-7-1997

ਤੁਹਾਡਾ ਖ਼ਤ ਬਹੁਤ ਸੋਹਣਾ ਹੈ। ਪਰ ਇਸ ਦੇ ਮੁਕਾਬਲੇ ਤੁਹਾਡੀ ਰਚਨਾ ਕਾਫੀ ਢਿੱਲੀ ਹੈ। ਇਸ ਦੀ ਸ਼ੈਲੀ ਅਤੇ ਵਿਚਾਰਾਂ ਨੂੰ ਪਕਰੌੜ ਢੰਗ ਨਾਲ ਪੇਸ਼ ਕਰਨ ਦੀ ਜੁਗਤ ਅਜੇ ਤੁਸੀਂ ਪੂਰੀ ਤਰ੍ਹਾਂ ਸਿੱਖਣੀ ਹੈ। ਖਾਸ ਕਰਕੇ ਗੰਭੀਰ ਲੇਖਣੀ ਲਈ ਅਜਿਹੀ ਪਕਰੋੜਤਾ ਜ਼ਰੂਰੀ ਹੈ।

**-ਪ੍ਰੇਮ ਗੋਰਖੀ**



ਪਿਆਰੇ ਪਰਮਜੀਤ ਮਾਨ ਜੀ 10 ਫਰਵਰੀ, 2006

ਮੈਂ ਇਹ ਸਮਝ ਕੇ 'ਸਮੁੰਦਰ ਦੇ ਆਦਮੀ' ਨਾਲ ਦਸਤਪੰਜਾ ਲਿਆ ਸੀ ਕਿ ਦੇਖੀਏ ਕਿੰਨੇ ਕੁ ਜ਼ੋਰ ਨਾਲ ਮੈਨੂੰ ਪਟਕਾ ਕੇ ਮਾਰੇਗਾ। ਪਰ ਤੁਹਾਡੇ ਅੰਦਰਲਾ ਲੇਖਕ ਪਾਤਰ ਉਸਾਰੀ ਕਰਨ ਵਿਚ ਐਨਾ ਜਹੀਨ ਹੈ ਕਿ ਪਾਠਕ ਦੇ ਅੰਦਰ ਸਮੁੰਦਰ ਦੇ ਠੰਡੇ ਪਾਣੀ ਦੀ ਠਾਰ ਵਾਂਗ ਇਉਂ ਵਹਾ ਜਾਂਦਾ ਹੈ ਕਿ ਖਬਰ ਹੀ ਨਹੀਂ ਹੋਣ ਦਿੰਦਾ।

ਕਈ ਕਹਾਣੀਆਂ ਬੜੀਆਂ ਦਮਦਾਰ ਹਨ ਤੇ ਉਨ੍ਹਾਂ ਦੇ ਪਾਤਰਾਂ ਦੀ ਸਿਰਜਣਾ ਤੁਹਾਡਾ ਹਾਸਲ ਹੈ। ਬੰਦ ਦਰਵਾਜ਼ੇ ਦੇ ਸਾਰੇ ਪਾਤਰ ਖਾਸ ਕਰ ਹਰਬੰਸ ਪਾਠਕ ਦੇ ਮਨ ਵਿਚ ਵਿਸ਼ੇਸ਼ ਥਾਂ ਬਣਾ ਲੈਂਦਾ ਹੈ। ਫਿਰ 'ਜਲਪਰੀ' ਵਾਲੀ ਸੁੰਦਰੀ ਤੇ ਰੂਪ ਦਾ ਮੇਲ, ਐਲਨ, ਮੈਰੀ... ਟਾਪੂਆਂ ਦੀ ਚਕਾ ਚੌਂਧ ਸਾਰੀਆਂ ਕਹਾਣੀਆਂ ਹੀ ਬੜੀਆਂ ਦਿਲਚਸਪ ਘਟਨਾਵਾਂ ਤੇ ਪਾਤਰਾਂ ਵਾਲੀਆਂ ਹਨ। ਮੇਰੇ ਲਈ ਇਹ ਸਮੁੰਦਰ ਦੇ ਆਦਮੀ ਦੀਆਂ ਯਾਦਾਂ, ਉਸ ਨਾਲ ਵਾਪਰੀਆਂ ਘਟਨਾਵਾਂ ਇਕ ਨਵਾਂ ਅਨੁਭਵ ਹਨ, ਇਸ ਲਈ ਮੈਂ ਤੁਹਾਡਾ ਦੇਣਦਾਰ ਹਾਂ, ਰਿਣੀ ਹਾਂ। ਬੜੇ ਹੀ ਸਨੇਹ ਸਹਿਤ **- ਪ੍ਰੇਮ ਗੋਰਖੀ**

### ਕਥਾਕਾਰ ਅਤਰਜੀਤ ਦੇ ਤਿੰਨ ਖ਼ਤ ਭਗਵੰਤ ਰਸੂਲਪੁਰੀ ਵੱਲ

ਪਿਆਰੇ ਭਗਵੰਤ ਰਸੂਲਪੁਰੀ 23-3-98

ਪੱਤਰ ਮਿਲ ਗਿਆ ਹੈ ਤੁਹਾਡੇ ਪਿਆਰ ਦਾ ਇਹ ਪ੍ਰਗਟਾਵਾ ਮੇਰੇ ਲਈ ਖ਼ਾਸੀ ਫਖ਼ਰ ਵਾਲੀ ਗੱਲ ਹੈ। ਅਸੀਂ ਜਦੋਂ ਤੁਹਾਡੇ ਵਰਗੇ ਹੁੰਦੇ ਸੀ ਸਾਨੂੰ ਕਾਸੇ ਦੀ ਸੂਹ ਨਹੀਂ ਸੀ ਹੁੰਦੀ ਪਰ ਸ਼ੁਕਰ ਐ ਸਾਥੋਂ ਅਗਲੀ ਪੀੜ੍ਹੀ ਸਾਡੇ ਨਾਲੋਂ ਚੁਸਤ ਬਲਕਿ ਚੇਤਨ ਹੈ।

ਸਮੇਂ ਸਮੇਂ ਦੇ ਰਾਗ ਹਨ। ਹਰ ਕੋਈ ਆਪਣੇ ਆਪਣੇ ਹਿਸਾਬ ਨਾਲ ਰਾਗ ਅਲਾਪ ਰਿਹਾ ਹੈ। ਕੀ ਚੰਗਾ ਹੈ ਤੇ ਕੀ ਮਾੜਾ ਇਸਦਾ ਨਿਰਨਾ ਆਪਣੇ ਕਹਿਣ ਨਾਲ ਨਹੀਂ ਹੋਣਾ। ਇਸਦਾ ਨਿਰਣਾ ਇਤਿਹਾਸ ਨੇ ਕਰਨਾ ਹੈ। ਇਤਿਹਾਸ ਦਾ ਪਹੀਆ ਕਦੇ ਪੁੱਠਾ ਨਹੀਂ ਘੁਮਾਇਆ ਜਾ ਸਕਦਾ। 'ਦਲਿਤ ਚੇਤਨਾ' ਦੇ ਸਹੀ ਸਰੂਪ ਦਾ ਫ਼ੈਸਲਾ ਵੀ ਇਤਿਹਾਸ ਨੇ ਕਰਨਾ ਤੇ ਇਤਿਹਾਸ ਮੇਰੀ 'ਨੂੰਹਾਂ' ਕਹਾਣੀ ਦੇ ਅੱਗੇ ਅੱਗੇ ਜਾ ਰਿਹਾ ਹੈ। ਤੁਸੀਂ ਕਿਸੇ ਠੋਸ ਏਜੰਡੇ 'ਤੇ ਬਹਿਸ ਦਾ ਮੁੱਢ ਬੰਨ੍ਹੋ। ਜਿਹੜੀ ਗੱਲ ਕੋਈ ਕਹਿੰਦੈ ਕਹਿਣ ਦਿੱਤੀ ਜਾਣੀ ਚਾਹੀਦੀ ਹੈ। ਜੇ ਕੋਈ ਕਹੇ ਕਿ ਇਸਦੀ ਗੁਰਜ ਮੇਰੇ ਕੋਲ ਹੀ ਹੈ। ਉਹ ਉਸਦਾ ਹੰਕਾਰ ਹੀ ਹੋ ਸਕਦੈ। ਮੈਂ ਬੋਲਿਆ ਹੀ ਭਾਵਕ ਹੋ ਕੇ ਸੀ ਪਰ ਮੇਰੀ ਭਾਵੁਕਤਾ ਤਰਕ ਤੋਂ ਪਰੇ ਨਹੀਂ ਸੀ। ਇਹੋ ਜਿਹੇ ਮਸਲੇ 'ਤੇ ਭਾਵੁਕ ਹੋ ਕੇ ਹੀ ਬੋਲਿਆ ਜਾ ਸਕਦੈ। ਜੀਵਨੀ ਦਾ ਕੁਝ ਅੰਸ਼ ਅੱਜ ਫੇਰ ਪੰਜਾਬੀ ਟ੍ਰਿਬਿਊਨ ਨੂੰ ਭੇਜਿਆ ਹੈ।

ਇਥੇ ਬਸਪਾ ਦਾ ਕੋਈ ਕੌਮੀ ਆਗੂ ਮਿਲਿਆ ਸੀ। ਮੈਨੂੰ ਨਸੀਹਤ ਦੇ ਰਿਹਾ ਸੀ ਕਿ ਮੈਨੂੰ ਸਮਾਜ ਬਾਰੇ ਵੀ ਲਿਖਣਾ ਚਾਹੀਦੈ ਪਰ ਮੈਨੂੰ ਉਸਦਾ ਉਪਦੇਸ਼ ਸਮਝ ਵਿਚ ਹੀ ਨਹੀਂ ਆਇਆ। ਸੋ ਇਸ ਮਸਲੇ ਦੀ ਨਾਜ਼ੁਕਤਾ ਨੂੰ ਸਮਝੇ ਬਗੈਰ ਮੇਰੇ ਖ਼ਿਆਲ ਮੁਤਾਬਿਕ ਹੱਥ ਨਹੀਂ ਪਾਉਣਾ ਚਾਹੀਦਾ।

**-ਅਤਰਜੀਤ, ਬਠਿੰਡਾ**

ਪਿਆਰੇ ਭਗਵੰਤ 16-9-95

ਤੇਰੇ ਦੋਵੇਂ ਬਹੁਤ ਪਿਆਰੇ ਪੱਤਰ ਮਿਲ ਗਏ ਹਨ। ਮੈਂ ਲਗਾਤਾਰ ਸਰੀਰਕ ਤੇ ਮਾਨਸਿਕ ਪ੍ਰੇਸ਼ਾਨੀਆਂ ਦਾ ਸ਼ਿਕਾਰ ਰਿਹਾ ਹਾਂ। ਏਸੇ ਕਰਕੇ ਪੱਤਰ ਲਿਖਣ ਵਿਚ ਘੌਲ ਹੁੰਦੀ ਰਹੀ ਹੈ।

ਮੁਖ ਅਧਿਆਪਕਾ ਦੇ ਵਿਰੁੱਧ ਕੇਸ ਕਰਨ ਨੇ ਮੈਨੂੰ ਕਾਫ਼ੀ ਉਲਝਾਈ ਰੱਖਿਆ ਹੈ। ਮੇਰੇ ਤੇ ਉਸਨੇ ਬਹੁਤ ਹੀ ਅਚਨਚੇਤੀ ਭਰਵਾਂ ਵਾਰ ਕੀਤਾ ਹੈ। ਮੈਂ ਤਾਂ ਸੋਚ ਵੀ ਨਹੀਂ ਸੀ ਸਕਦਾ ਕਿ ਪੁਲੀਸ ਏਸ ਤਰ੍ਹਾਂ ਸਵੇਰੇ ਹੀ ਮੈਨੂੰ ਗ੍ਰਿਫ਼ਤਾਰ ਕਰਕੇ ਲੈ ਜਾਵੇਗੀ। ਖ਼ੈਰ ਹੁਣ ਉਸਨੂੰ ਏਸ ਕਰਤੂਤ ਦਾ ਫ਼ਲ ਤਾਂ ਭੁਗਤਣਾ ਹੀ

ਪਵੇਗਾ।

ਤੁਹਾਡੀ ਸਾਰਿਆਂ ਦੀ ਵਧੀਆ ਹੋਣ ਦੀ ਕਨਸੋਅ ਨੇ ਮੈਨੂੰ ਸਕੂਨ ਮਿਲਦਾ ਹੈ। ਕੜਿਆਲਵੀ ਨੇ ਬਹੁਤ ਸਾਰੇ ਸੁਆਲ ਲਿਖ ਭੇਜੇ ਹਨ। ਇਕ ਅੱਧੇ ਦਿਨ ਵਿਚ ਉਨ੍ਹਾਂ ਦਾ ਉਤਰ ਦੇਣ ਦੀ ਤਿਆਰੀ ਵਿਚ ਹਾਂ। ਮੈਂ ਅੱਜ ਕੱਲ੍ਹ ਮਨੋ ਪੀੜਾ ਅਵਸਥਾ 'ਚੋਂ ਗੁਜ਼ਰ ਰਿਹਾ ਹਾਂ। ਕਚਹਿਰੀਆਂ ਦੇ ਚੱਕਰ ਤੇ ਰੋਜ਼ ਦੀਆਂ ਦਰਖ਼ਾਸਤਾਂ ਦੀ ਲਿਖ ਲਿਖਾਈ, ਟਾਈਪ, ਫੋਟੋ ਸਟੈਟ ਆਦਿ ਨੇ ਦਿਮਾਗ਼ ਨੂੰ ਉਲਝਾਇਆ ਹੋਇਆ ਹੈ। ਪਿਛਲੇ ਦਿਨੀ ਇਕ ਕਹਾਣੀ ਲਿਖ ਕੇ **'ਆਰਸੀ'** ਨੂੰ ਘੱਲੀ ਹੋਈ ਹੈ। ਜਵਾਬ ਕੋਈ ਨਹੀਂ ਆਇਆ। ਮੇਰਾ ਨਾਇਕ ਘਰ ਵਿਚ ਬੈਠਾ ਖ਼ਿਆਲਾ ਖ਼ਿਆਲਾ ਵਿਚ ਹੀ ਭਰਾ ਦਾ ਕਤਲ ਕਰਕੇ ਸੰਤਾਪ ਭੋਗ ਰਿਹਾ ਹੈ। ਕੀਤਾ ਕੁਝ ਨਹੀਂ।

ਪੜ੍ਹਿਆ ਤਾਂ ਜਾਂਦਾ ਨਹੀਂ। ਮੇਰੀ ਉਸ ਸਕੂਲ ਤੋਂ ਰਤਾ ਦੁਰਾਡੇ ਦੀ ਬਦਲੀ ਕਰ ਦਿੱਤੀ ਗਈ ਹੈ। ਬਦਲੀ ਕਰਨ ਲਈ ਕੋਈ ਬਹਾਨਾ ਚਾਹੀਦਾ ਸੀ। ਉਹ ਮੁੱਖ ਅਧਿਆਪਕਾਂ ਤੇ ਡੀ. ਈ. ਓ. ਨੇ ਰਲ ਕੇ ਲੱਭ ਲਿਆ। ਖੈਰ ਸਭ ਕਾਸੇ ਦੇ ਬਾਵਜੂਦ ਮੈਂ ਹੌਸਲੇ ਨੂੰ ਕਾਇਮ ਰੱਖਿਆ ਹੋਇਆ ਹੈ।

**-ਅਤਰਜੀਤ, ਬਠਿੰਡਾ**

ਪਿਆਰੇ ਰਸੂਲਪੁਰੀ 20 ਫਰਵਰੀ, 1994

'ਲੋਕ ਲਹਿਰ' ਵਿਚਲੀ ਕਹਾਣੀ 'ਧੁੰਦ ਨੂੰ ਚੀਰਦਾ ਸੂਰਜ' ਪੜ੍ਹ ਰਿਹਾ ਸਾਂ ਕਿ ਤੇਰਾ ਖ਼ਤ ਆ ਗਿਆ। ਕਹਾਣੀ ਵਿਚਾਲੇ ਰਹਿ ਗਈ। ਫਿਰ ਰਾਤ ਦੁਬਾਰਾ ਸਿਰੇ ਤੋਂ ਕਹਾਣੀ ਫੇਰ ਪੜ੍ਹੀ ਹੈ। ਸਵੇਰੇ ਉੱਠ ਕੇ ਫੇਰ ਕਿਉਂ ਜੋ ਬਸੰਤੇ ਤੇ ਧੁੰਦ 'ਚੋਂ ਨਿਕਲ ਰਹੇ ਸੂਰਜ (ਛੋਟੇ ਮੁੰਡੇ) ਦੇ ਕਿਰਦਾਰ ਨੂੰ ਫੜਨ ਵਿਚ ਅਕਲ ਸਾਥ ਨਹੀਂ ਸੀ ਦੇ ਰਹੀ। ਜਦ ਮੈਂ ਇਹ ਕਹਾਣੀ ਫੇਰ ਸਵੇਰੇ ਪੜ੍ਹੀ ਤਾਂ ਬਸੰਤੇ ਦਾ ਕਿਰਦਾਰ ਮੈਨੂੰ ਸੱਚ ਮੁੱਚ ਹੀ ਬਹੁਤ ਪਿਆਰਾ ਲੱਗਿਆ। ਇਹੋ ਜਿਹੇ ਜਿਉਂਦੇ ਜਾਗਦੇ ਪਾਤਰ ਜਿਹੋ ਜਿਹੇ ਸੜਿਆਂਦ ਮਾਰਦੇ ਸਮਾਜਿਕ ਪ੍ਰਦੂਸ਼ਨ ਵਿਚ ਜ਼ਿੰਦਗੀ ਜੀਅ ਰਹੇ ਹਨ ਨਿਸਚੇ ਹੀ ਯਥਾਰਥ ਚਿਤਰਨ ਹੈ। ਪਰ ਜੋ ਬਸੰਤਾ ਆਪਣੇ ਕਾਮਰੇਡ ਪੁੱਤਰ ਦੀ ਪਾਰਟੀ ਦਾ ਨਾਂ ਵੀ ਨਹੀਂ ਜਾਣਦਾ ਤੇ ਉਸ ਨੂੰ ਪਤਾ ਵੀ ਨਹੀਂ ਕਿ ਉਹ ਕਿਹੋ ਜਿਹੀਆਂ ਗੱਲਾਂ ਕਰਦਾ ਫਿਰਦਾ ਹੈ। (ਫੱਤੂ ਤੇ ਬਸੰਤੇ ਦੀ ਗੁਫ਼ਤਗੂ) ਫਿਰ ਉਸਨੂੰ ਇਹ ਕਿਵੇਂ ਪਤਾ ਲੱਗ ਗਿਆ ਕਿ ਉਹ ਹੱਕਾਂ ਲਈ ਲੜਦਾ ਫਿਰਦਾ ਹੈ। ਕਹਾਣੀ ਥੋੜ੍ਹਾ ਹੋਰ ਵਿਸਥਾਰ ਮੰਗਦੀ ਸੀ। ਲੋਕ ਲਹਿਰ ਲਈ ਲਿਖੀ ਹੋਣ ਕਰਕੇ ਕੁਝ ਤਕਨੀਕੀ ਨੁਕਸ ਰਹਿ ਗਏ ਹਨ।

ਰਸੂਲਪੁਰੀ ਕਹਾਣੀ ਕਿਸੇ ਪਰਚੇ ਨੂੰ ਸਾਮ੍ਹਣੇ ਰੱਖ ਕੇ ਨਾ ਲਿਖੋ ਜਿਵੇਂ 'ਲਕੀਰ' ਲਈ ਹੋਰ ਤਰ੍ਹਾਂ ਦੀ ਤੇ 'ਲੋਕ ਲਹਿਰ' ਲਈ ਹੋਰ ਤਰ੍ਹਾਂ ਦੀ। ਇਸ ਤਰ੍ਹਾਂ 'ਤੁਹਾਡੀ ਸ਼ੈਲੀ' ਸਥਾਪਤ ਨਹੀਂ ਹੋ ਸਕਣੀ। ਵਿਸ਼ੇ ਵੱਖ ਵੱਖ ਹੋ ਸਕਦੇ ਹਨ ਪਰ 'ਤੁਹਾਡਾ' ਦ੍ਰਿਸ਼ਟੀਕੋਣ ਇਕੋ ਪਾਸੇ ਸੇਧਤ ਹੋਣਾ ਚਾਹੀਦੈ ਉਹ ਵੀ ਸਮਾਜਿਕ ਵਿਗਿਆਨਿਕ ਚੇਤਨਾ ਮੁਖੀ। ਸ਼ੁਰੂ ਸ਼ੁਰੂ 'ਚ 'ਸਾਡੇ' ਕੋਲੋਂ ਪਰਚਾਰ ਦਾ ਸ਼ਿਕਾਰ ਹੋਇਆ ਜਾਂਦਾ ਹੈ। ਪਰਚਾਰ ਤੋਂ 'ਅਸੀਂ' ਮੁਕਤ ਕਦੀ ਵੀ ਨਹੀਂ ਹੋ ਸਕਦੇ ਪਰ ਇਹ ਪਰਚਾਰ ਸੱਚੀਓਂ ਐਸ ਤਰ੍ਹਾਂ ਦਾ ਹੋਣਾ ਚਾਹੀਦੈ ਜਿਵੇਂ ਫੁੱਲਾਂ ਵਿਚ ਖੁਸ਼ਬੋ। ਇਥੇ ਬਸੰਤਾ ਉਲਾਰ ਹੋ ਕੇ ਮੁੰਡੇ ਦੇ ਵਿਚਾਰਾਂ ਦਾ ਇਕਪਾਸੜ ਹੀ ਧਾਰਨੀ ਹੋ ਗਿਆ ਜਾਪਦਾ ਹੈ ਹੋ ਸਕਦੈ ਮੈਥੋਂ ਹੀ ਫ਼ਰਕ ਰਹਿ ਗਿਆ ਹੋਵੇ ਸਮਝਣ ਵਿੱਚ।

ਬਿੰਦਰ ਬਸਰਾ ਦੇ ਵਿਆਹ ਵਿਚ ਜੇ ਮੈਂ ਆਪਣੇ ਆਪ ਨੂੰ ਵੱਡਾ ਵੱਡਾ ਸਮਝੀ ਜਾਂਦਾ ਤਾਂ ਮੈਂ ਆਪਣੇ ਆਪ ਨਾਲ ਹੀ ਬੇਇਨਸਾਫ਼ੀ ਕਰਨੀ ਸੀ। ਮੇਰੇ ਹਾਣ ਦੇ ਸਾਰੇ ਲੋਕ ਜੋ ਵੀ ਸਨ ਮੈਂ ਉਨ੍ਹਾਂ ਨਾਲ ਭਲਾ ਕਿਵੇਂ ਮਿਚਦਾ। ਤੁਹਾਡੇ ਨਾਲ ਮਿਚਣ ਲਈ ਮੈਂ ਕੋਈ ਉਚੇਚ ਵੀ ਨਹੀਂ ਕੀਤਾ ਬੱਸ ਮੇਰਾ ਜੀਵਨ ਹੀ ਇਸ ਅੰਦਾਜ਼ ਨੂੰ ਆਪਣਾ ਗਿਆ ਹੈ।

**-ਅਤਰਜੀਤ**



ਪਿਆਰੇ ਭਗਵੰਤ 17-2-99

ਨਿੱਘਾ ਪਿਆਰ। ਤੇਰੀ ਪ੍ਰੇਮ ਪਾਤੀ ਪੁੱਜੀ। ਚਿੱਤ ਖ਼ੁਸ਼ ਹੋ ਗਿਆ। ਮੈਂ ਪਿਛਲੇ ਸਮੇਂ ਟੁੱਟਿਆ ਰਿਹਾ ਹਾਂ ਤੇ ਲਗਾਤਾਰ ਜੁੜਨ ਦੀ ਕੋਸ਼ਿਸ਼ ਵਿਚ ਰਿਹਾ ਹਾਂ। ਏਸੇ ਕਰਕੇ ਕੁਝ ਵੀ ਲਿਖ ਨਹੀਂ ਸਕਿਆ।

ਕੁਝ ਬਗੈਰ ਪੈਨਸ਼ਨ ਲਏ ਸੇਵਾ ਮੁਕਤ ਹੋ ਕੇ ਅਜੇ ਖਾਲੀ ਹੱਥ ਘਰ ਆ ਗਿਆ ਹਾਂ। ਪੈਨਸ਼ਨ ਲਈ ਕੋਰਟ ਕੇਸ ਕਰਨਾ ਪਵੇਗਾ। ਆਉਣ ਵਾਲੇ ਦਿਨਾਂ ਵਿਚ ਠੀਕ ਹੋ ਜਾਵਾਂਗਾ ਤੇ ਫਿਰ ਨਿੱਠ ਕੇ ਲਿਖਣ ਪੜ੍ਹਨ ਵਿਚ ਜੁਟ ਜਾਵਾਂਗਾ।

**-ਅਤਰਜੀਤ, ਬਠਿੰਡਾ**

## ਨਾਵਲਕਾਰ ਅਵਤਾਰ ਸਿੰਘ ਬਿਲਿੰਗ ਦੇ ਦੋ ਖ਼ਤ ਬਲਦੇਵ ਸਿੰਘ ਤੇ ਰਸੂਲਪੁਰੀ ਵੱਲ

ਸਤਿਕਾਰਯੋਗ ਬਲਦੇਵ ਸਿੰਘ ਜੀ 25-5-2002

ਅੱਜ ਹੀ 'ਸਿਰਜਣਾ-124' ਵਿਚ ਤੁਹਾਡੀ ਕਹਾਣੀ 'ਜ਼ਿੰਦਗੀ ਮੈਂ ਮਿਲਾਂਗੀ ਤੈਨੂੰ' ਪੜ੍ਹੀ ਹੈ। 'ਆ ਭੈਣ ਫ਼ਾਤਮਾ' ਦੇ ਬਰਾਬਰ ਹੀ ਜਾ ਖੜ੍ਹਦੀ ਹੈ। ਬੜਾ ਗੰਭੀਰ ਅਤੇ ਯਥਾਰਥਕ ਵਿਸ਼ਾ ਚੁਣਿਆ ਹੈ ਤੁਸਾਂ। ਯਥਾਰਥ ਉੱਤੇ ਤੁਹਾਡੀ ਪਕੜ ਵੀ ਮਜ਼ਬੂਤ ਹੈ। ਸਾਈਕੈਟਰਿਕ ਯਥਾਰਥ ਜੇ ਕਿਸੇ ਹੋਰ ਦੇ ਹੱਥਾਂ ਵਿਚ ਹੁੰਦਾ ਤਾਂ ਪੇਤਲਾ ਪੈ ਜਾਂਦਾ, ਬਣਾਵਟੀ ਬਣ ਜਾਂਦਾ। ਪਰ ਤੁਹਾਡੀ ਖੋਜੀ ਬਿਰਤੀ ਕਾਰਨ ਤੁਸੀਂ ਉਸ ਨੂੰ ਚਿਤਰਨ ਵਿਚ ਸਫ਼ਲ ਹੋਏ ਹੋ। ਇਕ ਔਰਤ, ਇਕ ਸੌਂਕਣ, ਫੇਰ ਮਾਨਸਿਕ ਪੱਖ ਤੋਂ ਖਿੰਡੀ ਹੋਈ ਪਾਤਰ ਦੇ ਮਨੋਭਾਵਾਂ ਨੂੰ ਤੁਸਾਂ ਖ਼ੂਬ ਚਿਤਰਿਆ ਹੈ। ਵਧਾਈ ਭੇਜ ਰਿਹਾ ਹਾਂ। ਤੁਹਾਡੇ ਇਕ ਨਾਵਲ ਦਾ ਕਾਂਡ ਵੀ ਕਿਤੇ ਪੜ੍ਹਿਆ ਸੀ ਪਰ ਉਹ ਇਸ ਕਹਾਣੀ ਜਿੰਨਾ ਬੱਝਵਾਂ ਪ੍ਰਭਾਵ ਨਹੀਂ ਸੀ ਪਾ ਸਕਿਆ। ਕਿਸੇ ਸੀਰੀ ਮੁੰਡੇ ਦੇ ਮਨੋਭਾਵ ਤੇ ਸਥਿਤੀ ਮੈਨੂੰ ਕੁਝ ਬਨਾਵਟੀ ਜਾਪੀ ਸੀ। ਕਹਾਣੀ ਉਹੀ ਚੰਗੀ ਲੱਗਦੀ ਹੈ ਜਿਸਦਾ ਸਮੁੱਚਾ ਪ੍ਰਭਾਵ ਉਸਾਰੂ ਪਵੇ ਭਾਵੇਂ ਜੀਵਨ ਦੀ Negative side ਹੀ ਚਿਤਰੀ ਗਈ ਹੋਵੇ। ਅੱਜ ਕੱਲ੍ਹ ਪੰਜਾਬੀ ਵਿਚ ਨਾਂਹਦਰੂ ਪੱਖ ਜ਼ਿਆਦਾ ਚਿਤਰਿਆ ਜਾਣ ਲੱਗਾ ਹੈ ਜੋ ਯਥਾਰਥੀ ਸੋਚ ਨਹੀਂ ਸਗੋਂ ਫਿਲਮੀ ਸੱਚ ਬਣ ਜਾਂਦਾ ਹੈ। ਮੁਕਾਬਲਤਨ ਤੁਹਾਡੀ ਇਹ ਗਲਪ ਰਚਨਾ ਬਹੁਤ ਉਸਾਰੂ ਪ੍ਰਭਾਵ ਸਿਰਜਦੀ ਹੈ। ਦੂਜੀ ਕਹਾਣੀ 'ਦਰੱਖਤ' ਵੀ ਇਸ ਵਾਂਗ ਹੀ ਕਾਫੀ ਚੰਗਾ ਪ੍ਰਭਾਵ ਪਾਉਂਦੀ ਹੈ। ਬਿਮਾਰ ਸਾਹਿਤ ਵਾਲਾ ਉੱਕਾ ਹੀ ਨਹੀਂ। ਤੀਜੀ ਕਹਾਣੀ 'ਕਤੀੜ' ਵਿਚ ਨੰਗੀ ਨਾਹਰੇਬਾਜ਼ੀ ਹੈ ਭਾਵੇਂ ਸੁਨੇਹਾ ਉਥੇ ਵੀ ਮਾਨਵਵਾਦੀ ਹੈ। ਮਸਲਾ ਤਾਂ ਪਹੁੰਚ ਦਾ ਹੈ। ਸਫ਼ਲ ਆਤਿ ਸਫ਼ਲ ਕਥਾ ਰਚਨਾ ਲਈ ਇਕ ਵਾਰੀ ਫੇਰ ਮੁਬਾਰਕਵਾਦ।

**-ਅਤਵਾਰ ਸਿੰਘ ਬਿਲਿੰਗ**

ਪਿਆਰੇ ਰਸੂਲਪੁਰੀ 16-5-95

ਤੇਰੀ ਕਹਾਣੀ 'ਸਿਰਜਣਾ, 97 ਵਿਚ ਦੇਖ ਕੇ ਬੜੀ ਖ਼ੁਸ਼ੀ ਹੋਈ ਪਰ ਜਲਦੀ ਹੀ ਰਸਾਲਾ ਕਿਧਰੇ ਔਂਟਲ ਗਿਆ। ਹੁਣ ਮਹੀਨੇ ਬਾਅਦ ਇਕ ਫਾਈਲ ਵਿਚੋਂ ਲੱਭਿਆ ਤਾਂ ਪਹਿਲਾਂ ਤੇਰੀ 'ਕਸੂਰਵਾਰ' ਪੜ੍ਹੀ। ਬਹੁਤ ਵਧੀਆ ਕ੍ਰਿਤ ਹੈ, ਸਚਮੁੱਚ ਹੀ ਆਛੂਤੇ ਵਿਸ਼ੇ ਵਾਲੀ। ਹੁੱਕੀ ਵਾਲੀ ਬੁੜ੍ਹੀ ਦਾ ਪਾਤਰ ਖ਼ੂਬ ਚਿਤਰਿਆ ਹੈ। ਬੋਲੀ ਵੀ ਢੁੱਕਵੀਂ ਹੈ। ਵਿਸ਼ੇ ਦੀ ਮਜ਼ਬੂਰੀ ਦੇ ਬਾਵਜੂਦ ਅਸ਼ਲੀਲਤਾ ਵੀ ਕਿਧਰੇ ਦਿਖਾਈ ਨਹੀਂ ਦਿੰਦੀ। ਪ੍ਰੇਮ ਪ੍ਰਕਾਸ਼ ਦੀ 'ਕੁੰਡਲਿਨੀ' ਵਰਗਾ ਮਹੌਲ ਸਿਰਜਿਆ ਗਿਆ ਹੈ। ਪਰ ਰੌਮੀ ਨਾਲ ਬੇਇਨਸਾਫ਼ੀ ਕੀਤੀ ਲੱਗਦੀ ਹੈ। ਉਸਨੂੰ ਮਾਰ ਦੇਣਾ ਸੁਭਾਵਿਕ ਨਹੀਂ ਲੱਗਦਾ। ਸਿਰਫ਼ ਪ੍ਰਤੀਕ ਨੂੰ ਸਸ਼ਕਤ ਬਣਾਉਣ ਲਈ ਜਾਂ ਰੱਜੋ ਦੇ ਬੁਕਲ ਵਜੋਂ ਵਰਤਣ ਲਈ ਹੀ ਇਹ ਕੀਤਾ ਗਿਆ ਲੱਗਦਾ ਹੈ।

ਏਨੀ ਚੰਗੀ ਕਹਾਣੀ ਲਈ ਮੁਬਾਰਕਵਾਦ ਭੇਜ ਰਿਹਾ ਹਾਂ। ਸੁੱਭ ਚਿੰਤਕ

**-ਅਵਤਾਰ ਸਿੰਘ ਬਿਲਿੰਗ, ਸੇਹ**

**ਕਥਕਾਰ ਸਰੂਪ ਸਿਆਲਵੀ ਦੇ ਖ਼ਤ ਭਗਵੰਤ ਰਸੂਲਪੁਰੀ ਵੱਲ**

ਰਸੂਲਪੁਰੀ 14-6-97

ਸਭ ਤੋਂ ਪਹਿਲਾਂ ਮੈਂ ਆਪ ਜੀ ਨੂੰ **'ਪ੍ਰਿ. ਸੁਜਾਨ ਸਿੰਘ ਕਹਾਣੀ ਪੁਰਸਕਾਰ'** ਮਿਲਣ ਤੇ ਵਧਾਈ ਦਿੰਦਾ ਹਾਂ। ਇਹ ਖਬਰ ਤੇ ਤੁਹਾਡੀ ਫੋਟੋ ਮੈਂ ਅੱਜ ਅਖਬਾਰ ਵਿਚੋਂ ਪੜ੍ਹੀ ਹੈ। ਮਨ ਡਾਢਾ ਖੁਸ਼ ਹੋਇਆ। ਇਹ ਗੱਲ ਵੱਖਰੀ ਹੈ ਕਿ ਤੁਹਡੀ ਕਹਾਣੀਆਂ ਦੀ ਪੁਸਤਕ **'ਮੈਂ ਸ਼ੈਤਾਨ ਤੇ ਇੰਦੂਮਣੀ'** ਚੰਡੀਗੜ੍ਹ ਤੋਂ ਮਿਲੀ ਨਹੀਂ। ਪ੍ਰਕਾਸ਼ਕ ਤੋਂ ਮੰਗਵਾ ਕੇ ਪੜ੍ਹਾਂਗਾ।

ਦੂਜੀ ਗੱਲ ਆਪ ਜੀ ਨੇ ਮੇਰੀ ਕਹਾਣੀ ਨੂੰ ਪਸੰਦ ਕੀਤਾ ਹੈ, ਮੇਰੇ ਬਾਰੇ ਜ਼ਿਕਰ ਕਰਦਿਆਂ ਇਹ ਲਿਖਣਾ ਨਾ ਭੁੱਲਣਾ ਕਿ ਮੈਂ ਦੁਬਾਰਾ ਕਹਾਣੀਆਂ ਤ੍ਰੈ ਮਾਸਕ **'ਲਕੀਰ'** ਤੇ ਪ੍ਰੇਮ ਪ੍ਰਕਾਸ਼ ਤੋਂ ਪ੍ਰੇਰਨਾ ਲੈ ਕੇ ਹੀ ਲਿਖਣ ਲੱਗਿਆ।

ਮੈਂ ਵੀ ਆਪਣੀ ਕਹਾਣੀਆਂ ਦੀ ਪੁਸਤਕ ਛਪਵਾਉਣੀ ਚਾਹੁੰਦਾ ਹਾਂ। ਕਿਤੇ ਸਮਾਂ ਕੱਢਕੇ ਲਿਖਣਾ। ਰਵਨੀਤ ਲਿੱਟ ਯਾਦਗਾਰੀ ਪ੍ਰਕਾਸ਼ਨ, ਖੰਨਾ ਵਾਲਿਆਂ ਦੀਆਂ ਸ਼ਰਤਾਂ ਬਹੁਤੀਆਂ ਔਖੀਆਂ ਤਾਂ ਨਹੀਂ।

**-ਸਰੂਪ ਸਿਆਲਵੀ, ਰੋਪੜ।**

ਰਸੂਲਪੁਰੀ ਜੀ 11-8-97

ਤੁਹਾਡੀਆਂ ਕਹਾਣੀਆਂ ਮੈਂ ਪੜ੍ਹ ਰਿਹਾ ਹਾਂ। ਸਭ ਤੋਂ ਵੱਧ ਮਹੱਤਵ ਉਹਦੀ ਟੈਕਸਟ ਦਾ ਹੈ। ਬੁਣਤੀ ਦਾ ਹੈ। ਇਹੀ ਸੁਹਜ ਹੈ। ਜਿਵੇਂ ਤੁਹਾਡੀ ਕਹਾਣੀ 'ਜਨੈਊ' ਹੈ। ਨਾਇਕਾ ਦਾ ਮੱਝ ਵੱਲ ਜਾਣਾ। ਉਹਦੀਆਂ ਅੱਖਾਂ ਵਿਚ ਬੇਬਸੀ ਵੇਖਣਾ, ਆਪਣੇ ਅੰਦਰ ਝਾਤ ਮਾਰਨ ਤੋਂ ਲੈ ਕੇ ਜਨੇਊ ਕੱਟਣ ਤੱਕ ਦੀ ਪ੍ਰਕਿਰਿਆ ਵਿਚ ਨੂੰ ਗੁਜ਼ਰਦੀ ਹੈ। ਪਰ ਅਲੋਚਕ ਇਹਦੇ ਬਾਰੇ ਇਕ ਸਤਰ ਲਿਖੇਗਾ। ਇਹ ਗੱਲ ਹੈ ਵੀ ਠੀਕ। ਜੇ ਕਹਾਣੀ ਵਿਚਲਾ ਸਭ ਕੁਝ ਅੱਜ ਪਕੜ ਵਿਚ ਆ ਗਿਆ, ਅਜਿਹੀ ਕਹਾਣੀ ਦਾ ਕੱਲ੍ਹ ਨੂੰ ਕੀ ਬਣੇਗਾ? ਅੱਜ ਲਿਖੀ ਕਹਾਣੀ ਤਾਂ ਕੱਲ੍ਹ ਨੂੰ ਵੀ ਪੜ੍ਹੀ ਜਾਵੇਗੀ। ਵਿਚਾਰੀ ਜਾਵੇਗੀ। ਸਮਝੀ ਜਾਵੇਗੀ।

**-ਸਰੂਪ ਸਿਆਲਵੀ, ਖਰੜ**

21-7-97

ਤੁਹਾਡੇ ਕਹਾਣੀ 'ਮੈਂ ਸ਼ੈਤਾਨ ਤੇ ਇੰਦੂਮਣੀ' ਦੀਆਂ ਕਹਾਣੀਆਂ ਮੈਂ ਹੌਲੀ ਹੌਲੀ ਪੜ੍ਹਾਂਗਾ। ਉਂਜ ਇਹਨਾਂ ਵਿਚੋਂ ਕਈ ਮੈਂ ਪਹਿਲਾਂ ਹੀ ਰਿਸਾਲਿਆਂ ਵਿਚ ਪੜ੍ਹੀਆਂ ਹੋਈਆਂ ਹਨ। ਜਿਵੇਂ ਕੋਈ ਮਰੀਜ਼ ਬਹੁਤੀ ਤੇਜ਼ ਡੋਜ਼ ਬੀਮਾਰੀ ਬਹੁਤ ਵਧਣ ਤੇ ਲੈਂਦਾ ਹੈ, ਉਸੇ ਤਰ੍ਹਾਂ ਮੈਂ ਪਹਿਲਾਂ ਹੀ ਆਪ ਦੀ ਕਹਾਣੀ 'ਕਸੂਰਵਾਰ' ਨੂੰ ਬਹੁਤ ਔਖੇ ਵੇਲੇ ਪੜ੍ਹੀਆਂ ਜਾਣ ਵਾਲੀਆਂ ਕਹਾਣੀਆਂ ਵਿਚ ਰੱਖਿਆ ਹੋਇਆ ਹੈ। ਇਸ ਕਹਾਣੀ ਦੀ ਸ਼ਲਾਘਾ ਵਿਚ ਮੈਂ ਸਿਰਜਣਾ ਨੂੰ ਚਿੱਠੀ ਲਿਖਣ ਲੱਗਾ ਸਾਂ, ਪਰ ਸਮੇਂ ਤੇ ਪੋਸਟ ਨਹੀਂ ਕਰ ਸਕਿਆ। ਆਪ ਦੀਆਂ ਕਹਾਣੀਆਂ ਕੀੜਾ, ਸ਼ੈਤਾਨ ਵੀ ਮਨੁੱਖੀ ਮਨ ਵਿਚ ਦੱਬੀਆਂ ਭਾਵਨਾਵਾਂ ਦਾ ਪ੍ਰਗਟਾ ਹਨ। ਸਾਰੀਆਂ ਕਹਾਣੀਆਂ ਦੁਬਾਰਾ ਪੜ੍ਹਕੇ ਲਿਖਾਂਗਾ। ਅਜੇ ਮੈਂ ਇਕ ਕਹਾਣੀ ਦਾ ਖਰੜਾ ਉਲੀਕ ਰਿਹਾ ਹਾਂ। ਇਕ ਬੇਨਤੀ ਹੈ ਮੈਂ ਗੁਰਮੀਤ ਕੜਿਆਲਵੀ ਦੀ ਕਹਾਣੀ 'ਹੱਡਾਰੋੜੀ ਤੇ ਰੇਹੜੀ' ਪੜ੍ਹਨਾ ਚਾਹੁੰਦਾ ਹਾਂ। ਮੈਂ ਇਕ ਵਾਰੀ ਪੜ੍ਹੀ ਸੀ, ਸਾਂਭ ਨਹੀਂ ਸਕਿਆ। ਇਸਦੀ ਫੋਟੋ ਕਾਪੀ ਭੇਜਣਾ ਦੀ ਕ੍ਰਿਪਾਲਤਾ ਕਰਨਾ। ਮੈਨੂੰ ਇਸ ਦੀ ਜਲਦੀ ਲੋੜ ਹੈ। ਜੇ ਇਹ ਕਹਾਣੀ ਨਹੀਂ ਵੀ ਮਿਲਦੀ ਤਾਂ ਇਸਦੇ ਮੁੱਖ ਪਾਤਰ ਦਾ ਨਾਂ ਤੇ ਕਹਾਣੀ ਵਿਚ ਵਾਪਰਦੀਆਂ ਘਟਨਾਵਾਂ ਇਕ ਪੈਰੇ ਵਿਚ ਲਿਖ ਦੇਣਾ।

**-ਸਰੂਪ ਸਿਆਲਵੀ, ਖਰੜ।**



**ਪਿਆਰ ਸਿੰਘ ਭੋਗਲ ਦਾ ਖ਼ਤ ਸਰੂਪ ਸਿਆਲਵੀ ਵੱਲ**

ਪਿਆਰੇ ਸਰੂਪ ਸਿਆਲਵੀ 1-2-2012

ਤੇਰੀ ਸਵੈਜੀਵਨੀ ਦਾ ਅੰਸ਼ 'ਕਹਾਣੀ ਧਾਰਾ' ਵਿਚ ਪੜ੍ਹਿਆ ਹੈ। ਪੜ੍ਹਨ ਲਈ ਲਾਇਕ ਪਰ ਘਰੋਂ ਗਰੀਬ ਮੁੰਡੇ ਦੀ ਆਪ ਬੀਤੀ ਪੜ੍ਹਕੇ ਬਹੁਤ ਖੁਸ਼ ਹੋਈ। ਮੇਰੀ ਆਪਣੀ ਮੁਢਲੀ ਹੱਡਬੀਤੀ ਬਿਲਕੁਲ ਇਸੇ ਕਿਸਮ ਦੀ ਸੀ।

ਪਰ ਮੈਂ ਚਾਹੁੰਦਾਂ, ਤੂੰ ਲੇਖਕ ਦੇ ਤੌਰ ਤੇ ਹੋਰ ਵਿਕਸਤ ਹੋਵੇਂ। ਤੇਰੀ ਸ੍ਵੈਜੀਵਨੀ ਸਾਹਿਤ ਵਿੱਚ ਗਿਣਨ-ਯੋਗ ਸਥਾਨ ਹਾਸਲ ਕਰੇ। ਇਸ ਲਈ ਦੋ ਗੱਲਾਂ ਵੱਲ ਧਿਆਨ ਦੇਣਾ, ਪਹਿਲੀ ਕਿਹੜੀ ਗੱਲ ਨੂੰ ਵਿਸਥਾਰ ਦੇਣਾ ਹੈ? ਕਿਹੜੀ ਗੱਲ ਬਾਰੇ ਸੰਕੋਚ ਵਰਤਣਾ ਹੈ? ਦੂਜੀ ਆਪਣੀ ਵਾਰਤਕ ਸ਼ੈਲੀ ਸੁਧਾਰ। ਕਹਾਣੀ ਲਿਖਣ ਵਾਂਗ ਸਵੈ ਜੀਵਨੀ ਲਿਖਣੀ ਵੀ ਕਲਾ ਹੈ। ਵਾਰਤਕ ਲਿਖਣਾ ਵੀ ਕਲਾ ਹੈ। ਇਨ੍ਹਾਂ ਦੋਵਾਂ ਕਲਾਵਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਬਿਹਤਰ ਹੈ, ਚੰਗੇ ਜੀਵਨੀਕਾਰ ਤੇ ਵਾਰਤਕਕਾਰ ਲੇਖਕ ਪੜ੍ਹੇ ਜਾਣ।

**-ਪਿਆਰ ਸਿੰਘ ਭੋਗਲ**

**ਨਾਵਲਕਾਰ ਬਲਜੀਤ ਕੌਰ ਬੱਲੀ ਦੇ ਦੋ ਖ਼ਤ ਬਲਬੀਰ ਕੌਰ ਸੰਘੇੜਾ ਵੱਲ**

ਨਿੱਘੀ ਬਲਬੀਰ ਸੰਘੇੜਾ 26-2-80

ਤੇਰੀ ਚਿੱਠੀ ਮਿਲੀ ਕਿੰਨੀ ਨਿੱਘੀ ਸੀ ਅੜੀਏ!

ਸੱਚ ਮੁੱਚ ਜਿਵੇਂ ਤੂੰ ਮਿਲੀ ਹੋਵੇਂ।

ਪਰ ਇਹ ਨਿੱਘ ਮੈਂ ਤੈਨੂੰ ਮਿਲ ਕੇ ਪ੍ਰਾਪਤ ਨਹੀਂ ਕਰ ਸਕੀ ਕਿਉਂਕਿ ਜਿਨ੍ਹਾਂ ਰਿਸ਼ਤੇਦਾਰਾਂ ਪਾਸ ਮੈਂ ਠਹਿਰਨਾ ਸੀ ਉਨ੍ਹਾਂ ਨੂੰ ਅਚਾਨਕ ਦੇਸ ਪਰਤਣਾ ਪਿਆ। ਫਿਰ ਅਗਲੇ ਸਾਲ ਅਗਲੀਆਂ ਛੁੱਟੀਆਂ 'ਚ ਵੇਖੀ ਜਾਵੇਗੀ।

**'ਇਕ ਖ਼ਤ ਨਾਂ ਸੱਜਣਾਂ ਦੇ'** ਲਈ ਰਵੀ ਸਾਹਿਤ ਵਾਲਿਆਂ ਨੂੰ ਦੋ ਵਾਰੀ ਲਿਖ ਚੁੱਕੀ ਹਾਂ ਕਿ ਵੀ ਵੀ ਪੀ ਕਰਕੇ ਭੇਜ ਦਿਓ ਪਰ ਅਜੇ ਤੱਕ ਕਿਧਰੋਂ ਤੁਹਾਡੀ ਪੁਸਤਕ ਪ੍ਰਾਪਤ ਨਹੀਂ ਹੋ ਸਕੀ। ਤੁਸੀਂ ਜਾਂ ਤਾਂ ਆਪ ਰਵੀ ਸਾਹਿਤ ਨੂੰ ਲਿਖੋ ਜਾਂ ਆਪਣੇ ਕੋਲੋਂ ਕਾਪੀ ਭੇਜਣ ਦੀ ਖੇਚਲ ਕਰੋ ਮੇਰੀ ਅਚਵੀ ਜਿਹੀ ਤਾਂ ਹੀ ਠੀਕ ਹੋਵੇਗੀ। ਮੈਂ ਨਾਵਲ 'ਆਪਣੀ ਛਾਵੇਂ' ਭੇਜ ਚੁੱਕੀ ਹਾਂ ਉਮੀਦ ਹੈ ਪ੍ਰਾਪਤ ਹੋ ਗਿਆ ਹੋਵੇਗਾ। ਤੇ ਪੜ੍ਹਨ ਉਪਰੰਤ ਵਿਚਾਰ ਵੀ ਜ਼ਰੂਰ ਲਿਖੋਗੇ ਹੈ ਨਾ? ਉਮੀਦ ਰੱਖਾ ਫਿਰ?

ਅਜ ਕੱਲ੍ਹ ਕੀ ਲਿਖਦੇ ਹੁੰਨੇ ਓ? ਪਿਛਲੇ ਮਹੀਨੇ 'ਮੁਟਿਆਰ' ਵਿੱਚ ਤੁਹਾਡਾ 'ਰੱਬ ਝੂਠ ਨਾ ਬੁਲਾਵੇ' ਪੜ੍ਹਿਆ ਸੀ ਵਧੀਆ ਲੱਗਾ ਸੀ। ਵਿਦੇਸ਼ੀ ਪਾਰਹੁਣਿਆਂ ਦੀ ਚੰਗੀ ਡੰਡ ਲਾਹੀ ਸੀ।

**-ਬਲਜੀਤ ਕੌਰ ਬੱਲੀ।**

ਪਿਆਰੀ ਬਲਬੀਰ ਸੰਘੇੜਾ

ਤੇਰਾ ਭੇਜਿਆ ਨਵੇਂ ਸਾਲ ਦਾ ਵਧਾਈ ਕਾਰਡ ਪੁੱਜ ਗਿਆ। ਤੁਹਾਡਾ ਖ਼ਤ ਆਉਣ ਪਿਛੋਂ ਕਹਾਣੀਆਂ ਦੀ ਪੁਸਤਕ ਭੇਜਾਗੀ। '...ਤੇ ਨਕਸ਼ ਮਿੱਟਦੇ ਗਏ' ਕੁੱਝ ਦਿਨਾਂ ਤੱਕ ਪ੍ਰਾਪਤ ਹੋਣ ਵਾਲੀ ਹੈ। ਐਤਕੀ **'ਜਨ ਸਾਹਿਤ'** ਮਿੰਨੀ ਕਹਾਣੀ ਅੰਕ ਸੀ ਪਰ ਤੇਰੇ ਨਾਂ ਬਿਨਾ ਸੁੰਞਾ ਜਿਹਾ ਲਗਦਾ ਰਿਹਾ। ਮੈਂ ਤੈਨੂੰ ਨਵੇਂ ਸਾਲ ਤੇ ਆਪਣਾ ਕਹਾਣੀ ਸੰਗ੍ਰਹਿ **'ਤੇ ਨਕਸ਼ ਮਿਟਦੇ ਗਏ'** ਭੇਜ ਰਹੀ ਹਾਂ।

ਆੜੀਏ ਮੈਨੂੰ ਅਫਸੋਸ ਹੈ ਹਾਲੀ ਮੈਂ ਤੇਰਾ ਨਾਵਲ ਨਹੀਂ ਪੜ੍ਹ ਸਕੀ। ਉਸਦੇ ਕਈ ਕਾਰਨ ਹਨ ਪਰ

ਮੈਂ ਹੁਣ ਲਿਖਾਂਗੀ ਨਹੀਂ। ਤੂੰ ਇਸਨੂੰ ਮੇਰਾ ਬਹਾਨਾ ਹੀ ਸਮਝ ਬੈਠੇ। 30 ਨਵੰਬਰ **'ਪੰਜਾਬੀ ਟ੍ਰਿਬਿਊਨ'** ਵਿਚ ਤੁਹਾਡੇ ਨਾਵਲ **'ਇਕ ਖ਼ਤ ਨਾਂ ਸੱਜਣਾਂ ਦੇ'** ਦਾ ਸਤਿੰਦਰ ਨੂਰ ਦਾ ਕੀਤਾ ਰੀਵੀਊ ਪੜ੍ਹਿਆ ਸੀ ਮੇਰੇ ਖਿਆਲ ਅਨੁਸਾਰ ਉਹ ਇੱਕ ਵਧੀਆ ਰੀਵੀਊ ਨਹੀਂ ਸੀ ਕੀਤਾ ਗਿਆ ਇੱਕ ਪੱਖ ਵੱਲ ਵਧੇਰੇ ਧਿਆਨ ਦਿੱਤਾ ਗਿਆ ਸੀ। ਬਾਕੀ ਪੱਖ ਅੱਖੋਂ ਓਹਲੇ ਕੀਤੇ ਗਏ ਸਨ। ਜਿਵੇਂ ਇਹ ਇਕ ਰੋਮਾਂਟਿਕ ਨਾਵਲ ਹੈ ਕਿਸ਼ੋਰ ਅਵਸਥਾ ਵਾਲਿਆਂ ਨੂੰ ਹੀ ਚੰਗਾ ਲੱਗ ਸਕਦਾ ਹੈ ਆਦਿ।

**-ਬਲਜੀਤ ਕੌਰ ਬੱਲੀ**

**ਨਾਵਲਕਾਰ ਬਲਜੀਤ ਕੌਰ ਬੱਲੀ ਦਾ ਖ਼ਤ ਭਗਵੰਤ ਰਸੂਲਪੁਰੀ ਵੱਲ**

ਭਗਵੰਤ 26-5-97

ਤੇਰੀਆਂ ਕਹਾਣੀਆਂ ਦੀ ਪੁਸਤਕ 'ਮੈਂ ਸ਼ੈਤਾਨ ਤੇ ਇੰਦੂਮਣੀ' ਦੀਆਂ ਕਹਾਣੀਆਂ ਮੈਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ ਹਨ। ਲਗਦਾ ਹੈ ਚੌਥੀ ਪੀੜ੍ਹੀ ਦੀ ਕਹਾਣੀ ਆਪਣਾ ਵੱਖਰਾ ਮੁਹਾਂਦਰਾਂ ਉਲੀਕਣ ਲਈ ਤਾਬੜ ਤੋੜ ਯਤਨ ਕਰ ਰਹੀ ਹੈ। ਬਾਕੀ ਸਮਾਂ ਦੱਸੇਗਾ। ਕਿਥੇ ਕੀ ਵੱਖਰਾ ਤੇ ਨਵਾਂ ਹੈ ਪਰ ਕੁਝ ਹੈ ਤਾਂ ਜ਼ਰੂਰ, ਜਿਸ ਕਰਕੇ ਚੌਥੀ ਪੀੜ੍ਹੀ ਦੀ ਗੱਲ ਸੁਣਨ ਤੋਂ ਵੀ ਕਈ ਤ੍ਰਹਿੰਦੇ ਨੇ। ਖ਼ੈਰ ! ਫੇਰ ਲਿਖਾਂਗਾ।

**-ਬਲਜੀਤ ਕੌਰ ਬੱਲੀ, ਪਟਿਆਲਾ**

ਪਿਆਰੇ ਭਗਵੰਤ ਰਸੂਲਪੁਰੀ 23-6-97

ਮੈਂ ਤੇਰੀ ਕਹਾਣੀਆਂ ਦੀ ਪੁਸਤਕ 'ਮੈਂ ਸ਼ੈਤਾਨ ਤੇ ਇੰਦੂਮਣੀ' ਪੜ੍ਹ ਲਈ ਹੈ। ਇਹ ਪੁਸਤਕ ਪੜ੍ਹਨ ਤੋਂ ਪਹਿਲਾਂ ਮੈਂ ਨਵੇਂ ਲਿਖਣ ਵਾਲੇ ਮੁੰਡਿਆਂ ਬਾਰੇ ਲਗਾਤਾਰ ਸੋਚਦੀ ਰਹੀ ਹਾਂ ਕਿ ਇਨ੍ਹਾਂ ਨੂੰ ਇਕ ਅੱਧ ਚੰਗੀ ਕਹਾਣੀ ਲਿਖਣ ਪਿਛੋਂ ਕਿਤਾਬ ਰੂਪ ਵਿਚ ਛਪਣ ਦੀ ਤੇ ਸਥਾਪਤ ਹੋਣ ਦੀ ਕਾਹਲ ਲੱਗੀ ਹੋਈ ਹੈ। ਇਸੇ ਵਿਚਾਰ ਅਧੀਨ ਮੈਂ ਤੇਰੀਆਂ ਕਹਾਣੀਆਂ ਨੂੰ ਪੜ੍ਹਨਾ ਸ਼ੁਰੂ ਕੀਤੀ ਸੀ। ਪਹਿਲੀ ਕਹਾਣੀ 'ਕਸੂਰਵਾਰ' ਪੜ੍ਹ ਲੈਣ ਪਿਛੋਂ ਵੀ ਮੈਂ ਇਹ ਸੋਚਦੀ ਰਹੀ ਹਾਂ ਕਿ ਇਹ ਜ਼ਰੂਰੀ ਨਹੀਂ ਕਿ ਇਸ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਪੜ੍ਹਨਯੋਗ ਹੋਣ। ਪਰੰਤੂ, ਜਿਉਂ-ਜਿਉਂ ਮੈਂ ਕਹਾਣੀਆਂ ਪੜ੍ਹਦੀ ਗਈ ਤਿਉਂ ਤਿਉਂ ਮੇਰੀ ਵਿਚਾਰਧਾਰਾ ਬਦਲਦੀ ਗਈ। ਇਹ ਪੁਸਤਕ ਲਿਖਣ ਲਈ ਮੈਂ ਤੈਨੂੰ ਦਿਲੋਂ ਮੁਬਾਰਕਬਾਦ ਦਿੰਦੀ ਹਾਂ ਤੇ ਉਮੀਦ ਕਰਦੀ ਹਾਂ ਕਿ ਤੂੰ ਹੋਰ ਵਧੀਆ ਕਹਾਣੀਆਂ ਲਿਖੇਂਗਾ।

ਇਸ ਪੁਸਤਕ ਵਿਚਲੀਆਂ ਸਾਰੀਆਂ ਕਹਾਣੀਆਂ ਦਲਿਤ ਵਰਗ ਦੀਆਂ ਕਹਾਣੀਆਂ ਹਨ, ਜਿਹੜੀਆਂ ਚੇਤੰਨ ਹੋ ਕੇ ਲਿਖੀਆਂ ਹੋਈਆਂ ਹਨ। ਇਸਦੇ ਨਾਲ ਹੀ ਮੈਂ ਇਹ ਗੱਲ ਕਹਿਣ ਤੋਂ ਵੀ ਸੰਕੋਚ ਨਹੀਂ ਕਰਾਂਗੀ ਕਿ ਇਹ ਕਹਾਣੀਆਂ ਬਹੁਤ ਨੇੜੇ ਦੇ ਅਨੁਭਵ ਦੀਆਂ ਕਹਾਣੀਆਂ ਹਨ ਜਿਸ ਕਰਕੇ ਇਨ੍ਹਾਂ ਕਹਾਣੀਆਂ ਵਿਚ ਵਧੇਰੇ ਡੂੰਘਾਈ ਆ ਸਕੀ ਹੈ। ਆਰਥਿਕ ਸਮੱਸਿਆਵਾਂ ਦੇ ਵੱਖ-ਵੱਖ ਪਹਿਲੂਆਂ ਨੂੰ ਤੂੰ ਨਿਰੋਲ ਯਥਾਰਥਕ ਦ੍ਰਿਸ਼ਟੀਕੋਣ ਤੋਂ ਚਿਤਰਿਆ ਹੈ। ਤੇਰੀਆਂ ਕਹਾਣੀਆਂ ਦੀ ਮੂਲ ਚੂਲ ਆਰਥਕ ਮੰਦਹਾਲੀ ਹੈ। ਇਸੇ ਮੰਦਹਾਲੀ ਕਰਕੇ ਹੀ ਰੱਜੋ ਤੇ ਅਮਰੋ (ਕਸੂਰਵਾਰ) ਜਿਹੀਆਂ ਔਰਤਾਂ ਬਦਚਲਣੀ ਦਾ ਜੀਵਨ ਜਿਉਂਦੀਆਂ ਹਨ ਤੇ ਇਸੇ ਕਰਕੇ ਰੌਸ਼ਨ ਜਿਹੇ ਮੁੰਡੇ ਖੋਤੇ ਵਾਂਗ ਕੰਮ ਕਰ ਕਰਕੇ ਕਾਮੁਕ ਭੁੱਖ ਨੂੰ ਦਬਾਈ ਰੱਖਦੇ ਹਨ ਜਿਹੜੀ ਪਿਛੋਂ ਪਾਗਲਪਣ (ਕੀੜਾ) ਦੇ ਰੂਪ ਵਿਚ ਉਭਰਦੀ ਹੈ ਜਾਂ 'ਸੈਤਾਨ' ਦਾ ਰੂਪ ਧਾਰਨ ਕਰਦੀ ਹੈ। ਇਸੇ ਗਰੀਬੀ ਤੇ ਬੇਵਸੀ ਵਿਚ ਔਰਤ ਦੀ ਦਸ਼ਾ ਮੱਝ ਨਾਲੋਂ ਮਾੜੀ ਹੁੰਦੀ ਹੈ ਤੇ ਇਸੇ ਆਰਥਕ ਅਸਾਵੇਂਪਨ ਵਿਚੋਂ ਸ਼ੇਰ ਸਿੰਘ ਵਰਗੇ ਕਾਮੇ ਬੰਦੇ ਮਿਹਨਤ ਮਜ਼ਦੂਰੀ ਕਰਦੇ ਟੁੱਟ ਜਾਂਦੇ ਹਨ ਤੇ ਕਾਫ਼ਰ ਲੋਕਾਂ ਦਾ ਸਾਹਮਣਾ ਕਰਨ ਤੋਂ ਡਰਦੇ ਹਨ।

'ਵਿਥਾਂ ਦੇ ਆਰ ਪਾਰ' ਇਸ ਸੰਗ੍ਰਹਿ ਦੀ ਸਭ ਤੋਂ ਲੰਮੇਰੀ ਕਹਾਣੀ ਹੋਣ ਦੇ ਬਾਵਜੂਦ ਪਾਠਕ ਦੀ



ਖਿਚ ਬਣਾਈ ਰਖਦੀ ਹੈ। ਛੋਟੀ ਕਿਰਸਾਨੀ ਤੇ ਦਿਹਾੜੀਦਾਰਾਂ ਦਾ ਇਕ ਦੂਜੇ ਪ੍ਰਤੀ ਵਤੀਰਾ ਆਪਣੀ ਆਪਣੀ ਆਰਥਕ ਮੰਦਹਾਲੀ ਵਿਚੋਂ ਉਭਰਦਾ ਹੈ। 'ਵਾਢਿਆਂ ਦੀਆਂ ਭਰੀਆਂ ਬੰਨ੍ਹਣ ਵੇਲੇ ਕੀਤੀਆਂ ਛੋਟੀਆਂ ਛੋਟੀਆਂ ਬੇਈਮਾਨੀਆਂ ਉਨ੍ਹਾਂ ਦੀ ਆਰਥਕ ਮੰਦਹਾਲੀ ਦੀ ਮੂੰਹ ਬੋਲਦੀ ਤਸਵੀਰ ਹਨ। ਇਸਦੇ ਨਾਲ ਹੀ ਇਸ ਕਹਾਣੀ ਵਿਚਲੇ ਸਾਰੇ ਪਾਤਰ ਆਪਣੀ ਆਪਣੀ ਬੇਈਮਾਨੀ ਪ੍ਰਤੀ ਸੁਹਿਰਦ ਹਨ ਉਹ ਇਸ ਬਾਰੇ ਇਕ ਦੂਜੇ ਨੂੰ ਖੁਸ਼ ਹੋ ਕੇ ਦਸਦੇ ਹਨ। ਇਸਨੂੰ ਆਪਣੀ ਚਤਰਾਈ ਵੀ ਕਹਿੰਦੇ ਹਨ ਤੇ ਰੱਖੇ ਵਰਗੇ ਇਸਨੂੰ ਲੁੱਟ ਵੀ ਕਹਿੰਦੇ ਹਨ, "ਲੁਟ ਲਓ ਸਹੁਰੀ ਦਿਆ ਨੂੰ, ਜਿੰਨਾ ਲੁੱਟ ਹੁੰਦਾ, ਅੱਜ ਕੱਲ, ਲੁੱਟ ਮਚੀ ਪਈਆ , ਚਾਰੇ ਪਾਸੇ। ਲੀਡਰ ਦੇਸ਼ ਲੁੱਟੀ ਜਾ ਰਹੇ ਆ... ਚੋਰ ਬੰਦੇ ਲੁੱਟੀ ਜਾ ਰਹੇ ਆ... ਤੁਸੀਂ ਚਾਰ ਮਣ ਦਾਣੇ ਈ ਲੁੱਟ ਲਓ।" ਭਾਵੇਂ ਮੀਕੇ ਵਰਗੇ ਪੜ੍ਹਿਆ ਲਿਖਿਆ ਨੌਜੁਆਨਾਂ ਨੂੰ ਇਸ ਤਰ੍ਹਾਂ ਦੀ ਲੁੱਟ ਨੂੰ ਨਿੰਦਦਾ ਹੈ ਤੇ ਕਹਿੰਦਾ ਹੈ ਕਿ ਉਹ ਵੀ ਆਪਣੇ ਭਰਾ ਹਨ। ਅਸਲ ਵਿਚ ਦੋਵੇਂ ਧਿਰਾ ਆਰਥਕ ਮੰਦਹਾਲੀ ਦਾ ਸ਼ਿਕਾਰ ਹੋਣ ਕਰਕੇ ਇਕ ਦੂਜੀ ਨੂੰ ਵਰਤਣ ਜਾਂ ਲੁੱਟਣ ਦੇ ਆਹਰ ਵਿਚ ਹਨ ਜਿਹੜੀ ਉਨ੍ਹਾਂ ਦੀ ਬੇਵਸੀ ਹੈ। ਇਸੇ ਆਰਥਕ ਪਾੜੇ ਕਾਰਨ ਇੰਦੂ ਵਰਗੀਆਂ ਕੁੜੀਆਂ 'ਇੰਦੂਮਣੀ' ਬਣਨ ਤੋਂ ਵਿਰਵੀਆਂ ਰਹਿ ਜਾਂਦੀਆਂ ਹਨ।

ਤੇਰੀਆਂ ਸਾਰੀਆਂ ਕਹਾਣੀਆਂ ਦੀ ਮੂਲ ਚੂਲ ਭਾਵੇਂ ਆਰਥਿਕਤਾ ਹੈ ਪਰ ਤੂੰ ਇਨ੍ਹਾਂ ਕਹਾਣੀਆਂ ਦੇ ਪਾਤਰਾਂ ਨੂੰ ਕਈ ਕੋਨਾਂ ਤੋਂ ਪੇਸ਼ ਕਰਨ ਦਾ ਯਤਨ ਕੀਤਾ ਹੈ। ਕਾਮ ਸੰਬੰਧੀ ਕੁਝ ਵੇਰਵੇ ਜੋ ਪਹਿਲੇ ਲੇਖਕ ਦੇਣ ਤੋਂ ਸੰਕੋਚ ਕਰਦੇ ਸਨ ਜਾਂ ਲਿਖਣ ਲਗਿਆ ਉਲਾਰ ਹੋ ਜਾਂਦੇ ਸਨ ਤੂੰ ਉਨ੍ਹਾਂ ਨੂੰ ਨਿਝੱਕ ਹੋ ਕੇ ਤੇ ਸਮਤੋਲ 'ਚ ਰਹਿ ਕੇ ਪੇਸ਼ ਕੀਤਾ ਹੈ। ਐਨੀ ਛੋਟੀ ਉਮਰ ਵਿਚ ਐਨੀਆਂ ਯਥਾਰਥਕ ਪੱਧਰ ਦੀਆਂ ਕਹਾਣੀਆਂ ਯਥਾਰਥਕ ਸ਼ੈਲੀ ਵਿਚ ਲਿਖਣਾ ਤੇਰੀ ਤਾਂ ਖੂਬੀ ਹੈ ਈ ਨਾਲ ਹੀ ਇਹ ਖੂਬੀ ਅਗਲੀ ਪੀੜ੍ਹੀ ਦੀ ਨਿਸ਼ਾਨਦੇਹੀ ਵੀ ਕਰਦੀਆਂ ਹਨ ਭਾਵੇਂ ਇਹ ਪੀੜ੍ਹੀ ਪਾੜਾ ਕਰਨਾ ਵਿਵਾਦ ਗ੍ਰਸਤ ਹੈ ਇਸ ਲਈ ਮੈਂ ਇਸਨੂੰ 'ਨਵੇਂ ਪੋਚ ਦੀ ਕਹਾਣੀ' ਕਹਿ ਕੇ ਬਚਾਓ ਕਰਾਂਗੀ।

ਹਾਂ ! ਇਕ ਗੱਲ ਦਾ ਖਦਸ਼ਾ ਜ਼ਰੂਰ ਹੈ ਜੋ ਮੈਂ ਤੇਰੇ ਨਾਲ ਸਾਂਝਾ ਕਰਾਂਗੀ। ਉਹ ਇਹ ਕਿ ਕਈ ਵਾਰੀ ਨੇੜਲੇ ਤਜਰਬੇ ਵਿਚੋਂ ਕਹਾਣੀਆਂ ਲਿਖ ਲੈਣ ਪਿਛੋਂ ਲੇਖਕ ਇਕ ਦਮ ਮੱਚ ਕੇ ਬੁਝ ਜਾਂਦੇ ਹਨ। ਇਸ ਲਈ ਜ਼ਿੰਦਗੀ ਨੂੰ ਵਧੇਰੇ ਸਮਝਣਾ ਕਈ ਮਿਸ਼ਾਲ ਬਾਲਕੇ ਰੱਖਣੀ ਜ਼ਰੂਰੀ ਹੈ। ਤੇਰੇ ਪੈਰ ਧਰਤੀ ਤੇ ਤਾਂ ਹਨ ਪੱਕੇ ਵੀ ਹਨ ਪਰ ਚਿਰ ਸਥਾਈ ਹੋਣੇ ਚਾਹੀਦੇ ਹਨ ਫੇਰ ਭਾਵੇਂ ਤੂੰ ਕਿੰਨੀਆਂ ਉੱਚੀਆਂ ਉਡਾਰੀਆਂ ਮਾਰ ! ਸ਼ਾਲਾ ਇਹ ਕਲਮ ਵੱਡੀਆਂ ਪ੍ਰਾਪਤੀਆਂ ਕਰੇ ! **-ਬਲਜੀਤ ਕੌਰ ਬੱਲੀ, ਪਟਿਆਲਾ**

**ਡਾ. ਰਘਬੀਰ ਸਿੰਘ ਸਿਰਜਣਾ ਦੇ ਕੁੱਝ ਖ਼ਤ ਭਗਵੰਤ ਰਸੂਲਪੁਰੀ ਵੱਲ**

ਅਕਤੂਬਰ 28, 1982

ਤੁਹਾਡਾ ਖ਼ਤ ਮਿਲਿਆ, ਇਸ ਤੋਂ ਪਹਿਲਾਂ ਕਹਾਣੀ 'ਵਖਰੇਵਾ' ਵੀ ਮਿਲੀ ਸੀ। ਕਹਾਣੀ ਮੈਨੂੰ ਪਸੰਦ ਹੈ ਤੇ ਇਸਨੂੰ **'ਸਿਰਜਣਾ'** ਵਿਚ ਸ਼ਾਮਿਲ ਵੀ ਕਰਾਂਗਾ। ਪਰ ਅਕਤੂਬਰ-ਦਸੰਬਰ ਅੰਕ ਵਿਚ ਇਸਨੂੰ ਸ਼ਾਮਲ ਕਰ ਸਕਣਾ ਸੰਭਵ ਨਹੀਂ। ਇਸ ਤੋਂ ਅਗਲੇ ਅੰਕ ਵਿਚ ਇਸਦੇ ਲਈ ਥਾਂ ਰਾਖਵੀਂ ਹੈ।

ਮੈਨੂੰ ਤੁਹਾਡੀ ਭਾਵਨਾ ਦੀ ਪੂਰੀ ਤਰ੍ਹਾਂ ਸਮਝ ਹੈ ਤੇ ਮੈਂ ਲਗਭਗ ਤੁਹਾਡੇ ਵਾਂਗ ਹੀ ਸੋਚਦਾ ਹਾਂ। ਸੋਸ਼ਿਤ ਸਾਹਿਤ ਬਾਰੇ ਤਾਂ ਮੈਂ ਸਪਸ਼ਟ ਨਹੀਂ ਪਰ ਪੰਜਾਬ ਦੇ ਪ੍ਰਸੰਗ ਵਿਚ ਜਾਤ-ਪਾਤ ਅਤੇ ਜੱਟ / ਕਿਰਸਾਣੀ ਅਤੇ ਬੇਜ਼ਮੀਨੇ ਪੇਂਡੂ ਕੰਮੀਆਂ ਦੇ ਪਰਸਪਰ ਵਿਰੋਧ ਅਤੇ ਮੇਲ ਦੇ ਰਿਸ਼ਤੇ ਬਾਰੇ ਮੈਂ ਵੀ ਗੰਭੀਰਤਾ ਨਾਲ ਸੋਚਦਾ ਹਾਂ। ਤੇ ਭੋਂਪਤੀ ਕਿਰਸਾਣੀ ਦੇ ਵਤੀਰੇ ਦਾ ਆਲੋਚਕ ਹਾਂ। ਤੁਸੀਂ **'ਸਿਰਜਣਾ'** ਵਿਚ ਵੀ ਇਸ ਵਿਸ਼ੇ ਬਾਰੇ ਪਹਿਲਾਂ ਵੀ ਕਹਾਣੀਆਂ ਪੜ੍ਹੀਆਂ ਹੋਣਗੀਆਂ। ਤੁਹਾਡੀ ਕਹਾਣੀ ਨੂੰ ਵੀ ਮੈਂ ਏਸੇ ਲੜੀ ਵਿਚ ਹੀ ਰੱਖਦਾ ਹਾਂ।

**-ਰਘਬੀਰ ਸਿੰਘ**

ਪਿਆਰੇ ਰਸੂਲਪੁਰੀ ਜੀ, 30 ਅਕਤੂਬਰ, 1998

ਕਹਾਣੀ 'ਖੋਜ' ਮਿਲ ਗਈ ਸੀ। ਅੱਜ ਕੱਲ ਪੜ੍ਹਨ ਲਿਖਣ ਅਤੇ ਚਿੱਠੀ ਪੱਤਰ ਦੇ ਕੰਮ ਵਿਚ ਮੈਂ ਸਹਾਇਤਾ ਵੀ ਲੈਂਦਾ ਹਾਂ। ਏਸੇ ਕਾਰਨ ਛੇਤੀ ਜਵਾਬ ਨਾ ਦੇ ਸਕਿਆ। ਕਹਾਣੀ ਪਸੰਦ ਆਈ ਹੈ ਅਤੇ 'ਸਿਰਜਣਾ' ਵਿਚ ਛਾਪਣ ਵਾਸਤੇ ਸਾਂਭ ਲਈ ਹੈ। ਉਂਝ ਮੈਂ ਤੁਹਾਥੋਂ ਇਸ ਨਾਲੋਂ ਵਧੀਆ ਲਿਖਤਾਂ ਦੀ ਉਮੀਦ ਕਰਦਾ ਹਾਂ।

**-ਰਘਬੀਰ ਸਿੰਘ, ਚੰਡੀਗੜ੍ਹ**

ਪਿਆਰੇ ਭਗਵੰਤ ਜੀ 3- ਸਤੰਬਰ, 2995

ਤੁਹਾਡੀ ਕਹਾਣੀ 'ਜਨੇਊ' ਮਿਲੀ ਸੀ। ਮੈਂ ਬਹੁਤ ਧਿਆਨ ਨਾਲ ਪੜ੍ਹੀ ਹੈ। ਮੈਨੂੰ ਜਾਪਦਾ ਹੈ ਕਿ ਤੁਸੀਂ ਇਕ ਕਹਾਣੀ ਵਿਚ ਕਾਫ਼ੀ ਸਾਰਾ ਬੇਲੋੜਾ ਖਿਲਾਰਾ ਪਾ ਦਿੱਤਾ ਹੈ। ਇਸ ਕਰਕੇ ਕਹਾਣੀ ਕੋਈ ਬੱਝਵਾਂ ਕਲਾਤਮਕ ਪ੍ਰਭਾਵ ਦੇਣ ਤੋਂ ਉਰੇ ਰਹਿ ਜਾਂਦੀ ਹੈ। ਇਸ ਕਹਾਣੀ ਵਿਚ ਭਾਸ਼ਾਈ ਤੇ ਸ਼ੈਲੀਗਤ ਕਮਜ਼ੋਰੀਆਂ ਵੀ ਰੜਕਦੀਆਂ ਹਨ। ਇਸ ਲਈ 'ਸਿਰਜਣਾ' ਵਿਚ ਛਾਪ ਸਕਣ ਤੋਂ ਅਸਮਰੱਥ ਹਾਂ ਅਤੇ ਖਿਮਾ ਸਹਿਤ ਵਾਪਸ ਭੇਜ ਰਿਹਾ ਹਾਂ।

**-ਰਘਬੀਰ ਸਿੰਘ, ਚੰਡੀਗੜ੍ਹ**

ਪਿਆਰੇ ਭਗਵੰਤ 7 ਨਵੰਬਰ, 1996

ਕਹਾਣੀ 'ਕਾਫ਼ਰ' ਮਿਲੀ ਤੇ ਮਿਲਣ ਸਾਰ ਹੀ ਪੜ੍ਹ ਵੀ ਲਈ, ਖੇਦ ਹੈ ਕਿ ਕਹਾਣੀ ਮੈਨੂੰ ਬਿਲਕੁਲ ਨਹੀਂ ਜਚੀ। ਲੁੱਟ-ਖਸੁੱਟ ਦੇ ਵਿਰੁੱਧ ਉਭਰਦੀ ਭਾਵਨਾ ਬਹੁਤ ਸ਼ੁਭ ਹੈ ਪਰ ਇਹ ਕਹਾਣੀ ਏਨੇ ਜਾਣੇ-ਪਛਾਣੇ ਪੈਟਰਨ ਉੱਤੇ ਢਲੀ ਹੈ ਕਿ ਇਸ ਵਿਚ ਨਵੀਨਤਾ ਤੇ ਕਲਾਤਮਿਕਤਾ ਵਾਲੀ ਕੋਈ ਗੱਲ ਨਹੀਂ। ਇਸ ਤਰ੍ਹਾਂ ਦੀਆਂ ਸਪਾਟ ਉਦੇਸ਼ ਮੁਖੀ ਲਿਖਤਾਂ ਪ੍ਰਗਤੀਵਾਦ ਦੇ ਵਿਰੋਧੀਆਂ ਵੱਲੋਂ ਪ੍ਰਗਤੀਵਾਦੀ ਸਾਹਿਤਕ ਦ੍ਰਿਸ਼ਟੀਕੋਣ ਦੇ ਵਿਰੁੱਧ ਮਾੜੀ ਸਾਹਿਤ ਰਚਨਾ ਦੀ ਉਦਾਹਰਨ ਵਜੋਂ ਪੇਸ਼ ਕੀਤੀਆਂ ਗਈਆਂ ਹਨ। ਤੁਹਾਡੇ ਵਿਚ ਮੈਨੂੰ ਇਕ ਚੰਗੇ ਕਹਾਣੀਕਾਰ ਦੀ ਸੰਭਾਵਨਾ ਨਜ਼ਰ ਆਉਂਦੀ ਹੈ। ਪਰ ਬਹੁਤ ਹੀ ਸਿੱਧੜ ਜਿਹੀ ਉਦੇਸ਼ ਮੁਖਤਾ ਤੋਂ ਤੁਹਾਨੂੰ ਬਚਣਾ ਪਏਗਾ।

**- ਰਘਬੀਰ ਸਿੰਘ, ਚੰਡੀਗੜ੍ਹ**

ਪਿਆਰੇ ਭਗਵੰਤ 17 ਸਤੰਬਰ,1994

ਕਹਾਣੀ 'ਕਸੂਰਵਾਰ' ਮਿਲ ਸੀ। ਸਹਿਯੋਗ ਲਈ ਸ਼ੁਕਰੀਆਂ। ਕਹਾਣੀ ਜਚੀ ਹੈ ਅਤੇ 'ਸਿਰਜਣਾ' ਵਿਚ ਛਾਪਣ ਵਾਸਤੇ ਸਾਂਭ ਲਈ ਹੈ। ਇਸਨੂੰ ਛੇਤੀ ਹੀ ਛਾਪਣ ਦੀ ਕੋਸ਼ਿਸ਼ ਕਰਾਂਗਾ।

**-ਰਘਬੀਰ ਸਿੰਘ, ਚੰਡੀਗੜ੍ਹ**

## ਪ੍ਰੇਮ ਪ੍ਰਕਾਸ਼ ਦੇ ਦੋ ਖ਼ਤ ਭਗਵੰਤ ਰਸੂਲਪੁਰੀ ਵੱਲ

ਪਿਆਰੇ ਭਗਵੰਤ 12-8-94

ਤੇਰਾ ਲੇਖ ਮਿਲਿਆ। ਚੰਗਾ ਏ। ਛਾਪਿਆ ਜਾਵੇਗਾ।

ਤੇਰੀਆਂ ਗੱਲਾਂ ਤੇ ਦਲੀਲਾ ਤਕੜੀਆਂ ਨੇ। ਪਰ ਇਕ 'ਪੰਛੀਆਂ' ਵਾਲੀ ਠੀਕ ਨਹੀਂ। ਮਨੁੱਖ ਸਾਰੇ ਇਕ ਜਾਤੀ ਦੇ ਨੇ। ਉਹ ਇਕ ਦੂਜੇ ਨਾਲ ਰਲ ਕੇ ਬੱਚੇ ਜੰਮ ਸਕਦੇ ਨੇ। ਪਰ ਕਬੂਤਰ ਤੇ ਕਾਂ ਆਪਣੀਆਂ ਆਪਣੀਆਂ ਜਾਤ 'ਚ ਹੀ ਰਲ ਸਕਦੇ ਨੇ।

- ਤੈਂ ਇਕ ਗੱਲ ਹੋਰ ਕੀਤੀ। ਉਹ ਇਹ ਕਿ ਕਿਤੇ ਕਿਤੇ ਜਾਤ ਬਰਾਦਰੀਆਂ ਟੁੱਟ ਵੀ ਰਹੀਆਂ ਨੇ। ਏਸ ਤੋੜ ਭੰਨ ਨੇ ਵੀ ਕਈ ਸਮੱਸਿਆਵਾਂ ਖੜੀਆਂ ਕੀਤੀਆਂ ਨੇ। ਉਨ੍ਹਾਂ ਬਾਰੇ ਹਾਲੇ ਲਿਖਿਆ ਨਹੀਂ ਗਿਆ।



ਜੇ ਤੂੰ ਚਾਹੇ ਤਾਂ ਪੰਛੀ ਵਾਲੀ ਗੱਲ ਛੱਡ ਦਈਏ। ਜੇ ਹੋਰ ਕੁਝ ਲਿਖਣ ਨੂੰ ਮਨ ਕਰੇ ਤਾਂ ਇਸ ਵਿਚ ਪਾ ਲਵਾਗੇ।

-ਕਿਸੇ ਤੋਂ ਚਮਾਰਾਂ ਦੀਆਂ ਕਿਸਮਾਂ ਬਾਰੇ ਲਿਖਵਾ।

**-ਪ੍ਰੇਮ ਪ੍ਰਕਾਸ਼, ਜਲੰਧਰ**

ਪਿਆਰੇ ਭਗਵੰਤ ਰਸੂਲਪੁਰੀ 1-8-93

ਤੁਹਾਡੀ ਕਹਾਣੀ 'ਅਤ੍ਰਿਪਤ ਆਤਮਾ' ਚੰਗੀ ਲੱਗੀ। ਛਾਪਣ ਲਈ ਰੱਖ ਰਿਹਾ ਹਾਂ। ਪਰ ਇਹਦੇ 'ਚ ਦੋ ਤਿੰਨ ਕਸਰਾਂ ਨੇ। ਉਹ ਤੁਸੀਂ ਆਪ ਹੀ ਠੀਕ ਕਰੋ। ਜਾਂ ਕਿਸੇ ਹੋਰ ਨੂੰ ਪੜ੍ਹਾ ਕੇ ਦੇਖੋ।

-ਇਹਦੇ 'ਚ ਕਈ ਸ਼ਬਦ ਠੀਕ ਨਹੀਂ। ਵਰਤੋਂ ਵੀ ਨੁਕਸ ਵਾਲੀ ਏ ਤੇ ਲਗਾ ਮਾਤਰ ਦੀ ਗਲਤੀ ਵੀ ਲੱਭਦੀ ਏ।

-ਮੇਰਾ ਸੁਭਾਓ ਏ ਕਿ ਕਹਾਣੀ ਦਾ ਨਾਉਂ ਅਜਿਹਾ ਨਹੀਂ ਹੋਣਾਂ ਚਾਹੀਦਾ ਜਿਹੜਾ ਪਾਠਕ ਨੂੰ ਵਿਸ਼ੇ ਵੱਲ ਸੇਧਤ ਕਰਦਾ ਹੋਵੇ। ਵਿਸ਼ੇ ਦੇ ਨੇੜੇ ਦਾ ਤਾਂ ਹੋ ਸਕਦਾ ਏ ਪਰ ਅਸਿਧੇ ਢੰਗ ਨਾਲ ਜਾਂ ਹੋਰ ਪਰੇ।

ਤੁਸੀਂ ਆਪਣੇ ਬਾਰੇ ਵੀ ਜਾਣਕਾਰੀ ਦਿਓ। ਅਸੀਂ ਛਾਪਣਾ ਚਾਹੁੰਦੇ ਹਾਂ।

ਜੇ ਤੁਸੀਂ ਲਿਖੋਂ ਤਾਂ ਕਹਾਣੀ ਡਾਕ ਰਾਹੀਂ ਭੇਜ ਦਿਆਂ, ਨਹੀਂ ਤਾਂ ਤੁਸੀਂ ਕਿਸੇ ਦਿਨ ਆਪ ਆ ਕੇ ਕਹਾਣੀ ਠੀਕ ਕਰ ਕੇ ਚਲੇ ਜਾਓ।

**-ਪ੍ਰੇਮ ਪ੍ਰਕਾਸ਼, ਜਲੰਧਰ**

(ਏਸ ਕਹਾਣੀ ਦਾ ਨਾਂ ਪ੍ਰੇਮ ਪ੍ਰਕਾਸ਼ ਨੇ 'ਕੀੜਾ' ਰੱਖਿਆ ਸੀ। ਜੋ ਬਹੁਤ ਚਰਚਾ ਵਿਚ ਰਹੀ।)

## ਕਥਾਕਾਰ ਪ੍ਰੇਮ ਪ੍ਰਕਾਸ਼ ਦੇ ਦੋ ਖ਼ਤ ਸਰੂਪ ਸਿਆਲਵੀ ਵੱਲ

ਪਿਆਰੇ ਸਰੂਪ ਸਿਆਲਵੀ 14-1-95

ਇਹ ਤੂੰ ਇਕਦਮ ਲੇਖਕ ਕਿਵੇਂ ਬਣ ਗਿਆ ਏਂ? ਮੈਂ ਪਹਿਲਾਂ ਤੇਰੀ ਕਵਿਤਾ ਜਾਂ ਕਹਾਣੀ ਵੀ ਨਹੀਂ ਪੜ੍ਹੀ।

ਮੈਨੂੰ ਲਗਦਾ ਏ ਕਿ ਤੂੰ ਆਪਣੇ ਆਪ ਤੋਂ ਹੀ ਲੁਕਦਾ ਰਿਹਾ ਏਂ।

ਤੇਰੀ ਇਹ ਕਹਾਣੀ 'ਰੇਪ' ਚੰਗੀ ਏ। ਮੈਂ ਛਾਪ ਦਿਆਂਗਾ ਪਰ ਇਹਦੇ ਵਿਚ ਕੁੱਤਿਆਂ ਵਾਲੀ ਗੱਲ ਚੰਗੀ ਨਹੀਂ ਲਗਦੀ। ਦੋ ਚਾਰ ਸ਼ਬਦ ਵੀ ਬਦਲਣ ਵਾਲੇ ਨੇ।

**-ਪ੍ਰੇਮ ਪ੍ਰਕਾਸ਼**

ਪਿਆਰੇ ਸਰੂਪ ਸਿਆਲਵੀ 18-7-96

ਲਾਹੌਰ ਤੋਂ ਛਪਦੇ ਸਾਹਿਤਕ ਪਰਚੇ 'ਮਾਂ ਬੋਲੀ' 'ਚ ਤੁਹਾਡੀ ਕਹਾਣੀ 'ਰੇਪ' ਛਪੀ ਏ। ਇਹ ਫਾਰਸੀ ਅੱਖਰਾਂ 'ਚ ਏ। ਪੜ੍ਹਿਆ ਨਹੀਂ ਜਾਣਾ, ਨਹੀਂ ਤਾਂ ਮੈਂ ਫੋਟੋ ਕਾਪੀ ਭੇਜ ਦੇਂਦਾ। ਕਵਿਤਾਵਾਂ ਵਿਚਾਰੀਆਂ ਜਾ ਰਹੀਆਂ ਨੇ।

**-ਪ੍ਰੇਮ ਪ੍ਰਕਾਸ਼**

**ਕਥਾਕਾਰ ਜਸਵੰਤ ਸਿੰਘ ਵਿਰਦੀ ਦਾ ਖ਼ਤ ਬਲਬੀਰ ਸੰਘੇੜਾ ਦੇ ਵੱਲ**

ਪਰਮ ਆਦਰਣੀ ਬੀਬੀ ਬਲਬੀਰ ਸੰਘੇੜਾ ਜੀ ! 16-12-98

ਉਮੀਦ ਹੈ ਕਿ ਆਪ ਪਰਿਵਾਰ ਸਹਿਤ ਚੜ੍ਹਦੀ ਕਲਾ 'ਚ ਹੋਵੋਗੇ। ਇਸ ਪੱਤਰ ਰਾਹੀਂ ਹੀ ਆਪਨੂੰ ਅਤੇ ਆਪ ਦੇ ਪਰਿਵਾਰ ਨੂੰ ਨਵੇਂ ਵਰ੍ਹੇ ਦੀ ਮੁਬਾਰਕ ਪੇਸ਼ ਕਰ ਰਿਹਾ ਹਾਂ। ਅਗਲੇ ਵਰ੍ਹੇ 'ਚ ਆਪ ਹੋਰ ਵੀ ਸ਼ਕਤੀਸ਼ਾਲੀ ਕਹਾਣੀਆਂ ਦੀ ਰਚਨਾ ਕਰੋ ਅਤੇ ਪੰਜਾਬੀ ਸਾਹਿਤ ਵਿਚ ਨਿੱਗਰ ਵਾਧਾ ਕਰਨ 'ਚ ਆਪਨਾ ਵੱਡਮੁੱਲਾ ਯੋਗਦਾਨ ਪਾਵੋਂ।

**'ਆਰ ਪਾਰ'** ਦਾ ਨਵਾਂ ਅੰਕ ਮਿਲ ਗਿਆ ਹੈ। ਮੇਰੀ ਕਹਾਣੀ 'ਝੱਖੜ' ਛਾਪਣ ਵਾਸਤੇ ਸ਼ੁਕਰ ਗੁਜ਼ਾਰ ਹਾਂ। ਇਥੇ ਆਰ ਪਾਰ ਦੀ ਕਾਫੀ ਚਰਚਾ ਰਹਿੰਦੀ ਹੈ। ਆਪ ਬਹੁਤ ਮਿਹਨਤ ਕਰ ਰਹੇ ਹੋ ਅਤੇ ਉਹ ਵੀ ਨਿਰਸੁਆਰਥ ਭਾਵ ਨਾਲ।

ਆਪਦਾ ਰੂਬਰੂ ਸਤੰਬਰ ਵਿਚ ਹੀ ਬਲਬੀਰ ਪਰਵਾਨਾ ਨੂੰ ਦੇ ਦਿੱਤਾ ਸੀ। ਉਮੀਦ ਹੈ ਕਿ ਜਨਵਰੀ 99 ਵਿਚ ਛਪ ਜਾਵੇਗਾ। ਅੱਜਕੱਲ ਕਹਾਣੀ ਲੇਖਕ ਜਰਨੈਲ ਸਿੰਘ ਇਥੇ ਆਇਆ ਹੋਇਆ ਹੈ। ਜੇਕਰ ਉਹ ਮੈਨੂੰ ਮਿਲਕੇ ਵਾਪਿਸ ਕਨੈਡਾ ਪਹੁੰਚਿਆ ਤਾਂ ਮੈਂ ਉਹਦੇ ਹੱਥ ਆਪ ਲਈ ਕੁਝ ਪੁਸਤਕਾਂ ਭੇਜਾਂਗਾ।

**-ਜਸਵੰਤ ਸਿੰਘ ਵਿਰਦੀ, ਜਲੰਧਰ**

**ਜਸਵੰਤ ਸਿੰਘ ਵਿਰਦੀ ਦਾ ਖ਼ਤ ਡਾ. ਬਲਦੇਵ ਸਿੰਘ 'ਬੱਦਨ' ਵੱਲ**

ਵੀਰ ਬਦਨ ਜੀ ! 7-7-2000

ਉਮੀਦ ਹੈ ਕਿ ਆਪ ਪਹਿਲਾਂ ਵਾਂਗ ਹੀ ਚੜ੍ਹਦੀ ਕਲਾ 'ਚ ਹੋਵੋਗੇ।

ਐਨ. ਬੀ. ਟੀ. ਦੀ ਸਮਾਚਾਰ ਪਤ੍ਰਿਕਾ ਅੱਜ ਪੁਜ ਗਈ ਹੈ। ਗਾਸੋ ਹੋਰਾਂ ਨੇ **'ਖੁੱਲ੍ਹੀ ਰਵਾ'** ਦਾ ਰੀਵੀਊ ਠੀਕ ਕੀਤਾ ਹੈ। ਇਹ ਇਕ ਸਿਰਜਣਾਤਮਕ ਲੇਖਕ ਦਾ ਰੀਵੀਊ ਹੈ।

ਕੀ ਅਜ ਕੱਲ ਤੁਹਾਨੂੰ ਬਲਬੀਰ ਸਿੰਘ-ਮਨਪ੍ਰੀਤ ਪ੍ਰਕਾਸ਼ਨ ਵਾਲਾ ਨਹੀਂ ਮਿਲਿਆ? ਠੀਕ ਤਾਂ ਹੈ? ਉਹਨੂੰ ਕਈ ਖ਼ਤ ਲਿਖੇ ਨੇ ਪਰ ਜਵਾਬ ਤੱਕ ਨਹੀਂ ਦਿੰਦਾ। ਕਹਾਣੀਆਂ ਦੀ ਕਿਤਾਬ ਦੇ ਪਰੂਫ਼ ਪੜ੍ਹ ਕੇ 25-5-2000 ਨੂੰ ਪਟਿਆਲੇ ਕੰਪਿਊਟਰ ਵਾਲੇ ਨੂੰ ਰਜਿਸਟਰਡ ਡਾਕ ਰਾਹੀਂ ਭੇਜ ਦਿੱਤੇ ਸਨ ਤੇ ਲਿਖਿਆ ਸੀ ਕਿ ਇਕ ਹੋਰ ਪਰੂਫ਼ ਭੇਜੋ। ਇਸ ਸੰਬੰਧ 'ਚ ਬਲਬੀਰ ਨੂੰ ਚਾਰ ਖ਼ਤ ਲਿਖੇ ਨੇ। ਪਰ ਜਵਾਬ ਨਹੀਂ ਦਿੰਦਾ। ਇਹ ਵਤੀਰਾ ਠੀਕ ਨਹੀਂ।

ਹੁਣ ਉਹ , ਉਹ ਬਲਬੀਰ ਨਹੀਂ ਰਿਹਾ, ਜਿਹੜਾ ਬੜੀ ਮਸਕੀਨਤਾ ਨਾਲ ਤੁਹਾਡਾ ਨਾਮ ਲੈ ਕੇ ਮੇਰੇ ਕੋਲ ਆਇਆ ਸੀ। ਬਹਿਰਹਾਲ ਇਕ ਕਿਤਾਬ ਪੈਂਡਿੰਗ ਹੈ, ਛਾਪ ਲਵੇਗਾ ਤਾਂ ਠੀਕ ਹੈ, ਨਾ ਛਾਪੇਗਾ ਤਦ ਵੀ ਠੀਕ ਹੈ। ਪਹਿਲਾਂ ਸੌ ਕਾਪੀ ਦੇਣ ਦਾ ਗੱਲ ਹੋਈ ਸੀ। ਫੇਰ 70 ਕਾਪੀਆਂ ਤੇ ਆ ਗਿਆ। ਫੇਰ 60 ਕਾਪੀਆਂ ਤੱਕ ਪੁਜ ਗਿਆ। ਹੁਣ ਨਵੀਆਂ ਤਿੰਨ ਕਿਤਾਬਾਂ ਦੀਆਂ 50-50 ਕਾਪੀਆਂ ਦੇ ਕੇ ਚੁੱਪ ਕਰ ਗਿਆ। ਵਪਾਰ ਇਸ ਤਰ੍ਹਾਂ ਨਹੀਂ ਚਲਦੇ। ਤੁਹਾਨੂੰ ਜੇਕਰ ਮਿਲਿਆ ਤਾਂ ਉਹਨੂੰ ਇਹ ਖ਼ਤ ਪੜ੍ਹਾ ਦੇਣਾ। ਅਕਾਲ ਪੁਰਖ ਆਪ ਨੂੰ ਚੜ੍ਹਦੀ ਕਲਾ 'ਚ ਰੱਖੇ। ਵਿਘਨ ਵਿਰੋਧ ਦੁਰਕਾਰੇ ! ਪਿਆਰ ਨਾਲ

**-ਜਸਵੰਤ ਸਿੰਘ ਵਿਰਦੀ, ਜਲੰਧਰ**

**ਤਰਸੇਮ ਰਾਣਾ ਦਾ ਖ਼ਤ ਡਾ. ਬਲਦੇਵ 'ਬੱਦਨ' ਵੱਲ**

ਪਿਆਰੇ ਬਲਦੇਵ ਜੀ 20-1-91

ਉਂਝ ਤੇ ਇਨ੍ਹੀ ਦਿਨ੍ਹੀਂ ਦੂਰ ਦੁਰਾਡੇ ਬੈਠਿਆਂ ਵੀ ਖਾੜੀ ਜੰਗ ਨੇ ਹਰ ਅਹਿਸਾਨਵੰਦ ਮਨੁੱਖ ਦੇ ਮਨ



ਨੂੰ ਜਰਬਾਂ ਦਿੱਤੀਆਂ ਹੋਈਆਂ ਨੇ। ਡੋਬੂ ਪੈਂਦੇ ਨੇ। ਅਮਨ ਨਾਂ ਦੀ ਕੋਈ ਚੀਜ਼ ਹੈ ਨਹੀਂ ਐਥੇ ਦੁਨੀਆਂ ਤੇ। ਸਭ ਭਰਮ ਤੇ ਪਾਖੰਡ ਚਕਨਾਚੂਰ ਹੋ ਗਏ ਨੇ। ਨਿੱਜ, ਸੁਆਰਥਾ, ਹਉਮੈਂ ਤੇ ਤਾਕਤ ਦਾ ਬੋਲ ਬਾਲਾ ਹੈ ਸਭ ਥਾਹੀਂ। ਆਮ ਮਨੁੱਖ ਦੀਆਂ ਭਾਵਨਾਵਾਂ ਦੀ ਕਿਸੇ ਨੂੰ ਪ੍ਰਵਾਹ ਨਹੀਂ। ਉਂਝ ਵੀ ਕਹਿੰਦੇ ਸਿਆਸਤਦਾਨ ਬੋਲੇ ਹੁੰਦੇ ਨੇ। ਰੱਬ ਖ਼ੈਰ ਕਰੇ।

ਤੁਸੀਂ 'ਮਹਿਕ ਦੁਆਬੇ ਦੀ' ਪੁਸਤਕ ਬਾਰੇ ਦੱਸਿਆ ਹੈ। ਕਿਤਾਬ ਅਜੇ ਹੱਥ ਨਹੀਂ ਲੱਗੀ। ਸੰਪਰਕ ਕਰ ਲਵਾਂਗਾ। ਇਸ ਤੋਂ ਪਹਿਲਾਂ ਤੁਸੀਂ ਮੁੜਦੀ ਡਾਕੇ ਇਹ ਦੱਸਣਾ ਕਿ ਕਿਹੜੀਆਂ ਕਿਹੜੀਆਂ ਕਵਿਤਾਵਾਂ ਤੁਸੀਂ ਮੇਰੀਆਂ ਸ਼ਾਮਲ ਕੀਤੀਆਂ ਨੇ। ਤਾਂ ਹੀ ਮੈਂ ਹੋਰ ਦੋ ਤਿੰਨ ਰਚਨਾਵਾਂ ਭੇਜਣ ਬਾਰੇ ਨਿਰਣਾ ਕਰ ਸਕਦਾ ਹਾਂ।

**-ਪ੍ਰੋ. ਤਰਸੇਮ ਰਾਣਾ, ਮਾਲੇਰਕੋਟਲਾ**

**ਡਾ. ਕਰਮਜੀਤ ਸਿੰਘ ਦਾ ਖ਼ਤ ਬਲਦੇਵ 'ਬੱਦਨ' ਵੱਲ**

ਪਿਆਰੇ ਬਲਦੇਵ ਸਿੰਘ ਜੀ

ਹੁਣੇ ਹੀ ਆਪਦਾ ਪਹਿਲਾ ਪਿਆਰਾ ਪੱਤਰ ਮਿਲਿਆ। ਹੁਣੇ ਹੀ ਮੈਂ ਪਿੰਡ ਤੋਂ ਪਰਤ ਰਿਹਾ ਹਾਂ। ਮੈਂ ਆਪਨੂੰ ਪਹਿਲਾਂ ਦੇਖਿਆ ਨਹੀਂ, ਪਰ ਜਿਸ ਤਰ੍ਹਾਂ ਤੁਸਾਂ ਆਪਣੀ ਜਾਣਕਾਰੀ ਕਰਵਾਈ ਹੈ, ਉਸ ਤੋਂ ਇਹ ਹੀ ਮਹਿਸੂਸ ਹੁੰਦਾ ਹੈ ਕਿ ਅਸੀਂ ਇਕ ਦੂਜੇ ਦੇ ਕਾਫ਼ੀ ਦੇਰ ਦੇ ਵਾਕਫ਼ ਹਾਂ। ਵੈਸੇ ਤਾਂ ਮੇਰਾ ਕੰਮ ਫੋਕਲੋਰ ਤੇ ਜ਼ਿਆਦਾ ਹੈ। ਇਸ ਸੰਬੰਧ ਵਿਚ 'ਦੇਸ਼ ਦੁਆਬਾ ਤੇ ਧਰਤ ਦੁਆਬੇ ਦੀ' ਲੋਗਗੀਤਾਂ ਦੇ ਸੰਗ੍ਰਹਿ ਛਪ ਚੁੱਕੇ ਸਨ। ਦੂਸਰਾ ਖੇਤਰ ਆਲੋਚਨਾ ਦਾ ਹੈ, ਜਿਸ ਤੋਂ ਤੁਸੀਂ ਜਾਣੂ ਹੋ। ਹੁਣ ਤਕ ਕਵਿਤਾ ਦੇ ਖੇਤਰ ਵਿਚ ਮੇਰੀ ਇਕ ਕਵਿਤਾ 'ਸਮਤਾ' ਵਿੱਚ) ਤੇ ਕੁਝ ਰੁਬਾਈਆਂ ਛਪੀਆਂ ਹਨ, ਮੈਂ ਉਹ ਆਪ ਨੂੰ ਅਗਲੇ ਖ਼ਤ ਵਿਚ ਭੇਜ ਰਿਹਾ ਹਾਂ। ਕਿਤੇ ਬੈਠ ਕੇ ਵਿਸਤਾਰ ਵਿਚ ਚਰਚਾ ਕਰਾਂਗੇ ਕਿ ਅਸੀਂ ਇਕੱਠੇ ਹੋ ਕੇ ਪੰਜਾਬੀ ਸਾਹਿਤ ਵਿੱਚ ਕੀ ਯੋਗਦਾਨ ਕਰ ਸਕਦੇ ਹਾਂ ਤੇ ਜੋ ਗੱਲ ਦੁਆਬੇ ਬਾਰੇ ਅਸੀਂ ਆਰੰਭ ਕੀਤੀ ਹੈ, ਉਸਨੂੰ ਹੋਰ ਅਗਾਂਹ ਕਿਵੇਂ ਤੋਰ ਸਕਦੇ ਹਾਂ। ਆਪ ਲਈ ਯਾਦ !

**- ਕਰਮਜੀਤ ਸਿੰਘ (ਡਾ. ) , ਕੁਰੂਕਸ਼ੇਤਰ**

**ਡਾ. ਕੁਲਦੀਪ ਸਿੰਘ ਧੀਰ ਦਾ ਖ਼ਤ ਡਾ. ਬਲਦੇਵ ਸਿੰਘ 'ਬੱਦਨ' ਵੱਲ**

ਪਿਆਰੇ 'ਬੱਦਨ' ਜੀ 27-8-92

ਆਪ ਦੀ ਤਾਰ ਅੱਜ ਹੀ ਮਿਲੀ। ਤਾਰ ਮਿਲਣ ਤੋਂ ਪਹਿਲਾਂ ਅਸੀਂ ਦਵਿੰਦਰ ਸਤਿਆਰਥੀ ਅਤੇ ਜਗਤਾਰ ਹੋਰਾਂ ਨੂੰ ਚਿੱਠੀਆਂ ਪਾ ਚੁੱਕੇ ਸਾਂ। ਉੱਤਰ ਦੀ ਉਡੀਕ ਹੈ। ਮੈਂ ਪਿੱਛੇ ਜਿਹੇ ਪੰਜਾਬੀ ਅਕਾਦਮੀ ਦਿੱਲੀ ਦੇ ਇੱਕ ਸੈਮੀਨਾਰ ਦੀ ਪ੍ਰਧਾਨਗੀ ਦੇ ਸਿਲਸਿਲੇ ਵਿਚ ਦਿੱਲੀ ਗਿਆ ਸੀ। ਤੁਹਾਡੇ ਸਹਾਇਕ ਮਿਸਰਦੀਪ ਭਾਟੀਆ ਉੱਥੇ ਮਿਲੇ ਸਨ। ਉਨ੍ਹਾਂ ਨੂੰ ਵੀ ਕਿਹਾ ਸੀ ਕਿ ਦਿੱਲੀ ਵਿਚੋਂ ਦਵਿੰਦਰ ਸਤਿਆਰਥੀ ਨੂੰ ਨਾਲ ਲਈ ਆਉਣਾ। ਤੁਹਾਡਾ ਇਸ ਲੜੀ ਦਾ ਇਹ ਅੰਤਿਮ ਸਮਾਗਮ ਹੈ ਤੇ ਸਾਡਾ ਇਸ ਸੈਸ਼ਨ ਦਾ ਪਹਿਲਾ। ਸਾਨੂੰ ਲਗਦਾ ਹੈ ਕਿ ਜੇ ਦਵਿੰਦਰ ਸਤਿਆਰਥੀ ਜੀ ਕਿਸੇ ਤਰ੍ਹਾਂ ਆ ਜਾਣ ਤਾਂ ਸਮਾਗਮ ਬਹੁਤ ਸਫ਼ਲ ਤੇ ਪ੍ਰਭਾਵਸ਼ਾਲੀ ਰਹੇਗਾ। ਸਫ਼ੀਰ ਜੀ ਅੱਗੇ ਵੀ ਸਾਡੇ ਕਾਫ਼ੀ ਆਏ ਹਨ। ਸਰੋਤਿਆਂ ਲਈ ਖਿੱਚ ਨਹੀਂ ਰਹੇਗੀ। ਉਂਜ ਵੀ ਦੋਂਵੇ ਕਵੀ ਹੋ ਜਾਣਗੇ ਜਗਤਾਰ ਵੀ ਤੇ ਸਫ਼ੀਰ ਸਾਹਿਬ ਵੀ। ਇਸ ਪੱਖੋਂ ਵੀ ਤੁਸੀਂ ਸਤਿਆਰਥੀ ਜੀ ਨੂੰ ਲਿਆਓ (ਭਾਵੇਂ 6 ਤਰੀਕ ਨਾਲ ਹੀ ਬਿਠਾ ਲਿਆਓ) ਤਾਂ ਅੱਛਾ ਰਹੇ। ਬਾਕੀ ਤਿਆਰੀ ਠੀਕ ਚਲ ਰਹੀ ਹੈ। ਦਿੱਲੀ ਬਚਿੰਤ ਕੌਰ ਮਿਲੀ ਸੀ। ਕਹਿੰਦੀ ਸੀ ਆ ਜਾਵਾਂਗੀ। ਚੰਦਨ

ਨੇਗੀ ਵੀ ਆ ਜਾਏਗੀ। ਨਵਤੇਜ਼ ਪੁਆਧੀ ਨੂੰ ਤੁਸੀਂ ਮਿਲ ਲਿਓ। ਉਹ ਸਤਿਆਰਥੀ ਜੀ ਨੂੰ ਮਨਾ ਲਿਆਵੇਗਾ।

**-ਕੁਲਦੀਪ ਸਿੰਘ ਧੀਰ, ਪਟਿਆਲਾ**

**ਇੰਦਰ ਸਿੰਘ ਖਾਮੋਸ਼ ਦਾ ਖ਼ਤ ਬਲਦੇਵ ਸਿੰਘ 'ਬੱਦਨ' ਵੱਲ**

ਸਤਿਕਾਰਯੋਗ ਡਾ 'ਬੱਦਨ' ਜੀ 24-9-98

ਅੱਜ ਤੁਹਾਡੀ ਭੇਜੀ ਹੋਈ ਨੈਸ਼ਨਲ ਬੁੱਕ ਟਰੱਸਟ ਦੀ ਸਮਾਚਾਰ ਪੱਤ੍ਰਿਕਾ ਮਿਲੀ। ਜਿਸ ਵਿਚ ਮੇਰੇ ਨਾਵਲ 'ਕਰਜ਼ਈ ਸੁਪਨੇ' ਦਾ ਰੀਵੀਓ ਛਪਿਆ ਹੈ। ਰੀਵੀਊ ਛਾਪਣ ਲਈ ਅਤੇ ਪੱਤ੍ਰਕਾ ਭੇਜਣ ਲਈ ਮੈਂ ਆਪਜੀ ਦਾ ਦਿਲੋਂ ਧਨਵਾਦ ਕਰਦਾ ਹਾਂ।

ਤੁਸੀਂ ਪੁਸਤਕ ਮੇਲਿਆਂ ਰਾਹੀ ਅਤੇ ਟਰੱਸਟ ਦੀ ਪੱਤ੍ਰਕਾ ਰਾਹੀਂ ਰੀਵੀਊ ਕਰਵਾ ਕੇ ਪੁਸਤਕ ਸਭਿਆਚਾਰ ਨੂੰ ਪ੍ਰਫੁਲਤ ਕਰਨ ਵਿਚ ਜਿਹੜਾ ਮਹਾਨ ਕੰਮ ਕਰ ਰਹੇ ਹੋ, ਉਹ ਬਹੁਤ ਹੀ ਸ਼ਲਾਘਾਯੋਗ ਹੈ। ਪੰਜਾਬ ਦੇ ਲੋਕਾਂ ਵਾਸਤੇ ਇਸ ਪ੍ਰਚਾਰ ਦੀ ਖਾਸ ਕਰ ਲੋੜ ਹੈ। ਕਿਉਂਕਿ ਪੰਜਾਬੀ ਲੋਕਾਂ ਵਿਚ ਪੁਸਤਕਾਂ ਖਰੀਦ ਕੇ ਪੜ੍ਹਨ ਦੀ ਆਦਤ ਘੱਟ ਹੈ। ਇਸ ਘਾਟ ਦਾ ਇਕ ਕਾਰਨ ਸ਼ਾਇਦ ਇਹ ਵੀ ਹੈ ਕਿ ਪਾਠਕਾਂ ਨੂੰ ਚੰਗੀਆਂ ਪੜ੍ਹਨਯੋਗ ਪੁਸਤਕਾਂ ਦੀ ਜਾਣਕਾਰੀ ਨਹੀਂ ਹੁੰਦੀ। ਪੁਸਤਕ ਮੇਲੇ ਅਤੇ ਰੀਵੀਊ ਇਸ ਤਰ੍ਹਾਂ ਦੀ ਜਾਣਕਾਰੀ ਦੇਣ ਲਈ ਵਧੀਆ ਅਤੇ ਕਾਰਗਰ ਸਾਧਨ ਹਨ।

**-ਇੰਦਰ ਸਿੰਘ ਖਾਮੋਸ਼, ਪਟਿਆਲਾ**

**ਅੰਮ੍ਰਿਤ ਲਾਲ ਪਾਲ ਦਾ ਖ਼ਤ ਬਲਦੇਵ 'ਬੱਦਨ' ਵੱਲ**

ਪਰਮ ਪਿਆਰੇ ਬਲਦੇਵ ਜੀ 10-5-85

ਯਾਦ ਪੁੱਜੇ। ਆਪ ਜੀ ਦਾ ਇਕ ਹੋਰ ਨਿਘਾ ਪੱਤਰ ਪ੍ਰਾਪਤ ਹੋਇਆ ਹੈ। ਜਿਸ ਨੂੰ ਪੜ੍ਹ ਕੇ ਬਹੁਤ ਖੁਸ਼ੀ ਹੋਈ ਹੈ ਕਿ ਮੇਰੀ ਟ੍ਰਾਂਸ਼ਲੇਸ਼ਨ ਦੇ ਪਹਿਲੇ ਪੰਜ ਸਫ਼ੇ ਪ੍ਰਵਾਨ ਹੋ ਗਏ ਹਨ। ਇਹ ਮੇਰੇ ਲਈ ਲਗਭਗ ਨਵਾਂ ਖੇਤਰ ਹੀ ਸੀ, ਜਿਸ ਵਿੱਚ ਤੁਸੀਂ ਮੇਰੇ ਪੈਰ ਪੱਕੇ ਕਰ ਰਹੇ ਹੋ ਤੇ ਮੇਰੀ ਜੜ੍ਹ ਐਨ. ਬੀ. ਟੀ. ਵਿੱਚ ਜਮਾ ਰਹੇ ਹੋ ਜਿਸਦਾ ਮੈਂ ਕਦੇ ਸੁਪਨਾ ਵੀ ਨਹੀਂ ਸੀ ਲਿਆ। ਮੈਂ ਸੋਚਦਾ ਸਾਂ ਕਿ ਨੈਸ਼ਨਲ ਬੁੱਕ ਟਰੱਸਟ ਇੰਡੀਆ ਵਾਲਿਆਂ ਨੇ ਸਾਨੂੰ ਕਦੋਂ ਪੁੱਛਣਾ ਹੈ। ਪਰ ਤੁਹਾਡੀ ਮਿੱਤਰਤਾ ਨੇ ਇਹ ਸਭ ਕੁਝ ਇਤਨੀ ਜਲਦੀ ਸੰਭਵ ਬਣਾ ਦਿੱਤਾ ਹੈ ਜਿਸ ਲਈ ਮੈਂ ਆਪ ਜੀ ਦਾ ਅਤੀ ਧੰਨਵਾਦੀ ਹਾਂ।

ਦੂਸਰਾ ਮੈਂ ਆਪ ਜੀ ਨੂੰ ਜਲਦੀ ਹੀ ਜਲੰਧਰ, ਕਪੂਰਥਲਾ ਅਤੇ ਹੋਸ਼ਿਆਰਪੁਰ ਦੇ ਤਿੰਨ ਸ਼ਾਇਰਾਂ ਦਾ ਕਲਾਮ ਭੇਜ ਰਿਹਾ ਹਾਂ ਇਨ੍ਹਾਂ ਵਿੱਚੋਂ ਦੀਦਾਰ ਸਿੰਘ ਦੀਦਾਰ, ਕਾਫ਼ੀ ਅੱਛਾ ਸ਼ਾਇਰ ਹੈ ਤੇ ਉਸਦੀਆਂ ਤਿੰਨ ਕਾਵਿ-ਪੁਸਤਕਾਂ ਵੀ ਛਪ ਚੁੱਕੀਆਂ ਹਨ। ਉਸਤੋਂ ਮੈਂ ਕਵਿਤਾਵਾਂ ਲੈ ਲਈਆਂ ਹਨ ਤੇ ਆਖਿਆ ਹੈ ਕਿ 'ਬੱਦਨ' ਸਾਹਿਬ ਦੇ ਫ਼ੈਸਲੇ ਤੋਂ ਬਾਅਦ ਹੀ ਹਾਂ ਜਾਂ ਨਾਂਹ ਆਖਾਂਗੇ। ਦੂਜਾ ਸ਼ਾਇਰ ਹਰਦਿਆਲ ਸਾਗਰ ਹੈ, ਜਿਸਦੀ ਹੁਣੇਂ ਹੁਣੇਂ ਹੀ ਪਲੇਠੀ ਕਾਵਿ-ਪੁਸਤਕ ਛਪੀ ਹੈ। ਤੀਜਾ ਸ਼ਾਇਰ ਜਸਵੰਤ ਦੀਦ ਹੈ।

ਇਕ ਹੋਰ ਵਿਚਾਰ ਮੈਂ ਆਪ ਜੀ ਨਾਲ ਸਾਂਝਾ ਕਰ ਰਿਹਾ ਹਾਂ। ਜਿਹੜਾ ਕਿ ਪਿਛਲੇ ਕਈ ਸਾਲਾ ਤੋਂ ਮੇਰੇ ਜ਼ਿਹਨ ਵਿੱਚ ਉਸਲਵੱਟੇ ਲੈ ਰਿਹਾ ਹੈ। ਉਹ ਇਹ ਹੈ ਕਿ ਆਪਾਂ ਭਾਰਤ ਦੇ 7ਵੇਂ ਰਾਸ਼ਟਰਪਤੀ ਗਿ. ਜੈਲ ਸਿੰਘ ਦੀ ਅਗਲੀ ਜੀਵਨ-ਵਰ੍ਹੇ ਗੰਢ ਦੇ ਮੌਕੇ ਤੇ ਇੱਕ ਅਭਿਨੰਦਨ ਗ੍ਰੰਥ ਦਾ ਪ੍ਰਬੰਧ ਕਰੀਏ ਜਿਸ ਵਿੱਚ ਉਨ੍ਹਾਂ ਦੀ ਪੰਜਾਬ ਦੇ ਵਿਕਾਸ ਕੰਮਾਂ ਵਿੱਚ ਲਈ ਦਿਲਚਸਪੀ ਅਤੇ ਉਨ੍ਹਾਂ ਦੇ ਜੁਝਾਰੂ ਜੀਵਨ ਬਾਰੇ



ਲਾਇਕ ਪ੍ਰੋਫੈਸਰਾਂ ਦੇ ਲੇਖ, ਯਾਰਾਂ ਦੀਆਂ ਯਾਦਾਂ, ਪ੍ਰਭਾਵ ਅਤੇ ਵਿਦਵਾਨਾਂ ਦੇ ਵਿਚਾਰ ਅੰਕਿਤ ਹੋਣ। ਇਸ ਇੱਕ ਹੀ ਪੁਸਤਕ ਨਾਲ ਤੁਹਾਨੂੰ ਅਸਾਧਾਰਨ ਪ੍ਰਸਿੱਧੀ ਮਿਲ ਸਕਦੀ ਹੈ। ਜੇ ਮੈਨੂੰ ਸਲਾਹਕਾਰ ਬੋਰਡ ਦਾ ਮੈਂਬਰ ਬਣ ਲਓ ਤਾਂ ਮੈਂ ਕਾਫੀ ਭਾਰ ਆਪਣੇ ਮੋਢਿਆ ਤੋਂ ਚੁੱਕ ਸਕਦਾ ਹਾਂ। ਇਹ ਸੁਝਾਅ ਹੀ ਹੈ ਕੋਈ ਪੱਕਾ ਨਹੀਂ। ਮਨੋ ਇਛਾ ਸਿਰਫ਼ ਇਹ ਹੈ ਕਿ ਆਪਾਂ ਕੋਈ ਉਸਾਰੂ ਤੇ ਯਾਦ ਰੱਖਣ ਯੋਗ ਕੰਮ ਕਰੀਏ। ਮੈਂ ਤਨੋ ਮਨੋਂ ਤੁਹਾਡੇ ਨਾਲ ਹੋਵਾਂਗਾ। ਮੈਂ ਆਪ ਜੀ ਵਰਗੇ ਵਿਅਕਤੀਆਂ ਦਾ ਕਦੇ ਸਾਥ ਨਹੀਂ ਛਡਦਾ ਤੇ ਨਾ ਹੀ ਭੁੱਲਦਾ ਹਾਂ। ਇਸ ਬਾਰੇ ਮੈਨੂੰ ਆਪਣਾ ਪ੍ਰਤੀਕਰਮ ਲਿਖਣਾ।

**-ਅੰਮ੍ਰਿਤ ਲਾਲ ਪਾਲ, ਲੰਮਾ ਪਿੰਡ, ਜਲੰਧਰ**

**ਬਲਦੇਵ ਸਿੰਘ ਧਾਲੀਵਾਲ ਦਾ ਖ਼ਤ ਬਲਦੇਵ ਸਿੰਘ 'ਬੱਦਨ' ਵੱਲ**

ਪਿਆਰੇ ਮਿੱਤਰ ਬਦਲੇਵ 'ਬੱਦਨ' ਜੀ 25-3-86

ਯਾਦ ਕਰਨ ਲਈ ਸ਼ੁਕਰੀਆਂ। ਮੈਨੂੰ ਤਾਂ ਤੁਹਾਡੀ ਨੌਕਰੀ ਬਾਰੇ ਤੁਹਾਡੇ ਖ਼ਤ ਰਾਹੀਂ ਹੀ ਪਤਾ ਲੱਗਿਆ ਤੇ ਬਹੁਤ ਖੁਸ਼ੀ ਹੋਈ। ਤੁਸੀਂ ਤਾਂ ਆਪਣੇ ਹਿੱਸੇ ਤੋਂ ਕਿਤੇ ਵੱਧ ਬੇਰੁਜ਼ਗਾਰੀ ਦਾ ਸੰਤਾਪ ਹੰਢਾਇਆ ਹੈ, ਚੰਗਾ ਹੈ ਅਰਾਮ ਦਾ ਟੁਕੜਾ ਬਣ ਗਿਆ ਹੈ। ਤੁਹਾਡਾ ਕੰਮ ਮੈਂ ਜਲਦੀ ਕਰਕੇ ਭੇਜਾਂਗਾ।

ਮੈਂ ਖੁਦ ਤਾਂ ਫਰੀਦਕੋਟ ਜਿਲ੍ਹੇ (ਮਾਲਵੇ) ਨਾਲ ਸਬੰਧਿਤ ਹਾਂ। ਤੇ ਤੁਹਾਨੂੰ ਦੁਆਬੇ ਦੇ ਲੇਖਿਕਾਂ ਦੀ ਲੋੜ ਹੈ। ਇਸ ਲਈ ਦੁਆਬੇ ਦੇ ਕਿਸੇ ਲੇਖਕ ਦੀਆਂ ਰਚਨਾਵਾਂ ਭੇਜ ਦੇਵਾਂਗਾ।

ਮੈਂ ਵੀ ਪ੍ਰੋਗਰਾਮ ਅਫ਼ਸਰ ਦੀ ਪੋਸਟ ਲਈ ਸਾਹਿਤ ਅਕਾਡਮੀ (ਰਬਿੰਦਰਾ ਭਵਨ, ਨਵੀਂ ਦਿੱਲੀ) ਨੂੰ ਅਪਲਾਈ ਕੀਤਾ ਹੈ। ਇੰਟਰਵਿਊ 7 ਮਈ ਨੂੰ ਹੈ। ਜੇ ਸਬੰਧਿਤ ਅਧਿਕਾਰੀਆਂ, ਜਿਨ੍ਹਾਂ ਤੱਕ ਅਪਰੋਚ ਹੋ ਸਕੇ, ਦਾ ਪਤਾ ਕਰਕੇ ਮੈਨੂੰ ਤੁਰੰਤ ਚਿੱਠੀ ਲਿਖ ਸਕੋਂ ਤਾਂ ਬਹੁਤ ਮੇਹਰਬਾਨੀ ਹੋਵੇਗੀ। 6 ਮਈ ਨੂੰ ਜਾਂ 7 ਮਈ ਨੂੰ ਮੈਂ ਤੁਹਾਨੂੰ ਮਿਲਾਂਗਾ ਵੀ। ਇੰਟਰਵਿਊ 3 ਵਜੇ ਹੈ। ਤੁਹਾਨੂੰ ਫ਼ੂਨ ਕਰ ਲਵਾਂਗਾ।

ਜੇਹੜੀ ਤੁਸੀਂ ਖ਼ਬਰ ਭੇਜੀ ਸੀ ਉਹ ਇਸ਼ਤਿਹਾਰੀ ਹੋਣ ਕਰਕੇ ਪ੍ਰਕਾਸ਼ਿਤ ਨਹੀਂ ਹੋ ਸਕੀ। ਅਜਿਹੀ ਸਮੱਗਰੀ ਸਿਰਫ ਇਸ਼ਤਿਹਾਰ ਤੇ ਤੌਰ ਤੇ ਹੀ ਵਰਤੀ ਜਾਂਦੀ ਹੈ।

**-ਬਲਦੇਵ ਸਿੰਘ ਧਾਲੀਵਾਲ**

(ਬਲਦੇਵ ਧਾਲੀਵਾਲ ਉਨ੍ਹਾਂ ਦਿਨ੍ਹਾਂ ਵਿਚ ਅਜੀਤ ਸਬ ਐਡੀਟਰ ਸਨ।)

**ਰਣਜੀਤ ਮਾਧੋਪੁਰੀ ਦਾ ਖ਼ਤ ਬਲਦੇਵ 'ਬੱਦਨ' ਵੱਲ**

ਪਿਆਰੇ ਮਿੱਤਰ ਬਦਲੇਵ 'ਬੱਦਨ' ਜੀਓ 23-7-86

ਮੈਂ ਇਕ ਦਿਨ ਅਕਾਸ਼ਬਾਣੀ ਜਲੰਧਰ ਵਿਖੇ ਇਕ ਪ੍ਰੋਗਰਾਮ ਦੇਣ ਗਿਆ ਸਾਂ ਤਾਂ ਉਥੇ ਅੰਮ੍ਰਿਤਲਾਲ ਪਾਲ ਹੁਣਾਂ ਨੇ ਤੇਰੇ ਬਾਰੇ ਮੈਨੂੰ ਜਾਣਕਾਰੀ ਦਿੱਤੀ ਕਿ ਤੂੰ ਨੈਸ਼ਨਲ ਬੁਕ ਟਰੱਸਟ ਦਿੱਲੀ ਵਿੱਚ ਸਹਾਇਕ ਸੰਪਾਦਕ ਹੈ। ਮੈਨੂੰ ਇਸ ਗੱਲ ਦੀ ਯਕੀਨਨ ਬਹੁਤ ਖੁਸ਼ੀ ਹੋਈ ਹੈ ਅਤੇ ਇਸ ਦੇ ਨਾਲ ਹੀ ਮੈਨੂੰ ਤੇਰੇ ਨਾਲ ਇਕ ਗਰਜ਼ ਵੀ ਪਈ ਹੈ, ਮਿੱਤਰ ਮੈਂ ਐਮ. ਏ. ਆਨਰਜ਼ ਪੰਜਾਬੀ ਚੋਂ ਫਸਟ ਕਲਾਸ ਅਤੇ ਐਮ. ਫਿਲ ਵਿੱਚ ਬੀ+ ਗਰੇਡ 'ਚ ਪਾਸ ਹੋਇਆ ਸੀ। ਬੀ. ਏ. ਅਨਰਜ਼ ਸੈਕਿੰਡ ਕਲਾਸ ਹੈ, ਇਸ ਤੋਂ ਬਾਅਦ ਮੈਨੂੰ ਡੀ. ਏ. ਵੀ. ਕਾਲਜ ਨਕੋਦਰ ਵਿਖੇ 500 ਰੁਪਏ ਦੀ ਨੌਕਰੀ ਮਿਲ ਗਈ ਸੀ। ਲੇਕਿਨ ਤਿੰਨਾਂ ਸਾਲਾਂ ਬਾਅਦ ਪਿਛਲੇ ਸਾਲ ਮੇਰੇ ਥਾਂ ਇਕ ਪੱਕਾ ਬੰਦਾ ਰੱਖ ਕੇ ਮੈਨੂੰ ਕੱਢ ਦਿੱਤਾ ਗਿਆ ਹੈ ਇਸ ਦਾ ਕਾਰਣ ਇਹ ਹੈ ਕਿ ਡੀ ਏ ਵੀ ਕਾਲਜ ਆਰੀਆ ਸਮਾਜੀ ਜਾਨੀ ਹਿੰਦੂ ਮਾਈਂਡਡ ਹੈ ਪਰ ਖੁਸ਼ਕਿਸਮਤੀ ਨਾਲ ਮੈਂ ਸਿੱਖ ਹਾਂ ਇਸ ਲਈ ਮੇਰੀ ਪੱਗ ਉਨ੍ਹਾਂ ਨੂੰ ਜਚਦੀ ਨਹੀਂ। ਖ਼ੈਰ ਅਜ ਕੱਲ ਮੈਂ ਬਹੁਤ ਹੀ ਆਰਥਿਕ ਤੰਗੀ ਵਿੱਚ ਦਿਨ ਗੁਜ਼ਾਰ ਰਿਹਾ ਹਾਂ, ਰੇਡੀਓ ਜਾਂ ਟੀ. ਵੀ. ਦੇ ਪ੍ਰੋਗਰਾਮਾਂ ਦੀਆਂ ਸਕਿਰਿਪਟਸ ਲਿਖ ਲਿਖ

ਗੁਜ਼ਾਰਾ ਤੋਰ ਰਿਹਾ ਹਾਂ। ਪਰ ਮੈਂ ਬਹੁਤ ਉਦਾਸ ਹਾਂ ਕਿ ਏਨਾ ਕੁਝ ਕਰਨ ਦੇ ਬਾਵਜੂਦ ਵੀ ਮੈਨੂੰ ਨੌਕਰੀ ਨਹੀਂ ਮਿਲ ਸਕੀ। ਸੋ ਪਿਆਰੇ ਮਿੱਤਰ ਇਕ ਲੋੜਵੰਦ ਮਿੱਤਰ ਤੇਰੇ ਅੱਗੇ ਗੁਜ਼ਾਰਿਸ਼ ਕਰਦਾ ਹੈ ਕਿ ਨੈਸ਼ਨਲ ਬੁੱਕ ਟਰੱਸਟ ਵਿੱਚ ਕੋਈ ਅਜੇਹਾ ਕੰਮ ਮੈਨੂੰ ਦਿਵਾ ਦੇ ਜਿਸ ਨਾਲ ਮੈਨੂੰ ਆਰਥਿਕ ਮਦਦ ਮਿਲ ਸਕੇ, ਉਂਜ ਪਾਲ ਨੇ ਮੈਨੂੰ ਦਸਿਆ ਸੀ ਕਿ ਟਰੱਸਟ ਵਲੋਂ ਪੰਜਾਬ ਦੀ ਮੌਜੂਦਾ ਹਲਾਤਾ ਤੋਂ ਪ੍ਰਭਾਵਿਤ ਨਜ਼ਮਾਂ ਦੀ ਕੋਈ ਕਿਤਾਬ ਛਾਪੀ ਜਾ ਰਹੀ ਹੈ ਜਿਸ ਨੂੰ ਤੂੰ ਆਡਿਟ ਕਰ ਰਿਹਾਂ ਏ, ਮੈਂ ਇੱਕ ਨਜ਼ਮ ਪੰਜਾਬ ਬਾਰੇ ਭੇਜ ਰਿਹਾ ਹਾਂ, ਮੇਰੀ ਇਹ ਨਜ਼ਮ ਪੰਜਾਬ ਦੇ ਸਾਹਿਤ ਜਗਤ ਵਿੱਚ ਚਰਚਾ ਦਾ ਵਿਸ਼ਾ ਬਣੀ ਰਹੀ ਹੈ। ਇਸੇ ਤਰ੍ਹਾਂ ਮੇਰੇ ਗੀਤ ਤੇ ਇਹ ਨਜ਼ਮ ਕਾਲਜਾਂ ਵਿੱਚ ਕਰਵਾਏ ਗਏ ਅਨੇਕ ਕਵਿਤਾ ਮੁਕਾਬਲਿਆਂ ਵਿੱਚ ਪੜ੍ਹੀ ਜਾਂਦੀ ਰਹੀ ਹੈ ਇਹ ਨਜ਼ਮ 'ਲੋਅ' ਵਿੱਚ ਛਪੀ ਸੀ। ਜਿਸ ਤੋਂ ਪ੍ਰਭਾਵਿਤ ਹੋਏ ਅਨੇਕਾਂ ਖ਼ਤ ਮੈਨੂੰ ਮਿਲੇ ਹਨ।

ਖ਼ੈਰ, ਤੂੰ ਖ਼ੁਦ ਹੀ ਜਾਣ ਲਵੇਗਾ ਕਿ ਮੇਰੀ ਇਸ ਨਜ਼ਮ ਅਤੇ ਗੀਤਾਂ ਵਿੱਚ ਕਿੰਨੀ ਕੁ ਸੰਵੇਦਨਾ ਹੈ, ਕਿਰਪਾ ਕਰਕੇ ਮੇਰੀਆਂ ਇਹ ਰਚਨਾਵਾਂ ਟਰਸਟ ਵਲੋਂ ਛਾਪੀ ਜਾ ਰਹੀ ਪੁਸਤਕ ਵਿੱਚ ਲਗਵਾ ਦੇਣਾ, ਇਸ ਨਾਲ ਮੇਰੀ ਆਰਥਿਕ ਮਦਦ ਹੋ ਜਾਵੇਗੀ। ਇਸ ਤੋਂ ਇਲਾਵਾਂ ਟਰਸਟ ਵਲੋਂ ਕਿਸੇ ਵੀ ਵਿਸ਼ੇ ਨਾਲ ਸੰਬੰਧਿਤ ਕੋਈ ਪ੍ਰਾਜੈਕਟ ਵਰਕ ਹੋਵੇ ਤਾਂ ਮੈਨੂੰ ਦਿਵਾਉਣ ਦੀ ਕੋਸ਼ਿਸ਼ ਕਰਨਾ।

ਪਿਆਰੇ ਮਿੱਤਰ ਮੈਂ ਸ਼ਰਮਸਾਰ ਹਾਂ ਕਿ ਮੈਨੂੰ ਅੱਜ ਰੋਟੀ ਖਾਤਰ ਕਿੰਨਾ ਜ਼ਲੀਲ ਹੋਣਾ ਪੈ ਰਿਹਾ ਹੈ, ਮਿੱਤਰਾਂ ਉੱਤੇ ਕਿੰਨਾ ਭਾਰ ਬਣਨਾ ਪੈ ਰਿਹਾ ਹੈ, ਦੋਸਤ ਮੇਰੀ ਇਹ ਮਜਬੂਰੀ ਹੈ ਕਿ ਮੈਂ ਆਪਣੀ ਸੰਵੇਦਨਾ ਵੇਚ ਰਿਹਾ ਹਾਂ। ਪਰ ਇਸ ਤੋਂ ਇਲਾਵਾ ਹੋਰ ਕੀ ਚਾਰਾ ਹੋ ਸਕਦਾ ਹੈ। ਮੈਂ ਕਿਸੇ ਨੂੰ ਰਿਸ਼ਵਤ ਨਹੀਂ ਦੇ ਸਕਦਾ, ਕਿਸੇ ਉੱਚ ਅਧਿਕਾਰੀ ਤਾਈਂ ਮੇਰੀ ਪਹੁੰਚ ਨਹੀਂ ਇਸ ਲਈ ਨੌਕਰੀ ਕਿਵੇਂ ਪ੍ਰਾਪਤ ਕਰਾਂ, ਹੁਣ ਤਾਂ ਕਲਮ ਦੇ ਆਸਰੇ ਹੀ ਦਿਨ ਨਿਕਲਣ ਦੀ ਆਸ ਕਰਦਾ ਹਾਂ।

ਪਿਆਰੇ ਦੋਸਤ ਮੇਰੀ ਇਸ ਗੁਜ਼ਾਰਿਸ਼ ਨੂੰ ਅੱਖੋਂ ਓਹਲੇ ਨਾ ਕਰਨਾ ਤੇਰੇ ਇਸ ਅਹਿਸਾਨ ਲਈ ਮੈਂ ਸਦਾ ਹੀ ਤੇਰਾ ਰਿਣੀ ਰਹਾਂਗਾ। ਤੂੰ ਮੇਰੇ ਲਾਈਕ ਕਿਸੇ ਕੰਮ ਦੀ ਭਾਲ ਕਰਕੇ ਮੈਨੂੰ ਖ਼ਤ ਲਿਖੀਂ, ਪਾਲ ਨੇ ਕਿਹਾ ਸੀ ਮੈਂ ਵੀ ਬਲਦੇਵ ਨੂੰ ਖ਼ਤ ਲਿਖ ਦਿਆਂਗਾ। ਪਰ ਮੈਂ ਆਸ ਕਰਦਾ ਹਾਂ ਕਿ ਤੂੰ ਮੇਰੀ ਸਮੱਸਿਆ ਨੂੰ ਗੰਭੀਰਤਾ ਨਾਲ ਸਮਝ ਲਵੇਂਗਾ। ਖ਼ਤ ਜ਼ਰੂਰ ਲਿਖੀ ਤਾਂ ਕਿ ਮੈਨੂੰ ਰਚਨਾਵਾਂ ਦੀ ਪਹੁੰਚ ਬਾਰੇ ਪਤਾ ਲੱਗ ਜਾਵੇ ਅਤੇ ਕਿਸੇ ਆਸ ਦੀ ਉਡੀਕ ਮੁਕ ਜਾਵੇ।

-**ਪ੍ਰੋ. ਰਣਜੀਤ ਮਾਧੋਪੁਰੀ**, ਪਿੰ+ਡਾ. ਮਾਧੋਪੁਰ ਸਿਰਵਾਲ, ਜਲੰਧਰ

**ਸੰਧੂ ਵਰਿਆਣਵੀ ਦਾ ਖ਼ਤ ਬਲਦੇਵ 'ਬੱਦਨ' ਵੱਲ**

ਬਲਦੇਵ ਜੀ 6-10-86

ਪਿਛਲੇ ਦਿਨੀਂ ਤੁਹਾਡਾ ਖ਼ਤ ਮਿਲਿਆ ਕਾਫ਼ੀ ਪੱਛੜ ਕੇ ਕਿਉਂਕਿ ਮੈਂ ਏਥੇ ਯੂਨੀਵਰਸਿਟੀ 'ਚ ਸਾਂ। ਖ਼ੈਰ ਤੁਹਾਡੇ ਖ਼ਤ ਮਿਲਣ ਤੋਂ ਪਹਿਲਾਂ ਹੀ ਏਥੇ ਦਾਖਲਾ ਮਿਲਣ ਤੇ ਆ ਗਿਆ ਸਾਂ।

ਸਾਡੇ ਵਾਲੀ ਕਿਤਾਬ ਛਪ ਰਹੀ ਹੈ। ਕਰੀਬਨ 50 ਸਫ਼ਿਆਂ ਤੋਂ ਉਪਰ ਕੰਮ ਪੂਰਾ ਹੋ ਗਿਆ ਹੈ। ਤੁਹਾਡੀਆਂ ਰਚਨਾਵਾਂ ਜੋ ਸ਼ਾਇਦ ਤੁਸੀਂ ਰੌਸ਼ਨ ਜੀ ਨੂੰ ਭੇਜੀਆਂ ਸਨ, ਖਰੜੇ ਵਿਚ ਸ਼ਾਮਿਲ ਕਰ ਲਈਆਂ ਗਈਆਂ ਹਨ।

ਕਿਤਾਬਾਂ ਛਾਪਣਾ ਕੋਈ ਸੌਖਾ ਕੰਮ ਨਈਂ। ਖਾਸ ਤੌਰ 'ਤੇ ਸੰਪਾਦਿਤ ਕੀਤੀਆਂ ਪੁਸਤਕਾਂ ਨੂੰ। ਪਹਿਲਾਂ ਤਾਂ ਲੇਖਕਾਂ-ਕਵੀਆਂ ਦੇ ਮਗਰ ਫਿਰ-ਫਿਰ ਕੇ ਰਚਨਾਵਾਂ 'ਕੱਠੀਆਂ ਕਰਨੀਆਂ ਤੇ ਫੇਰ ਪ੍ਰਕਾਸ਼ਕ ਮੂੰਹ ਸਿੱਧੇ ਨਾਲ ਗੱਲ ਹੀ ਨਈਂ ਕਰਦੇ। ਸਗੋਂ ਠੋਕਵਾਂ ਜੁਆਬ ਦਿੰਦੇ ਕਹਿਣਗੇ ਤੁਸੀਂ ਆਪਣੀ ਕਿਤਾਬ ਛਪਵਾ ਲਓ, 200 ਘੱਟ ਲੈ ਲਵਾਂਗੇ।

-**ਸੰਧੂ ਵਰਿਆਣਵੀ**, ਪੰਜਾਬੀ, ਯੂਨੀ. ਚੰਡੀਗੜ੍ਹ



**ਜੋਗਾ ਸਿੰਘ ਦਾ ਖ਼ਤ ਬਲਦੇਵ ਸਿੰਘ 'ਬੱਦਨ' ਵੱਲ**

ਪਿਆਰੇ ਬਲਦੇਵ ਸਿੰਘ 'ਬੱਦਨ' 13-2-89

ਤੇਰਾ ਖ਼ਤ ਮਿਲਿਆ!

ਤੂੰ ਬੱਚਿਆਂ ਲਈ ਨਿੱਜੀ ਤੌਰ ਤੇ ਗੀਤਾਂ-ਕਵਿਤਾਵਾਂ ਦੀ ਕਿਤਾਬ 'ਬਾਲ-ਕਿਆਰੀ' ਦਾ ਸੰਪਾਦਨ ਕਰ ਰਿਹਾ ਹੈਂ, ਇਹ ਬਹੁਤ ਚੰਗਾ ਉੱਦਮ ਹੈ।

ਪੰਜਾਬੀ ਵਿੱਚ ਬਾਲ-ਸਾਹਿਤ ਦੀ ਮੂਲੋਂ ਹੀ ਘਾਟ ਹੈ।

ਮੈਂ ਹੁੰਘਾਰੇ ਵਜੋਂ ਨਿਰੋਲ ਬੱਚਿਆਂ ਲਈ ਲਿਖੀਆਂ ਆਪਣੀਆਂ ਚਾਰ ਨਜ਼ਮਾਂ/ ਗੀਤ ਭੇਜ ਰਿਹਾ ਹਾਂ।

ਇੱਕ ਵੱਖਰੇ ਲਿਫ਼ਾਫ਼ੇ ਵਿੱਚ ਕੁਝ ਹੋਰ ਲੇਖਕਾਂ ਦੇ ਗੀਤ-ਕਵਿਤਾਵਾਂ ਵੀ ਇਹਨਾਂ ਦੇ ਨਾਲ ਹੀ ਭੇਜ ਰਿਹਾ ਹਾਂ। ਏਥੇ ਸਕੂਲ ਸਿੱਖਿਆ ਬੋਰਡ ਜਿਸ ਵਿੱਚ ਮੈਂ ਬਤੌਰ ਡਿਪਟੀ ਡਾਇਰੈਕਟਰ ਕੰਮ ਕਰਦਾ ਹਾਂ ਬੱਚਿਆਂ ਲਈ ਦੋ ਰਿਸਾਲੇ 'ਪੰਖੜੀਆਂ' ਤੇ 'ਪ੍ਰਾਇਮਰੀ ਸਿੱਖਿਆ' ਮਹੀਨਾ ਵਾਰ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਇਹ ਰਿਸਾਲੇ 20-20 ਹਜ਼ਾਰ ਦੀ ਗਿਣਤੀ ਵਿੱਚ ਛਪਦੇ ਹਨ। ਇਹ ਵੀ ਮੇਰੀ ਨਿਗਰਾਨੀ ਹੇਠ ਹੀ ਨਿੱਕਲਦੇ ਹਨ। ਹਰ ਪਰਚੇ ਬਾਰੇ ਬਹੁਤ ਸਾਰੀਆਂ ਚਿੱਠੀਆਂ ਪਾਠਕਾਂ ਵੱਲੋਂ ਆਉਂਦੀਆਂ ਹਨ। ਇਹਨਾਂ ਚਿੱਠੀਆਂ ਦੇ ਆਧਾਰ ਉੱਤੇ ਹੀ ਅਸੀਂ ਕੁਝ ਰਚਨਾਵਾਂ ਵੱਖਰੀਆਂ ਕਰ ਲੈਂਦੇ ਹਾਂ ਖਾਸ ਕਰਕੇ ਜਿਹੜੀਆਂ ਬੱਚਿਆਂ ਨੂੰ ਬਹੁਤ ਪਸੰਦ ਆਉਂਦੀਆਂ ਹਨ। ਇਹਨਾਂ ਰਚਨਾਵਾਂ ਵਿੱਚੋਂ ਹੀ ਮੈਂ ਚਰਨ ਰੇਸ਼ਮਾ ਦੀਆਂ ਤਿੰਨ, ਮਨਜੀਤ ਸਿੰਘ ਢਿੱਲੋਂ ਦੀਆਂ ਦੋ ਅਤੇ ਤਜਿੰਦਰ ਕੌਰ ਦੀ ਇਕ, ਜੋ ਵਧੇਰੇ ਪਸੰਦ ਕੀਤੀਆਂ ਗਈਆਂ ਹਨ ਵੀ ਭੇਜ ਰਿਹਾ ਹਾਂ। ਇਹਨਾਂ ਵਿੱਚੋਂ ਤੂੰ ਜੇਕਰ ਛਾਪਣੀ ਹੋਵੇ ਤਾਂ ਚੁਣ ਸਕਦਾ ਹੈ। ਲੇਖਕਾਂ ਵੱਲੋਂ ਪ੍ਰਵਾਨਗੀ ਹੈ। ਇਹਨਾਂ ਲੇਖਕਾਂ ਦੀਆਂ ਕਾਪੀਆਂ (ਛਪਣ ਪਿੱਛੋਂ) ਮੇਰੇ ਹੀ ਮਾਰਫ਼ਤ ਭੇਜ ਦੇਣੀਆਂ। ਇਹਨਾਂ ਦੀ ਪ੍ਰਵਾਨਗੀ ਕਿਸੇ ਵੀ ਰੂਪ ਵਿੱਚ ਛਾਪੇ ਜਾਣ ਲਈ ਮੇਰੇ ਵੱਲੋਂ ਹੈ ਤੇ ਆਪਣੀਆਂ ਰਚਨਾਵਾਂ ਦੀ ਵੀ। ਮੈਂ ਹਰ ਨਜ਼ਮ-ਗੀਤ ਹੇਠਾਂ ਪਤਾ ਵੀ ਆਪਣਾ ਹੀ ਦਿੱਤਾ ਹੈ। ਮੈਂ ਵੀ 68-70 ਵਿੱਚ ਐਨ. ਬੀ. ਟੀ. ਤੇ ਸੀ. ਬੀ. ਟੀ. ਦਾ (ਜਦੋਂ ਮੈਂ ਦਿੱਲੀ ਸਾਂ) ਕਾਫੀ ਕੰਮ ਕੀਤਾ ਹੈ। ਮੇਰਾ ਗੋਚਰਾ ਅਨੁਵਾਦ ਆਦਿ ਦਾ ਕੰਮ ਹੋਵੇ ਤਾਂ ਮੈਨੂੰ ਕਰਨ ਵਿੱਚ ਖ਼ੁਸ਼ੀ ਹੋਵੇਗੀ। ਉਦੋਂ 68-70 ਵਿੱਚ ਐਨ. ਬੀ. ਟੀ. ਦੇ ਸਕੱਤਰ ਕਰਤਾਰ ਸਿੰਘ ਦੁੱਗਲ ਹੋਇਆ ਕਰਦੇ ਸਨ। ਏਥੇ ਐਡੀਟਰ ਪੰਜਾਬੀ ਮੇਰੇ ਸਤਿਕਾਰਯੋਗ ਭੈਣ ਜੀ ਜਗਜੀਤ ਗਗਨ ਹੋਇਆ ਕਰਦੇ ਸਨ। ਕੀ ਉਹ ਐਨ. ਬੀ. ਟੀ. ਛੱਡ ਗਏ? ਜਾਂ ਉਹਨਾਂ ਦੀ ਤਰੱਕੀ ਹੋ ਗਈ? ਕਾਫ਼ੀ ਚਿਰਾਂ ਤੋਂ ਉਹਨਾਂ ਨਾਲ ਮੇਰੀ ਕੋਈ ਖ਼ਤ-ਪੱਤਰ ਨਹੀਂ ਹੋਇਆ। ਉਹ ਮੇਰੇ ਐਮ. ਏ. ਕਰਨ ਵੇਲੇ ਦੇ ਸਾਥੀ ਹਨ।

**-ਜੋਗਾ ਸਿੰਘ, ਚੰਡੀਗੜ੍ਹ**

**ਜਗਰੂਪ ਸਿੰਘ ਰੂਪ ਦਾ ਖ਼ਤ ਬਲਦੇਵ ਸਿੰਘ 'ਬੱਦਨ' ਵੱਲ**

'ਬੱਦਨ' ਜੀ

ਤੁਹਾਡਾ ਖ਼ਤ ਮਿਲਿਆ ਧੰਨਵਾਦ!

ਮੈਂ ਸ਼ੁਰੂ ਵਿਚ ਸਾਫ਼ ਕਰ ਦੇਣਾ ਚਾਹੁੰਦਾ ਹਾਂ ਕਿ ਮੈਂ ਬੱਚਿਆਂ ਲਈ ਕਵਿਤਾ ਬਹੁਤ ਘੱਟ ਲਿਖੀ ਹੈ। ਵਧੇਰੇ ਵਾਰਤਕ ਹੀ ਲਿਖੀ ਹੈ। ਪਰ ਫੇਰ ਵੀ ਪੰਜ ਕਵਿਤਾਵਾਂ ਭੇਜਣ ਦਾ ਯਤਨ ਕਰ ਰਿਹਾਂ ਹਾਂ। ਇਹ ਅਸਲ ਵਿੱਚ ਮੈਂ ਬੱਚਿਆਂ ਵਾਸਤੇ ਨਹੀਂ ਸਨ ਲਿਖੀਆਂ ਸਗੋਂ ਮੇਰੀਆਂ ਚੜ੍ਹਦੀ ਉਮਰ ਦੀਆਂ ਰਚਨਾਵਾਂ

ਹਨ। ਮੈਂ ਨਹੀਂ ਸੋਚਦਾ ਕਿ ਅਸੀਂ ਇਸ ਯੁੱਗ ਵਿੱਚ ਵਿਚਰਦਿਆਂ ਵੀ ਬੱਚਿਆਂ ਨੂੰ ਉਹੀ ਰਵਾਇਤੀ ਕਿਸਮ ਦੀਆਂ ਸਿੱਖਿਆ ਦਾਇਕ ਰਚਨਾਵਾਂ ਹੀ ਦਿੰਦੇ ਰਹੀਏ, ਜਦੋਂ ਕਿ ਅਸੀਂ ਆਮ ਵੱਡ ਵਡੇਰੇ ਜੋ ਜ਼ਿੰਦਗੀ ਦੇ ਵਰਤਾਰੇ ਦੇ ਅਜਿਹੇ ਨਮੂਨੇ ਪੇਸ਼ ਕਰ ਰਹੇ ਹਾਂ ਕਿ ਸਾਡੇ ਬੱਚਿਆਂ ਦੇ ਵੀ ਚਿਹਰੇ ਸ਼ਰਮ ਨਾਲ ਝੁਕ ਰਹੇ ਹਨ ਅਤੇ ਉਹ ਸਾਨੂੰ ਸਿੱਖਿਆ ਦਿੰਦਿਆਂ ਨੂੰ ਵੇਖ ਕੇ ਵਿਅੰਗ ਭਰੀ ਤੱਕਣੀ ਨਾਲ ਤੱਕਦੇ ਅਤੇ ਮੁਸਕਾਣ ਨਾਲ ਮੁਸਕਾਉਂਦੇ ਹਨ। ਸਾਡੇ ਕੁਝ ਸੰਵੇਦਨਸ਼ੀਲ ਬੱਚੇ ਅੰਦਰੋਂ ਅੰਦਰੀ ਰੋਂਦੇ ਵੀ ਹੋਣ ਇਸੇ ਲਈ ਮੈਂ ਆਮ ਸਾਹਿਤਕ ਪੱਧਰ ਦੀਆਂ ਰਚਨਾਵਾਂ ਹੀ ਭੇਜ ਰਿਹਾ ਹਾਂ। ਆਖਰ ਅੱਜ ਕੱਲ ਦੇ ਬੱਚਿਆਂ ਦੀ ਮਾਨਸਿਕ ਪੱਧਰ ਵੀ ਉੱਤੇ ਉੱਠੀ ਹੈ ਅਤੇ ਮੈਂ ਚਾਹੁੰਦਾ ਵੀ ਹਾਂ ਕਿ ਇਹ ਹੋਰ ਉੱਤੇ ਉੱਠੇ। ਇਸੇ ਆਸ਼ੇ ਨਾਲ ਮੈਂ ਉਹ ਕਵਿਤਾਵਾਂ ਭੇਜ ਰਿਹਾਂ ਹਾਂ ਜਿਹੜੀਆਂ ਮੈਂ ਕਦੇ ਵੀ ਬੱਚਿਆਂ ਲਈ ਨਹੀਂ ਸਨ ਲਿਖੀਆਂ। ਇਨ੍ਹਾਂ ਵਿੱਚੋਂ ਤੁਸੀਂ ਜਾਂ ਬੱਚੇ ਆਪਣੇ ਲਈ ਕੁੱਝ ਲੱਭ ਲੈਣ ਇਹ ਮੇਰਾ ਸੁਭਾਗ ਹੋਵੇਗਾ। ਕੋਈ ਯੋਗ ਤਬਦੀਲੀ ਕਰਨ ਜਾਂ ਇਨ੍ਹਾਂ ਦੀ ਹੋਰ ਵਰਤੋਂ ਕਰਨ ਦਾ ਮੈਂ ਤੁਹਾਨੂੰ ਅਧਿਕਾਰ ਦਿੰਦਾ ਹਾਂ ਪਰ ਨਾਲ ਹੀ ਇਹ ਵੀ ਚਹਾਂਗਾ ਕਿ ਤੁਸੀਂ ਉਸ ਸਭ ਕੁੱਝ ਬਾਰੇ ਆਪਣਾ ਫ਼ਰਜ਼ ਸਮਝਦਿਆਂ ਮੈਨੂੰ ਸੂਚਿਤ ਜ਼ਰੂਰ ਕਰੋਗੇ। ਮੈਂ ਤਸਦੀਕ ਕਰਦਾ ਹਾਂ ਕਿ ਇਹ ਮੇਰੀਆਂ ਆਪਣੀਆਂ ਮੌਲਿਕ ਰਚਨਾਵਾਂ ਹਨ।

ਹਾਂ ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਬਾਲ ਸਾਹਿਤ ਬਾਰੇ ਜੋ ਵੀ ਗੱਲਾਂ ਹੋ ਰਹੀਆਂ ਹਨ ਜਾਂ ਸਭਾ ਸੁਸਾਇਟੀਆਂ ਚਲ ਰਹੀਆਂ ਹਨ ਉਹ ਸਭ ਦਿਖਾਵੇ ਮਾਤਰ ਹੀ ਜਾਪਦੀਆਂ ਹਨ। ਇਸ ਬਾਰੇ ਮੈਂ ਇੱਕ ਨਿੱਜੀ ਉਦਾਹਰਣ ਦੇ ਕੇ ਸਪੱਸ਼ਟ ਕਰਨਾ ਚਾਹਾਂਗਾ। ਬਾਲ ਸਾਹਿਤ ਦੇ ਕਰਤੇ ਧਰਤੇ ਵੀ ਦੂਸਰੇ ਖੇਤਰਾਂ ਵਾਂਗ ਹੀ ਮੇਲ-ਮਿਲਾਪ ਅਤੇ ਚਾਪਲੂਸੀ ਨੂੰ ਹੀ ਤਰਜੀਹ ਦਿੰਦੇ ਹਨ। ਦੂਜੇ ਰਵਾਇਤੀ ਕਿਸਮ ਦੀਆਂ ਰਚਨਾਵਾਂ ਹੀ ਵਧੇਰੇ ਮਾਨਤਾ ਪ੍ਰਾਪਤ ਕਰ ਰਹੀਆਂ ਹਨ। ਮੌਲਿਕ ਰਚਨਾਵਾਂ ਵੱਲ ਵਧੇਰੇ ਧਿਆਨ ਨਹੀਂ ਦਿੱਤਾ ਜਾਂਦਾ ਜਦੋਂ ਕਿ ਬੱਚਿਆਂ ਦੇ ਪ੍ਰਤੀਕਰਮ ਮੌਲਿਕ ਰਚਨਾਵਾਂ ਪ੍ਰਤੀ ਵੀ ਉਨੇ ਹੀ ਉਤਸ਼ਾਹ ਜਨਕ ਵੇਖੇ ਗਏ ਹਨ।

ਇਕ ਆਖਰੀ ਗੱਲ ਹੋਰ ਲਿਖਣੀ ਚਾਹਾਂਗਾ ਕਿ ਮੇਰੇ ਇਕ ਨਾਵਲਿੱਟ 'ਕਰਾਮਾਤੀ ਪੌਦਾ' ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪੱਤਰਿਕਾ ਪ੍ਰਾਇਮਰੀ ਸਿੱਖਿਆ ਵਿੱਚ ਲੜੀਵਾਰ ਛਪ ਚੁੱਕਿਆ ਹੈ। ਬੱਚਿਆਂ ਦੇ ਦਸ ਖਤਾਂ ਵਿਚੋਂ ਅੱਠ ਖਤਾਂ ਵਿੱਚ ਉਸ ਨਾਵਲੈੱਟ ਦਾ ਜ਼ਿਕਰ ਹੁੰਦਾ ਸੀ। ਛੋਟੇ ਬੱਚੇ ਕੀ ਵੱਡੀ ਉਮਰ ਦੇ ਸਾਹਿਤਕਾਰ ਦੋਸਤਾਂ ਨੂੰ ਵੀ ਉਸਨੂੰ ਪੜ੍ਹ ਕੇ ਸੁਣਾਇਆ ਜਾਂ ਪੜ੍ਹਨ ਲਈ ਦਿੱਤਾ ਉਹ ਉਹਨੂੰ ਪਹਿਲੇ ਅੱਖਰ ਤੋਂ ਆਖਰੀ ਅੱਖਰ ਤੱਕ ਪੜ੍ਹਨ ਤੋਂ ਆਪਣੇ ਆਪ ਨੂੰ ਰੋਕ ਨਹੀਂ ਸਕੇ। ਪਰ ਬਾਲ ਸਾਹਿਤ ਨਾਲ ਸਬੰਧਤ ਕਿਸੇ ਸਭਾ ਸੁਸਾਇਟੀ ਨੇ ਉਸ ਦਾ ਨੋਟਿਸ ਨਹੀਂ ਲਿਆ। ਇਹ ਸਭਾ ਸੁਸਾਇਟੀਆਂ ਆਖਰ ਕਰਦੀਆਂ ਕੀ ਰਹਿੰਦੀਆਂ ਹਨ ਜੇ ਛਪਦੀਆਂ ਰਚਨਾਵਾਂ ਦਾ ਨੋਟਿਸ ਨਹੀਂ ਲੈ ਸਕਦੀਆਂ।

ਮੈਂ ਦਾਅਵਾ ਕਰ ਸਕਦਾ ਹਾਂ ਕਿ ਮੇਰੀ ਉਹ ਰਚਨਾ ਪੰਜਾਬੀ ਵਿਚ ਹੀ ਨਹੀਂ ਸਗੋਂ ਭਾਰਤੀ ਭਾਸ਼ਾਵਾਂ ਵਿਚ ਵੀ ਬੱਚਿਆਂ ਲਈ ਵਿਲੱਖਣ ਰਚਨਾ ਹੈ। ਪਰ ਮੈਂ ਉਸਦਾ ਕੀ ਕਰਾਂ? ਮੈਂ ਪੈਸੇ ਵਾਲਾ ਆਦਮੀ ਨਹੀਂ ਹਾਂ ਕਿ ਕਿਤਾਬਾਂ ਖੁਦ ਛਾਪ ਕੇ ਵੱਡਦਾ ਜਾਂ ਵੇਚਦਾ ਫਿਰਾਂ। ਨਾ ਹੀ ਲੋਕਾਂ ਮਗਰ ਫਿਰਨ ਅਤੇ ਚਾਪਲੂਸੀਕਰਨ ਵਿਚ ਵਿਸ਼ਵਾਸ ਰਖਦਾ ਹਾਂ।

**-ਜਗਰੂਪ ਸਿੰਘ ਰੂਪ, ਮੁਹਾਲੀ**

### ਮੋਹਨ ਲਾਲ ਫਿਲੌਰੀਆ ਦਾ ਖ਼ਤ ਬਲਦੇਵ 'ਬੱਦਨ' ਵੱਲ

ਬਲਦੇਵ ਸਿੰਘ 'ਬੱਦਨ' ਜੀਓ 20-3-2014

ਉਡੀਕਦੇ ਰਹੇ। ਪਤਾ ਲੱਗਾ ਕਿ ਪੁਸਤਕ ਮੇਲਾ ਕਿਸੇ ਵਜ਼ਾ ਕਰਕੇ ਨਹੀਂ ਲੱਗ ਸਕਿਆ। ਮਾਯੂਸੀ



ਹੋਈ।

ਇਸੇ ਦੌਰਾਨ ਪੁਸਤਕ 'ਪੰਜਾਬੀ ਦਲਿਤ ਕਹਾਣੀਆਂ' ਮਿਲੀ। ਪੁਸਤਕ ਕਮਾਲ ਦੀ ਹੈ। ਇਸ ਵਿੱਚ ਮੇਰੀ ਕਹਾਣੀ ਨੂੰ ਜ੍ਹਗਾ ਦੇ ਕੇ ਮੇਰਾ ਕੱਦ ਉੱਚਾ ਕੀਤਾ ਹੈ। ਲੇਖਕ ਦਾ ਮਾਣ ਹੋ ਜਾਵੇ ਤਾਂ ਕਲਮ ਚਲਦੀ ਰਹਿੰਦੀ ਹੈ।

ਤੁਹਾਡੇ ਉਪਰਾਲੇ ਸ਼ਲਾਘਾ ਦੇ ਹੱਕਦਾਰ ਹਨ। ਪੰਜਾਬ ਦਾ ਭਾਸ਼ਾ ਵਿਭਾਗ ਜਿਹੜਾ ਕੰਮ ਨਹੀਂ ਕਰ ਸਕਿਆ ਉਹ ਆਪ ਜੀ ਨੇ ਕਰ ਵਿਖਾਇਆ ਵਧਾਈ ਹੋਵੇ। ਇਕ ਚੰਗਾ ਇਤਿਹਾਸ ਸਿਰਜਿਆ ਹੈ।

ਪਾਣੀ ਨੂੰ ਤਰਸ਼ਦੀਆਂ ਬਹੁਤ ਸਾਰੀਆਂ ਜ਼ਮੀਨਾਂ ਬੰਜ਼ਰ ਪਈਆਂ ਸਨ ਸਮੇਂ ਨੇ ਕਰਵਟ ਲਈ ਉਹ ਜ਼ਮੀਨਾਂ ਉਪਜਾਊ ਹੋ ਗਈਆਂ। ਭਰਵੀਂ ਫ਼ਸਲ ਦੇ ਰਹੀਆਂ ਹਨ। ਕੁਝ ਇਸ ਤਰ੍ਹਾਂ ਦਾ ਹੀ ਦਲਿਤ ਸਾਹਿਤ ਤੇ ਦਲਿਤਾਂ ਲੇਖਕਾਂ ਦੀ ਸਥਿਤੀ ਰਹੀ ਹੈ। ਦਲਿਤ ਲੇਖਕ ਹੁਣ ਆਤਮ ਵਿਸ਼ਵਾਸ਼ ਆ ਜਾਣ ਕਰਕੇ ਠੋਸ ਤੇ ਨਿਗਰ ਰਚਨਾਵਾਂ ਰਚ ਰਹੇ ਹਨ, ਜਿਹਨਾਂ ਤੇ ਕਿੰਤੂ ਪ੍ਰੰਤੂ ਕਰਨਾ ਸੰਭਵ ਨਹੀਂ ਹੈ। 'ਸਾਹਿਤ' ਦੀ ਮੰਡੀ ਵਿਚ ਹੁਣ 'ਦਲਿਤ ਸਾਹਿਤ' ਦਾ ਮੁੱਲ ਪੈਣ ਲੱਗਾ ਹੈ।

ਦਲਿਤ ਸਾਹਿਤ ਵਲ ਸੰਪਾਦਕਾਂ ਨੇ ਧਿਆਨ ਦਿੱਤਾ ਹੈ ਤੇ ਦਲਿਤ -ਗੈਰ ਦਲਿਤ ਲੇਖਕਾਂ ਵੱਲ ਵੀ ਜਿਹਨਾਂ ਨੇ ਦਲਿਤ ਦਰਦ ਨੂੰ ਮਹਿਸੂਸ ਕੀਤਾ। ਇਹਨਾਂ ਯਤਨਾਂ ਦੀ ਲੜੀ ਵਿਚ ਬਲਦੇਵ ਸਿੰਘ 'ਬੱਦਨ' ਦਾ ਨਾਂ ਹਮੇਸ਼ਾਂ ਸਤਿਕਾਰ ਨਾਲ ਲਿਆ ਜਾਂਦਾ ਰਹੇਗਾ।

**- ਮੋਹਨ ਲਾਲ ਫਿਲੌਰੀਆ, ਜਲੰਧਰ**

### ਲੋਕ ਨਾਥ ਦੇ ਦੋ ਖ਼ਤ ਕਹਾਣੀਕਾਰ ਅਤਰਜੀਤ ਵੱਲ

ਪਿਆਰੇ ਅਤਰਜੀਤ 28-7-94

'ਸੁਰਿੰਦਰ ਹੇਮਜਯੋਤੀ' ਵਾਲੇ ਸਮਾਗਮ ਦੀ ਕਾਮਯਾਬੀ ਲਈ ਵਧਾਈ। ਤੇਰੇ ਲਿਖਣ ਪੜ੍ਹਨ ਤੇ ਅਧਿਆਪਕ ਦੇ ਨਾਲ ਨਾਲ ਹੋਰ ਵੀ ਬਹੁਤ ਸਾਰੀਆਂ ਜਿਮੇਂਵਾਰੀਆਂ ਤੇਰੇ ਉਪਰ ਆ ਪਈਆਂ ਨੇ, ਪਰ ਉਹ ਤੇਰੇ ਵਰਗਾ ਪ੍ਰਤੀਬੱਧ ਤੇ ਉੱਦਮੀਂ ਵਿਅਕਤੀ ਹੀ ਕਰ ਸਕਦਾ ਏ। ਮੈਂ ਅਜਿਹੇ ਕਾਰਜਾਂ ਵਿਚ ਸਹਾਇਤਾ ਕਰਨ ਦੇ ਬਹੁਤਾ ਯੋਗ ਤਾਂ ਨਹੀਂ, ਪਰ ਫਿਰ ਵੀ ਜਿੱਥੇ ਤੇ ਜਦੋਂ ਵੀ ਤੂੰ ਲੋੜ ਸਮਝੇਂ, ਬੰਦਾ ਹਾਜ਼ਰ ਏ।

ਦਰਅਸਲ ਮੈਂ ਬੇਸ਼ੱਕ ਜ਼ਿੰਦਗੀ ਦੇ ਸੰਘਰਸ਼ ਵਿੱਚ ਬਹੁਤਾ ਕਾਮਯਾਬ ਸਾਬਤ ਨਹੀਂ ਹੋਇਆ, ਪਰ ਬਹੁਤ ਸਾਰੇ ਸਟੇਜਾਂ ਤੇ ਖੜ੍ਹ ਕੇ ਝੂਠੇ ਦਮਗਜ਼ੇ ਮਾਰਨ ਵਾਲਿਆਂ ਨਾਲੋਂ ਅਜੇ ਵੀ ਆਪਣੇ ਵਿਤ ਮੁਜ਼ਬ ਕੰਮ ਕਰ ਰਿਹਾ। 'ਇਸ ਉਲਝੇ ਹੋਏ ਸਮਾਜਕ ਤਾਣੇ ਬਾਣੇ ਨੂੰ ਜੀਣ ਯੋਗ ਬਣਾਉਣ ਲਈ।' ਇਹੋ ਕਾਰਨ ਏ ਕਿ ਪੁਲਿਸ ਤੇ ਸਰਕਾਰੀ ਅਧਿਕਾਰੀ ਅਜੇ ਵੀ ਮੇਰਾ ਪਿੱਛਾ ਨਹੀਂ ਛੱਡਦੇ। ਮੈਂ ਇਸ ਬਾਰੇ ਕਦੇ ਕਿਸੇ ਨਾਲ ਜ਼ਿਕਰ ਨਹੀਂ ਕੀਤਾ। ਭਾਜੀ ਗੁਰਸ਼ਰਨ ਹੋਰਾਂ ਨਾਲ ਵੀ ਨਹੀਂ। ਨਹੀਂ ਤਾਂ... ਜਿਵੇਂ ਮੈਨੂੰ ਅਵਸਰ ਮਿਲੇ ਸਨ ਮੈਂ ਜ਼ਰੂਰ ਇਸ ਗਲਤ ਸਿਸਟਮ ਨੂੰ ਸਵੀਕਾਰ ਕਰਕੇ ਕੁਝ ਪ੍ਰਾਪਤੀ ਕਰ ਲੈਂਦਾ ਪਰ ਇਹ ਮੈਨੂੰ ਸਵੀਕਾਰ ਨਹੀਂ ਸੀ।

ਕਲ੍ਹ 24.7.94) ਸਟੇਜ ਤੇ ਮੈਂ ਵੀ ਵਧ ਚੜ੍ਹ ਕੇ ਆਪਣੇ ਬਾਰੇ ਕਹਿ ਸਕਦਾ ਸੀ। ਪਰ ਤੁਸੀਂ ਤੇ ਭਾਜੀ ਹੋਰੀਂ ਸੀ। ਉਹਨਾਂ ਸਾਥੀਆਂ ਨੂੰ ਵਧੇਰੇ ਯੋਗ ਸਮਝਦੇ ਨੇ। ਜਿੰਨਾਂ ਦੇ ਨਿੱਜੀ ਕਿਰਦਾਰ ਬਹੁਤ ਹੀ ਪ੍ਰਵਾਨ ਯੋਗ ਨੇ। ਹੋਰ ਤਾਂ ਹੋਰ ਹੁਣ ਤਾਂ ਕਹਿੰਦੇ ਕਹਾਉਂਦੇ 'ਮਹਾਂਪੁਰਖ' ਸੱਜਣਾਂ ਨੇ ਤਾਂ ਨੌਕਰੀਆਂ, ਪਲਾਟ, ਸਰਕਾਰੀ ਅਦਾਰਿਆਂ ਦੀ ਮੈਂਬਰੀਆਂ ਲੈਣ ਲਈ ਲੇਲੜੀਆਂ ਵੀ ਲਈਆਂ ਨੇ... ਕੀ ਨਹੀਂ?

ਖ਼ੈਰ ਭਾਜੀ ਹੁਰਾਂ ਕੱਲ ਮੈਨੂੰ ਚਲੰਤ ਜਿਹਾ ਕਮੈਂਟ ਦਿੱਤਾ ਸੀ ਕਿ ਲੋਕ ਨਾਥ ਤੇਰੇ ਵਿਚ ਸਭ ਤੋਂ ਵਧ

ਸਮਰੱਥਾ ਸੀ ਪਰ ਪਤਾ ਨਹੀਂ ਕਿਓਂ ਤੂੰ ਕੰਮ ਨਹੀਂ ਕੀਤਾ। ਪਰ ਮੈਂ ਮੌਕਾਪ੍ਰਸਤ ਤੇ ਘਟੀਆਂ ਕਿਰਦਾਰ ਵਾਲੇ ਲੋਕਾਂ ਨਾਲ ਕੰਮ ਨਹੀਂ ਕਰ ਸਕਦਾ।

ਬਸ ਇਕ ਗਿਲਾ ਹੈ ਕਿ ਮੈਂ ਸੁਰਿੰਦਰ ਜੀ ਦੇ ਵੇਲੇ 'ਹੇਮ ਜਯੋਤੀ' ਦਾ ਸਹਾਇਕ ਸੰਪਾਦਕ ਸਾਂ, ਵਰਿਆਮ ਸੰਧੂ, ਪਾਸ਼ ਤੇ ਸੰਤ ਸੰਧੂ ਦੀਆਂ ਪਹਿਲੀਆਂ ਪੁਸਤਕਾਂ ਸੰਗਰਾਮ ਪ੍ਰਕਾਸ਼ਨ, 18 ਰੋਡਵੇਜ ਕਾਲੋਨੀ, ਇਸਲਾਮਾਬਾਦ, ਅੰਮ੍ਰਿਤਸਰ ਤੋਂ ਛਪੀਆਂ ਸਨ। ਜਿਸਦੇ ਇਵਜ਼ 'ਚ ਮੇਰੇ ਕਮਰੇ ਤੇ ਛਾਪਾ ਮਾਰਕੇ ਪੁਲਿਸ ਸਭ ਕੁਝ ਲੈ ਗਈ ਸੀ। ਚਲੋ ਉਹ ਤਾਂ ਬੀਤਿਆ ਕਲ੍ਹ ਏ।

ਕੀ ਮੈਂ ਬਹੁਤ ਸਾਰੇ ਮੌਕਾ ਪ੍ਰਸਤ ਲੋਕਾਂ ਤੋਂ ਵੀ ਗਿਆਂ ਗੁਜ਼ਰਿਆਂ ਕਿ ਮੇਰਾ ਨਾਮ 'ਮੰਚ' ਲਈ ਯੋਗ ਨਹੀਂ ਸਮਝਿਆ ਗਿਆ। ਦੋਸਤ ਮਿੱਤਰ ਚੜ੍ਹਦੀਆਂ ਕਲਾਂ 'ਚ ਰਹਿਣ। ਇਹ ਮੇਰੀ ਕਾਮਨਾ ਹੈ।

**-ਲੋਕ ਨਾਥ**

ਪਿਆਰੇ ਅਤਰਜੀਤ ਜੀ 6-4-82

ਅਦਾਬ! ਆਪਜੀ ਦੇ ਸੂਚਨਾ ਪੱਤਰ ਨੂੰ ਪੜ੍ਹ ਕੇ ਬਹੁਤ ਖੁਸ਼ੀ ਹੋਈ। ਲਗਭਗ ਭੁਲਦੇ ਜਾ ਰਹੇ ਮਿੱਤਰਾਂ ਨੇ ਕਿਸੇ ਬਹਾਨੇ ਯਾਦ ਤਾਂ ਕੀਤਾ ਹੈ।

ਦਰਅਸਲ ਪਿਛਲੇ ਬਾਰਾਂ ਵਰ੍ਹੇ ਮੈਂ ਅਜੀਬ ਦੁਚਿੱਤੀ ਦਾ ਬਨਵਾਸ ਭੋਗਿਆ ਹੈ। ਖ਼ੈਰ ਹੁਣ ਕਾਫ਼ੀ ਠੀਕ ਹਾਂ। ਤੇ ਤੁਹਾਡੇ ਵਲੋਂ ਇਕ ਵਧੀਆ ਕਾਰਜ ਲਈ ਹੁੰਗਾਰਾ ਭਰਨ ਦੇ ਯੋਗ ਹਾਂ। ਮੈਂ ਲੁਧਿਆਣੇ ਪਹੁੰਚਾਗਾ ਅਤੇ ਜੋ ਵੀ ਕੰਮ ਮੇਰੇ ਜ਼ੁੰਮੇ ਲਾਓਗੇ ਪੂਰੀ ਲਗਨ ਨਾਲ ਕਰਾਂਗਾ।

ਉਂਝ ਇਸ ਉਪਰਾਲੇ ਵਿਚ ਗੁਰਸ਼ਰਨ ਭਾਜੀ, ਹਰਭਜਨ ਹਲਵਾਰਵੀ, ਡਾ. ਦੁਸਾਂਝ ਤੇ ਆਪ ਜਹੇ ਲੇਖਕ ਹੇਮਜਯੋਤੀ ਨਾਲ ਵਿਚਾਰ ਧਾਰਕ ਸਾਂਝ ਰੱਖਣ ਵਾਲੇ ਮਿੱਤਰ ਵਧੇਰੇ ਯੋਗਦਾਨ ਪਾਉਣ ਦੇ ਸਮਰੱਥ ਹੋਣਗੇ।

**- ਲੋਕਨਾਥ**

**ਮੁਖਤਿਆਰ ਸਿੰਘ ਦਾ ਖ਼ਤ ਕਹਾਣੀਕਾਰ ਅਤਰਜੀਤ ਵੱਲ**

ਸਤਿਕਾਰਯੋਗ ਅਤਰਜੀਤ ਜੀ 23-2-88

ਨਿੱਘੀ ਯਾਦ ਪੱਤਰ ਤੁਹਾਡਾ ਮਿਲ ਗਿਆ ਹੈ। ਪੱਤਰ ਪੜ੍ਹਕੇ ਬਹੁਤ ਖੁਸ਼ੀ ਹੋਈ ਹੈ। 27 ਵਾਲੇ ਪ੍ਰੋਗਰਾਮ ਬਾਰੇ ਪੂਰਾ ਧਿਆਨ ਰੱਖਾਂਗਾ। ਤੇ ਆਪਣੀ ਸਭਾ ਵਲੋਂ ਦੋ ਹੋਣਹਾਰ ਕਵੀਆਂ ਨੂੰ ਵੀ ਘੱਲਣ ਦੀ ਕੋਸ਼ਿਸ਼ ਕਰਾਂਗਾ। ਇਸ ਸਬੰਧ ਵਿਚ ਮੈਂ ਅੱਜ ਹੀ ਚਿੱਠੀਆਂ ਲਿਖ ਦਿੱਤੀਆਂ ਹਨ। ਹੁਣ ਬੇਨਤੀ ਇਹ ਹੈ ਅਤਰਜੀਤ ਜੀ ਕਿ ਮੇਰਾ ਖਿਆਲ ਹੈ ਤੁਹਾਨੂੰ ਮੇਰੀ ਬੀਮਾਰੀ ਬਾਰੇ ਪਤਾ ਨਹੀਂ। 3.5.87 ਨੂੰ ਮੈਨੂੰ ਅਧਰੰਗ ਦਾ ਅਟੈਕ ਹੋ ਗਿਆ ਸੀ। ਰਾਏਕੋਟ ਬਾਂਸਰ ਹਸਪਤਾਲ ਵਿਚ ਪੂਰੇ 27 ਦਿਨ ਬੇਹੋਸ ਰਿਹਾ। ਫਿਰ ਹੌਲੀ ਹੌਲੀ ਹਾਲਤ ਸੁਧਰ ਗਏ। ਢਾਈ ਮਹੀਨੇ ਪਿਛੋਂ ਬੀਮਾਰੀ ਤੇ ਕੰਟਰੋਲ ਹੋਇਆ। ਤੇ ਨਾਲ ਹੀ ਹੋਰ ਅੱਧਾ ਮਹੀਨਾ ਹਸਪਤਾਲ ਵਿੱਚ ਰਹਿਣਾ ਪਿਆ। ਸੱਜਾ ਹੱਥ ਤੇ ਸੱਜੀ ਲੱਤ ਦਿਮਾਗ਼ ਤੇ ਜਬਾਨ ਸਮੇਤ ਪੂਰਾ ਕੰਮ ਨਹੀਂ ਸੀ ਕਰ ਰਹੀ। ਅਖੀਰ ਪਿੰਡ ਆ ਗਿਆ। ਹੌਲੀ ਹੌਲੀ ਲੱਤ ਥੋੜ੍ਹੀ ਠੀਕ ਹੁੰਦੀ ਗਈ। ਜ਼ੁਬਾਨ ਵੀ ਸਾਫ਼ ਹੁੰਦੀ ਗਈ ਪਰ ਹੱਥ ਅਜੇ ਵੀ ਲਿਖਣੋ ਅਸਮਰੱਥ ਰਿਹਾ। ਸੋਚਦਾ ਸਾਂ ਦੋ ਚਾਰ ਮਹੀਨੇ ਤੱਕ ਠੀਕ ਹੋ ਜਾਵਾਂਗਾ।

ਪਰ ਕੁਦਰਤ ਦਾ ਦਵੰਧ ਇਹ ਹੋਇਆ ਕਿ 8.2.88 ਨੂੰ ਸੁਭਾ ਪੰਜ ਵਜੇ ਅਧਰੰਗ ਦਾ ਫਿਰ ਉਹੀ



ਅਟੈਕ ਹੋ ਗਿਆ। ਘਰ ਵਾਲੇ ਬੀਮਾਰੀ ਬੁਝ ਕੇ ਤੁਰੰਤ ਹਸਪਤਾਲ ਲੈ ਗਏ, ਡਾ. ਕੋਲ ਪਰਾਣਾ ਰਿਕਾਰਡ ਸੀ। ਉਸ ਨੇ ਤੁਰੰਤ ਸੰਭਾਲ ਲਿਆ। ਇਸ ਵਾਰ ਸਿਰਫ ਮੈਂ ਇਕ ਦਿਨ ਬੇਹੋਸ ਰਿਹਾ। ਪੰਜ ਕੁ ਦਿਨ ਵਿਚ ਡਾ. ਨੇ ਕਾਬੂ ਪਾ ਲਿਆ।

**-ਮੁਖਤਿਆਰ ਸਿੰਘ, ਖੰਨਾ**

**ਦੇਵ ਦਾ ਖ਼ਤ ਨੌਜਵਾਨ ਸ਼ਾਇਰ ਜੈ ਪਾਲ ਵੱਲ**

ਪਿਆਰੇ ਜੈ ਪਾਲ ਮਾਰਚ, 2001

'ਨਜ਼ਮ ਕਦੋਂ ਚੁੱਪ ਸੀ' ਭੇਜਣ ਲਈ ਧੰਨਵਾਦ! ਤੇਰੇ ਪ੍ਰਥਮ ਕਾਵਿ ਸੰਗ੍ਰਹਿ ਨਾਲ ਤੈਨੂੰ ਉਹ ਸ਼ਬਦ ਅਕਾਸ਼ ਮਿਲੇ ਜਿੱਥੇ ਸ਼ਾਇਰ ਦਾ ਸੁਪਨਾਓਣਾ ਹੀ ਉਸਦੀ ਪ੍ਰਤਿਭਾ ਦਾ ਯਥਾਰਥ ਹੁੰਦੈ। ਡਾ. ਸਰਬਜੀਤ ਨੇ 'ਨਜ਼ਮ ਕਦੋਂ ਚੁੱਪ ਸੀ' ਬਾਰੇ ਇਮਾਨਦਾਰੀ ਨਾਲ ਲਿਖਿਆ ਹੈ, ਖ਼ਾਨਾਪੂਰਤੀ ਨਹੀਂ ਕੀਤੀ। ਤੇਰੀ ਕਵਿਤਾ ਨੂੰ ਸਮਝਣ +ਸਮਝਾਉਣ, ਤੇਰੀ ਨਜ਼ਮ ਤੇ ਪਾਠਕ ਦੇ ਵਿਚਕਾਰ ਜਿਸ ਪਲ ਦੀ ਉਸਾਰੀ ਕੀਤੀ ਹੈ ਉਸਦੇ ਆਰ ਪਾਰ ਹੀ ਪਾਠਕ ਨੇ ਤੁਰਨਾ ਤੇ ਤਿਆਰ ਹੋਣਾ ਹੁੰਦੈ। ਜੇ ਪੁਲ਼ ਹੀ ਨੀਹਾਂ ਤੋਂ ਖੋਖਲਾ ਤੇ ਬੰਜ਼ਰ ਹੋਵੇਗਾ, ਉਥੇ ਪਾਠਕ ਦੀ ਭਟਕਣ ਤੇ ਬੇਬਸੀ ਵੀ ਹੋਰ ਵਧੇਗੀ। ਹਰ ਨਵੀਂ ਰਚਨਾ ਨਾਲ ਰਚਨਾਕਾਰ ਆਪਣੀ ਸੀਮਾ ਨੂੰ ਤੋੜਦਾ, ਉਲੰਘਦਾ, ਨਵੇਂ ਤੋਂ ਨਵੇਂ ਦਿਸਹਦਿਆਂ ਲਈ ਤਿਆਰ ਬਰ ਤਿਆਰ ਰਹਿੰਦੈ। ਤੇਰੀ ਪ੍ਰਤਿਭਾ ਤੇ ਸ਼ਬਦ ਧਰਮ ਤੈਨੂੰ ਇਸ 'ਸਭ ਕੁਝ ਚੋਂ ਗੁਜ਼ਰਦੇ ਰਹਿਣ ਲਈ ਪਰੇਦਾ ਰਹੇਗਾ। ਰਚਨਾ ਨੂੰ ਆਦਤੀ ਖਬਰ ਬਣਨ ਤੋਂ ਬਚਾਉਣਾ ਹੀ ਨਵੀਂ ਕਵਿਤਾ ਦਾ ਇਮਤਿਹਾਨ ਹੈ ਤੇ ਬਚਕੇ ਰਹੀਂ ਉਹਨਾਂ ਕਵੀਆਂ ਦੀ ਭੀੜ ਤੋਂ ਵੀ ਜੋ ਆਪਣੀ ਔਸਤਨਤਾ ਦੀ ਕੰਗਾਲੀ ਨੂੰ ਕੱਜਣ ਲਈ ਨਵੀਂ ਪ੍ਰਤਿਭਾ ਨੂੰ ਨਿਗਲ ਤੇ ਭਸ਼ਮ ਕਰ ਜਾਣ ਦੇ ਆਦੀ ਹੋ ਚੁੱਕੇ ਨੇ। ਸਿਰਜਣਾ ਇਕੋ ਵੇਲੇ ਬੇ ਪੀਰੀ ਤੇ ਦਰਸਾਹੀ ਵੀ ਹੁੰਦੀ ਹੈ। ਇਸ ਤਰ੍ਹਾਂ 'ਘਰ' ਇਕਲ ਭਰਿਆ ਤੇ ਬਹੁਤ ਵਾਰ ਬੇਹੱਦ ਸੁਨਾ ਉਦਾਸ ਕਰਨ ਵਾਲਾ ਵੀ ਹੁੰਦੈ, ਇਹਨਾ ਰਾਹਾਂ ਤੇ ਕਲਮ ਕਿਸੇ ਤੇ ਜਸ਼ਨ ਨਾਲ ਨਸਿਆਏ ਹੋਏ ਤੁਰਦੇ ਰਹਿਣਾ ਹੀ ਆਪਣੀ ਆਪਣੀ ਕਲਪਨਾ ਦੀ ਅਰਦਾਸ ਹੋਣਾ ਹੁੰਦਾ ਹੈ।

ਇਕ ਵਾਰ ਫੇਰ 'ਨਜ਼ਮ ਕਦੋਂ ਚੁੱਪ ਸੀ' ਘਲਣ ਲਈ ਮੇਹਰਬਾਨੀ। **-ਦੇਵ**

**ਦਲੀਪ ਕੌਰ ਟਿਵਾਣਾ ਦਾ ਖ਼ਤ ਨੌਜਵਾਨ ਸ਼ਾਇਰ ਜੈ ਪਾਲ ਵੱਲ**

ਪਿਆਰੇ ਜੈ ਪਾਲ 7-8-14

ਤੇਰੀ ਪੁਸਤਕ 'ਯਾਤਰੀ ਹਾਲੇ ਪਰਤੇ ਨਹੀਂ' ਮੈਂ ਪੜ੍ਹ ਲਈ ਹੈ। ਤੇਰੀ ਨਰੋਈ ਸੋਚ ਤੇ ਵਰਤਮਾਨ ਦੀ ਚੰਗੀ ਸਮਝ, ਭਾਵਾਂ ਦੀ ਸੁਹਿਰਦਤਾ ਤੇ ਬਲੀ ਦੀ ਸਾਦਗੀ ਤੇ ਮੌਲਿਕ ਪ੍ਰਗਟਾ ਤੇਰੀ ਚੰਗੀ ਕਾਵਿਕ ਸੂਝ ਦਾ ਪ੍ਰਗਟਾ ਹੈ।

ਮੈਨੂੰ ਤੇਰੀ ਕਵਿਤਾ ਚੰਗੀ ਲੱਗੀ ਹੈ। ਤੇਰੇ ਵਿਚ ਦੂਰ ਜਾਣ ਦੀ ਸਮਰੱਥਾ ਹੈ।

**-ਦਲੀਪ ਕੌਰ ਟਿਵਾਣਾ**

**ਪਰਮਿੰਦਰ ਸੋਢੀ ਦਾ ਖ਼ਤ ਨੌਜਵਾਨ ਸ਼ਾਇਰ ਜੈਪਾਲ ਵੱਲ**

ਪਿਆਰੇ ਜੈਪਾਲ ਜੀ 22-10-2000

ਤੁਹਾਡੀ ਪੁਸਤਕ 'ਨਜ਼ਮ ਕਦੋਂ ਚੁੱਪ ਸੀ' ਪੜ੍ਹ ਕੇ ਚੰਗਾ ਲੱਗਾ। 'ਸਤਿ ਸ਼ਿਵ ਸੁੰਦਰ' ਲਈ ਡੂੰਘੀ ਤੜਪ ਤੁਹਾਡੀਆਂ ਨਜ਼ਮਾਂ ਚੋਂ ਬਾਰ ਬਾਰ ਬੋਲਦੀ ਹੈ। ਇਕ ਪਾਕਿਸਤਾਨੀ ਨਜ਼ਮ ਨਹੀਂ, ਇਹ ਅਸੀਂ ਹਾਂ, ਇਕ ਘਰ, ਜੰਗ ਜਾਰੀ ਹੈ, ਕਦੇ ਕਦੇ, ਆਦਿ-ਕਵਿਤਾ, ਮੌਤ ਅਤੇ ਪੈੜਾਂ ਵਾਲਾ ਰਾਹ ਇਹ ਕਵਿਤਾਵਾਂ

ਵਿਸ਼ੇਸ਼ ਤੌਰ ਤੇ ਪਸੰਦ ਆਈਆਂ। ਇਹ ਅਸੀਂ ਹਾਂ, ਮੌਤ ਅਤੇ ਆਦਿ ਕਵਿਤਾ 'ਚ ਤੁਹਾਡਾ ਨਜ਼ਰੀਆ ਬੇਹੱਦ ਸਹਿਜ ਤੇ ਸੂਝ ਭਰਪੂਰ ਹੈ।

'ਸਮਾਂ ਹਾਲੇ ਬਦਲਿਆ ਨਹੀਂ' 'ਚ ਤੁਸੀਂ ਥੋੜਾ ਜਿਹਾ ਭੁਲੇਖਾ ਖਾ ਗਏ ਹੋ। ਸਮਾਂ ਬਦਲ ਵੀ ਗਿਆ ਹੈ। ਸਾਡੇ ਬਜ਼ੁਰਗਾਂ ਨੂੰ ਆਪਣੀ ਕਿਰਤ ਅਤੇ ਹੁਨਰ 'ਤੇ ਓਨਾ ਹੀ ਮਾਣ ਸੀ, ਜਿੰਨਾ ਸਾਨੂੰ ਆਪਣੀ ਕਵਿਤਾ ਸਿਰਜਣਾ 'ਤੇ ਹੈ।

ਤੁਹਾਡੀ ਕਲਮ ਹੋਰ ਸੋਹਣੇ ਤੇ ਰੌਸ਼ਨ ਸ਼ਬਦ ਵਕਤ ਦੇ ਕਾਗਜ਼ਾਂ 'ਤੇ ਉੱਕਰੇ... ਦੁਆ ਕਰਦਾ ਹਾਂ। ਮੋਹ ਅਤੇ ਸ਼ੁਭ ਇੱਛਾਵਾਂ ਭਰੇ ਦਿਲ ਨਾਲ ਤੁਹਾਡਾ ਪਾਠਕ,

**-ਪਰਮਿੰਦਰ ਸੋਢੀ, ਓਸਾਕਾ, ਜਪਾਨ**

**ਗ਼ਜ਼ਲਗੋ ਜਸਵਿੰਦਰ ਦਾ ਖ਼ਤ ਸ਼ਾਇਰ ਜੈ ਪਾਲ ਵੱਲ**

ਪਿਆਰੇ ਸ਼ਾਇਰ ਜੈ ਪਾਲ ਜੀ 22-9-2000

ਅਦਾਬ! ਤੁਹਾਡੀਆਂ ਖ਼ੂਬਸੂਰਤ ਨਜ਼ਮਾਂ ਦੀ ਕਿਤਾਬ 'ਨਜ਼ਮ ਕਦੋਂ ਚੁੱਪ ਸੀ' ਮਿਲੀ। ਭੇਜਣ ਲਈ ਬਹੁਤ ਬਹੁਤ ਧੰਨਵਾਦ!

ਤੁਹਾਡੀਆਂ ਕੁਝ ਨਜ਼ਮਾਂ ਪਹਿਲਾਂ ਵੀ ਪੜ੍ਹੀਆਂ ਸਨ ਤੇ ਪ੍ਰਭਾਵਿਤ ਹੋਇਆ ਸਾਂ। ਖਾਸ ਕਰਕੇ 'ਨਜ਼ਮ ਗੁੰਮ ਹੈ-2' ਦੇ ਭਾਵ ਪ੍ਰਭਾਵ ਤਾਂ ਅਜੇ ਤਾਈਂ ਜ਼ਿਹਨ ਵਿਚ ਤੈਰ ਰਹੇ ਹਨ। ਅੱਜ ਤੁਹਾਡੀ ਪੁਸਤਕ ਮਿਲਣ ਤੇ ਹੈਰਾਨੀ ਭਰੀ ਖੁਸ਼ੀ ਹੋਈ ਤੇ ਇੱਕੋ ਸਾਹੇ ਸਾਰੀ ਪੁਸਤਕ ਪੜ੍ਹ ਗਿਆ ਹਾਂ। ਇਸ ਵਿਚਲੀਆਂ ਨਜ਼ਮਾਂ ਦੀ ਸਰਲਤਾ ਤੇ ਸੂਖ਼ਮਤਾ ਲਾਜਵਾਬ ਹੈ। ਹਰ ਕਵਿਤਾ ਸਿੱਧੀ ਦਿਲ ਵਿਚ ਲਹਿ ਜਾਂਦੀ ਹੈ। ਤੀਰ ਵਾਂਗ, ਸਾਡੇ ਵੇਲਿਆਂ ਦੀ ਤਰਾਸਦੀ ਤੇ ਮਨੁੱਖ ਦੀ ਬੇਵਸੀ ਦਾ ਕਲਾਤਮਿਕ ਚਿਤਰਨ ਇਸ ਪੁਸਤਕ ਦੇ ਹਰ ਪੰਨੇ ਤੇ ਫੈਲਿਆ ਪਿਆ ਹੈ। ਆਮ ਤੌਰ ਤੇ ਬੋਝਲ ਬਿੰਬਾਂ ਕਾਰ ਉਪਜੀ ਸੰਚਾਰ ਹੀਣਤਾ ਹੇਠ ਕਾਵਿ ਸੁਹਜ ਦਬ ਜਾਂਦਾ ਹੈ। ਪਰ ਤੁਹਾਡੀ ਸਰਲਤਾ ਵਿਚ ਛਪਿਆ ਕਾਵਿ ਸੁਹਜ ਇਨ੍ਹਾਂ ਕਵਿਤਾਵਾਂ ਨੂੰ ਰਸੀਲੀਆਂ ਬਣਾ ਕੇ ਪਾਠਕ ਨੂੰ ਨਾਲ ਨਾਲ ਤੋਰੀ ਜਾਂਦਾ ਹੈ, ਪਿਆਰ, ਰਿਸ਼ਤਿਆਂ ਘਰ ਪਰਿਵਾਰ, ਸਮਾਜ ਦੇ ਨਿਗੂਣੇ ਅਣਗੌਲੇ ਅਹਿਸਾਸਾਂ ਨੂੰ ਕਾਵਿਕ ਛੋਹ ਦੇ ਕੇ ਤੁਸੀਂ ਪੰਜਾਬੀ ਕਵਿਤਾ ਨੂੰ ਅਮੀਰੀ ਬਖਸ਼ੀ ਹੈ। ਇਨ੍ਹਾਂ ਕਵਿਤਾਵਾਂ ਦਾ ਹੋਰ ਗੁਣ ਤੁਹਾਡੀ ਪੇਸ਼ਕਾਰੀ ਦੀ ਵਿਲੱਖਤਾ ਹੈ। ਇਹ ਪੁਸਤਕ ਮਾਨਣਯੋਗ ਵੀ ਹੈ ਤੇ ਵਿਚਾਰਨਯੋਗ ਵੀ। ਮੇਰੇ ਵੱਲੋਂ ਵਧਾਈ ਕਬੂਲ ਹੋਵੇ। ਭਵਿੱਖ ਤੋਂ ਤੁਹਾਡੇ ਤੋਂ ਬੜੀਆਂ ਹੀ ਆਸਾਂ ਹਨ। **-ਜਸਵਿੰਦਰ**

**ਬਚਿੰਤ ਕੌਰ ਦਾ ਖ਼ਤ ਸ਼ਾਇਰ ਜੈ ਪਾਲ ਵੱਲ**

ਮੇਰੇ ਪਿਆਰੇ ਜੈ ਪਾਲ ਜੀ! 13-10-2000

ਆਪ ਜੀ ਦੇ ਦੋਵੇਂ ਹੱਥਾਂ ਨੂੰ ਹਜਾਰ ਹਜਾਰ ਚੁੰਮਣ। ਤੇ ਢੇਰ ਸਾਰਾ ਮੋਹ ਹੈ ਏਸ ਵੇਲੇ ਮੇਰੀ ਅੰਤਰ ਆਤਮਾ ਵਿਚ ਆਪ ਜੀ ਲਈ। ਕਾਰਨ ਇਹ ਰਚਨਾ ਜੋ ਆਪ ਜੀ ਨੇ ਰਚੀ ਹੈ। (ਨਜ਼ਮ ਕਦੋਂ ਚੁਪ ਸੀ) ਏਸ ਵਿਚਲਾ ਸਾਰਾ ਮੈਟਰ ਪੜ੍ਹ ਕੇ ਇਉਂ ਲਗਦਾ ਹੈ ਕਿ ਏਸ ਤੋਂ ਪਹਿਲਾਂ ਵੀ ਆਪ ਜੀ ਨੇ ਢੇਰ ਸਾਰੀ ਰਚਨਾ ਜ਼ਰੂਰ ਕੀਤੀ ਹੈ ਜੇਕਰ ਕਿਤਾਬੀ ਰੂਪ ਵਿਚ ਪਾਠਕਾਂ ਦੇ ਸਾਹਮਣੇ ਨਹੀਂ ਆਈ ਤਾਂ ਅਲਮਾਰੀ ਵਿਚ ਪਏ ਵਰਕਿਆਂ ਉੱਤੇ। ਜੇਕਰ ਓਥੇ ਵੀ ਨਹੀਂ ਪਈ ਤਾਂ ਮਨ ਦੇ ਸੁਚੇਤ ਪਟਲ ਉੱਤੇ ਜ਼ਰੂਰ ਤੁਸੀਂ ਬਹੁਤ ਕੁਝ ਪਹਿਲਾਂ ਲਿਖਿਆ ਹੈ। ਜਿਸ ਨੂੰ ਮੈਂ ਤੁਹਾਡੀ ਪਲੇਠੀ ਦੀ ਪੁਸਤਕ ਵਿਚੋਂ ਵਾਰ ਵਾਰ ਪੜ੍ਹਿਆ



ਹੈ। ਜਿਵੇਂ-

ਅੱਧੀ ਕਹਾਣੀ ਸੁਣਨ ਪਿਛੋਂ ਚਾਨਕ ਮੇਰੇ ਬੇਟੇ ਅੰਦਰਲਾ ਅਰਸਤੂ ਜਾਗ ਜਾਂਦਾ
ਇਹ ਦਿਉ ਕਿਵੇਂ ਦਾ ਹੁੰਦਾ?
ਇਹ ਤਾਂ ਤੁਸੀਂ ਦਸਿਆ ਹੀ ਨਹੀਂ ਪਾਪਾ!
ਕਿਵੇਂ ਅੱਧੀ ਅੱਧੀ ਰਾਤੀ ਉਠ
ਫ਼ੂਹੀ ਫ਼ੂਹੀ ਸ਼ਬਦ ਜੋੜਕੇ
ਇਕ ਸਤਰ ਲਿਖਦੇ, ਇਕ ਕਟਦੇ
ਤੇ ਕਵਿਤਾ ਰਚਦੇ
ਉਹ ਕੱਟੇ ਹੋਏ (ਕਾਂਡ) ?

ਕਿਥੇ ਸਿੱਟੇ ਹਨ ਤੁਸੀਂ? ਮੈਂ ਤੁਹਾਨੂੰ ਪੁੱਛ ਰਹੀ ਹਾਂ ਜੈ ਪਾਲ ਜੀ? ਜੈ ਪਾਲ ਏਸ ਪੁਸਤਕ ਵਿਚਲੀ ਇਕ ਇਕ ਸਤਰ ਪਾਠਕ ਉੱਤੇ ਡੂੰਘਾ ਅਸਰ ਛਡਦੀ ਹੈ। ਇਹੀ ਕਵਿਤਾ ਤੇ ਗ਼ਜ਼ਲ ਦਾ ਸਹੀ ਪ੍ਰਪਜ਼ ਹੈ ਨਹੀਂ ਤਾਂ ਬਥੇਰੇ ਨਾਵਲ ਹਜ਼ਾਰ ਕਹਾਣੀਆਂ ਰਸਤਿਆਂ ਵਿਚ ਸਾਹ ਤੋੜੀਆਂ ਅਸੀਂ ਰੋਜ ਵੇਖਦੇ ਹਾਂ। ਤੁਹਾਡੀ ਏਸ ਰਚਨਾ ਨੂੰ ਮੈਂ ਨਜ਼ਮ ਸਾਹਿਤ ਵਿਚ ਬਹੁਤ ਹੀ ਵੱਡਮੂਲੀ ਰਚਨਾ ਮੰਨਦਾ ਹਾਂ।

**-ਬਚਿੰਤ ਕੌਰ**

**ਪਰਵਾਸੀ ਲੇਖਕ ਗੁਰਨਾਮ ਗਿੱਲ ਦੇ ਤਿੰਨ ਖ਼ਤ ਕਹਾਣੀਕਾਰ ਤੇ ਨਾਵਲਕਾਰ ਬਲਬੀਰ ਸੰਘੇੜਾ ਵੱਲ**

28-11-99

ਸੁਹਿਰਦ ਸੰਘੇੜਾ ਜੀ

ਭਾਰਤ ਵਿਚ ਸਾਢੇ ਤਿੰਨ ਮਹੀਨੇ ਵੇਸਟ ਕਰਨ ਬਾਦ ਲੰਡਨ ਪਰਤਿਆ ਹਾਂ। ਫਗਵਾੜੇ ਹੀ ਸਾਰਾ ਵਕਤ ਨਸ਼ਟ ਕੀਤਾ ਹੈ। ਕਿਸੇ ਲੇਖਕ ਨੂੰ ਵੀ ਮਿਲ ਨਹੀਂ ਹੋਇਆ। ਸਿਰਫ ਡਾ. ਰੰਧਾਵਾ, ਜਿੰਦਰ, ਕੇਵਲ ਕਲੋਟੀ, ਅਜਮੇਰ ਕੈਂਥ, ਸੁਰਜੀਤ ਜੱਜ, ਭੱਠਲ ਤੇ ਕੈਲੇ ਮੈਨੂੰ ਫਗਵਾੜੇ ਆਣ ਕੇ ਮਿਲ ਕੇ ਗਏ।

ਮੈਨੂੰ ਕੋਈ ਖ਼ਤ ਪੱਤਰ ਜਾਂ ਫ਼ੋਨ ਨਾ ਕਰਨ ਦੀ ਜਿੱਦ ਲਈ ਤੁਹਾਨੂੰ ਮੁਬਾਰਕਬਾਦ ਦਿੰਦਾ ਹਾਂ।

ਇਹ ਨਵਾਂ ਕਹਾਣੀ ਸੰਗ੍ਰਹਿ **'ਉਦਾਸ ਪਲਾਂ ਦੀ ਦਾਸਤਾਨ'** ਹਾਜ਼ਰ ਹੈ। ਬਿਨਾ ਪੁੱਛੇ ਤੁਹਾਡੇ ਨਾਂ ਕੀਤਾ ਹੈ। ਆਸ ਹੈ ਮੁਕੱਦਮਾ ਨਹੀਂ ਕਰੋਗੇ।

ਬਚਿੰਤ ਮੇਰੇ ਏਧਰ ਆਉਣ ਤੋਂ ਬਾਅਦ ਫਗਵਾੜੇ ਗਈ ਸੀ। ਸਿਰਫ ਮੇਰਾ ਫ਼ੋਨ ਨੰਬਰ ਲੈ ਕੇ ਪਤਾ ਪੁੱਛਦੀ ਰਹੀ। ਟੈਲੀਫ਼ੂਨ ਐਕਸਚੇਂਜ ਵਾਲਿਆਂ ਤੋਂ। ਉਨ੍ਹਾਂ ਦਿੱਤਾ ਨਹੀਂ। ਤੇ ਫਿਰ ਦਿੱਲੀ ਵਾਪਸ ਆ ਗਈ। ਕਿੰਨੀ ਸਮਝਦਾਰ ਔਰਤ ਹੈ?

ਸ੍ਰੀ ਚਾਨਣ ਸਿੰਘ ਨਿੱਝਰ ਜੀ ਦੇ ਅਕਾਲ ਚਲਾਣੇ ਬਾਰੇ ਜਾਣ ਕੇ ਬੜਾ ਦੁੱਖ ਹੋਇਆ ਹੈ। ਉਨ੍ਹਾਂ ਦੀ ਸਿੱਖੀ ਸੰਬੰਧੀ ਸ਼ਰਧਾ ਤੇ ਸਿਖ ਇਤਿਹਾਸ ਦੀ ਖੋਜ ਬਾਰੇ ਕੁੱਝ ਨਾ ਕੁੱਝ ਨਵਾਂ 'ਆਰ-ਪਾਰ' ਦੇ ਪੰਨਿਆਂ ਤੋਂ ਮਿਲਦਾ ਹੀ ਰਿਹਾ ਹੈ। ਉਹਨਾਂ ਦੇ ਇਸ ਸਦੀਵੀ ਵਿਛੋੜੇ ਦੀ ਘਾਟ ਉਹਨਾਂ ਦੇ ਪ੍ਰਵਾਰ ਨੂੰ ਹੀ ਨਹੀਂ, ਸਗੋਂ ਸਾਨੂੰ ਸਾਰਿਆਂ ਨੂੰ ਹੀ ਮਹਿਸੂਸ ਹੁੰਦੀ ਰਹੇਗੀ। ਇਸ ਕਿਤਾਬ 'ਚੋਂ ਇੱਕ ਦੋ ਕਹਾਣੀਆਂ ਕਿਤੇ ਪਹਿਲਾਂ ਨਹੀਂ ਛਪੀਆਂ। ਚੰਗੀਆਂ ਲੱਗਣ ਤਾਂ 'ਆਰ-ਪਾਰ' 'ਚ ਛਾਪ ਲੈਣਾ।

ਬਹੁਤੀਆਂ ਕਿਤਾਬਾਂ ਨਹੀਂ ਲਿਆ ਸਕਿਆ। ਇਹ ਦੋ ਭੇਜ ਰਿਹਾ ਹਾਂ। ਇਕ ਤੁਹਾਡੇ ਲਈ ਤੇ ਦੂਜੀ ਕਿਰਪਾਲ ਸਿੰਘ ਪਨੂੰ ਜੀ ਨੂੰ ਦੇ ਦੇਣੀ।

**-ਗੁਰਨਾਮ ਗਿੱਲ**

ਸੁਹਿਰਦ ਸੰਘੇੜਾ ਜੀਓ 14-3-99

'ਆਰ ਪਾਰ' ਦੀ ਗੱਲ ਦਰਵੇਸ਼ ਨਾਲ ਨਹੀਂ ਬਣਨੀ ਕਿਉਂਕਿ ਉਹ ਆਪਣੀ ਆਮਦਨ ਦਾ ਸਾਧਨ ਲੱਭਣਾ ਚਾਹੁੰਦਾ ਹੈ।

ਜਦੋਂ ਗਏ, ਜਿੰਦਰ ਨਾਲ ਗੱਲ ਕਰਕੇ ਵੇਖ ਲੈਣੀ। ਪੁੱਗੇ ਤਾਂ ਠੀਕ ਹੈ, ਨਹੀਂ ਤਾਂ ਨਾ ਸਹੀ। ਉਹ ਇਹ ਨਹੀਂ ਸਮਝਦੇ ਕਿ ਜੇ ਬਦੇਸ਼ਾਂ ਵਿਚ ਪੈਸੇ ਵਧੇਰੇ ਮਿਲਦੇ ਹਨ ਤਾਂ ਇਥੇ ਖਰਚੇ ਵੀ ਵਧੇਰੇ ਹਨ।

ਬਾਕੀ ਹਿੰਦੀ ਪੁਸਤਕ 'ਪੰਜਾਬੀ ਕਹਾਣੀ 1998' ਛਪ ਗਈ ਹੈ। ਅਪ੍ਰੈਲ ਵਿਚ ਆਊਟ ਹੋ ਜਾਵੇਗੀ। ਤੇ ਜਦੋਂ ਕੁ ਤੱਕ ਤੁਸੀਂ ਭਾਰਤ ਜਾਣਾ ਹੈ, ਚਰਚਾ ਸ਼ੁਰੂ ਹੋ ਚੁੱਕਾ ਹੋਵੇਗਾ। ਇਸ ਵਿਚ ਸੰਪਾਦਕ ਹਰਜੀਤ ਅਟਵਾਲ ਦੇ ਨਾਲ ਮੇਰਾ ਨਾਂ ਐਵੇਂ ਹੀ ਲਿਖ ਦਿੱਤਾ ਗਿਆ ਹੈ। ਇਸ ਵਿੱਚ ਤੁਹਾਡੀ ਕਹਾਣੀ ਹੈ ਪਰ ਬਚਿੰਤ ਦੀ ਨਹੀਂ ਲਈ।

ਹੁਣ ਜਿਹੜੀ ਪੁਸਤਕ **'ਪੰਜਾਬੀ ਕਹਾਣੀ 1999'** ਦੀ ਛਪਣੀ ਹੈ। ਇਸ ਵਿੱਚ ਥੋੜੀ ਮੈਂ ਵੀ ਮਨ ਮਰਜ਼ੀ ਕਰਨੀ ਹੈ। ਸੰਪਾਦਕ ਭਾਵੇਂ ਜਿੰਦਰ ਨੇ ਹੋਣਾ ਹੈ। ਇਸ ਪੁਸਤਕ ਵਿਚ ਬਚਿੰਤ ਦੀ ਕਹਾਣੀ ਵੀ ਸ਼ਾਮਲ ਕਰਨੀ ਹੈ। ਉਸਨੂੰ ਫ਼ੋਨ ਕਰਕੇ ਦੱਸ ਦੇਣਾ ਕਿ ਉਹ ਆਪਣੀ ਕਹਾਣੀ ਭੇਜ ਦੇਵੇ। ਮੈਂ ਵੀ ਫ਼ੋਨ ਕਰਨ ਦਾ ਯਤਨ ਕਰਾਂਗਾ ਤੇ ਤੁਸੀਂ ਵੀ ਆਪਣੀ ਕਹਾਣੀ ਭੇਜ ਦੇਵੋ। ਚਾਹੇ ਮੈਨੂੰ ਭੇਜ ਦੇਵੋ ਜਾਂ ਸਿੱਧੀ ਜਿੰਦਰ ਦੇ ਪਤੇ ਤੇ। ਇਸ ਸੰਗ੍ਰਹਿ ਵਿਚ, ਗੁ. ਭੁੱਲਰ, ਪ੍ਰੇਮ ਪ੍ਰਕਾਸ਼, ਜਸਵੀਰ ਭੁੱਲਰ, ਬਲਦੇਵ ਸਿੰਘ ਸੜਕਨਾਮਾ, ਪ੍ਰੇਮ ਗੋਰਖੀ, ਬਲਬੀਰ ਕੌਰ ਸੰਘੇੜਾ, ਜਰਨੈਲ ਸਿੰਘ, ਬਚਿੰਤ ਕੌਰ, ਜਿੰਦਰ, ਅਟਵਾਲ, ਜਸਵਿੰਦਰ ਸਿੰਘ, ਗੁਰਨਾਮ ਗਿੱਲ, ਅਮਨਪਾਲ ਸਾਰਾ, ਡਾ. ਰਾਏ ਤੇ ਅਮੀਨ ਮਲਕ । ਉਹ 15 ਕਹਾਣੀਕਾਰ ਹੋਣਗੇ।

ਇੱਕ ਤੁਸੀਂ ਆਪਣੇ ਬਾਰੇ ਤੇ ਆਪਣੀਆਂ ਲਿਖਤਾਂ ਬਾਰੇ ਹਾਲੇ ਤੱਕ ਅਲੋਚਕਾਂ-ਲੇਖਕਾਂ ਵਲੋਂ ਜੋ ਵਿਚਾਰ ਛਪੇ ਹਨ, ਉਸ ਦੀਆਂ ਫੋਟੋ ਕਾਪੀਆਂ ਭੇਜ ਦੇਣੀਆਂ। ਉਸਦੇ ਅਧਾਰ ਤੇ ਜਿੰਦਰ ਤੁਹਾਨੂੰ ਸਵਾਲ ਭੇਜੇਗਾ। ਤੁਸੀਂ ਮਜ਼ੇ ਨਾਲ ਉੱਤਰ ਲਿਖ ਕੇ ਭੇਜ ਦੇਣੇ ਕਿਉਂਕਿ ਪੰਜ ਛੇ ਲੇਖਕਾਂ ਦੀਆਂ ਲੰਮੀਆਂ ਮੁਲਾਕਾਤਾਂ ਵੀ ਉਹ ਇਕ ਕਿਤਾਬ ਛਾਪ ਰਿਹਾ ਹੈ।

'ਆਰ-ਪਾਰ' ਲਈ ਮੇਰੇ ਵਲੋਂ ਤਾਂ ਕਾਫੀ ਮੈਟਰ ਪਿਆ ਹੋਵੇਗਾ। ਜਦੋਂ ਵਿਹਲ ਲੱਗਾ ਮਹੀਨੇ ਦੋ ਮਹੀਨੇ ਤੀਕ ਬਲਰਾਜ ਸਾਹਨੀ ਵਾਲਾ ਰੇਖਾ ਚਿੱਤਰ ਵੀ ਭੇਜ ਦਿਆਂਗਾ। ਖੁਸ਼ਵੰਤ ਸਿੰਘ ਦਾ ਵੀ । ਸਫ਼ਾ ਦੋ ਸਫ਼ੇ ਲਾ ਛੱਡੋ। ਕਹੋ ਤਾਂ ਸੁਖਬੀਰ ਦੀ ਕਹਾਣੀ ਵੀ ਭੇਜ ਦਿਆਂਗਾ। ਲੇਖਕਾਂ/ਪਾਠਕਾਂ ਤੇ ਪ੍ਰਭਾਵ ਪਵੇਗਾ ਕਿ 'ਆਰ ਪਾਰ' ਨਾਲ ਚੰਗੇ ਚੰਗੇ ਲੇਖਕ ਜੁੜ ਕੇ ਸਹਿਯੋਗ ਦੇ ਰਹੇ ਹਨ ਤੇ ਪਰਚੇ ਦੀ ਸ਼ਾਨ ਵਿਚ ਏਦਾਂ ਹੀ ਵਾਧਾ ਹੁੰਦਾ ਹੈ।

ਗੁਲਜ਼ਾਰ ਦੀਆਂ ਕਵਿਤਾਵਾਂ ਵੀ ਭੇਜਾਂਗਾ। ਤੇ ਸੰਤੋਸ਼ ਸਾਹਨੀ ਦੀਆਂ ਵੀ। 'ਆਰ-ਪਾਰ' ਲਈ 50 ਡਾਲਰ ਚੰਦਾ ਹਾਜ਼ਰ ਹੈ।

ਹੋ ਸਕੇ ਤਾਂ ਕਿਰਪਾਲ ਸਿੰਘ ਪਨੂੰ ਹੋਰਾਂ ਦਾ ਪਤਾ ਤੇ ਫ਼ੋਨ ਨੰਬਰ ਭੇਜਣਾ। ਉਹਨਾਂ ਨੂੰ ਕਹਿ ਵੀ ਦੇਣਾ ਕਿ ਜੇਕਰ ਗ਼ਜ਼ਲਾਂ ਦੀ ਪੁਸਤਕ ਬਾਰੇ ਲਿਖਣਾ ਹੈ ਤਾਂ ਚੰਗੀ ਤਰ੍ਹਾਂ ਲਿਖ ਦੇਣ। ਇਕ ਪਰਚੇ ਜਿਹੇ ਦੀ ਸ਼ਕਲ ਵਿਚ। ਉਹੀ ਪਰਚਾ ਅਸੀਂ ਸਭਾ ਦੇ ਸਮਾਗਮ ਵੇਲੇ ਸਾਮਲ ਕਰ ਲਵਾਂਗੇ। ਤੇ ਪਹਿਲਾਂ ਤੁਸੀਂ ਇਹ 'ਆਰ ਪਾਰ' ਵਿਚ ਵੀ ਛਾਪ ਦੇਣਾ।

ਆਪਾਂ ਹੁਣ ਪਰਵਾਸੀ ਕਹਾਣੀਕਾਰਾਂ ਦੀ ਪੁਸਤਕ ਭਾਵੇਂ ਨਾ ਹੀ ਕੱਢੀਏ। ਆਪਣੀ ਕਹਾਣੀ ਤਾਂ ਹਰ ਸਾਲ ਦੀਆਂ ਕਹਾਣੀਆਂ ਵਿੱਚ ਛਪ ਹੀ ਜਾਇਆ ਕਰਨੀ ਹੈ। ਮੇਰੇ ਰੇਖਾ ਚਿੱਤਰ ਤੇ ਹੋਰ ਨਿਬੰਧ ਜਿਹੇ ਪਏ ਹਨ, ਕਈਆਂ ਨੇ ਰਾਏ ਦਿੱਤੀ ਹੈ ਕਿ ਇਨਾਂ ਦੀ ਵੀ ਕਿਤਾਬ ਤਿਆਰ ਕਰ ਲੈ। ਜੇਕਰ ਇਸ



ਕਿਤਾਬ ਵਿਚਲੇ ਸੰਗ੍ਰਹਿ ਲਈ ਸੰਪਾਦਕ ਬਲਬੀਰ ਕੌਰ ਸੰਘੇੜਾ ਦਾ ਨਾਂ ਹੋ ਜਾਵੇ ਕਿ ਚੰਗਾ ਰਹੇਗਾ। ਕਿਉਂਕਿ ਇਹ ਲਿਖਤਾਂ ਪਹਿਲਾਂ 'ਆਰ ਪਾਰ' ਵਿਚ ਛਪ ਚੁੱਕੀਆਂ ਹਨ। ਸੰਗ੍ਰਹਿ ਕਰਤਾ ਆਰ ਪਾਰ ਦੀ ਸੰਪਾਦਕ। ਕੋਈ ਇਤਿਰਾਜ਼?? ਜਲਦੀ ਲਿਖ ਦੇਣਾ।

**-ਗੁਰਨਾਮ ਗਿੱਲ**

ਸੁਹਿਰਦ ਸੰਘੇੜਾ ਜੀ 25-12-96

ਦਸੰਬਰ ਦਾ 'ਆਰ ਪਾਰ' ਮਿਲਿਆ। ਵੇਖ ਕੇ ਖੁਸ਼ੀ ਹੋਈ। ਪੜ੍ਹ ਕੇ ਆਨੰਦ ਆਇਆ। ਤੁਹਾਡੀ ਸੰਪਾਦਕੀ ਹਮੇਸ਼ਾ ਦੀ ਤਰ੍ਹਾਂ ਸੰਖੇਪ, ਚੱਕਵੀਂ ਤੇ ਪ੍ਰਭਾਵਸ਼ਾਲੀ ਹੈ। ਹੋ ਸਕੇ ਤਾਂ ਪੈਰੇਗ੍ਰਾਫਾਂ ਵਿੱਚ ਇਸਨੂੰ ਖੁੱਲੀ ਖੁੱਲੀ ਕਰਕੇ ਪੂਰੇ ਸਫ਼ੇ ਤੇ ਬਖੇਰਿਆ ਕਰੋ।

ਸਾਧੂ ਸਿੰਘ ਕੈਂਥੋ ਦੀ ਮੌਤ ਬਾਰੇ ਮੈਨੂੰ ਤਾਂ ਬਚਿੰਤ ਦਾ ਫੋਨ ਆਉਣ ਤੇ ਹੀ ਪਤਾ ਲੱਗਾ ਹੈ। ਪਿਛਲੇ ਮੰਗਲਵਾਰ ਹੀ ਉਸਨੇ ਅਮਰੀਕਾ ਤੋਂ ਫ਼ੋਨ ਕੀਤਾ ਸੀ। ਬਹੁਤ ਉਦਾਸ ਸੀ ਉਹ। ਉਸਦੇ ਨਾਲ ਉਸਦੀਆਂ ਬੇਟੀਆਂ ਕਮਲ ਤੇ ਬਬਲੀ ਵੀ ਅਮਰੀਕਾ ਆਈਆਂ ਹੋਈਆਂ ਹਨ। ਤੁਸੀਂ ਵੀ ਫ਼ੋਨ ਕਰਕੇ ਉਸਨੂੰ ਹੌਸਲਾ ਦਿੰਦੇ ਰਹਿਣਾ। ਮੈਂ ਵੀ ਫ਼ੋਨ ਕਰਦਾ ਰਹਾਂਗਾ।

ਜਿਹੜਾ ਤੁਸੀਂ ਕਿਹਾ ਸੀ ਕਿ ਤੁਸੀਂ ਭਾਰਤ ਵਿਚ ਰਹਿੰਦੇ ਲੇਖਕਾਂ ਨੂੰ ਦੋ ਸਾਲ ਤੋਂ ਪਰਚਾ ਭੇਜੀ ਜਾ ਰਹੇ ਹੋ ਪਰ ਉਨ੍ਹਾਂ ਕਦੇ ਪਹੁੰਚ ਰਸੀਦ ਵੀ ਨਹੀਂ ਭੇਜੀ। ਅਜਿਹੇ ਲੇਖਕਾਂ ਨੂੰ ਤੁਹਾਨੂੰ ਦੋ ਤਿੰਨ ਤੋਂ ਵਧੇਰੇ ਅੰਕ ਭੇਜਣੇ ਹੀ ਨਹੀਂ ਸਨ ਚਾਹੀਦੇ। ਕੋਈ ਸਹਿਯੋਗ ਤਾਂ ਕੀ ਦੇਣਾ, ਜਿਹੜਾ ਲੇਖਕ ਏਨੇ ਅਰਸੇ ਵਿੱਚ ਪਰਚੇ ਦੇ ਮਿਲਣ ਬਾਰੇ ਸੂਚਨਾ ਵੀ ਨਹੀਂ ਦੇ ਸਕਿਆ। ਕੋਈ ਸ਼ੁਕਰ ਗੁਜ਼ਾਰੀ ਕਰਨੀ ਵੀ ਨਹੀਂ ਜਾਣਦਾ, ਨਾ ਉਹ ਪਰਚਾ ਮੁਫ਼ਤ ਹਾਸਿਲ ਕਰਨ ਦਾ ਹੱਕਦਾਰ ਹੈ ਤੇ ਨਾ ਹੀ ਪਰਚੇ ਪ੍ਰਤੀ ਸਾਇਦ ਉਸਨੂੰ ਦਿਲਚਸਪੀ ਹੈ। ਅੱਗੋਂ ਲਈ ਉਹ ਵਿਅਰਥ ਸਮਾਂ ਤੇ ਪੈਸੇ ਜਾਏ ਕਰਨੇ ਬੰਦ ਕਰੋ।

ਮੈਂ ਉੱਤਰੀ ਅਮਰੀਕਾ ਦੇ 50 ਲੇਖਕਾਂ ਨੂੰ ਆਪਣੀਆਂ ਪੁਸਤਕਾਂ ਭੇਜੀਆਂ ਹਨ। ਸਿਵਾਏ ਪਰਮਾਰ, ਕਿਰਪਾਲ ਸਿੰਘ ਪੰਨੂ, ਉਂਕਾਰਪ੍ਰੀਤ ਸਿੰਘ, ਸੁਸ਼ੀਲ ਕੌਰ, ਗਿੱਲ ਮੋਰਾਂਵਾਲੀ ਤੇ ਤੁਹਾਡੇ ਤੋਂ ਬਿਨਾ ਹੋਰ ਕਿਸੇ ਨੇ ਖੇਚਲ ਨਹੀਂ ਕੀਤੀ ਕਿ ਦੋ ਸ਼ਬਦ ਪੁਸਤਕ ਮਿਲੀ ਦੇ ਹੀ ਲਿਖ ਦਿੱਤੇ ਜਾਣ।

ਲੇਖਕ ਹੋਣ ਦੇ ਨਾਲ ਨਾਲ ਜੇਕਰ ਬੰਦਾ ਥੋੜਾ ਜਿਹਾ ਮਨੁੱਖ ਵੀ ਹੋ ਸਕੇ ਤਾਂ ਚੰਗੀ ਗੱਲ ਹੀ ਹੈ।

ਬਹੁਤ ਸਾਰੇ ਲੇਖਕ ਭਾਰਤ ਤੇ ਪਾਕਿਸਤਾਨ ਤੋਂ ਇਥੇ ਆਉਂਦੇ ਹਨ। ਮਾਨਾਂ ਸਨਮਾਨਾਂ ਅਤੇ ਤੋਹਫ਼ਿਆਂ ਦੀ ਸ਼ਕਲ ਵਿਚ ਉਹ ਲੱਖ ਦੋ ਲੱਖ ਰੁਪਏ ਵੀ ਇਕੱਠੇ ਕਰ ਕੇ ਲੈ ਜਾਂਦੇ ਹਨ। ਸੈਰ ਸਪਾਟਾ ਮੁਫ਼ਤ ਦਾ। ਤੇ ਭਾਰਤ ਪਹੁੰਚ ਕੇ ਕਦੇ ਕਿਸੇ ਨੂੰ ਖ਼ਤ ਨਹੀਂ ਲਿਖਦੇ। ਸਾਇਦ ਉਹ ਭੁੱਲ ਜਾਂਦੇ ਹਨ ਕਿ ਬੰਦਾ ਜ਼ਿੰਦਗੀ 'ਚ ਇੱਕ ਵਾਰੀ ਤਾਂ ਇਸ ਤਰ੍ਹਾਂ ਫਾਇਦਾ ਉੱਠਾ ਸਕਦਾ ਹੈ ਲੇਕਿਨ ਬਾਰ ਬਾਰ ਨਹੀਂ।

ਡਾ. ਥਿੰਦ ਹੋਰੀਂ ਦੋ ਵੇਰੀ ਚੱਕਰ ਮਾਰ ਚੁੱਕੇ ਹਨ। ਉਨ੍ਹਾਂ ਵਿੱਚ ਸੁਹਿਰਦਗੀ, ਪਿਆਰ, ਹਮਦਰਦੀ ਤੇ ਈਮਾਨਦਾਰੀ ਹੋਣ ਕਰਕੇ ਅੱਜ ਵੀ ਕਈ ਲੇਖਕ/ ਪਾਠਕ ਉਨ੍ਹਾਂ ਲਈ ਟਿਕਟ ਭੇਜਣ ਤੇ ਆਪਣੇ ਘਰ ਰਿਹਾਇਸ਼ ਦੇਣ ਲਈ ਖੁਸ਼ੀ ਨਾਲ ਤਿਆਰ ਹਨ। ਇਸਦੇ ਉਲਟ ਕਈ ਲੇਖਕ ਅਜਿਹੇ ਹਨ ਜਿਨ੍ਹਾਂ ਨੂੰ ਕੋਈ ਇੱਕ ਰਾਤ ਵੀ ਆਪਣੇ ਘਰ ਰੱਖਣ ਲਈ ਤਿਆਰ ਨਹੀਂ ਹੈ।

ਸਾਡੇ ਬਦੇਸ਼ੀ ਲੇਖਕਾਂ ਵਿੱਚ ਵੀ ਇਹ ਇੱਕ ਬਹੁਤ ਵੱਡਾ ਨੁਕਸ ਹੈ ਕਿ ਅਸੀਂ ਆਪਣੇ ਬਾਰੇ ਦੋ ਅੱਖਰ ਲਿਖਵਾਉਣ ਦੇ ਲਾਲਚ ਵਿਚ ਬਹੁਤ ਹੀ ਸਸਤੇ ਹੋ ਜਾਂਦੇ ਹਾਂ। ਭਾਰਤ ਪਹੁੰਚ ਕੇ ਜੇ ਕਿਸੇ ਲੇਖਕ ਨੇ ਕਿਸੇ ਬਦੇਸ਼ੀ ਲੇਖਕ ਬਾਰੇ ਦੋ ਅੱਖਰ ਲਿਖੇ ਵੀ ਹਨ ਤਾਂ ਉਸ ਨਾਲ ਉਹ ਬਿਲਕੁਲ ਉੱਚਾ ਨਹੀਂ ਹੋਇਆ ਤੇ ਜਿਸ ਬਾਰੇ ਨਹੀਂ ਲਿਖੇ, ਉਹ ਨੀਵਾਂ ਨਹੀਂ ਹੋਇਆ।

ਅਜਿਹੀਆਂ ਗੱਲਾਂ ਤਾਂ ਹੋਰ ਵੀ ਬਹੁਤ ਹਨ ਪਰ ਕਦੇ ਫਿਰ ਸਹੀਂ। ਪਰਚਾ ਸਿਰਫ ਉਸੇ ਲੇਖਕ ਨੂੰ ਭੇਜੋ ਜੋ ਤੁਹਾਡੇ ਇਸ ਜਤਨ ਤੇ ਅਹਿਸਾਸ ਦੀ ਕਦਰ ਕਰਦਾ ਹੈ। ਯੂਨੀਵਰਸਿਟੀਆਂ ਜਿਵੇਂ ਗੁਰੂ ਨਾਨਕ, ਪੰਜਾਬ, ਪੰਜਾਬੀ, ਜੰਮੂ, ਕੁਰਕਸ਼ੇਤਰ ਤੇ ਦਿੱਲੀ ਅਤੇ ਭਾਸ਼ਾ ਵਿਭਾਗ, ਇਨ੍ਹਾਂ ਨੂੰ ਪਰਚੇ ਭਾਵੇਂ ਲਗਾਤਾਰ ਭੇਜਦੇ ਰਹੋ। **- ਗੁਰਨਾਮ ਗਿੱਲ**

**ਅਜੀਤ ਕੌਰ ਦਾ ਖ਼ਤ ਬਲਬੀਰ ਸੰਘੇੜਾ ਵੱਲ**

ਬਲਬੀਰ ਜੀ

ਖ਼ਤ ਮਿਲਿਆ, ਸ਼ੁਕਰੀਆ। ਤੁਸੀਂ ਜੀਅ ਸਕਦੇ ਆਓ। ਮੇਰੇ ਕੋਲੋਂ ਜੋ ਵੀ ਖ਼ਿਦਮਤ ਹੋ ਸਕੀ ਜ਼ਰੂਰ ਕਰਾਂਗੀ। ਤੁਹਾਡੀਆਂ ਰਚਨਾਵਾਂ ਸਜ ਧਜ ਕੇ ਛਾਪਣ, ਲੋਕਾਂ ਤੱਕ ਪਹੁੰਚਣ, ਮਕਬੂਲ ਹੋਣ, ਤੁਹਾਡਾ ਨਾਂ ਹੋਵੇ, ਇਹੀ ਚਾਹੁੰਦੀ ਹਾਂ ਮੈਂ। ਹਰ ਨਵੇਂ ਲੇਖਕ ਲਈ ਮੇਰੇ ਦਿਲ ਵਿਚ ਇਹੀ ਕਾਮਨਾ ਹੁੰਦੀ ਏ। ਜੋ ਵੀ ਕੰਮ ਤੁਸੀਂ ਮੇਰੇ ਜ਼ਿੰਮੇ ਲਾਓਗੇ ਕਰਾਂਗੀ।

ਲਿਖ ਦੇਣਾ ਕਿ ਕਦੋਂ ਆ ਰਹੇ ਓ, ਤੇ ਕਿੱਥੇ ਮਿਲੋਗੇ। **-ਅਜੀਤ ਕੌਰ**

**ਹਰਿੰਦਰ ਸਿੰਘ ਬਜਾਜ ਦਾ ਖ਼ਤ ਪਰਵਾਸੀ ਕਥਾਕਾਰ ਬਲਬੀਰ ਕੌਰ ਸੰਘੇੜਾ ਵੱਲ**

ਪਿਆਰੀ ਬਲਬੀਰ ਸੰਘੇੜਾ 14-8-2003

ਮੁਦੱਤ ਹੁਈ ਹੈ ਯਾਰ ਕੋ ਮਹਿਮਾਂ ਕੀਏ ਹੁਏ

ਮੈਨੂੰ ਪੂਰਨ ਆਸ ਹੈ ਆਪ ਜੀ ਪਰਿਵਾਰ ਸਹਿਤ ਸੁਖ ਸ਼ਾਂਤੀ ਵਿਚ ਮੇਰੇ ਵਾਂਗ ਜੀਵਨ ਦਾ ਪੂਰਾ ਪੂਰਾ ਆਨੰਦ ਮਾਣ ਰਹੇ ਹੋਵੋਗੇ।

ਬਲਬੀਰ ਤੇਰੇ ਜੀਵਨ ਵਿੱਚ ਅਸੀਂ ਇੰਜ ਆਏ, ਜਿਵੇਂ ਇੰਗਲੈਂਡ ਦਾ ਰਹਿਣਾ, ਆਰ ਪਾਰ ਦਾ ਆਉਣਾ ਤੇ ਫਿਰ ਜਿਵੇਂ ਆਏ ਉਵੇਂ ਹੀ ਇਕ ਇਕ ਕਰਕੇ ਛਪਨ ਹੁੰਦੇ ਗਏ। ਜਿਵੇਂ ਮੀਸ਼ਾ ਤੇਰੇ ਸਾਹਿਤ ਸੋਚਣੀ ਦਾ ਸਾਡੇ ਵਾਂਗ ਹੀ ਕੇਂਦਰ ਬਿੰਦੂ ਬਣਿਆ ਅਤੇ ਐਵੇਂ ਸਾਡੇ ਵਾਂਗ ਹੀ ਪੈੜਾਂ ਦੇ ਨਿਸ਼ਾਨ ਛੱਡ ਰਾਹੀ ਹੋ ਗਿਆ। ਕੋਈ ਕੀ ਕਰੇ, ਬਲਬੀਰ ਜੀਵਨ ਦਾ ਵਤਾਰੀ ਹੀ ਕੁਝ ਅਜਿਹੇ ਹੈ। ਕੁਝ ਕੁਝ ਹੈ ਅਤੇ ਕੁਝ ਕੁਝ ਨਹੀਂ ਵੀ।

ਪਿਛਲੇ ਹਫ਼ਤੇ 'ਸ਼ਬਦ' ਦਾ ਅੰਕ ਨੰ. 23 ਮਿਲਿਆ ਸ਼ਾਇਦ ਤੇਰੇ 1996 ਵਿਚ ਕੱਢੇ ਮੀਸ਼ਾ ਅੰਕ ਦਾ ਇਕ ਆਰਟੀਕਲ ਕਿਤੇ ਤੇਰੇ ਕਾਗਜ਼ਾਂ ਵਿਚ ਥੱਲੇ ਉੱਤੇ ਹੋ ਗਿਆ ਸੀ ਜੋ ਇਸ ਦੇ ਹੱਥ ਆ ਗਿਆ ਅਤੇ ਇਸ ਨੇ 2003 ਵਿਚ ਛਾਪ ਦਿੱਤਾ... ਖ਼ੈਰ ਕੋਈ ਗੱਲ ਨਹੀਂ। ਹੁਣ ਪੜ੍ਹ ਲਈ, ਵਿਚਾਰ ਲਈ। ਹਾਜ਼ਾਰੇ ਖਿਦਮਤ ਕਰ ਰਿਹਾਂ।

ਮੇਰੀ ਇਕਵੀ 'ਲੇਖਾਂ' ਦੀ ਇਕੋ ਇਕ ਲਿਖੀ ਪੁਸਤਕ 'ਸਾਡੇ ਜੀਵਨ ਦੀ ਸਹੀ ਪਹਿਚਾਣ' ਤੇਰੇ ਪੜ੍ਹਨ ਯੋਗ ਹੈ। ਜ਼ਰੂਰ ਪੜ੍ਹੀ। ਮੇਰੇ ਪਾਸ ਹੈ ਨਹੀਂ, ਨਹੀਂ ਤਾਂ ਜ਼ਰੂਰ ਭੇਜਦਾ ਅਤੇ ਉਸ ਤੋਂ ਬਾਅਦ ਦਾ ਫ਼ੈਂਟਸੀ ਨਾਵਲ 'ਸਵਰਗ ਦੇ ਝਰੋਖੇ ਚੋਂ' ਵੀ ਪੜ੍ਹਨ ਯੋਗ ਹੈ। ਮੇਰੀ ਲਿਖਤ ਐਕਸਪੈਰੀਮੈਂਟ ਹੈ ਵੀ ਅਤੇ ਰਹੇਗੀ ਵੀ। ਪੁਰਾਣੀਆਂ ਲੀਹਾਂ ਵਿਚ ਟੁਰਨਾ ਹੁਣ ਔਖਾ ਏ। ਸਤਰਵੇਂ ਵਰ੍ਹੇ ਵਿਚ ਮਨੋਂ ਬੰਦਾ ਆਪ ਹੀ ਨਵੀਆਂ ਲੀਹਾਂ ਪੈਦਾ ਕਰ ਸਕਨ ਦੇ ਸਮਰੱਥ ਹੋਵੇ ਤਾਂ ਜ਼ਰੂਰ ਪੈਦਾ ਕਰੇ। ਪਰ ਤੂੰ ਹਾਲੇ ਸਤਰਾਂ ਦੀ ਹੋਈ ਨਹੀਂ। ਪੁਰਾਣੇ ਰਾਹਾਂ ਤੇ ਹੀ ਟੁਰਦੀ ਜਾ ਰਹੀ ਹੈ।

**-ਹਰਿੰਦਰ ਸਿੰਘ ਬਜਾਜ**



**ਪ੍ਰਸਿੱਧ ਕਹਾਣੀਕਾਰ ਕ੍ਰਿਪਾਲ ਕਜ਼ਾਕ ਦਾ ਖ਼ਤ ਨਵੀਂ ਕਥਾਕਾਰ ਸਿਮਰਜੀਤ ਕੌਰ ਹੀਰ ਭੰਗੂ ਵੱਲ**

ਸਿਮਰ ਜੀਓ! 23-4-18

ਯਾਦ!! **'ਖ਼ਾਲੀ ਥਾਂ'** ਪੜ੍ਹੀ ਸ਼ੁਰੂਆਤ ਚੰਗੀ ਲੱਗੀ। ਧੰਨਵਾਦ!

ਤੁਸੀਂ ਕਿਸੇ ਅਖੌਤੀ ਲੇਖਕ ਵੱਲੋਂ ਲਿਖੀ ਭੂਮਿਕਾ ਦੀਆਂ ਬੈਸਾਖੀਆਂ ਤੋਂ ਬਿਨਾਂ, ਆਪਣੇ ਪੈਰੀ ਖੜ੍ਹੇ ਹੋਣ ਦਾ ਸਬੂਤ ਦਿੱਤਾ। ਦੂਹਰੀ ਖੁਸ਼ੀ ਹੋਈ। ਤੁਹਾਡੇ ਗਲਪੀ ਮੁਹਾਵਰੇ ਵਿਚ ਸਾਦਗੀ ਸੰਜਮ ਅਤੇ ਰਵਾਨਗੀ ਹੈ, ਇਹੋ ਕਥਾ ਬਿਰਤਾਂਤ ਦੀ ਰੀੜ੍ਹ ਹੈ।

ਪੰਜਾਬੀ ਕਥਾ ਜਗਤ ਵਿਚ ਆਪ ਦਾ ਭਰਵਾਂ ਸਵਾਗਤ ਹੈ।

ਉਮੀਦ ਹੈ ਇਸਤਰੀ ਪੁਰਸ਼ ਪਿਆਰ ਸੰਬੰਧਾਂ ਅਤੇ ਪਰਿਵਾਰਿਕ ਰਿਸ਼ਤਿਆਂ ਦੀ ਮਹਿਜ਼ ਤਸਵੀਰਕਸ਼ੀ ਤੋਂ ਅੱਗੇ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਸਰੋਕਾਰਾਂ ਦੇ ਜਟਿਲ ਕਾਰਨਾਂ ਦੀ ਸ਼ਿਲਪੀ ਤਲਾਸ਼ ਅਤੇ ਗਲਪੀ ਜੁਗਤਾਂ ਦੇ ਸਫ਼ਰ ਵੱਲ ਵੀ ਤੁਰੋਗੇ।

ਤੁਹਾਡੇ ਵਿਚ ਪ੍ਰਬੁੱਧ ਅਤੇ ਚਿੰਤਨਸ਼ੀਲ ਕਹਾਣੀਕਾਰ ਦੀਆਂ ਖ਼ੂਬੀਆਂ ਦਿਸ ਆਉਂਦੀਆਂ ਹਨ।

ਜੇਕਰ ਤੁਸੀਂ ਫੋਕੀ ਪ੍ਰਸੰਸਾਂ ਵਾਲੇ ਸਾਹਿਤ ਸੱਭਈਆ ਕਲਚਰ ਤੋਂ ਬਚੇ ਰਹੇ ਤਾਂ ਤੁਹਾਥੋਂ ਸੰਘਣੇ ਬਿਰਤਾਂਤ ਦੀਆਂ ਗ਼ੈਰ-ਰਿਵਾਇਤੀ ਕਹਾਣੀਆਂ ਦੀ ਆਸ ਵੀ ਰਹੇਗੀ। ਫੋਕੀ ਪ੍ਰਸੰਸਾ ਲੇਖਕ ਦੀ ਗ੍ਰੋਥ ਨੂੰ ਰੋਕ ਦਿੰਦੀ ਹੈ।

**'ਖਾਲੀ ਥਾਂ'** ਪਾਠਕਾਂ ਨੂੰ ਪ੍ਰਭਾਵਿਤ ਕਰੇਗੀ, ਇਸਦਾ ਯਕੀਨ ਹੈ। ਅਜਿਹੀ ਪੁਖ਼ਤਾ ਸ਼ੁਰੂਆਤ ਲਈ ਮੁਬਾਰਕ! **- ਕਿਰਪਾਲ ਕਜ਼ਾਕ**

**ਉੱਘੇ ਸਾਹਿਤਕਾਰ ਅਜਾਇਬ ਕਮਲ ਦਾ ਖ਼ਤ ਪੰਜਾਬੀ ਦੇ ਸੰਜੀਦਾ ਸ਼ਾਇਰ ਮਦਨ ਵੀਰਾ ਵੱਲ**

ਪਿਆਰੇ ਮਦਨ

ਵਾਅਦੇ ਅਨੁਸਾਰ ਤੈਨੂੰ ਲੇਖ ਠੀਕ ਕਰਕੇ ਭੇਜ ਰਿਹਾਂ।

ਤੇਰੇ ਸਮਾਗਮ ਦੀ ਕਾਰਵਾਈ 'ਅਜੀਤ' 'ਚ ਪੜ੍ਹੀ ਸੀ। ਮੈਨੂੰ ਪਤਾ ਨਹੀਂ ਸੀ ਕਿ ਸਾਹਿਤ ਸਭਾ ਵਾਲੇ ਇੰਨੀ ਨੀਵੀਂ ਪੱਧਰ ਤੇ ਵੀ ਜਾ ਸਕਦੇ ਪਰਧਾਨਗੀ ਮੰਡਲ 'ਚ ਬੈਠੇ ਫੋਟੋ ਕੱਟਣ ਦੀ ਗੁਸਤਾਖੀ ਵੀ ਕਰ ਸਕਦੇ ਅਤੇ ਫੇਰ ਮੇਰੇ ਬੋਲੇ ਸ਼ਬਦ ਕਿਸੇ ਹੋਰ ਦੇ ਮੂੰਹ ਵਿਚ ਵੀ ਪਾ ਸਕਦੇ ਜਿਨ੍ਹਾਂ ਦਾ ਅਜਿਹਾ ਸੰਕੀਰਣ ਕਿਰਦਾਰ ਹੈ, ਇਹ ਸਵਾਹ ਲੇਖਕ ਬਣਨ ਗੇ।

ਮੇਰੇ ਵਰਗੇ ਫ਼ੱਕਰ ਲੇਖਕ ਨੂੰ ਜਿਸਨੂੰ ਲਿਖਦਿਆਂ 45 ਸਾਲ ਹੋ ਗਏ ਅਤੇ ਜੋ ਤਿੰਨ ਦਰਜਨ ਪੁਸਤਕਾਂ ਦਾ ਰਚੇਤਾ ਹੈ। ਕੀ ਫਰਕ ਪੈਂਦਾ?

ਤੂੰ ਸਭਾ ਦੇ ਸੋ ਕਾਲਡ ਲੇਖਕਾਂ ਦੇ ਅਜਿਹੇ ਕਾਰਨਾਮਿਆਂ ਤੋਂ ਬਚਿਆ ਰਹੇਂ ਤਾਂ ਚੰਗਾ ਹੈ।

**-ਅਜਾਇਬ ਕਮਲ**

**ਸੁਕੀਤਰ ਦਾ ਖ਼ਤ ਮਦਨ ਵੀਰਾ ਵੱਲ**

ਵੀਰਾ! 14-9-06

(ਇਹੋ ਜਿਹੇ ਨਾਂਅ ਨਾਲ ਤੇ 'ਪਿਆਰੇ' ਲਾਣ ਦੀ ਵੀ ਲੋੜ ਨਹੀਂ।)

ਤਿੰਨ ਮਹੀਨੇ ਬਾਦ ਜਲੰਧਰ ਆ ਕੇ ਪਿਛਲੇ ਸਾਰੇ ਪਰਚੇ ਪੜ੍ਹਨੇ ਸ਼ੁਰੂ ਕੀਤੇ। ਅਜੋਕੀ ਕਵਿਤਾ ਮੇਰੇ

ਕੋਈ ਪਿੜ-ਪੱਲੇ ਨਹੀਂ ਪੈਂਦੀ (ਜਾਂ ਪੌਂਹਦੀ ਨਹੀਂ) ਸੋ ਆਮ ਤੌਰ ਤੇ ਸਫ਼ਾ ਪਲਟ ਕੇ ਅਗਾਂਹ ਲੰਘ ਜਾਂਦਾ ਹਾਂ।

ਨਜ਼ਰੀਏ ਵਿੱਚ ਤੁਹਾਡਾ ਨਾਂਅ ਨਜ਼ਰੀ ਪੈਣ ਤੇ ਸਿਰਫ਼ ਨਾਂਅ ਦੀ ਖਾਤਰ ਕਵਿਤਾਵਾਂ ਪੜ੍ਹ ਲਈਆਂ। ਬਹੁਤ ਚੰਗੀਆਂ ਲੱਗੀਆਂ। ਪਰਵਾਨੇ ਨਾਲ ਗੱਲ ਵੀ ਕੀਤੀ।

ਸਬੱਬ ਨਾਲ ਸ਼ਾਮੀ 'ਸਿਰਜਣਾ' ਦੇਖਣਾ ਸ਼ੁਰੂ ਕੀਤਾ ਤਾਂ ਫੇਰ ਉਹੋ ਨਾਂਅ ਨਜ਼ਰੀ ਪਿਆ। ਉਹ ਕਵਿਤਾ ਵੀ ਬਹੁਤ ਚੰਗੀ ਲੱਗੀ।

ਏਊਂ ਤੇ ਤੁਸੀਂ ਮੇਰੇ ਵਰਗੇ ਕਵਿਤਾ ਮੁਨਕਰਾਂ ਨੂੰ ਕਵਿਤਾ ਪੜ੍ਹਨ ਦਾ ਭੁੱਸ ਪਾ ਦਿਓਗੇ।

-ਮੁਬਾਰਕਾਂ!

**- ਸੁਕੀਰਤ**

**ਤਰਲੋਕ ਬੰਧੂ ਦਾ ਖ਼ਤ ਮਦਨ ਵੀਰਾ ਵੱਲ**

ਪਿਆਰੇ ਮਦਨ, 12-10-2002

ਤਹਿ ਦਿਲੋਂ ਧੰਨਵਾਦ 'ਅੱਖਰ' ਵਾਲਿਆਂ ਦਾ ਜਿਨ੍ਹਾਂ ਨੇ ਤੇਰਾ ਸਿਰਨਾਵਾਂ ਛਾਪਿਆ। ਉਸ ਲੇਖਕ ਮਿਲਣੀ (ਗਗਨ ਗਿੱਲ ਵਾਲੀ) ਜੋ ਜਲੰਧਰ ਹੋਈ ਸੀ, ਤੋਂ ਬਾਅਦ ਮੈਂ ਕਈ ਪੁਸਤਕ ਮੇਲਿਆਂ, ਪਰਦਰਸ਼ਨੀਆਂ 'ਚ ਕੋਸ਼ਿਸ਼ ਕੀਤੀ ਪਰ 'ਵੀਰਾ' ਨਾ ਮਿਲ ਸਕਿਆ ਤੇ ਨਾਂ ਹੀ ਕੋਈ ਡਾਕ ਪਤਾ।

ਖ਼ੈਰ, ਅਕਸਰ ਹੀ ਰਹਿ ਜਾਂਦੀਆਂ ਨੇ ਉਹ ਸਾਰੀਆਂ ਗੱਲਾਂ ਜੋ ਕਰਨ ਵਾਲੀਆਂ ਹੁੰਦੀਆਂ ਨੇ।

ਹੁਣ ਕਿਵੇਂ ਹੈ ਜ਼ਿੰਦਗੀ ਦੀ ਤੋਰ? ਉਂਝ ਤੇਰੀਆਂ ਸੱਜਰੀਆਂ ਕਵਿਤਾਵਾਂ ਪਰਚਿਆਂ 'ਚ ਪੜ੍ਹਦਾ ਰਹਿਨੈਂ ਤੇ ਕੁਝ ਕੁਝ ਮਾਨਸਿਕ ਹਲਾਤਾ ਦੀ ਖਬਰ ਉੱਪੜਦੀ ਰਹਿੰਦੀ ਹੈ। ਅੱਖਰਾਂ ਰਾਹੀਂ, ਪਰ ਮਿਲ ਬੈਠ ਕੇ ਗੱਲਾਂ ਕਰੀਏ ਕਦੇ?

ਮੈਂ ਪਿਛਲੇ ਤਿੰਨ ਸਾਲ ਤੋਂ ਉਪਰੋਕਤ ਕਾਲਜ ਵਿੱਚ ਹਾਂ, ਮਨੋਵਿਗਿਆਨ ਵਿਭਾਗ। ਕਦੇ ਸਮਾਂ ਲੱਗੇ ਜਾਂ ਮਨ ਦੀ ਅਵਸਥਾ 'ਇਕੋ ਜਿਹੀ' ਹੋਵੇ, ਕਦੇ ਆਇਉ, ਕੋਈ ਬਾਤ ਪਾਵਾਂਗੇ।

ਕੰਮ ਅੱਜ ਕੱਲ੍ਹ ਹੁਸ਼ਿਆਰਪੁਰ ਹੀ ਕਰ ਰਹੇ ਹੋ?

**-ਤਰਲੋਕ ਬੰਧੂ**

**ਕਰਤਾਰ ਸਿੰਘ ਦੁੱਗਲ ਦਾ ਖ਼ਤ ਮਦਨ ਵੀਰਾ ਵੱਲ**

ਪਿਆਰੇ ਵੀਰ ਮਦਨ ਵੀਰਾ ਜੀ 25-10-2001

ਤੁਹਾਡੀ ਰਚਨਾ 'ਭਾਖਿਆ' ਨੂੰ ਪੜ੍ਹਕੇ ਮੈਂ ਨਵੀਂ ਪੀੜ੍ਹੀ ਤੇ ਮਾਣ ਮਹਿਸੂਸ ਕਰ ਰਿਹਾ ਹਾਂ।

ਇਸ ਤੋਂ ਵਧੇਰੇ ਲਿਖਣ ਲਈ ਕੁਝ ਸੁਝ ਨਹੀਂ ਰਿਹਾ।

ਪਿਆਰ ਤੇ ਸ਼ੁੱਭ ਕਾਮਨਾਵਾਂ ਨਾਲ, ਹਿੱਤੂ **-ਕਰਤਾਰ ਸਿੰਘ ਦੁੱਗਲ**

**ਮਹੀਪ ਸਿੰਘ ਦਾ ਖ਼ਤ ਮਦਨ ਵੀਰਾ ਵੱਲ**

ਪਿਆਰੇ ਵੀਰਾ ਜੀ 13-11-2001

ਤੁਹਾਡਾ ਭੇਜਿਆ ਕਵਿਤਾ ਸੰਗ੍ਰਹਿ 'ਭਾਖਿਆ' ਪ੍ਰਾਪਤ ਹੋਇਆ। ਮੈਂ ਤੁਹਾਡੀਆਂ ਕਵਿਤਾਵਾਂ ਹੌਲੀ ਹੌਲੀ ਪੜ੍ਹ ਰਿਹਾ ਹਾਂ। ਕੁਝ ਕਵਿਤਾਵਾਂ ਮੈਂ ਪੜ੍ਹੀਆਂ ਹਨ। ਇਨ੍ਹਾਂ ਵਿੱਚ ਡੂੰਘਾ ਦਰਦ ਹੈ। ਇਸ ਦੇਸ਼



ਦਾ ਇਕ ਵੱਡਾ ਸਮਾਜ ਸਦੀਆਂ ਤੋਂ ਪੀੜਿਤ ਹੈ ਅਤੇ ਅਜੇ ਵੀ ਉਸਦੀ ਪੀੜਾ ਘੱਟ ਨਹੀਂ ਹੋਈ ਹੈ। ਇਕ ਫਰਕ ਜ਼ਰੂਰ ਪਿਆ ਹੈ। ਪਹਿਲਾਂ ਇਸ ਪੀੜਾ ਕੋਲ ਵਾਣੀ ਬੜੀ ਘੱਟ ਸੀ। ਅੱਜ ਤੁਹਾਡੇ ਵਰਗੇ ਕਵੀਆਂ ਨੇ ਇਸਨੂੰ ਵਾਣੀ ਦਿੱਤੀ ਹੈ।

ਮੈਂ ਤੁਹਾਨੂੰ ਅਜਿਹੀਆਂ ਸੋਹਣੀਆਂ ਕਵਿਤਾਵਾਂ ਲਿਖਣ ਲਈ ਵਧਾਈ ਦਿੰਦਾ ਹਾਂ। ਉਮੀਦ ਹੈ ਤੁਹਾਡੀ ਕਲਮ ਦੀ ਧਾਰ ਹੋਰ ਤੇਜ ਹੋਵੇਗੀ ਤੇ ਉਸ ਤੋਂ ਹੋਰ ਚੰਗੀਆਂ ਰਚਨਾਵਾਂ ਪੜ੍ਹਨ ਨੂੰ ਮਿਲਣਗੀਆਂ।

ਸੰਗ੍ਰਹਿ ਭੇਜਣ ਲਈ ਧੰਨਵਾਦ ਸਹਿਤ। ਸ਼ੁਭਚਿੰਤਕ

**- ਮਹੀਪ ਸਿੰਘ**

**ਮਿਸਰਦੀਪ ਭਾਟੀਆ ਦਾ ਖ਼ਤ ਮਦਨ ਵੀਰਾ ਵੱਲ**

ਪਿਆਰੇ ਮਦਨ ਵੀਰਾ ਜੀ 7-4-99

ਯਾਦ ਪਹੁੰਚੇ! ਇਕ ਮੁੱਦਤ ਤੋਂ ਬਾਅਦ ਖ਼ਤ ਲਿਖ ਰਿਹਾ ਹਾਂ। ਅਸੀਂ ਠੀਕ ਹਾਂ। ਪਿਛਲੇ ਦਿਨਾਂ ਵਿਚ ਤੁਹਾਡੀਆਂ ਕੁੱਝ ਦਲੇਰ ਅਤੇ ਮਜ਼ਬੂਤ ਨਜ਼ਮਾਂ ਪੜ੍ਹਨ ਨੂੰ ਮਿਲੀਆਂ। ਆਮ ਬੰਦੇ ਦੀ ਪੀੜਾ ਨੂੰ ਜਿਸ ਸ਼ਿੱਦਤ ਅਤੇ ਸੰਜੀਦਗੀ ਨਾਲ ਤੁਸੀਂ ਪੇਸ਼ ਕੀਤਾ ਹੈ ਉਹ ਕਾਬਲੇ ਤਾਰੀਫ਼ ਹੈ। ਸ਼ਾਲਾ! ਅਜਿਹੀ ਸਿੱਦਤਾ ਕਾਇਮ ਰਹੇ!

ਪਿਛੇ ਜਿਹੇ ਅਸੀਂ ਚੰਡੀਗੜ੍ਹ ਪੁਸਤਕ ਮੇਲਾ ਕੀਤਾ ਸੀ, ਤੁਹਾਨੂੰ ਬਹੁਤ ਯਾਦ ਕੀਤਾ। ਤੁਸੀਂ ਭੁਲ ਭੁਲੇਖੇ ਹੀ ਆ ਜਾਂਦੇ। ਲੋਕ ਤਾਂ ਦਿਲੀਓ-ਲਾਹੌਰੋ ਆ ਗਏ। ਸੁਰਿੰਦਰ ਗਰੋਆ ਨੇ ਦੱਸਿਆ ਕਿ ਤੁਸੀਂ ਟਾਂਡੇ ਤੋਂ 'ਪੰਜਾਬੀ ਟ੍ਰਿਬਿਊਨ' ਦੇਖਦੇ ਹੋ! ਖੁਸ਼ੀ ਹੋਵੇਗੀ ਜੇ ਤੁਸੀਂ ਆਪਣੀ ਕਲਮ ਰਾਹੀਂ ਟਾਂਡੇ ਦੇ ਪਿੰਡ ਪਿੰਡ ਇਥੋਂ ਦੇ ਲੋਕਾਂ ਦਾ, ਟਾਂਡੇ ਇਲਾਕੇ ਦੀਆਂ ਪ੍ਰਾਪਤੀਆਂ ਦਾ, ਸਮੱਸਿਆਵਾਂ ਦਾ ਅਖ਼ਬਾਰ ਵਿਚ ਜ਼ਿਕਰ ਕਰੋ। ਸਾਡੇ ਪਿੰਡ ਦੀ ਮਸੀਤ ਦਾ ਵੀ ਬੜਾ ਗੌਰਵਮਈ ਇਤਿਹਾਸ ਹੈ, ਉਸ ਬਾਰੇ ਵੀ ਲਿਖਣਾ।

ਮਾਧੋਪੁਰੀ ਨੇ ਦੱਸਿਆ ਸੀ ਕਿ ਆਪਦੀ ਸਿਹਤ ਵੀ ਠੀਕ ਨਹੀਂ ਰਹਿੰਦੀ। ਵੀਰਿਆ ਸਵੇਰੇ ਉਠਕੇ ਨੱਠਿਆ ਭੱਜਿਆ ਕਰ। ਇਹ ਦੇਹ ਸਾਲੀ ਚੱਲਦੀ ਫਿਰਦੀ ਹੀ ਚੰਗੀ ਲੱਗਦੀ ਹੈ। ਤੇਰੀ ਤੰਦਰੁਸਤੀ ਲਈ ਮੈਂ ਦੁਆ ਕਰਦਾ ਹਾਂ।

**-ਮਿਸਰਦੀਪ ਭਾਟੀਆ**

**ਉੱਘੇ ਦਲਿਤ ਚਿੰਤਕ ਗਿਆਨ ਸਿੰਘ ਬੱਲ ਦੇ ਦੋ ਖ਼ਤ ਦਵਾਰਕਾ ਭਾਰਤੀ ਵੱਲ**

ਪਿਆਰੇ ਰਾਜੂ ਜੀ 28-10-95

ਵਧਾਈ ਪ੍ਰਵਾਨ ਕਰੋ। ਆਪ ਦੀ ਕਹਾਣੀ 'ਸਿਤਾਰ' ਪੜ੍ਹੀ, ਪੜ੍ਹ ਕੇ ਮਨ ਖਿਲ ਗਿਆ। ਫੁੱਲ ਗੁਲਾਬ ਵਾਂਗ ਐਨੀ ਸਰਲਤਾ ਤੇ ਰਵਾਨਗੀ, ਕਮਾਲ ਐ। ਆਪ ਬਹੁਤ ਅੱਛੀਆਂ ਕਹਾਣੀਆਂ ਲਿਖ ਸਕਦੇ ਹੋ। ਆਪ ਵਿਚ ਕਲਾ ਹੈ, ਆਪ ਪਾਸ ਵਿਚਾਰ ਹੈ। ਜਾਰੀ ਰੱਖੋ। ਇਸ ਤਰ੍ਹਾਂ ਦੇ ਵਿਸ਼ੇ ਚੁਣਨੇ ਆਮ ਸਾਹਿਤਕਾਰ ਲਈ ਔਖੇ ਹਨ। ਉਹੀ ਚੁਣ ਸਕਦਾ ਜਿਹੜਾ ਮਾਨਵਵਾਦੀ ਸੋਚ ਦਾ ਹਾਮੀ ਤੇ ਮਾਲਕ ਹੈ। ਧਰਮ ਦੇ ਅਮਾਨਵੀ ਰੋਲ ਨੂੰ ਸਮਝਣਾ ਤੇ ਉਜਾਗਰ ਕਰਨਾ ਮਾਨਵਵਾਦੀ ਸਾਹਿਤ ਦਾ ਮੁਖ ਕਰਤਵ-ਮਨੋਰਥ ਹੈ। ਇਹ ਰਚਨਾ ਕਰਨੀ ਜਣੇ ਖਣੇ ਦਾ ਕੰਮ ਨਹੀਂ। ਤੇ ਐਸਾ ਸਾਹਿਤ ਲਹਿਰ ਨਾਲ ਜੁੜ ਕੇ ਹੀ ਲਿਖਿਆ ਜਾ ਸਕਦਾ ਹੈ। ਕਈ ਖੇਤਰਾਂ ਜਾ ਵਿਸ਼ਿਆ ਵਿਚ ਆਪ ਦਾ ਅਧਿਐਨ ਡੂੰਘਾ ਹੈ ਤੇ ਪਕੜ ਵੀ ਮਜਬੂਤ। ਫਿਰ ਵੀ ਸਿਫਾਰਸ਼ ਕਰਾਂਗਾ ਕਿ ਹਿੰਦੀ ਕਥਾਕਾਰ ਯਸ਼ਪਾਲ ਤੇ ਕ੍ਰਿਸ਼ਨ ਚੰਦਰ, ਅਹਿਮਦ ਨਦੀਮ ਕਾਸਮੀ ਦੀਆਂ ਕਹਾਣੀਆਂ ਵੱਧ ਤੋਂ ਵੱਧ ਪੜ੍ਹੀਆਂ ਜਾਣ ਤਾਂ ਵਿਸ਼ੇ ਦੀ ਪਕੜ ਹੋਰ ਵੀ ਮਜ਼ਬੂਤ ਹੋ ਸਕਦੀ ਹੈ।

ਆਪ ਦਾ ਅਨੁਵਾਦ ਲੇਖ ਵੀ ਪੜ੍ਹਿਆ ਬਹੁਤ ਵਧੀਆਂ ਸੀ। ਨਵਾਂ ਜ਼ਮਾਨਾਂ ਦੇ ਮੁਕਾਬਲੇ ਪੰਜਾਬੀ ਟ੍ਰਿਬਿਊਨ ਵਧੀਆ ਪੇਪਰ ਹੈ। ਉਸ ਦੀ ਸਰਕੂਲੇਸ਼ਨ ਵੀ ਬਹੁਤ ਹੈ ਤੇ ਉਹ ਸੇਵਾ-ਫ਼ਲ ਵੀ ਅਦਾ ਕਰਦੇ ਹਨ। ਉਨ੍ਹਾਂ ਨੂੰ ਭੇਜਿਆ ਕਰੋ। ਇਸ ਤਰ੍ਹਾਂ ਦੀਆਂ ਕਹਾਣੀਆਂ ਦੀ ਕਾਪੀ 'ਨਵਾਂ ਜ਼ਮਾਨਾ' ਨੂੰ ਵੀ ਭੇਜ ਦਿੱਤੀ ਜਾਵੇ ਤਾਂ ਹਰਜ਼ ਨਹੀਂ। ਵਿਚਾਰ ਲੈਣਾ ਸੁਝਾਅ ਹੀ ਹੈ ਤੇ ਉਹ ਵੀ ਆਪ ਤੱਕ ਹੀ ਹੈ।

ਕੱਲ ਜੋ ਆਪ ਨੇ ਮੰਗਾਂ ਪੜ੍ਹੀਆਂ ਸਨ ਫੰਕਸ਼ਨ ਵਿਚ, ਰੀਜ਼ਰਵੇਸ਼ਨ ਵਾਲੀ ਮੰਗ ਨਾਲ ਅਸੀਂ ਕਪੂਰਥਲੇ ਵਾਲੇ ਸਾਹਿਮਤ ਨਹੀਂ ਸੀ। ਉਸ ਸਮੇਂ ਗੱਲ ਕਰਨੀ ਵਾਜਬ ਨਹੀਂ ਸਮਝੀ ਕਿਉਂਕਿ ਨੌਕਰੀਆਂ ਲਈ ਕਈ ਜਵਾਨ ਕਦਮ ਤਾਂ ਪੁੱਟ ਸਕਣਗੇ ਪਰ ਗਰੰਟੀ ਕੋਈ ਨਹੀਂ ਰਹੇਗੀ, ਦੂਸਰੇ ਸਮਾਜਕ ਤਬਦੀਲੀ ਦਿਲੋਂ ਨਹੀਂ ਕਹੀ ਜਾ ਸਕਦੀ ਫਿਰ...।

ਹਾਂ ਆਪ ਨੇ 22-1-95 ਨੂੰ ਆ ਜਾਣਾ। ਮੈਂ ਚਾਹੁੰਦਾ ਹਾਂ ਕਿ ਮੰਚ ਦਾ ਹਿਸਾਬ ਆਪ ਦੇ ਹਵਾਲੇ ਹੋ ਜਾਵੇ ਤਾਂ ਠੀਕ ਹੈ ਤੇ ਬੈਂਕ ਵਿਚੋਂ ਰਕਮ ਵੀ ਆਪ ਤੇ ਪ੍ਰਵਾਨਾ ਦੇ ਦਸਤਖ਼ਤਾਂ ਨਾਲ ਹੀ ਨਿਕਲੇ, ਇਹ ਜ਼ਰੂਰੀ ਹੈ। ਜੇ ਪਹਿਲਾਂ ਆ ਸਕਦੇ ਹੋ ਤਾਂ ਵੀ ਬੇਹਤਰ ਹੋਏਗਾ।

**-ਗਿਆਨ ਸਿੰਘ ਬੱਲ**

ਪਿਆਰੇ ਰਾਜੂ ਜੀ ਯਾਦ ਪੁੱਜੇ 22-10-91

ਆਪ ਦਾ ਪੱਤਰ ਕੱਲ ਬਾਅਦ ਦੁਪਿਹਰ ਮਿਲਿਆ। ਦਫ਼ਤਰ ਤਾਂ ਮੋਟੀ ਮੋਟੀ ਹੀ ਨਿਗਾ ਮਾਰੀ ਸੀ ਪਰ ਅੱਜ ਤੜਕੇ ਗਹੁ ਨਾਲ ਪੜ੍ਹਿਆ ਤਾਂ ਪ੍ਰਸੰਨਤਾ ਹੋਈ ਕਿ ਆਪ ਉਹੀ ਕੁਝ ਕਰ ਰਹੇ ਹੋ ਜਿਸ ਦੀ ਭਾਰਤ ਨੂੰ ਅਤਿਅੰਤ ਲੋੜ ਹੈ ਤੇ ਜਿਹੜਾ ਕੁਝ ਉਹ ਲੋਕ ਨਹੀਂ ਕਰ ਰਹੇ ਜਿਨ੍ਹਾਂ ਨੂੰ ਕਰਨਾ ਚਾਹੀਦਾ ਸੀ ਖ਼ੈਰ ਆਪਾਂ ਤਾਂ ਸ਼ੁਰੂ ਤੋਂ ਹੀ ਇਹੀ ਕਰਨਾ ਲੋਚਦੇ ਰਹੇ ਹਾਂ ਤਾਂ ਕਿ ਭਾਰਤੀਆਂ ਵਿਚਾਰਿਆਂ ਦੀਆਂ ਮਾਨਸਿਕ ਗੁਲਾਮੀ ਦੀਆਂ ਜੰਜੀਰਾਂ ਅਸੀਂ ਕੁਝ ਢਿੱਲੀਆਂ ਕਰ ਸਕੀਏ। ਤੇ ਇੰਝ ਸਮਾਜਕ ਤਬਦੀਲੀ ਲਈ ਰਾਹ ਅਸਾਨ ਹੋ ਸਕੇ। ਤੇ ਤਬਦੀਲੀ ਵੀ ਉਹ ਜਿਹੜੀ ਲੋਕਾਂ ਲਈ ਸਾਰਥਕ ਹੋਵੇ। ਮੈਨੂੰ ਇੰਝ ਜਾਪਦਾ ਕਿ ਡਾ. ਅੰਬੇਡਕਰ ਸਾਹਿਬ ਵੱਲੋਂ ਆਪਣੀ ਪੁਸਤਕ 'ਰਾਨਾਡੇ, ਗਾਂਧੀ ਤੇ ਜਿਨਾਹ' ਵਿਚ ਜਿਹੜੀ ਮਹਾਨ ਵਿਅਕਤੀ ਦੀ ਪ੍ਰੀਭਾਸ਼ਾ ਦਿੱਤੀ ਗਈ ਹੈ ਉਹ ਆਪ ਤੇ ਪੂਰੀ ਤਰ੍ਹਾਂ ਢੁਕ ਰਹੀ ਹੈ। - ਮਹਾਨ ਵਿਅਕਤੀ ਉਹ ਨਹੀਂ ਹੁੰਦਾ ਜਿਸਦੇ ਗਲੇ 'ਚ ਹਾਰ ਪਾਏ ਹੋਣ ਜਾਂ ਜਿਸ ਦੇ ਪੈਰਾਂ ਨੂੰ ਲੋਕ ਚੁੰਮਦੇ ਹੋਣ। ਮਹਾਨ ਉਹੀ ਹੁੰਦਾ ਜਿਹੜਾ ਕੁਦਰਤ ਵੱਲੋਂ ਬਖ਼ਸ਼ੀ ਗਈ ਬੁੱਧੀ ਨੂੰ ਸਮਾਜਕ ਉਥਾਨ ਦੇ ਮਹਾਨ ਕਾਰਜ ਵੱਲ ਸਮਰਪਤ ਕਰ ਦਿੰਦਾ ਹੈ। ਮੇਰੇ ਪਾਸ ਇਸ ਵੇਲੇ ਡਾ. ਸਾਹਿਤ ਦੀਆਂ ਦੋ ਪੁਸਤਕਾਂ ਪਈਆਂ ਹਨ-ਜਾਤ-ਪਾਤ ਦਾ ਬੀਜ ਨਾਸ਼' ਜਿਸ ਦੇ ਸ਼ੁਰੂ ਵਿਚ ਇਹ ਵਿਚਾਰ ਅੰਕਤ ਕੀਤੇ ਹਨ।

ਮੇਰਾ ਪਹਿਲਾਂ ਪੱਤਰ ਵੀ ਮਿਲ ਗਿਆ ਹੋਣੈ। ਹਾਂ ਮੈਨੂੰ ਇਕ ਗੁਰਗਾਬੀ ਹੀ ਬਣਾ ਦੇਵੋ ਲਾਲ ਰੰਗ ਦੀ ਜਿਸ ਤਰ੍ਹਾਂ ਦੀ ਪਹਿਲਾਂ ਬਣਾਈ ਸੀ ਜਿਸ ਨੂੰ ਪਾਲਿਸ਼ ਦੀ ਲੋੜ ਨਾ ਹੋਵੇ। ਵਧੀਆ ਕ੍ਰਮ ਦੀ। ਕਿਸੇ ਦਿਨ ਆਵਾਂਗਾ।

**-ਗਿਆਨ ਸਿੰਘ ਬੱਲ**

**ਕਹਾਣੀਕਾਰ ਮੇਜ਼ਰ ਮਾਂਗਟ ਦਾ ਖ਼ਤ ਅਦਾਕਾਰ ਕੁਲਬੀਰ ਬਡੇਸਰੋਂ ਵੱਲ**

ਕੁਲਬੀਰ ਜੀ 26-6-2006

ਤੁਹਾਡੇ ਵਲੋਂ ਭੇਜੀ ਤੁਹਾਡੀ ਕਹਾਣੀਆਂ ਦੀ ਪੁਸਤਕ ਮਿਲੀ। ਬੇਹੱਦ ਖ਼ੁਸ਼ੀ ਹੋਈ। ਤੁਹਾਡਾ ਨਾਂ ਮੈਂ



ਕਾਫ਼ੀ ਸੁਣਦਾ ਰਿਹਾ ਹਾਂ। ਟੈਲੀਵੀਜ਼ਨ ਤੇ ਵੀ ਵੇਖਿਆ ਸੀ। ਅਖ਼ਬਾਰਾਂ, ਰਸਾਲਿਆਂ ਵਿਚ ਕਹਾਣੀਆਂ ਵੀ ਪੜ੍ਹਨ ਨੂੰ ਮਿਲਦੀਆਂ ਰਹੀਆਂ ਨੇ ਪਰ ਕਿਤਾਬੀ ਰੂਪ ਵਿਚ ਲੇਖਕ ਨੂੰ ਪੜ੍ਹਨ ਦਾ ਆਪਣਾ ਹੀ ਆਨੰਦ ਹੈ।

ਇਸ ਖ਼ੂਬਸੂਰਤ ਕਿਤਾਬ ਲਈ ਤੁਹਾਨੂੰ ਬਹੁਤ ਬਹੁਤ ਮੁਬਾਰਕਾਂ! ਮੈਂ ਕਿਤਾਬ ਬਹੁਤ ਰੂਹ ਨਾਲ ਪੜ੍ਹੀ ਹੈ। ਇਕ ਇਕ ਕਹਾਣੀ ਬਹੁਤ ਚੰਗੀ ਲੱਗੀ। ਉਸੇ ਵਕਤ ਪ੍ਰਤੀਕਰਮ ਸਾਂਝਾ ਕਰਨਾ ਚਾਹੁੰਦਾ ਸੀ ਪਰ ਪੁਸਤਕ ਵਿੱਚ ਤੁਹਾਡਾ ਕੋਈ ਵੀ ਸੰਪਰਕ ਨਹੀਂ ਸੀ। 'ਰੱਬ ਝੂਠ ਨਾ ਬੁਲਾਵੇ' ਵਿੱਚ ਉਰਮਿਲਾ ਦਾ ਕਿਰਦਾਰ ਤੁਸਾਂ ਬਾਖ਼ੂਬੀ ਚਿਤਰਿਆ ਹੈ। 'ਕਦੋਂ ਆਵੇਗੀ?' ਦਾ ਵਿਸ਼ਾ ਕਮਾਲ ਹੈ, ਇਸ ਹਕੀਕਤ ਨੂੰ ਕਿਸੇ ਨਹੀਂ ਬਿਆਨਿਆ। 'ਹੋਇਆ ਜੀਊੜਾ ਉਦਾਸ' ਮਨ ਨੂੰ ਬੇਹੱਦ ਉਦਾਸ ਕਰ ਜਾਂਦੀ ਹੈ। ਪਿਓ ਧੀ ਦੇ ਪਿਆਰ ਦੀਆਂ ਗੂੜ੍ਹੀਆਂ ਤੰਦਾਂ ਧੂਹ ਪਾਉਂਦੀਆਂ ਹਨ। ਅਜਿਹੀ 'ਤੜਫ਼' ਬਸ ਜਿਸ ਤੇ ਬੀਤੀ ਹੋਵੇ ਉਹ ਹੀ ਜਾਣਦਾ ਹੈ। ਕਹਾਣੀ ਐਨਾ ਘਸਰ ਕੇ ਲੰਘੀ ਕਿ ਸਭ ਕੁਝ ਹਿਲਾ ਗਈ। 'ਤੂੰ' ਕਹਾਣੀ ਵਿੱਚ ਤੁਸਾਂ ਕਿਆ ਕਮਾਲ ਕੀਤਾ ਹੈ। ਹੂ ਬ ਹੂ ਯਥਾਰਥਕ। ਕਲਾ ਭਰਪੂਰ। ਪਾਤਰ ਉਸਾਰੀ ਕਮਾਲ ਦੀ ਹੈ। 'ਮਿਸ਼ਜ ਮੈਨਾ' ਮੱਧ ਵਰਗੀ ਕਲਾਸ ਦੇ ਦੋਹਰੇ ਮਾਪਦੰਡਾ ਦੀ ਖ਼ੂਬਸੂਰਤ ਕਹਾਣੀ ਹੈ। 'ਕਰਜ਼' ਕਹਾਣੀ ਨਿਵੇਕਲੀ ਹੈ ਤੇ ਬੇਹੱਦ ਸਫ਼ਲ ਕਹਾਣੀ ਹੈ। ਸਿਮਰਨ ਦਾ ਮਨੋਵਿਗਿਆਨ ਬਾਖ਼ੂਬੀ ਚਿਤਰਿਆ ਹੈ। 'ਇਹ ਤੂੰ ਸੀ ਇਹ ਮੈਂ' ਵਿਚ ਫੇਰ ਤੁਹਾਡਾ ਕਮਾਲ ਹੈ। ਪਾਤਰਾਂ ਦੇ ਮਨਾਂ ਵਿਚ ਉਤਰ ਜਾਣ ਦਾ ਤੁਹਾਡਾ ਢੰਗ ਹੈ।

ਤੁਹਾਡੀਆਂ ਕਹਾਣੀਆਂ ਵਿਚ ਸੱਜਰਾ ਪਨ ਤੇ ਖ਼ੁਸ਼ਬੂ ਹੈ। 'ਇਹ ਵੀ ਸੱਚ ਹੈ' ਕਿ ਅਜਿਹੀਆਂ ਕਹਾਣੀਆਂ ਮੈਂ ਪਹਿਲਾਂ ਨਹੀਂ ਪੜ੍ਹੀਆਂ। ਜੋ ਤੁਹਾਡੇ ਤੇ ਇਸ ਤਰ੍ਹਾਂ ਅਸਰ ਅੰਦਾਜ਼ ਹੋਣ। 'ਮਾਂ' ਕਹਾਣੀ ਵਿਚ ਮਾਂ ਦਾ ਕਿਰਦਾਰ ਅਤੇ ਉਸ ਤੋਂ ਵੀ ਵੱਧ ਉਸ ਦੇ ਪੁੱਤਰ ਦਾ ਤੜਫਣਾ। ਕਹਾਣੀ ਦੀਆਂ ਘਟਨਾਵਾਂ ਲਟ ਲਟ ਬਲਦੀਆਂ ਹਨ। ਇਹ ਸਭ ਕਾਸੇ ਪਿੱਛੇ ਤੁਹਾਡੀ ਲਿਖਣ ਕਲਾ ਹੈ ਜਿਸ ਨੇ ਮੈਨੂੰ ਬਹੁਤ ਪ੍ਰਭਾਵਤ ਕੀਤਾ ਹੈ।

ਬਾਕੀ ਕੁਲਬੀਰ ਜੀ ਟੋਰਾਂਟੋ ਅਸੀਂ ਤੁਹਾਡੀ ਪੁਸਤਕ ਟੀ ਵੀ ਪ੍ਰੋਗਰਾਮ ਵਿਚ ਵੀ ਦਿਖਾ ਦਿੱਤੀ ਹੈ ਤੇ ਟੀ ਵੀ ਦੇ ਨਾਲ ਰੇਡੀਓ ਤੇ ਵੀ ਇਸ ਦਾ ਜ਼ਿਕਰ ਕਰ ਦਿੱਤਾ ਸੀ। ਜੇ ਠੀਕ ਸਮਝੋਂ ਤਾਂ ਆਪਣਾ ਫ਼ੋਨ ਨੰਬਰ ਭੇਜ ਦਿਓ। ਹੋਰ ਤੁਹਾਡਾ ਫਿਲਮਾਂ ਨਾਲ ਕਿੰਨਾ ਕੁ ਵਾਸਤਾ ਹੈ।

**-ਮੇਜ਼ਰ ਮਾਂਗਟ**

**ਸਿਰੀ ਰਾਮ ਅਰਸ਼ ਦਾ ਖ਼ਤ ਕੁਲਬੀਰ ਬਡੇਸਰੋਂ ਵੱਲ**

ਮੈਡਮ ਕੁਲਬੀਰ ਬਡੇਸਰੋਂ ਜੀ

'ਛੇਵਾਂ ਦਰਿਆ' ਦੇ ਨਵੰਬਰ ਅੰਕ ਵਿਚ ਤੁਹਾਡੀ ਕਹਾਣੀ 'ਕਰਜ਼' ਪੜ੍ਹੀ ਬਹੁਤ ਪਸੰਦ ਆਈ। ਯਕੀਨਨ ਤੁਸੀਂ ਦਿਲ ਦੇ ਵਲ ਵਲਿਆਂ ਦੀ ਰੋਸ਼ਨਾਈ ਨਾਲ ਇਹ ਕਹਾਣੀ ਰਚੀ ਹੈ।

ਮੈਨੂੰ ਇਹ ਕਹਾਣੀ ਤੁਹਾਡੀ ਜੀਵਨੀ ਦਾ ਇਕ ਵਰਨਣਯੋਗ ਅੰਸ਼ ਪ੍ਰਤੀਤ ਹੋਈ ਹੈ। ਵਧੀਆ ਰਚਨਾ ਕਲਮਬੰਦ ਕਰਨ ਲਈ ਮੁਬਾਰਕਾਂ!

**-ਸਿਰੀ ਰਾਮ ਅਰਸ਼**

**ਤੇਜਵੰਤ ਮਾਨ ਦਾ ਖ਼ਤ ਕਥਾਕਾਰ ਗੁਰਮੀਤ ਕੜਿਆਲਵੀ ਵੱਲ**

ਪਿਆਰੇ ਕੜਿਆਲਵੀ ਗੁਰਮੀਤ, 9-3-2005

'ਆਤੂ' ਤੇਰੀ ਸਿਰਜਨਾ ਦਾ ਬੜਾ ਹੀ ਸ਼ਕਤੀਸ਼ਾਲੀ ਪਾਤਰ ਹੈ। ਬੌਰੀਆ ਕਬੀਲੇ ਦਾ ਕਰਤਾਰੀ ਮੌਟਿਫ਼। ਭਾਰਤੀ ਸਮਾਜਿਕ ਬਣਤਰ ਵਿਚ ਕੌਮੀਅਤਾਂ, ਕਬੀਲਿਆਂ, ਭਾਸ਼ਾਈ ਬਹੁ-ਬਚਨਤਾ ਲਈ

ਜੱਦੋ ਜਹਿਦ ਕਰਦਾ ਕਿਰਦਾਰ। ਕਿਰਤ ਦਾ ਮੁਦਈ।

ਤੂੰ ਇਸ ਕਹਾਣੀ ਰਾਹੀਂ ਭਾਰਤ ਸਮਾਜਿਕ ਸਰੋਕਾਰਾਂ ਨੂੰ ਸਹੀ ਦਿਸ਼ਾ ਵਿਚ ਸੰਬੋਧਨ ਹੋਇਆ ਹੈਂ। ਮੁਬਾਰਕ !

ਭੋਲਾ ਸਿੰਘ ਸੰਘੇੜਾ ਦੀ ਕਹਾਣੀ ਵੀ ਇੱਕ ਮਹੱਤਵਪੂਰਨ ਸਮਸਿਆ ਵੱਲ ਸੇਧਤ ਸੀ ਪਰ ਉਸ ਦੀ ਟਰੀਟਮੈਂਟ ਵਿਚ ਥੋੜਾ ਜਿਹਾ ਨੁਕਸ ਪੈ ਗਿਆ। ਰਜਿੰਦਰ ਰਾਹੀ ਅਤੇ ਅਤਰਜੀਤ ਦੀਆਂ ਕਹਾਣੀਆਂ ਤਾਂ ਦਲਿਤ ਸਮਸਿਆ ਦੇ ਅਸਲ ਮੁੱਦੇ ਤੋਂ ਹੀ ਪਰੇ ਸਨ। ਰਜਿੰਦਰ ਭੋਗਵਾਦ ਦੇ ਨੰਗੇਜ਼ ਵਿਚ ਉਲਝਕੇ ਰਹਿ ਗਿਆ ਅਤੇ ਅਤਰਜੀਤ ਫਾਰਮੂਲਾਵਾਦ ਦਾ ਸ਼ਿਕਾਰ ਹੋ ਕੇ ਚੰਗੀ ਭਲੀ ਚਲ ਰਹੀ ਕਹਾਣੀ ਵਿਚ ਬੇਲੋੜਾ ਆਪਣਾ ਦਖਲ ਦੇ ਗਿਆ।

ਖੈਰ ! ਤੈਨੂੰ ਵਧੀਆ ਕਹਾਣੀ ਲਿਖਣ ਲਈ ਮੁਬਾਰਕਾਂ !

**-ਤੇਜਵੰਤ ਮਾਨ**

**ਵੱਡੇ ਕੱਦ ਦੇ ਕਥਾਕਾਰ ਭੂਰਾ ਸਿੰਘ ਕਲੇਰ ਦਾ ਖ਼ਤ ਕਥਾਕਾਰ ਗੁਰਮੀਤ ਕੜਿਆਲਵੀ ਵੱਲ**

ਮੇਰੇ ਬਹੁਤ ਪਿਆਰੇ ਗੁਰਮੀਤ, 20 ਨਵੰਬਰ 94

ਹੁਣੇ ਤੇਰੀ ਕਹਾਣੀ 'ਸਾਰੰਗੀ ਦੀ ਮੌਤ' ਪੜ੍ਹ ਕੇ ਹਟਿਆ ਹਾਂ। ਤਿੰਨ ਮਿੰਟ ਹੋ ਗਏ ਲੰਬੇ ਹੌਂਕੇ ਲੈਂਦਿਆਂ-ਕਮਾਲ ਦੀ ਕਹਾਣੀ ਹੈ। ਐਨੀ ਛੋਟੀ ਉਮਰ ਵਿਚ ਜ਼ਿੰਦਗੀ ਦੀਆਂ ਉਜਾੜਾਂ ਨੂੰ ਇੰਜ ਭਾਂ ਪਲਿਆ ? ਵਿਯੋਗੀ ਦਿਲ ਦੀਆਂ ਲਰਜ਼ ਰਹੀਆਂ ਤਾਰਾਂ ਦੀ ਝਰਨਾਹਟ ਉੱਤੇ ਤੁਹਾਡੀ ਇੰਨੀ ਪਕੜ ਹੈ-ਹੈਰਤ ਹੈ। ਰੂਹ ਨੂੰ ਕੰਬਾਅ ਦੇਣ ਵਾਲਾ ਚਿਤਰਨ-ਇੰਜ ਚਿਤਰ ਦੇਵੇਂਗਾ, ਮੈਂ ਤਾਂ ਕਦੇ ਸੋਚਿਆ ਵੀ ਨਹੀਂ ਸੀ।

ਤੁਹਾਡੀ ਕਹਾਣੀ ਪੜ੍ਹਦਿਆਂ ਪੀਰੂ ਦੀ ਰੂਹ ਦੇ ਮੇਰੇ ਪਿੰਡ ਦੇ ਬੰਦੇ ਇੱਕ ਇੱਕ ਕਰਕੇ ਮੇਰੇ ਜ਼ਿਹਨ ਅੱਗਿਓਂ ਦ ਲੰਘ ਗਏ। ਹਰੀਪੁਰੀਏ ਰਲੇ ਤਾਂ ਅਜੇ ਵੀ ਕੋਈ ਕੋਈ ਪਿੰਡਾਂ 'ਚ ਬੈਠੇ ਹਨ।

ਤੁਹਾਡੀ ਕਹਾਣੀ ਨੇ ਮੇਰੇ ਅੰਦਰ ਬਹੁਤ ਸਾਰੇ ਲੰਘ ਚੁੱਕੇ ਰੋਹੀ ਬੀਆਬਾਨ, ਕੰਡਿਆਲੇ ਰੇਤੇ ਭਰੇ ਰਾਹ ਤੇ ਉਦਾਸ ਝਾੜ-ਬੂਟ ਉਲੀਕ ਦਿੱਤੇ। ਤੇਰੀ ਇਸ ਕਹਾਣੀ ਤੋਂ ਬਲਿਹਾਰੇ ਜਾਣ ਨੂੰ ਜੀਅ ਕਰਦਾ ਹੈ। ਜੀਅ ਕਰਦਾ ਹੈ ਤੇਰੇ ਉਸ ਹੱਥ ਨੂੰ ਚੁੰਮ ਲਵਾਂ ਜਿਸਨੇ ਇਹ ਕਹਾਣੀ ਲਿਖੀ ਹੈ।

ਕਹਾਣੀ ਪੜ੍ਹ ਕੇ ਇੰਜ ਲੱਗਦਾ ਹੈ ਕਿ **'ਸਾਰੰਗੀ ਦੀ ਮੌਤ'** ਤਾਂ ਹੋਈ ਹੀ ਨਹੀਂ- ਉਸ ਦੀ ਥਰਥਰਾਹਟ ਅਲਗੋਜ਼ਿਆਂ ਰਾਹੀਂ ਹਵਾ ਵਿਚ ਗੂੰਜ ਰਹੀ ਹੈ। ਇਹ ਥਰਥਰਾਹਟ, ਇਹ ਗੂੰਜ, ਇਹ ਲੈਅ ਹੋਰ ਗੂੜ੍ਹੀ ਤਰ੍ਹਾਂ ਗੂੰਜੇਗੀ ਜੁ ਪੱਤਝੜ ਵਿਚ ਰੁੱਖਾਂ ਦੇ ਪੱਤੇ ਡੇਗ ਰਹੀ ਹੈ ਅਤੇ ਨਵੀਆਂ ਕਰੂੰਬਲਾਂ ਨੂੰ ਨਿਮੰਤਰਣ ਦੇ ਰਹੀ ਹੈ।

**- ਭੂਰਾ ਸਿੰਘ ਕਲੇਰ**

**ਸਤੀਸ਼ ਕੁਮਾਰ ਵਰਮਾ ਦਾ ਖ਼ਤ ਕਹਾਣੀਕਾਰ ਪਰਮਜੀਤ ਮਾਨ ਵੱਲ**

ਪਿਆਰੇ ਪਰਮਜੀਤ 1-6-2005

'ਸਮੁੰਦਰ ਦਾ ਆਦਮੀ' ਭੇਂਟ ਸਰੂਪ ਪ੍ਰਾਪਤ ਕਰਕੇ ਪ੍ਰਸੰਨਤਾ ਹੋਈ। ਅਣਖੀ ਦੇ 'ਦੋ ਸ਼ਬਦ' ਦੇ ਤੇਰੀ ਸਮੁੰਦਰੋਂ ਡੂੰਘੀ ਸ਼ਖ਼ਸੀਅਤ ਦੀ ਪਛਾਣ ਕਰਵਾ ਦਿੱਤੀ। ਮੈਂ ਕਿਤਾਬ ਪੜ੍ਹਨੀ ਆਰੰਭ ਕਰ ਲਈ ਹੈ। ਦੇਵਿੰਦਰ ਸਤਿਆਰਥੀ ਤੇ ਸੁਖਬੀਰ ਤੋਂ ਬਾਅਦ ਪੰਜਾਬੋਂ ਬਾਹਰਲੇ ਅਨੁਭਵਾਂ ਵਿਚੋਂ ਗੁਜ਼ਰਨ ਦਾ ਮੌਕਾ ਦੇਣ ਲਈ ਧੰਨਵਾਦ। ਤੇਰਾ ਵੀਰ।

**-ਸਤੀਸ਼ ਕੁਮਾਰ ਵਰਮਾ, ਪਟਿਆਲਾ**



**ਮਨਮੋਹਨ ਬਾਬਾ ਦਾ ਖ਼ਤ ਮਰਮਜੀਤ ਮਾਨ ਵੱਲ**

ਪਿਆਰੇ ਪਰਮਜੀਤ 27-8-2002

ਤੇਰੀ ਨਵੀਂ ਕਹਾਣੀ 'ਸਮੁੰਦਰ ਦਾ ਆਦਮੀ' ਪੜ੍ਹੀ ਚੰਗੀ ਲੱਗੀ। ਸਾਲੀਆਂ ਦੇ ਵਿਆਹੁਤ ਜੀਵਨ ਦੀ ਤਰਾਸਦੀ ਦੀ ਚੰਗੀ ਪੇਸ਼ਕਾਰੀ ਹੈ। ਆਮ ਕਹਾਣੀਆਂ ਦੇ ਵਿਸ਼ੇ ਤੋਂ ਇਹ ਵਿਸ਼ਾ ਵੀ ਵੱਖਰਾ ਹੈ।

**-ਮਨਮੋਹਨ ਬਾਵਾ, ਡਲਹੌਜੀ**

**ਲਾਲ ਸਿੰਘ ਦਸੂਹਾ ਦਾ ਖ਼ਤ ਅਤਰਜੀਤ ਵੱਲ**

ਪਿਆਰੇ ਅਤਰਜੀਤ

ਲੇਖਕ ਸੱਜਣਾਂ ਨੂੰ ਇਕੱਠੇ ਬੈਠੇ ਦੇਖਣੇ ਦੇ ਸ਼ੋਕ ਕਾਰਨ ਸਾਹਿਤ ਸਭਾ ਮੁਕੇਰੀਆ, ਸਾਹਿਤ ਸਭਾ ਦਸੂਹਾ ਹੋਂਦ ਵਿਚ ਆਈਆਂ। ਇਹਨਾਂ ਸਭਾਵਾਂ ਵਿਚ ਕਈ ਸਿਰੇ ਫਿਰੇ ਐਸੇ ਵੀ ਹੁੰਦੇ ਹਨ ਜਿਹੜੇ ਆਖਣੋਂ ਨਹੀਂ ਟਲਦੇ ਕਿ ਸਭਾਵਾਂ ਦੇ ਆਹੁਦੇਦਾਰ ਲੇਖਕ ਹੋਣੇ ਚਾਹੀਦੇ ਹਨ। ਕਿਸੇ ਖਾਸ ਪਾਰਟੀ ਦੇ ਵਰਕਰ ਜਾਂ ਮੈਂਬਰ ਨਹੀਂ। ਸੋ ਵੀਰਿਆਂ ਮੈਨੂੰ ਕਵਿਤਾ ਤੇ ਹੱਥ ਅਜਮਾਉਣਾ ਪਿਆ ਅਤੇ ਉਹ ਤੋਂ ਪਿੱਛੋਂ ਨਿੱਕੀ ਕਹਾਣੀ 'ਤੇ।

ਕਹਾਣੀ ਲਿਖਣ ਨਾਲ ਮੈਨੂੰ ਤਨਕੀਨ ਮਿਲਦੀ ਹੈ, ਆਪਣਾ ਆਪ ਚੰਗੀ ਤਰ੍ਹਾਂ ਉਲੱਟ ਦੇਣ ਲਈ ਖੁਲ੍ਹ ਮੋਕਲਾ ਪਿੜ ਮਿਲਦਾ ਹੈ। ਮੈਂ ਕਿਥੋਂ ਤੱਕ ਸਫ਼ਲ ਹਾਂ ਇਸ ਬਾਰੇ ਆਪ ਕੁਝ ਆਖਣਾ ਜਚਦਾ ਨਹੀਂ ਪਰ ਏਨਾ ਜ਼ਰੂਰ ਕਹਾਂਗਾ ਕਿ ਮੇਰਾ ਯਤਨ ਇਹੋ ਹੈ ਹਰ ਕਵਿਤਾ ਜਾਂ ਕਹਾਣੀ ਵਿਚ ਮੇਰੀ ਪ੍ਰਤੀਬੱਧਤਾ ਜ਼ਰੂਰ ਨਜ਼ਰੀ ਆਵੇ, ਕਹਾਣੀ ਦੀਆਂ ਕੁਝ ਇਕ ਵਿਸ਼ੇਸ਼ਤਾਈਆਂ ਭਾਵੇਂ ਹੱਥੋਂ ਜਾਂਦੀਆਂ ਲੱਗਣ। ਜਦੋਂ ਇਹ ਦੋਵੇਂ ਚੀਜਾਂ ਨਾਲ ਨਾਲ ਸਾਂਭ ਸਕਾਗਾ ਉਦੋਂ ਮੈਂ ਆਪਣੇ ਆਪ ਨੂੰ ਕਹਾਣੀਕਾਰ ਜ਼ਰੂਰ ਅਖਵਾਵਾਂ ਜਿਵੇਂ 'ਸਰਪੰਚੀ' ਵਿਚ ਤੂੰ ਜਾਂ 'ਡੂੰਮ' ਵਿਚ ਵਰਿਆਮ ਜਾਂ 'ਰੋਟੀ' ਵਿਚ ਰੁਪਾਣਾ ਜਾਂ 'ਇੱਕ ਪਿੰਡ ਵਿਚ' ਮੋਪਾਸਾਂ ਜਾਂ 'ਕੁਲਫ਼ੀ' ਵਿਚ ਸੁਜਾਨ ਸਿੰਘ ਜਾਂ 'ਇਕ ਸਵਾਰ ਹੋਰ' ਵਿਚ ਸੰਤੋਖ ਸਿੰਘ ਧੀਰ (ਹੋਰ ਵੀ ਅਨੇਕਾਂ ਉਦਾਹਰਨਾ ਹਨ।) ਬਾਕੀ ਫਿਰ।

**-ਲਾਲ ਸਿੰਘ ਦਸੂਹਾ**

**ਲਾਲ ਸਿੰਘ ਦਸੂਹਾ ਦਾ ਖ਼ਤ ਭਗਵੰਤ ਰਸੂਲਪੁਰੀ ਵੱਲ**

ਪਿਆਰੇ ਭਗਵੰਤ 30-5-97

ਪੱਤਰ ਦੋਨੋਂ ਹੀ ਮਿਲ ਗਏ ਹਨ। ਜਿੱਥੋਂ ਤੱਕ ਪ੍ਰਸ਼ਨਾਂ ਦਾ ਉੱਤਰਾਂ ਦਾ ਸੰਬੰਧ ਹੈ, ਮੇਰੇ ਲਈ ਥੋੜੇ ਮੁਸ਼ਕਲ ਇਹ ਆ ਰਹੀ ਐ ਕਿ ਭਗਵੰਤ ਅਤੇ ਕੜਿਆਲਵੀ, ਕਲਸੀ ਅਤੇ ਤਲਵਿੰਦਰ ਦੀਆਂ ਕਹਾਣੀਆਂ ਪਹਿਲੋਂ ਪੜ੍ਹੀਆਂ ਕਹਾਣੀਆਂ ਆਪਸ ਵਿਚ ਰਲਗੱਡ ਹੋਈਆਂ ਪਈਆਂ ਹਨ। ਕਾਲੀ, ਸੁਖਜੀਤ ਨਾਲ ਕੁਝ ਇਵੇਂ ਦਾ ਲੱਗ ਰਿਹਾ। ਬਲਦੇਵ ਧਾਲੀਵਾਲ ਤਾਂ ਖ਼ੈਰ ਮੱਝਾਂ ਨੂੰ ਨਵੇਂ ਦੁੱਧ ਕਰਵਾਉਂਦਾ ਤੁਹਾਡੇ ਤੋਂ ਬਾਹਰ ਹੀ ਖੜੋਤਾ। ਇਹ ਕਿੱਥੇ ਕਿੱਥੇ ਪੜ੍ਹੀਆ ਮੁੜ ਇਹਨਾਂ ਦਾ ਨਿਖੇੜਾ ਕਿਵੇਂ ਕੀਤਾ ਜਾਏ? ਇਹ ਕਾਫੀ ਔਖ ਮਹਿਸੂਸ ਹੋ ਰਹੀ ਹੈ। ਇਸ ਲਈ ਜੇ ਮੈਨੂੰ ਇਸ ਉਲਝਣ ਤੋਂ ਬਚਾ ਸਕੋ ! ਉੱਤਰ ਦੀ ਥਾਂ ਇੱਕਲੀ ਕਹਾਣੀ ਨਾਲ ਚਲਾ ਸਕੋ ਤਾਂ ਮੈਂ ਹਫ਼ਤੇ ਤੱਕ ਕਹਾਣੀ ਭੇਜ ਦਿਆਂਗਾਂ। ਥੋੜਾ ਪੋਚਣ ਲਈ ਪਈ ਹੈ, ਨਵੀਂ ਕਹਾਣੀ।

**-ਲਾਲ ਸਿੰਘ, ਦਸੂਹਾ।**

**ਮਨੋਹਰ ਸਿੰਘ ਬਤਰਾ ਦਾ ਖ਼ਤ ਮਨਮੋਹਨ ਬਾਵਾ ਵੱਲ**

ਪਿਆਰੇ ਮਨਮੋਹਨ ਬਾਵਾ ਜੀ 4-2-2015

ਤੁਹਾਨੂੰ ਪੰਜਾਬੀ ਸਾਹਿਤ ਸਭਾ ਵੱਲੋਂ ਕੀਤੇ ਗਏ ਸਨਮਾਨ ਲਈ ਹਾਰਦਿਕ ਵਧਾਈਆਂ। ਦਿੰਦਿਆਂ ਅਤਿਅੰਤ ਪ੍ਰਸੰਨਤਾ ਅਨੁਭਵ ਕਰ ਰਿਹਾ ਹਾਂ।

ਮੈਂ ਤੁਹਾਡੇ ਵੱਲੋਂ ਭੇਜੀਆਂ ਗਈਆਂ ਸਾਰੀਆਂ ਪੁਸਤਕਾਂ ਬੜੇ ਚਾਅ ਨਾਲ ਪ੍ਰੇਮ ਸਹਿਤ ਪੜ੍ਹੀਆਂ ਹਨ। ਤੁਹਾਡੇ ਵਰਗੇ ਮਹਾਨ ਅਤੇ ਸੁਹਿਰਦ ਲੇਖਕ ਬੜੀ ਕਿਸਮਤ ਵਾਲੀਆਂ ਕੌਮਾਂ ਨੂੰ ਨਸੀਬ ਹੁੰਦੇ ਹਨ। ਪੰਜਾਬੀ ਸਮਾਜ ਵੱਡਭਾਗਾ ਹੈ, ਜਿਸਦੀ ਝੋਲੀ ਵਿਚ ਤੁਸਾਂ ਐਨੇ ਵੱਡਮੁੱਲੇ ਸ਼ਾਹਕਾਰ ਪਾਏ ਹਨ।

ਵਹਿਗੁਰੂ ਤੁਹਾਨੂੰ ਦੀਰਘ ਆਯੂ ਅਤੇ ਬਲ ਬਖ਼ਸ਼ੇ ਕਿ ਤੁਸੀਂ ਵਰਤਮਾਨ ਦੀ ਤਰ੍ਹਾਂ ਭਵਿੱਖ ਵਿਚ ਵੀ ਆਪਣੀ ਸੁਭਾਗੀ ਕਲਮ ਦਾ ਸੁਹੱਪਣ ਸੰਸਾਰ ਸਾਹਮਣੇ ਪੇਸ਼ ਕਰਦੇ ਰਹੋ। ਤੁਹਾਡਾ ਆਪਣਾ।

**-ਮਨੋਹਰ ਸਿੰਘ ਬਤਰਾ**

**ਨ੍ਰਿਪਇੰਦਰ ਰਤਨ ਦਾ ਖ਼ਤ ਮਨਮੋਹਨ ਬਾਬਾ ਵੱਲ**

ਪਿਆਰੇ ਬਾਵਾ ਜੀ 3-1-1998

ਸਭ ਤੋਂ ਪਹਿਲਾਂ ਤੁਹਾਨੂੰ ਅਤੇ ਤੁਹਾਡੇ ਸਾਰੇ ਪਰਿਵਾਰ ਨੂੰ ਨਵੇਂ ਸਾਲ ਦੀਆਂ ਹਾਰਦਿਕ ਸ਼ੁੱਭ ਇਛਾਵਾਂ!!

ਮੈਂ ਤੁਹਾਡੀ ਕਿਤਾਬ, 'ਅਜਾਤ ਸੁੰਦਰੀ' ਤਾਂ ਕੁਝ ਮਹੀਨੇ ਪਹਿਲਾਂ ਹੀ ਪੜ੍ਹ ਲਈ ਸੀ, ਪਰ ਤੁਹਾਨੂੰ ਲਿਖਣ ਵਿਚ ਐਵੇਂ ਹੀ ਘੌਲ ਹੁੰਦੀ ਰਹੀ। ਇਸਦਾ ਇਹ ਫ਼ਾਇਦਾ ਜ਼ਰੂਰ ਹੋਇਆ ਕਿ ਲਕੀਰ, ਰਾਬਤਾ, ਕਹਾਣੀ ਪੰਜਾਬ ਵਿਚ ਛਪੀਆਂ ਕਹਾਣੀਆਂ 'ਸਤੀ ਭੂਮੇਸ਼ਵਰੀ', 'ਬਿਲਾਸੀ ਉਰਫ਼ ਲਾਰੰਸ', 'ਉਦਾਂਬਰਾ' ਪੜ੍ਹਨ ਨੂੰ ਵੀ ਮਿਲ ਗਈਆਂ।

ਕਿਤਾਬ ਵਿਚ, ਬਿਰਜੂ ਝੀਰ ਉਰਫ਼..." ਅਤੇ 'ਨੀਲਿਮਾ' ਜਦਕਿ ਭਾਰਤੀ ਇਤਿਹਾਸ ਦੇ ਮੱਧ ਕਾਲ ਨਾਲ ਸਬੰਧਤ ਹਨ, ਕਿਤਾਬ ਦੀਆਂ ਬਾਕੀ ਕਹਾਣੀਆਂ ਸਮੇਤ ਸਤੀ ਭੂਮੇਸ਼ਵਰੀ ਅਤੇ ਉਦਾਂਬਰਾ ਦਾ ਸਮਾਂ ਸ਼ੁਰੂ ਦਾ ਵੈਦਿਕ ਕਾਲ ਹੋ ਜਾਂਦਾ ਹੈ ਜਦੋਂ ਕਿ ਆਰੀਆ ਅਤੇ ਅਨਾਰੀਆਂ ਵਿੱਚ ਰਾਜਨੀਤਿਕ ਅਤੇ ਸਮਾਜਕ ਕਸ਼ਮਕਸ਼ ਚਲ ਰਹੀ ਸੀ, ਕਹਾਣੀਆਂ ਦੀ ਇਕ ਖਾਸ ਵਿਸ਼ੇਸ਼ਤਾ ਇਹ ਹੈ ਕਿ ਵਕਤ ਦਾ ਚਿਤ੍ਰਣ ਮਾਹੌਲ, ਵੇਸ਼ਭੂਸ਼ਾ, ਸਮਾਜਿਕ ਬਣਤਰ ਅਤੇ ਬੰਧਨ, ਰੀਤੀ ਰਿਵਾਜ ਆਦਿ ਬਹੁਤ ਹੀ ਸਜੀਵ ਅਤੇ ਆਕਰਸ਼ਿਕ ਹੈ ਅਤੇ ਪਾਠਕ ਨੂੰ ਉਂਗਲ ਫੜ ਕੇ ਆਪਣੇ ਨਾਲ ਨਾਲ ਲੈ ਤੁਰਦਾ ਹੈ।

'ਪ੍ਰਭੂ' ਇਤਿਹਾਸ ਸਚਾਈ ਦਾ ਇਕ ਹੋਰ ਪਰੂਫ਼ ਹੈ ਕਿ ਡੇਵਿਡ ਕਿਤੇ ਨਾ ਕਿਤੇ ਜ਼ਰੂਰ ਉਪਜਦਾ ਹੈ, ਜਦੋਂ ਜਦੋਂ ਕੋਈ ਯਜ਼ ਦੀ ਹੋਇਆ ਤਾਂ ਉਸਦੇ ਟਾਕਰੇ ਵਿਚ ਕੋਈ ਨਾ ਕੋਈ ਅਲੀ, ਹਸਨ ਜਾਂ ਹੁਸੈਨ ਵੀ ਜ਼ਰੂਰ ਪ੍ਰਗਟਦੇ ਹਨ

"ਮਾਧਵੀ" ਔਰਤ ਦੇ ਸਵੈਮਾਣ ਦੀ ਕਥਾ ਹੈ, ਕਿ ਔਰਤ ਕੋਈ ਵਸਤੂ ਨਹੀਂ ਜਿਸ ਨੂੰ ਜਿਵੇਂ ਕਿਸੇ ਦਾ ਦਿਲ ਕਰੇ ਵਰਤ ਲਵੇ!

'ਏਕਲਵਿਆ' ਪੰਜਾਬ ਅਤੇ ਹੁਸ਼ਿਆਰਪੁਰ ਦੇ ਪ੍ਰਾਚੀਨ ਇਤਿਹਾਸ ਅਤੇ ਦ੍ਰੋਣਾ ਪਰਿਵਾਰ ਦੀ ਦੋਗਲੀ ਨੀਤੀ ਨੂੰ ਉਜਾਗਰ ਕਰਦਾ ਹੈ।

'ਕਵਸ਼ ਦਾ ਮਾਰੂਥਲ' ਸ਼੍ਰੇਣੀ ਹਿਤ ਅਤੇ ਸ਼੍ਰੇਣੀ ਸੰਘਰਸ਼ ਦੀ ਇਕ ਵਧੀਆ ਕਹਾਣੀ ਹੈ ਜੋ ਇਹ ਹਕੀਕਤ ਵੀ ਦਸਦਾ ਹੈ ਕਿ ਇਹ ਹਿੱਤਾਂ ਅਤੇ ਸ੍ਰੇਣੀਆਂ ਦੀ ਜੰਗ ਮੁੱਢ ਕਦੀਮੀ ਹੈ।



'ਰਿਕਵ' ਬਹੁਤ ਸ਼ਕਤੀਸ਼ਾਲੀ ਕਹਾਣੀ ਹੈ ਜਿਸ ਵਿਚ ਗਿਆਨ ਦੇ ਗੂੜ ਤੱਤ ਹਨ, ਖਾਸ ਕਰਕੇ ਪੰਨਾ 62-63 ਉੱਤੇ। ਪਰੰਤੂ ਮੇਰੇ ਵਿਚਾਰ ਅਨੁਸਾਰ ਪੰਨਾ 67 ਉੱਤੇ ਆਖਰੀ ਤਿੰਨ ਸਤਰਾਂ ਵਾਧੂ ਹਨ। ਜੇ ਕੱਟ ਵੀ ਦਿੱਤੀਆਂ ਜਾਣ ਤਾਂ ਕਹਾਣੀ ਉੱਤੇ ਰੱਤੀ ਭਰ ਵੀ ਅਸਰ ਨਹੀਂ ਹੁੰਦਾ।

'ਪ੍ਰਭਾਵਤੀ' ਅਤੇ 'ਮੰਦਾਲਿਕਾ' ਪੜ੍ਹਨ ਦਾ ਸਵਾਦ ਅੱਧ ਤੋਂ ਵੀ ਘਟ ਗਿਆ ਕਿਉਂ ਜੋ ਦਫ਼ਤਰੀ ਦੀ ਗਲਤੀ ਕਰਕੇ ਪੰਨਾ 73 ਤੋਂ 88 ਤੱਕ ਵਰਕੇ ਅੱਗੇ ਪਿੱਛੇ ਲਗ ਗਏ। 'ਮੰਦਾਲਿਕਾ' ਵਿਚ ਪੰਨਾ 83 ਉੱਤੇ "ਚੌਵੀ ਚੌਵੀ ਘੰਟੇ ਘੋੜੇ ਦੀ..." ਠੀਕ ਬਿਰਤਾਂਤ ਨਹੀਂ ਹੈ ਕਿਉਂਕਿ ਉਨ੍ਹਾਂ ਸਮਿਆਂ ਵਿੱਚ ਵਕਤ ਵੰਡ ਘੰਟਿਆਂ ਵਿੱਚ ਨਹੀਂ ਸਗੋਂ , ਛਿਨ-ਪਲ ਘੜੀਆਂ," ਵਿਚ ਹੁੰਦੀ ਸੀ। ਇਹ ਦੋਨੋਂ ਸਾਧਾਰਨ ਜਿਹੀਆਂ ਕਹਾਣੀਆਂ ਹਨ।

'ਭਿਖੂ ਅਤੇ ਸੁਰਭੀ' ਇਸ ਦੇ ਉਲਟ ਇਕ ਤਾਕਤਵਾਰ ਕਹਾਣੀ ਹੈ ਜਿਸ ਵਿਚ ਵਿਚਾਰ-ਪ੍ਰਵਾਹ ਵੀ ਵੇਗ ਮਈ ਹੈ। ਪੰਨਾ 99 ਉੱਤੇ, ਉਸਦੇ ਕਾਲੇ ਵਾਲ਼ ਪਿੱਠ ਨੂੰ... ਸੈਨਿਕ ਦੀ ਢਾਲ਼ ਹੋਵੇ," ਬਹੁਤ ਹੀ ਵਧੀਆ ਬਿੰਬ ਅਤੇ ਤਸ਼ਬੀਹ ਹੈ। ਪੰਨਾ 102 ਉੱਤੇ, 'ਇਕੱਲਤਾ ਬੜੀ ਘਾਤਕ...।" ਅਤੇ 'ਜਦ ਤਕ ਤੂੰ ਇਨ੍ਹਾਂ ਦੁੱਖਾਂ-ਸੁੱਖਾਂ...,' ਦੇ ਸਿਧਾਂਤ ਬਹੁਤ ਵਧੀਆ ਹਨ। ਸੰਘੋਲ-ਲੁਧਿਆਣਾ ਇਲਾਕੇ ਦੇ ਇਤਿਹਾਸ ਉੱਤੇ ਝਾਤ ਹੈ।

'ਬਿਰਜੂ ਝੀਰ...," ਅਤੇ ਨੀਲਮਾ ਮੱਧ ਕਾਲ ਵਿਚ ਹਿੰਦੂ-ਮੁਸਲਮਾਨ ਸਮਾਜਕ ਉਲਝਣਾ ਅਤੇ ਮਾਨਸਿਕ ਭਾਵਨਾਵਾਂ ਦੀਆਂ ਵਧੀਆ ਕਹਾਣੀਆਂ ਹਨ ਅਤੇ ਵੱਖਰੇ ਨਜ਼ਰੀਏ ਤੋਂ ਸਮਾਜਕ ਰਿਸ਼ਤਿਆਂ ਉਤੇ ਝਾਤ ਹਨ।

ਮੈਂ ਪਾਤਰ ਵਿਚ 'ਸਤੀ ਭੂਮੇਸ਼ਵਰੀ' ਦੀ ਮੱਧਕਾਲੀ ਕਹਾਣੀ ਵੀ ਬਹੁਤ ਵਧੀਆ ਅਤੇ ਭਾਵੁਕ ਹੈ। ਬਹੁਤਵਾਰ ਮਨੁੱਖ ਅਚੇਤ ਵਿਚ ਹੀ ਪਿਛਲੀ ਕਿਸੇ ਘਟਨਾ ਜਾਂ ਪਾਤਰ ਨਾਲ ਆਪਣੇ ਆਪ ਨੂੰ ਜੋੜ ਲੈਂਦਾ ਹੈ। ਅਖੀਰਲੀਆਂ ਸਤਰਾਂ ਕਿ, 'ਮੈਂ ਮਨ ਹੀ ਮਨ ਹੱਸੀ ਅਤੇ... ਬਹੁਤ ਵੱਡਾ ਵਿਅੰਗ ਹਨ ਦਵੇਸ਼ਰ ਵਰਗਿਆਂ ਦੀ ਸੋਚਣੀ ਅਤੇ ਕਰਨੀ ਉੱਤੇ, ਅਤੇ ਸਮਾਜ ਉੱਤੇ ਜੋ ਕਮਜ਼ੋਰੀ ਨੂੰ ਵੀ ਮਿੱਥ ਬਣਾ ਦਿੰਦਾ ਹੈ ਕਿਸੇ 'ਵੱਡੇ' ਬੰਦੇ ਦੀ ਹਾਲਤ ਵਿਚ। 'ਉਦਾਂਬਰਾ' ਪਹਿਲੇ ਪ੍ਰੇਮ ਦੀ ਤੀਬਰ ਪੀੜ ਦੀ ਕਹਾਣੀ ਹੈ। ਪਹਿਲੇ ਪ੍ਰੇਮ ਨੇ ਭਾਵੇਂ ਕਿੰਨਾ ਵੀ ਧੋਖਾ ਨਾ ਦਿੱਤਾ ਹੋਵੇ ਪਰ ਜੇ ਉਹ ਫੇਰ ਮਿਲ ਜਾਵੇ ਤਾਂ ਵੀ ਉਮਾਹ ਰੋਕਿਆਂ ਨਹੀਂ ਰੁਕਦਾ। ਪਰ ਮੇਰੀ ਜਾਚੇ ਇਸ ਕਹਾਣੀ ਦੀ ਅਸਲ ਨਾਇਕਾ 'ਕੰਚਨ ਮਾਲਾ' ਹੈ, ਉਦਾਂਬਰਾ ਨਹੀਂ। ਕੰਚਨ-ਮਾਲਾ ਦਾ ਉਦਾਂਬਰਾ ਨਾਲ ਵਿਸ਼ੇਸ਼ ਨੇਹ ਜਾਂ ਜੈਅ ਦੇਵ ਵਲ ਵਿਸ਼ੇਸ਼ ਪਿਆਰ ਹੋ ਸਕਦੇ ਹਨ!

'ਬਿਲਾਸੀ ਉਰਫ਼ ਲਾਰੰਸ' ਰਣਜੀਤ ਸਿੰਘ ਦੇ ਸਮੇਂ ਦਾ ਬਹੁਤ ਹੀ ਸਜੀਵ ਚਿਤ੍ਰਣ ਹੈ। ਉਸ ਵੇਲੇ ਦੀ ਰਾਜਨੀਤਿਕ, ਸਮਾਜਿਕ ਅਤੇ ਕਾਨੂੰਨ ਤੇ ਨਿਆ ਹਾਲਾਤਾਂ ਬਾਰੇ ਬਹੁਤ ਹੀ ਵਧੀਆ ਪ੍ਰਗਟਾਵਾ ਹੈ। ਮੇਰੇ ਖਿਆਲ ਅਨੁਸਾਰ ਬਿਰਤਾਂਤ ਨਹੀਂ ਹੈ ਜੋ ਤੁਸਾਂ ਸਿਰਜਿਆ ਹੈ ਅਤੇ ਬਹੁਤ ਸਾਰੀਆਂ ਮਿੱਥਾਂ ਦੀ ਭੰਗਣਾ ਕੀਤੀ ਹੈ। ਪਰ ਇਹ ਲਾਰੰਸ ਕਾਲਪਨਿਕ ਹੈ, ਹੈਨਰੀ ਜਾਂ ਜੌਨ ਲਾਰੰਸ ਨਹੀਂ ਜੋ ਪਿਛੋਂ ਪੰਜਾਬ ਵਿਚ 1846 ਵਿਚ ਆਏ ਸਨ। ਰਣਜੀਤ ਸਿੰਘ ਦੀ ਮੁਲਾਕਾਤ ਵਿਲੀਅਮ ਬੈਂਟਿਗ ਨਾਲ 1846 ਵਿਚ ਸੀ। ਲਾਰੰਸ ਭਰਾ ਪਹਿਲੀ ਵਾਰ 1845 ਵਿਚ ਪਹਿਲੀ ਸਿੱਖ ਜੰਗ ਪਿਛੋਂ ਆਏ ਸਨ। ਨਾਲੇ ਰਣਜੀਤ ਸਿੰਘ ਨੇ ਕਿਸੇ ਵੀ ਅੰਗ੍ਰੇਜ਼ (ਸਕਾਟ ਜਾਂ ਵੈਲਿਸ਼ ਜਾਂ ਆਇਰਸ਼) ਨੂੰ ਆਪਣੀ ਨੌਕਰੀ ਵਿਚ ਨਹੀਂ ਰੱਖਿਆ ਸੀ। ਫਿਰ ਵੀ ਕਹਾਣੀ ਬਹੁਤ ਵਧੀਆ ਹੈ।

ਪਰ ਸਭ ਤੋਂ ਸ੍ਰੇਸ਼ਟ ਕਹਾਣੀ ਤਾਂ 'ਅਜਾਤ ਸੁੰਦਰੀ' ਹੈ!! ਤੁਹਾਡੀ ਖਿਆਲ ਉਡਾਰੀ ਅਤੇ ਫਿਰ ਕਲਮ ਦੀ ਸ਼ਕਤੀ ਕਮਾਲ ਹਨ!! ਦੋ ਮੂਰਤਾਂ ਤੋਂ ਐਡੀ ਵਧੀਆ ਅਤੇ ਸਸ਼ਕਤ ਕਹਾਣੀ ਦੀ ਰਚਨਾ ਕਰ

ਦਿੱਤੀ। ਸੰਘੋਲ ਦਾ ਸਾਰਾ ਆਲਾ ਦਵਾਲਾ ਅਤੇ ਉਹ ਵਕਤ ਸਜੀਵ ਹੋ ਕੇ ਸਾਡੇ ਸਾਹਮਣੇ ਖੜੇ ਹੋ ਜਾਂਦੇ ਹਨ, ਜਾਂ ਫਿਰ ਅਸੀਂ ਉਸ ਵਕਤ ਵਿਚ ਵਿਚਰਣ ਲੱਗ ਪੈਂਦੇ ਹਾਂ। ਮੈਂ ਤਾਂ ਸੰਘੋਲ ਦੀ ਸਾਰੀ ਖੁਦਾਈ ਬਾਰੇ ਜਾਣਦਾ ਹਾਂ, ਇਸ ਲਈ ਕਹਾਣੀ ਰਾਹੀਂ ਇਕ ਇਕ ਨੁੱਕਰ, ਇਕ ਇਕ ਵਿੱਥ ਤੇ ਰਾਜਮਾਰਗ ਮਹਿਸੂਸ ਕਰ ਸਕਦਾ ਹਾਂ।

ਕੁੱਲ ਮਿਲਾ ਕੇ ਤੁਹਾਡੀਆਂ ਕਹਾਣੀਆਂ ਵਿੱਚ ਰੋਚਿਕਤਾ, ਕਥਾ-ਰਸ, ਵਾਤਾਵਰਣ ਦਾ ਚਿਤ੍ਰਣ ਬਹੁਤ ਹੀ ਸਸ਼ਕਤ ਹਨ। ਪ੍ਰਾਚੀਨ ਭਾਰਤੀ ਇਤਿਹਾਸ ਦੇ ਵਿਦਿਆਰਥੀ ਵਾਸਤੇ ਤਾਂ ,‘ ਕਹਾਣੀ ਰਾਹੀਂ ਰਾਜਨੀਤਕ ਸਮਾਜਕ, ਧਾਰਮਿਕ ਵਿਵਸਥਾਵਾਂ ਬਾਰੇ ਜਾਣਕਾਰੀ , ਦਾ ਆਪਣਾ ਹੀ ਮਜ਼ਾ ਅਤੇ ਨਸ਼ਾ ਹੈ। ਮੈਂ ਆਤਮਜੀਤ ਦੇ ਪੰਨਾ 15 ਉੱਤੇ ਲਿਖੇ ਕਥਨ ਕਿ, “ਸਪਸ਼ਟ ਹੈ ਕਿ ਮਨਮੋਹਣ ਬਾਵਾ ਨੇ ਕਾਲ ਵਿੱਚ ਪਸਰ ਕੇ ...’ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਅਤੇ ਉਮੀਦ ਕਰਦਾ ਹਾਂ ਕਿ ਤੁਸੀਂ ਇੰਜ ਹੀ ਆਪਣੇ ਇਤਿਹਾਸਕ ਪਰਿਪੇਖ ਨੂੰ ਸਫ਼ਲ ਕਰੋਗੇ ਅਤੇ ਆਪਣੀ ਵਿਸ਼ੇਸ਼ ਨਜ਼ਰ ਨਾ ਦੇਖੇ ਭੂਤ ਕਾਲ ਨੂੰ ਚਿੱਤਰਕਾਰੀ ਵਰਗੀ ਕਲਮ ਨਾਲ ਸ਼ਬਦ ਚਿੱਤਰਾਂ ਦੇ ਰੂਪ ਵਿਚ ਹੋਰ ਹੋਰ ਤੇ ਹੋਰ ਇਹੋ ਜਿਹੀਆਂ ਕਹਾਣੀਆਂ ਦਿੰਦੇ ਰਹੋਗੇ।

**-ਨ੍ਰਿਪਇੰਦਰ ਰਤਨ**

**ਕਾਨਾ ਸਿੰਘ ਖ਼ਤ ਕਹਾਣੀਕਾਰ ਜਿੰਦਰ ਵੱਲ**

ਪਿਆਰੇ ਜਿੰਦਰ ਜੀ 5-2-2002

‘ਕਤਲ’ ਪੜ੍ਹ ਕੇ ਬਹੁਤ ਹੀ ਬੇਚੈਨ ਹੋ ਗਈ ਹਾਂ। ਦੋ ਵਾਰ ਪੜ੍ਹ ਚੁੱਕੀ ਹਾਂ। ਪਰ ਕਹਾਣੀ ਦੀ ਰਮਜ਼ ਮੇਰੀ ਪਕੜ ’ਚ ਨਹੀਂ ਆ ਰਹੀ। ਸ਼ਾਇਦ ਮੈਂ ਬਹੁਤ ਪਿੱਛੇ ਰਹਿ ਗਈ ਹਾਂ ਤੇ ਕਹਾਣੀ ‘ਕਾਫ਼ੀ ਅੱਗੇ ਲੰਘ’ ਗਈ ਏ। ਉਂਜ ਜੇ ਮੈਂ ਨਹੀਂ ਪਕੜ ਪਾ ਰਹੀ ਤਾਂ ਇਹ ਕਹਾਣੀ ਦਾ ਹਾਸ਼ਿਲ ਹੀ ਹੈ ਪਰ ਕੀ ਕਹਾਣੀਕਾਰ ਆਪਣੇ ਆਪ ਵਿਚ ਸਪਸ਼ਟ ਹੈ ਕਿ ਉਹ ਕੀ ਕਨਵੇਅ ਕਰਨਾ ਚਾਹੁੰਦਾ ਹੈ?

ਸ਼ਾਇਦ ਹੁਸੜ, ਕਹਿਰਾਂ ਦਾ ਹੁਸੜ, ਕਹਾਣੀ ਉਤਮ ਪੁਰਖ ਵਿਚ ਲਿਖੀ ਹੋਣ ਕਾਰਣ ਕਹਾਣੀਕਾਰ ਤੋਂ ਵੱਖ ਕਰਕੇ ਵੀ ਪੁਨਰ ਸਿਰਜਿਤ ਨਹੀਂ ਹੋ ਰਹੀ ਮੇਰੇ ਕੋਲੋਂ ਇਹ ਮੇਰਾ ਦੁਖਾਂਤ ਹੈ।

ਕਦੇ ਮੈਂ ਲੇਖਕ ਨਾਲ ਆਤਮਸਾਤ ਹੋਇਆ ਮਹਿਸੂਸ ਕਰ ਰਹੀ ਹਾਂ। ਤੇ ਕਦੇ ਮਾਂ ਨਾਲ... ਤੇ ਮਾਂ ਨਾਲ ਆਤਮਸਾਤ ਹੋ ਕੇ ਇਕ ਕੰਬਣੀ ਇਕ ਝੁੰਝਲਾਹਟ ਇਕ ਚੀਖ਼ ਜਿਹੀ ਦੀ ਹਾਲਤ ਜੋ ਨਾ ਨਿਕਲ ਨਾ ਦਬੇ... ਪਰ ਕੀ ਪਤਾ ਇਹ ਮੇਰੇ ਅੰਦਰ ਦੇ ਪਾਠਕ ਦੀ ਹੀ ਸਿਰਜਣਾ ਹੋਵੇ..

**.-ਕਾਨਾ ਸਿੰਘ**

**ਡਾ. ਸੁਰਜੀਤ ਸਿੰਘ ਦਾ ਖ਼ਤ ਨਾਵਲਕਾਰ ਤੇ ਕਹਾਣੀਕਾਰ ਬਲਬੀਰ ਪਰਵਾਨਾ ਵੱਲ**

ਪਿਆਰੇ ਬਲਬੀਰ ਪਰਵਾਨਾ ਜੀ 14-4-1997

ਸਲਾਮ ! ਤੁਹਾਡੀ ਮਿੰਨੀ ਕਹਾਣੀਆਂ ਦੀ ਕਿਤਾਬ ਕਲ੍ਹ ਹੀ ਖ਼ਤਮ ਕੀਤੀ। ਚੰਗੀਆਂ ਲੱਗੀਆਂ ਤੁਹਾਡੀਆਂ ਇਹ ਕਹਾਣੀਆਂ। ਮੈਂ ਮਿੰਨੀ ਕਹਾਣੀ ਨੂੰ ਸਿਰਜਣਾਤਮਕ ਸਮਰੱਥਾ ਦੇ ਪ੍ਰਗਟਾਓ ਲਈ ਕੋਈ ਬਹੁਤਾ ਧਿਆਨਯੋਗ, ਪ੍ਰਮਾਣਿਕ ਤੇ ਗੰਭੀਰ ਮਾਧਿਆਮ ਨਹੀਂ ਸਾਂ ਸਮਝਿਆ। ਪਰ ਤੁਹਾਡੀਆਂ ਇਹ ਮਿੰਨੀ ਕਹਾਣੀਆਂ ਪੜ੍ਹ ਕੇ ਆਪਣੀ ਸੰਕਲਪਨਾ ਬਾਰੇ ਮੁੜ ਵਿਚਾਰ ਕਰਨ ਦੀ ਲੋੜ ਮਹਿਸੂਸ ਹੋਈ। ਇਹ ਹਾਲੇ ਮੈਂ ਕਹਿ ਨਹੀਂ ਸਕਦਾ ਕਿ ਮੁੜ ਵਿਚਾਰ ਨਿਸ਼ਚਿਤ ਰੂਪ ਵਿਚ ਮਿੰਨੀ ਕਹਾਣੀ ਦੀਆਂ ਅੰਤਰੀਵੀ ਸੰਭਾਵਨਾਵਾਂ ਬਾਰੇ ਕਿਸ ਨਿਰਣੇ ਤੇ ਅਪੜਦਾ ਹੈ। ਇਨ੍ਹਾਂ ਕਹਾਣੀਆਂ ਦੀ ਖ਼ੂਬੀ ਇਹ ਹੈ ਕਿ ਇਨ੍ਹਾਂ ਵਿਚ



ਸਥਾਪਿਤ ਪ੍ਰਤਿਮਾਨਾ, ਜੀਵਨ-ਪੈਟਰਨ ਨੂੰ ਵਿਸਥਾਪਿਤ ਕਰਨ ਦਾ ਯਤਨ ਕੀਤਾ ਗਿਆ ਹੈ। ਮੈਂ ਅਖਬਾਰਾਂ ਰਸਾਲਿਆਂ ਵਿਚ ਹਾਲੇ ਤਕ ਜਿੰਨੀਆਂ ਮਿੰਨੀ ਕਹਾਣੀਆਂ ਪੜ੍ਹੀਆਂ ਸਨ ਸਾਰੀਆਂ ਹੀ ਇਮਾਨਦਾਰੀ, ਚਰਿਤਰਕ ਉੱਚਤਾ, ਮਰਯਾਦਾ, ਅਨੁਸਾਸਨ, ਵਿਚਾਰਕ-ਸ਼ੁੱਧਤਾ ਆਦਿ ਦੇ ਸਥਾਪਿਤ ਸੰਕਲਪਾਂ ਤੇ ਪ੍ਰਤਿਕਰਮਾਂ ਨੂੰ ਹੀ ਮੁੜ ਸਥਾਪਿਤ ਕਰਦੀਆਂ ਸਨ। ਮੇਰੀ ਜਾਚੇ ਮਿੰਨੀ-ਕਹਾਣੀ ਦਾ ਪ੍ਰਕਾਰਜ ਸਥਾਪਿਤ ਪੈਟਰਨਾ ਬਾਰੇ ਸੰਦੇਹ ਉਪਜਾਉਣਾ ਹੁੰਦਾ ਹੈ। ਇਸ ਪੱਖੋਂ ਤੁਹਾਡੀਆਂ ਕੁਝ ਕੁ ਕਹਾਣੀਆਂ ਨੂੰ ਛੱਡ ਕੇ ਵਿਸ਼ੇਸ਼ਕਰ ਬੁਨਿਆਦੀ ਮਾਨਵੀ ਕਾਮ-ਅਕਾਂਖਿਆ ਤੇ ਰਿਸ਼ਤਿਆਂ ਦੇ ਪਰੰਪਰਕ ਨਿਭਾਓ ਨਾਲ ਸੰਬੰਧਿਤ ਕਹਾਣੀਆਂ ਸੰਦੇਹ ਦੇ ਪ੍ਰਕਾਰਜ ਨੂੰ ਨਿਭਾਉਂਦੀਆਂ ਨਜ਼ਰ ਆਉਂਦੀਆਂ ਹਨ। ਜਿਵੇਂ ਡਬਲ ਬੈੱਡ ਦੇ ਗੱਦੇ ਦੇ ਵਿਚ ਕਿਤੇ ਅੜੀ ਰਹਿ ਗਈ ਸੂਈ ਡੂੰਘੀ ਲੰਘ ਜਾਂਦੀ ਹੈ ਤਾਂ ਉਸ ਨੂੰ ਲੱਭਣ ਲਈ ਟੋਹਣਾ ਪੈਂਦਾ ਹੈ, ਇਵੇਂ ਹੀ ਮਿੰਨੀ ਕਹਾਣੀ ਦਾ ਅਰਥ ਇਕ ਵਾਰ ਤਾਂ ਚੋਭ ਮਾਰਦਾ ਹੈ ਪਰ ਉਸ ਚੋਭ ਦੇ ਕੇਂਦਰ ਨੂੰ ਲੱਭਣ ਲਈ ਬੋਧਿਕ ਯਤਨ ਕਰਨਾ ਲੋੜੀਂਦਾ ਹੁੰਦਾ ਹੈ। ਤੁਹਾਡੀਆਂ ਕਹਾਣੀਆਂ ਮਿੰਨੀ ਕਹਾਣੀ ਦੀ ਇਸ ਰੂਪਗਤ ਸਮਰੱਥਾ ਨੂੰ ਨਿਭਾਉਂਦੀਆਂ ਹਨ। ਉਨ੍ਹਾਂ ਵਿਚਲੀ ਚੋਭ ਪਾਠਕ ਨੂੰ ਆਪਣੇ ਪ੍ਰਤੱਖਣ ਸਿਧਾਂਤ ਨੂੰ ਨਵਿਆਉਣ ਲਈ ਵੰਗਾਰਦੀ ਹੈ ਅਤੇ ਉਹ ਸਹਿਜੇ ਹੀ ਬੌਧਿਕ ਅਭਿਆਸ ਜਾਂ ਚਿੰਤਨ ਦੇ ਰਸਤੇ ’ਤੇ ਪੈ ਜਾਂਦਾ ਹੈ। ਇਹ ਇਨ੍ਹਾਂ ਮਿੰਨੀ ਕਹਾਣੀਆਂ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ।

ਹੁਣ ਅਗਲੀ ਗੱਲ, ਮੇਰੇ ਪਹਿਲਾਂ ਭੇਜੇ ਦੋ ਰਿਵਿਊ ਛਪੇ ਹਨ ਜਾਂ ਨਹੀਂ, ਇਸ ਬਾਰੇ ਸੂਚਨਾ ਦੇਣੀ। ਜੇ ਛਪ ਗਏ ਹਨ ਤਾਂ ਉਨ੍ਹਾਂ ਦੀਆਂ ਕਾਪੀਆਂ ਭੇਜ ਦੇਣਾ। ਧੰਨਵਾਦੀ ਹੋਵਾਂਗਾ।

**-ਸੁਰਜੀਤ ਸਿੰਘ (ਡਾ.), ਅਲੀਗੜ੍ਹ**

**ਕਹਾਣੀਕਾਰ ਅਜੀਤ ਸਿੰਘ ਪੱਤੋ ਦੇ ਦੋ ਖ਼ਤ ਬਲਬੀਰ ਪਰਵਾਨਾ ਵੱਲ**

ਪਿਆਰੇ ਪਰਵਾਨਾ ਜੀ 29-4-2002

ਮੈਨੂੰ ਤੁਹਾਡਾ ਖ਼ਤ ਮਿਲ ਗਿਆ ਸੀ ਪਰ ਖੇਤ ਰਹਾਇਸ਼ ਹੋਣ ਕਾਰਨ ਤੇ ਤੁਰ ਫਿਰ ਨਾ ਸਕਣ ਕਾਰਨ ਜਵਾਬ ਨਹੀਂ ਦੇ ਸਕਿਆ।

ਕੋਈ ਤਿੰਨ ਮਹੀਨਿਆਂ ਤੋਂ ਮੈਂ ਖੇਤ ਪਿਆ ਹਾਂ। ਪਿੰਡ ਬੇਹੋਸ਼ ਪਏ ਨੂੰ ਮੇਰਾ ਪੁੱਤ ਚੁੱਕ ਕੇ ਨਿਹਾਲ ਸਿੰਘ ਵਾਲੇ ਲੈ ਗਿਆ ਸੀ। ਬੜੀ ਮੁਸ਼ਕਲ ਨਾਲ ਹਸਪਤਾਲ ਵਿਚ ਰਹਿਣ ਪਿੱਛੋਂ ਮੁੰਡਾ ਮੈਨੂੰ ਖੇਤ ਲੈ ਗਿਆ। ਘਰਵਾਲੀ ਦੇ ਗੋਡੇ ਬਹੁਤ ਦੁਖਦੇ ਹਨ। ਉਦੋਂ ਦਾ ਖੇਤ ਹੀ ਹਾਂ। ਮਸਾਂ ਤੁਰਨ ਲੱਗਿਆ ਹਾਂ। ਗਲਤ ਦਵਾਈ ਖਾਣ ਕਰਕੇ ਲੱਤਾਂ ਖੜ੍ਹ ਗਈਆਂ ਸਨ ਤੇ ਹੋਸ਼ ਨਹੀਂ ਰਿਹਾ ਸੀ। ਹੁਣ ਕੁਛ ਠੀਕ ਹਾਂ। ਇਹੋ ਵਜਹ ਹੈ ਕਿ ਕੁਛ ਲਿਖ ਨਹੀਂ ਸਕਿਆ ਹਾਂ ਤੇ ਨਾ ਹੀ ਆਉਂਦੇ ਸਮੇਂ ਵਿਚ ਛੇਤੀ ਹੀ ਲਿਖਣ ਦੀ ਉਮੀਦ ਹੈ।

ਜਦੋਂ ਵੀ ਲਿਖਣ ਜੋਗਾ ਹੋਇਆ, ਲਿਖ ਦੇਵਾਂਗਾ।

**-ਅਜੀਤ ਸਿੰਘ ਪੱਤੋ**

31-3-2001

ਆਪ ਵੱਲੋਂ 7-3 ਨੂੰ ਲਿਖਿਆ ਖ਼ਤ ਮੈਨੂੰ ਮਿਲ ਗਿਆ ਸੀ। ਉਹਦਾ ਜਵਾਬ ਮੈਂ ਇਸ ਕਰਕੇ ਨਹੀਂ ਦੇ ਸਕਿਆ ਕਿ ਮੈਂ ਚਾਹੁੰਦਾ ਸੀ ਬਈ ਕਹਾਣੀ ਭੇਜਣ ਦੇ ਨਾਲ ਹੀ ਦੇਵਾਂ।

ਹੁਣ ਚਾਰ ਕੁ ਸਾਲ ਪੁਰਾਣੀ ਇਕ ਕਹਾਣੀ ਮਿਲ ਗਈ ਹੈ। ਛੇਤੀ ਹੀ ਦੁਬਾਰਾ ਲਿਖ ਕੇ ਭੇਜ ਰਿਹਾ ਹਾਂ।

ਮੇਰੀ ਹਾਲਤ ਦਾ ਤਾਂ ਤੁਹਾਨੂੰ ਪਤਾ ਹੀ ਕਿ ਤੁਰਨਾ-ਫਿਰਨਾ ਬਹੁਤ ਮੁਸ਼ਕਲ ਹੋਇਆ ਹੋਇਆ ਹੈ।

ਲੱਤ ਕੁਛ ਵਿੰਗੀ ਬੱਝ ਗਈ ਹੈ। ਲੈਟਰੀਨ ਵਿਚ ਕੁਰਸੀ ਰੱਖੀ ਹੋਈ ਹੈ, ਬੈਠ ਨਹੀਂ ਹੁੰਦਾ। ਮਸਾਂ ਤੁਰਦਾ ਹਾਂ ਤੇ ਥੱਕ ਜਾਂਦਾ ਹਾਂ। ਬੱਸ ਉੱਤੇ ਨਾ ਚੜ੍ਹ ਹੁੰਦਾ ਹੈ ਨਾ ਉੱਤਰ ਹੁੰਦਾ ਹੈ। ਕਿਸੇ ਸਮਾਗਮ ਜਾਂ ਮੀਟਿੰਗ ਉੱਤੇ ਜਾ ਨਹੀਂ ਸਕਦਾ। ਡਰਿਆ ਡਰਿਆ ਰਹਿੰਦਾ ਹਾਂ ਤੇ ਨਸ਼ੇ ਦੀ ਵੱਧ ਵਰਤੋਂ ਕਰਨ ਲਗ ਪਿਆ ਹਾਂ।

ਵੇਖਣ ਵਿਚ ਠੀਕ ਲਗਦਾ ਹਾਂ। ਪਰ ਅੰਦਰ ਜਿਵੇਂ ਆਪਣਾ ਨਹੀਂ ਰਿਹਾ। ਖ਼ੈਰ... ਕੁਝ ਯਾਰ ਹੌਸਲਾ ਦੇ ਜਾਂਦੇ ਹਨ ਤੇ ਕੁਛ ਦਿਨ ਟਹਿਕਦਾ ਵੀ ਰਹਿੰਦਾ ਹਾਂ।

**-ਅਜੀਤ ਸਿੰਘ ਪੱਤੋ**

**ਨਵਯੁਗ ਵਾਲੇ ਪ੍ਰੀਤਮ ਸਿੰਘ ਦਾ ਖ਼ਤ ਬਲਬੀਰ ਪਰਵਾਨਾ ਵੱਲ**

ਪਿਆਰੇ ਪਰਵਾਨਾ ਜੀ, ਸਤਿ ਸ੍ਰੀਅਕਾਲ।

ਆਸ ਹੈ, ਆਪ ਚੜ੍ਹਦੀ ਕਲਾ ਵਿਚ ਹੋਵੋਗੇ। ਮੇਰੇ ਦੋ ਕੰਮ ਕਰਨ ਦੀ ਕਿਰਪਾ ਕਰਨੀ। ਆਪਣਾ ਨਾਵਲੈੱਟ, 'ਭੂਰਿਆ ਵਾਲੇ' ਦੀ ਇਕ ਕਾਪੀ ਮੈਨੂੰ ਭਿਜਵਾਣ ਦੀ ਖੇਚਲ ਕਰਨੀ। ਦਿੱਲੀ ਤੋਂ ਮੈਨੂੰ ਮਿਲੀ ਨਹੀਂ। ਮੈਂ ਪੜ੍ਹਨ ਦਾ ਚਾਹਵਾਨ ਹਾਂ।

ਸੁਕੀਰਤ ਨੇ ਮੇਰੇ ਪੁਰ ਜਿਹੜਾ ਇੰਟਰਵਿਊ 'ਨਵੇਂ ਜ਼ਮਾਨਾ' ਲਈ ਲਿਖਿਆ ਸੀ, ਉਸ ਵਿਚ ਕੁਝ ਤਸਵੀਰਾਂ ਛਪੀਆਂ ਸਨ। ਉਹ ਤਸਵੀਰਾਂ ਮੈਨੂੰ ਚਾਹੀਦੀਆਂ ਹਨ। ਪੰਜਾਬੀ ਸਾਹਿਤ ਅਕਾਡਮੀ ਚੰਡੀਗੜ੍ਹ ਵਾਲੇ ਛਾਪ ਰਹੇ ਹਨ। ਮੈਨੂੰ ਨਹੀਂ ਪਤਾ ਕਿ ਉਹਨਾਂ ਨੂੰ ਕੀ ਸੁਝੀ ਹੈ, ਮੇਰੇ 'ਤੇ ਪੁਸਤਕ ਕਿਉਂ ਛਾਪ ਰਹੇ ਹਨ। ਸਾਡੇ ਵਧੀਆ ਲੇਖਕ ਤੇ ਪ੍ਰਕਾਸ਼ਕ ਹੋਰ ਬਹੁਤ ਹਨ। ਸੁ ਤਸਵੀਰਾਂ ਭੇਜਣ ਦੀ ਖੇਚਲ ਕਰਨੀ। ਸ਼ੁਕਰੀਆ।

ਕੀ ਆਪ ਕਦੇ ਦਿੱਲੀ ਦਾ ਟੂਰ ਨਹੀਂ ਬਣਾ ਸਕਦੇ? ਦਰਸ਼ਨ ਕਰਨ ਦੀ ਇੱਛਾ ਹੈ। ਕਿਸੇ ਵੇਲੇ ਜਗਜੀਤ ਹੋਰਾਂ ਦੀ ਡਿੱਗੀ ਵਿਚ ਬਹਿ ਕੇ ਆ ਜਾਓ। ਜਾਣ ਲੱਗਿਆਂ ਸ਼ਤਾਬਦੀ ਤੇ ਬਿਠਾਣਾ ਮੇਰਾ ਜਿੰਮਾ।

**-ਪ੍ਰੀਤਮ ਸਿੰਘ (ਭਾਪਾ), ਦਿੱਲੀ**

**ਕਾਮਰੇਡ ਜਗਤਾਰ ਸਿੰਘ ਬਖ਼ਸ਼ੀਵਾਲਾ ਦਾ ਖ਼ਤ ਨਾਵਲਕਾਰ ਬਲਬੀਰ ਪਰਵਾਨਾ ਵੱਲ**

ਪਿਆਰੇ ਸਾਥੀ ਬਲਬੀਰ ਪਰਵਾਨਾ ਜੀ 26-1-2016

ਮੈਂ ਪਿਛਲੇ 10-12 ਦਿਨਾਂ ਤੋਂ ਆਪ ਜੀ ਦਾ ਲਿਖਿਆਂ ਨਾਵਲ 'ਬਹੁਤ ਸਾਰੇ ਚੁਰੱਸਤੇ' ਪੜ੍ਹ ਰਿਹਾਂ ਹਾਂ। ਇਹ ਨਾਵਲ ਮੈਨੂੰ ਮੇਰੇ ਆਪਣੇ ਪਿੰਡ ਦੇ ਨਾਲ ਜੁੜੇ ਲੋਕਾਂ ਬਾਰੇ ਲੱਗਦਾ ਹੈ। ਕਾਮਰੇਡ ਗੁਰਮੇਲ ਦਾ ਪਾਤਰ ਗਿੰਦਰ ਉਰਫ਼ ਜਗਵਿੰਦਰ ਦਾ ਪਾਤਰ ਮੈਨੂੰ ਆਪਣੇ ਪਿੰਡ ਦੇ ਲੱਗਦੇ ਹਨ। ਪਰ ਫਰਕ ਇੰਨ੍ਹਾਂ ਹੈ, ਨਾਵਲ ਦਾ ਨਾਇਕ ਸੀ. ਪੀ. ਆਈ. ਦਾ ਹੈ, ਜਦ ਕਿ ਮੇਰੇ ਪਿੰਡ ਦਾ ਨਾਇਕ ਨਕਸਲੀ ਧਿਰਾਂ ਨਾਲ ਸਬੰਧ ਹੈ। ਨਾਵਲ ਵਿੱਚ ਜਿਸ ਤਰ੍ਹਾਂ ਤੁਸੀਂ ਕਾਮਰੇਡ ਗੁਰਮੇਲ ਦਾ ਪਾਤਰ ਜੋ ਕਿ ਆਪਣੀ ਜਵਾਨੀ ਦੇ ਦਿਨਾਂ ਆਪਣੇ ਕਾਲਜ ਸਮੇਂ ਕਮਿਊਨਿਸਟ ਪਾਰਟੀ ਵੱਲ ਖਿਚਿਆਂ ਜਾਂਦਾ ਹੈ, ਜਦ ਕਿ ਗੁਰਮੇਲ ਦਾ ਪਿਤਾ ਸੂਬੇਦਾਰ ਇਸਦਾ ਥੋੜਾ ਬਹੁਤ ਵਿਰੋਧ ਕਰਦਾ ਹੈ, ਪਰ ਗੁਰਮੇਲ ਆਪਣਾ ਕੈਰੀਅਰ, ਪੜ੍ਹਾਈ ਵਗੈਰਾ ਛੱਡ ਕੇ ਪਾਰਟੀ ਦਾ ਹੋਲ ਟਾਈਮਅਰ ਬਣ ਜਾਂਦਾ ਹੈ। ਪਰ ਤੁਸੀਂ ਨਾਵਲ ਦੇ ਆਖੀਰ ਤੱਕ ਜਾਂਦੇ ਜਾਂਦੇ ਕਾਮਰੇਡ ਦੇ ਪਹਿਲੇ ਉਮਰੇ ਕੀਤੀ ਗਈ ਪਾਰਟੀ ਲਈ ਕੰਮਾਂ ਨੂੰ ਛੱਡ ਕੇ ਉਸ ਦੀ ਪਰਿਵਾਰ ਪ੍ਰਤੀ ਸੋਚ ਨੂੰ ਮੁੱਖ ਏਜੰਡਾ ਬਣਾ ਕੇ ਪੇਸ਼ ਕਰਦੇ ਹੋ ਜਾਂ ਆਪਣੇ ਨਾਵਲ ਦੇ ਨਾਇਕ ਗਿੰਦਰ ਰਾਹੀਂ ਨਾਵਲ ਵਿਚ ਵਿਰੋਧ ਦਰਜ ਕਰਵਾਉਂਦੇ ਹਾਂ, ਜਦਕਿ ਪਾਰਟੀ ਲਾਈਨ ਕੇਂਦਰੀ ਕਮੇਟੀ ਅਤੇ ਪੋਲਿਟ ਬਿਓਰੋ ਬਣਾਉਂਦੇ



ਹਨ, ਨਾ ਜ਼ਿਲ੍ਹਾ ਕਮੇਟੀ ਜਾ ਸੂਬਾ ਕਮੇਟੀ ਅਤੇ ਤੁਸੀਂ ਆਪਣੇ ਨਾਵਲ ਵਿੱਚ ਜਿਸ ਤਰ੍ਹਾਂ ਸੀ. ਪੀ. ਆਈ. ਦੀ ਸਾਰੀ ਜ਼ਿਲ੍ਹਾ ਕਮੇਟੀ ਨੂੰ ਇੱਕ ਤਰ੍ਹਾਂ ਸਾਮਰਾਜਵਾਦੀਆਂ ਦੀ ਸੇਵਾ ਕਰਦਾ ਪੇਸ਼ ਕੀਤਾ ਹੈ, ਜੋ ਕਿ ਗਲਤ ਹੈ। ਇਸ ਤਰ੍ਹਾਂ ਤਾਂ ਪਾਠਕ ਦੇ ਮਨ ਵਿੱਚ ਸੀ . ਪੀ. ਆਈ ਅਤੇ ਦੂਜੀ ਵੋਟ ਦੀ ਰਾਜਨੀਤੀ ਕਰਨ ਵਾਲੀ ਖੱਬੀ ਧਿਰ ਪ੍ਰਤੀ ਗਲਤ ਰਾਇ ਬਣ ਜਾਂਦੀ ਹੈ।

ਪਹਿਲੇ ਭਾਗ ਦੇ ਸਤਾਰਾਂ ਪੰਨਾ ਨੰਬਰ 93 ਤੇ ਗਿੰਦਰ ਜੱਸੀ ਦੀ ਦੁਕਾਨੋ ਮਿੱਟੀ ਦਾ ਤੇਲ ਲੈ ਕੇ ਨਿਕਲਿਆ, ਉਸ ਸਮੇਂ ਗਿੰਦਰ ਬੱਚਾ ਹੈ ਅਤੇ ਸਰਦਾਰ ਅਤੇ ਉਸ ਦਾ ਮੁੰਡੇ ਨਕਸਲੀ ਵੱਲੋਂ ਮਾਰਿਆ ਗਿਆ ਸੀ, ਪਰ ਜਦ ਕੰਵਲ ਪਿੰਡ ਮਾਸਟਰਨੀ ਲੱਗ ਕੇ ਆਉਂਦੀ ਹੈ ਤਾਂ ਗਿੰਦਰ ਵੀ ਜਵਾਨ ਹੈ ਅਤੇ ਉਹ ਉਸ ਨੂੰ ਦਸਦੀ ਹੈ ਮੋਗਾ ਗੋਲੀ ਕਾਂਡ ਸਮੇਂ ਉਹ (ਸੰਤ ਰਾਮ ਉਦਾਸੀ) ਦੇ ਗੀਤ ਗਾਉਂਦੀ ਰਹੀ ਹੈ ਸਟੇਜਾਂ ਤੇ। ਮੋਗਾ ਗੋਲੀ ਕਾਂਡ 1972 ਵਿਚ ਹੋਇਆ, ਜਦ ਕਿ ਨਕਸਲੀ ਧਿਰਾਂ 1970 ਵਿਚ ਹੀ ਜਮਾਤੀ ਦੁਸਮਣਾਂ ਦੇ ਸਫਾਏ ਦੀ ਲੀਹ ਮੁਕੰਮਲ ਰੂਪ ਵਿਚ ਰੱਦ ਕਰ ਦਿੱਤੀ ਸੀ। ਇਸ ਤਰ੍ਹਾਂ ਤਾਂ ਨਾਵਲ ਦੇ ਨਾਈਕ ਅਤੇ ਕੰਵਲ ਵਿਚ ਉਮਰ ਦਾ ਬਹੁਤ ਫਰਕ ਹੈ।

ਇਹ ਕਿ ਐਮਰਜ਼ੈਸੀ ਸਮੇਂ ਕਮਿਊਨਿਸਟ ਧਿਰਾਂ ਗਲਤ ਜਾਣਕਾਰੀ ਹੈ। ਸੀ. ਪੀ. ਆਈ ਨੂੰ ਛੱਡ ਬਾਕੀ ਸਾਰੀ ਕਮਿਊਨਿਸਟ ਲਹਿਰ ਐਮਰਜੈਸ਼ੀ ਸਮੇਂ ਤਸੱਸਦ ਦਾ ਸ਼ਿਕਾਰ ਰਹੀ, ਖਾਸ ਕਰਕੇ ਨਕਸਲੀ ਧਿਰਾਂ ਤਾਂ ਐਮਰਜੈਸੀ ਦਾ ਸਭ ਤੋਂ ਵੱਧ ਸ਼ਿਕਾਰ ਰਹੀਆਂ, ਜਦ ਕਿ ਸੀ. ਪੀ. ਆਈ. ਨਾਲ ਇੰਦਰਾਂ ਗਾਂਧੀ ਅਤੇ ਸੰਜੇ ਗਾਂਧੀ ਦੇ 20 ਨੁਕਾਤੀ ਪ੍ਰੋਗਰਾਮ ਮੁਤਾਬਕ ਉਸ ਦਾ ਪ੍ਰਚਾਰ ਕਰਦੇ ਰਹੇ। ਆਪ ਆਪਣੇ ਨਾਵਲ ਵਿਚ ਸਾਰੀਆਂ ਧਿਰਾਂ ਨੂੰ ਇਕੋ ਰੱਸੇ ਬੰਨ੍ਹ ਰਹੇ ਹੋ ਜੋ ਕਿ ਆਉਣ ਵਾਲੀ ਪੀੜ੍ਹੀ ਲਈ ਖ਼ਤਰਨਾਕ ਹੈ, ਆਪ ਜੀ ਨਾਵਲ ਵਿਚ ਖੁੱਲ੍ਹ ਕੇ ਦੱਸਣਾ ਚਾਹੀਦਾ ਹੈ, ਇਸ ਧਿਰ ਨੇ ਕਿਸ ਸਮੇਂ ਸਰਕਾਰ ਦੀ ਮਦਦ ਕੀਤੀ।

ਨਾਵਲ ਦਾ ਨਾਇਕ ਗਿੰਦਰ ਉਰਫ਼ ਜਗਵਿੰਦਰ ਇਕ ਤੀਵੀਬਾਜ਼ ਵਿਅਕਤੀਤਵ ਦਾ ਮਾਲਕ ਹੈ, ਉਸ ਦੇ ਪਹਿਲਾ ਗਾਮੋ , ਕਾਂਤਾਂ, ਅਚਲਾ ਪਾਂਡੇ, ਪ੍ਰੀਤ ਨਾਲ ਸਰੀਰਕ ਸਬੰਧ ਹਨ, ਜਦ ਕਿ ਕੰਵਲ ਅਤੇ ਸੁਰਜੀਤ ਨਾਲ ਵੀ ਸਰੀਰਕ ਸਬੰਧ ਬਣਾਉਣਾ ਚਾਹੁੰਦਾ ਹੈ ਅਤੇ 59 ਸਾਲ ਦੀ ਉਮਰ ਵਿਚ ਉਹ ਕਾਮਰੇਡ ਦੇ ਭੋਗ ਤੇ ਸਿਰਫ਼ ਸੁਰਜੀਤ ਨੂੰ ਮਿਲਣ ਲਈ ਜਾਂਦਾ ਹੈ।

ਇਹ ਕਿ ਆਪ ਨਾਵਲ ਦੇ ਪਾਤਰ ਗਿੰਦਰ ਰਾਹੀਂ ਅੱਜ ਦੇ ਆਧੁਨਿਕ ਯੁੱਗ ਵਿੱਚ ਵਿਆਹ ਵਰਗੇ ਪਵਿੱਤਰ ਰਿਸ਼ਤੇ ਨੂੰ ਪੁਰਾਣੇ ਸਮੇਂ ਦੀ ਗੱਲ ਦੱਸਦੇ ਹੋ, ਜਦਕਿ ਸਾਡੇ ਸਮਾਜ ਵਿਚ ਅੱਜ ਵੀ ਵਿਆਹ ਇਕ ਸਮਾਜ ਵਰਤਾਰਾ ਹੈ, ਸਾਡੇ ਸਾਹਮਣੇ ਅੱਜ ਅਦਰਸ਼ ਜੋੜੇ ਹਨ ਜਿਨ੍ਹਾਂ ਨੇ ਸਾਰੀ ਉਮਰ ਲੋਕਾਂ ਲੇਖੇ ਲਾ ਦਿੱਤੀ ਹੈ, ਪਰ ਨਾਵਲ ਦਾ ਨਾਈਕ ਵਿਆਹ ਵਰਗੇ ਪਵਿੱਤਰ ਰਿਸ਼ਤੇ ਨੂੰ ਵੀ ਮਰ ਰਹੀ ਸੰਸਥਾ ਦੱਸ ਦਾ ਹੈ। ਜੋ ਕੁਝ ਤੁਸੀਂ ਨਾਵਲ ਦੇ ਨਾਈਕ ਰਾਹੀ ਕਹਿਣਾ ਚਾਹੁੰਦੇ ਹੋ ਉਹ ਸ਼ਹਿਰਾ ਵਿਚ ਤਾਂ ਹੋ ਸਕਦਾ ਹੈ ਪਰ ਤੁਸੀਂ ਉਸ ਨੂੰ ਪੰਜਾਬ ਦੇ ਪਿੰਡਾਂ ਤੇ ਲਾਗੂ ਨਹੀਂ ਕਰ ਸਕਦੇ, ਇਕ ਪਲ ਮੈਂ ਤੁਹਾਡੀ ਗੱਲ ਮੰਨ ਵੀ ਲੈਂਦਾ ਹੈ ਪਰ ਕੀ ਸਾਡੇ ਸਮਾਜ ਵਿੱਚ 'ਅਚਲਾ ਪਾਂਡੇ' ਜਾਂ ਪ੍ਰੋ. ਵੀਨਾ ਅਗਰਵਾਲ ਜਿਹੀਆਂ ਔਰਤਾਂ ਨੂੰ ਬਰਦਾਸ਼ਤ ਕਰਨ ਦਾ ਮਾਦਾ ਰੱਖਦਾ ਹੈ ਜੇ ਸਾਰੀਆਂ ਔਰਤਾਂ ਦੀ 'ਅਚਲਾ ਪਾਂਡੇ ਵਾਂਗ ਜ਼ਿੰਦਗੀ ਜਿਉਣ ਤਾਂ ਕਿ ਅਸੀਂ ਅਤੇ ਸਾਡਾ ਸਮਾਜ ਤਰੱਕੀ ਕਰ ਸਕਦਾ ਹੈ, ਇਸ ਸਬੰਧੀ ਤੁਸੀਂ ਨਾਵਲ ਵਿੱਚ ਕੁਝ ਨਹੀਂ ਲਿਖਿਆ। ਸਾਡਾ ਪਿੰਡੋ ਸਮਾਜ ਖਾਸ ਮਾਲਵਾ ਖਿੱਤਾ ਅਤੇ ਉਸ ਦੇ ਉਜਾੜ ਰਾਹੇ ਪਿੰਡ ਦੀਪੀ ਜਾ ਅਚਲਾ ਪਾਂਡੇ ਜਿਹੇ ਕਿਰਦਾਰਾਂ ਨੂੰ ਕਦੇ ਵੀ ਪਸੰਦ ਨਹੀਂ ਕਰਨਗੇ। ਅਤੇ ਪੱਛਮ ਸਭਿਆਚਾਰ ਦਾ ਜੋ ਗੰਦ ਅਚਲਾ ਪਾਂਡੇ, ਵੀਨਾ ਅਗਰਵਾਲ, ਪ੍ਰਿਅੰਕਾ ਵਰਗੇ ਲੋਕ ਸਾਡੇ ਸਮਾਜ ਵਿਚ ਪਾ ਰਹੇ ਹਨ, ਉਹਨਾਂ ਨੂੰ ਤੁਸੀਂ ਖੁਦ ਇਕ ਲੇਖਕ ਪੱਤਰਕਾਰ, ਸਾਬਕਾ ਕਾਮਰੇਡ, ਵਜੋਂ ਕਿਸ ਤਰ੍ਹਾਂ ਦੇਖਦੇ ਹੋ, ਉਸ ਨੂੰ ਤੁਹਾਨੂੰ ਆਪਣੇ ਨਾਵਲ ਨਾਈਕ ਰਾਹੀਂ ਦੱਸਣਾ ਚਾਹੀਦਾ ਸੀ, ਜੋ ਤੁਸੀਂ ਨਹੀਂ ਦੱਸਿਆ।

ਪਰ ਉਕਤ ਨਾਵਲ ਪੜ੍ਹਨ ਨਾਲ ਮੈਨੂੰ ਅਤੇ ਮੇਰੇ ਵਰਗੇ ਹੋਰ ਪਾਠਕਾਂ ਨੂੰ ਸ਼ਾਇਦ ਸਭ ਤੋਂ ਵੱਧ ਜਾਣਕਾਰੀ ਪੱਤਰਕਾਰਾਂ ਬਾਰੇ ਮਿਲੀ। ਇਸ ਤਰ੍ਹਾਂ 'ਪਰਮਪਾਲ' ਜੇਤਲੀ ਵਰਗੇ ਬੰਦੇ ਪੱਤਰਕਾਰਾਂ ਦੇ ਨਾਮ ਤੇ ਵੱਡੇ ਵੱਡੇ ਘਪਲੇ ਕਰਦੇ ਹਨ ਅਤੇ 'ਹਰਜੀਤ ਗਿੱਲ' ਵਰਗੇ ਬੰਦੇ ਅਖਬਾਰ ਜ਼ਰੀਏ ਆਪਣੇ ਸੈਟਿੰਗਾਂ ਕਰਦੇ ਹਨ। ਇਹਨਾਂ ਵਰਗੇ ਬੰਦਿਆਂ ਨੇ ਹੀ ਪੱਤਰਕਾਰਤਾ ਨੂੰ ਨੀਂਵਾਣ ਵੱਲ ਧੱਕਿਆ ਹੈ, ਪਰ ਅੱਜ ਦੇ ਸਮੇਂ ਰੋਜ਼ਾਨਾ ਅਖ਼ਬਾਰਾ ਨੇ ਸਭ ਤੋਂ ਵੱਧ ਗੰਦ ਪਾਇਆ ਹੋਇਆ ਹੈ। ਇਹ ਹਾਲ ਹੈ ਸਾਡੇ ਸ਼ਹਿਰ ਤੋਂ ਇਨ੍ਹਾਂ ਦੇ ਪੱਤਰਕਾਰ ਹਨ ਜੋ ਕਿ ਆਪਣੀ ਆਪਣੀ ਸੈਟਿੰਗਾਂ ਕਰਨ ਵਿੱਚ ਲੱਗੇ ਰਹਿੰਦੇ ਹਨ। ਪਰ ਪੱਤਰਕਾਰਾ ਬਾਰੇ ਤੁਸੀਂ ਮੇਰੇ ਤੋਂ ਵੱਧ ਜਾਣਦੇ ਹੋ।

ਬਾਕੀ ਨਾਵਲ ਤੁਸੀਂ ਬਹੁਤ ਸੋਹਣਾ ਲਿਖਿਆ ਹੈ।

ਇਕ ਗੱਲ ਹੋ ਹੈ ਨਾਵਲ ਦੇ ਪੰਨਾ 449 'ਤੇ, ਕਮਿਊਨਿਸਿਟ ਲਹਿਰ ਜਦੋਂ ਸ਼ੁਰੂ ਹੋਈ ਤਾਂ ਉਸ ਵਿੱਚ ਕਿਸ਼ਨਗੜ੍ਹ ਦਾ ਜ਼ਿਕਰ ਕੀਤਾ ਹੈ। ਉਸ ਸਮੇਂ 'ਪੈਪਸੂ' ਦੀ ਮੁਜ਼ਾਰਾ ਲਹਿਰ ਦੀ ਅਗਵਾਈ 'ਲਾਲ ਕਮਿਊਨਿਸਟ ਪਾਰਟੀ ਆਫ ਇੰਡੀਆ' ਕਰ ਰਹੀ ਸੀ ਨਾ ਕਿ ਸੀ. ਪੀ. ਆਈ.। ਲਾਲ ਪਾਰਟੀ ਦੀ ਅਗਵਾਈ ਕਾਮਰੇਡ ਤੇਜਾ ਸਿੰਘ ਸੁਤੰਤਰ ਜੀ ਕਰ ਰਹੇ ਸਨ, ਨਾ ਕਿ ਸੁਰਜੀਤ ਹੋਰੀ ਜਿਨ੍ਹਾਂ ਨੇ ਹਮੇਸ਼ਾਂ ਆਪਣੀ ਚੌਧਰ ਲਈ ਸੀ. ਪੀ. ਆਈ. ਵਿੱਚ ਲਾਲ ਪਾਰਟੀ ਦੇ ਆਗੂ ਅਤੇ ਕਾਰਕੁੰਨਾ ਨੂੰ ਖੁੰਡੇ ਲਾਈਨ ਲਾਈਆਂ ਰੱਖਿਆ। ਕਾਮਰੇਡ ਸੁਰਜੀਤ ਸਿਰੇ ਦਾ ਮੌਕਾਪ੍ਰਸ਼ਤ ਆਗੂ ਸੀ, ਜਿਨ ਨੇ ਕਮਿਊਨਿਸਟ ਲਹਿਰ ਦਾ ਭੱਠਾ ਬੈਠਾ ਦਿੱਤਾ। ਅੱਜ ਸੀ. ਪੀ. ਆਈ. ਅਤੇ ਸੀ. ਪੀ. ਐਮ ਸਮੇਤ ਸਾਰੀਆਂ ਨਕਸਲੀ ਧਿਰਾਂ ਵਿੱਚ ਕਾਮਰੇਡ ਸੁਤੰਤਰ ਅਤੇ ਲਾਲ ਕਮਿਊਨਿਸਟ ਦੇ ਬਾਕੀ ਆਗੂਆਂ ਅਤੇ ਕਾਰਕੁੰਨਾਂ ਵਰਗਾ ਇਕ ਲੀਡਰ ਦੱਸ ਦੇਵੋ। ਕਾਮਰੇਡ ਸੁਤੰਤਰ ਦੇ ਬੱਚੇ ਭੁੱਖ ਨਾਲ ਮਰ ਗਏ, ਭਾਈ ਨੇ ਰਾਮ ਨਗਰ ਬੈਂਕ ਡਕੈਤੀ ਕੇਸ ਸਜ਼ਾ ਕੱਟੀ, ਸਾਲੇ ਵਾਸੁਦੇਵ ਨੇ ਸਾਰੀ ਉਮਰ ਪਾਰਟੀ ਲਈ ਲਾ ਦਿੱਤੀ। ਦੂਜੇ ਪਾਸੇ ਸੁਰਜੀਤ ਦੇ ਪੋਤੇ ਦੇ ਵਿਆਹ 'ਚ ਜੋ ਦਾਰੂ ਪਿਆਈ ਗਈ ਉਹ ਇੰਡੀਆ ਵਿੱਚ ਮਿਲਦੀ ਵੀ ਨਹੀਂ, 'ਫੋਰਨ' ਤੋਂ ਮੰਗਵਾਈ ਗਈ ਸੀ।

ਪਰ ਅੱਜ ਸਾਡੇ ਪਾਰਟੀ ਦੇ ਜ਼ਿਲ੍ਹਾ ਸਕੱਤਰ ਦਾ ਆਪਣਾ ਕਾਲਜ ਹੈ, ਅਤੇ ਉਸ ਵਿੱਚ ਆਰ. ਐੱਸ. ਐੱਸ. ਦਾ ਟਰੇਨਿੰਗ ਕੈਂਪ ਚੱਲ ਰਿਹਾ ਹੈ। ਉਹ ਜ਼ਿਲ੍ਹਾ ਸਕੱਤਰ ਬਾਕੀ ਲੋਕਾਂ ਅਤੇ ਪਾਰਟੀ ਮੈਂਬਰਾਂ ਨੂੰ ਕੀ ਸੇਧ ਦੇ ਸਕਦਾ ਹੈ, ਜਿਸ ਦੇ ਖੁਦ ਆਪਣੇ ਕਾਲਜ ਵਿਚ ਐਰ. ਐੱਸ. ਐੱਸ. ਦਾ ਕੈਂਪ ਚੱਲ ਰਿਹਾ ਹੋਵੇ। ਇਹ ਤਾਂ ਹਾਲ ਹੈ ਕਿ ਕਮਿਊਨਿਸਟ ਪਾਰਟੀ ਦਾ ਲੀਡਰਾ ਤੋਂ ਅਸੀਂ ਕੀ ਆਸ ਕਰਦੇ ਹਾਂ ਕਿ ਇਨਕਲਾਬ ਆਵੇਗਾ।

ਬਾਕੀ ਨਾਵਲ ਬਹੁਤ ਵਧੀਆਂ ਹੈ। ਪੜ੍ਹਨ ਵਿੱਚ ਰਵਾਨਗੀ ਹੈ। ਸਾਡੇ ਪਿੰਡ ਲਾਈਬਰੇਰੀ ਹੈ। ਉਸ ਵਿੱਚੋਂ ਲੈ ਕੇ ਬਹੁਤ ਕਿਤਾਬਾਂ ਪੜ੍ਹਦਾ ਰਹਿੰਦਾ ਹਾਂ। ਮੇਰੇ ਦਾਦਾ ਜੀ ਮੁਜ਼ਾਰਾ ਲਹਿਰ ਨਾਲ ਸਬੰਧਤ ਰਹੇ ਹਨ ਅਤੇ 9 ਸਾਲ ਵਰੰਟਿਡ ਰਹੇ। ਇਸ ਕਰਕੇ ਮੈਨੂੰ ਪਾਰਟੀ ਨਾਲ ਹਮਦਰਦੀ ਹੈ। ਪਰ ਮੈਂ ਹੁਣ ਭਾਰਤੀ ਕਿਸਾਨ ਯੂਨੀਅਨ ਦੇ ਉਗਰਾਹਾਂ ਗਰੁੱਪ ਨਾਲ ਸਬੰਧਤ ਹਾਂ, ਛੋਟਾ ਕਿਸਾਨ ਹਾਂ। ਧਰਨੇ, ਮੁਜਾਰੇ ਤੇ ਜਾਂਦੇ ਰਹਿੰਦੇ ਹਾਂ ਅਤੇ 'ਨਵਾਂ ਜ਼ਮਾਨਾ' ਦਾ ਅੱਠ ਨੌਂ ਸਾਲ ਤੋਂ ਐਤਵਾਰਤਾ ਦਾ ਪਾਠਕ ਹਾਂ। ਤੁਹਾਡੇ ਅਤੇ ਤੁਹਾਡੇ ਨਾਵਲ ਖਿਲਾਫ਼ ਕੋਈ ਗਲ਼ਤ ਸ਼ਬਦ ਲਿਖਿਆ ਗਿਆ ਤਾਂ ਮੁਆਫ਼ ਕਰਨਾ, ਮੈਂ ਸਿਰਫ ਦਸਵੀਂ ਪਾਸ ਹਾਂ, ਮੇਰੇ ਮਨ ਵਿਚ ਨਾਵਲ ਪੜ੍ਹਨ ਸਮੇਂ ਜੋ ਆਇਆ ਅਤੇ ਮਨ ਮੁਤਾਬਕ ਮੈਂ ਤੁਹਾਨੂੰ ਲਿਖ ਦਿੱਤਾ ਹੈ। ਮੈਂ ਜੋ ਵੀ ਕਿਤਾਬਾਂ ਪੜ੍ਹਦਾ ਹਾਂ, ਉਸ ਲੇਖਕ ਨੂੰ ਚਿੱਠੀ ਜ਼ਰੂਰ ਲਿਖਦਾ ਹਾਂ। ਤੁਹਾਡਾ ਸਾਥੀ।

**-ਜਗਤਾਰ ਸਿੰਘ, ਬਖ਼ਸ਼ੀਵਾਲਾ**, ਤਹਿ. ਸੁਨਾਮ, ਸੰਗਰੂਰ



## ਪੰਜਾਬੀ ਸ਼ਾਇਰ ਮਦਨ ਵੀਰਾ ਦੇ ਪੰਜ ਖ਼ਤ ਸ਼ਾਇਰ ਮੋਹਨ ਮਤਿਆਲਵੀ ਵੱਲ

ਮਿੱਤਰ ਮੋਹਨ ਮਤਿਆਲਵੀ ਜੀ 27-9-1989(ਚੰਡੀਗੜ੍ਹ)

ਮੋਹ ਭਰੀ ਨਮਸਕਾਰ!

ਇੱਕ ਲੰਬੇ ਅਰਸੇ ਤੋਂ ਕੋਈ ਸੰਪਰਕ ਨਹੀਂ ਹੋ ਸਕਿਆ। ਕਾਰਨ ਮੇਰੀ ਆਪਣੀ ਭੱਜ ਦੌੜ ਵੀ ਸੀ। ਤੇ ਖ਼ਤ ਨਾ ਲਿਖਣ ਦੀ ਅਣਗਹਿਲੀ ਵੀ। ਪਿੰਡ ਤੋਂ ਮੈਨੂੰ ਇੱਥੇ ਆਏ ਨੂੰ ਤਿੰਨ ਮਹੀਨੇ ਹੋ ਗਏ ਹਨ। ਐਮ. ਫਿੱਲ ਵਿੱਚ ਐਡਮੀਸ਼ਨ ਮਿਲ ਗਿਆ ਹੈ ਤੇ ਅੱਜ ਕੱਲ੍ਹ ਕਿਤਾਬਾਂ ਦੇ ਜੰਗਲ 'ਚ ਭਟਕ ਰਿਹਾ ਹਾਂ। ਪਿੰਡ ਤੋਂ ਪਿਛਲੇ ਹਫ਼ਤੇ ਖ਼ਤ ਆਇਆ ਸੀ। ਲਿਖਿਆ ਸੀ ਕਿ ਮੋਹਨ ਮਤਿਆਲਵੀ ਦਾ ਖ਼ਤ ਆਇਆ ਹੋਇਆ ਹੈ। ਸੋ ਮੈਂ ਬਿਨਾ ਖ਼ਤ ਪੜ੍ਹੇ ਤੈਨੂੰ ਯਾਦ ਭੇਜ ਰਿਹਾ ਹਾਂ, ਕਬੂਲ ਕਰੀ।

29 ਤੋਂ ਯੂਨੀਵਰਸਿਟੀ ਛੁੱਟੀਆਂ ਹੋ ਗੀਆ ਹਨ। ਤੇ ਮੈਂ ਸ਼ਾਇਦ ਪਿੰਡ ਵੀ ਆਵਾ। ਅੱਜ ਕੱਲ੍ਹ ਮੈਂ ਮਾਸਿਕ ਪੇਪਰ 'ਪਾਰਸਮਣੀ' 'ਚ ਪਾਰਟ ਟਾਇਮ ਕੰਮ ਕਰ ਰਿਹਾ ਹਾਂ ਤੇ ਇੱਥੇ ਤੇਰੀ ਇੱਕ ਕਵਿਤਾ ਵੀ ਪੜ੍ਹਨ ਨੂੰ ਮਿਲੀ ਹੈ। ਜਲਦੀ ਹੀ ਛਾਪਾਗੇ।

**-ਮਦਨ ਵੀਰਾ**

ਪਿਆਰੇ ਸ਼ਾਇਰ ਮਿੱਤਰ ਮੋਹਨ 12-10-89

ਮੋਹ ਭਰੀ ਯਾਦ!

ਤੇਰੇ ਮਹੱਬਤ ਭਰੇ ਦੋਵੇਂ ਖ਼ਤ ਮੈਂ ਵਸੂਲ ਕੀਤੇ ਹਨ। ਜਿਸ ਨਿੱਘ ਜਿਸ ਮੋਹ ਤੇ ਖਲੂਸ ਨਾਲ ਤੂੰ ਮੈਨੂੰ ਯਾਦ ਕੀਤਾ ਹੈ। ਇਹ ਤੇਰੀ ਦਰਿਆ ਦਿਲੀ ਹੈ ਤੇ ਮੇਰੇ ਲਈ ਹਾਸਲ। ਯੂਨੀਵਰਸਿਟੀ ਦੇ ਇਸ ਮਸਨੂਹੀ ਦੇ ਬਨਾਵਟ ਭਰੇ ਮਹੌਲ ਵਿੱਚ ਤੇਰੇ ਬੋਲ ਨੇ ਮੇਰੀਆਂ ਸੋਚਾਂ ਮੇਰੇ ਸੁਪਨੇ ਪਿਘਲਾ ਦਿੱਤੇ ਨੇ। ਤੂੰ ਲਿਖਿਆ ਹੈ ਕਿ ਕੁਝ ਸਮੇਂ ਤੋਂ ਕੋਈ ਨਜ਼ਮ ਨਹੀਂ ਕਹੀ ਦੋਸਤ, ਮੈਨੂੰ ਇੱਥੇ ਆਇਆ ਤਿੰਨ ਕੁ ਮਹੀਨੇ ਹੋ ਗਏ ਹਨ। ਮੇਰਾ ਵੀ ਇਹੋ ਹੀ ਹਾਲ ਹੈ। ਰੇਡੀਓ ਵਾਲਿਆਂ ਲਈ ਕਹੀ ਹੋਈ ਗੱਲ ਮੇਰੇ ਸਾਥੀਆਂ 'ਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

ਬਾਕੀ ਮੈਂ ਰੇਡੀਉ ਸਟੇਸ਼ਨ ਆ ਰਿਹਾ ਹਾਂ। ਆਪਾਂ ਇਸ ਪ੍ਰੋਗਰਾਮ ਨੂੰ ਇਸ ਤਰ੍ਹਾਂ ਲਈਏ ਕਿ ਇੱਕ ਤਾਂ ਇੱਥੇ ਆ ਕੇ ਆਪਾ ਇੱਕ ਦੂਜੇ ਨੂੰ ਮਿਲ ਲੈਂਦੇ ਹਾਂ, ਦੂਜਾ ਜੁੱਤੀ ਜੋੜੇ ਦਾ ਜੁਗਾੜ ਤੇ ਤੀਸਰਾ ਇਸ ਦਿਨ ਸ਼ਹਿਰ ਨਾਲ ਸਬੰਧਤ ਕਈ ਕਾਰ ਵੀ ਹੋ ਹੀ ਜਾਂਦੇ ਹਨ। ਹੋਰ ਅਸੀਂ ਆਪਣੇ ਵਿਭਾਗ ਵਿੱਚ ਜਲਦੀ ਹੀ ਕੋਈ ਸਮਾਗਮ ਕਰਵਾਉਣ ਬਾਰੇ ਸੋਚ ਰਹੇ ਹਾਂ, ਉਂਜ ਤਾਂ ਸ਼ਾਇਰ ਤੂੰ ਵੀ ਸਮਾਂ ਨਾ ਕੱਢ ਸਕੇ ਪਰ ਇਸ ਬਹਾਨੇ ਤਾਂ ਸਾਡੇ ਕੋਲ ਆਉਣਾ ਸ਼ਾਇਦ ਤੇਰੇ ਲਈ ਸੰਭਵ ਹੋ ਜਾਵੇ।

ਮੇਰੀ ਬੜੇ ਚਿਰ ਦੀ ਖ਼ਾਹਸ ਹੈ ਕਿ ਮੈਂ ਫਤਿਹਜੀਤ ਨੂੰ ਮਿਲਾ ਪਰ ਹਾਲ ਦੀ ਘੜੀ ਤੂੰ ਮੇਰੀ ਫਤਿਹ ਉਨ੍ਹਾਂ ਨੂੰ ਪੁੱਜਦੀ ਕਰ ਦਈਂ। ਹੋਰ ਸਭ ਸ਼ਾਇਦ ਠੀਕ ਹੀ ਹੋਵੇ।

**-ਮਦਨ ਵੀਰਾ**

ਪਿਆਰੇ ਮੋਹਨ ਮੋਹ ਭਰੀ ਯਾਦ! 14-5-90

ਲੰਬੇ ਵਕਫੇ ਤੋਂ ਬਾਅਦ ਇਹ ਤੇਰਾ ਖ਼ਤ ਮਿਲਿਆ ਹੈ। ਮੈਂ ਸੱਚ ਹੀ ਤੈਨੂੰ ਹੋਰ ਖ਼ਤ ਨਹੀਂ ਲਿਖ ਸਕਿਆ ਪਰ ਤੇਰੇ ਇਲਾਕੇ ਦੀਆਂ ਸਾਰੀਆਂ ਸਰਗਰਮੀਆਂ ਨੂੰ ਮੈਂ ਦਿਲਚਸਪੀ ਨਾਲ ਪੜ੍ਹਦਾ ਹਾਂ ਤਾਂ ਕਿ

ਤੇਰੇ ਬਾਰੇ ਖ਼ਬਰ ਸਾਰ ਮਿਲਦੀ ਰਹੇ। ਪਿਛਲੇ ਦਿਨੀ ਜਦ ਮੈਂ ਤੈਨੂੰ ਖ਼ਤ ਲਿਖਣ ਬੈਠਿਆ ਤਾਂ ਇਹ ਸਬੱਬ ਹੀ ਸਮਝ ਕਿ ਉਸ ਵੇਲੇ ਹੀ ਮੇਰੇ ਸਾਹਮਣੇ **'ਪੰਜਾਬੀ ਟ੍ਰਿਬਿਊਨ'** ਦਾ ਉਹ ਸਫ਼ਾ ਆ ਗਿਆ ਜਿਸ ਤੇ ਸਾਹਿਤ ਸਭਾਵਾਂ ਬਾਰੇ ਕੁਝ ਛਪਿਆ ਹੁੰਦਾ ਹੈ ਤੇ ਫੇਰ ਉਸ ਚੋਂ ਤੇਰਾ ਨਾਂ ਉਭਰਿਆ ਪਤਾ ਲੱਗਿਆਂ ਕਿ ਕੋਈ ਸਾਹਿਤ ਸਭਾ ਤੈਨੂੰ ਵਿਦਾਇਗੀ ਪਾਰਟੀ ਦੇ ਰਹੀ ਹੈ ਕਿਉਂਕਿ ਤੇਰੀ ਬਦਲੀ ਹੋ ਗਈ ਹੈ। ਮੈਂ ਹੈਰਾਨ ਹੋ ਕੇ ਤਾਰੀਖ ਪਾ ਕੇ ਖ਼ਤ ਰੱਖ ਦਿੱਤਾ ਤੇ ਸੋਚਿਆਂ ਇਕ ਹਫ਼ਤਾ ਦਸ ਦਿਨ ਉਡੀਕ ਕੇ ਜਾਗੀਰ ਜ਼ੋਸਨ ਨੂੰ ਮਾਰਫ਼ਤ ਕਰਕੇ ਖ਼ਤ ਪੋਸਟ ਕਰਗਾ। ਤੇ ਇਸੇ ਸਮੇਂ ਹੀ ਤੇਰਾ ਖ਼ਤ ਅੱਜ ਮੈਨੂੰ ਮਿਲ ਗਿਆ ਹੈ।

ਕੁਝ ਗੱਲਾਂ ਤੇਰੇ ਇਸ ਖ਼ਤ ਦੇ ਉੱਤਰ ਵਜੋਂ ਕਿ ਮੈਂ ਇਸ ਮਹਾਂਨਗਰ ਦੀ ਭੀੜ 'ਚ ਸ਼ਾਮਲ ਹੋ ਕੇ ਆਪਣੀ 'ਮਨਮਰਜੀ' ਨਾਲ ਜਿਊਣ ਦੀ ਖਾਹਸ਼ ਨੂੰ ਮਾਰਨਾ ਨਹੀਂ ਚਾਹੁੰਦਾ। ਘੱਟੋ ਘੱਟ ਅਜੇ ਤੱਕ ਤਾਂ ਮੈਂ ਇੰਜ ਨਹੀਂ ਹੋਣ ਦਿੱਤਾ। ਦੂਜਾ ਇਹ ਦਫ਼ਤਰੀ ਮਾਹੌਲ ਮੈਨੂੰ ਤਾਂ ਰਾਸ ਨਹੀਂ ਹੈ ਪਰ ਗੁਰਬਤ ਦੇ ਮਾਰੇ ਮੇਰੇ ਘਰ ਨੂੰ ਇਹ ਆਸਰਾ ਦੇਣ ਦੀ ਕੋਸ਼ਿਸ਼ ਜ਼ਰੂਰ ਕਰ ਰਿਹਾ ਹੈ। ਮੇਰਾ ਆਪਣਾ ਲਿਖਣਾ ਪੜਨਾ ਪਿੱਛੇ ਪੈ ਗਿਆ ਤੇ ਦਫ਼ਤਰੀ ਮਗਜ਼ਮਾਰੀ ਸਿਰ ਦਰਦ ਦਾ ਕਾਰਨ ਬਣਦੀ ਨਜ਼ਰ ਆਉਂਦੀ ਹੈ। ਪਰ ਆਰਥਿਕ ਢਾਚੇ ਨੂੰ ਥਾਂ ਸਿਰ ਕਰਨ ਲਈ ਮੈਂ ਅੜੇ ਰਹਿਣ ਦੀ ਕੋਸ਼ਿਸ਼ ਕਰਾਗਾ।

ਯੋਜਨਾ 'ਚ ਤੇਰੀਆਂ ਨਜ਼ਮਾਂ ਬਾਰੇ ਮੈਂ ਅੱਜ ਪਤਾ ਕੀਤਾ ਸੀ। ਬਲਬੀਰ ਮਾਧੋਪੁਰੀ (ਸਹਾਇਕ ਸੰਪਾਦਕ) ਦਾ ਕਹਿਣਾ ਸੀ ਕਿ ਨਜ਼ਮਾ ਲੰਬੀਆ ਹੋਣ ਕਰਕੇ ਨਹੀਂ, ਲੱਗ ਸਕੀਆ। ਇੱਕ ਕਵਿਤਾ ਜਿਹੜੀ ਆਕਾਰ 'ਚ ਛੋਈ ਹੈ ਉਹ ਜੁਲਾਈ 'ਚ ਛਾਪਣਗੇ। ਇੱਕ ਯੋਜਨਾ ਵਲੋਂ ਤੇਰੇ ਲਈ ਸੂਚਨਾ ਹੈ ਕਿ ਅਸੀਂ ਮਤਿਆਲਵੀ ਦੀਆਂ ਨਜ਼ਮਾਂ ਦੀ ਅਕਸਰ ਉਡੀਕ ਕੀਤੀ ਹੈ। ਪਰ ਛਪਣ ਲਈ ਅਕਾਰ ਦਾ ਖਿਆਲ ਵੀ ਪ੍ਰਬੰਧਕੀ ਲੋੜ ਹੈ।

ਮੇਰੇ ਰੀਵਿਊ ਬਾਰੇ ਤੂੰ ਜੋ ਕਿਹਾ ਉਹ ਠੀਕ ਹੀ ਹੈ। ਦਿੱਲੀ ਆਉਣ ਤੋਂ ਪਹਿਲਾਂ ਖ਼ਤ ਲਿਖੀ। ਅੱਜ ਸਵੇਰੇ ਭਾਵ 15 ਮਈ ਨੂੰ 15 ਦਿਨ ਲਈ ਪੰਜਾਬ ਆ ਰਿਹਾ ਹਾਂ. ਬੱਚਿਆ ਦਾ ਇੱਕ ਪ੍ਰੋਗਰਾਮ ਹੈ, ਜਿਸਨੂੰ ਪ੍ਰੀਤ ਨਗਰ ਵਾਲੇ ਗੁਰਸ਼ਰਨ ਭਾਅ ਜੀ ਰਮਾ ਰਤਨ ਤੇ ਡਾ. ਸਤੀਸ ਵਰਮਾ ਦੀ ਮਦਦ ਪ੍ਰਾਪਤ ਹੈ। ਮੈਂ ਐਨ. ਬੀ. ਟੀ. ਵਲੋਂ ਆ ਰਿਹਾ ਹਾਂ। ਪ੍ਰੀਤ ਨਗਰ, ਅੰਮ੍ਰਿਤਸਰ, ਫਿਰੋਜਪੁਰ, ਮੋਗਾ, ਬਠਿੰਡਾ, ਬਰਨਾਲਾ, ਪਟਿਆਲਾ, ਖੰਨਾ, ਸਮਰਾਲਾ ਤੇ ਚੰਡੀਗੜ੍ਹ ਇਹ ਇਸ ਕਾਫ਼ਲੇ ਦੇ ਪੜ੍ਹਾ ਹਨ।

**-ਮਦਨ ਵੀਰਾ**

ਪਿਆਰੇ ਆੜੀ ਮੋਹਨ-ਆਦਾਬ! 16-7-1992

ਆਸ ਹੈ ਚੜ੍ਹਦੀ ਕਲਾ 'ਚ ਹੋਏਗਾ। ਖ਼ਤ ਖ਼ਬਰ ਦਾ ਬਿਲਕੁਲ ਭਾਵੇਂ ਮੁਲਤਵੀ ਰਿਹਾ ਹੈ ਪਰ ਫਿਰ ਵੀ ਤੇਰੀਆਂ ਨਜ਼ਮਾਂ ਤੇਰੀ ਦੀਦ ਕਰਵਾ ਦਿੰਦੀਆਂ ਨੇ। **'ਅਕਸ'** ਵਿੱਚ ਪਿੱਛੇ ਜਿਹੇ ਤੇਰੀ ਜਿਹੜੀ ਕਵਿਤਾ ਛਪੀ ਹੈ ਪੜ੍ਹ ਕੇ ਲੱਗਿਆ ਕਿ ਤੂੰ ਅੰਤਰਮੁਖੀ ਹੁੰਦਾ ਜਾ ਰਿਹਾ ਹੈ। ਪਛਾਣ ਦੇ ਸੰਕਟ 'ਚੋਂ ਲੰਘ ਰਿਹਾ ਏ। ਇਹ ਸੰਕਟ ਸੱਚਮੁੱਚ ਗਹਿਰਾ ਹੈ ਪਰ ਬਾਹਰੀ ਸਥਿਤੀਆਂ ਦੇ ਟਕਰਾ 'ਚੋਂ ਕੋਈ ਕਿਵੇਂ ਨਿਰਲੇਪ ਰਹਿ ਸਕਦਾ ਏ? ਇਸ ਕਵਿਤਾ ਨੂੰ ਮੈਂ ਕਈ ਵਾਰ ਪੜ੍ਹਿਆ ਹੈ। ਤੇ ਉਨ੍ਹਾਂ ਸਵਾਲਾ ਵੱਲ ਗਿਆ ਹਾਂ ਜੋ ਤੇਰੀ ਕਵਿਤਾ ਦਾ ਸਬੱਬ ਬਣੇ ਹਨ।

ਮੈਂ ਅੱਜ ਕੱਲ੍ਹ ਸਰੋਦ ਸੁਦੀਪ ਦੀ ਕਾਵਿ ਪੁਸਤਕ 'ਲਓ ਖ਼ਤ ਪਾ ਦੇਣਾ' ਪੜ੍ਹ ਰਿਹਾ ਹਾਂ। ਛੋਟੀਆਂ ਛੋਟੀਆਂ ਕਵਿਤਾਵਾਂ ਨਿੱਕੇ ਨਿੱਕੇ ਵੇਰਵੇ ਇਨ੍ਹਾਂ ਕਵਿਤਾਵਾ ਦਾ ਆਧਾਰ ਹਨ। ਪੰਜਾਬ ਬਾਰੇ ਲਿਖੀ ਜਾ ਰਿਹੀ ਮਣਾ ਮੂਹੀਂ ਕਵਿਤਾ ਤੋਂ ਡਰ ਆਉਣ ਲੱਗਿਆ ਹੈ।

**-ਮਦਨ ਵੀਰਾ, ਦਿੱਲੀ**



ਪਿਆਰੇ ਮੋਹਣ ਆਦਾਬ ਕਬੂਲ ਕਰਨਾ 15-2-1994

ਆਸ ਕਰਦਾ ਹਾਂ ਕਿ ਤੂੰ ਘਰ ਪਰਿਵਾਰ 'ਚ ਚੜ੍ਹਦੀ ਕਲਾ 'ਚ ਹੋਏਗਾ। ਲੰਮੇ ਅਰਸੇ ਤੋਂ ਤੇਰੇ ਨਾਲ ਖ਼ਤ ਪੱਤਰ ਦਾ ਸਿਲਸਲਾ ਮੁਲਤਵੀ ਰਿਹਾ ਹੈ। ਮੈਂ ਪਿਛਲੇ ਸਾਲ ਦਫ਼ਤਰੀ ਉਲਝੇਵਿਆਂ 'ਚ ਦਿੱਲੀ-ਦੱਖਣ ਘੁੰਮਦਾ ਰਿਹਾ। 4 ਸਤੰਬਰ ਤੋਂ 23 ਦਸੰਬਰ ਤੱਕ ਪੰਜਾਬ ਦੇ ਵੀ ਕਈ ਜ਼ਿਲ੍ਹਿਆਂ ਦੀ ਖਾਕ ਛਾਣੀ। ਮੈਂ ਤੈਨੂੰ ਇਸ ਸਬੰਧ 'ਚ ਸੂਚਿਤ ਵੀ ਕੀਤਾ ਸੀ ਪਰ ਤੇਰੇ ਨਾਲ ਕੋਈ ਸੰਪਰਕ ਨਹੀਂ। ਹੋ ਸਕਿਆ।

ਤੂੰ ਵੀ ਲੰਬਾ ਸਮਾਂ ਮੇਰੇ ਵੱਲੋਂ ਖਾਮੋਸ਼ ਹੀ ਰਿਹਾ ਹਾਂ। ਇਸ ਬਾਰ ਯੋਜਨਾ ਵਿੱਚ ਤੇਰੀ ਨਵੀ2 ਕਵਿਤਾ ਅਤੇ ਮੇਰੀ ਪੁਰਾਣੀ ਕਵਿਤਾ ਨਾਲੋਂ ਨਾਲ ਛਪ ਰਹੀਆਂ ਹਨ। ਮੈਨੂੰ ਪਤਾ ਹੈ ਕਿ ਤੂੰ ਘਰ ਪਰਿਵਾਰ 'ਚ ਉਲਝਿਆ ਹੋਇਆ ਹੈ। ਮੈਨੂੰ ਵੀ ਦਿੱਲੀ ਰਾਸ ਨਹੀਂ ਆ ਰਹੀ ਸੀ। ਪਿਛਲੇ ਪੂਰੇ ਸਾਲ 'ਚ ਮੈਂ ਇੱਕ ਵੀ ਕਿਤਾਬ ਨਹੀਂ ਪੜ੍ਹ ਸਕਿਆ ਉਂਝ ਪੂਰਾ ਸਾਲ ਕਿਤਾਬਾਂ ਦੇ ਸਮੁੰਦਰ 'ਚ ਹੀ ਰਿਹਾ ਹਾਂ। ਯਾਰ ਮੈਨੂੰ ਏਨਾ ਦੁੱਖ ਇਸ ਗੱਲ ਦਾ ਨਹੀਂ ਕਿ ਮੈਂ ਸਾਰਾ ਸਾਲ ਇੱਕ ਵੀ ਕਵਿਤਾ ਨਹੀਂ, ਲਿਖੀ ਦੁੱਖ ਸਾਰਾ ਸਾਲ ਮੈਂ ਕੁਝ ਪੜ੍ਹ ਵੀ ਨਹੀਂ ਸਕਿਆ।

**-ਮਦਨ ਵੀਰਾ**

**ਨਰਿੰਦਰ ਸਿੰਘ ਕਪੂਰ ਦਾ ਖ਼ਤ ਸ਼ਾਇਰ ਮੋਹਨ ਮਤਿਆਲਵੀ ਵੱਲ**

ਪਿਆਰੇ ਮੋਹਨ ਜੀਓ

ਦਿਲ ਕਰਦਾ ਹੈ, ਤੁਹਾਡੀ ਗੋਪੀ ਬਣ ਕੇ ਲਿਖਾਂ!

ਤੁਹਾਡਾ ਵਪਾਰੀ ਖ਼ਤ ਮਿਲਿਆ, ਜਿਸ ਲਈ ਧੰਨਵਾਦੀ ਹਾਂ। ਤੁਹਾਡੇ ਪਹਿਲੇ ਹੀ ਵਾਕ ਵਿਚ ਤਿੰਨ ਸੁਆਲ ਹਨ। ਤੁਸੀਂ ਹਸਪਤਾਲ ਵਿੱਚ ਲਗੇ ਹੋਏ ਹੋ, ਸ਼ਾਇਦ ਮਰੀਜ਼ ਬਹੁਤੇ ਹੋਣ ਕਾਰਨ ਤੁਸੀਂ ਕੇਵਲ ਕੰਮ ਦੀ ਗੱਲ ਹੀ ਕਰਦੇ ਹੋ। ਦੂਜੇ ਵਾਕ ਵਿਚ ਸ਼ਰਤ ਨਾਲ ਜੁੜਿਆ ਹੋਇਆ ਧੰਨਵਾਦ ਹੈ, ਜੇਕਰ ਆਪ ਮੇਰੀ ਬੇਨਤੀ ਤੇ ਗੌਰ ਕਰ ਸਕੋ ਤਾਂ ਧੰਨਵਾਦੀ ਹੋਵਾਗਾਂ। ਇਥੇ ਆ ਕੇ ਤੁਹਾਡਾ ਖ਼ਤ ਮੁੱਕ ਜਾਂਦਾ ਹੈ। ਅੱਗੇ ਲਿਖਿਆ ਹੈ ਦਾਸਨ ਦਾ ਦਾਸ। ਮੇਰਾ ਦਾਸ ਜਾਂ ਦਾਸ ਦਾ ਦਾਸ ਦੀ ਥਾਂ, ਮੈਂ ਚਾਹਵਾਂਗਾ ਤੁਸੀਂ ਮੇਰੇ ਦੋਸਤ ਬਣੋ ਅਤੇ ਦੋਸਤ ਵਾਂਗ ਲਿਖੋ। ਪੁਸਤਕਾਂ ਤਾਂ ਕਈ ਛਪੀਆਂ ਹਨ ਪਰ ਤੁਹਾਡੀ ਦਿਲਚਸਪੀ ਵਾਲੀਆਂ ਤਿੰਨ ਹਨ-(ਵਿਆਖਿਆ-ਵਿਸ਼ਲੇਸ਼ਣ (ਲੇਖ ਸੰਗ੍ਰਹਿ), ਤਰਕਵੇਦ (ਲੇਖ ਸੰਗ੍ਰਹਿ), ਸੱਚੋ ਸੱਚ (ਸਫ਼ਰਨਾਮਾ), ਤਰਕਵੇਦ ਦਾ ਲਾਇਬਰੇਰੀ ਐਡੀਸ਼ਨ 'ਘਾਟ ਘਾਟ ਦਾ ਪਾਣੀ' ਦੇ ਨਾਂ ਹੇਠ ਹੈ, ਸ਼ਾਇਦ ਕਿਸੇ ਲਾਇਬਰੇਰੀ ਵਿਚੋਂ ਮਿਲ ਜਾਵੇ। 'ਤਰਕਵੇਦ' ਤੇ 'ਸੱਚੋ ਸੱਚ' ਲੋਕਗੀਤ ਪ੍ਰਕਾਸ਼ਨ ਸਰਹਿੰਦ ਵਾਲਿਆਂ ਨੇ ਛਾਪੀਆਂ ਹਨ, ਜਿਨ੍ਹਾਂ ਕੋਲ ਇਸ ਪਬਲਿਸ਼ਰ ਦੀਆਂ ਪੁਸਤਕਾਂ ਮਿਲਦੀਆਂ ਹਨ, ਉਨ੍ਹਾਂ ਕੋਲੋਂ ਮਿਲ ਸਕਦੀਆਂ ਹਨ। ਇਹ ਪੇਪਰ ਬੈਕ ਵਿੱਚ ਹੀ ਹਨ। ਤੁਹਾਡਾ ਨਾਂ ਸੌਖ ਨਾਲ ਨਹੀਂ ਪੜ੍ਹਿਆ ਜਾ ਰਿਹਾ, ਅਨੁਮਾਨ ਨਾਲ ਲਿਖ ਰਿਹਾ ਹਾਂ, ਗਲਤੀ ਹੋਵੇ ਤਾਂ ਮੁਆਫ਼ ਕਰਨਾ। ਜੇ ਕਦੇ ਵਿਹਲ ਹੋਵੇ ਤਾਂ ਦਿਲ ਦਾ ਹਾਲ ਲਿਖਣਾ।

**-ਨਰਿੰਦਰ ਸਿੰਘ ਕਪੂਰ**

**ਭੁਪਿੰਦਰ ਸੰਧੂ ਦਾ ਖ਼ਤ ਸ਼ਾਇਰ ਮੋਹਨ ਮਤਿਆਲਵੀ ਵੱਲ**

ਵੱਡੇ ਵੀਰ 14-5-92

...ਅਮਰਦੀਪ ਗਿੱਲ ਮੇਰੇ ਵਿਆਹ ਵਿੱਚ ਹੀ ਸੀ ਸਗੋਂ ਪ੍ਰਬੰਧਕਾਂ 'ਚ ਵੀ ਸੀ। ਬਹੁਤੇ ਕੰਮ ਉਸਦੇ ਸਹਿਯੋਗ ਨਾਲ ਹੀ ਨੇਪਰੇ ਚੜ੍ਹੇ ਹਨ। ਉਹ ਬਕਾਇਦਾ ਮੇਰੇ ਅੰਗ ਸੰਗ ਰਿਹਾ ਹੈ। ਸੰਵੇਦਨਾ ਪਰਿਵਾਰ ਤੇ ਮੈਨੂੰ ਬਹੁਤ ਮਾਣ ਹੈ। ਤੁਹਾਡੀ ਕਿਤਾਬ ਬਾਰੇ ਅਮਰਦੀਪ ਵੀ ਪ੍ਰੀਤਮ ਤੇ ਔਖਾ ਹੈ। ਇੱਕ ਬਰਨਾਲੇ ਪ੍ਰੀਤਮ ਦਾ ਦੋਸਤ ਰਜਿੰਦਰ ਰਾਹੀ ਮਿਲਿਆ ਸੀ ਮੈਨੂੰ ਪਿਛਲੇ ਮਹੀਨੇ! ਉਹ ਵੀ ਕਹਿੰਦਾ ਸੀ ਕਿ ਕਿਤਾਬ ਛਪ

ਗਈ ਹੈ ਬਾਈਡਿੰਗ ਬਾਕੀ ਹੈ ਪਰ ਸਚਾਈ ਕੀ ਹੈ? ਕੌਣ ਜਾਣੇ! ਪਤਾ ਨਹੀਂ ਪ੍ਰਕਾਸ਼ਕ ਏਦਾਂ ਕਿਉਂ ਕਰਦੇ ਨੇ ਸਾਡੇ ਨਾਲ ਅਕਸਰ। ਫਿਰ ਵੀ ਅਸੀਂ ਤਾਂ ਲਿਖਣਾ ਹੈ ਤੇ ਲਿਖਣਾ ਸਾਡੀ ਲੋੜ ਹੈ। ਅਪਰੈਲ 'ਚ ਤੇਲਗੂ ਦੇ ਇਕ ਸਾਹਿਤਕ ਮੈਗਜ਼ੀਨ 'ਪੁਜਾ ਸਹਿਤੀ' ਪੰਜਾਬ ਬਾਰੇ ਵਿਸ਼ੇਸ਼ ਅੰਕ ਪ੍ਰਕਾਸ਼ਤ ਕੀਤਾ ਹੈ। ਜਿਸ ਵਿਚ ਕੁਝ ਅਨੁਵਾਦ ਨੂਰ ਸੰਤੋਖਪੁਰੀ ਨੇ ਕੀਤਾ ਹੈ। ਉਹਨਾਂ ਨੇ ਮੇਰੀ ਵੀ ਇੱਕ ਕਵਿਤਾ 'ਗੱਲ ਸੁਣ ਵੇ ਠਾਣੇਦਾਰਾ" ਦਾ ਅਨੁਵਾਦ ਕੀਤਾ ਹੈ ਤੇ ਉਹ ਤੇਲਗੂ 'ਚ ਉਸ ਪਰਚੇ 'ਚ ਛਪ ਵੀ ਗਈ ਹੈ ਇਹ ਕਵਿਤਾ, ਬੇ ਕਿਤਾਬੇ ਕਵੀ' 'ਚ ਵੀ ਸ਼ਾਮਲ ਸੀ। ਪਰ ਤੇਲਗੂ 'ਚ ਉਸ ਦੀ ਨਿਸ਼ਾਨਦੇਹੀ ਨਹੀਂ ਕਰ ਸਕਿਆ।

**-ਭੁਪਿੰਦਰ ਸੰਧੂ**

**ਅਮਰੀਕ ਗਿੱਲ ਦੇ ਦੋ ਖ਼ਤ ਸ਼ਾਇਰ ਮੋਹਨ ਮਤਿਆਲਵੀ ਵੱਲ**

ਮਿੱਤਰ ਪਿਆਰੇ ਮੋਹਣ ਮਤਿਆਲਵੀ 18-6-87

ਮੁਆਫ਼ ਕਰਨਾ ਖ਼ਤ ਬਹੁਤ ਲੇਟ ਲਿਖ ਰਿਹਾ ਹਾਂ। ਤੁਹਾਡਾ ਪਰਚਾ (ਵਕਤ-ਮੋਹਣ ਪਰਚੇ ਦੇ ਸਹਿ ਸੰਪਾਦਕ ਸਨ) ਸਾਗਰ ਸਰਹੱਦੀ ਦੇ ਸਿਰਨਾਵੇਂ ਤੇ ਆਇਆ ਸੀ। ਉਥੋਂ ਮੇਰੇ ਤਕ ਹੀ ਲੇਟ ਪਹੁੰਚਿਆ। ਕੁਝ ਮੈਂ ਵੀ ਪਿਛਲਾ ਮਹੀਨਾ ਬਹੁਤ ਮਸਰੂਫ਼ ਰਿਹਾ।

ਪਰਚਾ ਬਹੁਤ ਚੰਗਾ ਲੱਗਾ। ਖਾਸ ਤੌਰ ਤੇ ਜਗਮੋਹਣ ਸਿੰਘ ਹੋਰਾਂ ਦਾ ਭਗਤ ਸਿੰਘ ਬਾਰੇ ਆਰਟੀਕਲ ਬਹੁਤ ਗਿਆਨ ਭਰਪੂਰ ਤੇ ਬਹੁਤ ਸਾਰੇ ਭੁਲੇਖੇ ਦੂਰ ਕਰਨ ਵਾਲਾ ਹੈ। ਹਰਭਜਨ ਸਿੰਘ ਹੁੰਦਲ ਤੇ ਫਤਿਹਜੀਤ ਦੀ ਸ਼ਾਇਰੀ ਦਾ ਮੈਂ ਖ਼ੁਦ ਬਹੁਤ ਫ਼ੈਨ ਹਾਂ। ਉਨ੍ਹਾਂ ਦਾ ਇਸ ਪਰਚੇ ਨਾਲ ਜੁੜਨਾ ਬਹੁਤ ਹੀ ਵੱਡਾ ਗੱਲ ਹੈ। ਮੈਨੂੰ ਲਗਦਾ ਹੈ 'ਸਿਰਜਣਾ' , 'ਲਕੀਰ' ਦੀ ਪਾਈ ਪ੍ਰਥਾ ਦੀ ਇਹ ਪਰਚਾ ਇਕ ਅਗਲੀ ਕੜੀ ਹੋਵੇਗਾ। ਨਵੀਂ ਸੋਚ ਦਾ ਸੋਮਾ। ਮੇਰੀ ਸਾਥਣ ਰਸ਼ਿਮ ਨੂੰ ਵੀ ਪਰਚਾ ਬਹੁਤ ਚੰਗਾ ਲੱਗਾ। ਸਾਡੇ ਵਲੋਂ ਤੁਹਾਨੂੰ ਜਗੀਰ ਜੋਸ਼ਨ ਤੇ ਭਜਨ ਆਦੀ ਨੂੰ ਮੁਬਾਰਕ!

ਮੈਂ ਇਕ ਪੰਜਾਬੀ ਫਿਲਮ 'ਉੱਚਾ ਦਰ ਬਾਬੇ ਨਾਨਕ ਦਾ' ਦੇ ਡਾਇਲਾਗ ਲਿਖੇ ਹਨ। ਪੰਜਾਬ ਰੀਲੀਜ਼ ਹੋ ਗਈ ਹੈ। ਨੈਸ਼ਨਲ ਨੈਟਵਰਕ ਲਈ ਟੈਲੀਵੀਜ਼ਨ ਸੀਰੀਅਲ 'ਲੋਕ ਲੋਕ ਕੀ ਬਾਤ' ਡਾਇਰੈਕਟ ਕਰ ਰਿਹਾ ਹਾਂ। ਉਹਦੇ 6 ਐਪੀਸੋਡ ਮੁਕੰਮਲ ਹੋ ਚੁੱਕੇ ਹਨ। ਅਕਤੂਬਰ ਵਿਚ ਟੈਲੀਕਾਸਟ ਹੋਵੇਗਾ।

**-ਅਮਰੀਕ ਗਿੱਲ**

ਮਿੱਤਰ ਪਿਆਰੇ ਮੋਹਣ ਹੋਟਲ ਜਨਪੱਥ ਦਿੱਲੀ, ਫਰਵਰੀ 25, 85

ਮੈਂ ਅਜ ਹੀ ਸਵੇਰੇ ਬੰਬਾਈ ਪਹੁੰਚਾ ਹਾਂ। ਪੂਰੇ ਡੇੜ ਮਹੀਨੇ ਬਾਅਦ ਵਿਆਹ ਤੋਂ ਬਾਅਦ ਪਿੰਡ, ਡਲਹੌਜ਼ੀ ਦੇ ਫ਼ਿਲਮ ਦੇ ਸਿਲਸਿਲੇ ਵਿਚ ਵੱਖ ਵੱਖ ਸ਼ਹਿਰਾਂ 'ਚ ਘੁੰਮਦਾ ਰਿਹਾ। ਦਫ਼ਤਰ ਆਇਆ ਤਾਂ ਤੇਰੇ ਦੋਨੋਂ ਖ਼ਤ ਮਿਲੇ, ਪੜ੍ਹੇ ਬਹੁਤ ਚੰਗਾ ਲੱਗਾ ਕਿ ਤੂੰ ਮੈਨੂੰ ਯਾਦ ਕੀਤਾ। ਤੇਰੀ ਨਜ਼ਮ ਵਾਕਿਆ ਹੀ ਬਹੁਤ ਚੰਗੀ ਸੀ। ਉਮੀਦ ਹੈ ਤੂੰ ਹੋਰ ਵੀ ਵਧੀਆ ਨਜ਼ਮਾਂ ਲਿਖੇਂਗਾ। ਇਸ ਬਾਰੇ ਮੇਰੀ ਇਕ ਛੋਟੀ ਜਹੀ ਰਾਇ ਹੈ ਹੋ ਸਕੇ ਤਾਂ ਦੁਨੀਆਂ ਦੇ ਵਧੀਆ ਵਧੀਆ ਸਭ ਸ਼ਾਇਰਾਂ ਨੂੰ ਪੜ੍ਹ ਮਾਰ। ਉਰਦੂ, ਅੰਗਰੇਜ਼ੀ, ਹਿੰਦੀ ਸਭ੍ਹਾ ਨੂੰ। ਫਿਰ ਦੇਖੀਂ ਤੇਰੀ ਸ਼ਾਇਰੀ ਕੀ ਰੰਗ ਲਿਆਉਂਦੀ। ਵੈਸੇ ਵੀ ਇਸ ਕਲਾਕਾਰ ਤੇ ਸ਼ਾਇਰ ਲਈ ਨਵੇਂ ਪੁਰਾਣੇ ਚੰਗੇ ਸਾਹਿਤ ਦੇ ਕਲਾ ਬਾਰੇ ਜਾਣੂ ਹੋਣਾ ਬਹੁਤ ਜ਼ਰੂਰੀ ਹੈ।

ਮੇਰਾ ਪਿੰਡ ਮੁਕੇਰੀਆਂ ਕੋਲ ਮਨਸੂਰਪੁਰ ਹੈ। ਤੇ ਜਨਮੀਤ ਕਵੀ ਦਾ ਕੌਲਪੁਰ। ਮੈਂ ਬੰਬਾਈ ਸਾਗਰ ਸਰਹੱਦੀ ਨਾਲ ਮੁੱਖ ਸਹਾਇਕ ਡਇਰੈਕਟਰ ਦੇ ਤੌਰ ਤੇ ਕੰਮ ਕਰ ਰਿਹਾ ਹਾਂ। ਅਸੀਂ 15 ਮਾਰਚ ਤੋਂ 30 ਅਪਰੈਲ ਤੱਕ ਗਿਦੜਬਾਹਾ ਨੇੜੇ ਆਪਣੀ ਨਵੀਂ ਫਿਲਮ ਦੀ ਸੂਟਿੰਗ ਕਰਨ ਆ ਰਹੇ ਹਾਂ। ਫਤਿਹਜੀਤ ਨੂੰ ਮੇਰੀ ਯਾਦ ਕਹੀਂ।

**-ਅਮਰੀਕ ਗਿੱਲ**



**ਸ਼ਾਇਰ ਤੇ ਗੀਤਕਾਰ ਅਮਰਦੀਪ ਗਿੱਲ ਦੇ ਚਾਰ ਖ਼ਤ ਸ਼ਾਇਰ ਮੋਹਨ ਮਤਿਆਲਵੀ ਵੱਲ**

ਪਿਆਰੇ ਮੋਹਣ ਬਠਿੰਡਾ, 27-12-91

ਯਾਦ!

ਤੇਰਾ ਖ਼ਤ ਅੱਜ ਹੀ ਮਿਲਿਐ! ਉਸ ਦਿਨ ਜਲੰਧਰ ਤਾਂ ਦੀਦ ਦੀ ....... ਗਿਆ! ਮੈਂ ਇੱਕ ਦਿਨ ਪਹਿਲਾਂ ਰਾਤ 9 ਵਜੇ ਤੱਕ ਡਿਊਟੀ ਕਰਕੇ ਸਵੇਰੇ 4.30 ਬਠਿੰਡਿਓਂ ਚੱਲਿਆ ਪਰ ਜਲੰਧਰ 11.30 ਤੋਂ ਪਹਿਲਾਂ ਨਾ ਪਹੁੰਚ ਸਕਿਆ। ਪਹੁੰਚਣਾਂ ਸੰਭਵ ਵੀ ਨਹੀਂ ਕਿਸੇ ਤਰ੍ਹਾਂ 6 ਘੰਟੇ ਦਾ ਰਾਹ ਹੈ, ਟੀ ਵੀ ਸਟੇਸ਼ਨ ਪਹੁੰਚਿਆ ਤਾਂ ਹਾਲੇ ਲਾਈਟਾਂ ਵਗੈਰਾ ਫਿੱਟ ਕਰ ਰਹੇ ਸੀ। ਮਹਾਂ ਕਵੀ ਵੀ ਹਾਜ਼ਰ ਸਨ ਸਾਰੇ ਦੀਦ ਨੇ ਬਿਨਾਂ ਕੋਈ ਗੱਲ ਕੀਤੇ ਰਾਮ ਰਵੱਈਆ ਪੁੱਛੇ ਇੱਕ ਛਿਣ 'ਚ ਘੜੀ ਵੇਖ ਕਹਿ ਤਾ, "ਸੌਰੀ ਯਾਰ... ਬਹੁਤ ਲੇਟ ਹੋ ਗਿਐ... ਅਗਲੀ ਵੇਰ..." ਤੇ ਉਹ ਲਾਈਟਾਂ ਠੀਕ ਕਰਾਉਣ 'ਚ ਰੁੱਝ ਗਿਆ। ਮੈਂ ਉਸ ਤੋਂ ਵੀ ਛੇਤੀ 'ਅੱਛਾ!!" ਕਹਿ ਸਟੂਡੀਓ 'ਚੋਂ ਬਾਹਰ ਆ ਗਿਆ। ਗੱਲ ਕੋਈ ਖਾਸ ਨਹੀਂ ਸੀ ਉਸਨੂੰ ਸ਼ਾਇਦ ਇਹ ਆਸ ਸੀ ਕਿ ਮੈਂ ਉਸਦੇ ਪੈਰ ਫੜ੍ਹ ਕੇ ਕਹਾਂਗਾ, "ਭਾਅ ਜੀ ਮਾਫ਼ ਕਰੋ... ਮੈਂ ਲੇਟ ਹੋ ਗਿਆ... ਏਨੀ ਦੂਰੋਂ ਆਇਆ... ਪਹਿਲਾਂ ਮੌਕੇ, ਕਿਹੜਾ ਵਾਰ ਵਾਰ ਆਈਦੈ... ਬਿਠਾ ਲਓ।" ਤੇ ਉਹ ਫਿਰ ਔਖਾ ਭਾਰਾ ਹੋ ਕੇ ਮੇਰੇ 'ਤੇ ਬਠਾਉਣ ਦਾ ਅਹਿਸਾਨ ਕਰੇਗਾ! ਪਰ ਉਸਨੂੰ ਇਹ ਨਹੀਂ ਸੀ ਪਤਾ ਕਿ ਅਮਰਦੀਪ ਗਿੱਲ ਤੇ ਸਵਰਨਜੀਤ ਸਵੀ 'ਚ ਕੀ ਅੰਤਰ ਹੈ! ਦੂਜੇ... ਸ਼ਾਇਰ ਸਵੀ, ਸੁਹਿੰਦਰ ਬੀਰ, ਡਾ. ਰਵਿੰਦਰ, ਸਭ ....... ਨੀਵੀਂ ਪਾ ਗਏ ਜਿਵੇਂ ਕਲਾਸ 'ਚ ਇੱਕ ਬੱਚੇ ਨੂੰ ਜਦ ਮਾਸਟਰ ਕੁੱਟਦੈ ਤਾਂ ਦੂਜੇ ਨੀਵੀਂ ਪਾ ਜਾਂਦੇ ਕਿ ਕਿਤੇ ਸਾਡੇ ਤੇ ਨਿਗਾਹ ਨਾ ਪੈ ਜੇ! ਆਹੁਦਿਆਂ ਦੀ ਕਿਰਦਾਰਾਂ ਦੀ ਜ਼ਲੀਲਤਾ ਤੇ ਹੀਣਤਾ ਦਾ ...ਖ਼ੁਦਗਰਜ਼ੀਆਂ, ਕਲਾ ਬਾਜ਼ੀਆਂ ਬਜਾਰੂ ਪੁਣੇ ਦਾ... ਮੌਕਾ ਪ੍ਰਸਤ ਚਮਚਾਗਿਰੀ ਦਾ ਨੰਗਾ ਨਾਚ ਜੋ ਉਸ ਦਿਨ ਮੈਂ ਵੇਖਿਆ ਉਹ ਮੇਰੇ ਲਈ ਪਹਿਲਾਂ ਸਿਰਫ਼ ਸੁਣਨ ਤੱਕ ਹੀ ਸੀਮਿਤ ਸੀ। ਖ਼ੈਰ! ਆ ਕੇ ਦੀਦ ਨੂੰ ਅਜਿਹੀ ਚਿੱਠੀ ਲਿਖੀ ਕਿ ਉਸਨੂੰ ਪੜ੍ਹਦਿਆਂ ਇੰਝ ਲੱਗੇਗਾ ਜਿਵੇਂ ਆਪਣੀ.............. ਪੜ੍ਹ ਰਿਹਾ ਹੋਵੇ। ਉਂਝ ..... ਸੋਚਦਾ ਤਾਂ ਹੋਊ ਕਿ ਇਹ ਬੰਦਾ ਅਜੀਬ ਈ ਸੀ। ਕੋਈ ਮਿੰਨਤ ਖੁਸ਼ਾਮਦ ਕਰੇ ਬਗੈਰ ਮਿੰਟ 'ਚ ਹੀ ਮੁੜ ਗਿਆ। ਏਥੇ ਤਾਂ ਲੋਕ..... ਦੇ ਕੇ ਪ੍ਰੋਗਰਾਮ ਲੈਂਦੇ ਨੇ... ਸਵੀ ਆਪਣੀ ਨਾਲ ਇੱਕ ........ 'ਪਰਸਨਲ ਅਸਿਸਟੈਂਟ' ਲੈ ਕੇ ਗਿਆ ਸੀ ... ਵਾਂਗ... ਆਪਣੇ ਅਰਗਾ ਕਿੱਥੇ ਕੋਈ ਬਾਬੂ ਟੱਕਰਿਆ ਹੋਊ ਦੀਦ ਨੂੰ। ਮਾਈਆਂ ਹੀ ਟੱਕਰੀਆਂ ਹੋਣਗੀਆਂ। ਚੱਲੋ ਮੁੱਕਿਆ ਕੰਮ ਇੰਨੇ ਚਿਰ ਬਾਅਦ ਉਨ੍ਹਾਂ ਪਹਿਲੀ ਵੇਰ ਸੱਦਿਆ ਸੀ। ਹੁਣ ਮੁੜਕੇ ਸੱਦ ਦੇ ਨਹੀਂ। ਉਂਝ ਮੈਂ ਲਖਵਿੰਦਰ ਜੌਹਲ, ਅਵਤਾਰ ਜੌੜਾ ਤੇ ਦਰਸ਼ਨ ਦਰਵੇਸ਼ ਤੇ ਕੁਮਾਰ ਜਗਦੇਵ -ਹੰਸ ਕੋਲੇ ਤੇ ਨਿਰਮਲ ਸਿੱਧੂ ਕੋਲ ਹੋਰ ਕਾਫ਼ੀ ਲੱਜਤ ਲਈ ਬੰਦਿਆਂ ਨੂੰ ਮਿਲ ਕੇ ਅੱਜ ਕੱਲ ਪੰਜਾਬੀ ਗਾਇਕੀ ਸਭਿਆਚਾਰ ਵੱਲ ਗਾਇਕਾਂ ਵੱਲ ਮੇਰੀ ਛੂਟ ਵੱਟੀ ਹੋਈ ਐ! ਰੇਡੀਓ ਤੇ ਮੈਂ ਇਕੱਲਾ ਹੀ ਅਨਾਂਊਸਰ ਹਾਂ। ਦੂਜੀ ਪੱਕੀ ਅਨਾਊਸਰ ਕੁੜੀ ਨੇ ਹਾਲੇ ਕੱਲ ਪਰਸੋਂ ਹੀ 'ਜੁਆਇਨ' ਕੀਤੈ। 6-6 ਦਿਨ ਲਗਾਤਾਰ ਦਿਨ ਦੇ 2 ਤੋਂ ਰਾਤ ਦੇ 9 ਵਜੇ ਤੱਕ ਮੇਰੀ ਡਿਊਟੀ ਹੁੰਦੀ ਐ। ਸਾਲਿਆਂ ਨੇ ਖੱਸ਼ੀ ਕਰ ਦੇਣੈ ਮੈਨੂੰ ਲੱਗਦੈ ਪਰ ਮੈਂ ਇਸ ਤੋਂ ਪਹਿਲਾਂ ਬਿਨਾਂ ਝਿਜਕ ਨੌਕਰੀ ਛੱਡ ਦੂੰ। ਮੇਰੀ ਮਿੱਥੀ ਹੋਈ ਐ। ਪਰੀਤਮ ਦਾ ਖ਼ਤ ਕੱਲ੍ਹ ਆਇਐ, ਕਿਤਾਬ ਦਾ ਖਰੜਾ ਅੰਮ੍ਰਿਤਸਰ ਪੁੱਜ ਚੁੱਕੈ। ਜਨਵਰੀ 'ਚ ਹਰ ਹਾਲਤ ਕਿਤਾਬ ਆ ਜੂ। ਪਰੂਫ਼ ਰੀਡਿੰਗ ਦੀ ਕੋਈ ਲੋੜ ਨੀਂ ਆਪਾਂ ਨੂੰ। ਪਰੀਤਮ ਤੇ ਭਰੋਸੈ! ਮਨਜੀਤ ਦਾ ਨਾਂ ਇਕੱਲਾ 'ਕਾਦਰ' ਕਰ ਦਿੱਤੈ ਕਿਤਾਬ ਤੇ। ਪੈਸੇ ਸਾਰੇ ਦੇ ਦਿੱਤੇ ਨੇ। ਸਭ ਫ਼ਿਕਰ ਲਾਹ ਸੁੱਟ! ਕਿਤਾਬ ਮਿਲੂਗੀ ਨਵੇਂ ਸਾਲ 'ਚ... ਜੇ ਦੀਦ ਨਾਲ ਤੇਰੀ ਕੋਈ 'ਸਾਂਝ' ਹੈ ਤਾਂ ਮੁਆਫ਼ ਕਰੀ!

**- ਅਮਰਦੀਪ ਗਿੱਲ**

ਪਿਆਰੇ ਮੋਹਣ ! 16-8-92

ਤੇਰਾ ਖ਼ਤ ਮਿਲਿਆ ! ਮੁਆਫ਼ੀ ਚਾਹੁੰਨਾ ਕਿ ਜਵਾਬ ਛੇਤੀ ਨਹੀਂ ਦੇ ਸਕਿਆ। ਪਹਿਲੇ ਖ਼ਤ ਦਾ !

ਪ੍ਰੀਤਮ ਦਾ ਖ਼ਤ ਆਇਆ ਸੀ। (ਉਸਦੇ ਛੋਟੇ ਭਰਾ ਦਾ) ਕਿ ਅਸੀਂ ਆਰਥਿਕ ਸੰਕਟ 'ਚ ਹਾਂ। ਕਿਤਾਬਾਂ ਛਪੀਆਂ ਪਈਆਂ ਹਨ। ਬੱਸ ਪੈਸੇ ਭੁਗਤਾ ਕੇ ਚੁੱਕਣੀਆਂ ਨੇ ਪ੍ਰੈਸ ਤੋਂ। ਉਹ ਲਿਖਦਾ ਸੀ ਕਿ ਸਾਨੂੰ 20 ਕੁ ਹਜ਼ਾਰ ਚਾਹੀਦੈ। ਤੁਸੀਂ ਸਾਰੇ ਮਿੱਤਰ 'ਮਦਦ' ਕਰੋ। ਅਸੀਂ ਪੈਸਿਆਂ ਵੱਟੇ ਕਿਤਾਬਾਂ ਦੇ ਦਿਆਂਗੇ !। ਮੈਂ ਕਿਹਾ ਕਿਤਾਬਾਂ ਦੇ ਦਿਓ ਸਾਡੀ ਡੈਸ਼ 'ਚ ! ਸਾਲੇ ! ਹੋਰ ਮੁੰਨਣਾ ਚਾਹੁੰਦੇ ਨੇ ਹੈ ਨਾ ਕਮਾਲ। ਸੋਚਦੇ ਆ ਕਿ ..... ਤੀ ਮਾਰ ਜਾਈਏ 'ਤੇ ਸੁੱਥਣ ਵੀ ਲੈ ਜਾਈਏ ! ਹਾਲੇ ਹੋਰ 'ਸਹਾਇਤਾ' ਦੀ ਲੋੜ ਆ ਉਨ੍ਹਾਂ ਨੂੰ। ਲੋਹੜਾ ਆ ਗਿਆ? !

ਹੁਣ ਵੇਖਦੇਂ ਆ ਕੀ ਕਰਦੇ ਨੇ? ਤੁਸੀਂ ਉਨ੍ਹਾਂ ਨੂੰ ਖ਼ਤ ਪਾਓ ਕਿ ਫਲਾਣੇ ਦਿਨ ਅਸੀਂ ਮਹਿਲ ਕਲਾਂ ਆ ਰਹੇ ਹਾਂ। ਮੈਨੂੰ ਵੀ ਖ਼ਤ ਪਾ ਦੇਈਂ। ਮੈਂ ਮਹਿਲ ਕਲਾਂ ਹੀ ਪਹੁੰਚ ਜਾਂਊ ! ਸਮੂਹਿਕ ਬਲਾਤਕਾਰ ਕਰਾਂਗੇ ! ਖ਼ਤ ਦਾ ਉਡੀਕਵਾਨ।

**-ਅਮਰਦੀਪ ਗਿੱਲ**

ਪਿਆਰੇ ਮੋਹਣ ! ਬਠਿੰਡਾ 26-8-92

ਇੱਕ ਖੁਸ਼ਖ਼ਬਰੀ ਹੈ ਕਿ ਕੱਲ ਪ੍ਰੀਤਮ ਦੇ ਛੋਟੇ ਭਰਾ ਅਵਤਾਰ ਦਾ ਖ਼ਤ ਆਇਆ ਹੈ। ਜੋ 'ਲੰਮਾ' ਅਤੇ 'ਅੰਤਿਮ' ਖ਼ਤ ਮੈਂ ਉਨਾਂ ਨੂੰ ਲਿਖਿਆ ਸੀ ਉਸਦੇ ਜਵਾਬ 'ਚ ਉਹ ਪਿੱਟ ਉੱਠੇ ਹਨ। ਖ਼ਤ ਵੀ ਮੇਰਾ ਇਤਿਹਾਸਿਕ ਸੀ ! ਹੁਣ ਉਸਨੇ ਸਿਰਫ਼ ਤਰਲੇ ਹੀ ਕੀਤੇ ਹਨ 'ਤੇ ਆਪਣੀ ਗਲਤੀ ਮੰਨੀ ਹੈ।

ਸੋ ਉਹ ਸਤੰਬਰ ਦੇ ਪਹਿਲੇ ਹਫ਼ਤੇ 'ਬੰਦੇ ਦਾ ਪੁੱਤ' ਬਣਕੇ ਆਪਣੀ ਕਿਤਾਬ ਬਾ ਇੱਜਤ ਬਰੀ ਕਰਕੇ ਆਪਣੇ ਕੋਲ ਛੱਡ ਕੇ ਜਾਵੇਗਾ !

ਕਾਦਰ ਨੂੰ ਕਹੀਂ 'ਕੱਲਾ 'ਕਾਦਰ' ਛੱਡ ਕੇ ਭਾਵੇਂ ਫਿਰ ਖੁਸ਼ੀ 'ਚ ਮਨਜੀਤ ਕਾਦਰ ਲਿਖਣ ਲੱਗ ਪਵੇ ! ਤੁਹਾਨੂੰ ਕਿਤਾਬ ਦੀਆਂ ਅਗਾਊਂ ਹੀ ਵਧਾਈਆਂ।

ਭੇਜ ਰਿਹਾਂ ! ਉਮੀਦ ਹੈ ਅੱਜ ਮੇਰੇ ਨਾਂਅ ਦਾ ਵੀ ਇੱਕ ਜਾਮ ਪੀਏਂਗਾ 'ਤੇ ਕਿਤਾਬ ਦੇ ਨਾਂਅ ਦਾ ਵੀ। **-ਅਮਰਦੀਪ ਗਿੱਲ**

ਪਿਆਰੇ ਮੋਹਣ ! ਬਠਿੰਡਾ 8-9-92

ਊਠ ਆਖਿਰ ਆ ਹੀ ਗਿਆ ਪਹਾੜ ਹੇਠਾਂ... 105 ਕਿਤਾਬਾਂ ਪਹੁੰਚ ਗਈਆਂ ਨੇ ਮੇਰੇ ਕੋਲ। ਤੁਹਾਡੇ ਤੱਕ ਪਹੁੰਚਾਵਾਂਗਾ ਛੇਤੀ ! ਜੇ ਹੋ ਸਕੇ ਤਾਂ ਤੁਸੀਂ ਲੈ ਜਾਓ... ਤਿੰਨ ਹਿੱਸੇ ਨੇ 35-35-35 ਕਿਤਾਬਾਂ ਨੇ ਆਪਣੀਆਂ ਸਭ ਦੀਆਂ। ਵਧਾਈਆਂ ! ਵਧਾਈਆਂ ਜੱਟਾਂ ਤੈਨੂੰ ਵੇ (ਮੈਨੂੰ ਵੇ) ਤੈਂ ਮਸਾਂ ਡੂੰਮਣਾਂ ਚੋਇਆ ! ਕਾਦਰ ਨੂੰ ਗਲਵੱਕੜੀ !

**-ਅਮਰਦੀਪ ਗਿੱਲ**

**ਨਿਰੰਜਣ ਬੋਹਾ ਦਾ ਖ਼ਤ ਮੋਹਣ ਮਤਿਆਲਵੀ ਵੱਲ**

ਸੁਹਿਰਦ ਮੋਹਣ 23-6-89

ਖ਼ਤ ਤੁਹਾਡਾ ਮਿਲ ਗਿਆ ਹੈ। ਤਹਿ ਦਿਲੋਂ ਧੰਨਵਾਦ

ਮੈਂ ਹਰਕਾਰਾ ਵਿਚ ਛਪੇ ਲੇਖ ਨੂੰ ਹੋਰ ਵਿਸਥਾਰਿਤ ਕਰਕੇ ਪੇਪਰ ਦਾ ਰੂਪ ਦਿੱਤਾ ਤੇ ਫਿਰ ਏਸ ਨੂੰ



ਸਾਹਿਤ ਸਭਾ ਸੁਨਾਮ ਦੇ ਸਲਾਨਾ ਸਮਾਗਮ ਸਮੇਂ ਬਹਿਸ ਅਧੀਨ ਲਿਆਂਦਾ। 11 ਜੂਨ ਨੂੰ ਹੋਈ ਇਸ ਵਿਸ਼ੇ ਤੇ ਗੋਸ਼ਟੀ ਸਮੇਂ ਵਧੇਰੇ ਬੁਲਾਰਿਆਂ ਨੇ ਪੇਪਰ ਨਾਲ ਸਹਿਮਤੀ ਭਰੀ ! ਤੁਸਾਂ ਪੰਜਾਬੀ ਸਾਹਿਤ ਦੇ ਪਾਠਕੀ ਘੇਰੇ ਦੇ ਕਾਰਣ ਰਾਜਨੀਤਕ ਸੰਦਰਭ 'ਚੋਂ ਲੱਭਣ ਸੰਬਧੀ ਸਾਰਥਕ ਬਹਿਸ ਦਾ ਆਰੰਭ ਕੀਤਾ ਹੈ। ਤੁਹਾਡੇ ਵਿਚਾਰਾਂ ਨਾਲ ਇਕ ਸੁਰਤਾ ਪ੍ਰਗਟਾਉਂਦਿਆਂ ਮੈਂ ਤੁਹਾਡਾ ਏਸ ਗੱਲੋਂ ਰਿਣੀ ਹਾਂ। ਮਲੇਰਕੋਟਲਾ ਤੋਂ ਵੀਰ ਮਹਿਤਾਬ-ਉਦ ਦੀਨ ਨੇ ਵੀ ਏਸ ਲੇਖ ਦੇ ਸੰਬੰਧ ਵਿਚ ਲੰਮਾ ਖ਼ਤ ਲਿਖਿਆ ਹੈ। ਜੇ ਤੁਸਾਂ ਏਸ ਖ਼ਤ ਵਿਚ ਪ੍ਰਗਟਾਏ ਵਿਚਾਰਾਂ ਨੂੰ ਹੂ ਬ ਹੂ 'ਹਰਕਾਰਾ' ਵਿਚ ਭੇਜ ਸਕੋਂ ਤਾਂ ਇਹ ਬਹੁਤ ਚੰਗੀ ਗੱਲ ਹੋਵੇਗੀ। (ਦੁਸਾਂਝ ਸਾਹਿਬ ਤੁਹਾਡਾ ਖ਼ਤ ਜ਼ਰੂਰ ਛਾਪਣਗੇ।)

ਵਿਅੰਗਾਤਮਕ ਸੁਰ ਵਿਚ ਭਾਪੇ ਪ੍ਰਕਾਸ਼ਕਾਂ ਬਾਰੇ ਤੁਹਾਡੀ ਟਿਪਣੀ ਬਹੁਤ ਪਸੰਦ ਆਈ। ਏਨ੍ਹਾਂ ਪ੍ਰਕਾਸ਼ਕਾਂ ਦੀ ਲੁੱਟ ਖਸੁੱਟ ਤੋਂ ਛੁਟਕਾਰਾ ਪਾਉਣ ਲਈ ਜ਼ਰੂਰੀ ਹੈ ਕੇ ਅਸੀਂ ਸਹਿ ਪ੍ਰਕਾਸ਼ਨਾ ਬਨਾਉਣ ਵੱਲ ਤੁਰੀਏ ! ਸਾਹਿਤਕ ਸੰਸਥਾਵਾਂ ਤੇ ਅਦਾਰਿਆਂ ਨੂੰ ਸਾਹਿਤ ਦੇ ਨਵੇਂ ਪਾਠਕ ਬਨਾਉਣ ਸੰਬੰਧੀ ਇਕ ਲਹਿਰ ਉਸਾਰਨੀ ਬਹੁਤ ਜ਼ਰੂਰੀ ਹੈ।

ਭਜਨ ਆਦੀ,ਮਨਜੀਤ ਕਾਦਰ ਨਾਲ ਮਿਲ ਕੇ ਤੁਹਾਡੇ ਵਲੋਂ ਕਵਿਤਾ ਦੀ ਛਪਵਾਈ ਜਾ ਰਹੀ ਪੁਸਤਕ ਦਾ ਇਸ਼ਤਿਆਰ ਮੈਂ 'ਭੁਲਰ ਏਕਤਾ' ਵਿਚ ਵੀ ਪੜ੍ਹਿਆ ਸੀ। ਪੁਸਤਕ ਦੀ ਉਡੀਕ ਕਰਾਂਗਾ।

ਇਕ ਦੋ ਥਾਈਂ ਰੀਵੀਊ ਲੁਆ ਦੇਵਾਂਗਾ।

'ਹਰਕਾਰਾ' ਦੇ ਜੁਲਾਈ ਅੰਕ ਵਿਚ ਮੇਰੀ ਨਵੀਂ ਕਹਾਣੀ 'ਜਿਉਂਦੇ ਹੋਣ ਦਾ ਅਹਿਸਾਸ' ਛਪ ਰਹੀ ਹੈ। ਏਸ ਕਹਾਣੀ ਬਾਰੇ ਵੀ ਤੁਹਾਡੀ ਸੁਹਿਰਦ ਰਾਇ ਦੀ ਉਡੀਕ ਰਹੇਗੀ।

**-ਨਿਰੰਜਣ ਬੋਹਾ**

**ਕਹਾਣੀਕਾਰ ਗੁਰਮੀਤ ਕੜਿਆਲਵੀ ਦਾ ਖ਼ਤ ਦਵਾਰਕਾ ਭਾਰਤੀ ਵੱਲ**

ਪਿਆਰੇ ਵੀਰ ਦਵਾਰਕਾ ਭਾਰਤੀ 7-12-97

ਮੋਹ ! ਸਭ ਤੋਂ ਪਹਿਲਾਂ ਅਨੁਵਾਦ ਲਈ ਢੇਰ ਸਾਰੀਆਂ ਮੁਬਾਰਕਾਂ।

ਬਹੁਤ ਬਹੁਤ ਸ਼ੁਕਰੀਆਂ। ਮੈਂ ਜਿੰਨਾ ਵੀ ਤੇਰਾ ਧੰਨਵਾਦ ਕਰਾਂ ਥੋੜਾ ਹੈ। ਇਹ ਮੇਰੀ ਪਹਿਲੀ ਕਹਾਣੀ ਹੈ ਜਿਸਦਾ ਹਿੰਦੀ ਵਿੱਚ ਅਨੁਵਾਦ ਹੋਇਆ ਹੈ। ਬਹੁਤ ਹੀ ਵਧੀਆ ਅਨੁਵਾਦ ਕੀਤਾ ਹੈ ਤੂੰ। ਕੱਲ ਹੀ ਇਹ ਮੈਗਜ਼ੀਨ ਮਿਲਿਆ ਮੈਨੂੰ ਤੇ ਅੱਜ ਹੀ ਖ਼ਤ ਲਿਖ ਦਿੱਤਾ ਹੈ।

ਦੂਸਰੀ ਮੁਬਾਰਕ ਨਾਂ ਤਬਦੀਲੀ ਦੀ। ਦਵਾਰਕਾ ਰਾਜੂ ਭਾਰਤੀ ਤੋਂ ਦਵਾਰਕਾ ਭਾਰਤੀ ਬਣਨ ਦੀ। ਇਹ ਨਾਂ ਬਹੁਤ ਠੀਕ ਹੈ। ਇੱਕ ਕਹਾਣੀ ਜੋ ਬਹੁਤ ਸਲਾਹੀ ਗਈ ਸੀ ਜਿਸ ਬਾਰੇ ਬੜਾ ਕੁਝ ਲਿਖਿਆ ਵੀ ਗਿਆ ਕਿ ਇਹ ਦਲਿਤ ਚੇਤਨਾ ਦੀ ਕਹਾਣੀ ਹੈ, 'ਹੱਡਾ ਰੋੜੀ ਤੇ ਰੇਹੜੀ' ਮੇਰੀ ਕਿਤਾਬ 'ਅੱਕ ਦਾ ਬੂਟਾਂ' ਵਿਚ ਦਰਜ਼ ਹੈ। ਉਸਦਾ ਅਨੁਵਾਦ ਮੇਰੇ ਕਿਸੇ ਮਿੱਤਰ ਨੇ ਕੀਤਾ ਸੀ ਪਰ ਗੱਲ ਨਹੀਂ ਬਣੀ। ਇਹ ਅਨੁਵਾਦ ਭੇਜ ਰਿਹਾਂ ਹਾਂ। ਤੁਸੀਂ ਇਸਨੂੰ ਦਰੁਸਤ ਕਰ ਲੈਣਾ ਤੇ ਜੇਕਰ ਚੰਗੀ ਲੱਗੇ ਤਾਂ ਆਪਣੇ ਵੱਲੋਂ ਕਿਸੇ ਮੈਗਜ਼ੀਨ ਲਈ ਭੇਜ ਦੇਣਾ। ਮੈਂ ਬਹੁਤ ਅਹਿਸਾਨਮੰਦ ਹੋਵਾਂਗਾ।

ਵੀਰਿਆ ! ਮੇਰੇ ਲਾਇਕ ਸੇਵਾ ਹੋਵੇ ਤਾਂ ਦੱਸਣਾ। ਮੈਨੂੰ ਬਹੁਤ ਖੁਸ਼ੀ ਹੋਵੇਗੀ !

ਜੇਕਰ ਪੰਜਾਬੀ ਕਹਾਣੀ ਵੀ ਚਾਹੀਦੀ ਹੋਈ ਤਾਂ ਲਿਖ ਦੇਣਾ ਭੇਜ ਦਿਆਂਗਾ।

ਚੰਗਾ ਬਈ ਵੀਰੇ ਫੇਰ ਧੰਨਵਾਦ।

**-ਗੁਰਮੀਤ ਕੜਿਆਲਵੀ**

**ਗੁਰਮੀਤ ਕੜਿਆਲਵੀ ਦੇ ਤਿੰਨ ਖ਼ਤ ਭਗਵੰਤ ਰਸੂਲਪੁਰੀ ਵੱਲ**

ਪਿਆਰੇ ਭਗਵੰਤ 4-8-93

'ਨਾਗਮਣੀ' ਜੁਲਾਈ ,93 'ਚ ਕਹਾਣੀ ਪੜ੍ਹੀ 'ਫੈਸਲਾ ਹੋਣ ਤੱਕ' ਕੀ ਕਹਾਂ? ਯਾਰ, ਤੇਰੀ ਕਹਾਣੀ ਹੁਣ ਪਾਠਕ ਉਡੀਕਣ ਲੱਗੇ ਨੇ। ਤੇ ਸਾਡਾ ਬਾਈ ਲਿਖ ਵੀ ਪੂਰਾ ਠੋਸ ਰਿਹਾ, ਐਂ ਪੂਰਾ ਟਿਕਾ ਕੇ। ਉਹ ਦਿਨ ਦੂਰ ਨਹੀਂ ਜਦੋਂ ਭਗਵੰਤ ਪਹਿਲੀ ਕਤਾਰ ਦੇ ਕਹਾਣੀਕਾਰਾਂ ਵਿੱਚ ਆ ਖੜੂ। ਸਾਨੂੰ ਪ੍ਰੋਲੋਤਾਰੀ ਲੇਖਕਾਂ ਨੂੰ ਮਾਣ ਮਹਿਸੂਸ ਹੋਵੇਗਾ। ਅਖੌਤੀ ਨਾਮਨਿਹਾਦ ਅਗਾਂਹਵਧੂ ਆਲੋਚਕ ਭਗਵੰਤ ਦਾ ਨਾਂ ਲੈਣ ਲਈ ਮਜ਼ਬੂਰ ਹੋਣਗੇ। **-ਗੁਰਮੀਤ ਕੜਿਆਲਵੀ, ਕੜਿਆਲ**

ਪਿਆਰੇ ਵੀਰ ਰਸੂਲਪੁਰੀ 9-9-93

ਸਾਹਿਤਕ ਅਦਾਬ!

ਹੁਣੇ 'ਚਿੱਕੜ ਵਿੱਚ ਫਸੇ ਲੋਕਾਂ' ਨਾਲ ਦੋ ਚਾਰ ਹੋ ਕੇ ਹੱਟਿਆ ਹਾਂ। ਅੱਜੇ ਹੀ ਦੁਬਾਰਾ ਇਹ 'ਦੀਪਾ ਅਜਿਹਾ ਨਹੀਂ' ਪੜ੍ਹੀ ਹੈ। 'ਨਾਗਮਣੀ' ਵਾਲੀ 'ਫੈਸਲਾ ਹੋਣ ਤੱਕ' ਵੀ। ਗੱਲ ਕੀ ਬਾਈ ਅੱਜਕੱਲ੍ਹ ਛਾ ਰਿਹਾ ਹੈ। ਚੌਥੀ ਪੀੜ੍ਹੀ ਦਾ ਮੋਹਰੀ ਸਰਦਾਰ।

ਵੱਡੇ ਵੀਰ 'ਅੱਕ ਦਾ ਬੂਟਾ' ਤੇ 19-9-93 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਗੋਸ਼ਟੀ ਹੋ ਰਹੀ ਹੈ। ਤਲਵੰਡੀ ਭਾਈ। ਪੁਸਤਕ ਤੁਸੀਂ ਪੜ੍ਹੀ ਹੈ। ਸੋ ਜ਼ਰੂਰ ਪੁੱਜਣਾ। ਮੇਰੇ ਸਮਕਾਲੀ ਤੇ ਖਾਸ ਦਲਿਤ ਵਰਗ ਦੇ ਕਹਾਣੀਕਾਰ ਹੋ, ਤੁਹਾਡਾ ਪੁੱਜਣਾ ਮੇਰੇ ਲਈ ਅਤਿ ਮਾਣ ਵਾਲੀ ਗੱਲ ਹੋਵੇਗੀ। ਕੁੱਝ ਬੋਲਣ ਲਈ ਤਿਆਰੀ ਕਰ ਕੇ।

**-ਗੁਰਮੀਤ ਕੜਿਆਲਵੀ**

ਪਿਆਰੇ ਭਗਵੰਤ 28-5-94

ਪਿਆਰੇ! ਤੇਰੇ ਬਿਮਾਰੀ ਬਾਰੇ, ਤੇਰੀ ਮਾਨਸਿਕ ਪਰੇਸ਼ਾਨੀ ਬਾਰੇ ਮੈਨੂੰ ਪਤਾ ਲੱਗ ਗਿਆ ਸੀ ਪਰ ਅਜਿਹੇ ਰੁਝੇਵੇਂ ਬਣੇ ਰਹੇ ਕਿ ਤੇਰੀ ਜੂਹ ਦਾ ਪੈਰ ਪਾਉਣਾ ਨਸੀਬ ਨਹੀਂ ਹੋਇਆ। ਕਿਤੇ ਨਾ ਕਿਤੇ ਤਾਂ ਬਣੂ ਹੀ ਬਣੂ ਸਬੱਬ। ਐਂ ਕਿੰਨਾ ਕੁ ਚਿਰ ਵਕਤ ਸਾਜਿਸ਼ੀ ਬਣਿਆ ਰਹੂ।

ਕਾਲੀ ਦੀ 'ਲਕੀਰ' ਵਾਲੀ ਕਹਾਣੀ ਦਾ ਇੰਤਜ਼ਾਰ ਹੈ। ਲਕੀਰ ਵਾਸਤੇ ਮੈਂ ਵੀ ਕਹਾਣੀ ਭੇਜ ਰਿਹਾ ਹਾਂ, 'ਅੱਖਾਂ ਵਿੱਚ ਮਰ ਗਈ ਪ੍ਰੀਤ''ਬੜੀ ਜਲਦੀ। ਹੋਰ ਕੀ ਲਿਖਾਂ ਇਹ ਖ਼ਤ ਲਿਖਿਆ ਹੀ ਅਜਿਹੀ ਜਗਾ ਬੈਠ ਕੇ (ਕਿਸੇ ਦੇ ਕੋਲ ਹੁੰਦਿਆ) ਕਿ ਲਿਖਿਆ ਹੀ ਨਹੀਂ ਜਾ ਰਿਹਾ। ਧੱਕੇ ਨਾਲ ਹੀ ਲਿਖਿਆ ਹੈ ਤੇ ਇਸਦਾ ਬਾਕੀ ਹਿੱਸਾ ਵੀ ਉਹ ਹੀ ਲਿਖਣਗੇ। ਅਸੀਂ ਧਰਮਕੋਟ ਸਮਾਗਮ ਕਰ ਰਹੇ ਹਾਂ। ਉਥੇ 'ਜੁੰਡਲੀ' ਨੂੰ ਬੁਲਾ ਲਵਾਂਗੇ। 'ਭੂਰਾ ਸਿੰਘ ਕਲੇਰ' ਸਬੰਧੀ। ਉਸਦੀਆਂ ਪੁਸਤਕਾਂ ਪੜ੍ਹ ਛੱਡਣੀਆਂ। ਦਲਿਤ ਕਹਾਣੀਆਂ ਦਾ ਕੀ ਮਾਜਰਾ?

**-ਗੁਰਮੀਤ ਕੜਿਆਲਵੀ, ਕੜਿਆਲ**

**ਪਰਮਿੰਦਰ ਸੋਢੀ ਦਾ ਖ਼ਤ ਗੁਰਿੰਦਰ ਕਲਸੀ ਵੱਲ**

ਪਿਆਰੇ ਗੁਰਿੰਦਰ ਕਲਸੀ 21-1-2004

ਮੋਹ-ਪਿਆਰ ਕਬੂਲ ਕਰਨਾ। ਤੁਹਾਡਾ ਖ਼ਤ ਮਿਲ ਗਿਆ ਹੈ। ਬਹੁਤ ਹੀ ਚੰਗਾ ਲੱਗਾ। ਅਸਲ ਵਿਚ ਮੈਂ ਤੁਹਾਡੀਆਂ ਕਵਿਤਾਵਾਂ ਰਸਾਲਿਆਂ ਰਾਹੀਂ ਪੜ੍ਹਦਾ ਰਿਹਾ ਹਾਂ। ਮੈਨੂੰ ਤੁਹਾਡੀ ਸੂਖ਼ਮਤਾ ਚੰਗੀ ਲਗਦੀ



ਰਹੀ ਹੈ, ਤੁਹਾਡੀ ਕਵਿਤਾ ਨੂੰ ਪੜ੍ਹਕੇ ਮੈਂ ਆਪਣੇ ਅੰਦਰ ਕੋਮਲਤਾ ਮਹਿਸੂਸ ਕਰਦਾ ਰਿਹਾ ਹਾਂ। ਮੈਂ ਆਪਣਾ ਤਾਅਰੁਫ਼ ਕਿੰਜ ਕਰਵਾਵਾਂ? ਮੈਂ ਬੜਾ ਸਧਾਰਣ ਜਿਹਾ ਮਨੁੱਖ ਹਾਂ। ਜ਼ਿੰਦਗੀ ਨੂੰ ਪਿਆਰ ਕਰਦਾ ਹਾਂ, ਬਾਕੀ ਸਾਰਿਆਂ ਵਾਂਗ ਹੀ।

ਸੂਖ਼ਮ ਸੁਹਿਰਦ ਅਤੇ ਸੁਹਜਵਾਦੀ ਮਨੁੱਖ ਮੈਨੂੰ ਚੰਗੇ ਲਗਦੇ ਹਨ। ਪ੍ਰੇਰਨਾ ਦਿੰਦੇ ਹਨ। ਮੈਂ 1986 ਤੋਂ ਜਪਾਨ ਵਿਚ ਹਾਂ। ਰੋਜ਼ੀ-ਰੋਟੀ ਲਈ ਰੈਸਟੋਰੈਂਟ ਚਲਾਂਦਾ ਹਾਂ। ਮੇਰੀ ਅਰਧਾਗਨੀ ਜਪਾਨੀ ਹੈ। ਦੋ ਬੱਚੇ ਹਰਮਨ ਤੇ ਏਰੀਨਾ ਹਨ। ਕਿਤਾਬਾਂ, ਦੋਸਤ-ਸੰਗੀਤ ਤੇ ਫਿਲਮਾਂ ਆਦਿ ਮੈਨੂੰ ਆਪਣੇ ਆਪਣੇ ਲਗਦੇ ਹਨ।

**-ਪਰਮਿੰਦਰ ਸੋਢੀ**, ਓਸਾਕਾ, ਜਪਾਨ

**ਸ਼ਾਇਰ ਸੁਖਵਿੰਦਰ ਕੰਬੋਜ਼ ਦਾ ਖ਼ਤ ਗੁਰਿੰਦਰ ਕਲਸੀ ਵੱਲ**

ਪਿਆਰੇ ਗੁਰਿੰਦਰ ਕਲਸੀ 9-11-98

ਪੱਤਰ ਦੇਰ ਨਾਲ ਲਿਖਣ ਲਈ ਮੁਆਫ਼ੀ। ਦਰਅਸਲ ਮੈਂ ਹੱਦ ਦਰਜੇ ਦਾ ਆਲਸੀ ਹਾਂ। ਕੰਮਾਂ ਨੂੰ ਟਾਲੀ ਜਾਣਾ ਮੇਰੀ ਫਿਤਰਤ ਰਹੀ ਹੈ। ਉਂਜ ਮੈਂ ਹਰ ਚਿੱਠੀ ਆਈ ਨੂੰ ਘੱਟੋ ਘੱਟ ਇਕ ਮਹੀਨਾ ਰੋਜ਼ ਇਕ ਜਾਂ ਦੋ ਵਾਰ ਜ਼ਰੂਰ ਪੜ੍ਹਦਾ ਹਾਂ। ਹਰ ਹਰਫ਼, ਕੌਮੇ, ਬਿੰਦੀ ਨੂੰ ਨਿਹਾਰਦਾ। ਹਰ ਸ਼ਬਦ ਹੇਠਾਂ ਲੁਕੀਆਂ ਸੰਭਾਵਨਾਵਾਂ ਨੂੰ ਪਰਖਦਾ ਹਾਂ। ਗੱਲ ਕੀ ਜੀਹਨੂੰ ਕਹਿੰਦੇ ਹਨ ਕਿ ਚਿੱਠੀ ਦਾ ਨਿਚੋੜ ਕੱਢਦਾ ਉਸ ਕਰਕੇ ਫਿਰ ਕਿਤੇ ਉਹਦਾ ਉੱਤਰ ਲਿਖਣ ਬੈਠਦਾ ਹਾਂ। ਅਤੇ ਸ਼ਾਇਦ ਤੂੰ ਯਕੀਨ ਵੀ ਨਾ ਕਰੇਂ ਕਈ ਵਾਰ ਤਾਂ ਮੈਂ ਇਹ ਵੀ ਸੋਚਦਾ ਹਾਂ ਕਿ ਚਿੱਠੀ ਲਿਖਣ ਵੇਲੇ ਚਿੱਠੀ ਕਰਤਾ ਦੇ ਹਾਵਭਾਵ ਕੀ ਹੋਣਗੇ ਉਹਦਾ ਆਲਾ ਦੁਆਲਾ, ਉਹਦੀ ਦਿਮਾਗੀ ਬਣਤਰ-ਗੱਲ ਕੀ ਹਰ ਕੌਣ ਤੋਂ ਚਿੱਠੀ ਦੇਖਦਾ ਹਾਂ।

ਖ਼ੈਰ ਭਾਵੇਂ ਰਸਮੀਂ ਰੂਪ ਵਿੱਚ ਆਪਾਂ ਪਹਿਲੀ ਚਿੱਠੀ ਲਿਖੀਂ ਹੈ ਪਰ ਮੈਂ ਤੇਰੀਆਂ ਕਵਿਤਾਵਾਂ ਦਾ ਸਰਗਰਮ ਪਾਠਕ ਰਿਹਾ ਹਾਂ। ਕਾਰਨ? ਤੂੰ ਮੂਲ ਰੂਪ ਵਿਚ ਸ਼ਾਇਰ ਹੈ। ਭਾਵੇਂ ਮੈਂ ਤੈਨੂੰ ਪੁਸਤਕ ਰੂਪ ਵਿਚ ਨਹੀਂ ਪੜ੍ਹਿਆ। ਕਾਰਨ? ਇਥੇ ਪੁਸਤਕਾਂ ਮਿਲਣ ਦੀ ਘਾਟ ਹੈ ਤੇ ਜਦੋਂ ਇੰਡੀਆਂ ਆਓ ਘਰਦੇ ਤੇ ਰਿਸ਼ਤੇਦਾਰ ਆਪਣੇ ਸਾਕਾਂ ਲਈ ਏਨਾ ਸਮਾਨ ਲੱਦ ਦਿੰਦੇ ਹਨ ਕਿ ਕਿਤਾਬਾਂ ਪਰੇ ਚੁੱਪ ਕਰਕੇ ਬੈਠ ਜਾਂਦੀਆਂ ਹਨ। ਹਾਲਾਂਕਿ ਮੇਰੀ ਇਸ ਵਿਸ਼ੇ ਉਪਰ ਆਪਣੀਆਂ ਦੋ ਮਾਸੀਆਂ ਨਾਲ ਜੰਮ ਕੇ ਲੜਾਈ ਵੀ ਹੋ ਚੁੱਕੀ ਹੈ। ਖ਼ੈਰ ਰੂਹਾਂ ਦੇ ਰੰਗ ਪੁਸਤਕ ਦੀ ਮੈਨੂੰ ਉਡੀਕ ਰਹੇਗੀ। ਤੇਰੇ ਮੋਰਿੰਡੇ ਤੋਂ ਜਰਾਂ ਜਿੰਨੀ ਵਿੱਥ ਨੰਗਲ ਵਿਖੇ ਮੈਂ 6 ਸਾਲ ਪੜ੍ਹਾਉਂਦਾ ਰਿਹਾ ਹਾਂ। ਉਹ ਵੀ ਦਿਨ ਸਨ। ਮੈਂ ਅੱਜ ਕੱਲ ਇੱਥੇ ਅਮਰੀਕਾ ਵਿਚ ਇਕ ਪੈਟਰੋਲ ਪੰਪ ਤੇ ਕੰਮ ਕਰਦਾ ਹਾਂ। ਸਾਡੇ ਵਿਚੋਂ ਬਹੁਤੇ ਪਰਵਾਸੀਆਂ ਦੀ ਹਾਲਤ ਬਿਹਾਰ ਦੇ ਭਈਆ ਵਰਗੀ ਹੈ ਬਸ ਅਸੀਂ ਕਾਰਾਂ ਝੂਟ ਰਹੇ ਭਈਏ ਹਾਂ। ਅਮਰੀਕਾ ਤੁਹਾਨੂੰ ਇਕ ਚੱਕਰ ਵਿਚ ਘੁੰਮਾਉਂਦਾ ਹੈ ਤੇ ਤੁਹਾਨੂੰ ਖਾਣ ਲਈ ਏਨਾ ਕੁਝ ਦਿੰਦਾ ਹੈ ਕਿ ਤੁਸੀਂ ਜੀਵਨ ਦੇ ਅਰਥ ਭੁੱਲ ਜਾਂਦੇ ਹੋ। ਮੇਰੇ ਦੋ ਬੇਟੇ ਹਨ। ਇਕ ਬੇਟੀ ਹੈ। ਪਤਨੀ ਨਵਦੀਪ ਕੌਰ ਹਿੰਦੀ ਦੀ ਸ਼ਾਇਰਾ ਹੈ।

**-ਸੁਖਵਿੰਦਰ ਕੰਬੋਜ**

**ਡਾ. ਜਗਬੀਰ ਸਿੰਘ ਦਾ ਖ਼ਤ ਗੁਰਿੰਦਰ ਕਲਸੀ ਵੱਲ**

ਕਲਸੀ ਜੀ 24-9-97

'ਰੂਹਾਂ ਦੇ ਰੰਗ' ਲਈ ਬਹੁਤ ਧੰਨਵਾਦ! ਪੁਸਤਕ ਦੀਆਂ ਸਾਰੀਆਂ ਹੀ ਕਵਿਤਾਵਾਂ ਪਸੰਦ ਆਈਆਂ। ਕੁਝ ਕੁ ਤਾਂ, ਜਿਵੇਂ ਮਾਂ, ਜਦੋਂ ਉਹ ਟੁਰ ਜਾਵੇਗਾ, ਤੂੰ ਜਾਣ ਹੀ ਨਾ ਸਕੇਂਗੀ, ਜ਼ਿੰਦਗੀ ਦੇ ਕੌੜੇ ਸੱਚ ਦਾ

ਸਰਲ ਅਨੁਵਾਦ ਹਨ। ਬਹੁਤ ਹੀ ਵਧੀਆਂ ਲੱਗੀਆਂ. ਸਮੁੱਚੇ ਰੂਪ 'ਚ ਤੁਹਾਡੀ ਸਾਦਗੀ ਵਿਸ਼ਾਲ ਸੋਚ, ਸੂਖਮ ਅਹਿਸਾਸ, ਸਹਿਜ ਬਿੰਬ ਖਿਆਲ ਦੀ ਉਚਾਈ ਅਤੇ ਢੁੱਕਵੀਂ ਸ਼ੈਲੀ ਤੁਹਾਡੀ ਕਲਮ ਦੇ ਸਮਰੱਥ ਹੋਣ ਦੀ ਸ਼ਾਹਦੀ ਭਰਦੇ ਹਨ।

**-ਜਗਬੀਰ ਸਿੰਘ, ਦਿੱਲੀ**

**ਕਥਾਕਾਰ ਜਸਵੀਰ ਰਾਣਾ ਦਾ ਖ਼ਤ ਕਥਾਕਾਰ ਗੁਰਮੀਤ ਕੜਿਆਲਵੀ ਵੱਲ**

ਗੁਰਮੀਤ ਕੜਿਆਲਵੀ 30/5/2001

ਪਿਆਰੇ ਵੀਰ ਗੁਰਮੀਤ ! ਨਵੇਂ ਪੋਚ ਦੇ ਕਹਾਣੀਕਾਰਾਂ 'ਚੋਂ ਮੈਨੂੰ ਤੇਰਾ ਨਾਂ ਵੀ ਬਹੁਤ ਪਸੰਦ ਹੈ। ਇਸ ਪਸੰਦ ਦਾ ਕਾਰਨ ਹੈ ਤੇਰਾ ਜ਼ਬਰਦਸਤ ਕਹਾਣੀ ਕਰਾਫਟ। ਉਂਗਲਾਂ 'ਤੇ ਗਿਨਣਯੋਗ ਹੀ ਨਾਂ ਹੁੰਦੇ ਨੇ ਜਿਨ੍ਹਾਂ ਦੀ ਰਚਨਾ ਪੜ੍ਹਨ ਵਾਲੇ ਨੂੰ ਚਿੱਠੀ ਲਿਖਣ ਲਈ ਮਜਬੂਰ ਕਰ ਦੇਵੇ। ਮੈਂ ਤੈਨੂੰ ਚਿੱਠੀ ਲਿਖ ਰਿਹਾ ਹਾਂ-ਇਸ ਤੋਂ ਤੂੰ ਆਪਣੀ ਕਹਾਣੀ ਕਲਾ ਵਿਚਲੀ ਪੁਖਤਗੀ ਦਾ ਹਿਸਾਬ ਲਾ ਸਕਦਾ ਹੈਂ।

ਜੇਕਰ ਤੇਰੀ ਯਾਦਦਾਸ਼ਤ ਤਕੜੀ ਹੋਵੇ ਤਾਂ ਯਾਦ ਕਰ। ਬਹੁਤ ਸਾਲ ਪਹਿਲਾਂ ਤੂੰ ਇੱਕ ਚਿੱਠ ਰਾਹੀਂ ਮੈਨੂੰ ਕਿਹਾ ਸੀ, "ਵੀਰ ਤੇਰੀ ਕਹਾਣੀ ਤਾਂ ਬਹੁਤ ਚੰਗੀ ਹੈ—ਪਰ ਤੂੰ ਅਜੇ ਹੋਰ ਮਿਹਨਤ ਕਰ !" ਤੇਰੀ ਉਹ ਚਿੱਠੀ ਅਤੇ ਵਾਕ ਅਜੇ ਵੀ ਮੇਰੇ ਲਈ ਪ੍ਰੇਰਨਾ ਸ੍ਰੋਤ ਹੈ।

ਗੁਰਮੀਤ ਕੜਿਆਲਵੀ ਸਾਡੀ ਜੁ ਦਾ ਇੱਕ ਵਧੀਆ ਕਹਾਣੀਕਾਰ ਹੈ। ਇਸ ਤੱਥ ਦਾ ਅਹਿਸਾਸ ਮੈਨੂੰ ਤੇਰੀ ਕਿਤਾਬ **'ਓਣੇ'** ਪੜਕੇ ਹੋਇਆ ਹੈ। ਇਹ ਗੱਲ ਵੱਖ ਹੈ ਕਿ ਪਹਿਲਾਂ ਵੀ ਇੱਕਾ ਦੁੱਕਾ ਰੂਪ ਵਿਚ ਕਿਤੇ ਤੇਰੀਆਂ ਕਹਾਣੀਆਂ ਪੜੀਆਂ ਨੇ। ਪਰ **'ਊਣੇ'** ਪੜ੍ਹਨ ਨਾਲ ਤੇਰੀ ਕਹਾਣੀ ਕਲਾ ਦਾ ਸੰਯੁਕਤ ਪ੍ਰਭਾਵ ਮੇਰੇ 'ਤੇ ਪਿਆ ਹੈ। ਇਹ ਪ੍ਰਭਾਵ ਇਸ ਕਿਤਾਬ ਵਿਚਲੀਆਂ ਕਹਾਣੀਆਂ ਅੰਦਰਲੀ ਖੂਬੀ ਦਾ ਪ੍ਰਤੀਕ ਹੈ। ਇੱਕ ਨਹੀਂ ਤੇਰੀ ਕਹਾਣੀ ਕਲਾ 'ਚ ਕਈ ਖੂਬੀਆਂ ਹਨ। ਬਾਕੀ ਗੱਲਾਂ ਇੱਕ ਪਾਸੇ, ਤੇਰੀਆਂ ਕਹਾਣਆਂ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਇਹ ਆਮ ਬੰਦੇ ਦੇ ਪੈਰਾਂ ਹੇਠਲੀ ਧਰਤੀ 'ਤੇ ਵਾਪਰਦੇ ਕਰੂਰ ਯਥਾਰਥ ਨਾਲ ਜੁੜੀਆਂ ਹੋਈਆਂ ਹਨ। ਇਹ ਆਮ ਬੰਦੇ ਦੀ ਜ਼ਿੰਦਗੀ ਨਾਲ ਜੁੜੇ ਉਹਨਾਂ ਸਰੋਕਾਰਾਂ ਦੀਆਂ ਕਹਾਣੀਆਂ ਹਨ ਜਿੰਨ੍ਹਾਂ ਤੋਂ ਸ਼ਾਇਦ ਅਜੋਕੀ ਪੰਜਾਬੀ ਕਹਾਣੀ ਪਾਸਾ ਵੱਟ ਕੇ ਲੰਘਣ ਦੇ ਆਹਰ ਵਿਚ ਹੈ। ਐਸੀ ਸਥਿਤੀ ਵਿਚ ਤੇਰੀ ਕਿਤਾਬ **'ਊਣੇ'** ਪੜ੍ਹਕੇ ਇਕ ਖਾਸ ਤਰ੍ਹਾਂ ਦੀ ਤਸੱਲੀ ਹੋਈ ਹੈ।

ਨਮੋਲੀਆਂ ਵਰਗੀ ਕੌੜੀ ਜ਼ਿੰਦਗੀ ਨੂੰ ਨਮੋਲੀਆਂ ਵਰਗੀ ਹੀ ਕਿਸੇ ਬਹੁ-ਇਲਾਜੀ ਔਸ਼ਧੀ ਨਾਲ ਤੰਦਰੁਸਤ ਕਰਨ ਦੇ ਫੇਰ ਵਿਚ ਸੰਕਟ ਭੋਗਦੇ ਊਣੇ ਲੋਕਾਂ ਦੀ ਜ਼ਿੰਦਗੀ ਦਾ ਕਲਾਤਮਿਕ ਬਿਆਨ ਹੈ ਤੇਰੀ ਇਹ ਕਿਤਾਬ। ਤਕਨੀਕ ਬਾਰੇ ਟਿਪਣੀਆਂ ਦੇਣਾ ਤਾਂ ਆਲੋਚਕਾਂ ਦਾ ਕੰਮ ਹੈ, ਮੈਨੂੰ ਤਾਂ ਆਮ ਬੰਦੇ ਦੀ ਦ੍ਰਿਸ਼ਟੀ ਤੋਂ ਤੇਰੀ ਹਰ ਕਹਾਣੀ ਲਾਜਵਾਬ ਜਾਪੀ ਹੈ। **ਨਮੋਲੀਆਂ, ਊਣੇ, ਚੀਰ ਹਰਨ, ਕੋਈ ਹੋਰ ਗੱਲ ਸੁਣਾ, ਇਜ਼ਤਦਾਰ, ਸਾਰੰਗੀ ਦੀ ਮੌਤ**,——ਇਹ ਕਹਾਣੀਆਂ ਤਾਂ ਵੀਰ ਵਾਰ ਵਾਰ ਪੜ੍ਹਨ ਵਾਲੀਆਂ ਹਨ। ਤੇਰੀ ਭਾਸ਼ਾ ਤੇ ਸ਼ੈਲੀ ਬੜੀ ਘੈਂਟ ਹੈ। ਕਿਤਾਬ ਵਿਚ ਸ਼ਾਮਲ ਸਾਰੀਆਂ ਕਹਾਣੀਆਂ ਕਿਸੇ ਨਾ ਕਿਸੇ ਪੱਖੋਂ ਊਣੇ ਲੋਕਾਂ ਦੀਆਂ ਕਹਾਣੀਆਂ ਹਨ, ਪਰ ਕਲਾਤਮਿਕ ਪੱਖੋਂ ਇਹ ਸਾਰੀਆਂ ਸੰਪੂਰਨ -ਕਾਥਾਵਾਂ ਹਨ। ਪੰਜਾਬੀ ਕਹਾਣੀ ਤੇ ਪੰਜਾਬ ਜ਼ੁਬਾਨ ਨੂੰ ਇੱਕ ਅੱਛੀ ਕਿਤਾਬ ਦੇਣ ਲਈ ਤੈਨੂੰ ਦਿਲੋਂ ਮੁਬਾਰਕਬਾਦ ਹੈ। ਇਸਦੇ ਨਾਲ ਹੀ ਤੇਰੀ ਕਲਮ, ਤੇਰੇ ਕਹਾਣੀ ਕਰਾਫਟ ਤੇ ਤੇਰੇ ਅੰਦਰਲੇ ਕਲਾਕਾਰ ਨੂੰ ਵੀ ਪ੍ਰਣਾਮ ਹੈ। ਭਵਿੱਖ ਵਿਚ ਤੇਰੇ ਪਾਸੋਂ ਹੋਰ ਵੀ ਜਬਰਦਸ਼ਤ ਕਹਾਣੀਆਂ ਦੀ ਆਸ ਕੀਤੀ ਜਾਂਦੀ ਹੈ।

**- ਜਸਵੀਰ ਸਿੰਘ ਰਾਣਾ**



**ਕਥਾਕਾਰ ਜਸਵੀਰ ਰਾਣਾ ਦਾ ਖ਼ਤ ਨਵੀਂ ਕਥਾਕਾਰ ਸਿਮਰਜੀਤ ਕੌਰ ਭੰਗੂ ਵੱਲ**

ਸਤਿਕਾਰ ਯੋਗ ਸਿਮਰਜੀਤ ਕੌਰ ਭੰਗੂ ਜੀ 17 ਮਾਰਚ, 2018

ਪਿਛਲੇ ਦਿਨੀਂ ਮੈਂ ਗਰੇਸ਼ੀਅਸ ਬੁਕਸ ਪਟਿਆਲਾ ਤੋਂ ਤੁਹਾਡੀ ਕਥਾ ਪੁਸਤਕ 'ਖ਼ਾਲੀ ਥਾਂ' ਲੈ ਕੇ ਆਇਆ ਸੀ। ਸਭ ਤੋਂ ਪਹਿਲਾਂ ਤਾਂ ਇਸ ਕਿਤਾਬ ਦਾ ਨਾਂ ਬਹੁਤ ਹੀ ਖਿੱਚ ਪਾਊ ਹੈ। ਦੂਜਾ ਗਹਿਰੇ ਕਾਲੇ-ਭੂਰੇ ਰੰਗ ਵਿਚਕਾਰ ਸਰਵਰਕ ਤੇ ਛਪੀ ਫੋਟੋ ਵਿਚਲੀ ਖਿੜਕੀ-ਦਰਵਾਜ਼ੇ ਦੇ ਆਰ ਪਾਰ ਦਿਸਦਾ ਦ੍ਰਿਸ਼ ਵੀ 'ਖਾਲੀ ਥਾਂ' ਦੀ ਬਾਤ ਪਾਉਂਦਾ ਹੈ। ਉਸ ਵਿਚ ਪਈ ਕੁਰਸੀ ਵੀ ਖ਼ਾਲੀ ਹੈ। ਪਰ ਕੁਰਸੀ ਤੇ ਪਿਆ ਕੱਪੜਾ ਇਸ ਗੱਲ ਦੀ ਗਵਾਹੀ ਦਿੰਦਾ ਕਿ ਇਸ ਥਾਂ ਇਸ ਘਰ ਵਿਚ ਕੋਈ ਹੈ ਜਿਸ ਦੀ ਇਹ ਥਾਂ ਹੈ। ਸਿਮਰਜੀਤ ਜੀ ਮੈਂ ਇਹ ਗੱਲ ਇਸ ਲਈ ਕਰ ਰਿਹਾ ਹਾਂ ਕਿ ਦੱਸ ਸਕਾਂ ਬਈ ਇਕ ਚੰਗੀ ਕਿਤਾਬ ਦਾ ਨਾਂ ਸਰਵਰਕ ਵੀ ਆਪਣੇ ਅੰਦਰ ਇਕ ਕਹਾਣੀ ਲੁਕੋਈ ਬੈਠਾ ਹੁੰਦਾ ਹੈ। ਇਸ ਨੁਕਤਾ ਨਿਗਾਹ ਤੋਂ ਤੁਹਾਡੀ ਕਥਾ ਪੁਸਤਕ ਦੀ ਖੂਬਸੂਰਤੀ ਦਾ ਪ੍ਰਤੀਕ ਵੀ ਹੈ।

ਸਿਮਰਜੀਤ ਜੀ ! ਤੁਹਾਡੀਆਂ ਜਿਆਦਾਤਰ ਕਹਾਣੀਆਂ ਆਪਣੇ ਪ੍ਰਭਾਵਸ਼ਾਲੀ ਅੰਤ ਨਾਲ ਸਮਾਪਤ ਹੁੰਦੀਆਂ ਹਨ। ਜਿਸ ਤਰ੍ਹਾਂ ਮੈਂ ਦੱਸਾਂ ਕਿ 'ਮਰਦ' ਕਹਾਣੀ ਦੀਆਂ ਆਖਰੀ ਸਤਰਾਂ ਹਨ ਕਿ 'ਪੁਰਾਣੇ' ਸ਼ਬਦ ਨੇ ਰਮਨ ਨੂੰ ਅੰਦਰੋਂ ਝੰਜੋੜ ਦਿੱਤਾ। ਉਸਦੇ ਮੂੰਹੋਂ ਸਹਿਜ ਸੁਭਾਅ ਹੀ ਨਿਕਲਿਆ 'ਮੈਂ' ਹੀ ਕਿਉਂ? ਮੇਰਾ ਵਿਆਹ ਕਹਾਣੀ ਦੇ ਅਖੀਰ ਵਿਚ ਇਕ ਸਤਰ ਹੈ। ਹੱਥ ਵਿਚ ਮਾਲਾ ਦੇ ਟੁੱਟੇ ਹੋਏ ਮਣਕੇ ਤੇ ਗਲੇ 'ਤੇ ਨੀਲ ਪਿਆ ਹੋਇਆ ਸੀ। 'ਭੂਰੀ' ਦੀ ਆਖਰੀ ਸਤਰ ਹੁਣ ਤਾਂ ਬੱਸ ਬੱਲੀ ਹੀ ਜਾਣਦਾ ਸੀ ਕਿ ਭੂਰੀ ਕਿੱਥੇ ਸੀ। ਔਹ 'ਬੇਗਨਾਹੀਂ' ਦੇ ਅੰਤ ਵਿਚ ਕਰਮ ਸਿਉਂ ਕਹਿੰਦਾ ਹੈ, "ਅਸੀਂ ਤਾਂ ਬੰਦਾ ਮਾਰ ਕੇ ਖਪਾ ਲਿਆ, ਦਾਰੂ ਕੀ ਚੀਜ਼ ਏ?" ਇਹ ਕੁਝ ਸਤਰਾਂ ਹਨ ਜਿਹੜੀਆਂ ਇਸ ਗੱਲ ਨੂੰ ਪ੍ਰਮਾਣਿਤ ਕਰਦੀਆਂ ਹਨ ਕਿ ਸਿਮਰਜੀਤ ਨੂੰ ਪਤਾ ਹੈ ਕਿ ਮਹੱਤਵਪੂਰਨ ਇਹ ਨਹੀਂ ਹੁੰਦਾ ਕਿ ਗੱਲ ਸ਼ੁਰੂ ਕਿੱਥੋਂ ਹੋਈ ਹੈ, ਮਹੱਤਵਪੂਰਨ ਇਹ ਹੁੰਦਾ ਕਿ ਗੱਲ ਅੰਤ ਵਿਚ ਮੁਕਾਉਣੀ ਕਿੱਥੇ ਹੈ। ਚੰਗੀ ਕਹਾਣੀ ਦਾ ਇਹ ਸਿਧਾਂਤ ਤੁਹਾਡੀਆਂ ਕਈ ਕਹਾਣੀਆਂ ਉਪਰ ਲਾਗੂ ਹੁੰਦਾ ਹੈ। ਇਸ ਕਥਾ ਸਿਧਾਂਤ ਅਨੁਸਾਰ ਅੰਤ ਤੱਕ ਪਹੁੰਚਦੀ ਤੁਹਾਡੀ ਕਹਾਣੀ ਅੰਤ ਤੋਂ ਫਿਰ ਸ਼ੁਰੂ ਹੋ ਜਾਂਦੀ ਹੈ। ਇਕ ਨੁਕਤਾ ਤੁਹਾਡੀ ਕਹਾਣੀ ਕਲਾ ਦਾ ਖਾਸ ਪਛਾਣ ਚਿੰਨ੍ਹ ਹੈ।

ਜੇਕਰ ਮੈਂ ਵਿਸ਼ਾ ਵਸਤੂ ਦੀ ਪੱਧਰ ਤੋਂ ਗੱਲ ਕਰਾਂ ਤਾਂ ਤੁਹਾਡੀਆਂ ਕਹਾਣੀਆਂ ਦੂਜਿਆਂ ਰਾਹੀਂ ਆਪਣੇ ਆਪ ਨੂੰ ਅਤੇ ਆਪਣੇ ਰਾਹੀਂ ਦੂਜਿਆਂ ਨੂੰ ਸਮਝਣ ਦਾ ਚਿੰਤਨੀ ਵਰਤਾਰਾ ਹਨ। ਹਰ ਕਹਾਣੀ ਵਿਚ ਮੈਂ ਤੋਂ ਤੂੰ ਅਤੇ ਤੂੰ ਤੋਂ ਮੈਂ ਤੱਕ ਫੈਲੀ ਜ਼ਿੰਦਗੀ ਦੀ ਖ਼ਾਲੀ ਥਾਂ ਰੂਪਾਂਤਰਿਤ ਹੋਈ ਦਿਖਾਈ ਦਿੰਦੀ ਹੈ। ਇਹ ਕਹਾਣੀਆਂ ਭੂਰੀ, ਰੂਬੀ, ਕਮਲ, ਗੁਰਜੀਤ, ਮੰਨਤ, ਬਲਜੀਤ, ਬਿੰਦਰ, ਕਰਮ ਸਿਉਂ ਬੱਲੀ, ਜੈਲੇ, ਰੇਸ਼ਮ, ਰਾਜਵੀਰ, ਕਮਲਜੀਤ, ਸਰਵਨ, ਪਵਨ ਤੇ ਭੂਟੇਆਲੇ ਪਾਤਰਾਂ ਦੀ ਜੀਵਨ ਪੱਧਤੀ ਤੇ ਵੱਖ ਵੱਖ ਰੰਗਾਂ ਬਦਰੰਗਾਂ ਤੇ ਤੱਤੇ ਠੰਡੇ ਅਹਿਸਾਸਾਂ ਔਰ ਸੰਕਟਾਂ ਦੀਆਂ ਕਥਾਵਾਂ ਹੀ ਨਹੀਂ, ਬਲਕਿ ਇਹ ਕਥਾਵਾਂ ਮਾਨਵੀ ਜ਼ਿੰਦਗੀ ਦੀ ਰਗ ਰਗ ਵਿਚ ਫੈਲੇ ਉਹ ਜ਼ਹਿਰ ਦੀਆਂ ਕਹਾਣੀਆਂ ਹਨ, ਜਿਸ ਨੂੰ ਤੁਸੀਂ ਆਪਣੇ ਅੰਦਰ ਪੀਕੇ, ਜਿਸ ਨੂੰ ਤੁਸੀਂ ਆਪਣੇ ਪਿੰਡੇ ਤੇ ਹੱਡੀਂ ਹੰਢਾਉਣ ਵਾਂਗ ਮਹਿਸੂਸ ਕਰਕੇ ਫਿਰ ਉਸ ਨੂੰ ਇਨ੍ਹਾਂ ਕਹਾਣੀਆਂ ਰਾਹੀਂ ਅੰਮ੍ਰਿਤ ਵਿਚ ਬਦਲਿਆ ਹੈ। ਜਿਸ ਵਿਚ ਇਕ ਕਥਾ ਬਦਲਾਅ ਨਿੱਜ ਤੋਂ ਪਰ ਵਿਚ ਰੂਪਾਂਤਰਿਤ ਹੋ ਜਾਂਦਾ ਹੈ ਉਸ ਵਕਤ 'ਸਿਮਰ' ਵਿਚੋਂ 'ਸਿਮਰ'ਲੱਭ ਪੈਣ ਦੀ ਕਥਾ ਯਾਤਰਾ ਸੰਪੂਰਨ ਹੋ ਜਾਂਦੀ ਹੈ। ਔਰ ਸਿਮਰਜੀਤ ਨੂੰ ਇਕ ਖੂਬਸੂਰਤ ਕਹਾਣੀਕਾਰ ਦੇ ਤੌਰ ਤੇ ਪੰਜਾਬੀ ਕਹਾਣੀ ਦੇ ਖੇਤਰ ਵਿਚ ਸਥਾਪਿਤ ਕਰ ਦਿੰਦੀ ਹੈ। ਇਸ ਪੁਸਤਕ ਵਿਚ ਦਰਜ਼ ਤੁਹਾਡੀ ਇਹ ਕਥਾ ਸਥਾਪਨਾ ਉਸ ਵਕਤ ਸਿਰ ਚੜ੍ਹ ਕੇ ਬੋਲਦੀ ਹੈ ਜਦੋਂ 'ਮੇਰਾ ਵਿਆਹ' ਕਹਾਣੀ ਵਿਚ ਵਿਆਹ ਬਾਝੋਂ ਪਾਗਲ ਹੋਇਆ ਪਾਤਰ

ਬਿੰਦਰ ਆਪਣੀ ਰੋਟੀ ਪੱਕਦੀ ਕਰਨ ਲਈ ਰੋਟੀ ਪਕਾ ਕੇ ਦੇਣ ਵਾਲੀ ਮਾਂ ਨੂੰ ਮਾਰ ਦਿੰਦਾ ਹੈ। ਔਰਤ ਬਿਨ੍ਹਾਂ ਪਾਗਲ ਹੋ ਜਾਣਾ ਸਧਾਰਨ ਕਥਾ ਹੈ। ਐਪਰ ਔਰਤ ਲਈ ਔਰਤ ਦੇ ਸਭ ਤੋਂ ਸ੍ਰੇਸ਼ਟ ਰੂਪ ਮਾਂ ਨੂੰ ਮਾਰ ਦੇਣਾ ਆਸਾਧਾਰਨ ਕਥਾ ਹੈ। ਕਥਾਕਾਰੀ ਦਾ ਇਹ ਆਸਾਧਾਰਨ ਪੇਸ਼ਕਾਰੀ ਦਾ ਹੁਨਰ ਇਕ ਦਿਨ ਸਿਮਰਜੀਤ ਕੌਰ ਦੇ ਨਾਂ ਨੂੰ ਪੰਜਾਬੀ ਕਹਾਣੀ ਦੇ ਆਸਮਾਨ ਵਿਚ ਚਮਕਦਾ ਚਿਹਰਾ ਬਣਾ ਕੇ ਸਥਾਪਿਤ ਕਰੇਗਾ।

**-ਜਸਵੀਰ ਰਾਣਾ, ਸੰਗਰੂਰ**

**ਜਸਵੀਰ ਰਾਣਾ ਦਾ ਖ਼ਤ ਭਗਵੰਤ ਰਸੂਲਪੁਰੀ ਵੱਲ**

7-3-99

ਵੀਰੇ ਹੁਣੇ ਤੇਰੀ ਕਿਤਾਬ 'ਮੈਂ, ਸ਼ੈਤਾਨ ਤੇ ਇੰਦੂਮਣੀ' ਪੜ੍ਹੀ। ਕਹਾਣੀ ਕਲਾ ਤੇ ਚੰਗੀ ਪਕੜ ਹੈ ਤੇਰੀ। ਕਿਤਾਬ ਪੜ੍ਹ ਕੇ ਇਹ ਅਹਿਸਾਸ ਸ਼ਿੱਦਤ ਨਾਲ ਹੋਇਆ। ਅੱਠ ਦੀਆਂ ਅੱਠੇ ਕਹਾਣੀਆਂ ਬੇਹੱਦ ਖ਼ੂਬਸੂਰਤ ਹਨ। ਇੰਦੂਮਣੀ, ਕੀੜਾ, ਕਸੂਰਵਾਰ, ਤੇ ਸ਼ੈਤਾਨ ਮੈਨੂੰ ਬੇਹੱਦ ਜਚੀਆਂ ਹਨ। ਐਮੀ ਗੱਲ ਨਹੀਂ ਕਹਾਣੀਆਂ ਬਾਕੀ ਵੀ ਅੱਛੀਆਂ ਹਨ। ਬਾਕੀ ਕਹਾਣੀਆਂ ਵਿਚਲੀ ਭਾਸ਼ਾ ਤੇ ਸ਼ੈਲੀ ਪ੍ਰਭਾਵਸ਼ਾਲੀ ਹੈ। ਪਰ ਪਤਾ ਨਹੀਂ ਕਿਉਂ 'ਵਿੱਥਾਂ ਦੇ ਆਰ-ਪਾਰ' ਕਹਾਣੀ ਪੜ੍ਹਦੇ ਵਕਤ ਥਾਂ ਥਾਂ ਤੇ ਅੜਕਦੀ ਰਹੀ ਹੈ? ਬਾਕੀ ਸਭ ਖ਼ੈਰ ਹੈ ਵੀਰ। ਤੂੰ ਚੰਗਾ ਲਿਖਦੈਂ। ਤੈਥੋਂ ਹੋਰ ਚੰਗੀਆਂ ਕਹਾਣੀਆਂ ਦੀ ਆਸ ਰੱਖਦਾ ਹੋਇਆ।

**-ਜਸਵੀਰ ਸਿੰਘ ਰਾਣਾ, ਅਮਰਗੜ੍ਹ**

**ਕਿੱਤੇ ਵਜੋਂ ਡਾਕਟਰ ਸਿਕੰਦਰ ਭੱਟੀ ਦਾ ਖ਼ਤ ਮੋਹਨ ਮਤਿਆਲਵੀ ਵੱਲ**

ਪਿਆਰੇ ਮੋਹਣ ਮਤਿਆਲਵੀ ਫਰੀਦਕੋਟ 11-3-91

ਨਿੱਘੀ ਯਾਦ! ਮੈਂ ਇਹਨਾਂ ਦਿਨਾਂ ਵਿੱਚ ਕੁਝ ਬਹੁ ਮੁੱਲੀਆਂ ਕਿਤਾਬਾਂ ਵਾਚੀਆ। ਅਧਿਐਨ ਕਰਨ ਤੋਂ ਬਾਅਦ, ਮੇਰੇ ਜ਼ਿਹਨ ਅੰਦਰ ਜੋ ਵਿਚਾਰਾਂ ਦੀ ਜੰਗ ਛਿੜੀ ਉਸੇ ਨੂੰ ਹੀ ਕਲਮਬੱਧ ਕਰ, ਤੈਨੂੰ ਖ਼ਤ ਲਿਖ ਰਿਹਾ ਹਾਂ। ਕੇਂਦਰੀ ਬਿੰਦੂ ਇਹ ਹੈ ਕਿ ਹੋ ਚੁੱਕੀਆਂ ਵਿਗਿਆਨਿਕ ਖੋਜਾਂ ਜਾਂ ਹੋ ਰਹੀਆ ਵਿਗਿਆਨਿਕ ਖੋਜ਼ਾ (ਤਕਨੀਕੀ ਖੋਜਾਂ) (ਭੌਤਿਕ , ਰਸਾਇਣ-ਵਿਗਿਆਨ, ਜੀਵ ਵਿਗਿਆਨ ਖੇਤਰਾ ਵਿੱਚ) ਦਾ ਅਜੋਕੇ ਸਾਹਿਤ ਵਿੱਚ ਕੀ ਰੋਲ ਹੈ? ਕੀ ਰੋਲ ਅਦਾ ਹੋ ਚੁੱਕਾ ਹੈ? ਜਾਂ ਇਹ ਅਹਿਮ ਰੋਲ ਕਿਹੜੇ ਦੇਸ਼ਾਂ ਦੇ ਸਾਹਿਤ ਅੰਦਰ ਬਿਲਕੁਲ ਹੀ ਅਣਗੌਲਿਆ ਰਿਹੈ।

ਸੰਸਾਰ ਪੱਧਰ 'ਤੇ ਕੁਝ ਗਿਣਵੇਂ ਚੁਣਵੇਂ ਲੇਖਕਾਂ, ਸ਼ਾਇਰਾਂ ਜਿੰਨਾ ਨੇ ਵਿਗਿਆਨਿਕ ਖੋਜਾ (ਸਮੇਂ ਸਮੇਂ ਦੀ ਨਜ਼ਾਕਤ ਮੁੱਖ ਰੱਖ ਕੇ) ਆਪਣੇ ਕਵਿਤਾਵਾਂ, ਨਾਵਲਾਂ, ਕਹਾਣੀਆਂ, ਨਾਟਕਾਂ ਦੇ ਪਲਾਟ ਉਸਾਰੇ, ਉਹਨਾਂ ਦਾ ਆਧਾਰ ਵਿਗਿਆਨਿਕ ਖੋਜਾ ਤੇ ਛਿੜੇ ਵਾਦ-ਵਿਵਾਦ ਤੇ ਹੀ ਸੀ। ਕਵੀ ਫਿਲਿਮ ਲਾਰਕਿਨ ਜਿਸ ਦੀ 'ਕਿਰਤ-ਵਿਗਿਆਨ' ਦੇ ਮਸਲਿਆਂ ਤੋਂ ਕਿਤੇ ਦੂਰ ਦੀ ਚੀਜ ਦਿਖਾਈ ਦਿੰਦੀ ਹੈ। ਉਹ ਅੱਧੇ ਮਜ਼ਾਕ ਤੇ ਅੱਧੀ ਸੰਜੀਦਗੀ 'ਚ 'ਵੰਸ਼ ਪਰੰਪਰਾ' (ਜੀਵ-ਵਿਗਿਆਨ) ਦੇ ਵਿਸ਼ੇ ਦੀ ਪ੍ਰਸੰਸਾ ਕਰਦਾ ਹੈ। 'ਉੱਚੀਆਂ ਖਿੜਕੀਆਂ'' (1974) ਦੀਆਂ ਕਵਿਤਾਵਾਂ ਵਿੱਚੋਂ ਇਕ ਉਹ ਉਸ ਨਿਰਪੇਖ ਢੰਗ ਬਾਰੇ ਲਿਖਦਾ ਹੈ ਜਿਸ ਦੇ ਕਾਰਣ ਅਸੀਂ ਸੰਸਾਰ ਵਿੱਚ ਆਉਂਦੇ ਹਾਂ, ਆਪਣੇ ਨਾਲ ਗੁੰਝਲਦਾਰ ਉਤਪਤੀ ਸੂਚਨਾ ਦਾ ਭਾਰ ਜਿਹੜਾ ਅਸੀਂ ਚੁੱਕੀ ਫਿਰਦੇ ਸੀ ਨਾਲ ਲੈ ਆਉਂਦੇ ਹਾਂ। ਕਵਿਤਾ ਦਾ ਅੰਤ ਨਿਹਲਵਾਦੀ ਸਿੱਖਿਆ ਦੇ ਰੂਪ ਵਿਚ ਹੁੰਦਾ ਹੈ, ਘੱਟ ਮਜ਼ਾਕੀਆਂ ਤੇ ਬਹੁਤਾ ਸੰਜੀਦਾ,

ਮਨੁੱਖ ਮਨੁੱਖ ਨੂੰ ਅੱਗੇ ਮੁਸੀਬਤ ਦਿੰਦਾ ਹੈ



ਇਹ ਮੁਸੀਬਤ ਤੱਟੀ ਕੰਗੂਰੇ ਵਾਂਗ ਹੋ ਜਾਂਦੀ ਹੈ
ਜਿੰਨੀ ਛੇਤੀ ਇਸ ਘੋਗੇ ਅੰਦਰੋਂ ਬਾਹਰ ਆ ਸਕੋ ਆ ਜਾਵੋ
ਅਤੇ ਆਪਣੀ ਸੰਤਾਨ ਕੋਈ ਨਾ ਹੋਣ ਦਿਉ।

ਇਕ ਹੋਰ ਕਵੀ ਡੈਨੀ ਏਵਸੇ 'ਪਾਵੋਲਵ ਦੇ ਕੁੱਤੇ' ਅੰਦਰ ਆਪਣਾ ਪਲਾਟ, ਇਕ ਸਰੀਰ ਵਿਗਿਆਨੀ ਦੀ ਖੋਜਾਂ ਦੇ ਆਧਾਰ ਤੇ ਤਿਆਰ ਕਰਨ ਦੇ ਜਤਨ ਕਰਦਾ ਹੈ। ਪਰ ਉਹ ਨਾਵਲ ਸਮਕਾਲੀ ਅੰਗਰੇਜ਼ੀ ਗਲਪ ਦੀਆਂ ਸੀਮਾਵਾਂ ਤੋਂ ਨਿਗੂਣਾ ਰਿਹੈ।

ਹੋਰ ਮਿਸਾਲ-ਰੋਜ਼ੈਟੀ ਦੀ ਕਵਿਤਾ 'ਚਾਨਕ' ਜਿਸਨੂੰ ਦਿਮਾਗ਼ ਅਤੇ ਯਾਦ ਦੇ ਅਧਿਐਨ ਲਈ ਸ਼ਿਲਾਲੇਖ ਰੂਪ ਵਿੱਚ ਚੁਣਿਆ ਗਿਆ ਹੈ-

'ਚਾਨਕ ਰੌਸ਼ਨੀ-
ਮੈਂ ਇੱਥੇ ਸੀ ਪਹਿਲਾਂ ਵੀ
ਪਰ ਕਦੋਂ ਤੇ ਕਿਵੇਂ, ਇਹ ਨਹੀਂ ਦਸ ਸਕਦਾ
ਦਰੋ ਪਰੇ ਹੈ ਘਾਹ, ਮੈਨੂੰ ਪਤਾ
ਜਿਸਦੀ ਤੇਜ਼ ਮਿੱਠੀ ਗੰਧ
ਕਰਾਂਹਦੀ 'ਵਾਜ਼ ਤਟ ਗੇਰੀ ਰੌਸ਼ਨੀਆਂ।

from Another Book! ''ਨਸਲੀ ਯਾਦਾਸ਼ਤ'' ਜਾਂ ਉਤਪਤੀ ਯਾਦਾਸ਼ਤ ਜਿਹੜੀ ਕਿ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਮਿੱਲਦੀ ਹੈ। (ਉਪਰੋਕਤ ਜੀਵ ਵਿਗਿਆਨਕ ਮਸਲਾ ਹੈ)

ਆਧੁਨਿਕ ਸਾਹਿਤ ਅੰਦਰ 'ਸਮਾਂ ਤੇ ਸਥਾਨ' (Time and space)

''ਸਮਾਂ ਆਪਣੀ ਚਾਲੇ ਅਰੋਕ ਜਾ ਰਿਹਾ ਹੈ, ''ਘਿਰਿਆ-ਪਿਟਿਆ ਆਦਮ ਵਿਚਾਰ ਹੈ, ਪਰ ਇਹ ਗੱਲ ਸਿਆਣਿਆ ਨਾਲ ਵੀ ਘੱਟ ਵਾਪਰਦੀ ਹੈ। ਭਾਵੇਂ ਤੁਸੀਂ ਜਵਾਨ ਹੋ ਜਾਂ ਬੁੱਢੇ, ਸਮਾਂ ਜਦੋਂ, ''ਉਡੀਕ ਕਾਲ'' ਵਿੱਚੋਂ ਲੰਘਦਾ ਹੈ ਤਾਂ ਜਿਸ ਵਿਚ ਸਾਂਪੇਖਕ ਸੰਭਾਵਨਵਾਂ ਨਜ਼ਰੀ ਪੈਂਦੀਆਂ ਹਨ। ਇਹ ਪਸਰ ਜਾਂਦਾ ਹੈ, ਸੁੰਗੜ ਜਾਂਦਾ ਹੈ ਜਾਂ ਬਿਲਕੁਲ ਹੀ ਰੁਕ ਜਾਂਦਾ ਹੈ। ਇਸ ਦਾ ਨਿਰਭਰ ਉਸ ਦਸ਼ਾ ਤੇ ਰਹਿੰਦਾ ਹੈ ਜਿਹੜੀ ਤੁਹਾਡੇ ਮਨ ਤੇ ਸਵਾਰ ਹੁੰਦੀ ਹੈ। ਆਉਂਦੇ ਭਵਿੱਖ ਦੀ ਤੁਸੀਂ ਕਿੰਨੀ ਤਾਮੰਨਾ ਕਰਦੇ ਹੋ ਜਾਂ ਡਰਦੇ ਹੋ ਤੇ ਤੁਸੀਂ ਆਪਣੇ ਆਪ ਕੀ ਮਹਿਸੂਸ ਕਰਦੇ ਹੋ।''

ਹਰਕਤ ਦੀ ਰਫ਼ਤਾਰ ਨਾਲ ਸਮਾਂ ਹੌਲੀ ਲੰਘਦਾ ਹੈ ਜੇਕਰ ਹਰਕਤ ਦੀ ਰਫ਼ਤਾਰ 'ਪ੍ਰਕਾਸ਼ ਦੀ ਰਫ਼ਤਾਰ' 3 X $10^{8}$ m/sec.) ਦੇ ਬਰਾਬਰ ਹੁੰਦੀ ਤਾਂ ਹਰਕਤ ਵਾਲੇ ਜੀਂਦੇ ਪ੍ਰਾਣੀ ਲਈ ਸਫ਼ਰ ਦੀ ਲੰਮਾਈ ਸਹਿਜ ਇਕ ਸੰਖੇਪ ਪਲ ਹੋਣੀ ਸੀ। ਜੇਕਰ ਹਰਕਤ ਦੀ ਰਫ਼ਤਾਰ ਪ੍ਰਕਾਸ਼ ਦੀ ਰਫ਼ਤਾਰ ਨਾਲੋਂ ਅੱਗੇ ਨਿਕਲ ਗਈ ਤਾਂ ਇਹ ਬੇਪਨਾਹ ਰਫ਼ਤਾਰ ਸਾਨੂੰ ਕਿਥੇ ਲੈ ਜਾਵੇਗੀ? ਭਵਿੱਖ ਵਿੱਚ ਜਾਂ ਬੀਤੇ ਵਿਚ? ਅਸੀਂ ਮੁੜ ਕੀਵੀ-ਰੂਸ ਵਿੱਚ ਪੁੱਜ ਸਕਦੇ ਹਾਂ ਬਜਾਏ ਮੰਗਲ ਗ੍ਰਹਿ ਤੇ ਪੁੱਜਣ ਦੇ।

1. ਕੀ ਸਮਾਂ ਰੁੱਕ ਸਕਦਾ ਹੈ?
2. ਕੀ ਪੁੱਠੇ ਗੇੜ ਵਿੱਚ ਗਿੜ ਸਕਦਾ ਹੈ?

ਚਰਚਾ ਦਾ ਵਿਸ਼ਾ ਹੈ।

ਮਸਲਨ-ਇਕ ਪਿਤਾ ਆਪਣੇ ਪੁੱਤਰ ਨਾਲ 'ਬੀਚ' ਤੇ ਹੈ ਅਤੇ ਛੋਟਾ ਬੱਚਾ ਕਦੇ ਕਦੇ ਸਮੁੰਦਰ ਅੰਦਰ ਛੋਟੇ-ਛੋਟੇ ਕੰਕਰ ਸੁੱਟ ਕੇ ਖ਼ੁਸ਼ ਹੁੰਦਾ ਹੈ। ਇਹ ਖੇਡ 'ਵਡਾਰੂ' ਦੇ ਮਨ ਅੰਦਰ ਵਿਚਾਰ ਪੈਦਾ ਕਰਦੀ ਹੈ-ਜਾਂ ਕਹਿ ਲਓ ਕਿ ਕੰਕਰ ਕਿਨਾਰੇ ਤੋਂ ਸਮੁੰਦਰ ਅੰਦਰ ਗਿਆ ਹੈ ਤੇ ਕਿਸੇ ਨੇ ਮੈਨੂੰ ਇੰਝ ਕਰਦੇ ਦੇਖਿਆ ਹੋਣਾ ਚਾਹੀਦਾ ਹੈ। ਨਹੀਂਤਾਂ ਇੰਜ਼ ਲੱਗੇਗਾ ਜਿਵੇਂ ਕੁਝ ਵੀ ਨਹੀਂ ਹੋਇਆ। ਇਹ ਸੋਚਣਾ ਬੜਾ ਅਦਭੁਤ ਕਿਉਂਕਿ... ਇਹ ਤਾਂ ਇਸਤਰਾਂ ਹੋਇਆ ਕਿ ਕੋਈ ਸੌਂ ਜਾਵੇ ਤਾਂ ਸਮਾਂ ਰੁਕ ਜਾਂਦਾ ਹੈ। ''ਜੇਕਰ ਕੋਈ

ਸਾਲ ਜਾਂ ਦਸ ਸਾਲ ਲਈ ਸੌਂ ਜਾਵੇ ਤਾਂ ਉਸਨੂੰ ਇੰਜ ਹੀ ਲੱਗੇਗਾ ਕਿ ਅੱਜ ਇਕ ਰਾਤ ਹੀ ਬੀਤੀ ਹੈ, ਕਿਉਂਕਿ ਉਹ ਤਾਂ ਮਹਿਜ਼ ਇਕ ਰਾਤ ਲਈ ਸਾਉਣਾ ਸਿੱਖਿਆ ਹੋਇਆ ਸੀ।"

ਇਹ ਜ਼ਰੂਰ ਹੈ ਕਿ ਘੰਟੇ ਹਨ, ਕੰਲੈਡਰ ਹਨ ਤੇ ਹੋਰ ਬੜਾ ਕੁਝ। ਪਰ ਇਹ ਸਭ ਬਣਾਉਟੀ ਸਾਧਨ ਹਨ ਉਹ ਕੇਵਲ ਹਵਾਲਾ ਬਿੰਦੂਆਂ ਦਾ ਹੀ ਸੰਕੇਤ ਦੇ ਸਕਦੇ ਹਨ। ਕੀ ਆਈਨਸਟਾਇਨ (Einstein) ਦਾ ਸਚਮੁੱਚ, ਇਹ ਕਹਿਣ ਦਾ ਭਾਵ ਸੀ ਕਿ ਸਚਾਈ ਸਮੇਂ ਦਾ ਹੀ ਇਕ ਕਾਰਜ ਹੈ? ਇਹ ਕਹਿਣ ਨਾਲ ਸਮੂਹ ਵਿਗਿਆਨ ਦੀ ਸਭ ਤੋਂ ਬੁਨਿਆਦੀ ਮਨੌਤ ਕਤਲ ਹੋ ਜਾਵੇਗੀ।

ਵਿਗਿਆਨਿਕ ਸਚਾਈਆਂ ਤਾਂ ਸਦਾ ਤੱਕ ਹੀ ਚਲਦੀਆਂ ਰਹਿੰਦੀਆਂ ਹਨ ਤੇ ਕਈ ਮਸਾਂ ਸਾਲ ਹੀ ਕਟਦੀਆਂ ਹਨ। ਵਿਗਿਆਨਕ ਸੱਚਾਈ ਕੋਈ .. ਨਹੀਂ ਹੁੰਦੀ ਜਿਹੜੀ ਆਨੰਤ ਕਾਲ ਤੱਕ ਇਕੋ ਜਿਹੀ ਚਲਦੀ ਰਹੇ। ਉਹ ਵੀ ਇਸ ਦੁਨੀਆਂ ਦੀ ਇਕ ਮਿਕਦਾਰੀ ਸ਼ੈ ਹੁੰਦੀ ਹੈ, ਹੋਰਾਂ ਸ਼ੈਆਂ ਵਾਂਗ ਹੀ ਵਾਚਿਆ ਜਾ ਸਕਦਾ ਹੈ?

Conclusin- ਪਰ ਮੇਰਾ ਕੰਮ ਉਹਨਾਂ ਸਾਰੇ ਨਾਵਲਾਂ, ਕਹਾਣੀਆਂ ਤੇ ਕਵਿਤਾਵਾਂ ਦੀ ਗਿਣਤੀ ਵਿਚ ਪੈਣਾ ਨਹੀਂ ਜਿੰਨ੍ਹਾਂ ਅੰਦਰ ਮਨੁੱਖ ਨੇ ਸਮੇਂ ਤੇ ਸਥਾਨ ਦੀਆਂ ਭੁਲ-ਭੁਲਾਈਆਂ ਨੂੰ ਸਮਝਣ ਦਾ ਯਤਨ ਕੀਤਾ ਹੈ ਦੇਖਣਾ ਇਹ ਹੈ ਕਿ ਸੰਸਾਰ ਭਰ ਦੇ ਲੇਖਕ ਕਿਥੋਂ ਤੱਕ ਵਿਗਿਆਨਿਕ ਪ੍ਰਸ਼ਨਾ ਦਾ ਫ਼ਿਕਰ ਕਰਦੇ ਹਨ ਤੇ ਉਹਨਾਂ ਨੂੰ ਕਲਾਮਈ ਬਿੰਬਾਂ ਦਾ ਜਾਮਾ ਪਹਿਨਾਉਣ ਵਿਚ ਕਿੰਨੇ ਕੁ ਸਫ਼ਲ ਹੁੰਦੇ ਹਨ। ਅੱਜ ਹੀ ਤੇਰਾ ਖ਼ਤ ਮਿਲਿਐ ਤੇਰੀ ... ਨੂੰ ਪਲਟਾ ਦੇਣ ਲਈ ਮੈਂ ਇਹ ਖ਼ਤ ਲਿਖਿਆ ਹੈ, ਹੋ ਸਕਦਾ ਤੇਰੀ ਮਾਨਸਿਕਤਾ ਮੇਰੇ ਖ਼ਤ ਵੱਲ ਰੁਖ ਅਪਣਾ ਲਵੇ। ਬਾਕੀ 'ਮਿਰਜ਼ਾ ਗਾਲਿਬ' ਦਾ ਮਸਲਾ ਮੈਂ ਆਪੇ ਆ ਕੇ ਹਲ ਕਰਾਂਗਾ। ਨਿਆਜ਼ਮੰਦ

**-ਸਿੰਕਦਰ ਭੱਟੀ**

**ਸੁਰਿੰਦਰ ਅਜਨਾਤ ਦਾ ਖ਼ਤ ਮੋਹਨ ਲਾਲ ਫਿਲੌਰੀਆ ਵੱਲ**

ਮੋਹਲ ਲਾਲ ਫਿਲੌਰੀਆ ਜੀ

ਬਹੁਤ ਖੁਸ਼ੀ ਹੋਈ ਕਿ 'ਪ੍ਰੀਤਲੜੀ' ਵਿਚ ਆਪ ਦੀਆਂ ਦੋ ਕਹਾਣੀਆਂ ਛਪੀਆਂ ਹਨ। ਆਪਦੀ ਪੁਸਤਕ 'ਲਾਗੀ' ਦਲਿਤ ਸਾਹਿਤ ਵਿੱਚ ਮੀਲ ਦਾ ਪੱਥਰ ਸਿੱਧ ਹੋਵੇਗੀ। ਇਹ ਮੇਰੀ ਸੋਚੀ ਸਮਝੀ ਰਾਏ ਹੈ। 'ਲਾਗੀ' ਨੇ ਪੰਜਾਬੀ ਦਲਿਤ ਸਾਹਿਤ ਨੂੰ ਅਮੀਰ ਬਣਾਇਆ ਹੈ। ਇਸ ਲਈ ਆਪ ਵਧਾਈ ਦੇ ਪਾਤਰ ਹੋ। **- ਸੁਰਿੰਦਰ ਅਜਨਾਤ, ਬੰਗਾ**

**ਲਾਲ ਸਿੰਘ ਦਸੂਹਾ ਦਾ ਖ਼ਤ ਭਗਵੰਤ ਰਸੂਲਪੁਰੀ ਵੱਲ**

1-5-92

ਮੈਂ ਅੱਜ ਤੇਰੀ ਪੁਸਤਕ 'ਮੈਂ, ਸ਼ੈਤਾਨ ਤੇ ਇੰਦੂਮਣੀ' ਦੀ ਗੋਸ਼ਟੀ ਤੇ ਪਹੁੰਚ ਨਹੀਂ ਸਕਦਾ। ਕਰੀਬ ਮਹੀਨੇ ਤੋਂ ਮੇਰੇ ਗੋਡੇ ਦੀ ਚੱਪਣੀ ਟੁੱਟ ਗਈ ਸੀ। ਉਸ ਕਾਰਨ ਇਕ ਲੱਤ ਅਜੇ ਕੋਈ ਕੰਮ ਨਹੀਂ ਕਰ ਰਹੀ। ਬੱਸ ਸੋਟੇ ਨਾਲ ਕਮਰੇ ਤੇ ਬਾਥਰੂਮ ਤੱਕ ਹੀ ਤੁਰਦਾ ਤੇ ਬਾਕੀ ਸੱਭ ਆਲਸ ਸੁਸਤੀ, ਸਾਡੇ ਖੇਤਰ ਵਿਚ ਸ਼ਰਾਫ਼ਤ ਦਾ ਕੋਈ ਮੁੱਲ ਨਹੀਂ, ਤੂੰ ਵੀ ਜਿੰਦਰ, ਗੁਰਮੀਤ ਕੜਿਆਲਵੀ, ਅਜਮੇਰ ਸਿੱਧੂ ਵਾਂਗ ਜਰਾ 'ਚੁਸਤੀ' ਤੋਂ ਕੰਮ ਲੈਣਾ ਸਿੱਖ ਲੈ ਨਹੀਂ ਤਾਂ ਤੇਰੀ ਵਧੀਆ ਕਹਾਣੀ ਲੇਖਣੀ, ਮੇਰੇ ਵਾਂਗ ਹਾਣਦੀ ਟੋਲੀ ਤੋਂ ਪਛੜ ਜਾਵੇਗੀ।

**-ਲਾਲ ਸਿੰਘ ਦਸੂਹਾ**



**ਅਜਮੇਰ ਸਿੱਧੂ ਦੇ ਦੋ ਖ਼ਤ ਭਗਵੰਤ ਰਸੂਲਪੁਰੀ ਵੱਲ**

ਪਿਆਰੇ ਸ਼ਰੀਕ 9-11-96

ਖ਼ੈਰੀਅਤ

ਕਹਾਣੀ ਉਤਸਵ ਤੋਂ ਆਉਂਦਿਆਂ ਤੇਰੀ 'ਇੰਦੂਮਣੀ' ਪੜ੍ਹੀ। ਮਨ ਅਸ਼ ਅਸ਼ ਕਰ ਉੱਠਿਆ। ਸੱਚਮੁਚ 'ਕਸੂਰਵਾਰ' ਤੋਂ ! ਬਾਅਦ ਤੇਰੀ ਇਹ ਕਹਾਣੀ ਚੱਜ ਦੀ ਹੈ। ਕਹਾਣੀ ਦਾ ਨਿਭਾਅ ਕਹਿਰ ਦਾ ਹੈ। ਕਹਾਣੀ ਭੱਜੀ ਜਾਂਦੀ ਹੈ। ਮੈਨੂੰ ਕਿਤੇ ਖੜੋਤ ਨਹੀਂ ਦਿਸੀ ਨਾ ਹੀ ਕੋਈ ਸੰਚਾਰ ਦੀ ਸਮੱਸਿਆ ਆਈ। ਗੌਤਮ ਰਿਸ਼ੀ ਤੇ ਅਹੱਸਿਆ ਵਾਲੀ ਮਿੱਥ ਦਾ ਵਧੀਆ ਢੰਗ ਨਾਲ ਪ੍ਰਯੋਗ ਹੋਇਆ ਹੈ। ਕਈ ਕਹਾਣੀਆਂ ਤਾਂ ਮਿੱਥ ਜੋਗੀਆਂ ਹੋ ਕੇ ਰਹਿ ਜਾਂਦੀਆਂ ਹਨ। ਇਥੇ ਮਿੱਥ ਕਹਾਣੀ ਯੋਗੀ ਹੋਈ ਹੈ। ਤੇਰੀ ਕਲਮ ਨੂੰ ਸਲਾਮ।

**-ਅਜਮੇਰ ਸਿੱਧੂ, ਨਵਾਂ ਸ਼ਹਿਰ**

ਮਿੱਤਰ ਪਿਆਰੇ 5-12-97

ਕਹਾਣਈ 'ਨੋ ਮੈਨਜ਼ ਲੈਂਡ' ਪਰਹਿਤ' ਲਈ ਭੇਜ ਰਿਹਾ ਹਾਂ। ਵਰਤ ਲੈਣੀ। ਨਾਲ ਫੋਟੋ ਵੀ। ਹਾਂ ਜੇ ਕਹਾਣੀ ਛਾਪਣ ਲਈ ਚਿੱਤ ਨਾ ਮੰਨਿਆ ਤਾਂ 'ਅਜੀਤ' ਨੂੰ ਭੇਜ ਦੇਈਂ ਮੇਰੇ ਵੱਲੋਂ। ਜੇ 'ਪਰਹਿੱਤ' ਵਿਚ ਛਾਪ ਵੀ ਲਈ ਤਦ ਵੀ ਬਾਅਦ ਵਿਚ 'ਅਜੀਤ' ਨੂੰ ਭੇਜ ਦੇਵੀਂ। ਧੰਨਵਾਦ।

'ਦੇਸ਼ ਸੇਵਕ' ਵਾਲਾ ਫੀਚਰ ਪੜ੍ਹਿਆ। ਚੰਗਾ ਲੱਗਾ। ਪਰ ਤੂੰ ਬਾਜ਼ ਨਾ ਆਇਆ। ਬੀਬਾ ਵਾਲੀ ਸ਼ਰਾਰਤ ਤੂੰ ਵੀ ਕਰ ਦਿੱਤੀ। ਇਹ ਗੱਲ ਚੰਗੀ ਨ੍ਹੀਂ। ਹੁਣ ਜਿਹੜਾ 'ਜਗ ਬਾਣੀ' ਵਿਚ ਭੇਜਣਾ ਹੈ ਇੱਕ ਤਾਂ ਉਹਦੇ ਵਿੱਚ ਸ਼ਰਾਰਤ ਨਹੀਂ ਕਰਨੀ ਵਿਆਹ ਵਾਲੀ। ਦੂਜੀ ਦੌਲਤਪੁਰ ਦਾ ਨਾਂ ਨਹੀਂ ਲਿਖਣਾ, ਤੀਜਾ ਪਰਿਵਾਰ ਦੀ ਟੁੱਟ ਭੱਜ ਨਹੀਂ ਲਿਖਣੀ। ਜੇ ਲਿਖਣੀ ਤਾਂ ਸਿੰਬੋਲਿਕ। ਜਿਹਨੂੰ ਹਰ ਇੱਕ ਨਾ ਸਮਝੇ। ਤੂੰ ਇਸ ਤਰ੍ਹਾਂ ਕਰੀ-ਥੇਹ, ਗੌਰਜਾਂ, ਅੰਦਰਲਾ ਬੰਦਾ, ਨਸੂਰ, ਨੋ ਮੈਨਜ਼ ਲੈਂਡ, ਬੰਦ ਦਰਵਾਜ਼ਾ, ਪਿੱਠ ਭੂਮੀ ਤੇ ਇਤਿਹਾਸ ਦੇ ਸਫ਼ੇ ਤੇ ਕਹਾਣੀਆਂ ਬਾਰੇ ਸਿਰਫ਼ ਲਿਖੀ। ਬਾਕੀ ਤੇਰੀ ਮਰਜ਼ੀ ਹੈ।

**- ਅਜਮੇਰ ਸਿੱਧੂ, ਨਵਾਂ ਸ਼ਹਿਰ**

**ਮੋਹਨ ਲਾਲ ਫਿਲੌਰੀਆ ਦਾ ਖ਼ਤ ਭਗਵੰਤ ਰਸੂਲਪੁਰੀ ਵੱਲ**

ਪਿਆਰੇ ਭਗਵੰਤ 8-8-2000

ਸਿੱਖ ਵਿਰਸਾ ਦੇ ਅਗਸਤ ਅੰਕ ਵਿਚ ਮੇਰੀ ਕਹਾਣੀ 'ਲਾਗੀ' ਛਪੀ ਹੈ। ਮੈਂ ਪਰਚਾ ਜਸਵੰਤ ਸਿੰਘ ਵਿਰਦੀ ਪਾਸੋ ਲੈਣ ਗਿਆ ਸੀ। ਪਰ ਉਹ ਇਸ ਕਰਕੇ ਖਫ਼ਾ ਸੀ ਕਿ ਉਸ ਦੀ ਕਹਾਣੀ **'ਕਥਾ ਦੇਸ਼'** ਵਿਚ ਸ਼ਾਮਲ ਨਹੀਂ ਕੀਤੀ ਗਈ। ਬਹੁਤੀ ਨਰਾਜ਼ਗੀ ਉਹਨੂੰ ਕਾਲੀ ਤੇ ਡਾ. ਸਰਬਜੀਤ ਨਾਲ ਸੀ।

**-ਮੋਹਨ ਲਾਲ ਫਿਲੌਰੀਆ, ਜਬਲਪੁਰ**

**ਕਸ਼ਮੀਰ ਨੀਰ ਦਾ ਖ਼ਤ ਭਗਵੰਤ ਰਸੂਲਪੁਰੀ ਵੱਲ**

ਪਿਆਰੇ ਭਗਵੰਤ ਰਸੂਲਪੁਰੀ ਜੀ

ਪ੍ਰੇਮ ਤੇ ਸਤਿਕਾਰ ਪਹੁੰਚੇ ! 'ਸਮਦਰਸ਼ੀ' ਦੇ ਲੰਮੀ ਕਹਾਣੀ ਵਿਸ਼ੇਸ਼ ਅੰਕ ਵਿਚ ਤੁਹਾਡੀ ਕਹਾਣੀ 'ਵਿੱਥਾਂ ਦੇ ਆਰ ਪਾਰ' ਪੜ੍ਹੀ ਹੈ। ਦਿਲ ਖੁਸ਼ ਹੋ ਗਿਆ ਹੈ। ਕਹਾਣੀ ਦੀ ਜਿੰਨੀ ਵੀ ਤਾਰੀਫ਼ ਕੀਤੀ ਜਾਏ ਘੱਟ ਹੈ। ਭੁੱਖਾਂ, ਥੁੜ੍ਹਾਂ ਤੇ ਪ੍ਰੇਮ ਦੀ ਭਾਵਨਾ ਨੂੰ ਜੋ ਤੁਸੀਂ ਚਿਤਰਿਆ ਹੈ ਉਹ ਮੈਂ ਆਪਣੇ ਆਸ ਪਾਸ ਜ਼ਿੰਦਗੀ ਵਿੱਚ ਵਾਪਰਦਾ ਤੱਕਿਆ ਹੈ। ਖੁਸ਼ ਰਹੋ ਪਿਆਰਿਓ ! ਤੁਸੀਂ ਬਹੁਤ ਹੀ ਸੁਹਣੀ ਕਹਾਣੀ ਬੜੇ ਸੁਚੱਜੇ ਢੰਗ ਨਾਲ ਪੇਸ਼ ਕੀਤੀ ਹੈ। ਰੱਬ ਕਰੇ ਤੁਸੀਂ ਅਜਿਹੀਆਂ ਹੀ ਕਹਾਣੀਆਂ ਲਿਖਦੇ ਰਹੋ ਤੇ ਛਾਪਦੇ

ਰਹੋ। ਮੈਨੂੰ ਤੁਹਾਡੀ ਰਚਨਾ ਬਹੁਤ ਹੀ ਪਸੰਦ ਆਈ।

**-ਕਸ਼ਮੀਰ ਨੀਰ, ਬਿਜਨੌਰ, ਯੂ. ਪੀ.**

**ਕਹਾਣੀਕਾਰ ਰਮਿੰਦਰ ਬਰਾੜ ਦਾ ਖ਼ਤ ਭਗਵੰਤ ਰਸੂਲਪੁਰੀ ਵੱਲ**

ਸਤਿਕਾਰਤ ਭਗਵੰਤ ਜੀ

ਤੁਹਾਡਾ ਖ਼ਤ ਮਿਲ ਗਿਆ ਸੀ। ਪੜ੍ਹ ਕੇ ਚੰਗਾ ਲੱਗਾ। ਕਹਾਣੀ ਤੁਸੀਂ ਪੜ੍ਹੀ 'ਫੈਸਲਾ'। ਪਸੰਦ ਆਈ। ਕੁਝ ਕੁ ਕਹਾਣੀਆਂ ਮੈਂ ਤਿਆਰ ਕੀਤੀਆਂ ਸੀ ਅਗਲੀ ਕਿਤਾਬ ਵਾਸਤੇ। ਉਸ ਤੋਂ ਪਹਿਲਾਂ ਵੱਖ ਵੱਖ ਪਰਚਿਆਂ ਤੱਕ ਪਹੁੰਚਾਣਾ ਮੈਂ ਠੀਕ ਸਮਝਿਆ। ਕਿਤਾਬ ਛਪਾਉਣ ਨੂੰ ਤਾਂ ਭਾਵੇਂ ਹਾਲੇ ਨਾ ਹੀ ਛਪਾਉਂਦੀ ਪਰ ਕੁਝ ਨਿੱਜੀ ਸਮੱਸਿਆਵਾਂ ਹਨ। ਜੋ ਇਸ ਲਈ ਕਾਹਲੀ ਵਿਚ ਹਾਂ। ਇਸ ਪ੍ਰਤੀ ਪ੍ਰੇਮ ਗੋਰਖੀ, ਦਲਬੀਰ ਚੇਤਨ, ਮੰਡ ਤੇ ਸੋਹਲ ਦੀ ਸਲਾਹ ਮੈਂ ਲਈ ਹੈ। ਉਹ ਸਹਿਮਤ ਹਨ।

ਖ਼ੈਰ ਪਹਿਲੀ ਕਿਤਾਬ ਵਿਚ ਮੈਂ ਇਕੱਲੀ ਸੀ, ਆਪਣੇ ਆਪ ਨਾਲ ਸਲਾਹ ਕੀਤੀ ਤੇ ਕਿਤਾਬ ਛਪਵਾ ਲਈ। ਨਾ ਸਾਹਿਤ ਪੜ੍ਹਿਆ ਨਾ ਸਾਹਿਤ ਬਾਰੇ ਕੋਈ ਗਿਆਨ ਤੇ ਨਾ ਕੋਈ ਗਾਈਡ ਕਰਨ ਵਾਲਾ ਸੀ। ਬਸ ਸਭ ਕੁਝ ਆਪੇ ਹੀ ਸਾਂ। ਪਰ ਹੁਣ ਸਭ ਮੇਰੇ ਨਾਲ ਹਨ। ਖਾਸ ਕਰਕੇ ਸਲਾਹ ਦੇਣ ਲਈ ਸਭ ਤਿਆਰ ਹਨ। ਤੁਹਾਨੂੰ ਮੈਂ ਪੜ੍ਹਦੀ ਰਹਿੰਦੀ ਹਾਂ। ਤਸਲੀਮਾ ਬਾਰੇ ਮੈਂ ਲੇਖ ਨਹੀਂ ਪੜ੍ਹ ਸਕੀ ਪਰ ਤੁਹਾਡੀਆਂ ਕਹਾਣੀਆਂ ਅਕਸਰ ਪੜ੍ਹਦੀ ਰਹਿੰਦੀ ਹਾਂ। ਕਈ ਵਾਰ ਰੇਡੀਓ ਤੋਂ ਸੁਣੀਆਂ ਵੀ ਹਨ।

**- ਰਮਿੰਦਰ ਕੌਰ ਬਰਾੜ,**

**ਅਮਰਜੀਤ ਕੌਂਕੇ ਦਾ ਖ਼ਤ ਭਗਵੰਤ ਰਸੂਲਪੁਰੀ ਵੱਲ**

12-5-97

ਤੇਰਾ 5-597 ਦਾ ਪੱਤਰ ਮਿਲਿਆ, ਜਿਸ 'ਚ ਤੂੰ ਚੌਥੀ ਪੀੜ੍ਹੀ ਦੀ ਕਹਾਣੀ ਨਾਲ ਸਬੰਧਿਤ ਕੁਝ ਮੁੱਦੇ ਉਠਾ ਕੇ ਉਹਨਾਂ ਦੇ ਜੁਆਬਾਂ ਦੀ ਮੰਗ ਕੀਤੀ ਹੈ। -ਦਰਅਸਲ ਮੈਂ ਚੌਥੀ ਪੀੜ੍ਹੀ ਦੀ ਹੋਂਦ ਸਬੰਧੀ ਕੋਈ ਸਪੱਸ਼ਟ ਨਹੀਂ ਹਾਂ। ਤੂੰ ਖ਼ੁਦ ਵੀ ਇਸ ਬਾਰੇ ਸਪਸ਼ਟ ਨਹੀਂ ਜੇ ਹੁੰਦਾ ਤਾਂ ਤੂੰ ਪਹਿਲੇ ਸਵਾਲ ਵਿੱਚ ਹੀ 'ਚੌਥੀ ਪੀੜ੍ਹੀ' ਤੇ 'ਸਮਕਾਲੀ ਕਹਾਣੀ' ਵਿਚ ਅੰਤਰ ਜ਼ਰੂਰ ਪਛਾਣਦਾ। ਮੇਰੀ ਜਾਚੇ ਇਹ ਕੁਝ ਕੁ ਬੰਦਿਆਂ ਵੱਲੋਂ ਗਰੁੱਪ ਖੜ੍ਹਾ ਕਰਨ ਦਾ ਇੱਕ ਸੋਸ਼ਾ ਹੈ। ਜਿਸ ਵਿਚ (ਜੇ ਤੂੰ ਮੰਨੇ) ਤੇਰੇ ਤੇ ਤੇਰੇ ਵਰਗੇ ਨਵੇਂ ਸਮਰੱਥ ਕਹਾਣੀਕਾਰਾਂ ਦੀਆਂ ਰਚਨਾਵਾਂ ਤੇ ਚਰਚਾ ਕਰਨ ਦੀ ਬਜਾਏ ਉਹਨਾਂ ਨੂੰ ਇਸ ਸ਼ੋਸ਼ੇ ਵਿੱਚ ਉਲਝਾਈ ਰੱਖਣਾ ਹੈ। ਜਿਹੜੇ ਗੁਣ ਔਗੁਣ ਤੂੰ ਚੌਥੀ ਪੀੜ੍ਹੀ ਦੀਆਂ ਕਹਾਣੀਆਂ ਵਿੱਚ ਦੱਸੇ ਹਨ । ਉਹ ਪਿਛਲੀ ਪੀੜ੍ਹੀ ਦੀਆਂ ਕਹਾਣੀਆਂ ਵਿਚ ਵੀ ਥੋੜ੍ਹੇ ਬਹੁਤ ਫ਼ਰਕ ਨਾਲ ਮੌਜੂਦ ਰਹੇ ਹਨ। ਜਿਹਨਾਂ ਕਹਾਣੀਕਾਰਾਂ ਨੂੰ ਤੁਸੀਂ ਚੌਥੀ ਪੀੜ੍ਹੀ ਕਹਾਣੀਕਾਰਾਂ ਦੀ ਸੰਗਿਆ ਦੇ ਰਹੇ ਹੋ, ਉਹਨਾਂ ਕਹਾਣੀਕਾਰਾਂ ਦੀਆਂ ਕਹਾਣੀਆਂ ਵਸਤੂ ਪੱਧਰ ਤੇ ਵੀ ਅਜੇ ਤੱਕ ਕਰਤਾਰ ਸਿੰਘ ਦੁੱਗਲ ਤੋਂ ਅੱਗੇ ਨਹੀਂ ਟੱਪੀਆਂ, ਜੇ ਤੂੰ ਕਹੇਂ ਤਾਂ ਮੈਂ ਕਹਾਣੀਆਂ ਦੀਆਂ ਉਦਾਹਰਣ ਵੀ ਦੇ ਸਕਦਾ ਹਾਂ। ਇਸ ਲਈ ਭਾਈ ਮੈਨੂੰ ਇਸ ਬਹਿਸ ਤੋਂ ਖ਼ਿਮਾ ਕਰੀ ਇਹ ਪ੍ਰਸ਼ਨੋਤਰੀ ਵਿਦਵਾਨ ਬੰਦਿਆਂ ਨੂੰ ਹੀ ਭੇਜ। ਕੱਲ੍ਹ ਤੇਰੀ ਪੁਸਤਕ 'ਮੈਂ ਸ਼ੈਤਾਨ ਤੇ ਇੰਦੂਮਣੀ' ਗੁਰਮੀਤ ਕੜਿਆਲਵੀ ਨੇ ਦਿੱਤੀ ਸੀ। ਉਹ ਪੜ੍ਹਨ ਉਪਰੰਤ ਤੈਨੂੰ ਖ਼ਤ ਲਿਖਾਂਗਾ।

**-ਅਮਰਜੀਤ ਕੌਂਕੇ, ਲੁਧਿਆਣਾ**

**ਦਰਸ਼ਨ ਮਿੱਤਵਾ ਦਾ ਖ਼ਤ ਭਗਵੰਤ ਰਸੂਲਪੁਰੀ ਵੱਲ**

ਪਿਆਰੇ ਭਗਵੰਤ 17-11-89

ਪੱਤਰ ਤੁਹਾਡਾ ਮਿਲ ਗਿਆ ਸੀ। ਕਈ ਦਿਨ ਪਹਿਲਾਂ ਪਰ ਉੱਤਰ ਦੇਣ ਵਿਚ ਦੇਰੀ ਹੋ ਗਈ ਹੈ



ਪਿਛਲੇ ਕਈ ਦਿਨ ਛੁੱਟੀਆਂ ਰਹੀਆਂ ਸਨ ਜਿਸ ਕਾਰਣ ਡਾਕ ਆਦਿ ਨਹੀਂ ਸੀ ਨਿਕਲਣੀ। ਤੁਹਾਨੂੰ ਅਤੇ ਤੁਹਾਡੇ ਮਿੱਤਰਾਂ ਨੂੰ ਨਾਵਲ 'ਚੁੱਪ ਰਾਤ ਦਾ ਸਿਵਾ' ਪਸੰਦ ਆਇਆ ਅਤੇ ਉਸ ਸੰਬੰਧੀ ਆਪਣੀ ਰਾਇ ਭੇਜਣ ਲਈ ਮੈਂ ਤੁਹਾਡਾ ਅਤਿ ਸ਼ੁਕਰਗੁਜ਼ਾਰ ਹਾਂ। ਤੁਸਾਂ ਜਿਹੇ ਸੁਹਿਰਦ ਮਿੱਤਰਾਂ ਦੇ ਸਹਿਯੋਗ ਪਿਆਰ ਅਤੇ ਯੋਗ ਅਗਵਾਈ ਸਦਕਾ ਹੀ ਵਧੀਆ ਰਚਨਾ ਹੋ ਸਕਦੀ ਹੈ ਅਤੇ ਕੋਈ ਰਚਨਾ ਸੰਬੰਧੀ ਮਿੱਤਰਾਂ ਦੇ ਖ਼ਤ ਆਉਣੇ, ਪ੍ਰਸੰਸਾਂ ਅਤੇ ਦੁਆਵਾਂ ਮਿਲਣੀਆਂ ਇਕ ਲੇਖਕ ਲਈ ਬਹੁਤ ਵੱਡੀ ਜਾਗੀਰ ਵਾਂਗ ਹੁੰਦੀਆਂ ਹਨ।

**-ਦਰਸ਼ਨ ਮਿੱਤਵਾ, ਮਾਨਸਾ**

**ਕਵੀ, ਸ਼ਾਇਰ ਜਗਰਾਜ ਧੌਲਾ ਦਾ ਕਵਿਤਾ 'ਚ ਲਿਖਿਆ ਖ਼ਤ ਭਗਵੰਤ ਰਸੂਲਪੁਰੀ ਵੱਲ**

ਚਿੱਟਾ ਦੁੱਧ ਮੁੱਛ ਦਾ ਵਾਲ਼ ! 17-2-1973
ਖਿੰਡਿਆ ਪੁੰਡਿਆ ਅੰਦਰੋਂ ਲਾਲ
ਔੜ ਵਿੱਚ ਬੱਦਲ ਜਿਉਂ ਵਰੇ ਸੁੱਕੇ ਅੰਬਰਾਂ ਤੇ,
ਇਉਂ ਤੇਰਾ ਖ਼ਤ ਯਾਰਾਂ ਮੇਰੇ ਕੋਲੇ ਆਇਆ ਸੀ।
ਤਨ ਦੁਆਲੇ ਵਲ਼ੀ ਗਲਵਕੜੀ ਦੇ ਨਿੱਘ ਜਿਹਾ,
ਪੱਤਰ ਦੇ ਵਿਚੋਂ ਮੈਂ ਪਿਆਰ ਤੇਰਾ ਪਾਇਆ ਸੀ।
ਸ਼ੁਕਰ ਐ ! ਨਾਚੀਜ਼ ਜਗਰਾਜ਼ ਯਾਦ ਕਿਸੇ ਦੇ ਐ,
ਨਹੀਂ ਤਾਂ ਜਿਉੜਾ ਫੁੱਲ ਵਾਂਗ ਕੁਮਲਾਇਆ ਸੀ।
ਸਾਹਿਤ ਵਿੱਚ ਚੱਲਪੀਐ ਚਾਪਲੂਸੀ ਚਮਚਾਗੀਰੀ,
ਇਸ ਗੱਲੋਂ ਮੇਰਾ ਡਾਹਢਾ ਮਨ ਘਬਰਾਇਆ ਸੀ।
ਅੱਜ ਕੱਲ ਲਿਖਦਾ ਹਾਂ ਕਿਸੇ ਨਕਸਲਵਾੜੀਆਂ ਦੇ,
ਧਰਿਆ ਨਾ ਨਾਮ ਹੁਣੇ ਨਾਵਲ ਮੁਕਾਇਆ ਸੀ।
ਨਾਲ ਨਾਲ ਲਿਖ ਕਿੱਸੇ ਗਾਉਂਦਾ ਨਾਲ ਮੰਡਲੀ ਦੇ,
ਭਾਅ ਗੁਰਸ਼ਰਨ ਜਿਹੜਾ ਕਾਫ਼ਲਾ ਚਲਾਇਆ ਸੀ।
ਸੋਚਦਾ ਹਾਂ ਕੈਸਿਟ ਕਢਾਵਾਂ ਨਾਲ ਲੋਕ ਸਾਜ਼ਾ,
ਢੱਡ ਤੇ ਸਾਰੰਗੀ ਆਲਗੋਜਿਆਂ ਦੇ ਨਾਲ ਜੀ।
ਪਰ ਮਜਬੂਰੀ ਮੇਰੀ ਭਾਰੀ ਐ ਕਬੀਲਦਾਰੀ,
ਤਾਂ ਹੀ ਤਾਂ ਮਠੀਰੇ ਜਾਂਦੇ ਕਦੇ ਕਦੇ ਖਿਆਲ ਜੀ।
ਫੇਰ ਜਦੋਂ ਯਾਰ ਪਾਉਂਦੇ ਦਿਲਬਰੀ ਝੋਲੀ ਵਿੱਚ,
ਸੂਹੇ ਹੁੰਦੇ ਚਾਅ ਨੱਚ ਪੈਂਦੇ ਨੇ ਮਲਾਲ ਜੀ।
ਬਹੁਤ ਛੇਤੀ ਕਿਸਾ ਕਰੂੰ ਨਜ਼ਰ ਮੈਂ ਸਾਰਿਆਂ ਦੇ,
ਭੋਲੇ ਗੁਰੂ ਸਰੀਏ ਦਾ ਜੀਹਦੇ ਵਿੱਚ ਹਾਲ ਜੀ।
ਧੰਨਵਾਦ ਕਰਾਂ ਮੈਨੂੰ ਮਿਲਦੇ ਸ਼ਬਦ ਹੈਨਾ,
ਬਸ ਇਨ੍ਹਾ ਕਹਾਂ ਜੋ ਤੂੰ ਲਿਖਿਆ 'ਆਮੀਨ' ਹੈ।
ਤਰਾਸ਼ੇ ਬਿਨ੍ਹਾ ਕਦੇ ਕੋਈ ਬਣੇ ਨਾ ਕਿਰਤ ਸੋਹਣੀ,
ਸਹਿਤ, ਬੁੱਤ, ਰਾਗ ਹੋਵੇ ਭਾਵੇਂ ਨਾਜ਼ਨੀਨ ਹੈ।

ਉਡਾਰੀਆਂ ਡੂੰਘਾਈਆਂ ਅਤੇ ਤਿਰਵਰਾ ਤਰੋਤੀਆਂ ਦਾ,
ਕਪੜਛਾਣ ਕਰੇ ਬਿਨਾ ਹੁੰਦਾ ਨਾ ਮਹੀਨ ਹੈ।
ਕਲਾ, ਸਾਹਿਤ ਕੀ? ਪੂਰਾ ਢੁੱਕਦਾ ਹੈ ਜ਼ਿੰਦਗੀ ਤੇ,
'ਤਰਾਸਦੇ ਹੈ ਲਿਸ਼ਕਦਾ' ਮੈਨੂੰ ਇਹ ਯਕੀਨ ਹੈ।
ਦੁਸ਼ਮਣਾਂ ਦੇ ਦੁਸ਼ਮਣਾਂ ਤੇ ਮਿੱਤਰਾਂ ਦੇ ਮਿੱਤਰਾਂ ਨੂੰ,
ਕਹੀਂ ਲਾਲ ਫਤਿਹ ਮੇਰੀ ਮਿੱਤਰਾ ਪਿਆਰਿਆ।
ਵਸਲਾਂ ਦੀ ਲੱਜਤ ਤੇ ਔਸੀਆਂ ਦੇ ਹੌਕੇ ਜਿੱਡੀ,
ਰਹੂਗੀ ਉਡੀਕ ਤੇਰੀ ਮਿੱਤਰਾ ਪਿਆਰਿਆਂ।
ਸਾਹਾਂ ਦੀ ਸੁਗੰਧ ਪੀਵਾਂ, ਹਵਾ ਦੇ ਮੁਹਾਣ ਬਹਿਕੇ,
ਮਿਲ ਕਦੇ ਇੱਕ ਵੇਰੀ, ਮਿੱਤਰਾ ਪਿਆਰਿਆ।
ਪਲਕਾਂ ਦੇ ਬੂਹੇ ਰੱਖੇ 'ਧੌਲਾ' ਪਿੰਡ ਖੋਹਲ ਸਦਾ,
ਸਾਡੇ ਵਿਹੜੇ ਪਾਈਂ ਫੇਰੀ ਮਿੱਤਰਾ ਪਿਆਰਿਆ।

ਹੁਣੇ ਰਜੀਵ ਸ਼ਰਮਾ ਦੀ ਤਾਰ ਆਈ ਐ। ਲੁਧਿਆਣੇ 21-2-93 ਨੂੰ ਨਾਟਕ ਹਨ। ਸਾਇਦ ਮਿਲੀਏ। ਮੇਰਾ 'ਕੁਰਸੀ' ਨਾਟਕ ਵਿਚ ਗਾਉਣ ਵਾਲੇ ਦਾ ਰੋਲ ਹੈ। ਪ੍ਰੋਗਰਾਮ ਬਹੁਤ ਹਨ।

**-ਜਗਰਾਜ ਧੌਲਾ, ਧੌਲਾ, ਸੰਗਰੂਰ**

**ਗੁਰਮੀਤ ਕੱਲਰ ਮਾਜਰੀ ਦੇ ਦੋ ਖ਼ਤ ਭਗਵੰਤ ਰਸੂਲਪੁਰੀ ਵੱਲ**

ਪਿਆਰੇ ਭਗਵੰਤ 7-9-91

ਯਾਦ! ਤੁਹਾਡੀਆਂ ਦੋਵੇਂ ਪੁਸਤਕਾਂ ਮਿਲ ਗਈਆਂ ਹਨ। ਸੰਭਵ ਹੈ ਮੇਰੇ ਥੀਸਿਸ ਵਿੱਚ ਵੀ ਮੈਂ ਤੁਹਾਡਾ ਜਿਕਰ ਜ਼ਰੂਰ ਕਰਾਂਗਾ। ਦਰਅਸਲ ਮੈਂ ਤੁਹਾਡੀਆਂ ਪੁਸਤਕਾਂ ਬਾਰੇ ਭਰਵੇਂ ਰੂਪ 'ਚ ਲਿਖਣਾ ਚਾਹੁੰਦਾ ਹਾਂ। 'ਚੌਥੀ ਕੂੰਟ' ਬਾਰੇ ਤਾਂ ਮੈਂ ਰੀਵਿਊ ਵੀ ਲਿਖ ਲਿਆ ਸੀ। 'ਲਕੀਰ' ਵਾਸਤੇ ਪਰ ਫਿਰ ਭੇਜਿਆਂ ਨਹੀਂ। ਤੁਹਾਡੀਆਂ ਕਹਾਣੀਆਂ ਬਾਰੇ ਵੀ ਤਫ਼ਸੀਲ ਨਾਲ ਗੱਲ ਕਰਨ ਦੀ 'ਸਖਤ ਜ਼ਰੂਰਤ' ਹੈ। ਤੁਸੀਂ ਆਪਣੀਆਂ ਕਹਾਣੀਆਂ ਵਿਚ ਆਪਣੇ ਪਰਿਵੇਸ਼ ਨੂੰ ਉਘਾੜਨ ਦੀ ਵਜਾਇ ਬੀਮਾਰ ਮਾਨਸਿਕਤਾ ਦਾ ਸ਼ਿਕਾਰ ਹੋ ਜਾਂਦੇ ਹੋ, ਖਾਸ ਕਰਕੇ ਉਸ ਪਹਿਲੂ ਬਾਰੇ ਤੁਹਾਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। 'ਨਾਗਮਣੀ' 'ਚ ਮੈਂ ਕਾਲੀ ਦੀ ਕਹਾਣੀ ਪੜ੍ਹ ਕੇ ਨਿਰਾਸ਼ ਹੋਇਆ ਹਾਂ।

ਦਲਿਤ ਸਾਹਿਤ ਬਾਰੇ ਮੇਰੀ ਧਾਰਣਾ ਹੈ ਕਿ ਏਥੇ ਦਲਿਤ ਸਾਹਿਤਕਾਰ ਤਾਂ ਹਨ ਪਰ ਸਾਹਿਤ ਨਹੀਂ। ਸੋ ਸਾਹਿਤ ਬਾਰੇ ਗੰਭੀਰਤਾ ਨਾਲ ਸੋਚਣ ਦੀ ਜ਼ਰੂਰਤ ਹੈ।

**-ਗੁਰਮੀਤ ਕੱਲਰ ਮਾਜਰੀ, ਪਟਿਆਲਾ**

ਪਿਆਰੇ ਰਸੂਲਪੁਰੀ

ਯਾਦ! ਸੰਭਵ ਹੈ ਤੂੰ ਮੇਰੇ ਨਾਲ ਨਾਰਾਜ਼ ਹੋਵੇਂ। -ਖ਼ੈਰ ਮੈਂ ਇਹਨਾਂ ਦਿਨਾਂ ਵਿਚ ਨਵੀਂ ਪੰਜਾਬੀ ਕਹਾਣੀ ਬਾਰੇ ਅਰਟੀਕਲ ਲਿਖ ਰਿਹਾ ਹਾਂ। ਜਿਸ ਨੂੰ ਮੈਂ ਅਗਲੇ ਵਰ੍ਹੇ ਆਪਣੀ ਆਲੋਚਨਾ ਦੀ ਪੁਸਤਕ ਵਿੱਚ ਛਾਪਾਂਗਾ। ਪੀਐਚ. ਡੀ. ਦੇ ਕੰਮ ਤੋਂ ਅਪ੍ਰੈਲ ਦੇ ਆਖੀਰ 'ਚ ਵਿਹਲਾ ਹੋਇਆ ਹਾਂ।

-ਤੈਨੂੰ ਇਸ ਲਈ ਖ਼ਤ ਪਾਇਆ ਹੈ ਕਿ ਤੂੰ ਆਪਣੀਆਂ ਸਾਰੀਆਂ ਕਹਾਣੀਆਂ ਦੀ ਤਫ਼ਸੀਲ ਜਲਦੀ ਭੇਜ। ਕਿਸੇ ਨਵੇਂ ਕਥਾਕਾਰ ਬਾਰੇ ਮੈਨੂੰ ਲਿਖ। ਮੈਂ ਚਾਹੁੰਦਾ ਹਾਂ ਕਿ ਨਵਿਆਂ ਬਾਰੇ ਚੰਗਾ ਮਿਹਨਤ



ਨਾਲ ਪਰਚਾ ਲਿਖਿਆ ਜਾਵੇ।

-ਇਸ ਆਰਟੀਕਲ ਵਿੱਚ ਵੱਖਰਾ ਕੀ ਹੋ ਸਕਦਾ ਹੈ। ਨਵੇਂ ਕਥਾਕਾਰ ਕਿਹੜੇ ਕਿਹੜੇ ਹਨ। ਲਿਖੀਂ। ਪਰ ਰੱਖੀ ਗੁਪਤ ਹੀ। ਤੇਰੀਆਂ ਕਹਾਣੀਆਂ ਦਾ ਮੈਂ ਪਾਠਕ ਹੀ ਨਹੀਂ ਪ੍ਰਸੰਸਕ ਵੀ ਹਾਂ। ਮੈਨੂੰ ਛੁੱਟੀਆਂ ਹਨ। ਜੇਕਰ ਕਦੇ ਜਲੰਧਰ ਗੇੜਾ ਲੱਗੇ ਤਾਂ ਲਿਖੀ ਤੂੰ ਕਿੱਥੇ ਤੇ ਕਦੋਂ ਮਿਲ ਸਕਦਾ ਹੈ।

**-ਗੁਰਮੀਤ ਕੱਲਰ ਮਾਜਰੀ,**

**ਦਵਿੰਦਰ ਮੰਡ ਦਾ ਖ਼ਤ ਭਗਵੰਤ ਰਸੂਲਪੁਰੀ ਵੱਲ**

ਭਗਵੰਤ 4-2-92

....ਪ੍ਰੋਫੈਸਰ ਗੁਰਲਾਲ ਸਿੰਘ ਕੁਝ ਇਹੋ ਜਿਹਾ ਪ੍ਰੋਫੈਸਰ ਹੈ ਜਿਸ ਦੀ ਗੱਲ ਨੂੰ ਵਿਚੇ ਛੱਡ ਜਾਣਾ ਸਾਡੇ ਲਈ ਬੜੀ ਵੱਡੀ ਬੇਇੱਜਤੀ ਦੀ ਗੱਲ ਸਾਬਤ ਹੁੰਦਾ ਹੈ। ਨਾਲੇ ਉਹ ਮੇਰੀ ਪੁਸਤਕ 'ਕਣੀਆਂ' ਉਪਰ ਗੱਲ ਬਾਤ ਕਰ ਰਿਹਾ ਸੀ। ਉਹਨੇ ਪਰਚਾ ਲਿਖਿਆ ਸੀ। ਮੈਂ ਮਿੰਨੀ ਕਹਾਣੀ ਉੱਕਾ ਹੀ ਲਿਖਣੀ ਛੱਡ ਚੁੱਕਾ ਹਾਂ। ਮੈਂ ਇੰਝ ਮਹਿਸੂਸ ਕਰ ਰਿਹਾ ਹਾਂ ਕਿ ਮਿੰਨੀ ਕਹਾਣੀ ਲਿਖ ਹੋ ਗਈ ਹੈ। ਇਹਨਾਂ ਦਿਨ੍ਹਾਂ 'ਚ ਅਣੂ, ਕਿਰਨ, ਹਰਫ਼, ਪੜ੍ਹੇ ਹਨ ਕਿਸੇ ਵੀ ਰਚਨਾ ਨੇ ਪ੍ਰਭਾਵ ਨਹੀਂ ਛੱਡਿਆ। ਕੋਸ਼ਿਸ਼ ਕਰੀਂ ਤੂੰ ਵੀ ਇਸ ਵਿਧਾ ਤੋਂ ਲਾਂਭੇ ਹੋਣ ਦੀ। 'ਨਾਗਮਣੀ' ਦੀ ਅਗਲੀ ਕਹਾਣੀ ਬਾਰੇ ਵੀ ਰਾਏ ਭੇਜੀ। ਬਾਕੀ ਠੀਕ ਹੈ। ਕੋਸ਼ਿਸ਼ ਕਰ ਵੱਡੀ ਕਹਾਣੀ ਲਿਖਣ ਦੀ ਤੇ ਤੂੰ ਵੀ 'ਨਾਗਮਣੀ' 'ਚ ਛਪ ਜਾਏਂ ਤਾਂ ਅਸੀਂ ਹੋਰ ਉੱਚੇ ਹੋ ਸਕੀਏ।

**-ਦਵਿੰਦਰ ਮੰਡ**

**ਬਲਦੇਵ ਮਿਸਤਰੀ ਦਾ ਖ਼ਤ ਭਗਵੰਤ ਰਸੂਲਪੁਰੀ ਵੱਲ**

ਤੁਹਾਡੀ ਚਿੱਠੀ ਮਿਲੀ ਤੁਹਾਨੂੰ ਕਹਾਣੀ ਪਸੰਦ ਆਈ ਬੜੀ ਖੁਸ਼ੀ ਦੀ ਗੱਲ ਹੈ। ਇਹ ਮੇਰੀ ਪਹਿਲੀ ਛਪੀ ਹੋਈ ਪਹਿਲੀ ਕਹਾਣੀ ਹੈ ਪਰ ਲਿਖੀਆਂ ਅੱਠ ਨੇ। ਖੁਸ਼ੀ ਦੀ ਗੱਲ ਹੈ ਕਿ ਕਹਾਣੀ ਪੰਜਾਬ ਵਿੱਚ ਉੱਗੀ ਪਹਿਲੀ ਫ਼ਸਲ ਆਲੋਚਕਾਂ ਦੀ ਗੜੇਮਾਰ ਤੋਂ ਬਚ ਰਹੀ। ਤੁਹਾਨੂੰ ਚਿੱਠੀ ਇਸ ਲਈ ਲੇਟ ਲਿਖ ਰਿਹਾ ਹਾਂ ਕਿਉਂਕਿ ਤੁਹਾਡੇ ਕਾਰਡ ਤੇ ਤੁਹਾਡਾ ਪਤਾ ਨਹੀਂ ਸੀ। ਪਰ ਮੈਨੂੰ ਪਤਾ ਸੀ। **'ਮੈਂ ਸ਼ੈਤਾਨ ਤੇ ਇੰਦੂਮਣੀ'** ਤੁਹਾਡੀ ਕਿਰਤ ਹੈ। ਇਸ ਲਈ ਕਿਤੋਂ ਵੀ ਇਹ ਕਿਤਾਬ ਮਿਲ ਨਹੀਂ ਸਕੀ। ਕਿਤਾਬ ਪੜ੍ਹਨ ਦੀ ਚਾਹਤ ਅਤੇ ਐਡਰੈੱਸ ਕਿਤਾਬ ਤੋਂ ਹੀ ਪੂਰੀ ਹੋ ਸਕਦੀ ਸੀ । ਮੈਂ ਕੋਈ ਲੇਖਕ ਨਹੀਂ ਹਾਂ, ਆਲੋਚਕ ਤੇ ਪਾਠਕ ਵਰਗ ਵਿਚੋਂ ਹਾਂ ਗੁਰਚਰਨ ਚਾਹਿਲ ਭੀਖੀ ਕਹਾਣੀਕਾਰ ਜੋ ਕਿ ਛੋਟੀ ਉਮਰੇ ਸਵਰਗ ਵਾਸ ਹੋ ਗਿਆ ਸੀ। ਉਸਦੀ ਯਾਦ ਵਿਚ ਦਸੰਬਰ ਨੂੰ ਹਰ ਸਾਲ ਕਹਾਣੀ ਦਰਬਾਰ ਕਰਵਾਇਆ ਜਾਂਦਾ ਹੈ। ਉਸਦਾ ਮੈਂ ਸਰਪ੍ਰਸਤ ਹਾਂ ਆਲੋਚਨਾਂ ਵੇਲੇ ਜਦੋਂ ਕਿਸੇ ਦੀ ਕਚਘਰੜ ਕਹਾਣੀ ਤੇ ਉਂਗਲ ਧਰ ਦਿੰਦਾ ਤਾਂ ਅਗਲਾ ਝੱਟ ਭੁੜਕ ਪੈਂਦਾ ਐਵੇਂ ਹੀ ਨੁਕਸ ਕੱਢ ਦਿੰਦੇ ਨੇ ਲੱਜ਼ਤ ਤਾਂ ਏਂ ਜਦ ਏਦੂ ਚੰਗਾ ਲਿਖਕੇ ਵਿਖਾਊ। ਕਿਸੇ ਆਲੋਚਕ ਤੋਂ ਇਹ ਮੰਗ ਜਾਇਜ਼ ਨਹੀਂ ਕਿਉਂਕਿ ਆਲੋਚਨਾਤਮਿਕ ਸ਼ਕਤੀ ਪਹਿਲੇ ਦਰਜੇ ਦੀ ਹੁੰਦੀ ਹੈ। ਸਿਰਜਣਾਤਮਿਕ ਸ਼ਕਤੀ ਦੂਜੇ ਦਰਜੇ ਦੀ ਕ੍ਰਿਪਾਲ ਕਜ਼ਾਕ, ਲਕਛਮੀ ਨਰਾਇਣ ਭੀਖੀ, ਸੱਤਪਾਲ ਭੀਖੀ, ਪ੍ਰੀਤ ਮਹਿੰਦਰ ਮੇਰੇ ਲਿਖਣ ਦੇ ਪ੍ਰੇਰਨਾ ਸਰੋਤ ਨੇ ਖਾਸ਼ ਕਰਕੇ ਕ੍ਰਿਪਾਲ ਕਜ਼ਾਕ ਤਾਂ ਇਕ ਦਿਨ ਲੜ ਹੀ ਪਿਆ ਮਿਸਤਰੀ ਜਦੋਂ ਤੇਰੇ 'ਚ ਟੇਲੈਂਟ ਐ ਤੂੰ ਲਿਖਦਾ ਕਿਉਂ ਨਹੀਂ। ਫਰਵਰੀ 97 ਵਿਚ ਮਾਨਸਾ ਸਾਹਿਤ ਸਭਾ ਵਾਲਿਆਂ ਨੇ ਅਣਖੀ ਦਾ ਰੂਬ ਰੂ ਕਰਵਾਇਆ ਸੀ ਜਿਹਦੇ ਵਿੱਚ ਸਭ ਤੋਂ ਵੱਧ ਅਣਖੀ ਤੋਂ ਮੈਂ ਸਵਾਲ ਪੁੱਛੇ ਕਈ ਗੱਲਾਂ 'ਚ ਤਾਂ ਟਾਲ ਮੋਟਲ ਹੀ ਕਰ ਗਿਆ ਉਸਤੋਂ ਬਾਅਦ ਜਦੋਂ। **'ਕਹਾਣੀ ਪੰਜਾਬ'** ਸਕੂਲਾਂ ਕਾਲਜਾਂ ਵਾਸਤੇ ਮਨਜ਼ੂਰ ਹੋਇਆ ਤਾਂ ਅਣਖੀ ਸਾਡੇ ਨੈਸ਼ਨਲ ਕਾਲਜ

ਭੀਖੀ ਵਿੱਚ ਮੈਗਜ਼ੀਨ ਲਵਾਉਣ ਆਇਆ ਸੀ। ਉਦੋਂ ਮੈਨੂੰ ਪਤਾ ਪੁੱਛਕੇ ਮਿਲਣ ਆਇਆ ਸੀ ਸਾਹਿਤਕ ਗੱਲਾਂ ਕਰਦੇ ਰਹੇ ਪਰ ਲਿਖਣ ਬਾਰੇ ਕੋਈ ਗੱਲ ਨਹੀਂ ਹੋਈ। ਤੁਹਾਡਾ ਕਹਾਣੀ ਸੰਗ੍ਰਹਿ ਪੜ੍ਹਿਆ ਬਹੁਤ ਚੰਗਾ ਲੱਗਿਆ। ਭੂਮਿਕਾ ਕਿਉਂ ਨਹੀਂ ਲਿਖਵਾਈ, ਕਹਾਣੀ **'ਵਿਥਾ ਦੇ ਆਰ ਪਾਰ'** 30 ਸਫ਼ਿਆ ਦੀ ਹੋਣ ਦੇ ਬਾਵਜੂਦ ਵੀ ਬੰਦਾ ਅੱਕਦਾ ਨਹੀਂ ਉੱਤਮ ਪੁਰਖ ਕਹਾਣੀਆਂ ਨੇ।

**- ਬਲਦੇਵ ਮਿਸਤਰੀ, ਭੀਖੀ, ਮਾਨਸਾ**

**ਗੁਲਜ਼ਾਰ ਮੁਹੰਮਦ ਗੌਰੀਆ ਦਾ ਖ਼ਤ ਭਗਵੰਤ ਰਸੂਲਪੁਰੀ ਵੱਲ**

ਪਿਆਰੇ ਭਗਵੰਤ ਰਸੂਲਪੁਰੀ 11-12-97

ਖ਼ਤ ਮਿਲ ਗਿਆ ਹੈ। ਤੇਰੀ ਪੁਸਤਕ ਮੈਂ ਪੜ੍ਹ ਲਈ ਹੈ। ਇਕ ਦੋ ਦਿਨਾਂ 'ਚ ਇਸ ਬਾਰੇ ਆਪਣੇ ਵਿਚਾਰ ਲਿਖਕੇ 'ਸਿਰਨਾਵਾਂ' ਨੂੰ ਘੱਲ ਦਿਆਂਗਾ। ਕੰਮ ਖ਼ਾਸਾ ਇਕੱਠਾ ਹੋਇਆ ਪਿਆ ਹੈ। ਇਸ ਕਰਕੇ ਦੇਰ ਹੋ ਗਈ। ਮੈਂ ਆਲੋਚਨਾ ਤੇ ਕਹਾਣੀ ਲੇਖਨ ਸ਼ਾਨਾ-ਬਸ਼ਾਨਾ ਚਲਾ ਰਿਹਾ ਹਾਂ। ਕਹਾਣੀ ਲੇਖਨ 'ਚ ਜੋ ਮਾਨਸਿਕ ਸੰਤੁਸ਼ਟੀ ਹੈ ਉਹ ਆਲੋਚਨਾ 'ਚ ਨਹੀਂ। ਫਿਰ ਲੇਖਕ ਮਾੜੀ ਜਿਹੀ ਅਲੋਚਨਾਤਮਕ ਗੱਲ ਵੀ ਸਹਾਰ ਨਹੀਂ ਸਕਦੇ। ਮੇਰੀ ਆਦਤ ਪਹਿਲਾਂ ਤੋਂ ਹੀ ਸੱਚੀ ਗੱਲ ਜਿਵੇਂ ਮੈਂ ਮਹਿਸੂਸ ਕਰਦਾ ਹਾਂ ਕਹਿਣ ਦੀ ਹੈ। ਪਿਛਲੇ ਦਿਨੀਂ 'ਅੰਤਰਾ' -ਸੁਖਜੀਤ ਦੀਆਂ ਕਹਾਣੀਆਂ 'ਤੇ ਗੋਸ਼ਟੀ ਸੀ ਲੁਧਿਆਣੇ। ਕਹਾਣੀ ਦੀ ਉੱਕਤੀ ਬਾਰੇ ਮੈਂ ਮਹਿਜ਼ ਦੋ ਫ਼ਿਕਰੇ ਬੋਲੇ ਹੋਣਗੇ। ਉਨ੍ਹਾਂ ਅਖ਼ਬਾਰ ਦੀਆਂ ਰਿਪੋਰਟਾਂ 'ਚ ਮੇਰਾ ਨਾਂ ਹੀ ਗਾਇਬ ਕਰ ਦਿੱਤਾ ਜਾਂ ਕਰਵਾ ਦਿੱਤਾ। ਮੈਨੂੰ ਅਜਿਹੀਆਂ ਗੱਲਾਂ ਨਾਲ ਭਾਵੇਂ ਕੋਈ ਸਰੋਕਾਰ ਨਹੀਂ। ਪਰੰਤੂ ਮੈਂ ਉਨ੍ਹਾਂ ਲੋਕਾਂ ਦੀ ਇਸ ਮਾਨਸਿਕ ਸਥਿਤੀ 'ਤੇ ਉਦਾਸ ਹੀ ਹੋ ਸਕਦਾ ਹਾਂ। ਆਲੋਚਕ ਕਦੇ ਵੀ ਕਿਸੇ ਰਚਨਾਕਾਰ ਦਾ ਕੁਝ ਵਿਗਾੜ ਨਹੀਂ ਸਕਦਾ। ਪ੍ਰੰਤੂ ਜੇ ਸੁਹਿਰਦਤਾ ਨਾਲ ਗੱਲ ਕਰੇ ਤਾਂ ਰਚਨਾਕਾਰ ਲਈ ਲਾਹੇਵੰਦ ਹੀ ਹੁੰਦਾ ਹੈ। ਨੁਕਸਾਨਦੇਹ ਨਹੀਂ। ਜਿੰਦਰ ਅਤੇ ਹੋਰ ਭੂਤ ਮੰਡਲੀ ਨੂੰ ਸਲਾਮ ਕਹੀਂ। 'ਫੁੱਫੜ ਜੀ' (ਪ੍ਰੇਮ ਪ੍ਰਕਾਸ਼) ਵੱਡਾ ਲੇਖਕ ਹੈ। ਆਪਣੇ ਨਾਲ ਮੋਹ ਰੱਖਦਾ ਹੈ ਇਹੀ ਬਹੁਤ ਹੈ। ਮੈਨੂੰ ਲਗਦਾ ਏ ਬਈ 'ਦਿਲ' ਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲਣ ਵਾਲਾ ਈ ਸਮਝੋ। ਫੁੱਫੜ ਦੇ ਕਾਰਨਾਮੇ ਬੜੇ ਗੁੱਝੇ ਹੁੰਦੇ ਨੇ। ਤੇਰੀ ਵਹੁਟੀ ਬੜੀ ਚੰਗੀ ਲੱਗੀ। ਤੁਹਾਡਾ ਬੜਾ ਜੋੜ ਮੇਲ ਹੈ। ਚੰਗੇ ਵਿਆਹੁਤਾ ਜੀਵਨ ਲਈ ਦੁਆ ਕਰਦਾ ਹਾਂ।

**-ਗੁਲਜ਼ਾਰ ਮੁਹੰਮਦ ਗੋਰੀਆ, ਸਮਰਾਲਾ**

**ਕਥਾਕਾਰ ਤਲਵਿੰਦਰ ਸਿੰਘ ਖ਼ਤ ਭਗਵੰਤ ਰਸੂਲਪੁਰੀ ਵੱਲ**

ਪਿਆਰੇ ਭਗਵੰਤ 5-5-97

28.3.97 ਦੀ ਪਾਈ ਤੇਰੀ ਚਿੱਠੀ ਅਪ੍ਰੈਲ ਦੇ ਪਹਿਲੇ ਹਫ਼ਤੇ ਹੀ ਮਿਲ ਗਈ ਸੀ। ਬਾਅਦ 'ਚ ਮੈਂ ਪਾਕਿਸਤਾਨ ਚਲਾ ਗਿਆ। ਉਥੋਂ ਆ ਕੇ ਕੁਝ ਦਿਨ ਮੁਕੰਮਲ ਤੌਰ ਤੇ ਸਾਹਿਤ ਨਾਲੋਂ ਟੁੱਟਾ ਰਿਹਾ। ਸਾਹਿਤ ਨਾਲ ਜੁੜਨ ਦਾ ਕੰਮ ਤੇਰੀ ਕਿਤਾਬ 'ਮੈਂ ਸ਼ੈਤਾਨ ਤੇ ਇੰਦੂਮਣੀ' ਨਾਲ ਜੁੜ ਹੋਇਆ। ਉਂਜ ਭਾਵੇਂ ਮੈਂ ਕਿਤਾਬ ਇਕ ਵਾਰ ਹੀ ਪੜ੍ਹਦਾ ਪਰ ਹੁਣ ਮੈਂ ਤੇਰੀਆਂ ਅੱਠੇ ਕਹਾਣੀਆਂ ਦੋ ਵਾਰ ਪੜ੍ਹੀਆਂ ਨੇ। ਪੜ੍ਹੀਆਂ ਹੀ ਨਹੀਂ, ਇਹਨਾਂ ਨੂੰ ਮਾਣਿਆ ਵੀ ਹੈ।

ਹਰਭਜਨ ਸਿੰਘ ਹੁੰਦਲ ਹੋਰਾਂ ਪਾਸੋਂ ਇਹ ਕਿਤਾਬ ਮੈਨੂੰ ਪ੍ਰਾਪਤ ਹੋ ਗਈ ਸੀ। ਮੇਰਾ ਕੀਤਾ ਰੀਵਿਊ



ਆਉਂਦੇ 'ਚਿਰਾਗ਼' ਦੇ ਅੰਕ ਵਿਚ ਲੱਗ ਜਾਏਗਾ।

ਆਪਣੀ ਕਹਾਣੀ ਪੁਸਤਕ 'ਨਾਇਕ ਦੀ ਮੌਤ' ਮੈਂ ਹਾਲੇ ਕਿਸੇ ਮਿੱਤਰ ਨੂੰ ਨਹੀਂ ਭੇਜੀ। ਕੋਸ਼ਿਸ਼ ਕਰਾਂਗਾ ਇਕ ਦੋ ਦਿਨਾਂ ਵਿਚ ਭੇਜ ਦਿਆਂ।

ਤੂੰ ਕਿਸੇ ਮੈਗਜ਼ੀਨ ਦੇ ਕਹਾਣੀ ਅੰਕ ਨੂੰ ਸੰਪਾਦਤ ਕਰਨ ਦੀ ਗੱਲ ਲਿਖੀ ਸੀ। ਉਸਦਾ ਕੀ ਬਣਿਆ?

ਤੁਹਾਡੇ ਕਹਾਣੀਕਾਰ ਮਿੱਤਰਾਂ 'ਚੋਂ ਕੋਈ ਵੀ ਮੇਰੇ ਉਸ ਸਮਾਗਮ ਤੇ ਨਹੀਂ ਅਪੜਿਆ। ਸਮਾਗਮ ਵਧੀਆ ਹੋ ਗਿਆ ਸੀ।

**-ਤਲਵਿੰਦਰ ਸਿੰਘ, ਅੰਮ੍ਰਿਤਸਰ**

**ਸੂਝਵਾਨ ਪਾਠਕ ਜੋਗਿੰਦਰਪਾਲ ਮਾਨ ਦਾ ਖ਼ਤ ਭਗਵੰਤ ਰਸੂਲਪੁਰੀ ਵੱਲ**

ਰਸੂਲਪੁਰੀ ਜੀ 14-10-95

ਕਿਸੇ ਝਗੜੇ ਕਾਰਨ ਮੈਂ ਤਿੰਨ ਮਹੀਨੇ ਛੁੱਟੀ ਤੇ ਰਿਹਾ। ਪਰ ਇਸੇ ਬਹਾਨੇ ਬਹੁਤ ਸਾਰਾ ਪੜ੍ਹਨ ਦਾ ਵਕਤ ਮਿਲ ਗਿਆ। ਦੋ ਢਾਈ ਸਾਲ ਦੇ ਰਸਾਲੇ ਜਿੰਨੇ ਕੁ ਮੇਰੇ ਕੋਲ ਸਨ ਉਹਨਾਂ ਵਿਚਲੀਆਂ ਕਹਾਣੀਆਂ ਨੂੰ ਗਹੁ ਨਾਲ ਪੜ੍ਹਿਆ ਤੇ ਲੇਖਕਵਾਰ ਉਨ੍ਹਾਂ ਦੇ ਨੋਟ ਵੀ ਤਿਆਰ ਕੀਤੇ। ਤੁਹਾਡੀਆਂ ਚਾਰ ਕੁ ਕਹਾਣੀਆਂ ਭੀ ਉਹਨਾਂ ਵਿੱਚ ਸ਼ਾਮਲ ਹਨ। 1. ਕੀੜਾ, 2. ਸ਼ੈਤਾਨ, 3. ਕਸੂਰਵਾਰ, 4. ਫੈਸਲਾ ਹੋਣ ਤੱਕ। ਤੇ ਉਸੇ ਅਧਾਰ ਤੇ ਇਹ ਖ਼ਤ ਲਿਖ ਰਿਹਾ ਹਾਂ। ਕਹਾਣੀ 'ਕਸੂਰਵਾਰ' ਮੈਨੂੰ ਇਕੱਲੇ ਤੁਹਾਡੀਆਂ ਹੀ ਕਹਾਣੀਆਂ ਵਿਚੋਂ ਨਹੀਂ ਸਗੋਂ 50-60 ਕਹਾਣੀਆਂ ਮੈਂ ਪੜ੍ਹੀਆਂ ਉਹਨਾਂ ਵਿਚੋਂ ਭੀ ਚੋਣਵੀਂ ਲੱਗੀ। ਇਸਦਾ ਕਾਰਣ ਮੈਂ ਇਹ ਨੋਟ ਕੀਤਾ ਹੈ, "ਬੰਦਾ ਜਿਸ ਮਾਹੌਲ ਵਿੱਚ ਜੰਮਿਆ ਪਲਿਆ ਹੋਵੇ ਜੋ ਉਹਦੇ ਜਾਤੀਗਤ ਸੰਸਕਾਰ ਹੋਣ ਉਹ ਉਹਨਾਂ ਨੂੰ ਹੀ ਬਾਖੂਬੀ ਪੇਸ਼ ਕਰ ਸਕਦਾ ਹੈ। ਪਾਠਕ ਨਾਲ ਭੀ ਇਹੀ ਕੁਝ ਵਾਪਰਦਾ ਹੈ ਤੇ ਉਹ ਉਸ ਰਚਨਾ ਵਿੱਚ ਡੁੱਬ ਜਾਂਦਾ ਹੈ। 'ਕਸੂਰਵਾਰ' ਕਹਾਣੀ ਪੜ੍ਹਦਿਆਂ ਮੈਂ ਕੁਝ ਏਸੇ ਤਰ੍ਹਾਂ ਦਾ ਅਨੁਭਵ ਮਹਿਸੂਸ ਕੀਤਾ। 'ਕੀੜਾ' ਕਹਾਣੀ ਵਿਚਲਾ ਮਨੋਵਿਸਲੇਸ਼ਣ ਤੇ ਉਸਦਾ ਠੋਸ ਨਿਭਾਅ, ਕਹਾਣੀ ਤੇ ਪੂਰੀ ਪਕੜ ਦੇ ਸੂਚਕ ਹਨ। 'ਸ਼ੈਤਾਨ' ਕਹਾਣੀ ਦੇ ਸ਼ਬਦ, 'ਮੇਰੇ ਜ਼ਿਹਨ ਵਿਚ ਮਹੁੰਮਦ ਤੁਗਲਕ ਦੀਆਂ ਯੋਜਨਾਵਾਂ ... ਕਦੇ ਬਾਬਰ ਤੇ ਇਬਰਾਹੀਮ ਦਾ ਪਾਨੀਪਤ ਦਾ ਯੁੱਧ ਆ ਵੜਦਾ ਹੈ ਵਿਚੇ ਕਾਂਤਾ ਆ ਵੜਦੀ।" ਕਹਾਣੀ ਦਾ ਸਾਰ ਹਨ। 'ਫੈਸਲਾ ਹੋਣ ਤੱਕ' ਬੜੀ ਸੰਤੁਲਤ ਸੋਚ ਦੀ ਸੂਚਕ ਕਹਾਣੀ ਹੈ। ਜਾਤਪਾਤ ਨੂੰ ਸਿੱਧੀ ਸਪੱਸ਼ਟ ਲੀਕ ਮਾਰਕੇ ਪੇਸ਼ ਕਰਨ ਦੀ ਥਾਂ ਪੰਚ ਦੇ ਮੁੰਡੇ ਨਾਲ ਚਮਾਰ ਭੀ ਬਰਾਬਰ ਸਜ਼ਾ ਭੁਗਤਦਾ ਹੈ। ਬਾਕੀ ਫਿਰ ਸਹੀਂ।

**- ਜੋਗਿੰਦਰਪਾਲ ਮਾਨ, ਸਮਰਾਵਾਂ, ਜਲੰਧਰ**

✪

***'ਕਹਾਣੀ ਧਾਰਾ' ਦੇ ਪੁਰਾਣੇ ਅੰਕ ਬਸ ਇਕ ਕਲਿੱਕ ਕਰਕੇ ਪੜ੍ਹੋ***

***'ਕਹਾਣੀ ਧਾਰਾ' ਨੂੰ ਛਪਦਿਆਂ ਪੰਦਰਾਂ ਸਾਲ ਹੋ ਗਏ ਹਨ। ਅਸੀਂ ਹੁਣ ਤੱਕ ਕਹਾਣੀ ਧਾਰਾ ਦੇ 58 ਅੰਕ ਪਾਠਕਾਂ ਲਈ ਪ੍ਰਕਾਸ਼ਤ ਕਰ ਚੁੱਕੇ ਹਾਂ। ਇਸ ਦੇ ਸਾਰੇ ਅੰਕਾਂ ਦੀਆਂ PDF ਤਿਆਰ ਕਰਕੇ ਅਸੀਂ ਇਸ ਦੀ ਵੈਬਸਾਇਟ 'ਤੇ ਪਾ ਦਿੱਤੀਆਂ ਹਨ। ਤੁਸੀਂ ਗੁਗਲ ਸਰਚ ਇੰਜਨ 'ਤੇ ਜਾ ਕੇ : kahani Dhara ਕਲਿੱਕ ਕਰੋ। Parwaz Parkashan ਦੀ ਵੈਬਸਾਇਟ ਨਾਲ 'ਕਹਾਣੀ ਧਾਰਾ' ਦਾ ਵੈਬ ਪੇਜ਼ ਵੀ ਜੁੜਿਆ ਹੋਇਆ ਹੈ। ਤੁਸੀਂ ਪ੍ਰਵਾਜ਼ ਪ੍ਰਕਾਸ਼ਨ ਦੀ ਵੈਬਸਾਇਟ ਖੋਲ੍ਹ ਕੇ ਵੀ 'ਕਹਾਣੀ ਧਾਰਾ' ਦੇ ਪੁਰਾਣੇ ਅੰਕ ਨੰ. 1-58 ਤੱਕ ਡਾਊਨਲੋਡ ਕਰ ਸਕਦੇ ਹੋ। ਇਸ ਵੈਬਸਾਈਟ 'ਚ ਗਲਪ ਨੂੰ ਸਮਰਪਤ 'ਸੁਰ ਸਾਂਝ' ਦੇ ਪੰਜ ਅੰਕ ਵੀ ਪੜ੍ਹਨ ਨੂੰ ਮਿਲਣਗੇ।***


***-ਸੰਪਾਦਕ***

# ਮੇਰਾ ਸਟੱਡੀ ਟੇਬਲ/ - ਭਗਵੰਤ ਰਸੂਲਪੁਰੀ

ਜਦੋਂ ਮੈਂ 'ਕਹਾਣੀ ਧਾਰਾ' ਦਾ ਵਿਸ਼ੇਸ਼ ਅੰਕ 'ਚਿੱਠੀਆਂ ਅੰਕ' ਤਿਆਰ ਕਰਨ ਦੀ ਵਿਉਂਤ ਬਣਾਈ ਤਾਂ ਮਨ ਵਿਚ ਖਿਆਲ ਆਇਆ ਕਿ ਚਿੱਠੀਆਂ ਦੀਆਂ ਕਿਤਾਬਾਂ ਪੜ੍ਹੀਆਂ ਜਾਣ। ਤਾਂ ਕਿ ਪਤਾ ਲੱਗ ਸਕੇ ਕਿ ਲੇਖਕ ਚਿੱਠੀਆਂ ਵਿਚ ਕਿਹੋ ਜਿਹੀਆਂ ਗੱਲਾਂ ਕਰਦੇ ਨੇ ਅਤੇ ਉਸ ਕਿਹੜੇ ਮਸਲੇ ਚਿੱਠੀਆਂ ਵਿਚ ਡਿਸਕਸ ਕਰਦੇ ਨੇ। ਉਨ੍ਹਾਂ ਦੀ ਸਾਹਿਤ ਪ੍ਰਤੀ ਅਤੇ ਸਮਾਜ ਪ੍ਰਤੀ ਕਿਹੋ ਜਿਹੀ ਦ੍ਰਿਸ਼ਟੀ ਹੁੰਦੀ ਹੈ ਅਤੇ ਉਹ ਆਪਣੇ ਸਮਕਾਲੀ ਸਾਹਿਤ ਬਾਰੇ ਕਿਸ ਤਰ੍ਹਾਂ ਸੋਚਦੇ ਨੇ। ਉਨ੍ਹਾਂ ਦੀ ਦ੍ਰਿਸ਼ਟੀ ਸਮਕਾਲ 'ਚ ਲਿਖੇ ਸਾਹਿਤ ਪ੍ਰਤੀ ਕਿਹੋ ਜਿਹੀ ਹੁੰਦੀ ਏ। ਉਨ੍ਹਾਂ ਦੇ ਮਨ ਅੰਦਰ ਦੱਬੀਆਂ ਭਾਵਨਾਵਾਂ ਕਿਹੋ ਜਿਹੀਆਂ ਨੇ। ਇਸ ਕਾਰਜ਼ ਲਈ ਮੈਂ ਚਿੱਠੀਆਂ ਨਾਲ ਸੰਬੰਧਤ ਕਿਤਾਬਾਂ ਲੱਭਣ ਲੱਗ ਪਿਆ। ਰਜਿੰਦਰ ਬਿਮਲ ਨੇ ਵੱਖ-ਵੱਖ ਲੇਖਕਾਂ ਦੇ ਖ਼ਤਾਂ ਦੀਆਂ ਚਾਰ ਕਿਤਾਬਾਂ ਛਾਪ ਕੇ ਬਹੁਤ ਵਧੀਆਂ ਕਾਰਜ਼ ਕੀਤਾ ਏ। ਭਾਵੇਂ ਇਹ ਅਨੁਵਾਦ ਕੀਤੀਆਂ ਕਿਤਾਬਾਂ ਨੇ ਪਰ ਇਨ੍ਹਾਂ ਕਿਤਾਬਾਂ ਨੂੰ ਵੇਖ ਕੇ ਪੰਜਾਬੀ ਲੇਖਕਾਂ ਨੇ ਇਹ ਯਤਨ ਨਹੀਂ ਕੀਤਾ ਕਿ ਚਿੱਠੀਆਂ ਦੀਆਂ ਏਹੋ ਜਿਹੀਆਂ ਕਿਤਾਬਾਂ ਸੰਪਾਦਤ ਕੀਤੀਆਂ ਜਾਣ।

ਬਾਹਰਹਾਲ ਮੈਂ ਆਪਣੇ ਸਟੱਡੀ ਟੇਬਲ 'ਤੇ ਚਿੱਠੀਆਂ ਨਾਲ ਸਬੰਧਤ ਕਿਤਾਬਾਂ ਲਿਆ ਰੱਖੀਆ। ਨਾਲ ਹੀ ਕੁਝ ਹਿੰਦੀ ਦੇ ਮੈਗਜ਼ੀਨ ਵੀ ਰੱਖ ਲਏ, ਜਿਨ੍ਹਾਂ ਵਿਚ ਹਿੰਦੀ ਤੇ ਵਿਦੇਸ਼ੀ ਲੇਖਕਾਂ ਦੀਆਂ ਮੁੱਲਵਾਨ ਚਿੱਠੀਆਂ ਛਪੀਆਂ ਹਨ। ਪੰਜਾਬੀ ਲੇਖਕਾਂ ਦੀਆਂ ਚਿੱਠੀਆਂ ਦੇ ਸੰਗ੍ਰਹਿ ਗਿਣਤੀ ਦੇ ਹੀ ਹਨ। ਇਸ ਵਿਧਾ 'ਤੇ ਬਹੁਤ ਹੀ ਘੱਟ ਕੰਮ ਹੋਇਆ ਏ। ਚਿੱਠੀਆਂ ਦੇ ਦੌਰ ਵਾਲੇ ਲੇਖਕਾਂ ਨੇ ਨਾ ਆਪਣੀਆਂ ਚਿੱਠੀਆਂ ਸਾਂਭੀਆਂ ਹਨ ਅਤੇ ਨਾ ਹੀ ਉਨ੍ਹਾਂ ਨੇ ਆਈਆਂ ਚਿੱਠੀਆਂ ਸਾਂਭੀਆਂ ਹਨ। ਮੈਂ ਜਦੋਂ ਲੇਖਕਾਂ ਕੋਲੋਂ ਚਿੱਠੀਆਂ ਦੀ ਮੰਗ ਕਰਨੀ ਸ਼ੁਰੂ ਕੀਤੀ ਤਾਂ ਪਤਾ ਲੱਗਾ ਕਿ ਬਹੁਤ ਸਾਰੇ ਸਿਆਣੀ ਉਮਰ ਦੇ ਲੇਖਕਾਂ ਕੋਲੋਂ ਚਿੱਠੀਆਂ ਦੇ ਢੇਰ ਸਾਂਭੇ ਪਏ ਹਨ। ਮੈਂ ਉਨ੍ਹਾਂ ਨੂੰ ਆਪਣੇ ਆਪਣੇ ਪੱਧਰ 'ਤੇ ਉਨ੍ਹਾਂ ਚਿੱਠੀਆਂ ਨੂੰ ਪੁਸਤਕ ਰੂਪ ਵਿਚ ਸਾਂਭਣ ਦੀ ਪਰੇਰਨਾ ਵੀ ਦਿੱਤੀ। ਸਿੱਟਾ ਇਹ ਨਿਕਲਿਆ ਕਿ ਕਈ ਲੇਖਕਾਂ ਨੇ ਚਿੱਠੀਆਂ ਸਾਂਭਣ ਦਾ ਉਪਰਲਾ ਕਰਨਾ ਸ਼ੁਰੂ ਕਰ ਦਿੱਤਾ ਏ। ਫ਼ਿਲਹਾਲ ਆਪਣੇ ਸਟੱਡੀ ਟੇਬਲ 'ਤੇ ਪਈਆਂ ਚਿੱਠੀਆਂ ਨਾਲ ਸਬੰਧਤ ਕਿਤਾਬਾਂ ਨਾਲ ਤੁਹਾਡੀ ਸੰਖੇਪ ਸਾਂਝ ਪਵਾਉਂਦਾ ਹਾਂ। ਕੁਝ ਕਿਤਾਬਾਂ ਮੇਰੀ ਪਹੁੰਚ ਤੋਂ ਬਾਹਰ ਵੀ ਰਹਿ ਗਈਆਂ ਹਨ।

## ਨਾਨਕ ਸਿੰਘ ਦੀ ਖ਼ਤੋ-ਕਿਤਾਬਤ




ਨਾਨਕ ਸਿੰਘ ਦੇ ਲੜਕੇ ਕਰਤਾਰ ਸਿੰਘ ਸੂਰੀ ਨੇ ਆਪਣੇ ਪਿਤਾ ਦੀਆਂ ਚਿੱਠੀਆਂ ਇਸ ਪੁਸਤਕ ਵਿਚ ਸੰਪਾਦਤ ਕੀਤੀਆਂ ਹਨ। ਉਸ ਨੇ ਨਾਨਕ ਸਿੰਘ ਦੇ ਦੋਸਤਾਂ ਕੋਲੋਂ ਨਾਨਕ ਸਿੰਘ ਦੀਆਂ ਚਿੱਠੀਆਂ ਇਕੱਤਰ ਕਰਨ ਦਾ ਜਦੋਂ ਯਤਨ ਕੀਤਾ ਤਾਂ ਉਹਨੂੰ ਐਨੀ ਸਫ਼ਲਤਾ ਨਹੀਂ ਮਿਲੀ। ਇਸ ਕਿਤਾਬ ਦਾ ਪਹਿਲਾਂ ਸੰਸਕਰਣ, 1989 ਵਿਚ ਛਪਿਆ ਸੀ। ਪੁਸਤਕ ਵਿਚ ਨਾਨਕ ਸਿੰਘ ਦੇ ਗਿਣਤੀ ਦੇ ਖ਼ਤ ਹਨ। ਵਧੇਰੇ ਖ਼ਤ ਉਹ ਹਨ ਜਿਹੜੇ ਨਾਨਕ ਸਿੰਘ ਨੂੰ ਵੱਖ-ਵੱਖ ਸਾਹਿਤਕਾਰਾਂ ਨੇ ਲਿਖੇ ਸਨ। ਹਰ ਖ਼ਤ ਤੋਂ ਪਹਿਲਾਂ ਖ਼ਤ ਦਾ ਇਤਿਹਾਸਕ ਪ੍ਰਸੰਗ ਵੀ ਲਿਖਿਆ ਹੈ। ਤਾਂ ਕਿ ਪਾਠਕ ਨੂੰ ਉਸ ਦੀ ਅਹਿਮੀਅਤ ਦਾ ਪਤਾ ਲੱਗ



ਸਕੇ। ਚਿੱਤਰਕਾਰ ਸੋਭਾ ਸਿੰਘ, ਨਾਨਕ ਸਿੰਘ ਦੇ ਬਹੁਤ ਗੂੜ੍ਹੇ ਮਿੱਤਰ ਸਨ ਉਨ੍ਹਾਂ ਕੋਲ ਨਾਨਕ ਸਿੰਘ ਦੇ ਬਹੁਤ ਸਾਰੇ ਖ਼ਤ ਸਨ ਪਰ ਉਹ ਸਾਰੇ ਖ਼ਤ ਲਹੌਰ ਹੀ ਰਹਿ ਗਏ। ਨਾਨਕ ਸਿੰਘ ਆਪਣੇ ਇਕ ਖ਼ਤ ਵਿਚ ਲਿਖਦਾ ਏ, "ਸੋ ਮੈਨੂੰ ਮਾਸਾ ਜਿੰਨਾ ਵੀ ਇਸ ਗੱਲ ਦਾ ਨਾ ਰੰਜ ਤੇ ਨਾ ਡਰ ਹੈ ਕਿ ਕੋਈ ਮੇਰੀ ਰਚਨਾ ਬਾਰੇ ਕੀ ਲਿਖਦਾ ਏ। ਮੇਰਾ ਵਿਸ਼ਵਾਸ ਹੈ ਕਿ ਮੈਂ ਅਜੇ ਤੀਕ ਜੋ ਕੁਝ ਵੀ ਲਿਖਿਆ ਏ ਸੌ ਫ਼ੀਸਦੀ ਦਿਆਨਤਦਾਰੀ ਨਾਲ ਲਿਖਿਆ ਏ। ਮੇਰੀ ਦਿਆਨਤਦਾਰੀ ਉੱਤੇ ਕੋਈ ਉਂਗਲ ਨਾ ਰੱਖੇ। ਬੱਸ ਮੈਨੂੰ ਇਸ ਗੱਲ ਦੀ ਚਾਹ ਹੈ।" ਇਨ੍ਹਾਂ ਵਿਚਾਰਾ ਤੋਂ ਨਾਨਕ ਸਿੰਘ ਦੀ ਆਪਣੀ ਲਿਖਤ ਨਾਲ ਪ੍ਰਤੀਬੱਧਤਾ ਦਾ ਪਤਾ ਲੱਗਦਾ ਏ। ਜੇ ਉਹ ਪਾਠਕਾਂ ਦੇ ਕਿੰਤੂ-ਪ੍ਰੰਤੂ ਬਾਰੇ ਸੋਚਦਾ ਰਹਿੰਦਾ ਤਾਂ ਉਹ ਐਨੇ ਵੱਡੀ ਮਾਤਰਾ ਵਿਚ ਨਾਵਲ ਨਾ ਲਿਖ ਸਕਦਾ।

ਨਾਨਕ ਸਿੰਘ ਦੇ ਉਨ੍ਹਾਂ ਦਿਨ੍ਹਾਂ ਵਿਚ ਵੱਡੀ ਮਾਤਰਾ ਵਿਚ ਨਾਵਲ ਵਿਕਦੇ ਵੀ ਸਨ। ਉਸ ਨੇ ਪੰਜਾਬੀ ਵਿਚ ਬਹੁਤ ਵੱਡਾ ਪਾਠਕ ਵਰਗ ਪੈਦਾ ਕੀਤਾ। ਉਨ੍ਹਾਂ ਕੋਲ ਆਪਣਾ ਨਿੱਜੀ ਬਹੁਤ ਵੱਡਾ ਪਾਠਕ ਵਰਗ ਸੀ। ਜਿਸ ਕਰਕੇ ਪ੍ਰਕਾਸ਼ਕ ਉਨ੍ਹਾਂ ਕੋਲੋਂ ਜਲਦੀ ਜਲਦੀ ਨਾਵਲ ਦੇ ਖਰੜੇ ਦੀ ਮੰਗ ਕਰਦੇ ਸਨ। ਇਕ ਨਾਵਲ ਛਾਪਣ ਲਈ ਨਵਯੁਗ ਪ੍ਰੈਸ ਵਾਲੇ ਪ੍ਰੀਤਮ ਸਿੰਘ ਉਨ੍ਹਾਂ ਕੋਲੋਂ ਨਾਵਲ ਦੇ ਖਰੜੇ ਲਈ ਕਾਹਲੀ ਪਉਣ ਲੱਗ ਪੈਂਦੇ ਹਨ। ਜਿਸ ਨਾਲ ਉਹ ਨਾਵਲ ਕਾਹਲੀ ਵਿਚ ਪੂਰਾ ਕਰਕੇ ਭੇਜ ਦਿੰਦੇ ਹਨ। ਇਸ ਕਾਹਲੀ ਵਿਚ ਸਵਾ ਸੌ ਸਫ਼ੇ ਦਾ ਮੈਟਰ ਲਿਖਣੋ ਰਹਿ ਜਾਂਦਾ ਹੈ ਜਿਹੜੇ ਪੰਨੇ ਉਹ ਤਸੱਲੀ ਨਾਲ ਲਿਖਣੇ ਚਾਹੁੰਦੇ ਸਨ। ਆਪਣੀ ਇਹ ਭਾਵਨਾ ਉਹ ਪਿਆਰਾ ਸਿੰਘ ਦਾਤਾ ਨੂੰ ਲਿਖੇ ਖ਼ਤ ਵਿਚ ਪ੍ਰਗਟ ਕਰਦੇ ਹਨ, "ਦਾਤਾ ਜੀ ਮੈਂ ਇਹ ਐਡੀਸ਼ਨ ਦੀ ਅਦਲਾ ਬਦਲੀ ਮਨ ਮਰਜ਼ੀ ਅਨੁਸਾਰ ਨਹੀਂ ਕਰ ਸਕਿਆ। ਇਕ ਤਾਂ ਇਹ ਕੰਮ ਅਜਿਹੇ ਵੇਲੇ ਕਰਨਾ ਪਿਆ ਜਦੋਂ ਦਿਮਾਗ਼ ਦਾ ਪੋਟਾ ਪੋਟਾ ਥਾਂ ਹਥਲੇ ਨਾਵਲ ਦੇ ਖਿਲਾਰੇ ਨੇ ਮੱਲਿਆ ਹੋਇਆ ਸੀ। ਦੂਜਾ ਪ੍ਰੀਤਮ ਸਿੰਘ ਨੇ ਬੜੀ ਜਲਦੀ ਮਚਾ ਦਿੱਤੀ। ਜਿਸ ਕਰ ਕੇ ਜਿਹੜਾ ਕੰਮ ਮੈਨੂੰ ਦੋ ਮਹੀਨੇ ਲਾ ਕੇ ਮੁਕਾਣਾ ਚਾਹੀਦਾ ਸੀ ਉਸ ਨੂੰ ਦਸ ਦਿਨ ਵਿਚ ਖ਼ਤਮ ਕਰਨਾ ਪਿਆ। ਸੋ ਇਸ ਹਾਲਤ ਵਿਚ ਇਤਨਾ ਹੀ ਦੱਸ ਸਕਾਂ ਤਾਂ ਬੜੀ ਗਨੀਮਤ ਹੈ। ਮੇਰੇ ਹਿਸਾਬ ਨਾਲ ਤਾਂ ਇਸ ਵਿਚ ਸੌ ਸਵਾ ਸੌ ਸਫ਼ੇ ਦਾ ਮੈਟਰ ਲਿਖਣੋਂ ਰਹਿ ਗਿਆ ਹੈ। ਜਿਸ ਲਈ ਹੁਣ ਅਗਲੇ ਐਡੀਸ਼ਨ ਦੀ ਉਡੀਕ ਕਰਨੀ ਪਵੇਗੀ।"


ਛਪਣ ਤੋਂ ਬਾਅਦ ਵਿਚ ਲੇਖਕ ਨਾਵਲਾਂ ਵਿਚ ਕਾਂਟ ਛਾਂਟ ਕਰਦੇ ਰਹਿੰਦੇ ਹਨ। ਇਸ ਦਾ ਜ਼ਿਕਰ ਰਾਮ ਸਰੂਪ ਅਣਖੀ ਵੀ ਬਲਬੀਰ ਸੰਘੇੜਾ ਨੂੰ ਲਿਖੇ ਆਪਣੇ ਇਕ ਖ਼ਤ ਵਿਚ ਕਰਦਾ ਏ, ਜਿਹੜਾ 'ਕਹਾਣੀ ਧਾਰਾ' ਦੇ ਏਸ ਅੰਕ ਵਿਚ ਛਪਿਆ ਏ ਜਿਸ 'ਚ ਉਹ ਕਹਿੰਦਾ ਏ ਕਿ ਸਾਹਿਤ ਅਕੈਡਮੀ ਜੇਤੂ ਨਾਵਲ 'ਕੋਠੇ ਖੜਕ ਸਿੰਘ' ਵਿਚੋਂ ਉਹ ਫ਼ਾਲਤੂ 60-70 ਪੰਨੇ ਨਵੇਂ ਐਡੀਸ਼ਨ ਵਿਚ ਕੱਢ ਦਿੰਦਾ ਏ।

ਪੁਸਤਕ ਵਿਚ ਇਕ ਖ਼ਤ ਤੋਂ ਪਤਾ ਲੱਗਦਾ ਹੈ ਕਿ ਨਾਨਕ ਸਿੰਘ ਆਪਣੇ ਅਨੁਵਾਦ ਕੀਤੇ ਨਾਵਲ ਦਾ ਮਿਆਰ ਵੀ ਆਪ ਵੇਖਦੇ ਸਨ। ਜੇ ਮਾੜਾ ਅਨੁਵਾਦ ਹੁੰਦਾ ਸੀ ਉਹ ਛਾਪਣ ਦੀ ਆਗਿਆ ਨਹੀਂ ਦਿੰਦੇ ਸਨ। ਨਾਨਕ ਸਿੰਘ ਦੇ ਇਕ ਨਾਵਲ ਦਾ ਅਨੁਵਾਦ ਪਾਕਿਸਤਾਨ ਦੇ ਬੇਤਾਬ ਭੱਟੀ ਕਰਨ ਬਾਰੇ ਲਿਖਦਾ ਹੈ ਤਾਂ ਬਦਲੇ ਵਿਚ ਨਾਨਕ ਸਿੰਘ ਉਸ ਨੂੰ ਲਿਖਦਾ ਹੈ, "ਆਪ ਕਾ ਕੀਆ ਹੂਆ ਤਰਜਮਾ ਮੇਰੇ ਪਸੰਦ ਕਾ ਹੋਨਾ ਚਾਹੀਏ। ਲਿਹਾਜ਼ਾ ਆਪ ਕੋ ਏਕ ਦੋ ਬਾਬੋਂ ਕਾ ਤਰਜਮਾ ਕਰ ਕੇ ਮੁਝੇ ਦਿਖਲਾਨਾ ਹੋਗਾ। ਅਗਰ ਤਰਜਮਾ ਮੇਰੀ ਪਸੰਦ ਕਾ ਹੂਆ ਤੋਂ ਬੇਹਤਰ, ਵਰਨਾ ਮੈਂ ਆਪਕੋ ਕਹਿ ਦੂੰਗਾ ਕਿ ਇਸ ਕਾਮ ਕੋ ਛੋੜ ਦੀਜੀਏ।"

ਪੁਸਤਕ ਦੇ ਦੂਜੇ ਭਾਗ ਵਿਚ ਨਾਨਕ ਸਿੰਘ ਨੂੰ ਵੱਖ-ਵੱਖ ਲੇਖਕਾਂ ਵੱਲੋਂ ਲਿਖੇ ਖ਼ਤ ਛਾਪੇ ਗਏ ਹਨ। ਜਿਹੜੇ ਬਹੁਤ ਹੀ ਮੁੱਲਵਾਨ ਹਨ। ਇਨ੍ਹਾਂ ਨੂੰ ਪੜ੍ਹਦਿਆਂ ਸਾਨੂੰ ਪਤਾ ਲੱਗਦਾ ਹੈ ਕਿ ਤੇਜਾ ਸਿੰਘ, ਪ੍ਰੀਤਲੜੀ, ਜੋਧ ਸਿੰਘ, ਬਲਰਾਜ ਸਾਹਨੀ, ਦਲੀਪ ਕੌਰ ਟਿਵਾਣਾ, ਆਈ. ਸੀ. ਨੰਦਾ, ਬਲਵੰਤ

ਗਾਰਗੀ, ਸੋਹਣ ਸਿੰਘ ਸੀਤਲ, ਹੀਰਾ ਸਿੰਘ ਦਰਦ, ਜੀਤ ਸਿੰਘ ਸ਼ੀਤਲ, ਹਰਨਾਮ ਸਿੰਘ ਸ਼ਾਨ ਆਦਿ ਕਿਸ ਤਰ੍ਹਾਂ ਦੇ ਵਿਚਾਰ ਰੱਖਦੇ ਸਨ। ਲੇਖਕਾਂ ਦੀਆਂ ਚਿੱਠੀਆਂ ਦੇ ਪ੍ਰਸੰਗ ਵਿਚ ਇਹ ਇਸ ਲਈ ਮੁੱਲਵਾਨ ਕਿਤਾਬ ਹੈ ਕਿਉਂਕਿ ਇਸ ਕਿਤਾਬ ਵਿਚ ਜਿਨ੍ਹਾਂ ਲੇਖਕਾਂ ਦੇ ਖ਼ਤ ਹਨ ਉਹ ਸਾਡੇ ਵਿਚਕਾਰ ਸਰੀਰਕ ਰੂਪ ਵਿਚ ਮੌਜੂਦ ਨਹੀਂ ਹਨ।

## ਬੋਲਣ ਦੀ ਨਹੀਂ ਜਾ ਵੇ ਅੜਿਆ




ਇਕ ਸਮਾਂ ਦੀ ਪ੍ਰਭਜੋਤ ਕੌਰ ਤੇ ਨਰਿੰਦਰਪਾਲ ਸਿੰਘ ਦੀ ਜੋੜੀ ਦੀ ਸਰਕਾਰੇ ਦਰਬਾਰੇ ਤੇ ਸਾਹਿਤ ਵਿਚ ਤੂਤੀ ਬੋਲਦੀ ਸੀ। ਪ੍ਰਭਜੋਤ ਕਵਿਤਾ ਤੇ ਨਰਿੰਦਰਪਾਲ ਸਿੰਘ ਨੇ ਨਾਵਲ ਲਿਖ ਕੇ ਸਾਹਿਤ ਵਿਚੋਂ ਬਹੁਤ ਖੱਟੀ ਕੀਤੀ। ਕਿਹੜਾ ਇਨਾਮ ਨਹੀਂ ਜਿਹੜਾ ਉਨ੍ਹਾਂ ਨੇ ਨਹੀਂ ਪ੍ਰਾਪਤ ਕੀਤਾ। ਕਿਹੜੇ ਸਾਹਿਤਕ ਅਦਾਰੇ ਦੀ ਕੁਰਸੀ ਨਹੀਂ ਜਿਸ 'ਤੇ ਪ੍ਰਭਜੋਤ ਕਾਬਜ ਨਹੀਂ ਹੋਈ। ਪਦਮ ਸ੍ਰੀ, ਸਾਹਿਤ ਅਕੈਡਮੀ ਤੇ ਹੋਰ ਬਹੁਤ ਸਾਰੇ ਇਨਾਮ ਉਹਦੀ ਝੋਲੀ ਪਏ। ਸਾਹਿਤ ਦੇ ਅੰਬਰ 'ਤੇ ਉਹ ਕਈ ਸਾਲ ਛਾਈ ਰਹੀ ਸੀ। ਤੇ ਅੱਜ ਏਸ ਜੋੜੀ ਦੀ ਕੀ ਸਥਿਤੀ ਏ? ਤੁਹਾਡੇ ਸਾਹਮਣੇ ਏ। ਕਹਿਣ ਦੀ ਲੋੜ ਨਹੀਂ। ਪੁਸਤਕ 'ਚ ਛਪੇ ਖ਼ਤਾਂ ਤੋਂ ਪਤਾ ਲੱਗਦਾ ਏ ਕਿ ਦੋਹਾਂ ਨੇ ਰੱਜ ਕੇ ਪਿਆਰ ਕੀਤਾ। ਤਕਰੀਬਨ ਸਾਰੀ ਧਰਤੀ ਗਾਹ ਮਾਰੀ, ਆਕਾਸ਼ ਫਰੋਲੇ, ਸਮੁੰਦਰ ਰਿੜਕਿਆ, ਬੱਚੇ ਜਨਮੇ, ਪਿਆਰ ਨਿਭਾਇਆ। ਰੱਜ ਕੇ ਜ਼ਿੰਦਗੀ ਨੂੰ ਮਾਣਿਆ ਪਰ ਫਿਰ ਵੀ ਉਹਨਾਂ 'ਚ ਉਦਾਸੀ ਰਹੀ।

ਖਿੱਚ, ਤੜਫ਼, ਵਿਛੋੜੇ ਦੀ ਭਾਵਨਾ ਇਨ੍ਹਾਂ ਖ਼ਤਾਂ ਵਿਚ ਝਲਕਦੀ ਏ। ਇਸ ਕਿਤਾਬਾਂ ਉਨ੍ਹਾਂ ਦੇ ਖ਼ਤਾਂ ਦਾ ਸੰਗ੍ਰਹਿ ਏ ਜਿਹੜੇ ਉਨ੍ਹਾਂ ਨੇ ਸਮੇਂ ਸਮੇਂ ਇਕ ਦੂਜੇ ਨੂੰ ਲਿਖੇ ਸਨ। ਇਹ ਸਾਰੇ ਖ਼ਤ ਕਿਤਾਬ ਦੇ 400 ਪੰਨਿਆਂ ਵਿਚ ਫੈਲੇ ਹੋਏ ਹਨ। ਇਹ ਚਿੱਠੀਆਂ ਜੂਨ, 1947 ਤੋਂ 1981 ਦੇ ਸਮੇਂ ਦੀਆਂ ਹਨ। ਇਹ ਸੰਤਾਲੀ ਦਾ ਉਹ ਸਮਾਂ ਜਦੋਂ ਦੇਸ਼ ਅਜ਼ਾਦ ਹੋਣ ਲਈ ਸੰਘਰਸ਼ ਕਰ ਰਿਹਾ ਸੀ। ਜਿਹੜੀਆਂ ਚਿੱਠੀਆਂ ਨਰਿੰਦਰਪਾਲ ਨੇ ਲਿਖੀਆਂ ਸਨ ਉਨ੍ਹਾਂ ਵਿਚ ਪ੍ਰਭਜੋਤ ਕੌਰ ਪ੍ਰਤੀ ਉਹਦਾ ਪਿਆਰ ਡੁੱਲ੍ਹ ਡੁੱਲ੍ਹ ਪੈਂਦਾ ਏ। ਫ਼ੌਜੀ ਡਿਊਟੀ ਲਹੌਰ ਵਿਚ ਕਰਨ ਚਲੇ ਜਾਂਦੇ ਏ। ਉਥੋਂ ਉਹ ਜੋਤ ਨੂੰ ਲੰਮੇ ਲੰਮੇ ਖ਼ਤ ਲਿਖਦਾ ਏ। ਇਨ੍ਹਾਂ ਖ਼ਤਾਂ ਵਿਚ ਉਹਦੀ ਪ੍ਰਭਜੋਤ ਪ੍ਰਤੀ ਮੁਹੱਬਤ ਡੁੱਲ੍ਹ-ਡੁੱਲ੍ਹ ਪੈਂਦੀ ਏ। ਪ੍ਰਭਜੋਤ ਆਪਣੇ ਖ਼ਤਾਂ ਵਿਚ ਪਾਲ ਨੂੰ ਬੇਸਬਰੀ ਨਾਲ ਉਡੀਕਦੀ ਏ।


ਜਿਹੜੇ ਵਿਆਹ ਤੋਂ ਪਹਿਲਾਂ ਵਾਲੇ ਖ਼ਤ ਹਨ ਉਨ੍ਹਾਂ ਵਿਚ ਇਕ ਦੂਜੇ ਪ੍ਰਤੀ ਖਿੱਚ ਏ, ਨਿੱਕੇ ਨਿੱਕੇ ਬਰੀਕ ਖਿਆਲ ਤੇ ਅਹਿਸਾਸ ਨੇ। ਨਿੰਦੀ ਨੇ ਖ਼ਤਾਂ 'ਚ ਕਮਾਲ ਦੇ ਦ੍ਰਿਸ਼ ਪੇਸ਼ ਕੀਤੇ ਹਨ। ਉਹਦੇ ਕੋਲ ਖ਼ਿਆਲਾਂ ਦੀ ਉੱਚੀ ਉਡਾਰੀ ਏ। ਪ੍ਰਭਜੋਤ ਖ਼ਤਾਂ 'ਚ ਆਪਣੇ ਅੰਦਰ ਸਹਿਕ ਰਹੀ ਅਸਲੀ ਤੇ ਇਕੱਲੀ ਔਰਤ ਦੀਆਂ ਭਾਵਨਾਵਾਂ ਨੂੰ ਪ੍ਰਗਟ ਕਰਦੀ ਏ, " ਕਦੀ ਕਦੀ ਜਾਪਦਾ ਹੈ ਤੁਹਾਨੂੰ ਗੁਆ ਬੈਠੀ ਹਾਂ। ਝੋਲੀ ਖ਼ਾਲੀ ਹੈ। ਇਹ ਜਿਸਮ, ਇਹ ਬੁੱਤ ਬੇਕਾਰ ਹੈ। ਅਜੇਹੇ ਸਮੇਂ ਹੀ ਮੈਂ ਆਪਣੇ ਆਪ ਨੂੰ ਤਸੀਹੇ ਦੇਂਦੀ ਹਾਂ। ਤੁਹਾਨੂੰ ਪਾਇਆ ਵੀ ਹੈ ਤੇ ਨਹੀਂ ਵੀ। ਜਿਹੜੇ ਲੋਕ ਤੁਹਾਡਾ ਬਾਹਰਲਾ ਰੂਪ ਦੇਖਦੇ ਹਨ ਉਹਨਾਂ ਨੂੰ ਤੁਸੀਂ ਚੁੰਧਿਆ ਲੈਂਦੇ ਹੋ। ਕਦੀ ਕਦੀ ਜਦੋਂ ਮੈਂ ਤੁਹਾਡਾ ਅੰਤਰੀਵ ਦੇਖਦੀ ਹਾਂ ਤਾਂ ਜਾਪਦਾ ਹੈ ਮੈਂ ਤੁਹਾਡੇ ਲਈ ਬਸ ਇਕ ਆਰਾਮਦੇਹ ਕੁਰਸੀ ਹਾਂ। ਉਦੋਂ ਆਪਣੇ ਆਪ ਲਈ ਘੋਰ ਨਫ਼ਰਤ ਉਮਡਦੀ ਹੈ।" (ਪੰਨਾ-291)



ਉਸਦੇ ਇਕੱਲੀ ਕੁੜੀ ਵਾਲੇ ਸਵੈ ਪ੍ਰਸੰਗ ਬੜੇ ਸੰਵੇਦਨਸ਼ੀਲ ਹਨ। 10 ਅਪ੍ਰੈਲ 1948 ਨੂੰ ਦੋਹਾਂ ਦਾ ਵਿਆਹ ਹੁੰਦਾ ਹੈ। ਲਾਵਾਂ ਪ੍ਰਿੰਸੀਪਲ ਤੇਜਾ ਸਿੰਘ ਪੜ੍ਹਦੇ ਹਨ। ਖ਼ਤਾਂ ਤੋਂ ਇਹ ਵੀ ਪਤਾ ਲੱਗਦਾ ਏ ਕਿ ਨਿੰਦੀ ਆਪਣੀ ਫ਼ੌਜੀ ਨੌਕਰੀ 'ਚ ਰੁਝਿਆ ਰਿਹਾ। ਪ੍ਰਭਜੋਤ ਇਕੱਲਤਾ ਹੰਢਾਉਂਦੀ ਰਹੀ। ਇਸ ਵਿਛੋੜੇ ਵਿਚੋਂ ਕਵਿਤਾ ਜਨਮ ਲੈਂਦੀ ਏ। ਜੋਤ ਦੇ ਮਾਂ ਬਣਨ ਤੇ ਨਿੰਦੀ ਬਹੁਤ ਭਾਵਪੂਰਤ ਖ਼ਤ ਲਿਖਦਾ ਏ। ਖ਼ਤਾਂ ਵਿਚ ਪ੍ਰਭਜੋਤ ਦੀ ਵੱਡੀ ਬੇਟੀ ਦੇ ਵਿਆਹ ਉਪਰੰਤ ਦੇ ਸੰਤਾਪ ਦਾ ਵੀ ਪਤਾ ਲੱਗਦਾ ਏ। ਉਹਦਾ ਪਤੀ ਉਹਦੇ ਤੇ ਪਬੰਦੀਆਂ ਲਗਾ ਕੇ ਉਹਨੂੰ ਮਾਨਸਿਕ ਤੌਰ ਤੇ ਪੀੜਤ ਕਰਦਾ ਏ। ਪਦਮ ਸ੍ਰੀ ਮਿਲਣ ਦੇ ਅਹਿਸਾਸ ਉਹ ਖ਼ਤ 'ਚ ਇਸ ਤਰ੍ਹਾਂ ਲਿਖਦੀ ਏ, "ਪਦਮ ਸ੍ਰੀ ਮਿਲ ਗਿਆ ਹੈ। ਬੜੀ ਚੰਗੀ ਤੇ ਗਰੈਂਡ ਸੈਰੀਮਨੀ ਸੀ। ਮੈਂ ਪੀਕੋਕ ਬਲੂ ਸਾੜ੍ਹੀ ਪਾਈ ਸੀ ਜਿਹੜੀ ਤੁਸਾਂ ਮੇਰੇ ਲਈ ਚੁਣੀ ਸੀ, ਕਿਉਂਕਿ ਤੁਸੀਂ ਮੇਰੇ ਨਾਲ ਨਹੀਂ ਸੀ।" (ਪੰਨਾ-361)।

ਇਨ੍ਹਾਂ ਖ਼ਤਾਂ ਨੂੰ ਪੜ੍ਹਦਿਆਂ ਤੁਹਾਨੂੰ ਲੱਗਦਾ ਹੈ ਕਿ ਦੋਹਾਂ ਕੋਲ ਸਾਰੀਆਂ ਸੁੱਖ ਸਹੂਲਤਾਂ ਸਨ, ਪ੍ਰਧਾਨ ਮੰਤਰੀ ਤੇ ਰਾਸਟਰਪਤੀ ਤੱਕ ਪਾਲ ਦੀ ਪਹੁੰਚ ਸੀ। ਪਰ ਅੰਦਰੋਂ ਕਿਤੇ ਨਾ ਕਿਤੇ ਦੋਵੇਂ ਅਧੂਰੇ ਸਨ। ਇਹ ਖ਼ਤ ਦੋਹਾਂ ਦੀ ਜ਼ਿੰਦਗੀ ਦੇ ਅਨੇਕਾਂ ਪਸਾਰ ਖੋਲ੍ਹਦੇ ਹਨ ਵਿਚਾਰਾਂ ਦੇ ਦੁਹਰਾਓ ਦੇ ਬਾਵਜੂਦ ਇਹ ਪੁਸਤਕ ਖ਼ਤਾਂ ਦੇ ਸੰਦਰਭ ਵਿਚ ਪੜ੍ਹਨ ਵਾਲੀ ਏ। ਕਿਤਾਬ ਦਾ ਨਾਂ ਓਪਰਾ ਜਿਹਾ ਲੱਗਦਾ ਏ। ਇਕ ਕਿਤਾਬ ਪ੍ਰਭਜੋਤ ਨੇ ਨਰਿੰਦਰਪਾਲ ਦੇ ਮਰਨ ਉਪਰੰਤ ਸੰਪਾਦਤ ਕੀਤੀ ਏ। ਚਿੱਠੀਆਂ 'ਚ ਵਿਛੋੜਾ, ਰੁਦਨ, ਮਿਲਣ ਦੀ ਤੜਫ਼ ਵਾਰ ਵਾਰ ਆਉਂਦੀ ਏ।

## ਪਿਆਰੇ ਜੀਓ





ਇਹ ਭਾਈ ਵੀਰ ਸਿੰਘ ਦੀਆਂ ਚੋਣਵੀਆਂ ਚਿੱਠੀਆਂ ਦੀ ਕਿਤਾਬ ਏ ਜਿਸ ਨੂੰ ਵਿਸ਼ਵਾਨਾਥ ਤਿਵਾੜੀ ਨੇ ਸੰਪਾਦਤ ਕੀਤਾ ਏ। ਇਹ ਸਾਰੀਆਂ ਚਿੱਠੀਆਂ ਤਿੰਨ ਭਾਗਾਂ ਵਿਚ ਵੰਡੀਆਂ ਗਈਆਂ ਹਨ। 1. ਪ੍ਰਭੂ ਪਰਾਪਤੀ ਬਾਰੇ, 2. ਮੌਤ ਬਾਰੇ, 3. ਫੁਟਕਲ। ਸਾਰੀਆਂ ਚਿੱਠੀਆਂ ਦਾ ਕੇਂਦਰੀ ਧੁਰਾ ਕਾਦਰ ਵਿਚ ਵਿਸ਼ਵਾਸ, ਨਾਮ ਦੀ ਪਰੇਰਨਾ, ਭਾਣਾ ਮੰਨਣ ਦੀ ਸ਼ਕਤੀ ਅਤੇ ਲਿਵ ਲਾਉਣਾ ਦੀ ਪਰੇਰਨਾ ਹੈ। ਗੁਰਬਾਣੀ ਦੀ ਵਿਆਖਿਆ ਅਤੇ ਉਸ ਅਨੁਸਾਰ ਮਨੁੱਖੀ ਜੀਵਨ ਨੂੰ ਢਾਲਣਾ ਉਸ ਦੀਆਂ ਚਿੱਠੀਆਂ ਦਾ ਮੁੱਖ ਸਿਧਾਂਤ ਏ। ਆਪਣੇ ਖ਼ਤਾਂ ਵਿਚ ਵੀਰ ਸਿੰਘ ਅਧਿਆਤਮ ਰਾਹ 'ਤੇ ਮਨੁੱਖ ਨੂੰ ਪਾਉਣ ਦਾ ਉਦੇਸ਼ ਦਿੰਦਾ ਏ। ਕਾਦਰ ਦਾ ਵਿਸ਼ਵਾਸ ਵੀ ਝਲਕਦਾ ਏ। ਆਪਣੇ ਖ਼ਤਾਂ ਵਿਚ ਭਾਣਾ ਮੰਨਣ ਦੀ ਸ਼ਕਤੀ ਤੇ ਲਿਵ ਲਾਉਣ ਦੀ ਪ੍ਰੇਰਨਾ ਵੀ ਦਿੰਦਾ ਏ। ਮੌਤ ਬਾਰੇ ਚਿੱਠੀਆਂ ਵਿਚ ਪ੍ਰਭੂ ਪਰਾਪਤੀ ਤੋਂ ਬਿਨਾਂ ਮੌਤ, ਦੋਸਤਾਂ ਦੀ ਮੌਤ, ਉਨ੍ਹਾਂ ਦੇ ਸਨੇਹੀਆਂ ਦੀ ਮੌਤ ਤੋਂ ਬਾਹਰ ਨਿਕਲਣ ਦੀ ਪ੍ਰੇਰਨਾ ਉਹ ਗੁਰਬਾਣੀ ਵਿਚੋਂ ਦਿੰਦਾ ਏ। ਉਸ ਦੇ ਮੌਤ ਬਾਰੇ ਰੁਮਾਂਸਵਾਦ+ਅਸਤਿਤਵਵਾਦ ਤੋਂ ਵੱਖਰੇ ਵਿਚਾਰ ਨੇ। ਉਹ ਮੌਤ ਨੂੰ 'ਚੋਲਾ' ਕਹਿੰਦਾ ਏ। ਪੱਛਮੀ ਵਿਦਿਆ 'ਤੇ ਸਵਾਲ ਵੀ ਕਰਦਾ ਏ ਜੋ ਪਦਾਰਥਕ ਸੁੱਖਾ ਵੱਲ ਲੈ ਕੇ ਜਾਂਦਾ ਏ। ਆਪਣੇ ਆਪ ਨੂੰ ਦਾਸ ਇਕ ਗਰੀਬ ਸਿੱਖ ਤੇ ਗੁਰਸਿੱਖਾਂ ਦੇ ਜੋੜੇ ਝਾੜਨ ਵਾਲਾ ਵੀ ਕਹਿੰਦਾ ਏ। ਚਿੱਠੀਆਂ ਪੜ੍ਹ ਕੇ ਇਹ ਵੀ ਅਹਿਸਾਸ ਹੁੰਦਾ ਏ ਕਿ ਉਨ੍ਹਾਂ ਦਾ ਨਿੱਜ, ਕਲਾ, ਸਾਹਿਤ ਸਭ ਇਕੋ ਜਿਹਾ ਏ। ਇਹ ਚਿੱਠੀਆਂ 1910 ਤੋਂ ਲੈ ਕੇ 1932 ਤੱਕ ਹਨ। ਭਾਈ ਵੀਰ ਸਿੰਘ ਸਾਹਿਤ ਬਾਰੇ ਕੀ ਸੋਚਦੇ ਸਨ, ਸਮਕਾਲ ਦੇ ਲੇਖਕ ਕੀ ਪੜ੍ਹਦੇ ਲਿਖਦੇ ਸਨ, ਅਜਿਹਾ ਕੋਈ ਖ਼ਤ ਪੁਸਤਕ ਵਿਚ ਨਹੀਂ ਮਿਲਦਾ।

## ਹਰਫ਼ ਬ ਹਰਫ਼




ਇਹ ਪੁਸਤਕ ਤੇਜਵੰਤ ਮਾਨ ਵੱਲੋਂ ਸੰਪਾਦਤ ਕੀਤੀ ਚਿੱਠੀਆਂ ਦੀ ਕਿਤਾਬ ਏ। ਇਸ ਤੋਂ ਇਲਾਵਾਂ 'ਡਾਕਖਾਨਾ ਖਾਸ', 'ਲਿਖਤਮ ਤੇਜਵੰਤ ਮਾਨ' ਆਦਿ ਚਿੱਠੀਆਂ ਦੀਆਂ ਪੁਸਤਕਾਂ ਵੀ ਲੇਖਕ ਨੇ ਤਿਆਰ ਕੀਤੀਆਂ ਹਨ। ਮਾਨ ਦੀ ਇਹ ਖ਼ੂਬੀ ਰਹੀ ਏ ਕਿ ਉਸ ਨੇ ਜਿਹੜੀ ਵੀ ਚਿੱਠੀ ਕਿਸੇ ਲੇਖਕ ਨੂੰ ਲਿਖੀ ਉਸ ਦੀ ਕਾਪੀ ਆਪਣੇ ਕੋਲ ਰੱਖ ਲਈ ਤੇ ਸਾਂਭ ਲਈ। ਚਿੱਠੀਆਂ ਨੂੰ ਸਾਂਭਣ ਦਾ ਇਹ ਵੀ ਬਹੁਤ ਵਧੀਆਂ ਤਰੀਕਾ ਏ। ਜਿਸ ਕਾਰਨ ਤਿੰਨ ਪੁਸਤਕਾਂ ਹੋਂਦ ਵਿਚ ਆ ਸਕੀਆਂ। ਇਨ੍ਹਾਂ ਚਿੱਠੀਆਂ ਵਿਚ ਮਾਨ ਨੇ ਸਾਹਿਤ, ਭਾਸ਼ਾ, ਸਾਹਿਤਕ ਜਥੇਬੰਦੀਆਂ, ਅਤੇ ਹੋਰ ਸਾਹਿਤਕ ਮਸਲਿਆਂ ਨੂੰ ਡਿਸਕਸ ਕੀਤਾ ਏ। ਉਸ ਦਾ ਸਟੈਂਡ ਤੇ ਵਿਚਾਰਧਾਰਾ ਇਨ੍ਹਾਂ ਚਿੱਠੀਆਂ ਵਿਚ ਸਪੱਸ਼ਟ ਝਲਕਦੀ ਏ। ਜਿਸ ਵੀ ਮਸਲੇ ਨਾਲ ਮਾਨ ਸਹਿਮਤ ਨਹੀਂ ਹੁੰਦੇ ਸਨ, ਉਨ੍ਹਾਂ ਖਿਲਾਫ਼ ਉਹ ਬੇਖੌਫ਼ ਹੋ ਕੇ ਲਿਖਦੇ ਸਨ। ਸਾਹਿਤਕ ਪਰਚਿਆਂ ਵਿਚ ਜਿਹੜੀਆਂ ਰਚਨਾਵਾਂ, ਲੇਖ ਛਪਦੇ ਸਨ ਉਨ੍ਹਾਂ ਦਾ ਵਿਸ਼ਲੇਸ਼ਣ ਉਹ ਖੁੱਲ੍ਹ ਕੇ ਕਰਦੇ ਸਨ। ਇਨ੍ਹਾਂ ਸਾਰੇ ਖ਼ਤਾਂ ਨੂੰ ਇਕ ਦਸਤਾਵੇਜ਼ ਦੇ ਤੌਰ 'ਤੇ ਸਾਂਭ ਲਿਆ ਏ। ਮਾਨ ਵਰਗੀ ਏਹੋ ਜਿਹੀ ਸੋਝੀ ਹੋਰ ਲੇਖਕਾਂ 'ਚ ਵੀ ਹੋਣੀ ਚਾਹੀਦੀ ਸੀ, ਤਾਂ ਕਿ ਉਹ ਆਪਣੇ ਖ਼ਤਾਂ ਦੀ ਕਾਪੀ ਆਪਣੇ ਕੋਲ ਵੀ ਰੱਖ ਲੈਂਦੇ।

## ਪ੍ਰੇਮ ਚੰਦ ਦੇ ਖ਼ਤ




ਪ੍ਰੇਮ ਚੰਦ ਦੇ ਖ਼ਤਾਂ ਦੀ ਇਹ ਬਹੁਤ ਮਹੱਤਵਪੂਰਨ ਕਿਤਾਬ ਏ। ਜਿਸ ਨੂੰ ਅਨੁਵਾਦ ਤੇ ਸੰਪਾਦਨ ਵਿਰਸਾ ਸਿੰਘ ਨੇ ਕੀਤਾ ਏ। ਇਸ ਪੁਸਤਕ ਵਿਚ 1918 ਤੋਂ 1935 ਤੱਕ ਦੇ ਖ਼ਤ ਹਨ। ਇਨ੍ਹਾਂ ਖ਼ਤਾਂ ਵਿਚ ਪ੍ਰੇਮ ਚੰਦ ਜਿੱਥੇ ਲੇਖਕਾਂ ਦੇ ਹਿੱਤਾਂ ਦੀ ਗੱਲ ਕਰਦਾ ਹੈ ਉੱਥੇ ਆਪਣੇ ਪ੍ਰਕਾਸ਼ਨ ਅਦਾਰੇ, ਸਾਹਿਤਕ ਪੱਤਰਕਾਰੀ ਦੇ ਕਾਰਜ ਨੂੰ ਸਰਗਰਮ ਰੱਖਣ ਦਾ ਯਤਨ ਵੀ ਕਰਦਾ ਏ। ਰਾਮ ਚੰਦਰ ਟੰਡਨ ਨੂੰ ਲਿਖੇ ਖ਼ਤ ਵਿਚ ਉਹ ਲੇਖਕ-ਪ੍ਰਕਾਸ਼ਕ ਦੀ ਸਥਿਤੀ ਬਿਆਨ ਕਰਦਾ ਹੋਇਆ ਲਿਖਦਾ ਏ ਕਿ ਪ੍ਰਕਾਸ਼ਕ ਕਿਤਾਬਾਂ ਛਾਪ ਕੇ ਫਸੇ ਪਏ ਹਨ। ਕਿਤਾਬਾਂ ਘੱਟ ਵਿਕਣ ਕਾਰਨ ਉਨ੍ਹਾਂ ਨੂੰ ਲਾਭ ਬਹੁਤ ਘੱਟ ਹੁੰਦਾ ਏ। ਪਰ ਦੂਜੇ ਪਾਸੇ ਪ੍ਰੇਮ ਚੰਦ ਲੇਖਕਾਂ ਦੇ ਹਿੱਤਾਂ ਲਈ ਵੀ ਲੜਦਾ ਏ। ਉਨ੍ਹਾਂ ਦੇ ਕਿਤਾਬਾਂ ਛਪਵਾਉਣ ਦੇ ਸੰਕਟ ਨੂੰ ਵੀ ਉਭਾਰਦਾ ਏ। ਆਪਣੇ ਖ਼ਤਾਂ ਵਿਚ 'ਹੰਸ' ਪਰਚੇ 'ਚ ਛਾਪਣ ਲਈ ਕਹਾਣੀਆਂ/ਲੇਖ ਲਿਖਣ ਲਈ ਵੀ ਵੱਖ ਵੱਖ ਲੇਖਕਾਂ ਨੂੰ ਕਹਿੰਦਾ ਏ। ਨਾਲ ਉਹ ਖ਼ਤਾਂ ਰਾਹੀਂ ਹਲਕੀਆਂ ਕਹਾਣੀਆਂ ਬਾਰੇ ਵੀ ਲੇਖਕਾਂ ਨੂੰ ਜਾਣੂ ਕਰਵਾਉਂਦਾ ਏ। ਉਹ ਬਿਮਾਰ ਹੋਣ ਦੇ ਬਾਵਜੂਦ 'ਹੰਸ' ਪ੍ਰਕਾਸ਼ਤ ਕਰ ਰਿਹਾ ਏ। ਆਪਣੇ ਇਕ ਖ਼ਤ ਵਿਚ ਪ੍ਰੇਮ ਦਾ ਮੰਨਣਾ ਏ ਕਿ ਮੇਰੀ ਕਿਤਾਬ ਵੀ ਘੱਟ ਵਿਕਦੀ ਏ। ਕਿਸੇ ਕਿਤਾਬ ਦਾ ਹੀ ਦੂਜਾ-ਤੀਜਾ ਅਡੀਸ਼ਨ ਛਪਿਆ ਏ। ਉਹ ਆਪਣੀਆਂ ਕਿਤਾਬਾਂ ਖੁਦ ਛਾਪਦਾ ਏ ਅਤੇ ਉਸ ਦੀ ਵਿਕਰੀ ਦਾ ਕੰਮ ਵੀ ਆਪ ਕਰਦਾ ਏ। ਖ਼ਤਾਂ ਵਿਚ ਉਹ ਸਾਹਿਤ ਪ੍ਰਤੀ ਪ੍ਰਤੀਬੱਧ ਲੇਖਕ




ਵਜੋਂ ਉਭਰਦਾ ਏ। ਆਰਥਿਕ ਤੰਗੀ ਦੇ ਬਾਵਜੂਦ 'ਹੰਸ' ਪਰਚਾ ਵੀ ਸੰਪਾਦਤ ਕਰੀ ਜਾਂਦਾ ਏ, ਪਰ ਕਿਤਾਬਾਂ ਘੱਟ ਵਿਕਣ ਦੇ ਰੋਣੇ ਵੀ ਰੋਂਦਾ ਏ। ਇਕ ਖ਼ਤ ਵਿਚ ਹੰਸ ਦੇ ਘਾਟੇ ਵਿਚ ਜਾਣ ਦਾ ਰੋਣਾ ਵੀ ਰੋਂਦਾ ਏ, ਉਹ ਕਿਤਾਬਾਂ ਤੋਂ ਮਿਲਣ ਵਾਲੀ ਰਿਆਲਟੀ 'ਹੰਸ' ਤੇ ਲਾਉਂਦਾ ਏ। ਪ੍ਰਕਾਸ਼ਕਾਂ ਤੋਂ ਕਿਤਾਬਾਂ ਦੀ ਰਿਆਲਟੀ ਵਸੂਲ ਕਰਨ ਦਾ ਰੋਣਾ ਵੀ ਰੋਂਦਾ ਏ। ਅਸ਼ਕ ਨੂੰ ਉਹ ਇਕ ਖ਼ਤ ਵਿਚ ਚੰਗੀਆਂ ਕਿਤਾਬਾਂ ਪੜ੍ਹਨ ਦੀ ਸਲਾਹ ਵੀ ਦਿੰਦਾ ਏ। ਪ੍ਰੇਮ ਚੰਦ ਦਾ ਇਹ ਵੀ ਮੰਨਣਾ ਏ ਕਿ ਲਿਖ ਕੇ ਰੋਟੀ ਖਾਣ ਨਾਲੋਂ ਪਿੰਡ 'ਚ ਦੋ ਪਸ਼ੂ ਰੱਖ ਕੇ ਖੇਤੀ ਕਰਨੀ ਚੰਗੀ ਗੱਲ ਏ। ਇਕ ਖ਼ਤ ਵਿਚ ਉਹ ਅਖਬਾਰੀ ਕਾਲਮ ਲਿਖਣ ਦਾ ਇਰਾਦਾ ਵੀ ਕਰਦਾ ਏ।

ਆਪਣੇ ਦੋ ਖ਼ਤਾਂ ਵਿਚ ਉਹ ਮੁਲਾਕਾਤ ਲਈ ਪੁੱਛੇ ਸਵਾਲਾਂ ਦੇ ਉਤਰ ਲਿਖਦਾ ਏ, ਜਿਸ 'ਚੋਂ ਉਹਦੇ ਜੀਵਨ ਤੇ ਰਚਨਾ ਬਾਰੇ ਮੁੱਲਵਾਨ ਗੱਲਾਂ ਦਾ ਪਤਾ ਲੱਗਦਾ ਏ। ਆਪਣੀਆਂ ਕਿਤਾਬਾਂ ਦੇ ਅਨੁਵਾਦ ਕਰਵਾਉਣ ਦਾ ਉਪਰਾਲਾ ਵੀ ਕਰਦਾ ਏ। ਆਪਣੇ ਨਾਵਲ ਜਪਾਨੀ 'ਚ ਅਨੁਵਾਦ ਕਰਵਾਉਣ ਲਈ ਉਹ ਅਨੁਵਾਦਕ ਨੂੰ ਭੇਜਦਾ ਏ। ਉਹ ਕੁਝ ਸਮਾਂ 'ਜਾਗਰਣ' ਪੇਪਰ ਵਿਚ ਕੰਮ ਵੀ ਕਰਦਾ ਏ। ਫਿਰ ਉਸ ਨੂੰ ਉਥੋਂ ਕੱਢ ਦਿੱਤਾ ਜਾਂਦਾ ਏ। ਪ੍ਰੇਮ ਸਰਸਵਤੀ ਪ੍ਰੈਸ ਦੇ ਸੰਚਾਲਕ ਦੇ ਤੌਰ ਤੇ ਵਿਚਰਦਿਆਂ ਹੋਇਆ ਪ੍ਰੇਮ ਚੰਦ ਉਸ ਸਮੇਂ ਨੂੰ ਬਿਆਨ ਕਰਦਾ ਏ ਜਦੋਂ ਪ੍ਰੈਸ 'ਚ ਹੜਤਾਲ ਹੋ ਜਾਂਦੀ ਏ ਕਿਉਂਕਿ ਵਰਕਰ ਕੱਢ ਦਿੱਤੇ ਜਾਂਦੇ ਨੇ ਤਾਂ ਪ੍ਰੇਮ 'ਭਾਰਤ' ਦੇ ਸੰਪਾਦਕ ਨੂੰ ਚਿੱਠੀ ਲਿਖਦਾ ਏ ਜਿਸ 'ਚ ਉਹ ਵਰਕਰਾਂ ਦੇ ਹੱਕ 'ਚ ਖੜਦਾ ਏ ਪਰ ਉਨ੍ਹਾਂ ਦਾ ਕੱਢਣ ਲਈ ਮਜਬੂਰ ਏ ਕਿਉਂਕਿ ਉਸਨੂੰ ਘਾਟਾ ਪੈ ਰਿਹਾ ਏ। ਪ੍ਰੇਮ ਚੰਦ ਫਿਲਮੀ ਨਗਰੀ ਵਿਚ ਫਿਲਮਾਂ ਲਈ ਕਹਾਣੀਆਂ ਲਿਖਣ ਵੀ ਜਾਂਦਾ ਏ ਪਰ ਉਹ ਥਾਂ ਉਸ ਨੂੰ ਰਾਸ ਨਹੀਂ ਆਉਂਦੀ। ਪ੍ਰੇਮ ਦੀ ਜਦੋਂ ਪਹਿਲੀ ਕਿਤਾਬ 'ਸੋਜ਼ੇ ਵਤਨ' ਛਪਦੀ ਏ ਤਾਂ ਹਮੀਰਪੁਰ ਦਾ ਕੁਲੈਕਟਰ 1908 'ਚ ਚੌਂਕ 'ਚ ਉਸ ਨੂੰ ਸਾੜ ਦਿੰਦਾ ਏ। ਇਸ ਪ੍ਰਕਾਰ 88 ਪੰਨਿਆਂ ਦੀ ਇਸ ਕਿਤਾਬਾਂ ਵਿਚ ਪ੍ਰੇਮ ਚੰਦ ਦੇ ਸਾਹਿਤ ਨਾਲ ਜੁੜੇ ਅਛੂਤੇ ਅਨੁਭਵਾ ਦਾ ਗਿਆਨ ਹੁੰਦਾ ਏ। ਇਸ ਕਿਤਾਬ 'ਚੋਂ ਪ੍ਰੇਮ ਚੰਦ ਦੇ ਜੀਵਨ ਦੇ ਕਈ ਪਹਿਲੂਆਂ ਬਾਰੇ ਪਤਾ ਲੱਗਦਾ ਏ।


## ਮੰਟੋ ਦੇ ਖ਼ਤ-ਅੰਕਲ ਸਾਮ ਦੇ ਨਾਂ

ਪ੍ਰੇਮ ਅਵਤਾਰ ਰੈਣਾ ਵੱਲੋਂ ਅਨੁਵਾਦ ਕੀਤੀ ਇਹ ਪੁਸਤਕ ਉਰਦੂ ਦੇ ਵੱਡੇ ਅਫ਼ਸਾਨਾ ਨਿਗਾਰ ਮੰਟੋ ਦੀ ਨਿਵੇਕਲੀ ਪੁਸਤਕ ਏ। ਅੰਕਲ ਸਾਮ ਇਕ ਪਾਤਰ ਏ ਜਿਹੜਾ ਅਮਰੀਕੀ ਸਮਰਾਜ ਦੀ ਪ੍ਰਤੀਨਿੱਧਤਾ ਕਰਦਾ ਏ। ਜਿਸ ਨੂੰ ਖ਼ਤ ਲਿਖ ਕੇ ਮੰਟੋ ਪਾਕਿਸਤਾਨ ਦੀ ਰਾਜਨੀਤੀ, ਸੱਭਿਆਚਾਰ, ਲੋਕਾਂ ਤੇ ਵਿਅੰਗ ਕਰਦਾ ਏ। ਮੰਟੋ ਖ਼ਤ ਵਿਧਾ ਰਾਹੀਂ ਪਾਕਿਸਤਾਨ ਦੇ ਪ੍ਰਬੰਧ ਨੂੰ ਲੈ ਕੇ ਅਮਰੀਕਾ 'ਤੇ ਤਿੱਖੇ ਹਾਸ ਰਸ ਵਾਲੇ ਵਿਅੰਗ ਕਰਦਾ ਏ। ਉਹ ਆਪਣੇ ਸਮਾਜ ਦੀਆਂ ਕਮਜ਼ੋਰੀਆਂ ਬਾਰੇ ਦੱਸਦਾ ਏ। ਅਮਰੀਕੀ ਰਾਜਨੀਤਿਕ ਨੀਤੀਆਂ ਦਾ ਕੱਚਾ ਚਿੱਠਾ ਖੋਲ੍ਹਦਾ ਏ। ਮੰਟੋ ਆਪਣੀ ਤੇਜ਼ ਨਜ਼ਰ ਤੇ ਨਸ਼ਤਰਨੁਮਾ ਸ਼ੈਲੀ ਨਾਲ ਆਸ-ਪਾਸ ਫ਼ੈਲੀ ਬੁਰਾਈ ਦਾ ਅਹਿਸਾਸ ਕਰਾਉਂਦਾ ਏ। ਉਹ ਬਿਨਾਂ ਪੱਖਪਾਤ ਦੇ ਨਿਡੱਰ ਹੋ ਕੇ ਇਸਲਾਮ ਦੇ ਠੇਕੇਦਾਰਾਂ ਦੇ ਭ੍ਰਿਸ਼ਟਾਚਾਰ ਨੂੰ ਨਿਸ਼ਾਨਾ ਬਣਾਉਂਦਾ ਏ। ਆਪਣੇ ਖ਼ਤ ਵਿਚ ਉਹ ਅਰਸਕਾਈਨ ਕਾਂਲਡ ਦਾ ਜ਼ਿਕਰ ਕਰਦਾ ਏ ਜਿਸਦੇ ਨਾਵਲ ਗੋਡਜ ਲਿਟਲ ਐਕਟਰ' ਅਮਰੀਕਾ ਅਸ਼ਲੀਲ ਕਹਿ ਕੇ ਮੁਕੱਦਮਾ ਚਲਾਉਂਦਾ



ਏ। ਆਪਣੇ ਇਕ ਖ਼ਤ ਵਿਚ ਮੰਟੋ ਫਿਲਮਾਂ ’ਤੇ ਸਾਹਿਤ ਦੀ ਗੱਲ ਵੀ ਕਰਦਾ ਏ। ਕਿਵੇਂ ਅਮਰੀਕਾ ਪਾਕਿਸਤਾਨੀ ਲੇਖਕਾਂ ਨੂੰ ਆਪਣੇ ਹੱਕ ’ਚ ਲਿਖਣ ਲਈ ਖਰੀਦ ਰਿਹਾ ਏ। ਉਹ ਪਾਕਿਸਤਾਨੀ ਮੁਸਲਮਾਨ ਲੋਕਾਂ ਨੂੰ ਆਰੱਥੋਡਾੱਕਸ’ ਵੀ ਕਹਿੰਦਾ ਏ। ਅਮਰੀਕਾ ਵੱਲੋਂ ਭੇਜੇ ਜਾਂਦੇ ਮੁਫ਼ਤ ਲਿਟ੍ਰੇਚਰ, ਕਣਕ, ਹਥਿਆਰ ਭੇਜਣ ’ਤੇ ਵਿਅੰਗ ਵੀ ਕਰਦਾ ਏ। ਮੰਟੋ ਅਮਰੀਕਾ ਦੀਆਂ ਨੀਤੀਆਂ ’ਤੇ ਵਾਰ ਵਾਰ ਵਿਅੰਗ ਕਰਦਾ ਏ। ਪਾਕਿਸਤਾਨ ’ਤੇ ਵੱਧ ਰਹੇ ਅਮਰੀਕਾ ਦੇ ਪ੍ਰਭਾਵ ਸੰਬੰਧੀ ਉਹ ਨਿੱਕੇ ਨਿੱਕੇ ਫ਼ਿਕਰਿਆ ਨਾਲ ਗੱਲ ਕਰਦਾ ਏ। ਮਾਰੂ ਬੰਬ ਬਣਾਉਣ ’ਤੇ ਤਿੱਖਾ ਵਿਅੰਗ ਵੀ ਕਰਦਾ ਏ। ਰੂਸ ’ਤੇ ਵਾਰ-ਵਾਰ ਵਿਅੰਗ ਕਰਦਾ ਏ। ਨਾਲ ਨਾਲ ਪਾਸਿਕਤਾਨ ਦੇ ਕਮਿਊਨਿਸ਼ਟ ਅਦੀਬਾਂ ’ਤੇ ਵਿਅੰਗ ਵੀ ਕਰਦਾ ਏ। ਉਹ ਵਿਅੰਗ ਨਾਲ ਪਾਕਿਸਤਾਨ ਵਿਚ ਕਮਿਊਨਿਸਟ ਦੇ ਫੈਲਣ ’ਤੇ ਉਹ ਅਮਰੀਕਾਂ ਨੂੰ ਰੋਕ ਲਗਾਉਣ ਲਈ ਕਹਿੰਦਾ ਏ। ਅਹਿਮਦ ਨਦੀਮ ਕਾਸਮੀ ਦੇ ਪਾਕਿਸਤਾਨ ਦੇ ਵਰਤਾਓ ’ਤੇ ਵਿਅੰਗ ਕਰਦਾ ਏ। ਉਹ ਅਮਰੀਕਾ ਉੱਤੇ ਵਿਅੰਗ ਕਰਦਾ ਹੋਇਆ ਵਾਰ-ਵਾਰ ਲਿਖਦਾ ਏ। ਮੁਲਖ ਏਸ ਲਈ ਜੰਗ ਲਗਾਉਂਦਾ ਏ ਤਾਂ ਕਿ ਆਪਣਾ ਮਾਲ ਹਥਿਆਰ ਵੇਚ ਸਕੇ। ਉਹ ਇਰਾਕ ਇਰਾਨ ਦੇ ਸ਼ਾਹ ਦੇ ‘ਸ਼ਾਹੀ’ ਅੰਦਾਜ਼ ’ਤੇ ਵਿਅੰਗ ਕਰਦਾ ਏ ਜੋ ਅਨੇਕਾਂ ਔਰਤਾਂ ਨਾਲ ਵਿਆਹ ਕਰਦਾ ਏ ਤੇ ਬੱਚੇ ਪੈਦਾ ਕਰਦਾ ਏ। ਇਸ ਤੋਂ ਇਲਾਵਾਂ ਉਹ ਇਕ ਖ਼ਤ ਪੰਡਤ ਨਹਿਰੂ ਨੂੰ ਵੀ ਲਿਖਦਾ ਏ। ਖ਼ਤ ਸ਼ੈਲੀ ਰਾਹੀਂ ਉਹ ਗੰਭੀਰ ਸਮਾਜਿਕ ਮਸਲਿਆਂ, ਸਾਹਿਤ ਤੇ ਕਲਾ ਦੇ ਮਸਲਿਆਂ ’ਤੇ ਤਿੱਖਾ ਵਿਅੰਗ ਕਰਦਾ ਏ।

## ਗਾਲਿਬ ਦੇ ਖ਼ਤ





ਗਾਲਿਬ ਊਰਦੂ ਜ਼ੁਬਾਨ ਦਾ ਅਜ਼ੀਮ ਸ਼ਾਇਰ ਏ। ਉਸ ਦੇ ਖ਼ਤ ਵੀ ਅਜ਼ੀਮ ਨੇ। ਉਹ ਆਪਣੇ ਖ਼ਤਾਂ ਵਿਚ ਸਮਕਾਲ ਦੇ ਇਤਿਹਾਸ, ਭਾਸ਼ਾ, ਸਾਹਿਤ ਤੇ ਰਾਜਨੀਤੀ ਦੇ ਮਸਲਿਆਂ ਤੇ ਆਪਣਾ ਪ੍ਰਤੀਕਰਮ ਕਰਦਾ ਏ। ਪੈਨਸਨ ਲਈ ਉਸ ਨੂੰ ਜੋ ਔਕੜਾਂ ਆਉਂਦੀਆਂ ਨੇ, ਉਸ ਦੇ ਖ਼ਤਾਂ ਵਿਚੋਂ ਝਲਕਦੀਆਂ ਨੇ। ਉਸ ਦੇ ਖ਼ਤਾਂ ਵਿਚੋਂ ਉਸ ਵੇਲੇ ਗ਼ਦਰ ਦੌਰਾਨ ਹੋ ਰਹੀ ਸ਼ਹਿਰ ’ਚ ਉੱਥਲ ਪੁੱਥਲ, ਅੰਗਰੇਜ਼ ਦਾ ਭਾਰਤ ਦੇ ਜੀਵਨ ਤੇ ਰਾਜਨੀਤੀ ਵਿਚ ਦਖ਼ਲ, ਗਾਲਿਬ ਦੀ ਮੌਜ ਮਸਤੀ, ਫਾਕਾਮਸਤੀ, ਲੋੜਾਂ ਥੁੜਾਂ, ਸ਼ਾਹੀ ਦਰਬਾਰ ਵਿਚ ਇੱਜ਼ਤ, ਸ਼ਰਾਬ ਦੀ ਲਲਕ, ਆਮ ਲੋਕਾਂ ਵਿਚ ਗ਼ਾਲਿਬ ਦੀ ਇੱਜ਼ਤ, ਵਰਗੇ ਵੇਰਵੇ ਗ਼ਾਲਿਬ ਦੇ ਖ਼ਤਾਂ ਵਿਚੋਂ ਮਿਲਦੇ ਨੇ। ਮਿਰਜ਼ਾ ਹਾਤਿਮ ਨੂੰ ਲਿਖੇ ਖ਼ਤ ’ਚ ਉਹ ਲਿਖਦਾ ਏ ਉਹਦਾ ਕਲਾਮ ਉਸ ਕੋਲ ਨ੍ਹੀਂ ਰਿਹਾ, ਜਿੱਥੇ ਉਹਦੀ ਕਿਤਾਬ ਛਪਦੀ ਸੀ ਉਹ ਲੁੱਟੀ ਗਈ ਤੇ ਕਿਤਾਬ ਖ਼ਾਨੇ ਬਰਬਾਦ ਹੋ ਗਏ ਨੇ। ਉਸ ਦੇ ਹੱਥ ਲਿਖਤ ‘ਦੀਵਾਨ’ ਗ਼ਦਰ ’ਚ ਲੁੱਟੇ ਜਾਂਦੀ ਏ। ਇਨ੍ਹਾਂ ਖ਼ਤਾਂ ਵਿਚੋਂ ਸਾਨੂੰ ਇਹ ਪਤਾ ਲੱਗਦਾ ਏ ਕਿ ਗ਼ਾਲਿਬ ਫ਼ਾਕੇ ’ਚ ਜ਼ਿੰਦਗੀ ਹੰਢਾ ਰਿਹਾ ਏ। ਉਸ ਦੇ ਸ਼ਗਿਰਦ ਭਾਵੇਂ ਉੱਚੇ ਅਹੁੱਦਿਆਂ ’ਤੇ ਹਨ ਪਰ ਰਿਆਸਤਾਂ ਤੋਂ ਜੋ ਵੀ ਖ਼ੈਰਾਇਤ ਲੈਂਦਾ ਏ। ਉਸ ਨਾਲ ਉਹਦਾ ਗੁਜ਼ਾਰਾ ਹੁੰਦਾ ਏ। ਉਹ ਨਵਾਬਾਂ ਵੱਲੋਂ ਦਿੱਤੀ ਜਾਂਦੀ ਪੈਨਸ਼ਨ ’ਤੇ ਗੁਜਾਰਾ ਕਰਦਾ ਏ। ਗ਼ਾਲਿਬ ਰਿਆਸਤਾਂ ਦੇ ਨਵਾਬਾ ਲਈ ਕਸੀਦੇ ਲਿਖਦਾ ਏ। ਵੱਡੇ ਕੱਦ ਦਾ ਸ਼ਾਇਰ ਗਰੀਬੀ ’ਚ ਦਿਨ ਕੱਟੀ ਕਰਦਾ ਏ। ਕਈ ਵਾਰ ਨਵਾਬ ਕਸੀਦੇ ਸੋਧਣ ਲਈ ਵਾਪਸ ਵੀ ਭੇਜ ਦਿੰਦੇ ਤੇ ਆਪਣੇ ਮਤਲਬ ਦੇ ਸ਼ੇਅਰ ਲਿਖਵਾਉਂਦੇ ਤਾਂ ਏਸ ਗੱਲ ਤੋਂ ਗ਼ਾਲਿਬ ਦੁੱਖੀ ਵੀ ਹੁੰਦਾ ਏ। ਉਹ ਅੰਗਰੇਜ਼ ਗਵਰਨਰਾਂ ਦੇ ਵੀ ਕਸੀਦੇ ਲਿਖਦਾ ਏ। ਬੁਢੇਪੇ ’ਚ ਵੀ ਉਹ ਨਵਾਬਾਂ ਕੋਲੋਂ ਪੈਨਸ਼ਨ ਦੀ ਤਵੱਕੋ




ਰੱਖਦਾ ਏ। ਇਕ ਖ਼ਤ ਵਿਚ ਤਬਾਹ ਹੋ ਰਹੀ ਦਿੱਲੀ ਦਾ ਹਾਲ ਲਿਖਦਾ ਏ। ਉਸ ਦੇ ਖ਼ਤਾਂ ਤੋਂ ਲੋਕਾਂ ’ਤੇ ਹੋ ਰਹੇ ਜ਼ੁਲਮ ਦਾ ਵੀ ਪਤਾ ਲੱਗਦਾ ਏ। ਇਨ੍ਹਾਂ ਖ਼ਤਾਂ ਵਿਚੋਂ ਗ਼ਾਲਿਬ ਦੀ ਬਹੁਰੰਗੀ ਦੁਨੀਆਂ ਦਾ ਪਤਾ ਲੱਗਦਾ ਏ। ਇਹ ਖ਼ਤ ਅਹਿਮ ਇਤਿਹਾਸਕ ਦਸਤਾਵੇਜ਼ ਹਨ।

## ਫ਼ੈਜ਼ ਦੇ ਖ਼ਤ




ਇਸ ਪੁਸਤਕ ਵਿਚ ਫ਼ੈਜ਼ ਵੱਲੋਂ ਲਿਖੇ ਬੇਗਮ ਸਰਫ਼ਰਾਜ਼ ਇਕਬਾਲ ਦੇ ਨਾਂ ਖ਼ਤ ਹਨ। 80 ਪੰਨਿਆਂ ਦੀ ਇਸ ਪੁਸਤਕ ਵਿਚ ਫ਼ੈਜ਼ ਦੇ ਮਹੱਤਵਪੂਰਨ ਖ਼ਤ ਹਨ। ਬੇਗਮ ਸਾਹਿਤਕਾਰਾਂ ਦਾ ਸਤਿਕਾਰ ਕਰਨ ਵਾਲਾ ਨਾਂ ਏ। ਬੇਗਮ ਨਾਲ ਫ਼ੈਜ਼ ਦਾ ਅਜਿਹਾ ਰਿਸ਼ਤਾ ਬਣਦਾ ਏ, ਜਿਹਦਾ ਕੋਈ ਨਾਮ ਨਹੀਂ ਰੱਖਿਆ ਜਾ ਸਕਦਾ। ਬੇਗਮ ਫ਼ੈਜ਼ ਵਰਗੇ ਲੇਖਕਾਂ ਨਾਲ ਘੰਟਿਆ ਬੱਧੀ ਬੈਠ ਕੇ ਗੱਲਾਂ ਕਰਨ ਨੂੰ ਆਪਣਾ ਸੁਭਾਗ ਸਮਝਦੀ ਏ। ਬੇਗਮ ਫ਼ੈਜ਼ ਨੂੰ ਮਿਲਦੀ ਵੀ ਏ। ਦੋਵੇਂ ਖਾਣਾਂ ਵੀ ਖਾਂਦੇ ਨੇ। ਮਹਿਫ਼ਲਾਂ ’ਚ ਵੀ ਜਾਂਦੇ ਨੇ। ਬੇਗਮ ਨੂੰ ਨਾਮਵਰ ਅਦੀਬਾਂ ਨੂੰ ਮਿਲਣ ਦਾ ਸ਼ੌਕ ਏ। ਇਨ੍ਹਾਂ ਖ਼ਤਾਂ ਵਿਚ ਉਸ ਦੇ ਮਨ ਵਿਚ ਪਲਮ ਰਹੇ ਮਾਨਵੀ ਰਿਸ਼ਤਿਆਂ ਦੀ ਮਹੱਤਤਾ ਦਾ ਪ੍ਰਗਟਾ ਵੀ ਪੜ੍ਹਨ ਨੂੰ ਮਿਲਦਾ ਏ। ਉਹ ਰਿਸ਼ਤੇ ਜਿਨ੍ਹਾਂ ਵਿੱਚ ਸਾਂਝ, ਮੁਹੱਬਤ ਦਾ ਅਹਿਸਾਸ ਵੀ ਏ, ਦੁੱਖ ਦਰਦ ਨਾਲ ਭਿਆਲੀ ਵੀ ਏ। ਉਸ ਦੀਆਂ ਨਿੱਜੀ ਅਤੇ ਸਮੂਹਿਕ ਸਮੱਸਿਆਵਾਂ ਬਾਰੇ ਟਿੱਪਣੀਆਂ ਵੀ ਹਨ। ਖ਼ਤਾਂ ਦੇ ਆਰ-ਪਾਰ ਫੈਲੇ ਸੰਦਰਭਾ ਨੂੰ ਵੀ ਬਿਆਨ ਕੀਤਾ ਗਿਆ ਏ। ਫ਼ੈਜ਼ ਬੇਗਮ ਨਾਲ ਪਹਿਲੀ ਸਧਾਰਨ ਮੁਲਾਕਾਤ ਤੋਂ ਬਾਅਦ ਖ਼ਤ ਲਿਖਦਾ ਏ। ਬੇਗਮ ਦੀ ਫ਼ੈਜ਼ ਪ੍ਰਤੀ ਅਥਾਹ ਖਿੱਚ ਏ। ਖ਼ਤਾਂ ਵਿਚ ਸਧਾਰਨ ਗੱਲਾਂ ਹਨ। ਸ਼ਾਇਰੀ ਦੀਆਂ ਵੱਡੀਆਂ ਤੇ ਗੂੜ ਗਿਆਨ ਵਾਲੀਆਂ ਗੱਲਾਂ ਨਹੀਂ। ਫ਼ੈਜ਼ ਵਿਦੇਸ਼ਾਂ ਵਿਚ ਜਾਂਦਾ ਏ। ਉਥੋਂ ਬੇਗਮ ਨੂੰ ਖ਼ਤ ਲਿਖਦਾ ਏ। ਉਸ ਦੇਸ਼ ਵਿਚਲੇ ਹਲਾਤ ਦਾ ਵੀ ਵਰਨਣ ਕਰਦਾ ਏ। ਖ਼ਤ ਭਾਵੇਂ ਸਧਾਰਨ ਨੇ ਪਰ ਖ਼ਤਾਂ ਨਾਲ ਲਿਖੇ ਪ੍ਰਸੰਗ ਖ਼ਤਾਂ ਦੀ ਅਹਿਮੀਅਤ ਵਧਾ ਦਿੰਦੇ ਨੇ।

## ਖ਼ਲੀਲ ਜਿਬਰਾਨ ਦੇ ਖ਼ਤ




ਖ਼ਲੀਲ ਜਿਬਰਾਨ ਆਪਣੀ ਜ਼ੁਬਾਨ ਦਾ ਬਹੁਤ ਵੱਡਾ ਲੇਖਕ ਏ। ਖ਼ਲੀਲ ਦੇ ਇਹਨਾਂ ਖ਼ਤਾਂ ਵਿਚ ਉਸਦੇ ਸਾਹਿਤਕ ਰੁਝੇਵਿਆਂ, ਉਸ ਦੀਆਂ ਭਾਵਨਾਵਾਂ, ਮਾਂ ਬਾਪ ਤੇ ਮਨੁੱਖੀ ਰਿਸ਼ਤਿਆਂ ਨਾਲ ਮੋਹ, ਦੇਸਾਂ-ਵਿਦੇਸ਼ਾਂ ਦੀਆਂ ਸੈਰਾਂ ਦਾ ਸ਼ੌਕ, ਦੋਸਤਾਂ ਦਾ ਸਨੇਹ, ਸਾਹਿਤਕ ਮਹਿਫ਼ਲਾਂ, ਸਿਹਤ ਦਾ ਚਰਚਾ, ਵਤਨ ਦਾ ਪਿਆਰ, ਮੁਹੱਬਤ ਤੇ ਸੱਧਰਾਂ ਦੀਆਂ ਭਾਵਨਾਵਾਂ, ਰੀਤੀ ਰਿਵਾਜਾਂ ਤੇ ਟਿੱਪਣੀਆਂ, ਔਰਤ ਮਰਦ ਦੇ ਸੰਬੰਧਾਂ ਬਾਰੇ ਗੱਲਾਂ, ਲੇਖਕਾਂ ਦਾ ਰਹਿਣ ਸਹਿਣ, ਪਹਿਰਾਵਾ, ਚਿੱਤਰਕਾਰੀ, ਲਿਖਣ ਦੇ ਸ਼ੌਕ ਵਰਗੀਆਂ ਗੱਲਾਂ ਅਧਾਰ ਬਣਦੇ ਨੇ। ਇਨ੍ਹਾਂ ਖ਼ਤਾਂ ਵਿਚ ਖ਼ਲੀਲ ਦੇ ਡੂੰਘੇ ਚਿੰਤਨ ਦਾ ਵੀ ਪਤਾ ਲੱਗਦਾ ਏ।

ਇਹ ਖ਼ਤ ਖ਼ਲੀਲ ਨੇ ਆਪਣੇ ਪਿਤਾ, ਨਖ਼ਲੀ ਜਿਬਰਾਨ,

ਐਮਿੱਲ ਜ਼ੋਂਦਾਂ, ਮਿਖ਼ਾਇਲ ਨਈਮੀ ਅਤੇ ਹੋਰ ਨਾਮੀ ਲੇਖਕਾਂ ਨੂੰ ਲਿਖੇ ਹਨ। ਖ਼ਲੀਲ ਨੇ ਕਲਾ ਅਤੇ ਸਾਹਿਤ ਦੀਆਂ ਮੁੱਲਵਾਨ ਗੱਲਾਂ ਕੀਤੀਆਂ ਗਈਆਂ ਹਨ। ਖ਼ਤਾਂ 'ਚ ਉਸਦੀ ਵਿਦਵਤਾ ਡੁੱਲ੍ਹ-ਡੁੱਲ੍ਹ ਪੈਂਦੀ ਏ।


## ਪਹਿਲਾ ਖ਼ਤ ਆਖ਼ਰੀ




ਬਲਜੀਤ ਸਿੰਘ ਦੂਰਦਰਸ਼ਨ ਦਾ ਜਾਣਿਆ ਪਛਾਣਿਆ ਨਾਂ ਏ। ਇਕ ਖ਼ਤ ਦੀ ਸ਼ੈਲੀ ਵਿਚ ਉਸ ਨੇ ਇਸ ਪੁਸਤਕ ਵਿਚ ਵਾਰਤਕ ਲਿਖੀ ਏ। ਪੁਸਤਕ ਵਿਚ ਇਕ ਲੰਮਾ ਖ਼ਤ ਲਿਖਿਆ ਗਿਆ ਏ। ਇਹ ਉਸ ਦੀ ਵਾਰਤਕ ਲਿਖਣ ਦੀ ਸ਼ੈਲੀ ਏ। ਇਕ ਲੰਮਾ ਖ਼ਤ ਇਕ ਲੰਮੀ ਪਿਆਰ ਦੀ ਚਿੱਠੀ ਏ। ਜਿਹੜੀ ਚਿੱਠੀ ਇਕ ਪ੍ਰੇਮੀ ਨੇ ਆਪਣੀ ਪ੍ਰੇਮਕਾ ਨੂੰ ਲਿਖੀ ਏ। ਇਹ ਵਰਤਕ ਰੂਪੀ ਖ਼ਤ ਵਿਚ ਇਸ਼ਕ ਹਕੀਕੀ ਅਤੇ ਮਜਾਜ਼ੀ ਦੀਆਂ ਗੱਲਾਂ ਤੋਂ ਇਲਾਵਾ ਅਨੇਕਾਂ ਦਰਸ਼ਨਕ ਵਿਚਾਰ ਵਾਲਾ ਬਿਰਤਾਂਤ ਵੀ ਸਿਰਜਿਆ ਗਿਆ ਏ। ਪਾਠਕ ਇਨ੍ਹਾਂ ਵਿਚਾਰਾਂ ਨੂੰ ਆਪਣੀ ਗੱਲਬਾਤ ਦਾ ਹਿੱਸਾ ਬਣਾ ਕੇ ਆਪਣੇ ਆਪ ਨੂੰ ਵਿਦਵਾਨ ਵੀ ਬਣਾ ਸਕਦੇ ਨੇ। ਵਾਰਤਕ ਵਿਚ ਧਰਮ ਤੇ ਮਨੁੱਖੀ ਮਨ ਦੀਆਂ ਗੱਲਾਂ ਹਨ। ਉਹ ਨਿੱਕੇ ਨਿੱਕੇ ਖਿਆਲਾਂ ਤੇ ਆਪਣੇ ਵਿਚਾਰ ਦਿੰਦਾ ਏ। ਇਸ ਖ਼ਤ ਦਾ ਵਿਸ਼ਾ ਬਹੁ ਪਸਾਰੀ ਅਤੇ ਦਰਸ਼ਨਿਕ ਏ। ਬਲਜੀਤ ਸਿੰਘ ਨੇ ਪਿਆਰ ਦੇ ਦਾਰਸ਼ਨਿਕ ਰੰਗਾਂ ਨੂੰ ਖ਼ਤ ਸ਼ੈਲੀ ਵਿਚ ਪੇਸ਼ ਕੀਤਾ ਏ। ਇਹ ਲੰਮਾ ਖ਼ਤ ਕਿਤੇ ਵੀ ਢਿੱਲਾ ਨਹੀਂ ਪੈਂਦਾ। ਇਹ ਵਾਰਤਕ ਦਾ ਉਤਮ ਨਮੂਨਾ ਏ। ਇਹੋ ਜਿਹੀ ਕਿਤਾਬ ਵਾਰ ਵਾਰ ਛਪਣੀ ਚਾਹੀਦੀ ਏ।

## ਚਿੱਠੀਆਂ ਬੋਲਦੀਆਂ

ਬੜੇ ਸੁਚੱਜੇ ਰੂਪ ਵਿਚ ਇੰਦਰ ਸਿੰਘ ਖ਼ਾਮੋਸ਼ ਨੇ ਪ੍ਰਸਿੱਧ ਰੂਸੀ ਲੇਖਕਾਂ ਦੀਆਂ ਚਿੱਠੀਆਂ ਨੂੰ ਅਨੁਵਾਦ ਕਰਕੇ ਇਸ ਪੁਸਤਕ ਵਿਚ ਸ਼ਾਮਿਲ ਕੀਤਾ ਏ। 360 ਪੰਨਿਆਂ ਵਿਚ ਫੈਲੀਆਂ ਇਹ ਚਿੱਠੀਆਂ ਪੰਜਾਬੀ ਲੇਖਕਾਂ ਤੇ ਪਾਠਕਾਂ ਲਈ ਬਹੁਤ ਉਤਮ ਦਰਜ਼ਾ ਰੱਖਦੀਆਂ ਹਨ।




ਖ਼ਾਮੋਸ਼ ਨੇ ਇਸ ਕਿਤਾਬ ਵਿਚ ਪੁਸਕਿਨ, ਗੋਗੋਲ, ਦਸਤੋਵਸਕੀ, ਤਾਲਸਟਾਏ ਅਤੇ ਚੈਖੋਵ ਦੀਆਂ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ, ਰੂਸ ਦੇ ਪ੍ਰਸਿੱਧ ਲੇਖਕਾਂ ਨੂੰ ਲਿਖੀਆਂ ਚਿੱਠੀਆਂ ਪੜ੍ਹਨ ਨੂੰ ਮਿਲਦੀਆਂ ਹਨ। ਹਰ ਲੇਖਕ ਦੀਆਂ ਚਿੱਠੀਆਂ ਦੇਣ ਤੋਂ ਪਹਿਲਾਂ ਅਨੁਵਾਦਕ ਨੇ ਉਸ ਲੇਖਕ ਦੀ ਜੀਵਨ ਕਹਾਣੀ ਕਹੀ ਏ। ਉਪਰੰਤ ਚਿੱਠੀਆਂ ਛਾਪੀਆਂ ਹਨ। ਉਸ ਨੇ ਚਿੱਠੀਆਂ ਵਿਚ ਆਏ ਪ੍ਰਸੰਗਾਂ ਨੂੰ ਫੁਟ ਨੋਟਾਂ ਵਿਚ ਵਿਆਖਿਆ ਵੀ ਕੀਤੀ ਏ। ਜਿਸ ਨਾਲ ਪਾਠਕ ਚਿੱਠੀਆਂ ਵਿਚ ਵਰਤੇ ਥਾਂ ਟਿਕਾਣੇ ਅਤੇ ਪ੍ਰਸੰਗਾਂ ਨੂੰ ਚੰਗੀ ਤਰ੍ਹਾਂ ਸਮਝ ਸਕਣ। ਇਨ੍ਹਾਂ ਚਿੱਠੀਆਂ ਵਿਚ ਲੇਖਕਾਂ ਦੇ ਸਵੈ ਪ੍ਰਸੰਗ ਬਹੁਤ ਅਹਿਮੀਅਤ ਰੱਖਦੇ ਨੇ। ਲੇਖਕਾਂ ਦਾ ਸੁਭਾ ਵੀ ਪਤਾ ਲੱਗਦਾ ਏ। ਉਹ ਸਮਕਾਲ ਵਿਚ ਲਿਖੇ ਜਾ



ਰਹੇ ਸਾਹਿਤ ਪ੍ਰਤੀ ਆਪਣੇ ਵਿਚਾਰ ਰੱਖਦਾ ਏ। ਚਿੱਠੀਆਂ ਵਿਚ ਪਿਆਰ ਦੇ ਪ੍ਰਸੰਗ ਬਹੁਤ ਮਾਰਮਿਕ ਨੇ। ਚਿੱਠੀਆਂ ਵਿਚ ਲੇਖਕ ਬਹੁਤ ਸੰਵੇਦਨਸ਼ੀਲ ਹੋ ਜਾਂਦੇ ਹਨ। ਉਹ ਕਈ ਵਾਰ ਉਹ ਗੱਲਾਂ ਵੀ ਕਰ ਜਾਂਦੇ ਹਨ ਜਿਨ੍ਹਾਂ ਨੂੰ ਕਰਨ ਤੋਂ ਉਹ ਅਕਸਰ ਝਿੱਜਕ ਜਾਂਦੇ ਹਨ। ਤਾਲਸਤਾਏ ਦੀਆਂ ਚਿੱਠੀਆਂ ਵਿਚ ਦੋ ਅਜਿਹੀਆਂ ਵੀ ਚਿੱਠੀਆਂ ਹਨ ਜਿਹੜੀਆਂ ਉਸ ਸਮੇਂ ਰੂਸੀ ਸ਼ਾਹਿਨਸ਼ਾਹਾਂ ਨੂੰ ਲਿਖੀਆਂ ਸਨ। ਇਕ ਚਿੱਠੀ ਈਸਾਈ ਧਰਮ ਦੀ ਉੱਚ ਸੰਸਥਾਂ ਦੇ ਮੁੱਖੀ ਨੂੰ ਲਿਖੀ ਮਿਲਦੀ ਏ ਜਿਸ ਨੇ ਆਪਣੇ ਫਤਵੇ ਰਾਹੀਂ ਉਸਨੂੰ ਈਸਾਈ ਧਰਮ ਤੋਂ ਛੇਕ ਦਿੱਤਾ ਸੀ। ਗੋਗਲ ਦੀਆਂ ਚਿੱਠੀਆਂ ਵਿਚ ਮਨੁੱਖੀ ਰੂਪ ਵਿਚ ਅਨੇਕਾਂ ਅਜਿਹੇ ਔਗੁਣ ਪਾਠਕ ਦੇਖਣਗੇ ਜਿਹੋ ਜਿਹੇ ਅਸੀਂ ਤਾਂ ਕੀ ਉਸਦੇ ਦੋਸਤ ਨੂੰ ਵੀ ਆਸ ਨਹੀਂ ਸੀ।

## ਮੋਇਆਂ ਦੇ ਖ਼ਤ




ਇਸ ਪੁਸਤਕ ਵਿਚ ਉਨ੍ਹਾਂ ਸੋਵੀਅਤ ਮਰਦਾਂ ਤੇ ਇਸਤਰੀਆਂ ਦੀਆਂ ਚਿੱਠੀਆਂ ਹਨ ਜਿਨ੍ਹਾਂ ਨੇ ਸਮਾਜਵਾਦ ਲਿਆਉਣ ਲਈ ਆਪਣੀਆਂ ਜਾਨਾ ਵਾਰ ਦਿੱਤੀਆਂ। ਇਸ ਪੁਸਤਕ ਦੀਆਂ ਚਿੱਠੀਆਂ ਦੇ ਅਨੁਵਾਦਕ ਕੌਣ ਨੇ ਇਸ ਦਾ ਕਿਤੇ ਵੀ ਜ਼ਿਕਰ ਨਹੀਂ ਕੀਤਾ ਗਿਆ। ਇਹ ਲੋਕ 1941-1945 ਦੌਰਾਨ ਨਾਜ਼ੀ ਹਮਲਾਵਰਾਂ ਨਾਲ ਲੜਦੇ ਹੋਏ ਮਾਰੇ ਗਏ। ਇਹ ਉਨ੍ਹਾਂ ਦੇ ਜੀਵਨ ਦੇ ਅੰਤਲੇ ਪਲਾਂ ਵਿਚ ਨਾਜ਼ੀ ਖ਼ੁਫੀਆ ਪੁਲਿਸ ਦੀ ਕਿਸੇ ਕਾਲ ਕੋਠੜੀ ਜਾਂ ਜੰਗੀ ਕੈਦੀਆਂ ਦੇ ਕਿਸੇ ਬੰਦੀਖਾਨੇ ਜਾਂ ਭਖ਼ੇ ਹੋਏ ਰਣ-ਖੇਤਰ ਵਿਚੋਂ ਲਿਖੀਆਂ ਹੋਈਆਂ ਚਿੱਠੀਆਂ ਹਨ। ਇਹ ਜੇਲ੍ਹਾਂ ਵਿਚ ਡੱਕੇ ਸੋਵੀਅਤ ਛਾਪਾਮਾਰਾਂ, ਰੂਪੋਸ਼ ਲੜਾਕਿਆ, ਸਿਪਾਹੀਆਂ ਤੇ ਨੌਜਵਾਨਾਂ ਤੇ ਮੁਟਿਆਰਾਂ ਵਲੋਂ ਲਿਖੇ ਗਏ ਵਿਦਾਇਗੀ ਦੇ ਸ਼ਬਦ ਹਨ। ਇਨ੍ਹਾਂ ਚਿੱਠੀਆਂ, ਪੱਤਰਾਂ ਨੂੰ ਮਿਤੀ ਵਾਰ ਦਿੱਤਾ ਗਿਆ ਏ। ਇਹ ਚਿੱਠੀਆਂ ਪ੍ਰੇਰਨਾ ਦਾ ਸੋਮਾ ਏ। ਜਿਹਦੇ ਵਿਚ ਬੁਲੰਦ ਹੌਂਸਲੇ ਵਾਲੇ ਜਿਉਂਦੇ ਜਾਗਦੇ ਪਾਤਰ ਲੱਭਦੇ ਨੇ।

ਚਿੱਠੀ ਸ਼ੈਲੀ ਵਿਚ ਕਹਾਣੀ ਤੇ ਨਾਵਲ ਵੀ ਲਿਖੇ ਗਏ ਹਨ। ਭਾਵੇਂ ਇਨ੍ਹਾਂ ਦੀ ਮਾਤਰਾ ਬਹੁਤ ਘੱਟ ਏ। ਦਿੱਲੀ ਵਾਲੇ ਹਰਿਭਜਨ ਸਿੰਘ ਨੇ ਆਲੋਚਨਾ ਦੀ ਨਵੀਂ ਵਿਧਾ ਇਜਾਦ ਕੀਤੀ। ਉਸ ਨੇ ਕੁਝ ਲੇਖਕਾਂ ਦੇ ਨਾਵਲ ਤੇ ਕਹਾਣੀਆਂ ਨੂੰ ਪੜ੍ਹ ਕੇ ਉਨ੍ਹਾਂ ਨੂੰ ਖ਼ਤ ਲਿਖੇ। ਜਿਹੜੇ ਬਾਅਦ ਵਿਚ 'ਇਕ ਖ਼ਤ ਤੇਰੇ ਨਾਂ' ਪੁਸਤਕ ਰੂਪ ਵਿਚ ਛਪੇ। ਇਹ ਸਿਰਜਣਾਤਮਿਕ ਆਲੋਚਨਾ ਦੀ ਠੋਸ ਉਦਾਹਰਨ ਏ। ਪੁਸਤਕ ਰੂਪ ਵਿਚ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਚਿੱਠੀਆਂ, ਭਾਈ ਸਾਹਿਬ ਰਣਧੀਰ ਸਿੰਘ ਦੀਆਂ 'ਜੇਲ੍ਹ ਚਿੱਠੀਆਂ' ਵੀ ਮਿਲਦੀਆਂ ਹਨ। ਪਾਸ਼ ਦੀਆਂ ਚਿੱਠੀਆਂ ਵੀ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਡਾ. ਸੁਤਿੰਦਰ ਸਿੰਘ ਨੂਰ ਨੇ ਕਈ ਸਾਲ ਪਹਿਲਾਂ ਇਕ ਖੋਜ ਨਿਬੰਧ ਲਿਖਿਆ ਸੀ, "ਪੰਜਾਬੀ ਲੇਖਕਾਂ ਦੀਆਂ ਚਿੱਠੀਆਂ" ਉਸ ਨੇ ਇਸ ਨੂੰ ਸੰਭਾਵਨਾ ਭਰਪੂਰ ਵਿਧਾ ਕਿਹਾ ਸੀ। ਚਿੱਠੀ ਸ਼ੈਲੀ ਵਿਚ ਨਾਨਕ ਸਿੰਘ ਨੇ 'ਸੁਮਨ ਕਾਂਤਾ' ਨਾਵਲ ਵੀ ਲਿਖਿਆ ਮਿਲਦਾ ਏ। ਏਸੇ ਸ਼ੈਲੀ ਵਿਚ ਪ੍ਰੇਮ ਪ੍ਰਕਾਸ਼ ਨੇ ਕੁਝ ਕਹਾਣੀਆਂ ਵੀ ਲਿਖੀਆਂ ਹਨ। ਏਸੇ ਸ਼ੈਲੀ ਵਿਚ ਮੈਂ ਵੀ ਇਕ ਕਹਾਣੀ ਲਿਖੀ ਏ, ਜਿਹੜੀ ਤੁਸੀਂ ਏਸੇ ਅੰਕ ਵਿਚ ਪੜ੍ਹ ਲਵੋਗੇ।

ਨੋਟ: ਕਹਾਣੀ ਧਾਰਾ ਦੇ ਏਸ ਅੰਕ ਵਿਚ ਅਸੀਂ ਪਾਠਖਾਂ ਦੇ ਖ਼ਤ ਨਹੀਂ ਛਾਪ ਸਕੇ। ✪

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Kirhanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ 10 ਅਕਤੂਬਰ, 2020)